# ਗੁਰਮਤਿ ਸੰਗੀਤ ਵਿਚ
# ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

**ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ**

**ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ**

**ਪੀ-ਐੱਚ.ਡੀ. (ਗੁਰਮਤਿ ਸੰਗੀਤ)**

**ਦੀ ਡਿਗਰੀ ਲਈ ਪ੍ਰਸਤੁਤ ਖੋਜ ਪ੍ਰਬੰਧ ਦਾ**

**ਐਬਸਟ੍ਰੈਕਟ (Abstract)**


ਨਿਗਰਾਨ

**ਡਾ. ਗੁਰਨਾਮ ਸਿੰਘ**

ਪ੍ਰੋਫ਼ੈਸਰ

ਗੁਰਮਤਿ ਸੰਗੀਤ ਵਿਭਾਗ

ਪੰਜਾਬੀ ਯੂਨੀਵਰਸਿਟੀ ਪਟਿਆਲਾ

ਖੋਜਾਰਥੀ

**ਗਗਨਦੀਪ ਸਿੰਘ**



**ਗੁਰਮਤਿ ਸੰਗੀਤ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਫਰਵਰੀ, 2019**

# ਗੁਰਮਤਿ ਸੰਗੀਤ ਵਿਚ
# ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ
## (ਐਬਸਟ੍ਰੈਕਟ)


ਗੁਰਮਤਿ ਸੰਗੀਤ ਦੇ ਵਿਕਾਸ ਵਿਚ ਵੱਖ-ਵੱਖ ਯੋਗਦਾਨੀਆਂ ਦਾ ਵਡੇਰਾ ਯੋਗਦਾਨ ਰਿਹਾ ਹੈ। ਇਨ੍ਹਾਂ ਵਿੱਚੋਂ ਗੁਰੂ ਘਰ ਦੇ ਕੀਰਤਨੀਆਂ ਦੀ ਪ੍ਰਥਮ ਗੁਰੂ ਤੋਂ ਹੀ ਇਸ ਸੰਗੀਤ ਪਰੰਪਰਾ ਦੇ ਯੋਗਦਾਨ ਵਿੱਚ ਵਿਸ਼ੇਸ਼ ਭੂਮਿਕਾ ਰਹੀ ਹੈ। ਗੁਰਮਤਿ ਸੰਗੀਤ ਦੇ ਯੋਗਦਾਨੀ ਕੀਰਤਨੀਆਂ ਦੀ ਵਿਸ਼ਾਲ ਪਰੰਪਰਾ ਵਿੱਚੋਂ ਰਾਗੀ ਭਾਈ ਜੁਵਾਲਾ ਸਿੰਘ ਸੈਦਪੁਰ ਠੱਠਾ ਟਿੱਬਾ (ਕਪੂਰਥਲਾ) ਵਾਲੇ ਇਕ ਸਨ। ਵੀਹਵੀਂ ਸਦੀ ਦੇ ਅੰਤਰਗਤ ਗੁਰਮਤਿ ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਕੀਰਤਨ ਘਰਾਣੇ ਦਾ ਯੋਗਦਾਨ ਵਿਸ਼ੇਸ਼ ਸਥਾਨ ਰੱਖਦਾ ਹੈ। ਇਸੇ ਲਈ ਅਸੀਂ *ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ ਵਿਸ਼ੇ* ਨੂੰ ਚੁਣਿਆ ਅਤੇ ਇਸ ਨੂੰ ਵੱਖ-ਵੱਖ ਪੰਜ ਅਧਿਆਇਆਂ ਵਿਚ ਵਿਭਾਜਿਤ ਕਰਕੇ ਖੋਜ ਕਾਰਜ ਕੀਤਾ ਹੈ।

ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ** ਦੇ ਅੰਤਰਗਤ ਗੁਰੂ ਸਾਹਿਬਾਨ, ਕੀਰਤਨੀਏ, ਰਚਨਾਕਾਰ, ਸਾਜ਼ ਨਿਰਮਾਤਾ, ਟਕਸਾਲਾਂ, ਇੰਟਰਨੈੱਟ ਆਦਿ ਪ੍ਰਮੁਖ ਯੋਗਦਾਨੀਆਂ ਸਬੰਧੀ ਅਧਿਐਨ ਕੀਤਾ ਗਿਆ ਹੈ। ਉਨ੍ਹਾਂ ਵਲੋਂ ਪਾਏ ਅਹਿਮ ਅਤੇ ਵੱਡਮੁਲੇ ਯੋਗਦਾਨ ਸਦਕਾ ਹੀ ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਵਿਹਾਰਕ ਸਥਾਪਤੀ ਸੰਭਵ ਹੋ ਸਕੀ ਹੈ। ਦੂਜੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ: ਜੀਵਨ ਅਤੇ ਕਾਰਜ** ਦਾ ਅਧਿਐਨ ਕਰਦਿਆਂ ਰਾਗੀ ਭਾਈ ਜੁਵਾਲਾ ਸਿੰਘ ਦਾ ਸੰਪੂਰਨ ਜੀਵਨ ਗੁਰਮਤਿ ਦੀ ਸ਼ਖ਼ਸੀ ਤੇ ਪੰਥਕ ਰਹਿਣੀ ਅਤੇ ਗੁਰਮਤਿ ਸੰਗੀਤ ਦੇ ਸਿਧਾਂਤ ਦਾ ਅਨੁਸਰਣ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਰਾਗੀ ਭਾਈ ਜੁਵਾਲਾ ਸਿੰਘ ਮਧੁਰ ਅਵਾਜ਼ ਦੇ ਮਾਲਕ ਤੇ ਸੰਗੀਤ ਕਲਾ ਵਿਚ ਨਿਪੁੰਨ ਸਨ ਅਤੇ ਗੁਰਮਤਿ ਸੰਗੀਤ ਦੀਆਂ ਰੀਤਾਂ, ਪੜਤਾਲਾਂ, ਰਾਗਾਂ, ਪੁਰਾਤਨ ਗਾਇਕੀ, ਤੰਤੀ ਸਾਜ਼ਾਂ, ਜੋੜੀ ਆਦਿ ਦਾ ਅਥਾਹ ਗਿਆਨ ਰੱਖਦੇ ਸਨ। ਤੀਜਾ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ** ਅਧੀਨ ਸੰਗੀਤ ਘਰਾਣੇ ਦੀਆਂ ਵਿਸ਼ੇਸ਼ਤਾਵਾਂ ਅਤੇ ਗੁਰਮਤਿ ਸੰਗੀਤ ਪਰੰਪਰਾ ਦੇ ਸੰਦਰਭ ਵਿਚ ਵਿਸ਼ਲੇਸ਼ਿਤ ਕਰਦਿਆਂ ਪ੍ਰਤੱਖ ਹੁੰਦਾ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣੇ ਕੀਰਤਨ ਘਰਾਣੇ ਵਿਚ ਪ੍ਰਮੁਖ ਤੇ ਕੇਂਦਰੀ ਸ਼ਖ਼ਸੀਅਤ ਵਜੋਂ ਭੂਮਿਕਾ ਨਿਭਾਈ। ਉਨ੍ਹਾਂ ਆਪਣੀਆਂ ਪੂਰਵਲੀਆਂ ਅਤੇ ਅਗਾਮੀ ਪੀੜ੍ਹੀਆਂ ਨੂੰ ਕੀਰਤਨ ਨਾਲ ਜੋੜਿਆ। ਉਨ੍ਹਾਂ ਦੇ ਕੀਰਤਨ ਘਰਾਣੇ ਨੇ ਗੁਰਮਤਿ ਸੰਗੀਤ ਵਿਚ ਕੀਰਤਨ ਘਰਾਣੇ ਵਜੋਂ ਆਪਣੀ ਪਛਾਣ ਵੀ ਬਣਾਈ ਹੈ ਜੋ ਬਾਕੀ ਕੀਰਤਨ ਘਰਾਣਿਆਂ ਲਈ ਇੱਕ ਆਦਰਸ਼, ਮਿਆਰੀ ਮਿਸਾਲ ਹੈ। ਇਸ ਘਰਾਣੇ ਦੇ ਕੀਰਤਨੀਏ ਵਰਤਮਾਨ ਸਮੇਂ ਨਿਰੰਤਰ ਕੀਰਤਨ ਕਰ ਰਹੇ ਹਨ। ਚੌਥੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ: ਪਰਿਚਾਤਮਕ ਅਧਿਐਨ** ਦੇ ਅੰਤਰਗਤ ਇਸ ਕੀਰਤਨ ਘਰਾਣੇ ਦੀਆਂ ਸਾਨੂੰ ਵੱਖ-ਵੱਖ ਸਰੋਤਾਂ ਤੋਂ ਪ੍ਰਕਾਸ਼ਿਤ ਰੂਪ ਵਿਚ 85 ਰਾਗਾਂ ਅਧੀਨ 504 ਅਤੇ ਅਪ੍ਰਕਾਸ਼ਿਤ ਰੂਪ ਵਿਚ 59 ਰਾਗਾਂ ਅਧੀਨ 250 ਪੁਰਾਤਨ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦਾ ਪ੍ਰਮੁਖ ਸਰੋਤ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ*( ਦੋ ਭਾਗ ) ਪੁਸਤਕ ਹੈ। ਇਨ੍ਹਾਂ ਪੁਰਾਤਨ ਸ਼ਬਦ ਕੀਰਤਨ ਰਚਨਾਵਾਂ ਦਾ ਆਧਾਰ ਧਰੁਪਦ, ਧਮਾਰ,

ਪੁਰਾਤਨ ਕੀਰਤਨ ਅੰਗ ਅਤੇ ਵਿਵਿਧ ਤਾਲਾਂ ਦਾ ਪ੍ਰਯੋਗ ਹੈ। ਪੰਜਵਾਂ ਅਧਿਆਇ **ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ** ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਬਹੁਪੱਖੀ ਤੇ ਬਹੁਮੁੱਖੀ ਯੋਗਦਾਨ ਪ੍ਰਗਟ ਹੋ ਰਿਹਾ ਹੈ। ਉਨ੍ਹਾਂ ਦੀ ਸ਼ਖ਼ਸੀਅਤ ਸਿੱਖ ਧਰਮ ਵਿਚ ਗੁਰਸਿੱਖ ਆਦਰਸ਼ ਕੀਰਤਨੀਏ ਦੇ ਰੂਪ ਵਜੋਂ ਉਜਾਗਰ ਹੁੰਦੀ ਹੈ। ਉਹ ਗੁਰਮਤਿ ਸੰਗੀਤ ਦੇ ਸਿਧਾਂਤ ਦੀ ਪਾਲਣਾ ਵੀ ਕਰ ਰਹੇ ਹਨ ਤੇ ਸੰਗੀਤ ਤੇ ਤੰਤੀ ਸਾਜ਼ਾਂ ਦੇ ਸਾਧਕ ਵੀ ਹਨ। ਉਨ੍ਹਾਂ ਨੇ ਜੀਵਨ ਵਿਚ ਕੀਰਤਨ ਨੂੰ ਮੂਲ ਰੂਪ ਵਿਚ ਅਪਣਾਇਆ। ਇਸ ਦੇ ਨਾਲ-ਨਾਲ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਵੀ ਪ੍ਰਚਾਰਿਆ। ਆਪਣਾ ਕੀਰਤਨ ਘਰਾਣਾ ਕਾਇਮ ਕੀਤਾ। ਉਨ੍ਹਾਂ ਵਲੋਂ ਵਿਸ਼ਾਲ ਸ਼ਬਦ ਕੀਰਤਨ ਰਚਨਾਵਾਂ ਸੁਰੱਖਿਅਤ ਕਰਨਾ, ਗਾਇਨ ਸ਼ੈਲੀਆਂ ਦੀ ਪਰੰਪਰਾਗਤ ਮੌਲਿਕਤਾ ਕਇਮ ਰੱਖਣਾ ਆਦਿ ਦੇ ਸੰਦਰਭ ਵਿਚ ਵਡੇਰਾ ਯੋਗਾਦਾਨ ਪਾਇਆ ਹੈ।

ਭਵਿੱਖ ਵਿਚ ਰਾਗੀ ਭਾਈ ਜੁਵਾਲਾ ਸਿੰਘ ਦੇ ਅਧਾਰ 'ਤੇ ਗੁਰਮਤਿ ਸੰਗੀਤ ਦੇ ਹੋਰ ਵਿਦਵਾਨਾਂ ਅਤੇ ਕੀਰਤਨੀਆਂ ਦੇ ਬਹੁਪੱਖੀ ਯੋਗਦਾਨ ਦਾ ਅਧਿਐਨ ਵੀ ਕੀਤਾ ਜਾ ਸਕੇਗਾ।

**ਕੀ ਵਰਡ**

1. ਗੁਰਮਤਿ ਸੰਗੀਤ
2. ਰਾਗੀ
3. ਠੱਠਾ ਟਿੱਬਾ
4. ਧਰੁਪਦ
5. ਘਰਾਣਾ

# ਗੁਰਮਤਿ ਸੰਗੀਤ ਵਿਚ
# ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੀ
ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ
ਪੀ-ਐੱਚ.ਡੀ. (ਗੁਰਮਤਿ ਸੰਗੀਤ) ਦੀ
ਡਿਗਰੀ ਲਈ ਪ੍ਰਸਤੁਤ
ਖੋਜ ਪ੍ਰਬੰਧ


ਨਿਗਰਾਨ

ਡਾ. ਗੁਰਨਾਮ ਸਿੰਘ
ਪ੍ਰੋਫ਼ੈਸਰ
ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਖੋਜਾਰਥੀ

ਗਗਨਦੀਪ


ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਜਨਵਰੀ, 2019

# GURMAT SANGEET VICH RAAGI BHAI JUWALA SINGH DA YOGDAAN : VISHLESHNAATAMIK ADHYAIN

**ABSTRACT of Thesis**

Presented to the Faculty of Arts & Culture of the
Punjabi University, Patiala
In Fulfillment of the Requirements for the Degree of

**DOCTOR OF PHILOSOPHY**
**IN**
**GURMAT SANGEET**


Supervisor

**Dr. GURNAM SINGH**
Professor

Submitted by

**GAGANDEEP**



**DEPARTMET OF GURMAT SANGEET**
**PUNJABI UNIVERSITY, PATIALA**

**FEBRUARY, 2019**

## GURMAT SANGEET VICH
## RAGI BHAI JUWALA SINGH DA YOGDAAN : VISHLESHNATMAK ADHYAN
**(Contribution if Ragi Bhai Juwala Singh in Gurmat Sangeet : An Analytical study)**

In the development of Gurmat Sangeet, various contributors have significant contribution including the Ragi - Rababi Kirtankars of different period. Amongst these contributors Ragi Bhai Juwala Singh of Saidpur Thattha Tibba from Kapurthala is a known kirtankaar. In context to the establishment and development of Gurmat Sangeet in 20th Century, the contribution of Bhai Juwala Singh and his Keertan Gharana holds a special place. Therefore, we have chosen this topic and discussed in various five chapters.

In the first chapter **"Gurmat Sangeet de Parmukh Yogdaani : Itihasik Sandarbh"** (Contributers of Gurmat Sangeet : A historical perspective ) the research has been focused on Gurus, Kirtankaars, Composers, Instrument makers, Taksaals and other prominent contributors. It is through their contribution that the theoretical and practical establishment of Gurmat Sangeet was possible. In the second chapter "**Ragi Bhai Juwala Singh : Jiwan ate Karaj**", (Ragi Bhai Juwala Singh: life and works) the entire life of Bhai Juwala Singh, his religious personality and way of living following the principals of Gurmat and Gurmat Sangeet have been discussed. Ragi Bhai Juwala Singh had an impressive voice and was perfect in the art of music especially in Dhrupad Style. He had a vast knowledge of the various Shabad Kirtan singing styles, Parhtaals, Raags, old traditional Compositions and string instruments. In the third chapter **"Ragi Bhai Juwala Singh : Keertan Gharana"**(Ragi Bhai Juwala Singh : Kirtan School) the prominent features of Keertan Gharana of Ragi Bhai Juwala Singh along with Bhai Sahib's special contribution as a central and prominent figure has been discussed. He associated his prior and following generations with Shabad Keertan. This Keertan Gharana is an ideal for the other Keertan Gharanas. The Keertankaars of this Gharana are continuously performing Keertan .In the fourth chapter "**Ragi Bhai Juwala Singh de Gharane dian Shabad Keertan Rachnavan : Prichatmak Adhyan**" (Shabad kirtan compositions of Ragi Bhai Juwala Singh : An introductory study) we have collected ancient Shabad Keertan compositions in 85 Raags along with unpublished Shabad Keertan compositions in 59 Raags. The primary source of these Shabad Keertan compositions is the book "Gurbani Sangeet Pracheen Reet Ratnavali (Two Volumes)" and information given by Bhai Kultar Singh. The compositional basis of these ancient Shabad Keertan compositions is Dhrupad, Dhamar, traditional Keertan Ang alongwith various Taals. In the fifth chapter **"Gurmat Sangeet vich Ragi Bhai Juwala Singh da Yogdaan : Vishleshnatmak Adhyan"** (Contribution if Ragi Bhai Juwala Singh in Gurmat Sangeet : An Analytical Study) the multi-faced and multi-dimensional contribution of Ragi Bhai Juwala Singh has been discussed. His personality emerged as an ideal Gursikh Kirtankaar of Sikh religion. He followed the principles of Gurmat Sangeet as well as a conducive of string instrument tradition. He not only

adopted Keertan for his livelihood but also propagated it as his passion through his performances at various places. He successfully led his Keertan Gharana. His greatest contribution is preserving Shabad Keertan compositions along with retaining the originality of the singing styles in the traditional form.

In future, the study of multi-dimensional contribution of other scholars and kirtankars of Gurmat Sangeet on the basis of contribution of Ragi Bhai Juwala Singh could be done.

**Key Words**

1. Gurmat Sangeet

2. Ragi

3. Thatha Tibba

4. Dhrupad

5. Gharana

# ਪ੍ਰਮਾਣ-ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਖੋਜ ਵਿਦਿਆਰਥੀ ਗਗਨਦੀਪ ਨੇ ਗੁਰਮਤਿ ਸੰਗੀਤ ਵਿਚ **ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ** ਦੇ ਵਿਸ਼ੇ ਉੱਤੇ ਪੀ-ਐੱਚ.ਡੀ. ਲਈ ਖੋਜ ਪ੍ਰਬੰਧ ਮੇਰੀ ਨਿਗਰਾਨੀ ਅਧੀਨ ਮੁਕੰਮਲ ਕੀਤਾ ਹੈ। ਇਹ ਖੋਜ ਪ੍ਰਬੰਧ ਵਿਦਿਆਰਥੀ ਦੀ ਮੌਲਿਕ ਖੋਜ ਹੈ। ਮੇਰੇ ਵਲੋਂ ਇਸ ਖੋਜ ਪ੍ਰਬੰਧ ਨੂੰ ਪੰਜਾਬੀ ਯੂਨੀਵਰਸਿਟੀ ਦੀ ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਵਿਚ ਪੀ-ਐੱਚ. ਡੀ. ਦੀ ਡਿਗਰੀ ਲਈ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫ਼ਾਰਸ਼ ਹੈ।

ਮਿਤੀ ੨੧.੦੧.੨੦੧੧

**ਡਾ. ਗੁਰਨਾਮ ਸਿੰਘ**
ਪ੍ਰੋਫ਼ੈਸਰ,
ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ ਪਟਿਆਲਾ।

ਪਹਿਲਾ ਅਧਿਆਇ

# ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ: ਇਤਿਹਾਸਕ ਸੰਦਰਭ

ਭਾਰਤੀ ਸੰਗੀਤ ਦੇ ਸਮਕਾਲੀ ਸੰਦਰਭ ਵਿਚ ਗੁਰਮਤਿ ਸੰਗੀਤ ਦੀ ਸੁਤੰਤਰ ਪਛਾਣ ਸਥਾਪਿਤ ਹੋ ਰਹੀ ਹੈ। ਇਸ ਪਛਾਣ ਸਥਾਪਤੀ ਨੂੰ ਗੁਰਮਤਿ ਸੰਗੀਤ ਦੇ ਸਿਧਾਂਤਕ, ਵਿਹਾਰਕ ਅਤੇ ਇਤਿਹਾਸਕ ਪਰਿਪੇਖ ਵਿਚ ਸਮਝਿਆ ਜਾ ਸਕਦਾ ਹੈ। ਸਿਧਾਂਤਕ ਪਰਿਪੇਖ ਵਿਚ ਵੇਖੀਏ ਤਾਂ ਗੁਰਮਤਿ ਸੰਗੀਤ ਸਿੱਖ ਧਰਮ ਦੇ ਸ਼ਬਦ ਗੁਰੂ ਰੂਪੀ ਬਾਣੀ ਦੀ ਸੰਚਾਰਮੁਖੀ ਸੰਗੀਤਮਈ ਪ੍ਰਸਤੁਤੀ ਦਾ ਮਾਧਿਅਮ ਹੈ। ਇਸ ਦਾ ਸਿਧਾਂਤਕ ਆਧਾਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ।

## 1.1. ਗੁਰਮਤਿ ਸੰਗੀਤ

ਗੁਰਮਤਿ ਸੰਗੀਤ ਦੀ ਪਿੱਠਭੂਮੀ ਵਜੋਂ ਵੇਖੀਏ ਤਾਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਉਸ ਅਕਾਲ ਪੁਰਖ ਦੀ ਬਖ਼ਸ਼ਿਸ਼ ਰੂਪੀ ਇਲਾਹੀ ਬਾਣੀ ਦੁਆਰਾ ਪ੍ਰਭੂ ਭਗਤੀ ਕੀਤੀ। ਇਹ ਪ੍ਰਭੂ ਭਗਤੀ ਬਾਣੀ ਰੂਪੀ **ਸ਼ਬਦ ਦੇ ਕੀਰਤਨ** ਦੁਆਰਾ ਪ੍ਰਗਟ ਹੋ ਰਹੀ ਹੈ।

ਭਾਰਤੀ ਪ੍ਰਸੰਗ ਵਿਚ ਭਗਤੀ ਦੇ ਵੱਖ-ਵੱਖ ਪ੍ਰਕਾਰਾਂ ਨੂੰ ਨਵਧਾ ਭਗਤੀ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ। ਨਵਧਾ ਭਗਤੀ ਦੇ ਇਹ ਵਿਭਿੰਨ ਰੂਪ ਇਸ ਪ੍ਰਕਾਰ ਹਨ: (1) ਸ੍ਰਵਣ: ਆਪਣੇ ਇਸ਼ਟਦੇਵ ਦਾ ਯਸ਼ ਸੁਣਨਾ (2) ਕੀਰਤਨ: ਗੁਣਾਂ ਦਾ ਕਥਨ; ਗੁਣਾਂ ਦਾ ਗਾਉਣਾ। (3) ਸਿਮਰਣ: ਯਾਦ ਕਰਨਾ, ਚਿਤ ਦੁਆਰਾ ਚਿੰਤਨ ਕਰਨਾ। (4) ਪਾਦ ਸੇਵਨ; ਚਰਣ ਸੇਵਾ। (5) ਅਰਚਨ: ਚੰਦਨ ਫੁੱਲ ਆਦਿ ਦੀ ਸਮਗਰੀ ਨਾਲ ਪੂਜਨ। (6) ਵੰਦਨ; ਪ੍ਰਣਾਮ: ਨਮਸਕਾਰ। (7) ਸਖਯ: ਇਸ਼ਟ ਨਾਲ ਮਿਤ੍ਰਭਾਵ। (8) ਦਾਸਯ; ਸੇਵਕ ਭਾਵ। (9) ਆਤਮ ਨਿਵੇਦਨ: ਆਪਣਾ ਆਪ ਅਰਪਨ।[1] ਗੁਰਮਤਿ ਵਿਚ ਇਸ ਨੂੰ ਵੀ ਨਵੇਂ ਸੰਦਰਭ ਪ੍ਰਦਾਨ ਕੀਤੇ ਗਏ ਹਨ:

1) ਸ੍ਰਵਣ

ਤਿਨਿ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ॥

ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੭੭)

(2) ਕੀਰਤਨ

ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥ (ਉਹੀ, ਪੰਨਾ ੧੦੭੫)

(3) ਸਿਮਰਣ

ਸੁਖ ਸਾਗਰ ਗੋਬਿੰਦ ਸਿਮਰਣੁ ਭਗਤ ਗਾਵਹਿ ਗੁਣ ਤੇਰੇ ਰਾਮ॥ (ਉਹੀ, ਪੰਨਾ ੯੨੫)

(4) ਪਾਦ ਸੇਵਨ

ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ॥

ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ॥ (ਉਹੀ, ਪੰਨਾ ੮੧੨)

(5) ਅਰਚਨ

ਚਰਣ ਪਖਾਰਿ ਕਰੀ ਨਿਤ ਸੇਵਾ ਜੀਉ॥ ਪੂਜਾ ਅਰਚਾ ਬੰਦਨ ਦੇਵਾ ਜੀਉ॥ (ਉਹੀ, ਪੰਨਾ ੨੧੭)

(6) ਵੰਦਨ

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥

ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥ (ਉਹੀ, ਪੰਨਾ ੮੨੦)

(7) ਸਖਯ

ਨਾਮੁ ਇਕ ਰਸ  ਰੰਗ ਨਾਮਾ ਨਾਮਿ ਲਾਗੀ ਲੀਉ॥

ਮੀਤੁ ਸਾਜਨੁ ਸਖਾ ਬੰਧਪੁ ਹਰਿ ਏਕੁ ਨਾਨਕ ਕੀਉ॥(ਉਹੀ, ਪੰਨਾ ੧੦੦੭)

(8) ਦਾਸਯ

ਦਾਸ ਦਾਸਨ ਕੋ ਕਰਿ ਲੇਹੁ ਗੁੋਪਾਲਾ॥ ਕ੍ਰਿਪਾ ਨਿਧਾਨ ਦੀਨ ਦਇਆਲਾ॥

ਸਖਾ ਸਹਾਈ ਪੂਰਨ ਪਰਮੇਸੁਰ ਮਿਲੁ ਕਦੇ ਨੇ ਹੋਵੀ ਭੰਗਨਾ॥ (ਉਹੀ, ਪੰਨਾ ੧੦੮੦)

(9) ਆਤਮ ਨਿਵੇਦਨ

ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ॥ (ਉਹੀ, ਪੰਨਾ ੧੦੨੫)

**ਭਗਤੀ** ਦੇ ਵੱਖ ਵੱਖ ਮਾਰਗਾਂ ਵਿਚੋਂ ਸਿੱਖ ਧਰਮ ਅਧੀਨ ਪ੍ਰਭੂ ਕੀਰਤੀ ਭਾਵ ਸ਼ਬਦ ਕੀਰਤਨ ਨੂੰ ਉੱਤਮ ਸਵੀਕਾਰਿਆ ਗਿਆ ਹੈ:

- ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੭੫)

- ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ॥ (ਉਹੀ, ਪੰਨਾ ੬੯੭)
- ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥ (ਉਹੀ, ਪੰਨਾ ੮੯੩)
- ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ॥

  ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥ (ਉਹੀ, ਪੰਨਾ ੧੩੦੦)
- ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥

  ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥ (ਉਹੀ, ਪੰਨਾ ੧੯੦)
- ਜਹਾਂ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ॥ (ਉਹੀ, ਪੰਨਾ ੧੨੦੪)
- ਹਰਿ ਕੀਰਤਨ ਮਹਿ ਊਤਮ ਧੁਨਾ॥ ਨਾਨਕ ਗੁਰ ਮਿਲਿ ਗਾਇ ਗੁਨਾ॥(ਉਹੀ, ਪੰਨਾ ੧੧੮੨)
- ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ॥ (ਉਹੀ, ਪੰਨਾ ੧੦੮)
- ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨੇ ਜੋਨੀ ਪਾਈਐ॥ (ਉਹੀ, ਪੰਨਾ ੬੨੩)
- ਜੋ ਜਨੁ ਕਰੈ ਕੀਰਤਨੁ ਗੋਪਾਲ॥ ਤਿਸ ਕਉ ਪੋਹਿ ਨੇ ਸਕੈ ਜਮਕਾਲੁ॥ (ਉਹੀ, ਪੰਨਾ ੮੬੭)
- ਐਸਾ ਕੀਰਤਨੁ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥ (ਉਹੀ, ਪੰਨਾ ੨੩੬)

**ਸ਼ਬਦ ਕੀਰਤਨ** ਲਈ ਗੁਰੂ ਨਾਨਕ ਦੇਵ ਜੀ ਨੇ ਵੱਖ-ਵੱਖ ਰੂਪਾਂ ਵਿਚ ਬਾਣੀ ਦਾ ਉਚਾਰਣ ਕੀਤਾ। ਬਾਣੀ ਦੇ ਇਹ ਵੱਖ-ਵੱਖ ਬਾਣੀ ਰੂਪ ਗਾਇਨ ਦੀਆਂ ਵਿਭਿੰਨ ਸਨਾਤਨੀ (ਸ਼ਾਸਤਰੀ) ਅਤੇ ਦੇਸੀ (ਲੋਕ) ਅੰਗ ਦੀਆਂ ਗਾਇਨ ਸ਼ੈਲੀਆਂ ਹਨ। ਇਸ ਬਾਣੀ ਨੂੰ ਵੱਖ-ਵੱਖ ਰਾਗਾਂ ਅਧੀਨ ਨਿਰਧਾਰਤ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦਾ 'ਪੋਥੀ ਸਾਹਿਬ' ਦੇ ਰੂਪ ਵਿਚ ਇਕੱਤ੍ਰੀਕਰਨ ਕੀਤਾ।[2] ਉਪਰੰਤ ਇਸੇ ਪਰੰਪਰਾ ਨੂੰ ਬਾਕੀ ਗੁਰੂ ਸਾਹਿਬਾਨ ਨੇ ਵੀ ਜਾਰੀ ਰੱਖਿਆ। ਪੋਥੀਆਂ ਤੋਂ ਇਸ ਦਾ ਸੰਕਲਨ ਗੁਰੂ ਅਰਜਨ ਦੇਵ ਜੀ ਨੇ 'ਗ੍ਰੰਥ ਸਾਹਿਬ' ਦੇ ਰੂਪ ਵਿਚ ਕੀਤਾ ਜਿਸ ਵਿਚ ਦੂਸਰੇ ਖਿੱਤਿਆਂ ਦੇ ਸੰਤਾਂ ਭਗਤਾਂ ਦੀ ਬਾਣੀ ਵੀ ਦਰਜ਼ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਸੰਕਲਿਤ ਗ੍ਰੰਥ ਸਾਹਿਬ ਵਿਚ

ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨੇ ਮਹਲਾ ੯ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਿਲ ਕੀਤੀ ਜਿਸ ਨੂੰ ਦਸਵੇਂ ਗੁਰੂ ਦੁਆਰਾ 'ਸ਼ਬਦ ਗੁਰੂ' ਵਜੋਂ ਗੁਰਿਆਈ ਪ੍ਰਦਾਨ ਕੀਤੀ ਗਈ। [3]

ਸਿੱਖ ਧਰਮ ਦੇ ਪ੍ਰਾਰੰਭ ਤੋਂ ਹੀ ਆਰੰਭ ਹੋਈ ਸ਼ਬਦ ਸੰਚਾਰ ਦੀ ਸੰਗੀਤ ਜੁਗਤ ਨੂੰ ਵਰਤਮਾਨ ਸਮੇਂ **ਗੁਰਮਤਿ ਸੰਗੀਤ** ਦੇ ਰੂਪ ਵਿਚ ਪਛਾਣਿਆ ਤੇ ਜਾਣਿਆ ਜਾਂਦਾ ਹੈ। ਆਪਣੇ ਇਸ ਵਰਤਮਾਨ ਸਰੂਪ ਨੂੰ ਪਾਉਣ ਲਈ ਇਸ ਪਰੰਪਰਾ ਨੇ ਕਈ ਸਦੀਆਂ ਇਤਿਹਾਸਕ ਤੇ ਵਿਹਾਰਕ ਰੂਪ ਵਿਚ ਸਫ਼ਰ ਤੈਅ ਕੀਤਾ ਹੈ। ਸਮੇਂ-ਸਮੇਂ 'ਤੇ ਇਸ ਦੇ ਨਾਲ ਵਿਭਿੰਨ ਤੱਤਾਂ, ਜੁਗਤਾਂ ਅਤੇ ਵਿਅਕਤੀ ਵਿਸ਼ੇਸ਼ ਦਾ ਸੰਦਰਭ ਜੁੜਦਾ ਗਿਆ। ਇਸ ਦੇ ਨਾਲ ਇਸ ਸੰਗੀਤਕ ਪਰੰਪਰਾ ਦਾ ਘੇਰਾ ਫੈਲਦਾ ਗਿਆ। ਸ਼ਬਦ, ਗੁਰੂ ਨਾਨਕ, ਭਾਈ ਮਰਦਾਨੇ ਦੀ ਰਬਾਬ ਅਤੇ ਉਦੇਸ਼ ਗੁਰਮਤਿ ਸੰਗੀਤ ਪਰੰਪਰਾ ਦੀ ਬੁਨਿਆਦ ਬਣੇ। ਇਲਾਹੀ ਸ਼ਬਦ, ਗੁਰੂ ਨਾਨਕ ਰਾਹੀਂ ਭਾਈ ਮਰਦਾਨਾ ਦੀ ਸੰਗੀਤਕ ਸੁਹਜ ਨਾਲ ਇੱਕਮਿਕ ਹੋ ਕੇ ਰਬਾਬ ਦੀ ਧੁਨੀ ਦੀ ਸਵਾਰੀ ਕਰ ਵਿਸ਼ੇਸ਼ ਉਦੇਸ਼ ਦੀ ਪ੍ਰਾਪਤੀ ਹਿਤ ਇਸ ਜਗਤ 'ਤੇ ਪ੍ਰਕਾਸ਼ਮਾਨ ਹੋਇਆ। ਇਸ ਸੰਦਰਭ ਵਿਚ ਗੁਰੂ ਨਾਨਕ ਦੇ ਕਾਫਲੇ ਨਾਲ ਹੋਰ ਤੱਥ ਵੀ ਜੁੜਦੇ ਗਏ। ਇਲਾਹੀ ਸ਼ਬਦ ਦੇ ਇਲਹਾਮ ਦਾ ਘੇਰਾ ਵੱਧਦਾ ਗਿਆ। ਗੁਰੂ ਨਾਨਕ ਤੋਂ ਬਾਅਦ ਦਸ ਗੁਰੂ ਸਾਹਿਬਾਨ ਤਕ ਵੱਖ-ਵੱਖ ਗੁਰੂ ਸਰੀਰਾਂ ਨੇ ਇਸ ਇਲਹਾਮ ਨੂੰ ਸੰਸਾਰ ਵਿਚ ਸੰਚਾਰਿਤ ਕੀਤਾ। ਭਾਈ ਮਰਦਾਨੇ ਤੋਂ ਬਾਅਦ ਭਾਈ ਦਾਲਾ, ਭਾਈ ਸਜਾਦਾ, ਭਾਈ ਸੱਤਾ ਬਲਵੰਡ, ਭਾਈ ਸਦੂ ਮਦੂ, ਭਾਈ ਬਾਬਕ, ਭਾਈ ਗੁਰਬਖ਼ਸ਼ ਆਦਿ ਕੀਰਤਨੀਆਂ ਦੇ ਰੂਪ ਵਿਚ ਨਾਲ ਜੁੜਦੇ ਗਏ। ਰਬਾਬ ਸਾਜ਼ ਤੋਂ ਬਾਅਦ ਸਾਰੰਦਾ, ਤਾਊਸ, ਤਾਨਪੁਰਾ, ਦਿਲਰੁਬਾ, ਇਸਰਾਜ, ਪਖਾਵਜ, ਮ੍ਰਿਦੰਗ, ਹਰਮੋਨੀਅਮ, ਤਬਲਾ ਆਦਿ ਸਾਜ਼ਾਂ ਦਾ ਪ੍ਰਯੋਗ ਵੱਧਦਾ ਗਿਆ। ਕਰਤਾਰਪੁਰ ਸਾਹਿਬ ਦੇ ਰੂਪ ਵਿਚ ਪ੍ਰਥਮ ਸਥਾਨ ਤੋਂ ਬਾਅਦ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਤਰਨਤਾਰਨ ਸਾਹਿਬ, ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ ਆਦਿ ਸਥਾਨਾਂ ਦੀ ਸਥਾਪਤੀ ਦਾ ਸਿਲਸਿਲਾ ਚਲਦਾ ਰਿਹਾ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਪਰੰਪਰਾ ਦਾ ਆਪਣਾ ਵਿਧੀ ਵਿਧਾਨ ਹੈ। ਇਹ ਵਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧੀਨ ਦਰਜ ਸੰਗੀਤਕ ਢਾਂਚੇ ਤੋਂ ਪ੍ਰਤੱਖ ਹੁੰਦਾ ਹੈ। ਇਹ ਵਿਧਾਨ ਸਦੀਆਂ ਤੋਂ ਚਲੀ ਆ ਰਹੀ ਸ਼ਬਦ ਕੀਰਤਨ ਪਰੰਪਰਾ ਅਧੀਨ ਕਿਸੇ ਨਾ ਕਿਸੇ ਰੂਪ ਵਿਚ ਪ੍ਰਯੋਗ ਹੋਇਆ ਦੇਖਿਆ ਜਾ ਸਕਦਾ ਹੈ। ਸ਼ਬਦ ਕੀਰਤਨ, ਕੀਰਤਨ ਚਉਕੀਆਂ ਦੇ ਰੂਪ ਵਿਚ, ਵੱਖ-ਵੱਖ ਸਿੱਖ ਇਤਿਹਾਸਕ ਦਿਹਾੜਿਆਂ

ਅਧੀਨ, ਵਿਸ਼ੇਸ਼ ਸ਼ਬਦ ਕੀਰਤਨ ਸਮਾਗਮਾਂ ਅਧੀਨ, ਸਿੱਖ ਰਹੁ ਰੀਤਾਂ ਅਧੀਨ ਗੁਰ ਪੁਰਬਾਂ ਆਦਿ ਦੇ ਰੂਪ ਵਿਚ ਸਦੀਆਂ ਤੋਂ ਹੁੰਦਾ ਆ ਰਿਹਾ ਹੈ। ਗੁਰਮਤਿ ਸੰਗੀਤ ਵਰਤਮਾਨ ਸਮੇਂ ਤਕ ਸ਼ਬਦ ਕੀਰਤਨ ਦੀ ਵਿਹਾਰਕ ਪਰੰਪਰਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦਾ ਅਨੁਸਰਣ ਕਰਦਾ ਹੈ। ਗੁਰਮਤਿ ਸੰਗੀਤ ਨੂੰ ਇਸ ਪਰੰਪਰਾ ਦੇ ਪ੍ਰਮੁਖ ਵਿਦਵਾਨਾਂ ਨੇ ਆਪਣੇ ਸ਼ਬਦਾਂ ਵਿਚ ਇਸ ਤਰਾਂ ਪਰਿਭਾਸ਼ਿਤ ਕੀਤਾ ਹੈ:

ਭਾਈ ਵੀਰ ਸਿੰਘ ਅਨੁਸਾਰ ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਵੇਂ ਗੁਰੂ ਸਾਹਿਬ ਦੀ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ, ਭਾਈ ਨੰਦ ਲਾਲ ਦੀਆਂ ਰਚਨਾਵਾਂ ਅਤੇ ਰਹਿਤਨਾਮੇ ਤੇ ਹੁਕਮਨਾਮੇ ਜੋ ਦਸਤਖ਼ਤੀ ਹੋਣ, ਦਾ ਹੀ ਹੋ ਸਕਦਾ ਹੈ। ਉਨ੍ਹਾਂ ਅਨੁਸਾਰ ਸ਼ਬਦ ਕੀਰਤਨ ਚਉਕੀ ਹਿਤ ਘੱਟੋ ਘੱਟ ਚਾਰ ਸਿੰਘ ਅਤੇ ਵੱਧ ਭਾਵੇਂ ਜਿੰਨੇ ਮਰਜ਼ੀ ਸਰੀਰ ਹੋ ਸਕਦੇ ਹਨ ਆਦਿ।[4]

ਪ੍ਰੋ. ਤਾਰਾ ਸਿੰਘ ਅਨੁਸਾਰ, "ਜਦੋਂ ਕੀਰਤਨਕਾਰ ਗੁਰੂ ਅਤੇ ਸੰਗਤ ਦੀ ਹਜ਼ੂਰੀ ਵਿਚ ਤੰਤੀ ਸਾਜ਼ਾਂ ਨਾਲ ਨਿਰਧਾਰਿਤ ਰਾਗਾਂ ਵਿਚ ਗੁਰਬਾਣੀ ਦਾ ਸੁਰ ਤਾਲ ਬੱਧ ਰਸ ਭਿੰਨਾ ਕੀਰਤਨ ਕਰਦੇ ਹਨ, ਜਿਸ ਵਿਚ ਰਹਾਉ ਅਤੇ ਪਦਿਆਂ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੋਵੇ, ਜੋ ਪ੍ਰਾਣੀ ਮਾਤਰ ਵਿਚ ਦੇ ਚਿੱਤ ਨੂੰ ਸਹਿਜ ਅਵਸਥਾ ਰਾਹੀਂ ਅਕਾਲ ਪੁਰਖ ਨਾਲ ਜੋੜੇ ਉਸ ਨੂੰ ਗੁਰਬਾਣੀ ਕੀਰਤਨ ਦੀ ਸੰਗਿਆ ਦਿੱਤੀ ਜਾ ਸਕਦੀ ਹੈ।"[5]

ਪ੍ਰਿੰ. ਦਿਆਲ ਸਿੰਘ ਅਨੁਸਾਰ, "ਗੁਰੂ ਦੇ ਬਤਾਏ ਨਿਯਮ ਅਨੁਸਾਰ ਗੁਰਬਾਣੀ ਨੂੰ ਗਾਇਨ ਕਰਨਾ ਜਾਂ ਇਵੇਂ ਕਹਿ ਲਵੋ ਕਿ ਉਸ ਪਰਿਪੂਰਨ ਪਰਮਾਤਮਾ ਦੇ ਗੁਣਾਂ ਨੂੰ ਗਾਇਨ ਕਰਦੇ ਹੋਏ ਬ੍ਰਹਮ ਰੂਪੀ ਨਾਦ ਵਿਚ ਲਵਲੀਨ ਹੋਣ ਦਾ ਨਾਮ ਹੀ ਗੁਰਮਤਿ ਸੰਗੀਤ ਹੈ।"[6]

ਡਾ. ਜਾਗੀਰ ਸਿੰਘ ਅਨੁਸਾਰ "ਗੁਰਮਤਿ ਸੰਗੀਤ ਉਸ ਸੰਗੀਤ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਗੁਰਬਾਣੀ ਦਾ ਗਾਇਨ ਕੀਤਾ ਜਾਂਦਾ ਹੈ। ਅਕਾਦਮਿਕ ਖੇਤਰ ਵਿਚ ਸੰਗੀਤ ਲਈ ਗੁਰਮਤਿ ਸੰਗੀਤ ਵਿਸ਼ੇਸ਼ਣ ਵੀ ਪ੍ਰਯੋਗ (ਕੀਤਾ) ਜਾਂਦਾ ਹੈ।"[7]

ਵਿਸ਼ਵ ਵਿਖਿਆਤ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਅਨੁਸਾਰ "ਗੁਰਮਤਿ ਸੰਗੀਤ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਗੁਰੂ ਦੁਆਰਾ ਪ੍ਰਦਾਨ ਕੀਤੇ ਗਏ ਮਤਿ/ਸਿਧਾਂਤ ਤੋਂ ਸਿਰਜਿਆ ਸੰਗੀਤ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬਾਨ ਦੁਆਰਾ ਨਿਰਧਾਰਤ ਮਰਿਆਦਤ ਸੰਗੀਤ ਵਿਧਾਨ।[8]

ਉਕਤ ਤੋਂ ਇਲਾਵਾ ਵੱਖ-ਵੱਖ ਕੋਸ਼ਾਂ ਤੇ ਪੁਸਤਕਾਂ ਵਿਚ ਗੁਰਮਤਿ ਸੰਗੀਤ ਦੀ ਪਰਿਭਾਸ਼ਾ ਅੰਕਿਤ ਮਿਲਦੀ ਹੈ।

*ਗੁਰੂ ਗ੍ਰੰਥ ਵਿਸ਼ਵ ਕੋਸ਼* ਅਨੁਸਾਰ, "ਗੁਰਮਤਿ ਸੰਗੀਤ ਤੋਂ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਪਣਾਏ ਗਏ ਸੰਗੀਤ ਪ੍ਰਬੰਧ ਜਾਂ ਸੰਗੀਤ ਪੱਧਤੀ ਤੋਂ ਹੈ ਜਿਸ ਨੂੰ ਕੀਰਤਨ ਵੀ ਕਿਹਾ ਜਾਂਦਾ ਹੈ।"[9]

***Gurmat Saṅgīt Terminology*** ਵਿਚ ਗੁਰਮਤਿ ਸੰਗੀਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਸਿਧਾਂਤ ਦਾ ਅਨੁਸਾਰੀ ਲਿਖਿਆ ਹੈ। "ਸਿੱਖ ਗੁਰੂ ਸਾਹਿਬਾਨ ਦੁਆਰਾ ਮਰਿਆਦਤ ਸ਼ਬਦ ਕੀਰਤਨ ਪਰੰਪਰਾ ਜੋ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਸਿਧਾਂਤ ਦੀ ਅਨੁਸਾਰੀ ਹੈ।"[10]

ਗੁਰਮਤਿ ਸੰਗੀਤ, ਗੁਰੂ ਦੀ ਮਤ ਦਾ ਅਨੁਸਾਰੀ ਸੰਗੀਤ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਦਰਜ ਸੰਗੀਤਕ ਸਿਰਲੇਖਾਂ, ਸੰਕੇਤਾਂ ਅਤੇ ਬਾਣੀ ਰੂਪਾਂ ਦੇ ਰੂਪ ਵਿਚ ਪ੍ਰਤੱਖ ਹੋ ਰਹੇ ਸੰਗੀਤ ਵਿਧਾਨ ਅਤੇ ਸ਼ਬਦ ਕੀਰਤਨ ਦੀ ਮਰਿਆਦਤ ਕੀਰਤਨ ਪਰੰਪਰਾ ਦਾ ਅਨੁਸਰਨ ਕਰਦਾ ਹੈ, ਜਿਸ ਵਿਚ ਤੰਤੀ ਸਾਜ਼ਾਂ ਨੂੰ ਪ੍ਰਮੁਖਤਾ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਸੰਗੀਤ ਦੇ ਅਧਾਰ ਗ੍ਰੰਥ ਵਜੋਂ ਵਿਦਮਾਨ ਹੈ। ਗੁਰਮਤਿ ਸੰਗੀਤ ਪਰੰਪਰਾ ਦਾ ਮੁੱਖ ਉਦੇਸ਼ ਸ਼ਬਦ ਦਾ ਸੰਚਾਰ ਕਰਨਾ ਹੀ ਹੈ। ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ `ਤੇ ਅਧਾਰਿਤ ਸੰਗੀਤ ਵਿਧਾਨ ਅਤੇ ਸ਼ਬਦ ਕੀਰਤਨ ਦੀ ਸੀਨਾ-ਬ-ਸੀਨਾ ਚੱਲੀ ਆ ਰਹੀ ਵਿਹਾਰਕ ਪਰੰਪਰਾ ਦੇ ਅਨੁਸਾਰੀ ਸੰਗੀਤ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਦਾ ਸਿਧਾਂਤ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਰੂਪ ਇਸ ਦੀ ਵਿਹਾਰਕ ਸ਼ਬਦ ਕੀਰਤਨ ਪਰੰਪਰਾ ਵਿਚੋਂ ਪ੍ਰਾਪਤ ਹੁੰਦਾ ਹੈ। ਹਥਲੇ ਅਧਿਆਇ ਦੀ ਸਾਰਥਿਕਤਾ ਹਿਤ ਗੁਰਮਤਿ ਸੰਗੀਤ ਦੇ ਸਿਧਾਂਤ, ਵਿਹਾਰਕ ਤੇ ਇਤਿਹਾਸਕ ਪਰਿਪੇਖ ਸਬੰਧੀ ਸੰਖੇਪਿਤ ਚਰਚਾ ਜ਼ਰੂਰੀ ਹੈ।

**1.1.1 ਗੁਰਮਤਿ ਸੰਗੀਤ ਦਾ ਸਿਧਾਂਤ** : ਵਰਤਮਾਨ ਸਮੇਂ ਗੁਰਮਤਿ ਸੰਗੀਤ ਦੇ ਰੂਪ ਵਿਚ ਪ੍ਰਚਲਿਤ ਸੰਗੀਤ ਪਰੰਪਰਾ ਦੀ ਕੇਂਦਰੀ ਇਕਾਈ ਸ਼ਬਦ ਹੈ। ਸਿੱਖ ਗੁਰੂ ਸਾਹਿਬਾਨਾਂ ਦੁਆਰਾ ਸੰਗੀਤ ਨੂੰ ਸ਼ਬਦ ਦੇ

ਸੰਚਾਰ ਸਾਧਨ ਵਜੋਂ ਪ੍ਰਯੋਗ ਕੀਤਾ ਗਿਆ ਹੈ। ਉਨ੍ਹਾਂ ਨੇ ਸ਼ਬਦ ਕੀਰਤਨ ਦੀ ਵਿਗਿਆਨਕ ਵਿਧੀ ਅਪਣਾਈ ਜਿਸ ਦਾ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੁੰਦਾ ਹੈ। ਗੁਰਮਤਿ ਸੰਗੀਤ ਦੀ ਵਿਹਾਰਕ ਪਰੰਪਰਾ ਦਾ ਇਹੀ ਵਿਧੀ ਵਿਧਾਨ ਗੁਰਮਤਿ ਸੰਗੀਤ ਨੂੰ ਬਾਕੀ ਅਧਿਆਤਮਕ ਕੀਰਤਨ ਪਰੰਪਰਾ ਨਾਲੋਂ ਮੌਲਿਕਤਾ ਪ੍ਰਦਾਨ ਕਰਦਾ ਹੈ। ਗੁਰਮਤਿ ਸੰਗੀਤ ਤੋਂ ਪੂਰਵ ਜਾਂ ਸਮਕਾਲੀ ਭਗਤੀ ਸੰਗੀਤ ਦੀਆਂ ਪਰੰਪਰਾਵਾਂ ਵਿਚ ਭਾਵੇਂ ਭਗਤ ਕਵੀਆਂ ਦੁਆਰਾ ਰਾਗ ਆਦਿ ਦਾ ਪ੍ਰਯੋਗ ਸਿਰਲੇਖ ਰੂਪ ਵਿਚ ਕੀਤਾ ਗਿਆ ਹੈ ਪਰੰਤੂ ਇਹਨਾਂ ਦੇ ਪ੍ਰਯੋਗ ਸਬੰਧੀ ਕੋਈ ਸੰਗੀਤਕ ਸਿਧਾਂਤ ਪ੍ਰਾਪਤ ਨਹੀਂ ਹੁੰਦਾ।

**ਗੁਰਮਤਿ ਸੰਗੀਤ** ਨੂੰ ਸਿਧਾਂਤਕ ਅਧਾਰ, ਬਾਣੀ ਦੇ ਸੰਗੀਤਮਈ ਸੰਕਲਨ ਤੋਂ ਪ੍ਰਾਪਤ ਹੋ ਰਿਹਾ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੋਗ ਕੀਤੇ ਗਏ ਰਾਗ[11], ਗਾਇਨ ਸ਼ੈਲੀਆਂ[12], ਸੰਗੀਤਕ ਸੰਕੇਤ[13], ਸੰਗੀਤ ਸਿਰਲੇਖ[14], ਕੀਰਤਨ[15], ਕੀਰਤਨਕਾਰ[16] ਆਦਿ ਸਬੰਧੀ ਫ਼ੁਰਮਾਨ ਇਸੇ ਸਿਧਾਂਤਕ ਅਧਾਰ ਸਬੰਧੀ ਸਾਡਾ ਮਾਰਗ ਦਰਸ਼ਨ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧੀਨ ਦਰਜ਼ ਵਿਗਿਆਨਕ ਸੰਗੀਤਕ ਪ੍ਰਬੰਧ ਦਾ ਉਦੇਸ਼ ਗੁਰਬਾਣੀ ਦੀ ਸਹਿਜ ਅਤੇ ਸੁਭਾਵਿਕ ਸਫ਼ਲ ਪ੍ਰਸਤੁਤੀ ਤੋਂ ਹੈ ਤਾਂ ਜੋ ਬਾਣੀ ਦੇ ਗਹਿਰ ਗੰਭੀਰ ਅਰਥ ਭਾਵਾਂ ਤੋਂ ਲੋਕਾਈ ਨੂੰ ਪੂਰਨ ਬੋਧ ਹੋ ਸਕੇ। ਇਸ ਵਿਚ ਦਰਜ ਬਾਣੀ ਅਧੀਨ ਵਿਭਿੰਨ ਸੰਗੀਤਕ ਸਿਰਲੇਖ ਜਿਵੇਂ ਰਾਗ, ਘਰੁ, ਜਤਿ, ਧੁਨਿ ਆਦਿ ਬਾਣੀ ਰੂਪ ਜਿਵੇਂ ਛੰਤ, ਅਲਾਹਣੀਆਂ, ਘੋੜੀਆਂ, ਵਾਰਾਂ ਅਤੇ ਸੰਗੀਤਕ ਸੰਕੇਤ ਜਿਵੇਂ ਅੰਕ, ਰਹਾਉ ਆਦਿ ਤੋਂ ਗੁਰਮਤਿ ਸੰਗੀਤ ਦਾ ਸਿਧਾਂਤ ਪ੍ਰਤੱਖ ਹੁੰਦਾ ਹੈ। ਗੁਰਮਤਿ ਸੰਗੀਤ ਦੀ ਵਿਹਾਰਕ ਪਰੰਪਰਾ ਵਿਚ ਇਹਨਾਂ ਸੰਗੀਤਕ ਸਿਰਲੇਖਾਂ, ਬਾਣੀ ਰੂਪਾਂ, ਸੰਗੀਤਕ ਸੰਕੇਤਾਂ ਆਦਿ ਦੀ ਪ੍ਰਸਤੁਤੀ ਤੋਂ ਗੁਰਮਤਿ ਸੰਗੀਤ ਦਾ ਸਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ।

**1.1.2 ਗੁਰਮਤਿ ਸੰਗੀਤ ਵਿਹਾਰਕ ਪਰਿਪੇਖ:** ਸਿੱਖ ਰਹੁ ਰੀਤਾਂ ਵਿਚ ਸ਼ਬਦ ਕੀਰਤਨ ਦੀ ਅਨਿਖੜ ਭੂਮਿਕਾ ਹੈ। ਗੁਰੂ ਕਾਲ ਤੋਂ ਹੀ ਸਿੱਖ ਸਭਿਆਚਾਰ ਸ਼ਬਦ ਕੀਰਤਨ ਦਾ ਵਿਸ਼ੇਸ਼ ਮਹਤੱਵਪੂਰਨ ਸਥਾਨ ਰਿਹਾ ਹੈ। ਸਿੱਖ ਭਾਈਚਾਰੇ ਵਿਚ ਹਰ ਖੁਸ਼ੀ ਗਮੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੇਕ, ਸ਼ਬਦ ਕੀਰਤਨ ਤੇ ਅਰਦਾਸ ਕਰਨਾ ਇੱਕ ਅਭਿੰਨ ਅੰਗ ਬਣ ਚੁੱਕਾ ਹੈ।

ਗੁਰਮਤਿ ਸੰਗੀਤ ਦਾ ਸਰੂਪ ਸ਼ਬਦ ਕੀਰਤਨ ਚਉਕੀ ਦੀ ਪ੍ਰਸਤੁਤੀ ਤੋਂ ਪ੍ਰਤੱਖ ਹੁੰਦਾ ਹੈ। ਸ਼ਬਦ ਕੀਰਤਨ ਚਉਕੀ ਵਿਚ ਰਾਗ, ਬਾਣੀ ਰੂਪ, ਹੋਰ ਸੰਗੀਤਕ ਸੰਕੇਤ ਜੋ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਪ੍ਰਾਪਤ ਹੁੰਦੇ ਹਨ, ਦਾ ਪ੍ਰਯੋਗ ਕਰਕੇ ਇਸ ਦੀ ਸਫ਼ਲ ਪ੍ਰਸਤੁਤੀ ਨੂੰ ਯਕੀਨੀ ਬਣਾਇਆ ਜਾਂਦਾ ਹੈ। ਸ਼ਬਦ ਕੀਰਤਨ ਤੇ ਸ਼ਬਦ ਕੀਰਤਨ ਚਉਕੀ ਗੁਰੂ ਘਰਾਂ ਵਿਚ ਨਿਤ ਦਾ ਵਿਹਾਰ ਹੈ।

*ਸ਼ਬਦ ਕੀਰਤਨ ਚਉਕੀ* : 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਦੇ ਅਨੁਸਾਰ, "ਕੀਰਤਨ ਚਉਕੀ ਤੋਂ ਭਾਵ ਚਾਰ ਰਾਗੀਆਂ ਦੀ ਮੰਡਲੀ, ਗਾਵਤ ਚਉਕੀ ਸ਼ਬਦ ਪ੍ਰਕਾਸ਼, ਭਜਨ ਮੰਡਲੀ ਜੋ ਪਰਿਕਰਮਾ ਕਰਦੀ ਹੋਈ ਸ਼ਬਦ ਗਾਵੇ ਉਸ ਵਾਸਤੇ ਵੀ ਚਉਕੀ ਸ਼ਬਦ ਵਰਤਿਆ ਗਿਆ ਹੈ।"[17]

ਭਾਈ ਵੀਰ ਸਿੰਘ ਅਨੁਸਾਰ, "ਗੁਰਮਤਿ ਸੰਗੀਤ ਵਿਚ ਕੀਰਤਨੀ ਜੱਥੇ ਨੂੰ ਚਉਕੀ ਕਹਿੰਦੇ ਹਨ। ਚਉਕੀ ਘੱਟ ਤੋਂ ਘੱਟ ਚੋਹਾਂ ਦੀ ਵਿਦਮਾਨ ਹੈ ਜੇਹਾ ਕਿ ਇਕ ਮਹੰਤ, ਦੋ ਸਾਥੀ ਸੁਰ ਰਚਾਉਣ ਵਾਲੇ, ਇਕ ਜੋੜੀ ਵਾਲਾ (ਪਖਾਊਜੀ), ਇਸ ਤੋਂ ਘੱਟ ਨਹੀਂ ਵਧੀਕ ਭਾਵੇਂ ਕਿਤਨੇ ਸਰੀਰ ਹੋਣ ਚੌਕੀ ਵਿਚ ਗਾਉਂ ਸਕਦੇ ਹਨ ਜੇਹਾ ਕੁ ਵਾਰ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਵਿਦਮਾਨ ਹੈ।"[18]

*Gurmat Saṅgīt Terminology* ਅਨੁਸਾਰ "ਸਿੱਖ ਧਰਮ ਵਿਚ ਸ਼ਬਦ ਕੀਰਤਨ ਦੀ ਇਕ ਸੰਪੂਰਨ ਪ੍ਰਸਤੁਤੀ"[19] ਸ਼ਬਦ ਕੀਰਤਨ ਚਉਕੀ ਹੈ।

ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਆਚਾਰੀਆ ਡਾ. ਗੁਰਨਾਮ ਸਿੰਘ ਅਨੁਸਾਰ, "ਵਰਤਮਾਨ ਸਮੇਂ ਭਾਵੇਂ ਰਾਗੀਆਂ ਦੀ ਗਿਣਤੀ ਤਿੰਨ ਹੀ ਰਹਿ ਗਈ ਹੈ ਪਰੰਤੂ ਉਨ੍ਹਾਂ ਦੇ ਕੀਰਤਨ ਜਥੇ ਦੀ ਪੇਸ਼ਕਾਰੀ ਨੂੰ ਕੀਰਤਨ ਚਉਕੀ ਦਾ ਨਾਮ ਦਿੱਤਾ ਜਾਂਦਾ ਹੈ।"[20]

ਗੁਰੂ ਘਰ ਦੇ ਕੀਰਤਨੀਏ ਸ਼ਬਦ ਕੀਰਤਨ ਦੀ ਪੂਰਨ ਪੇਸ਼ਕਾਰੀ ਨੂੰ ਵੱਖ-ਵੱਖ ਚਾਰ ਅੰਗਾਂ *ਸ਼ਾਨ, ਮੰਗਲਾਚਰਣ, ਸ਼ਬਦ ਗਾਇਨ, ਪਉੜੀ ਲਗਾਉਣਾ* ਵਿਚ ਵੰਡਦੇ ਹਨ। ਇਹਨਾਂ ਚਾਰ ਅੰਗਾਂ ਨੂੰ ਚਉਕੀ ਦਾ ਨਾਮ ਦਿੱਤਾ ਜਾਂਦਾ ਹੈ। ਇਹ ਕੀਰਤਨ ਚਉਕੀ ਦੇ ਮੁਢਲੇ ਪੜਾਅ ਹਨ ਜਿਹਨਾਂ ਅਧੀਨ ਸ਼ਬਦ ਗਾਇਨ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਗੀਤਕ ਸੰਕੇਤਾਂ ਤੇ ਸਿਰਲੇਖਾਂ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਸਿੱਖੀ ਜੀਵਨ ਦੀਆਂ ਰਹੁ ਰੀਤਾਂ ਅਨੁਸਾਰ ਸ਼ਬਦ ਕੀਰਤਨ ਚਉਕੀ ਪਰੰਪਰਾ ਵੀ ਰਹੀ ਹੈ ਜਿਵੇਂ *ਜਨਮ ਸਮੇਂ ਦੀ ਕੀਰਤਨ ਚਉਕੀ, ਕੁੜਮਾਈ ਦੀ ਕੀਰਤਨ ਚਉਕੀ, ਅਨੰਦ ਕਾਰਜ ਦੀ ਕੀਰਤਨ ਚਉਕੀ,*

*ਅਕਾਲ ਚਲਾਣੇ ਦੀ ਕੀਰਤਨ ਚਉਕੀ* ਆਦਿ। ਇਹਨਾਂ ਕੀਰਤਨ ਚਉਕੀਆਂ ਵਿਚ ਸਮਾਜਿਕ ਜੀਵਨ ਦੇ ਭਾਵ ਅਨੁਸਾਰੀ ਕੀਰਤਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਰੁੱਤਾਂ `ਤੇ ਸ਼ਬਦ ਕੀਰਤਨ ਦੀ ਵਿਸ਼ੇਸ਼ ਪਰੰਪਰਾ ਸਿੱਖ ਧਰਮ ਵਿਚ ਮੌਜੂਦ ਹੈ ਜਿਵੇਂ *ਬਸੰਤ ਦੀ ਕੀਰਤਨ ਚਉਕੀ, ਮਲਾਰ ਦੀ ਕੀਰਤਨ ਚਉਕੀ* ਆਦਿ। ਇਹਨਾਂ ਚਉਕੀਆਂ ਦੇ ਗਾਇਨ ਦਾ ਵਿਸ਼ੇਸ਼ ਵਿਧੀ ਵਿਧਾਨ ਹੀ ਗੁਰਮਤਿ ਸੰਗੀਤ ਦਾ ਸਰੂਪ ਉਜਾਗਰ ਕਰਦਾ ਹੈ।

**1.1.3 ਗੁਰਮਤਿ ਸੰਗੀਤ ਦਾ ਇਤਿਹਾਸਕ ਪਰਿਪੇਖ** : ਸਿੱਖ ਧਰਮ ਦੇ ਇਤਿਹਾਸਕ ਸਰੋਤ ਗੁਰਮਤਿ ਸੰਗੀਤ ਦੇ ਇਤਿਹਾਸਕ ਪਰਿਪੇਖ ਵਜੋਂ ਮੌਜੂਦ ਹਨ ਜਿਨ੍ਹਾਂ ਵਿਚ *ਪੁਰਾਤਨ ਜਨਮ ਸਾਖੀ, ਜਨਮ ਸਾਖੀ ਭਾਈ ਬਾਲਾ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਕੀਆਂ ਸਾਖੀਆਂ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਗੁਰ ਬਿਲਾਸ ਪਾਤਸ਼ਾਹੀ ੬, ਗੁਰ ਬਿਲਾਸ ਪਾਤਸ਼ਾਹੀ ੧੦, ਪੰਥ ਪ੍ਰਕਾਸ਼, ਸ੍ਰੀ ਗੁਰੁ ਪੰਥ ਪ੍ਰਕਾਸ਼ ਗਿਆਨ ਰਤਨਾਵਲੀ, ਸ਼ਹੀਦ ਬਿਲਾਸ, ਸ੍ਰੀ ਗੁਰ ਸੋਭਾ, ਗੁਰ ਰਤਨ ਮਾਲਾ ਅਰਥਾਤ ਸੌ ਸਾਖੀ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸ੍ਰੀ ਗੁਰ ਪੰਥ ਪ੍ਰਕਾਸ਼, ਸ੍ਰੀ ਗੁਰ ਪੁਰ ਪ੍ਰਕਾਸ਼ , ਸਾਖੀ ਪੋਥੀ, ਤਵਾਰੀਖ ਗੁਰੂ ਖਾਲਸਾ, ਸਿੱਖਾਂ ਦੀ ਭਗਤਮਾਲਾ, ਨਾਨਕ ਚਮਤਕਾਰ, ਸ੍ਰੀ ਕਲਗੀਧਰ ਚਮਤਕਾਰ, ਜਨਮ ਸਾਖੀ ਪਰੰਪਰਾ* ਆਦਿ ਪ੍ਰਮੁਖ ਹਨ। ਇਨ੍ਹਾਂ ਸਰੋਤਾਂ ਤੋਂ ਭਲੀਭਾਂਤ ਪ੍ਰਤੱਖ ਹੋ ਜਾਂਦਾ ਹੈ ਕਿ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਦਾ ਵਿਹਾਰਕ ਰੂਪ ਪ੍ਰਚਲਨ ਗੁਰੂ ਨਾਨਕ ਦੁਆਰਾ ਹੋਇਆ ਅਤੇ ਸਮੇਂ-ਸਮੇਂ ਇਸ ਸੰਗੀਤਕ ਪਰੰਪਰਾ ਦਾ ਵਿਕਾਸ ਹੁੰਦਾ ਰਿਹਾ ਹੈ। ਸਿੱਖ ਧਰਮ ਦੀ ਉਤਪਤੀ ਅਤੇ ਵਿਕਾਸ ਦੇ ਪਰਿਪੇਖ ਵਿਚ ਵੇਖੀਏ ਤਾਂ ਗੁਰੂ ਨਾਨਕ ਦੇਵ ਜੀ ਦੁਆਰਾ ਇਸ ਦੇ ਸੰਚਾਰ ਤੇ ਪ੍ਰਚਾਰ ਦਾ ਮੁੱਖ ਮਾਧਿਅਮ ਸੰਗੀਤਮਈ ਸ਼ਬਦ ਕੀਰਤਨ ਹੀ ਸੀ ਜੋ ਪੁਰਾਤਨ ਜਨਮ ਸਾਖੀਆਂ ਦੇ ਵੱਖ-ਵੱਖ ਹਵਾਲਿਆਂ[21] ਤੋਂ ਪ੍ਰਤੱਖ ਹੈ:

*ਤਬਿ ਬਾਬੇ ਆਖਿਆ: 'ਮਰਦਾਨਿਆਂ! ਸਬਦੁ ਚਿਤਿ ਕਰਿ, ਤਉ ਬਾਝੂ ਬਾਣੀ ਸਰਿ ਨਾਹੀ ਆਵਦੀ'। ਤਬਿ ਗੁਰੂ ਬਾਬੇ ਆਖਿਆ: 'ਮਰਦਾਨਿਆ! ਰਬਾਬੁ ਵਜਾਇ'। ਤਬ ਮਰਦਾਨੇ ਆਖਿਆ; 'ਜੀ ਮੇਰਾ ਘਟੁ ਭੁਖ ਦੇ ਨਾਲਿ ਮਿਲਿ ਗਇਆ ਹੈ, ਮੈਂ ਇਹੁ ਰਬਾਬੁ ਵਜਾਇ ਨਾਹੀ ਸਕਦਾ।' ਤਬ ਬਾਬੇ ਆਖਿਆ: 'ਮਰਦਾਨਿਆ! ਚਲੁ ਪਿਛੈ ਕਿਸੈ ਵਸਦੀ ਜਾਹਾ'।*[22]

ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖੀ ਦੇ ਪ੍ਰਥਮ ਕੇਂਦਰ ਕਰਤਾਰਪੁਰ ਦੀ ਸਥਾਪਨਾ ਦੀ ਤਰਜੀਹ ਉੱਤੇ ਵੱਖ-ਵੱਖ ਗੁਰੂ ਸਹਿਬਾਨ ਦੇ ਸਮੇਂ ਵਿਭਿੰਨ ਕੇਂਦਰ ਸਥਾਪਿਤ ਹੋਏ ਜਿਨ੍ਹਾਂ ਵਿਚ ਖਡੂਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਗੋਵਿੰਦਵਾਲ ਸਾਹਿਬ, ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ, ਦਮਦਮਾ ਸਾਹਿਬ ਆਦਿ। ਵਰਤਮਾਨ ਸਮੇਂ ਵਿਸ਼ਵਭਰ ਵਿਚ ਗੁਰਦੁਆਰਾ ਸਾਹਿਬਾਨ ਗੁਰਮਤਿ ਸੰਗੀਤ ਦੀ ਇਸ ਵਿਹਾਰਕ ਪਰੰਪਰਾ ਦੇ ਕਾਰਜ ਸਥਾਨ ਹਨ। ਸਦੀਆਂ ਤੋਂ ਪ੍ਰਯੋਗ ਦੁਆਰਾ ਇਸ ਇਤਿਹਾਸਕ ਪਰੰਪਰਾ ਦੀ ਵਿਹਾਰਕ ਸਥਾਪਤੀ ਹੋਈ ਹੈ। ਗੁਰਮਤਿ ਸੰਗੀਤ ਦੀ ਵਿਸ਼ੇਸ਼ ਰਾਗ, ਗਾਇਨ ਸ਼ੈਲੀਆਂ, ਸ਼ਬਦ ਕੀਰਤਨ ਚਉਕੀਆਂ ਕੀਰਤਨ ਸਾਜ਼ ਅਤੇ ਕੀਰਤਨੀਆਂ ਦਾ ਵਿਸ਼ਾਲ ਸਰੂਪ ਇਸ ਵਿਸ਼ਿਸ਼ਟ ਸੰਗੀਤ ਪਰੰਪਰਾ ਦੇ ਸੁਤੰਤਰ ਸਰੂਪ ਦਾ ਲਖਾਇਕ ਹੈ ਜੋ ਦੂਸਰੀਆਂ ਭਾਰਤੀ ਪਰੰਪਰਾਵਾਂ ਨਾਲੋਂ  ਇਸ ਨੂੰ ਸਹਿਜੇ ਹੀ ਅਲੱਗ ਕਰ ਰਿਹਾ ਹੈ। ਗੁਰਮਤਿ ਸੰਗੀਤ ਦਾ ਮੌਲਿਕ ਸਰੂਪ ਨਿਸਚਿਤ ਸੰਗੀਤ ਵਿਧਾਨ ਅਤੇ ਵਿਹਾਰਕ ਰੂਪ ਦੀ ਇਤਿਹਾਸਕ ਪਿੱਠ ਭੂਮੀ ਇਸ ਪਰੰਪਰਾ ਨੂੰ ਬਾਕੀ ਸਮਕਾਲੀ ਪਰੰਪਰਾ ਨਾਲੋਂ ਭਲੀਭਾਂਤ ਨਿਖੇੜਨ ਵਿਚ ਸਹਾਈ ਹੁੰਦੀ ਹੈ ਫਲਸਰੂਪ ਗੁਰਮਤਿ ਸੰਗੀਤ ਭਾਰਤੀ ਸ਼ਾਸਤਰੀ ਸੰਗੀਤ, ਲੋਕ ਸੰਗੀਤ, ਸੂਫੀ ਸੰਗੀਤ, ਭਾਰਤੀ ਕੀਰਤਨ ਪਰੰਪਰਾ ਨਾਲੋਂ ਆਪਣੇ ਉਦੇਸ਼ ਅਤੇ ਵਿਹਾਰਕ ਪ੍ਰਯੋਗ ਦੁਆਰਾ ਵੱਖਰੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ।

ਗੁਰਮਤਿ ਸੰਗੀਤ ਨੂੰ ਸਿਧਾਂਤਕ, ਵਿਹਾਰਕ ਤੇ ਇਤਿਹਾਸਕ ਪੱਖ ਤੋਂ ਵਿਚਾਰਦਿਆਂ ਸਪਸ਼ਟ ਹੈ ਕਿ ਗੁਰੁ ਗ੍ਰੰਥ ਸਾਹਿਬ ਦੇ ਸੰਗੀਤਕ ਸੰਕਲਨ ਤੋਂ ਇਕ ਨਿਸਚਿਤ ਗੁਰਮਤਿ ਸੰਗੀਤ ਵਿਧਾਨ ਪ੍ਰਗਟ ਹੋ ਰਿਹਾ ਹੈ।  ਇਹ ਵਿਧਾਨ ਕਲਾਮਈ ਰੂਪ ਵਿਚ ਹੁੰਦਿਆ ਹੋਇਆ ਵੀ ਅਧਿਆਤਮਕ ਉਦੇਸ਼ ਦਾ ਧਾਰਣੀ ਹੈ। ਇਸ ਦਾ ਮਨੋਰਥ ਕੇਵਲ ਸ਼ਬਦ ਦਾ ਸੰਗੀਤਮਈ ਸੰਚਾਰ ਕਰਨਾ ਹੈ। ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਵਰਤਮਾਨ ਸਮੇਂ ਤਕ (ਗੁਰਦੁਆਰਿਆਂ ਤੇ ਸਿੱਖੀ ਜੀਵਨ ਦੇ ਰੂਪ ਵਿਚ) ਵਿਸ਼ਾਲ ਰੂਪ ਵਿਚ ਪ੍ਰਗਟ ਹੋ ਰਹੀ ਹੈ। ਇਹ ਪਰੰਪਰਾ ਵੱਖ-ਵੱਖ ਸ਼ਬਦ ਕੀਰਤਨ ਚਉਕੀਆਂ ਅਤੇ ਸਿੱਖੀ ਜੀਵਨ ਵਿਚ ਸ਼ਬਦ ਕੀਰਤਨ ਦੀ ਮਰਿਯਾਦਾ ਦੇ ਵਿਹਾਰਕ ਰੂਪ ਵਿਚ ਮੌਜੂਦ ਹੈ। ਇਸ ਸੰਦਰਭ ਵਿਚ ਗੁਰਮਤਿ ਸੰਗੀਤ ਦੀ ਇਤਿਹਾਸਕਤਾ ਇਸ ਦੀ ਸਥਾਪਤੀ ਦਾ ਪੜਾਅ-ਦਰ-ਪੜਾਅ ਸਿਲਸਿਲੇਵਾਰ ਵਿਖਿਆਨ ਕਰਦੀ ਹੈ। ਗੁਰਮਤਿ ਸੰਗੀਤ ਦੀ ਇਸ ਸਥਾਪਤੀ ਦਾ ਵਿਸ਼ਾਲ ਕਾਰਜ ਖੇਤਰ ਹੈ ਜਿਸ ਵਿਚ ਵੱਖ-ਵੱਖ ਯੋਗਦਾਨੀਆਂ ਦੀ ਅਹਿਮ ਭੂਮਿਕਾ ਰਹੀ ਹੈ।

## 1.2 ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੁਆਰਾ ਗੁਰਮਤਿ ਸੰਗੀਤ ਦਾ ਵਿਹਾਰਕ ਤੇ ਸੰਸਥਾਗਤ ਰੂਪ ਵਿਚ ਪ੍ਰਾਰੰਭ ਕੀਤਾ ਗਿਆ। ਗੁਰੂ ਨਾਨਕ ਦੇ ਮਾਰਗ ਚਲਦਿਆਂ ਬਾਕੀ ਗੁਰੂ ਸਹਿਬਾਨਾਂ ਨੇ ਇਸ ਸੰਗੀਤਕ ਪਰੰਪਰਾ ਦਾ ਲੋੜੀਂਦਾ ਵਿਕਾਸ ਕੀਤਾ। ਵਰਤਮਾਨ ਸਮੇਂ ਇਹ ਸੰਗੀਤ ਪਰੰਪਰਾ ਆਪਣੀ ਵਿਸ਼ਵ ਪੱਧਰੀ ਪਛਾਣ ਬਣਾ ਚੁੱਕੀ ਹੈ। ਇਸ ਪਰੰਪਰਾ ਦੇ ਲੰਬੇ ਵਿਕਾਸਾਤਮਕ ਸਫ਼ਰ ਵਿਚ ਇਸ ਪਰੰਪਰਾ ਅਨੇਕ ਵਾਹਕਾਂ ਦਾ ਯੋਗਦਾਨ ਰਿਹਾ ਹੈ। ਗੁਰਮਤਿ ਸੰਗੀਤ ਦੇ ਇਨ੍ਹਾਂ ਯੋਗਦਾਨੀਆਂ ਨੂੰ ਅਸੀਂ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕਰ ਸਕਦੇ ਹਾਂ:

**1.2.1 ਸਿੱਖ ਗੁਰੂ ਸਹਿਬਾਨ** : ਗੁਰਮਤਿ ਸੰਗੀਤ ਦੇ ਇਤਿਹਾਸਕ ਸੰਦਰਭ ਵਿਚ ਵਾਚੀਏ ਤਾਂ ਇਸ ਨਵੀਨ ਸੰਗੀਤਕ ਪਰੰਪਰਾ ਦੇ ਯੋਗਦਾਨੀਆਂ ਵਿਚ ਸਰਬ-ਪ੍ਰਥਮ ਸਿੱਖ ਗੁਰੂ ਸਹਿਬਾਨਾਂ ਦਾ ਨਾਮ ਆਉਂਦਾ ਹੈ। ਪ੍ਰਥਮ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਤਕ ਇਸ ਪਰੰਪਰਾ ਨੇ ਆਪਣਾ ਇਤਿਹਾਸਕ ਤੇ ਵਿਹਾਰਕ ਰੂਪ ਵਿਚ ਵਿਕਾਸ ਕੀਤਾ। ਗੁਰੂ ਨਾਨਕ ਜੀ ਨੇ ਇਸ ਪਰੰਪਰਾ ਦਾ ਮੁੱਢ ਬੰਨਿਆ। ਇਸ ਦੇ ਵਿਹਾਰਕ ਤੇ ਸੰਸਥਾਗਤ ਰੂਪ ਦੇ ਪ੍ਰਚਲਨ ਹਿਤ ਆਪ ਨੇ ਕਰਤਾਰਪੁਰ ਸਾਹਿਬ[23] ਨੂੰ ਕੇਂਦਰ ਵਜੋਂ ਸਥਾਪਿਤ ਕੀਤਾ। ਆਪ ਦੀ ਇਲਾਹੀ ਨਦਰਿ ਦੇ ਪਾਤਰ ਬਣ ਭਾਈ ਮਰਦਾਨਾ ਜੀ ਰਬਾਬੀ ਕੀਰਤਨੀਆਂ ਦੀ ਸ਼੍ਰੇਣੀ ਦੇ ਮੋਢੀ ਬਣੇ। ਉਪਰੰਤ ਇਹ ਸਿਲਸਿਲਾ ਗੁਰੂ ਗੋਬਿੰਦ ਸਿੰਘ ਤਕ ਲਗਾਤਾਰ ਪ੍ਰਾਰੰਭ ਰਿਹਾ।

**1.2.1.1 ਗੁਰੂ ਨਾਨਕ ਦੇਵ**: ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਸਨ ਜਿਨ੍ਹਾਂ ਨੇ ਇਲਾਹੀ ਸੰਦੇਸ਼ ਨੂੰ ਜਨ ਸਧਾਰਾਨ ਤਕ ਪਹੁੰਚਾਉਣ ਲਈ ਭਾਈ ਮਰਦਾਨਾ ਨੂੰ ਸਾਥੀ ਚੁਣਿਆ। ਭਾਈ ਫਿਰੰਦੇ ਕੋਲੋਂ ਇੱਕ ਵਿਸ਼ੇਸ਼ ਕਿਸਮ ਦਾ *ਰਬਾਬ* ਸਾਜ਼ ਭੈਣ ਨਾਨਕੀ ਦੇ ਸਹਿਯੋਗ ਨਾਲ ਤਿਆਰ ਕਰਵਾ ਕੇ ਭਾਈ ਮਰਦਾਨੇ ਨੂੰ ਦਿੱਤਾ।[12] ਰਬਾਬੀ ਮਰਦਾਨੇ ਦਾ ਸਾਥੀ ਵਜੋਂ ਚੁਣਨਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਆਪ ਨੇ ਖਾਲਕ ਦੇ ਆਦੇਸ਼ ਨੂੰ ਲੋਕਾਈ ਤਕ ਪਹੁੰਚਾਉਣ ਲਈ ਸੰਗੀਤ ਨੂੰ ਮਾਧਿਅਮ ਵਜੋਂ ਪ੍ਰਯੋਗ ਵਜੋਂ ਲਿਆਉਣਾ ਹੈ। ਗੁਰੂ ਨਾਨਕ ਦੀ ਇਹ ਇਕ ਇਲਾਹੀ ਸੋਚ ਸੀ ਕਿ ਅਨਾਹਤ ਨਾਦ ਵਿਚ ਅਭੇਦ ਹੋਣ ਲਈ ਉਨ੍ਹਾਂ ਨੇ ਆਹਤ ਨਾਦ ਨੂੰ ਮਾਧਿਅਮ ਵਜੋਂ ਚੁਣਿਆ। ਨਾਦ ਦੀ ਇਕ ਕਿਸਮ ਨਾਦ ਦੀ ਦੂਜੀ ਕਿਸਮ ਵਿਚ

ਸਹਿਜੇ ਹੀ ਅਭੇਦ ਹੋ ਸਕਦੀ ਹੈ ਜੋ ਕਿ ਅਧਿਆਤਮ ਮਾਰਗ ਦੇ ਬਾਕੀ ਸਾਧਨਾਂ ਤੋਂ ਬਿਲਕੁੱਲ ਸੁਖਾਲਾ ਅਤੇ ਵਿਗਿਆਨਕ ਢੰਗ ਸੀ। ਆਪਣੇ ਉਦੇਸ਼ ਦੀ ਪੂਰਤੀ ਹਿੱਤ ਆਪ ਨੇ ਵੱਖ ਵੱਖ ਦਿਸ਼ਾਵਾਂ ਵੱਲ ਚਾਰ ਉਦਾਸੀਆਂ ਕੀਤੀਆਂ। ਗੁਰੂ ਸਾਹਿਬ ਨੇ ਧੁਰ ਦਰਗਾਹੋਂ ਹੁੰਦੇ ਇਲਹਾਮ ਨੂੰ ਕਾਵਿ ਰੂਪ ਵਿਚ ਉਸ ਦਾ ਸੰਗੀਤਮਈ ਪ੍ਰਸਤੁਤੀਕਰਣ ਕੀਤਾ। ਇਸ ਪ੍ਰਸਤੁਤੀ ਵਿਚ ਭਾਈ ਮਰਦਾਨਾ ਆਪ ਨਾਲ ਸਾਜ਼ਿੰਦੇ ਦੇ ਤੌਰ ਤੇ ਰਬਾਬ ਵਜਾਉਂਦੇ। ਆਪ ਜਿੱਥੇ ਵੀ ਗਏ ਉਨ੍ਹਾਂ ਨੇ ਆਪਣਾ ਸੰਦੇਸ਼ ਸਾਰਿਆਂ ਨੂੰ ਸੰਗੀਤਮਈ ਧੁਨੀ ਵਿਚ ਹੀ ਦਿੱਤਾ। ਫੇਰ ਚਾਹੇ ਉਹ ਆਮ ਲੋਕਾਈ ਦੇ ਸਰੋਤਿਆਂ ਦਾ ਇਕੱਠ ਹੋਵੇ ਜਾਂ ਆਪਣੇ ਕੱਟੜ ਧਾਰਿਮਕ ਰੰਗ ਵਿਚ ਰੰਗੇ ਹੋਏ, ਬਾਦਸ਼ਾਹ, ਮੌਲਵੀ, ਸਾਧੂ, ਸਿੱਧ ਆਦਿ। ਇੱਥੋਂ ਤਕ ਕਿ ਗੁਰੂ ਸਾਹਿਬ ਨੇ ਉਨ੍ਹਾਂ ਪ੍ਰਤੀ ਕੀਤੇ ਗਏ ਹਰ ਇੱਕ ਪ੍ਰਸ਼ਨ ਦਾ ਜਵਾਬ ਸੰਗੀਤਕ ਰੂਪ ਵਿਚ ਦਿੱਤਾ। ਜਿੱਥੇ ਗੁਰੂ ਨਾਨਕ ਦੇਵ ਨੇ ਕਾਵਿ ਰੂਪ ਵਿਚ ਪਦੇ, ਅਸ਼ਟਪਦੀਆਂ, ਪਉੜੀਆਂ, ਸਲੋਕ, ਸੋਲਹੇ ਆਦਿ ਸਨਾਤਨੀ ਕਾਵਿ ਰੂਪ ਵਰਤੇ, ਉੱਥੇ ਦੇਸੀ ਕਾਵਿ ਰੂਪ ਵਿਚ ਛੰਤ, ਅਲਾਹੁਣੀਆਂ, ਵਾਰਾਂ, ਬਾਰਹਮਾਹ ਆਦਿ ਵਰਤੇ ਹਨ। ਗੁਰੂ ਨਾਨਕ ਦੇਵ ਦੁਆਰਾ ਉਚਾਰੇ ਉਕਤ ਬਾਣੀ ਰੂਪ 20 ਮੁੱਖ ਰਾਗ[24] ਅਤੇ 17 ਰਾਗ ਪ੍ਰਕਾਰਾਂ[25] ਦੇ ਅੰਤਰਗਤ ਅੰਕਿਤ ਹਨ। ਗੁਰੂ ਨਾਨਕ ਦੇਵ ਕਰਤਾਰਪੁਰ ਵਿਖੇ 1539 ਈਸਵੀ ਨੂੰ ਲਹਿਣਾ ਨੂੰ ਗੁਰਗੁੱਦੀ ਦੇ ਕੇ, ਉਨ੍ਹਾਂ ਨੂੰ ਲਹਿਣੇ ਤੋਂ ਅੰਗਦ ਬਣਾ ਦਿੱਤਾ।

**1.2.1.2 ਗੁਰੂ ਅੰਗਦ ਦੇਵ** : ਗੁਰਮਤਿ ਸੰਗੀਤ ਪਰੰਪਰਾ ਨੂੰ ਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਦੇਵ ਜੀ ਦੀ ਇੱਕਸੁਰਤਾ ਅਨੁਸਾਰ ਅੱਗੇ ਪ੍ਰਫੁੱਲਿਤ ਕੀਤਾ। ਗੁਰੂ ਅੰਗਦ ਦੇਵ ਸਿੱਖਾਂ ਦੇ ਦੂਸਰੇ ਗੁਰੂ ਸਨ। ਆਪ ਨੇ ਗੁਰਮੁਖੀ ਲਿੱਪੀ ਦੀ ਸੁਧਾਈ ਕਰਕੇ ਉਸ ਨੂੰ ਵਿਗਿਆਨਕ-ਅੱਖਰ ਕ੍ਰਮ ਪ੍ਰਦਾਨ ਕੀਤਾ ਤੇ ਬਿਨਾਂ ਕਿਸੇ ਵਿਤਕਰੇ ਦੇ ਵਿੱਦਿਆ ਦੇਣੀ ਸ਼ੁਰੂ ਕੀਤੀ। ਗੁਰੂ ਨਾਨਕ ਦੇਵ ਦੁਆਰਾ ਚਲਾਈ ਗਈ ਸ਼ਬਦ ਕੀਰਤਨ ਪਰੰਪਰਾ ਨੂੰ ਆਪ ਨੇ ਵਿਹਾਰਕ ਰੂਪ ਵਿਚ ਖਡੂਰ ਸਾਹਿਬ[26] ਵਿਖੇ ਸਥਾਪਤੀ ਉਪਰੰਤ ਲਾਗੂ ਕੀਤਾ। ਇਸ ਅਸਥਾਨ ਨੂੰ ਗੁਰਮਤਿ ਤੇ ਸੰਗੀਤ ਪ੍ਰਚਾਰ ਕੇਂਦਰ ਵਜੋਂ ਸਥਾਪਿਤ ਕੀਤਾ ਸੀ। ਹਿਸਟੋਰੀਅਨ ਮੈਕਾਲਿਫ ਗੁਰੂ ਅੰਗਦ ਦੇਵ ਦੀ ਨਿਤ ਦੀ ਕਿਰਿਆ ਦਾ ਵਰਣਨ ਕਰਿਦਆਂ ਲਿਖਦੇ ਹਨ ਕਿ "ਗੁਰੂ ਜੀ ਪਹਿਰ ਰਾਤ ਰਹੀ ਉੱਠ ਕੇ ਠੰਡੇ ਜਲ ਨਾਲ ਇਸ਼ਨਾਨ ਕਰਕੇ ਵਾਹਿਗੁਰੂ ਸਿਮਰਨ ਵਿਚ ਲੱਗ ਜਾਂਦੇ। ਇਸ ਸਮੇਂ ਰਬਾਬੀ

*ਆਸਾ ਦੀ ਵਾਰ* ਗਾਉਂਦੇ। ਵਾਰ ਦਾ ਭੋਗ ਪੈਣ ਉਪਰੰਤ ਗੁਰੂ ਸਾਹਿਬ ਆਪਣੀ ਸਮਾਧੀ ਤੋਂ ਉੱਠਦੇ ਸਨ। ਅਨੇਕ ਰੋਗੀਆਂ ਨੂੰ ਠੀਕ ਕਰਦੇ।...ਫਿਰ ਸ਼ਾਮ ਦੇ ਦੀਵਾਨ ਸਜਦੇ ਅਤੇ ਮਸ਼ਹੂਰ ਰਬਾਬੀਆਂ ਦੀ ਜੋੜੀ *ਭਾਈ ਸੱਤਾ ਤੇ ਭਾਈ ਬਲਵੰਡ* ਆਪਣੇ ਸੁਰ ਸਾਜ਼ ਨਾਲ ਸ਼ਬਦ ਕੀਰਤਨ ਕਰ ਕੇ ਸੰਗਤ ਨੂੰ ਨਿਹਾਲ ਕਰਦੇ। ਫੇਰ ਸੋਦਰੁ ਦਾ ਪਾਠ ਹੁੰਦਾ ਤੇ ਮਗਰ ਲੰਗਰ ਵਰਤਦਾ। ਇਸ ਤੋਂ ਬਾਅਦ ਫੇਰ ਕੀਰਤਨ ਹੁੰਦਾ ਅਤੇ ਉਪਰੰਤ ਗੁਰੂ ਜੀ ਅਤੇ ਸੰਗਤ ਅਰਾਮ ਲਈ ਚਲੇ ਜਾਂਦੇ।"[27] ਗੁਰੂ ਅੰਗਦ ਦੇਵ ਦੁਆਰਾ ਉਚਾਰੀ ਬਾਣੀ ਸਲੋਕ ਰੂਪ ਵਿਚ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਵਿਭਿੰਨ ਵਾਰਾਂ[28] ਦੇ ਅਧੀਨ ਦਰਜ਼ ਹਨ। ਇਨ੍ਹਾਂ ਸਲੋਕਾਂ ਦੀ ਗਿਣਤੀ 62 ਹੈ। ਆਪ ਦੀ ਬਾਣੀ 9 ਮੁੱਖ ਰਾਗਾਂ[29] ਅਧੀਨ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਮਿਲਦੀ ਹੈ। ਆਪ ਜੀ ਦੇ ਦਰਬਾਰ ਵਿਚ ਸ਼ਬਦ ਕੀਰਤਨ ਦੀ ਸੇਵਾ *ਭਾਈ ਸਜਾਦਾ, ਭਾਈ ਰਜਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਬਲਵੰਡ, ਭਾਈ ਬੂਲਾ ਰਬਾਬੀ* ਆਦਿ ਰਬਾਬੀ ਕੀਰਤਨੀਏ ਕਰਦੇ ਰਹੇ। ਇਸ ਤਰ੍ਹਾਂ ਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਦੇਵ ਦੁਆਰਾ ਚਲਾਈ ਗਈ ਸ਼ਬਦ ਕੀਰਤਨ ਪਰੰਪਰਾ ਨੂੰ ਅੱਗੇ ਹੀ ਨਹੀ ਤੋਰਿਆ ਸੀ ਸਗੋਂ ਇਸ ਨੂੰ ਹੋਰ ਵਿਕਿਸਤ ਕਰਨ ਹਿਤ ਵਿਸ਼ੇਸ਼ ਕਦਮ ਵੀ ਚੁੱਕੇ। ਆਪ ਦੇ ਸਮੇਂ ਸ਼ਬਦ ਕੀਰਤਨ ਚਉਕੀ ਪਰੰਪਰਾ ਨਿਰੰਤਰ ਵਿਕਿਸਤ ਹੋਈ। ਆਪ ਜੀ ਦੇ ਸਮੇਂ ਆਸਾ ਦੀ ਵਾਰ, ਸੋਦਰੁ ਤੇ ਆਰਤੀ ਦੀ ਕੀਰਤਨ ਚਉਕੀ ਦਾ ਪ੍ਰਚਲਨ ਰਿਹਾ। ਸ਼ਬਦ ਕੀਰਤਨ ਹਿਤ ਰਬਾਬ ਸਾਜ਼ ਦਾ ਕੀਰਤਨੀਆਂ ਵੱਲੋਂ ਨਿਰੰਤਰ ਪ੍ਰਯੋਗ ਹੁੰਦਾ ਰਿਹਾ। ਗੁਰਮਤਿ ਤੇ ਸਿੱਖੀ ਸਿਧਾਂਤ ਦੇ ਪ੍ਰਚਾਰ ਪਸਾਰ ਹਿਤ ਆਪ ਨੇ ਗੁਰੂ ਅਮਰਦਾਸ ਨੂੰ ਗੁਰਗੱਦੀ ਦੇ ਕੇ ਨਿਵਾਜਿਆ।

**1.2.1.3 ਗੁਰੂ ਅਮਰਦਾਸ** : ਗੁਰਮਤਿ ਸੰਗੀਤ ਦੇ ਪਮੁੱਖ ਯੋਗਦਾਨੀਆਂ ਵਿਚ ਗੁਰੂ ਅਮਰਦਾਸ ਜੀ ਦਾ ਵਿਸ਼ੇਸ਼ ਸਥਾਨ ਹੈ। ਆਪ ਸਿੱਖਾਂ ਦੇ ਤੀਸਰੇ ਗੁਰੂ ਸਨ। ਗੁਰਮਤਿ ਸੰਗੀਤ ਤੇ ਗੁਰਮਤਿ ਦੇ ਪ੍ਰਚਾਰ ਪਸਾਰ ਲਈ ਆਪ ਨੇ 22 ਵਿਭਿੰਨ ਕੇਂਦਰਾਂ ਵਜੋਂ ਮੰਜੀਆਂ ਦੀ ਸਥਾਪਨਾ ਕੀਤੀ।[23] ਇਨ੍ਹਾਂ ਕੇਂਦਰਾਂ 'ਤੇ ਆਪ ਨੇ ਸੱਚੇ ਸੁੱਚੇ ਜੀਵਨ ਵਾਲੇ ਸੇਵਕਾਂ ਨੂੰ ਨਿਯੁਕਤ ਕੀਤਾ। ਆਪ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਪਾਸਾਰ ਹਿਤ ਗੋਇੰਦਵਾਲ ਸਾਹਿਬ ਨੂੰ ਕੇਂਦਰੀ ਸਥਾਨ ਵਜੋਂ ਸਥਾਪਤ ਕੀਤਾ।[30] ਗੁਰਮਤਿ ਸੰਗੀਤ ਦੀ ਸਿਧਾਂਤਕਤਾ ਅਤੇ ਵਿਹਾਰਕਤਾ ਹਿਤ ਆਪ ਨੇ 907 ਸ਼ਬਦ ਤੇ ਸਲੋਕ ਰਚੇ। ਆਪ ਦੀ ਬਾਣੀ ਵੱਖ ਵੱਖ ਰਾਗ ਤੇ ਬਾਣੀ ਰੂਪ ਦੇ ਅਧੀਨ ਦਰਜ ਹੈ। ਆਪ ਦੀ ਬਾਣੀ *ਚਉਪਦੇ, ਅਸਟਪਦੀਆਂ, ਛੰਤ, ਅਲਾਹਣੀਆਂ, ਸੋਲਹੇ, ਸਲੋਕ,*

*ਵਾਰ, ਪਟੀ, ਵਾਰ ਸਤ, ਅਨੰਦੁ* ਆਦਿ ਬਾਣੀ ਰੂਪ ਦੇ ਅੰਤਰਗਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਆਪ ਨੇ ਖਸਮ ਕੀ ਬਾਣੀ ਨੂੰ ਸਤਾਰਾਂ ਮੁੱਖ ਰਾਗਾਂ[31] ਅਤੇ ਛੇ ਰਾਗ ਪ੍ਰਕਾਰਾਂ[32] ਵਿਚ ਉਚਾਰਿਆ। ਆਪ ਜੀ ਦੁਆਰਾ ਰਚਿਤ *ਵਾਰ* ਬਾਣੀ ਰੂਪ *ਗੂਜਰੀ, ਸੂਹੀ ਤੇ ਮਾਰੂ* ਰਾਗ ਵਿਚ ਦਰਜ਼ ਹੈ। ਆਪ ਦੀ ਸੰਗੀਤਕ ਕੁਸ਼ਲਤਾ ਆਪ ਦੁਆਰਾ ਰਚਿਤ ਬਾਣੀ[33] ਤੋਂ ਪ੍ਰਤੱਖ ਹੁੰਦੀ ਹੈ। ਆਪ ਦੁਆਰਾ ਰਚਿਤ ਬਾਣੀਆਂ ਵਿਚੋ 'ਅਨੰਦੁ' ਬਾਣੀ ਪਮੁੱਖ ਹੈ। ਇਹ ਸਿੱਖ ਧਰਮ ਦੀ ਪ੍ਰਮਾਣਿਤ ਰਹਿਤ ਮਰਯਾਦਾ ਦੇ ਅੰਤਰਗਤ ਸਵੇਰੇ ਤੇ ਸ਼ਾਮ ਦੀਆਂ ਨਿਤਨੇਮ ਦੀਆਂ ਬਾਣੀਆਂ ਦੇ ਵਿਚ ਸ਼ਾਮਿਲ ਹੈ। ਸਿੱਖੀ ਜੀਵਨ ਦੇ ਹਰ ਖੁਸ਼ੀ ਜਾਂ ਗਮੀ ਦੇ ਮੌਕੇ 'ਤੇ ਇਸ ਨੂੰ ਅਖੀਰ ਵਿਚ ਗਾਇਨ ਕਰਨ ਦੀ ਰੀਤ ਪ੍ਰਚਲਿਤ ਹੈ। ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ *ਭਾਈ ਪਾਂਧਾ, ਭਾਈ ਬੂਲਾ ਰਬਾਬੀ* ਕੀਰਤਨੀਏ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ।[34] ਇਸ ਤੋਂ ਇਲਾਵਾ ਰਬਾਬੀ ਭਾਈ ਸੱਤਾ ਬਲਵੰਡ ਵੀ ਆਪ ਦੇ ਦਰਬਾਰ ਵਿਚ ਕੀਰਤਨ ਦੀ ਸੇਵਾ ਕਰਦੇ ਰਹੇ।[35] ਇੱਕ ਹਵਾਲੇ ਅਨੁਸਾਰ *ਕਾਨੂੰਨੇ ਮੌਸਿਕੀ* ਦੇ ਕਰਤਾ ਨੇ *ਸਾਰੰਦਾ* ਸਾਜ਼ ਦਾ ਈਜ਼ਾਦ ਗੁਰੂ ਅਮਰਦਾਸ ਦੁਆਰਾ ਕੀਤਾ ਲਿਖਿਆ ਹੈ ਜੋ ਕਿ ਗੁਰਮਤਿ ਸੰਗੀਤ ਦੇ ਇਕ ਮੌਲਿਕ ਸਾਜ਼ ਵਜੋਂ ਸੁਭਾਇਮਾਨ ਹੈ।[24] ਇਸ ਸਾਜ਼ ਦੀ ਅਵਾਜ਼ ਮਨ ਨੂੰ ਛੂਹ ਲੈਣ ਵਾਲੀ, ਸੋਜ਼ ਭਰੀ ਅਤੇ ਗੰਭੀਰ ਹੁੰਦੀ ਹੈ। ਆਪ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਰਾਮਦਾਸ ਨੂੰ ਗੁਰੂ ਨਾਨਕ ਦੀ ਗੱਦੀ ਦਾ ਵਾਰਸ ਬਣਾਇਆ।

**1.2.1.4 ਗੁਰੂ ਰਾਮਦਾਸ** : ਗੁਰਮਤਿ ਸੰਗੀਤ ਦੇ ਮੁੱਢਲੇ ਸਿੱਖ ਗੁਰੂ ਸਾਹਿਬਾਨ ਯੋਗਦਾਨੀਆਂ ਵਿਚ ਗੁਰੂ ਰਾਮਦਾਸ ਜੀ ਦਾ ਨਾਮ ਵਿਸ਼ੇਸ਼ ਹੈ। ਪੂਰਬਲੇ ਗੁਰੂ ਸਹਿਬਾਨ ਦੀ ਤਰਜ਼ 'ਤੇ *ਗੁਰੂ ਕਾ ਚੱਕ* ਜਾਂ *ਚੱਕ ਰਮਦਾਸਪੁਰਾ* ਦੀ ਨੀਂਹ ਰੱਖੀ ਅਤੇ ਇਸ ਨੂੰ ਨਵੇਂ ਸਿੱਖ ਕੇਂਦਰ ਵਜੋਂ ਸਥਾਪਿਤ ਕੀਤਾ।[36] ਵਰਤਮਾਨ ਸਮੇਂ ਇਸ ਨੂੰ ਅੰਮ੍ਰਿਤਸਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇੱਥੇ ਆਪ ਨੇ ਅੰਮ੍ਰਿਤ ਸਰੋਵਰ ਵੀ ਬਣਵਾਇਆ।[37] ਗੁਰੂ ਰਾਮਦਾਸ ਵੱਲੋਂ ਬਣਵਾਏ ਸਰੋਵਰ ਵਿਚ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ ਜਿੱਥੇ ਕਿ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਚਉਕੀ ਪਰੰਪਰਾ ਅੱਜ ਵੀ ਵਿਦਮਾਨ ਹੈ। ਆਪ ਨੇ ਤੀਹ ਮੁੱਖ ਰਾਗਾਂ[38] ਅਤੇ ਨੌ ਰਾਗ ਪ੍ਰਕਾਰਾਂ[39] ਵਿਚ ਬਾਣੀ ਦੀ ਰਚਨਾ ਕੀਤੀ ਹੈ। ਇਨ੍ਹਾਂ ਰਾਗਾਂ ਵਿਚ ਆਪ ਦੇ 679 ਸ਼ਬਦ ਅਤੇ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਆਪ ਦੀ ਬਾਣੀ ਰਚਨਾ ਵਿਚ ਸ਼ਾਸਤਰੀ ਗਾਇਨ ਸ਼ੈਲੀਆਂ *ਪੜਤਾਲ, ਚਉਪਦੇ*, ਪਦੇ,

ਅਸ਼ਟਪਦੀਆਂ ਅਤੇ *ਲੋਕ ਗਾਇਨ ਸ਼ੈਲੀਆਂ* ਘੋੜੀਆਂ, ਛੰਤ, ਵਾਰ *ਸੋਲਹੇ, ਸੋਹਿਲਾ, ਪਹਰੇ, ਵਣਜਾਰਾ* ਆਦਿ ਸ਼ਾਮਿਲ ਹਨ। ਆਪ ਨੇ ਪਹਿਲੀ ਵਾਰ ਗੁਰਮਤਿ ਸੰਗੀਤ ਵਿਚ *ਪੜਤਾਲ* ਨਾਮਕ ਨਵੀਨ ਸ਼ਾਸਤਰੀ ਗਾਇਨ ਸ਼ੈਲੀ ਜੋ ਕਿ *ਤਾਲ* `ਤੇ ਅਧਾਰਿਤ ਹੈ ਦਾ ਪਯੋਗ ਕੀਤਾ। ਸੀ ਗੁਰੂ ਗ੍ਰੰਥ ਸਾਹਿਬ ਦੇ ਅਧੀਨ ਆਪ ਦੀਆਂ ਕੁੱਲ 19 ਪੜਤਾਲਾਂ ਅੰਕਿਤ ਹਨ। ਗੁਰਮਤਿ ਰਾਗ ਪਰੰਪਰਾ ਵਿਚ ਗੁਰੂ ਰਾਮਦਾਸ ਦੀ ਬਾਣੀ ਵਿਚ ਹੀ *ਰਾਗ ਆਸਾਵਰੀ* ਅਤੇ *ਰਾਗ ਆਸਾਵਰੀ ਸੁਧੰਗ* ਦਾ ਪਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਰਾਮਦਾਸ ਜੀ ਦੁਆਰਾ ਰਾਗ ਸੂਹੀ ਵਿਚ ਰਚਿਤ ਚਾਰ *ਲਾਵਾਂ* ਦੀ ਬਾਣੀ ਸਿੱਖ ਧਰਮ ਵਿਚ ਵਿਆਹ ਹਿਤ ਅਨੰਦ ਕਾਰਜ ਲਈ ਬੁਨਿਆਦੀ ਰਚਨਾ ਹੈ ਜਿਸ ਦੇ ਸੁਰਾਤਮਕ ਪਾਠ ਅਤੇ ਸ਼ਬਦ ਕੀਰਤਨ ਦੁਆਰਾ ਹੀ ਅਨੰਦ ਕਾਰਜ ਦੀ ਰਸਮ ਸੰਪੂਰਨ ਹੁੰਦੀ ਹੈ। ਰਾਗ ਆਸਾ *ਵਿਚ* ਆਪ ਦੁਆਰਾ ਰਚਿਤ 24 ਛੰਤ ਵਿਸ਼ੇਸ਼ ਬਾਣੀ ਪ੍ਰਕਾਰ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਦੁਆਰਾ ਰਚਿਤ *ਆਸਾ ਦੀ ਵਾਰ* ਦੀਆਂ 24 ਪਉੜੀਆਂ ਨਾਲ ਮਿਲਾ ਕੇ ਗੁਰੂ ਅਰਜਨ ਦੇਵ ਨੇ *ਆਸਾ ਦੀ ਵਾਰ* ਦੀ ਕੀਰਤਨ ਚਉਕੀ ਦਾ ਪ੍ਰਚਲਨ ਕੀਤਾ ਜੋ ਕਿ ਹੁਣ ਤਕ ਉਸੇ ਤਰ੍ਹਾਂ ਪ੍ਰਚਲਿਤ ਹੈ। ਆਪ ਦੇ ਦਰਬਾਰ ਵਿਚ ਭਾਈ ਸੱਤਾ ਬਲਵੰਡ, ਭਾਈ ਬੁੱਲਾ, ਰਾਗੀ ਤੇ ਰਬਾਬੀ ਸ਼ਬਦ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਆਪ ਤੋਂ ਬਾਅਦ ਗਰੂ ਅਰਜਨ ਦੇਵ ਗੁਰਗੁੱਦੀ ਤੇ ਬਿਰਾਜਮਾਨ ਹੋਏ।

**1.2.1.5 ਗੁਰੂ ਅਰਜਨ ਦੇਵ** : ਸਿੱਖਾਂ ਦੇ ਪੰਜਵੇ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਦੀ ਸਿਧਾਂਤਕਤਾ ਤੇ ਵਿਹਾਰਕਤਾ ਵਿਚ ਵਿਸ਼ੇਸ਼ ਮਹੱਤਵਪੂਰਨ ਯੋਗਦਾਨ ਪਾਇਆ ਹੈ। ਆਪ ਇਕ ਮਹਾਨ ਗੁਰੂ, ਇਕ ਸੱਚੇ ਲੋਕ ਨੇਤਾ ਅਤੇ ਸਿਰਮੌਰ ਸ਼ਹੀਦ ਦੇ ਰੂਪ ਵਿਚ ਜਾਣੇ ਜਾਂਦੇ ਹਨ। ਆਪ ਨੇ ਜਿੱਥੇ ਆਪਣੀ ਬਾਣੀ ਰਾਗਾਂ ਵਿਚ ਉਚਾਰੀ, ਉੱਥੇ ਬਾਣੀ ਦਾ ਰਾਗਾਤਮਕ ਸੰਕਲਨ ਕਰਕੇ, ਗ੍ਰੰਥ ਸਾਹਿਬ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਪ੍ਰਕਾਸ਼ ਵੀ ਕੀਤਾ ਭਾਵ ਇਸ ਬਾਣੀ ਦੀ ਮਾਨਤਾ ਨੂੰ ਵਿਹਾਰਕ ਰੂਪ ਵਿਚ ਸਥਾਪਿਤ ਕੀਤਾ। ਇਸ ਦੇ ਨਾਲ ਹੀ ਸ਼ਬਦ ਕੀਰਤਨ ਦੀਆਂ ਵੱਖ-ਵੱਖ ਰਾਗਾਤਮਕ ਕੀਰਤਨ ਚਉਕੀਆਂ ਦਾ ਪਸਾਰ ਕਰਕੇ ਇਸ ਬਾਣੀ ਦੀ ਜੀਵੰਤ ਸੰਗੀਤਕ ਪੇਸ਼ਕਾਰੀ ਨੂੰ ਸਿੱਖ ਪਰੰਪਰਾ ਦਾ ਬੁਨਿਆਦੀ ਤੇ ਅਨਿਖੜ ਅੰਗ ਬਣਾਇਆ। ਗੁਰੂ ਅਰਜਨ ਦੇਵ ਦੀ ਬਾਣੀ ਤੀਹ ਮੁੱਖ ਰਾਗ[40] ਤੇ 14 ਰਾਗ

ਪ੍ਰਕਾਰਾਂ[41] ਵਿਚ ਦਰਜ ਹੈ। ਕੁਝ ਅਪ੍ਰਚਲਿਤ ਅਤੇ ਨਵੀਨ ਕਿਸਮ ਦੇ ਰਾਗਾਂ ਦਾ ਪ੍ਰਯੋਗ ਵੀ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਪ੍ਰਤੱਖ ਹੁੰਦਾ ਹੈ ਜਿਵੇਂ ਕਿ ਗਉੜੀ ਮਾਲਵਾ, ਗਉੜੀ ਮਾਲਾ, ਰਾਗ ਦੇਵਗੰਧਾਰ ਆਦਿ। ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਆਪ ਦੁਆਰਾ ਰਚਿਤ ਪ੍ਰਮੁਖ ਬਾਣੀ ਰੂਪ ਚਉਪਦੇ, ਅਸਟਪਦੀਆਂ, ਸੋਲਹੇ, ਪੜਤਾਲ, ਛੰਤ, ਸਲੋਕ, ਪਹਰਾ, ਵਾਰ, ਬਾਰਹ ਮਾਹਾ, ਬਾਵਨ ਅਖਰੀ, ਸੁਖਮਨੀ, ਥਿਤੀ, ਦਿਨ ਰੈਣਿ, ਬਿਰਹੜੇ, ਗੁਣਵੰਤੀ,  ਰੁਤੀ, ਅੰਜੁਲੀਆਂ ਆਦਿ ਹਨ। ਗੁਰੂ ਅਰਜਨ ਦੇਵ ਦੁਆਰਾ ਗੁਰੂ ਰਾਮਦਾਸ ਦੀ ਤਰ੍ਹਾਂ ਪੜਤਾਲ ਗਾਇਨ ਸ਼ੈਲੀ ਵਿਚ ਬਾਣੀ ਦੀ ਰਚਨਾ ਕੀਤੀ ਗਈ। ਆਪ ਨੇ ਵੱਖ-ਵੱਖ ਰਾਗਾਂ ਅਧੀਨ 36 ਪੜਤਾਲਾਂ ਵਿਚ ਬਾਣੀ ਰਚੀ। ਗੁਰੂ ਅਰਜਨ ਦੇਵ ਦੇ ਸਮੇਂ ਤਕ ਗੁਰਬਾਣੀ ਗਾਇਨ ਹਿਤ ਸਾਰੰਦਾ ਤੇ ਜੋੜੀ (ਤਬਲਾ) ਸਾਜ਼ ਦਾ ਵੀ ਪ੍ਰਯੋਗ ਹੋਣ ਲੱਗ ਪਿਆ ਸੀ। ਆਪ ਦੇ ਦਰਬਾਰ ਵਿਚ ਭਾਈ ਸੱਤਾ ਬਲਵੰਡ, ਭਾਈ ਕੇਦਾਰ, ਭਾਈ ਝਾਜੂ, ਭਾਈ ਮੁਕੰਦ ਅਤੇ ਭਾਈ ਕਿਦਾਰਾ ਆਦਿ ਪ੍ਰਸਿੱਧ ਰਾਗੀ ਰਬਾਬੀ ਕੀਰਤਨ ਦੀ ਸੇਵਾ ਕਰਦੇ ਰਹੇ। ਗੁਰੂ ਅਰਜਨ ਦੇਵ ਦੇ ਸਮੇਂ ਗੁਰਮਤਿ ਸੰਗੀਤ ਦੀ ਵਿਹਾਰਕਤਾ ਤੇ ਸਿਧਾਂਤਕਤਾ ਦਾ ਮੁੱਢ ਬੱਝਾ ਪ੍ਰਤੱਖ ਹੁੰਦਾ ਹੈ। ਆਪ ਨੇ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨ ਦੀ ਬਾਣੀ ਇਕੱਤਰ ਕਰ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਇਸ ਪਵਿੱਤਰ ਗ੍ਰੰਥ ਵਿਚ ਦਰਜ ਸਾਰੀ ਬਾਣੀ ਸੰਗੀਤਾਤਮਕ ਰੂਪ ਵਿਚ ਸੰਕਲਿਤ ਹੈ। ਗ੍ਰੰਥ ਸਾਹਿਬ ਦੀ ਬਾਣੀ ਨੂੰ ਰਾਗਾਤਮਕ ਰੂਪ ਵਿਚ ਦਰਜ ਕਰ ਵਿਭਿੰਨ ਸੰਗੀਤਕ ਸੰਕੇਤ ਤੇ ਸਿਰਲੇਖ ਅਤੇ ਬਾਣੀ ਰੂਪ ਵਿਚ ਨਿਰੇਦਿਸ਼ਤ ਕੀਤਾ। ਗੁਰਮਤਿ ਸੰਗੀਤ ਦੀ ਵਿਹਾਰਕ ਸ਼ਬਦ ਕੀਰਤਨ ਪਰੰਪਰਾ ਸ਼ਬਦ ਕੀਰਤਨ ਚਉਕੀਆਂ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਤ ਕੀਤੀ। ਆਪ ਦੇ ਸਮੇਂ ਆਸਾ ਦੀ ਵਾਰ, ਚਰਨ ਕਮਲ ਦੀ ਚਉਕੀ, ਸੋਦਰੁ ਦੀ ਚਉਕੀ, ਆਰਤੀ ਦੀ ਚਉਕੀ, ਕਲਿਆਣ ਦੀ ਚਉਕੀ, ਕਾਨੜੇ ਦੀ ਚਉਕੀ ਦਾ ਪ੍ਰਚਲਨ ਰਿਹਾ। ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਆਪ ਦੀ ਮਹਾਨ ਦੇਣ ਹੈ। ਜਿੱਥੇ ਆਪ ਦੇ ਸਮੇਂ ਤੋਂ ਵਰਤਮਾਨ ਸਮੇਂ ਤਕ ਸ਼ਬਦ ਕੀਰਤਨ ਦੀ ਪਰੰਪਰਾ ਨਿਰੰਤਰ ਚਲੀ ਆ ਰਹੀ ਹੈ। ਆਪ ਤੋਂ ਬਆਦ ਗੁਰੂ ਨਾਨਕ ਦੀ ਗੁਰਗੁੱਦੀ 'ਤੇ ਆਪ ਦੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਬਿਰਾਜਮਾਨ ਹੋਏ।

**1.2.1.6 ਗੁਰੂ ਹਰਗੋਬਿੰਦ** : ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਭਾਵੇਂ ਬਾਣੀ ਨਹੀਂ ਰਚੀ ਪਰ ਆਪ ਵਲੋਂ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨ ਦੁਆਰਾ

ਚਲਾਈ ਗੁਰਮਤਿ ਸੰਗੀਤ ਪਰੰਪਰਾ ਦੇ ਪਰਵਾਹ ਨੂੰ ਨਿਰੰਤਰ ਕਾਇਮ ਰੱਖਿਆ ਤੇ ਅਗਾਂਹ ਤੋਰਿਆ। ਆਪ ਨੇ ਸਿੱਖਾਂ ਨੂੰ ਜਿੱਥੇ ਸਮਕਾਲੀਨ ਪ੍ਰਸਥਿਤੀਆਂ ਨਾਲ ਜੂਝਣ ਹਿਤ ਸ਼ਸਤਰਬੱਧ ਕੀਤਾ ਉੱਥੇ ਆਪ ਨੇ ਉਨ੍ਹਾਂ ਨੂੰ ਗੁਰਬਾਣੀ ਤੇ ਸ਼ਬਦ ਕੀਰਤਨ ਨਾਲ ਵੀ ਜੋੜੀ ਰੱਖਿਆ। ਆਪ ਵੱਲੋਂ ਸਿੱਖ ਧਰਮ ਦੀ ਸ਼ਕਤੀ ਦਾ ਪ੍ਰਤੀਕ ਸ੍ਰੀ ਅਕਾਲ ਤਖਤ ਦੀ ਉਸਾਰੀ ਸ੍ਰੀ ਹਰਿਮੰਦਰ ਸਾਹਿਬ ਦੇ ਸਨਮੁੱਖ ਕਰਵਾਈ। ਸਮੇਂ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਆਪ ਨੇ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਧਾਰਨ ਕੀਤੀਆਂ। ਮੀਰੀ ਦੀ ਤਲਵਾਰ ਰਾਜਨੀਤਕ ਸ਼ਕਤੀ ਦਾ ਚਿੰਨ੍ਹ ਸੀ ਅਤੇ ਪੀਰੀ ਦੀ ਤਲਵਾਰ ਅਧਿਆਤਮਿਕਤਾ ਦਾ ਪ੍ਰਤੀਕ ਸੀ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਵਾਚੀਏ ਤਾਂ ਆਪ ਦੇ ਕਾਲ ਵਿਚ ਗੁਰਮਤਿ ਸੰਗੀਤ ਪਰੰਪਰਾ ਨੇ ਨਿਰੰਤਰ ਵਿਕਾਸ ਕੀਤਾ। ਆਪ ਨੇ ਗੁਰੂ ਗ੍ਰੰਥ ਸਾਹਿਬ ਅਧੀਨ ਅੰਕਿਤ 22 ਵਾਰਾਂ ਤੇ ਦਰਜ 9 ਧੁਨੀਆਂ ਦੇ ਵਿਹਾਰਕ ਪ੍ਰਚਲਨ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਦੇ ਸਮੇਂ ਤੋਂ ਹੀ ਇਨ੍ਹਾਂ ਧੁਨੀਆਂ ਦਾ ਸਿਰਲੇਖ ਅਨੁਸਾਰ ਵਾਰ ਅਧੀਨ ਗਾਇਨ ਕੀਤਾ ਜਾਣ ਲੱਗਾ। ਆਪ ਦੇ ਦਰਬਾਰ ਵਿਚ ਭਾਈ ਬਾਬਕ, ਭਾਈ ਛਬੀਲਾ, ਭਾਈ ਅਬਦੁੱਲਾ, ਭਾਈ ਨੱਥਾ, ਭਾਈ ਬਨਵਾਲੀ, ਭਾਈ ਪਰਸ ਰਾਮ ਆਦਿ ਕੀਰਤਨਕਾਰ ਹੋਏ। ਭਾਈ ਬਾਬਕ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਗਾਇਨ ਅਤੇ ਸ਼ਾਮ ਵੇਲ੍ਹੇ ਭਾਈ ਨੱਥਾ ਤੇ ਭਾਈ ਅਬਦੁੱਲਾ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕਰਦੇ ਸਨ।[42] ਆਪ ਨੇ ਗੁਰਮਤਿ ਅਤੇ ਸ਼ਬਦ ਕੀਰਤਨ ਦੇ ਪ੍ਰਚਾਰ ਅਤੇ ਪਸਾਰ ਲਈ ਕੀਰਤਪੁਰ ਸਾਹਿਬ ਨੂੰ ਕੇਂਦਰ ਵਜੋਂ ਸਥਾਪਤ ਕੀਤਾ। ਆਪ ਦੇ ਸਮੇਂ ਗੁਰਮਤਿ ਸੰਗੀਤ ਪਰੰਪਰਾ ਵਿਚ ਵਾਰ ਗਾਇਨ ਦਾ ਪ੍ਰਵੇਸ਼ ਹੋਣਾ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਸ਼ਸ਼ੇ ਦੇਣ ਹੈ। ਆਪ ਤੋਂ ਬਆਦ ਗੁਰੂ ਹਰਿਰਾਇ ਸਾਹਿਬ ਗੁਰਗੱਦੀ 'ਤੇ ਬਿਰਾਜ਼ਮਾਨ ਹੋਏ।

**1.2.1.7 ਗੁਰੂ ਹਰਿਰਾਇ ਤੇ ਗੁਰੂ ਹਰਿਕ੍ਰਿਸ਼ਨ** : ਸਿੱਖਾਂ ਦੇ ਸੱਤਵੇਂ ਗੁਰੂ, ਗਰੂ ਹਰਿਰਾਏ ਸਾਹਿਬ ਬਾਬਾ ਗੁਰਿਦੱਤਾ ਦੇ ਸਪੁੱਤਰ ਸਨ ਅਤੇ ਅੱਠਵੇਂ ਗੁਰੂ, ਗੁਰੂ ਹਰਿਕ੍ਰਿਸ਼ਨ, ਗੁਰੂ ਹਰਿਰਾਏ ਸਾਹਿਬ ਦੇ ਸਪੁੱਤਰ ਸਨ। ਆਪ ਵਲੋਂ ਭਾਵੇਂ ਗੁਰਬਾਣੀ ਦਾ ਲੇਖਣ ਨਹੀਂ ਕੀਤਾ ਗਿਆ ਪਰੰਤੂ ਆਪ ਦੇ ਸਮੇਂ ਵਿਚ ਗੁਰੂ ਨਾਨਕ ਦੇਵ ਦੁਆਰਾ ਚਲਾਈ ਗੁਰਮਤਿ ਅਤੇ ਸ਼ਬਦ ਕੀਰਤਨ ਦੀ ਧਾਰਾ ਦਾ ਪ੍ਰਚਾਰ ਤੇ ਪਸਾਰ ਨਿਰੰਤਰ ਜਾਰੀ ਰਿਹਾ। ਆਪ ਦੇ ਸਮੇਂ ਵਿਚ ਭਗਤ ਭਗਵਾਨ, ਫੇਰੂ ਅਤੇ ਗੋਂਡਾ ਆਦਿ ਕੀਰਤਨਕਾਰ ਗੁਰਮਤਿ ਸਗੀਤ

ਦਾ ਪ੍ਰਚਾਰ ਦੂਰ-ਦੂਰ ਤਕ ਕਰਦੇ ਰਹੇ। ਆਪ ਦੇ ਦਰਬਾਰ ਵਿਚ ਸਵੇਰੇ ਸ਼ਾਮ ਰਾਗਾਤਮਿਕ ਕੀਰਤਨ ਚਉਕੀਆਂ ਤੋਂ ਇਲਾਵਾ ਜੋਟੀਆਂ ਅਤੇ ਧਾਰਨਾਵਾਂ ਦੇ ਕੀਰਤਨ ਦਾ ਪਵਾਹ ਵੀ ਨਿਰੰਤਰ ਚਲਦਾ ਰਿਹਾ।

**1.2.1.8 ਗੁਰੂ ਤੇਗ ਬਹਾਦਰ** : ਗੁਰਮਤਿ ਸੰਗੀਤ ਦੀ ਵਿਹਾਰਕ, ਸਿਧਾਂਤਕ ਅਤੇ ਸਾਜ਼ ਪਰੰਪਰਾ ਵਿਚ ਗੁਰੂ ਤੇਗ ਬਹਾਦਰ ਸਾਹਿਬ ਦਾ ਵਿਸ਼ੇਸ਼ ਯੋਗਦਾਨ ਹੈ। ਆਪ ਬਾਣੀ ਸਿਮਰਨ ਦੇ ਨਾਲ-ਨਾਲ ਤੇਗ ਦੇ ਵੀ ਧਨੀ ਸਨ। ਆਪ ਨੇ 1664 ਈਸਵੀ ਵਿਚ ਗੁਰਗੱਦੀ ਮਿਲਣ ਤੋਂ ਬਾਅਦ ਅਨੰਦਪੁਰ ਸਾਹਿਬ ਨੂੰ ਗੁਰਮਤਿ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਪਸਾਰ ਹਿਤ ਕੇਂਦਰ ਬਣਾਇਆ। ਗੁਰੂ ਗ੍ਰੰਥ ਸਾਹਿਬ ਅਧੀਨ ਆਪ ਦੀ 14 ਮੁੱਖ ਰਾਗਾਂ[43] ਅਤੇ ਦੋ ਰਾਗ ਪ੍ਰਕਾਰਾਂ[44] ਵਿਚ ਬਾਣੀ ਅੰਕਿਤ ਮਿਲਦੀ ਹੈ। *ਰਾਗ ਤਿਲੰਗ ਅਤੇ ਰਾਗ ਕਾਫੀ* ਦੇ ਸੁਮੇਲ ਤੋਂ ਉਤਪੰਨ *ਤਿਲੰਗ ਕਾਫੀ* ਨਾਮਕ ਰਾਗ ਵਿਚ ਕੇਵਲ ਆਪ ਦੀ ਬਾਣੀ ਵਿਚ ਹੀ ਰਚਨਾ ਮਿਲਦੀ ਹੈ। ਇਸ ਤੋਂ ਬਿਨਾਂ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਦੇ ਅੰਤਰਗਤ ਅੰਤਿਮ ਇਕੱਤੀਵੇਂ ਰਾਗ ਦੇ ਰੂਪ ਵਿਚ ਜੈਜਾਵੰਤੀ ਰਾਗ ਅਧੀਨ ਕੇਵਲ ਆਪ ਜੀ ਦੀ ਬਾਣੀ ਹੀ ਦਰਜ ਹੈ ਜੋ ਕਿ ਗੁਰਮਤਿ ਸੰਗੀਤ ਨੂੰ ਆਪ ਦੀ ਮੌਲਿਕ ਦੇਣ ਹੈ। ਉਪਰੋਕਤ ਰਾਗਾਂ ਵਿਚ ਆਪ ਦੇ ਕੁੱਲ 118 ਸ਼ਬਦ *ਦੁਪਦੇ, ਤਿਪਦੇ, ਪੰਚਪਦੇ* ਅਤੇ *ਸਲੋਕ* ਬਾਣੀ ਰੂਪ ਦੇ ਅੰਤਰਗਤ ਦਰਜ ਹਨ। ਆਪ ਦੇ ਦਰਬਾਰ ਵਿਚ ਮ੍ਰਿਦੰਗ ਸਾਜ਼ ਦਾ ਖ਼ੂਬ ਪ੍ਰਚਾਰ ਰਿਹਾ। ਸਿੱਖੀ ਪ੍ਰਚਾਰ ਹਿਤ ਆਪ ਵੱਲੋਂ ਜੋਨਪੁਰ ਦੀ ਸੰਗਤ ਦੇ ਮੁਖੀ ਭਾਈ ਗੁਰਬਖਸ਼ ਨੂੰ ਪਿਆਰ ਭੇਟ ਵਜੋਂ ਮ੍ਰਿਦੰਗ ਬਖਿਸ਼ਆ, ਜਿੱਥੇ ਅੱਜ ਕੱਲ *ਬੜੀ ਸੰਗਤ* ਕਰਕੇ ਗੁਰਦੁਆਰਾ ਸਾਹਿਬ ਸਥਾਪਤ ਹੈ। ਆਪ ਤੋਂ ਬਆਦ ਗੁਰੂ ਗੋਬਿੰਦ ਸਿੰਘ ਗੁਰਗੱਦੀ `ਤੇ ਬਿਰਾਜਮਾਨ ਹੋਏ।

**1.2.1.9 ਗੁਰੂ ਗੋਬਿੰਦ ਸਿੰਘ** : ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਸੂਰਬੀਰ ਯੋਧੇ, ਸੰਤ, ਕਵੀ ਅਤੇ ਮਹਾਨ ਸੰਗੀਤਕਾਰ ਸਨ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਵਾਚੀਏ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਪਰੰਪਰਾ ਨੂੰ ਮਹਾਨ ਦੇਣ ਪ੍ਰਤੱਖ ਹੁੰਦੀ ਹੈ। ਭਾਵੇਂ ਆਪ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਪ੍ਰੰਤੂ ਗੁਰੂ ਗ੍ਰੰਥ ਸਾਹਿਬ ਦਾ ਅਜੋਕਾ ਸਰੂਪ ਆਪ ਦੀ ਹੀ ਦੇਣ ਹੈ। ਆਪ ਜੀ ਨੇ ਹੀ ਗ੍ਰੰਥ ਸਾਹਿਬ ਨੂੰ 'ਗੁਰੂ' ਪਦ ਪ੍ਰਦਾਨ ਕੀਤਾ ਜੋ ਕਿ ਗੁਰਮਤਿ ਸੰਗੀਤ ਦਾ ਅਧਾਰ ਗ੍ਰੰਥ ਹੈ। ਵਰਤਮਾਨ ਸਮੇਂ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਮੌਜੂਦਾ ਸ਼ਬਦ ਗੁਰੂ ਹਨ। ਸਾਨੂੰ ਆਪ ਜੀ ਦੀ ਬਾਣੀ ਸ੍ਰੀ ਦਸਮ ਗ੍ਰੰਥ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ ਜੋ ਕਿ ਵੱਖ ਵੱਖ 19 ਰਾਗਾਂ ਦੇ ਅਧੀਨ ਅੰਕਿਤ ਮਿਲਦੀ ਹੈ। ਆਪ ਦੇ ਦਰਬਾਰ ਵਿਚ 52

ਕਵੀ ਸਨ। ਆਪ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਆਨੰਦਪੁਰ ਸਾਹਿਬ, ਪਾਉਂਟਾ ਸਾਹਿਬ, ਦਮਦਮਾ ਸਾਹਿਬ ਨੂੰ ਕੇਂਦਰ ਵਜੋਂ ਸਥਾਪਿਤ ਕੀਤਾ। ਆਪ ਦੇ ਸਮੇਂ ਪ੍ਰਸਿੱਧ ਰਬਾਬੀ ਭਾਈ ਮੱਦੂ ਤੇ ਸੱਦੂ ਆਸਾ ਦੀ ਵਾਰ ਦਾ ਗਾਇਨ ਕਰਦੇ ਰਹੇ।[45] ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਦੇਖੀਏ ਤਾਂ ਆਪ ਨੇ ਖਿਆਲ ਗਾਇਨ ਸ਼ੈਲੀ ਦੇ ਰੂਪ ਵਿਚ ਨਵੀਨ ਗਾਇਨ ਸ਼ੈਲੀ ਸੰਗੀਤ ਜਗਤ ਨੂੰ ਦਿੱਤੀ। ਭਾਰਤੀ ਸੰਗੀਤ ਵਿਚ ਵਰਤਮਾਨ ਸਮੇਂ ਇਸ ਗਾਇਨ ਸ਼ੈਲੀ ਦਾ ਕਾਫੀ ਪ੍ਰਚਾਰ ਹੈ। ਆਪ ਦੁਆਰਾ ਰਚਿਤ ਖਿਆਲ ਪਾਤਸ਼ਾਹੀ ੧੦ ਦੇ ਅੰਤਰਗਤ *ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ ॥* ਪ੍ਰਸਿੱਧ ਰਚਨਾ ਹੈ। ਗੁਰੂ ਗੋਬਿੰਦ ਸਿੰਘ ਸਮੇਂ ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ ਦੂਰ-ਦੂਰ ਤਕ ਹੋਇਆ। ਆਪ ਦੇ ਦਰਬਾਰ ਵਿਚ ਕਵੀ 52 ਕਵੀਆਂ ਦਾ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਆਪ ਜਿੱਥੇ ਮਹਾਨ ਸੰਗੀਤਵੇਤਾ ਸਨ ਉੱਥੇ ਇਕ ਸਾਹਿਤ ਸੇਵੀ ਵੀ ਸਨ। ਸਕੇਤ ਮੰਡੀ (ਹਿਮਾਚਲ ਪਦੇਸ਼) ਦੇ ਗੁਰਦੁਆਰੇ ਵਿਚ ਮੌਜੂਦ ਆਪ ਦਾ ਰਬਾਬ ਇਸ ਗੱਲ ਦਾ ਪ੍ਰਤੀਕ ਹੈ ਕਿ ਆਪ ਮਹਾਨ ਸੰਗੀਤਕਾਰ ਸਨ। 1708 ਈਸਵੀ ਵਿਚ ਆਪ ਜੋਤੀ ਜੋਤਿ ਸਮਾ ਗਏ ਅਤੇ ਆਪ ਨੇ ਸਦਾ ਲਈ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੀ।

ਉਪਰੋਕਤ ਤੋਂ ਸਾਡੇ ਸਾਹਮਣੇ ਪ੍ਰਤੱਖ ਹੁੰਦਾ ਹੈ ਕਿ ਗੁਰਮਤਿ ਸੰਗੀਤ ਪਰੰਪਰਾ ਦਾ ਗੁਰੂ ਕਾਲ ਵਿਚ ਪ੍ਰਚਾਰ, ਪਸਾਰ ਤੇ ਵਿਕਾਸ ਨਿਰੰਤਰ ਹੁੰਦਾ ਰਿਹਾ। ਗੁਰੂ ਨਾਨਕ ਦੇਵ ਦੇ ਸਮੇਂ ਕਰਤਾਰਪੁਰ ਸਾਹਿਬ ਵਿਚ ਇਸ ਪਰੰਪਰਾ ਦਾ ਵਿਹਾਰਕ ਰੂਪ ਵਿਚ ਸੰਸਥਾਗਤ ਤੌਰ 'ਤੇ ਪ੍ਰਾਰੰਭ ਹੋਇਆ। ਬਾਅਦ ਵਿਚ ਵੱਖ-ਵੱਖ ਗੁਰੂ ਸਾਹਿਬਾਨ ਵੱਲੋਂ ਵਿਭਿੰਨ ਕੇਂਦਰ ਸਥਾਪਿਤ ਕੀਤੇ ਗਏ ਜਿਨ੍ਹਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਪ੍ਰਮੁਖ ਤੇ ਕੇਂਦਰੀ ਸਥਾਨ ਵਜੋਂ ਮੌਜੂਦ ਹੈ। ਇਸ ਸਥਾਨ 'ਤੇ ਗੁਰਮਤਿ ਸੰਗੀਤ ਦੀ ਵਿਹਾਰਕ ਸ਼ਬਦ ਕੀਰਤਨ ਪਰੰਪਰਾ ਦਾ ਪ੍ਰਵਾਹ ਸਦੀਆਂ ਤੋਂ ਨਿਰੰਤਰ ਚਲਦਾ ਆ ਰਿਹਾ ਹੈ ਜਿਸ ਨੇ ਗੁਰਮਤਿ ਸੰਗੀਤ ਪਰੰਪਰਾ ਨੂੰ ਜਿੱਥੇ ਸਿਧਾਂਤਕ ਅਧਾਰ ਪ੍ਰਦਾਨ ਕੀਤਾ ਉੱਥੇ ਇਸ ਦੀ ਵਿਹਾਰਕਤਾ ਨੂੰ ਸਦਾ ਕਾਇਮ ਰੱਖਿਆ ਹੈ। ਗੁਰੂ ਕਾਲ ਅਧੀਨ ਵੱਖ ਵੱਖ ਗੁਰੂ ਸਾਹਿਬਾਨ ਵਲੋਂ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਚਉਕੀਆਂ, ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨਕਾਰ ਅਤੇ ਸਾਜ਼ ਆਦਿ ਦੇ ਵਿਕਾਸ ਵਿਚ ਵਡੇਰਾ ਯੋਗਦਾਨ ਪਾਇਆ ਗਿਆ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਗੁਰੂ ਸਾਹਿਬਾਨ ਦਾ ਮੁੱਢਲਾ, ਬੁਨਿਆਦੀ, ਵਿਹਾਰਕ,

ਸਿਧਾਂਤਕ ਆਦਿ ਯੋਗਦਾਨ ਸਪਸ਼ਟ ਹੈ। ਗੁਰਮਤਿ ਸੰਗੀਤ ਪਰੰਪਰਾ ਦੇ ਯੋਗਦਾਨੀਆਂ ਵਿਚ ਗੁਰੂ ਸਾਹਿਬਾਨ ਤੋਂ ਬਾਅਦ ਇਸ ਪਰੰਪਰਾ ਦੇ ਕੀਰਤਨੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

**1.2.2 ਗੁਰੂ ਘਰ ਦੇ ਪ੍ਰਮੁਖ ਕੀਰਤਨੀਏ:** ਗੁਰੂ ਸਾਹਿਬਾਨ ਤੋਂ ਬਆਦ ਗੁਰਮਤਿ ਸੰਗੀਤ ਨੂੰ ਵਿਕਸਿਤ ਤੇ ਪ੍ਰਫੁੱਲਤ ਕਰਨ ਹਿਤ ਕੀਰਤਨੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਨ੍ਹਾਂ ਕੀਰਤਨੀਆਂ ਵਲੋਂ ਗੁਰੂ ਕਾਲ ਤੋਂ ਵਰਤਮਾਨ ਸਮੇਂ ਤਕ ਨਿਰੰਤਰ ਗੁਰੂ ਦੀ ਹਜ਼ੂਰੀ ਵਿਚ ਕੀਰਤਨ ਦੀ ਸੇਵਾ ਨਿਭਾਈ ਜਾ ਰਹੀ ਹੈ। ਇਨ੍ਹਾਂ ਕੀਰਤਨੀਆਂ ਵਿਚ ਸਰਬਪ੍ਰਥਮ ਗੁਰੂ ਕਾਲ ਦੇ ਕੀਰਤਨੀਏ ਪ੍ਰਤੱਖ ਹੁੰਦੇ ਹਨ। ਗੁਰੂ ਕਾਲ ਦੇ ਕੀਰਤਨੀਆਂ ਦਾ ਗੁਰਮਤਿ ਸੰਗੀਤ ਦੀ ਵਿਹਾਰਕ ਪਰੰਪਰਾ ਦੇ ਆਰੰਭਿਕ ਦੌਰ ਵਿਚ ਵਿਸ਼ੇਸ਼ ਤੇ ਇਤਿਹਾਸਕ ਯੋਗਦਾਨ ਹੈ। ਇਸ ਕਾਲ ਦੇ ਕੀਰਤਨੀਆਂ ਵਿਚ ਸਭ ਤੋਂ ਪਹਿਲਾ ਨਾਮ ਰਬਾਬੀ ਭਾਈ ਮਰਦਾਨਾ ਜੀ ਦਾ ਆਉਂਦਾ ਹੈ ਜੋ ਅਕਾਲ ਰੂਪ ਗੁਰੂ ਨਾਨਕ ਸਾਹਿਬ ਦੇ ਸੰਗੀ ਸਾਥੀ ਅਤੇ ਇਕ ਰਬਾਬੀ ਵਜੋਂ ਵਿਚਰੇ। ਉਪਰੰਤ ਗੁਰਮਤਿ ਸੰਗੀਤ ਪਰੰਪਰਾ ਦੇ ਇਹਨਾਂ ਕੀਰਤਨੀਆਂ ਦੇ ਕਾਫਲੇ ਵਿਚ ਇੱਕ ਇੱਕ ਕਰਕੇ ਵਾਧਾ ਹੁੰਦਾ ਗਿਆ। ਵਰਤਮਾਨ ਸਮੇਂ ਤਕ ਇਸ ਕਾਫਲੇ ਵਿਚ ਸੈਂਕੜੇ ਨਾਮ ਜੁੜ ਚੁੱਕੇ ਹਨ। ਇਨ੍ਹਾਂ ਨੇ ਖਾਸ ਕਰਕੇ ਗੁਰਮਤਿ ਸੰਗੀਤ ਦੀ ਵਿਹਾਰਕਤਾ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਗੁਰਮਤਿ ਸੰਗੀਤ ਦੇ ਇਨ੍ਹਾਂ ਕੀਰਤਨੀਆਂ ਦੇ ਯੋਗਦਾਨ ਨੂੰ ਗੁਰੂ ਕਾਲ ਤੋਂ ਲੈ ਕੇ ਹੁਣ ਤਕ ਵੱਖ-ਵੱਖ ਕਾਲ ਵੰਡ ਅਨੁਸਾਰ ਵਿਸਥਾਰ ਨਾਲ ਸਮਝ ਸਕਦੇ ਹਾਂ।

**1.2.2.1 ਗੁਰੂ ਕਾਲ ਦੇ ਪ੍ਰਮੁਖ ਕੀਰਤਨੀਆਂ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ:** ਗੁਰਮਤਿ ਸੰਗੀਤ ਯੋਗਦਾਨੀਆਂ ਵਿਚ ਕੀਰਤਨੀਆਂ ਦੀ ਸ਼੍ਰੇਣੀ ਦਾ ਮਹੱਤਵਪੂਰਣ ਯੋਗਦਾਨ ਰਿਹਾ ਹੈ। ਇਨ੍ਹਾਂ ਕੀਰਤਨੀਆਂ ਵਿਚ ਸਭ ਤੋ ਪਹਿਲਾਂ ਰਬਾਬੀ ਕੀਰਤਨੀਆਂ ਦਾ ਨਾਮ ਆਉਂਦਾ ਹੈ। ਰਬਾਬੀ ਕੀਰਤਨੀਆਂ ਵਿਚ ਸਰਬਪ੍ਰਥਮ ਨਾਮ ਭਾਈ ਮਰਦਾਨਾ ਜੀ ਦਾ ਆਉਂਦਾ ਹੈ ਜਿਨ੍ਹਾਂ ਤੋਂ ਰਬਾਬੀ ਕੀਰਤਨੀਆਂ ਦਾ ਪ੍ਰਾਰੰਭ ਹੋਇਆ।

ਭਾਈ ਮਰਦਾਨਾ ਜੀ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ ਸਮੇਂ ਤਕ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਨਾਲ ਕੀਰਤਨ ਦੀ ਸੇਵਾ ਕੀਤੀ। ਆਪ ਨੇ ਗੁਰੂ ਨਾਨਕ ਦੇਵ ਜੀ ਨਾਲ ਬਾਲ ਸਖਾਈ ਮਿੱਤਰਤਾ ਨੂੰ ਅੰਤਮ ਸਾਹ ਤਕ ਨਿਭਾਇਆ। ਗੁਰੂ ਨਾਨਕ ਦੇਵ ਜੀ ਦੇ ਸੰਗ ਰਹਿ ਕੇ ਆਪ ਬਾਣੀ ਤੇ

ਸੰਗੀਤ ਪ੍ਰਭਾਵ ਦੁਆਰਾ ਸਧਾਰਣ ਰਬਾਬੀ ਤੋਂ ਰੂਹਾਨੀ ਪੁਰਖ ਹੋ ਨਿਬੜੇ। ਆਪ ਜੀ ਦੀ ਇਸ ਸ਼ਖਸੀਅਤ ਦਾ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ[46] ਵਿਚ ਬਹੁਤ ਹੀ ਖ਼ੂਬਸੂਰਤੀ ਨਾਲ ਵਰਣਨ ਕੀਤਾ ਮਿਲਦਾ ਹੈ। ਜਨਮ ਸਾਖੀਆਂ ਅਧੀਨ ਗੁਰੂ ਨਾਨਕ ਦੇਵ ਨਾਲ ਰਚਾਏ ਅਨੇਕ ਸੰਵਾਦਾਂ ਤੋਂ ਭਾਈ ਮਰਦਾਨੇ ਦੀ ਵੱਖਰੀ ਤੇ ਨਿਆਰੀ ਸ਼ਖਸ਼ੀਅਤ ਪ੍ਰਤੱਖ ਹੁੰਦੀ ਹੈ। ਆਪ ਗੁਰਮਤਿ ਸੰਗੀਤ ਪਰੰਪਰਾ ਦੇ ਪਹਿਲੇ ਰਬਾਬ ਸਾਜ਼ ਵਾਦਕ, ਬਾਣੀ ਇਲਹਾਮ ਦੇ ਵਡਭਾਗੀ ਸਰੋਤੇ ਵਜੋਂ[47], ਗੁਰੂ ਨਾਨਕ ਦੇਵ ਜੀ ਦੁਆਰਾ ਲੋਕਾਈ ਨਾਲ ਸੰਵਾਦ ਸਥਾਪਤ ਕਰਨ ਦੇ ਪਾਤਰ ਵਜੋਂ[48], ਪਹਿਲੇ ਸੰਗੀ ਸਾਥੀ[49], ਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਅਨੁਸਾਰ ਕਰਤਾਰਪੁਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਨਾ ਆਦਿ ਆਪ ਜੀ ਦੀ ਸ਼ਖਸੀਅਤ ਦੇ ਵਿਭਿੰਨ ਪਹਿਲੂਆਂ ਦੀ ਝਲਕ ਜਨਮ ਸਾਖੀਆਂ ਦੇ ਅਧਿਐਨ ਤੋਂ ਪ੍ਰਤੱਖ ਹੁੰਦੀ ਹੈ। ਆਪ ਗੁਰੂ ਨਾਲ ਆਪਣੀ ਪ੍ਰੀਤੀ ਕਾਰਨ ਸਧਾਰਣ ਰਬਾਬੀ ਤੋਂ ਰੂਹਾਨੀ ਪੁਰਖ ਹੋ ਨਿਬੜੇ। ਆਪ ਨੇ ਗੁਰੂ ਵਜ਼ਦ ਵਿਚ ਰਬਾਬ ਦੀ ਉਹ ਸੁਰ ਛੇੜੀ ਜਿਸ ਨੇ ਕੀਤਰਨੀਆਂ ਦੀ ਆਹਤ ਨਾਦਾਤਮਕ ਅਵਸਥਾ ਨੂੰ ਅਨਾਹਤ ਦੀ ਅਵਸਥਾ ਦੇ ਪ੍ਰਵੇਸ਼ ਦਾ ਮਾਰਗ ਰੋਸ਼ਨ ਕੀਤਾ। ਆਪ ਨੇ ਉਸ ਅਵਸਥਾ ਨੂੰ ਗੁਰੂ ਨਾਨਕ ਦੇ ਸੰਗ ਨਾਲ ਪ੍ਰਾਪਤ ਕਰ ਕੀਰਤਨੀਆਂ ਲਈ ਮਿਸਾਲ ਕਾਇਮ ਕੀਤੀ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਆਪ ਦਾ ਪਹਿਲੇ ਰਬਾਬੀ, ਸਫਲ, ਸੰਜਮੀ, ਗੁਰੂ ਉੱਪਰ ਪੂਰਣ ਨ੍ਰਿਸਚਾ ਆਦਿ ਰੱਖਣ ਵਾਲੇ ਕੀਰਤਨਕਾਰ ਅਤੇ ਭਵਿੱਖਤ ਕੀਰਤਨੀਆਂ ਲਈ ਪ੍ਰੇਰਣਾ ਸਰੋਤ ਸ਼ਖਸ਼ੀਅਤ ਦੇ ਤੌਰ 'ਤੇ ਅਹਿਮ ਯੋਗਦਾਨ ਪ੍ਰਤੱਖ ਹੁੰਦਾ ਹੈ।

ਭਾਈ ਸਹਿਜਾਦ ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਬਆਦ ਕੀਰਤਨ ਕਰਨ ਵਾਲੇ ਰਬਾਬੀ ਕੀਰਤਨੀਏ ਹੋਏ ਹਨ। ਮਹਾਨ ਕੋਸ਼ ਅਨੁਸਾਰ ਆਪ ਭਾਈ ਮਰਦਾਨਾ ਦੇ ਸਪੁੱਤਰ ਸੀ।[50] *ਸ੍ਰੀ ਗੁਰੂ ਨਾਨਕ ਪ੍ਰਕਾਸ਼*[51] ਦੇ ਹਵਾਲੇ ਅਨੁਸਾਰ ਭਾਈ ਮਰਦਾਨੇ ਦੇ ਚਲਾਣੇ ਪਿਛੋਂ ਗੁਰੂ ਨਾਨਕ ਪਾਤਸ਼ਾਹ ਤਲਵੰਡੀ ਆਏ ਅਤੇ ਭਾਈ ਸਜਾਦੇ ਨੂੰ ਮਿਲੇ। *ਭਾਈ ਬਾਲੇ ਵਾਲੀ ਜਨਮ ਸਾਖੀ*, ਪੰਨਾ ੮੮੨ ਵਿਚ ਭਾਈ ਸ਼ਹਿਜਾਦ ਨੂੰ ਖ਼ੁਰਮ ਸ਼ਹਿਰ ਲੈ ਕੇ ਜਾਣ ਦਾ ਪ੍ਰਸੰਗ ਹੈ ਜਿਥੇ ਭਾਈ ਮਰਦਾਨਾ ਜੀ ਦਾ ਅਕਾਲ ਚਲਾਣਾ ਹੋਇਆ।[52] ਇਸ ਤਰ੍ਹਾਂ ਭਾਈ ਸਹਿਜਾਦਾ ਗੁਰੂ ਨਾਨਕ ਦਾ ਹੁਕਮ ਮੰਨ ਕੇ ਭਾਈ ਮਰਦਾਨਾ ਜੀ ਦੀ ਤਰ੍ਹਾਂ ਰਬਾਬੀ ਕੀਰਤਨੀਏ ਵਜੋਂ ਵਿਚਰੇ ਅਤੇ ਗੁਰਮਤਿ ਸੰਗੀਤ ਦੀ ਰਬਾਬੀ ਪਰੰਪਰਾ ਨੂੰ ਅਗਾਂਹ ਤੋਰਿਆ।

ਭਾਈ ਦਾਲਾ ਰਬਾਬੀ ਕੀਰਤਨੀਏ ਦਾ ਸਿੱਖ ਇਤਿਹਾਸ ਵਿਚ ਗੁਰੂ ਨਾਨਕ ਸਾਹਿਬ ਦੇ ਸਮੇਂ ਜ਼ਿਕਰ ਆਉਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਭਾਈ ਦਾਲਾ ਨੂੰ ਗੁਰੂ ਨਾਨਕ ਦੇ ਸੰਗੀ ਭਾਈ ਮਰਦਾਨਾ ਦਾ ਸਕਾ ਸਬੰਧੀ ਦਰਸਾਇਆ ਹੈ।[53] *ਗੁਰੂ ਬਿਲਾਸ ਪਾਤਸ਼ਾਹੀ ਛੇਵੀਂ*[54] ਵਿਚ ਭਾਈ ਦਾਲਾ ਨੂੰ ਭਾਈ ਮਰਦਾਨੇ ਦਾ ਮਸੇਰ ਭਰਾ ਮੰਨਿਆ ਹੈ। ਆਪ ਦੁਆਰਾ ਭਾਈ ਮਰਦਾਨਾ ਜੀ ਨਾਲ ਮਿਲਕੇ ਗੁਰੂ ਨਾਨਕ ਦੇਵ ਜੀ ਦੇ ਸਨਮੁੱਖ ਕੀਰਤਨ ਕਰਨ ਦੇ ਹਵਾਲੇ ਗੁਰ ਇਤਿਹਾਸ ਵਿਚ ਮਿਲਦੇ ਹਨ।[55] ਗੁਰਮਤਿ ਸੰਗੀਤ ਦੇ ਮੁਢਲੇ ਦੌਰ ਦੇ ਸੰਦਰਭ ਵਿਚ ਆਪ ਵਲੋਂ ਗੁਰੂ ਨਾਨਕ ਦੇਵ ਜੀ ਦੇ ਸੰਗ ਕੀਤੀ ਕੀਰਤਨ ਦੀ ਸੇਵਾ ਵਿਸ਼ੇਸ਼ ਤੇ ਅਹਿਮ ਹੈ।

ਭਾਈ ਸੱਤਾ ਬਲਵੰਡ ਨੂੰ ਵੀ ਗੁਰੂ ਘਰ ਵਿਚ ਰਬਾਬੀ ਭਾਈ ਮਰਦਾਨਾ ਵਾਗੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਭਾਈ ਬਲਵੰਡ ਨੇ ਗੁਰੂ ਅੰਗਦ ਦੇਵ ਜੀ ਦੇ ਕਾਲ ਤੋਂ ਗੁਰੂ ਅਰਜਨ ਦੇਵ ਜੀ ਤਕ ਗੁਰੂ ਘਰ ਵਿਚ ਕੀਰਤਨ ਦੀ ਸੇਵਾ ਨਿਭਾਈ। ਸਿੱਖ ਇਤਿਹਾਸ ਅਨੁਸਾਰ ਭਾਈ ਬਲਵੰਡ ਨੂੰ ਤਾਂ ਆਪ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨਾਲ ਕੀਰਤਨ ਹਿਤ ਕਰਤਾਰਪੁਰੋਂ ਖਡੂਰ ਸਾਹਿਬ ਭੇਜਿਆ।[56] ਰਾਇ ਬਲਵੰਡ ਅਜਿਹੀ ਸ਼ਖਸ਼ੀਅਤ ਸਨ ਜਿਨ੍ਹਾਂ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਪੰਚਮ ਪਾਤਸ਼ਾਹ ਤਕ ਦੇ ਦੀਦਾਰ ਹੀ ਨਹੀਂ ਕੀਤੇ ਸਗੋਂ ਇਕ ਰਬਾਬੀ ਕੀਰਤਨੀਏ ਤੇ ਬਾਣੀਕਾਰ ਵਜੋਂ ਪ੍ਰਮੁਖ ਸੇਵਾ ਵੀ ਨਿਭਾਈ। ਇੱਕ ਇਤਿਹਾਸਕ ਘਟਨਾ ਜਦੋਂ ਭਾਈ ਸੱਤਾ ਬਲਵੰਡ ਨੇ ਨਿੱਜੀ ਨਰਾਜਗੀ ਚਲਦਿਆਂ ਗੁਰੂ ਘਰ ਕੀਰਤਨ ਬੰਦ ਕਰ ਦਿੱਤਾ ਸੀ।[57] ਸਮਾਂ ਪਾ ਕੇ ਜਦੋਂ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਆਪਣੀ ਗਲਤੀ ਲਈ ਆਪਣੇ ਗੁਰੂ ਤੋਂ ਮੁਆਫੀ ਮੰਗੀ।[58] ਗੁਰੂ ਅਰਜਨ ਪਾਤਸ਼ਾਹ ਨੇ ਨਾ ਕੇਵਲ ਰਾਇ ਬਲਵੰਡ ਤੇ ਭਾਈ ਸੱਤਾ ਦੀ ਸਤਿਕਾਰ ਬਹਾਲੀ ਕੀਤੀ ਸਗੋਂ ਉਨ੍ਹਾਂ ਦੁਆਰਾ ਰਾਮਕਲੀ ਰਾਗ ਵਿਚ ਰਚਿਤ ਵਾਰ ਰੂਪ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਅਨਿੱਖੜ ਅੰਗ ਬਣਾਇਆ। ਰਾਇ ਬਲਵੰਡ ਤੇ ਭਾਈ ਸੱਤਾ ਦੇ ਵੰਸਜ਼ ਗੁਰੂ ਘਰ ਵਿਚ ਕੀਰਤਨ ਦੀ ਸੇਵਾ ਨਿਰੰਤਰ ਨਿਭਾਉਂਦੇ ਰਹੇ ਜੋ ਖਡੂਰੀਏ ਰਬਾਬੀ ਵਜੋਂ ਜਾਣੇ ਜਾਂਦੇ ਹਨ ਭਾਈ ਚਾਂਦ ਤੇ ਉਨ੍ਹਾਂ ਦੇ ਵੰਸ਼ਜ ਅੱਜ ਵੀ ਪਾਕਿਸਤਾਨ ਵਿਚ ਗੁਰੂ ਘਰ ਦੇ ਰਬਾਬੀ ਹੋਣ ਤੇ ਮਾਣ ਕਰਦੇ ਹਨ। ਗੁਰਮਤਿ ਸੰਗੀਤ ਦੇ ਯੋਗਦਾਨੀਆਂ ਦੇ ਸੰਦਰਭ ਵਿਚ ਆਪ ਦਾ ਵਿਸ਼ੇਸ਼ ਯੋਗਦਾਨ ਰਿਹਾ। ਜਿੱਥੇ ਲੰਬਾ ਸਮਾਂ ਖਡੂਰ ਸਾਹਿਬ ਕੀਰਤਨ ਦੀ ਸੇਵਾ ਕੀਤੀ ਉੱਥੇ ਆਪ ਨੇ ਗੁਰੂ ਅਰਜਨ ਦੇਵ ਜੀ ਦੀ ਰਹਿਨੁਮਾਈ

ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਵਿਸ਼ੇਸ਼ ਸੇਵਾ ਕੀਤੀ। ਆਪ ਦੁਆਰਾ ਸ਼ਬਦ ਕੀਰਤਨ ਚਉਕੀਆਂ ਦਾ ਗਾਇਨ ਸ੍ਰੀ ਦਰਬਾਰ ਸਾਹਿਬ ਵਿਖੇ ਨਿਰੰਤਰ ਕੀਤਾ ਗਿਆ। ਆਪ ਦੋਵਾਂ ਨੇ ਆਪਣੇ ਜੀਵਨ ਦੇ ਅੰਤਿਮ ਸਮੇਂ ਤਕ ਗੁਰੂ ਹਜ਼ੂਰੀ ਵਿਚ ਕੀਰਤਨ ਕਰ ਕੇ ਗੁਰਮਤਿ ਸੰਗੀਤ ਪਰੰਪਰਾ ਵਿਚ ਅਹਿਮ ਯੋਗਦਾਨ ਪਾਇਆ ਹੈ।

ਰਬਾਬੀ ਭਾਈ ਬਾਬਕ ਗੁਰੂ ਕਾਲ ਦੇ ਪ੍ਰਮੁਖ ਰਬਾਬੀ ਕੀਰਤਨੀਆਂ ਵਿਚੋਂ ਸਨ। ਰਬਾਬ ਦੁਆਰਾ ਗੁਰਸ਼ਬਦ ਦੀ ਭਗਤੀ ਅਤੇ ਤਲਵਾਰ ਦੀ ਸ਼ਕਤੀ ਦੇ ਸੁਮੇਲ ਰੂਪ ਵਿਚ ਜੇਕਰ ਕਿਸੇ ਗੁਰਸਿੱਖ ਸਖ਼ਸ਼ੀਅਤ ਦਾ ਜ਼ਿਕਰ ਕਰਨਾ ਹੋਵੇ ਤਾ ਰਬਾਬੀ ਭਾਈ ਬਾਬਕ ਦਾ ਨਾਮ ਸਭ ਤੋਂ ਪ੍ਰਥਮ ਹੈ। ਆਪ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਨਿਕਟਵਰਤੀ ਮੋਹਰੀ ਸਿੱਖਾਂ ਵਿਚੋਂ ਇੱਕ ਸਨ। ਭਾਈ ਬਾਬਕ ਨੇ ਗੁਰੂ ਘਰ ਦੇ ਪ੍ਰਸਿੱਧ ਕੀਰਤਨੀਏ ਰਬਾਬੀ ਸੱਤਾ ਬਲਵੰਡ ਦੇ ਕਾਲ ਤੋਂ ਗੁਰੂ ਘਰ ਵਿਚ ਕੀਰਤਨ ਦੀ ਸੇਵਾ ਆਰੰਭੀ। ਇਸ ਕਰਕੇ ਭਾਈ ਸੱਤਾ ਤੇ ਬਲਵੰਡ ਤੋਂ ਬਾਅਦ ਆਪ ਨੂੰ ਗੁਰੂ ਘਰ ਦੇ ਪ੍ਰਮੁਖ ਰਬਾਬੀ ਕੀਰਤਨੀਏ ਅਤੇ ਮੋਹਰੀ ਸਿੱਖ ਹੋਣ ਦਾ ਮਾਣ ਪ੍ਰਾਪਤ ਹੋਇਆ।[59] ਬਾਣੀ ਤੇ ਬਾਣੇ ਦੇ ਧਾਰਨੀ ਭਾਈ ਬਾਬਕ ਗੁਰੂ ਘਰ ਦੀਆਂ ਪਰੰਪਰਾਗਤ ਰਵਾਇਤਾਂ ਤੋਂ ਭਲੀ ਭਾਂਤ ਵਾਕਫ਼ ਸਨ ਇਸ ਕਰਕੇ ਛੇਵੇਂ ਗੁਰੂ ਆਪ ਨੂੰ ਆਦਿ ਸਿੱਖਾਂ ਵਿਚ ਮੰਨਦੇ ਸਨ।[60] ਛੇਵੇਂ ਪਾਤਸ਼ਾਹ ਦੇ ਕਾਲ ਵਿਚ ਵੱਖ ਵੱਖ ਉਚੇਚੇ ਸਮਿਆਂ ਤੇ ਭਾਈ ਬਾਬਕ ਦੁਆਰਾ ਵਿਸ਼ੇਸ਼ ਰਾਗਮਈ ਕੀਰਤਨ ਦੇ ਕਈ ਹਵਾਲੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ[61] ਵਿਚ ਦਰਜ ਹਨ। ਛੇਵੇਂ ਗੁਰੂ ਨੇ ਭਾਈ ਸੱਤਾ ਬਲਵੰਡ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਨਮਿਤ ਮ੍ਰਿਤਕ ਰੀਤ ਅਨੁਸਾਰ ਕੀਰਤਨ ਕਰਨ ਲਈ ਭਾਈ ਬਾਬਕ ਨੂੰ ਆਦੇਸ਼ ਦਿੱਤਾ।[62] ਗੁਰੂ ਸਾਹਿਬ ਦੀ ਕਸ਼ਮੀਰ ਫੇਰੀ ਸਮੇਂ ਮਾਈ ਭਾਗਭਰੀ ਦੇ ਅਕਾਲ ਚਲਾਣੇ ਉਪਰੰਤ ਵੀ ਭਾਈ ਬਾਬਕ ਨੇ ਮਾਰੂ ਤੇ ਡਖਣੇ ਦੀ ਵਾਰ ਪੜ੍ਹਕੇ ਸ਼ਬਦ ਕੀਰਤਨ ਚੌਂਕੀ ਲਗਾਈ।[63] ਇਸ ਤੋਂ ਇਲਾਵਾ ਮਾਤਾ ਗੰਗਾ ਜੀ[64], ਭਾਈ ਗੁਰਦਾਸ ਜੀ[65], ਮਾਤਾ ਦਮੋਦਰੀ ਜੀ[66], ਮਾਤਾ ਮਰਵਾਹੀ[67], ਬਾਬਾ ਅਟੱਲ ਰਾਏ, ਬਾਬਾ ਸੁੰਦਰ ਅਤੇ ਬਾਬਾ ਬੁੱਢਣਸ਼ਾਹ ਜੀ ਆਦਿ ਪ੍ਰਮੁਖ ਸਿੱਖਾਂ ਵਿਚ ਸਤਿਕਾਰਤ ਸਖਸ਼ੀਅਤਾਂ ਦੇ ਅਕਾਲ ਚਲਾਣੇ ਉਪਰੰਤ ਗੁਰੂ ਆਦੇਸ਼ ਪਾ ਕੇ ਭਾਈ ਬਾਬਕ ਦੁਆਰਾ ਕੀਰਤਨ ਰਾਹੀਂ ਅਕਾਲ ਚਲਾਣੇ ਦੀ ਰੀਤ ਨਿਭਾਈ ਗਈ। ਰਬਾਬੀ ਭਾਈ ਬਾਬਕ ਨੂੰ ਗੁਰਮਤਿ ਸੰਗੀਤ ਦੀ ਵਿਭਿੰਨ ਸ਼ਬਦ ਕੀਰਤਨ ਚਉਕੀਆਂ ਦੇ ਗਾਇਨ ਦੀ ਮੁਹਾਰਤ ਹਾਸਲ ਸੀ ਜੋ ਕਿ ਭਵਿੱਖਤ ਕੀਰਤਨੀਆਂ ਲਈ ਵਿਸ਼ੇਸ਼

ਪ੍ਰੇਰਣਾਸ੍ਰੋਤ ਸੀ। ਇਸ ਤੋਂ ਇਲਾਵਾ ਕੀਰਤਨੀਏ ਦੀ ਵੱਖਰੀ ਸਖਸ਼ੀਅਤ ਦੇ ਉਸਾਰੂ ਵੀ ਆਪ ਬਣੇ ਭਾਵ ਆਪ ਦੀ ਸ਼ਖਸ਼ੀਅਤ ਤੋਂ ਕੀਰਤਨੀਆਂ ਨੂੰ ਤਾਲ ਸੁਰ ਦੇ ਨਾਲ ਨਾਲ ਸ਼ਮਸ਼ੀਰ ਦੇ ਧਾਰਨੀ ਹੋਣ ਦੀ ਪ੍ਰੇਰਣਾ ਮਿਲਦੀ ਹੈ। ਗੁਰਮਤਿ ਸੰਗੀਤ ਦੇ ਕੀਰਤਨੀਆਂ ਦੇ ਵਿਅਕਤੀਗਤ ਸੰਦਰਭ ਵਿਚ ਰਬਾਬੀ ਭਾਈ ਬਾਬਕ ਦਾ ਇਹ ਵਿਸ਼ੇਸ਼ ਯੋਗਦਾਨ ਸੀ। ਆਪ ਜੀ ਦਾ ਅੰਤਿਮ ਸਮਾਂ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ।[68] ਭਾਈ ਬਾਬਕ ਨੇ ਜਿੱਥੇ ਖੁਦ ਗੁਰੂ ਘਰ ਦੀ ਸੇਵਾ ਕੀਤੀ ਉੱਥੇ ਆਪਣੇ ਚਾਰੇ ਪੁੱਤਰ[69] ਗੁਰੂ ਸੇਵਾ ਵਿਚ ਅਰਪਿਤ ਕੀਤੇ।

ਗੁਰਮਤਿ ਸੰਗੀਤ ਵਿਚ ਗੁਰੂ ਕਾਲ ਦੇ ਪ੍ਰਮੁਖ ਰਬਾਬੀ ਕੀਰਤਨੀਆਂ ਤੋਂ ਇਲਾਵਾ ਵੱਖ-ਵੱਖ ਗੁਰੂ ਸਾਹਿਬਾਨ ਸਮੇਂ ਬਾਣੀ ਅਤੇ ਕੀਰਤਨ ਦੇ ਕਈ ਰਸੀਏ ਗੁਰਸਿੱਖ ਕੀਰਤਨੀਏ ਵੀ ਹੋਏ ਹਨ। ਇਨ੍ਹਾਂ ਦੀ ਅਨਿਨ ਸੇਵਾ ਸਦਕਾ ਇਹ ਗੁਰ ਇਤਿਹਾਸ ਦਾ ਹਿੱਸਾ ਬਣੇ। ਗੁਰੂ ਅੰਗਦ ਦੇਵ ਜੀ ਦੇ ਕਾਲ ਵਿਚ ਗੁਰ ਦਰਬਾਰ ਵਿਚ ਕੀਰਤਨ ਕਰਨ ਵਾਲੇ ਭਾਈ ਸਜ਼ਾਦਾ, ਭਾਈ ਬਲਵੰਡ ਤੋ ਬਿਨਾਂ *ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ, ਭਾਈ ਝਾਝੂ, ਭਾਈ ਮਕੰਦ* ਆਦਿ ਦਾ ਜ਼ਿਕਰ ਹੈ।[70] ਤੀਸਰੇ ਗੁਰੂ ਅਮਰਦਾਸ ਜੀ ਦੇ ਕਾਲ ਵਿਚ ਗੁਰੂ ਘਰ ਦੇ ਗੁਰਸਿੱਖ ਕੀਰਤਨੀਏ ਪਾਂਧਾ ਬੁੱਲਾ ਦਾ ਨਾਮ ਵਿਸ਼ੇਸ਼ ਹੈ। ਜੋ ਗੁਰੂ ਅਮਰਦਾਸ ਜੀ ਦੇ ਸ਼ਰਧਾਲੂ ਸਿੱਖ ਸੀ।[71] ਤੀਸਰੇ ਗੁਰੂ ਦੇ ਸਮੇਂ ਭਾਈ ਬੱਲੂ ਜੀ ਦਾ ਜ਼ਿਕਰ ਵੀ ਹੈ ਜੋ ਤਾਲ ਸਾਜ਼ ਢੋਲਕੀ ਨਾਲ ਅਨੰਦ ਸਾਹਿਬ ਦਾ ਕੀਰਤਨ ਕਰਨ ਵਾਲੇ ਪਹਿਲੇ ਕੀਰਤਨੀਆਂ ਵਿਚੋਂ ਸਨ।[72] ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਹਜ਼ੂਰੀ ਕੀਰਤਨੀਆਂ ਵਿਚੋਂ ਭਾਈ ਝਾਂਝੂ, ਭਾਈ ਮੁਕੰਦ ਤੇ ਭਾਈ ਕਿਦਾਰਾ ਦਾ ਜ਼ਿਕਰ ਵੀ ਹੈ।[73] *ਮਹਾਨ ਕੋਸ਼* ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਕਿਦਾਰਾ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦਾ ਰਾਗੀ ਹੋਇਆ।[74] ਗੁਰੂ ਕਾਲ ਵਿਚ ਬਾਣੀ ਤੇ ਕੀਰਤਨ ਕਰਨ ਤੇ ਸੁਣਨ ਵਾਲੇ ਪ੍ਰਮੁਖ ਗੁਰ ਸਿੱਖਾਂ ਵਿਚੋਂ *ਭਾਈ ਦੀਪਾ*[75], *ਭਾਈ ਉਗਰਸੈਨ*[76], *ਭਾਈ ਰਾਮੂ, ਭਾਈ ਨਗੋਰੀ ਮੱਲ, ਭਾਈ ਜੱਸ, ਭਾਈ ਦਰਿਆ, ਭਾਈ ਚਤਰਾ, ਭਾਈ ਨੱਥ, ਭਾਈ ਸੇਵਾ, ਭਾਈ ਰੱਤਾ* ਦਾ ਵਿਸ਼ੇਸ਼ ਸਥਾਨ ਰਿਹਾ।[77]

ਗੁਰੂ ਸਾਹਿਬਾਨ ਨੇ ਰਬਾਬੀ ਕੀਰਤਨੀਆਂ ਤੋਂ ਇਲਾਵਾ ਆਮ ਗੁਰਸਿੱਖ ਸੰਗਤਾਂ ਨੂੰ ਹਮੇਸ਼ਾ ਹੀ ਗੁਰ ਸ਼ਬਦ ਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਜਿਸ ਦਾ ਜ਼ਿਕਰ ਵਾਰ-ਵਾਰ ਆਇਆ ਹੈ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਸਿੱਖ ਸੰਗਤਾਂ ਲਈ ਗੁਰੂ ਹਰਗੋਬਿੰਦ ਸਾਹਿਬ ਦੇ ਕਾਲ ਵਿਚ *ਚੌਕੀ ਸਾਹਿਬ*

ਦਾ ਲੋਕ ਸੰਗੀਤ ਦੇ ਕੀਰਤਨ ਅੰਗ ਤੋਂ ਪ੍ਰਚਲਨ ਕੀਤਾ ਜੋ ਸਾਜ਼ਾਂ ਤੋਂ ਬਿਨਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਾਰੀਆਂ ਦੇ ਕੀਰਤਨ ਵਜੋਂ, ਧਾਰਨਾ ਤੇ ਜੋਟੀਆ ਦੇ ਕੀਰਤਨ ਵਜੋਂ ਅਤੇ ਢੋਲਕੀ ਛੈਣੇ, ਚਿਮਟੇ ਆਦਿ ਲੋਕ ਸਾਜ਼ਾਂ ਨਾਲ ਕੀਰਤਨ ਦੀ ਰੀਤ ਵਜੋਂ ਪ੍ਰਚੱਲਿਤ ਹੋਈ।[78] ਗੁਰੂ ਆਸ਼ੇ ਅਨੁਸਾਰ ਬਾਣੀ ਦਾ ਗਾਇਨ ਕਰਨਾ ਇਹਨਾਂ ਕੀਰਤਨੀਆਂ ਦੀ ਸੰਗੀਤਕ ਵਿਧਵਤਾ ਦਾ ਲਖਾਇਕ ਹੈ। ਇਹਨਾਂ ਦੁਆਰਾ ਗੁਰੂ ਕਿਰਪਾ ਸਦਕਾ ਬਾਣੀ ਦਾ ਗਾਇਨ ਕਰਕੇ ਗੁਰਮਤਿ ਸੰਗੀਤ ਦੀ ਵਿਹਾਰਕ ਪਰੰਪਰਾ ਨੂੰ ਅਧਾਰ ਪ੍ਰਦਾਨ ਕਰਦੇ ਹੋਏ ਖ਼ੂਬ ਪ੍ਰਫੁਲਿਤ ਕੀਤਾ।

**1.2.2.2 ਪੂਰਵ ਖਾਲਸਾ ਰਾਜ ਕਾਲ ਦੇ ਪ੍ਰਮੁਖ ਕੀਰਤਨੀਏ:** ਗੁਰੂ ਕਾਲ ਤੋਂ ਬਾਅਦ ਪੂਰਵ ਖਾਲਸਾ ਰਾਜ ਕਾਲ ਤਕ ਦੇ ਸਮੇਂ ਵਿਚ ਸਿੱਖਾਂ ਦੀ ਧਾਰਮਿਕ, ਸਮਾਜਿਕ, ਆਰਥਿਕ ਵਿਵਸਥਾ ਚਣੌਤੀਆਂ ਭਰੀ ਰਹੀ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਜਿੱਥੇ ਵੀ ਸਿੰਘ ਵਾਸ ਕਰਦੇ ਸਨ ਉੱਥੇ ਸਵੇਰੇ ਸ਼ਾਮ ਕੀਰਤਨ ਕਰਨ ਦੇ ਹਵਾਲੇ ਸਾਨੂੰ ਸਾਡੇ ਇਤਿਹਾਸਕ ਸਰੋਤਾਂ ਤੋਂ ਮਿਲਦੇ ਹਨ। ਇਹ ਸਮਾਂ ਗੁਰਮਤਿ ਸੰਗੀਤ ਦੇ ਹਵਾਲੇ ਨਾਲ ਬਹੁਤ ਔਕੜਾਂ ਭਰਿਆ ਰਿਹਾ ਹੈ। ਇਸ ਸਮੇਂ ਗੁਰਮਤਿ ਸੰਗੀਤ ਦਾ ਵਿਕਾਸ ਵੀ ਸਥਿਰ ਰਿਹਾ। ਜਥੇਦਾਰ *ਜੱਸਾ ਸਿੰਘ ਆਹਲੂਵਾਲੀਆਂ, ਰਾਗੀ ਕਾਹਨ ਸਿੰਘ, ਰਾਗੀ ਚੜ੍ਹਤ ਸਿੰਘ, ਰਾਗੀ ਧਨਪਤ ਸਿੰਘ* ਆਦਿ ਕੀਰਤਨੀਆਂ ਨੇ ਸਿੱਖੀ ਦੇ ਵਿਪਰੀਤ ਹਲਾਤਾਂ ਦਾ ਸਾਹਮਣਾ ਕਰਦੇ ਹੋਏ ਗੁਰਮਤਿ ਸੰਗੀਤ ਦੀ ਧਾਰਾ ਦੇ ਵਹਿਣ ਨੂੰ ਕਾਇਮ ਰੱਖਣ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ।[79]

**1.2.2.3 ਖਾਲਸਾ ਰਾਜ ਦੇ ਪ੍ਰਮੁਖ ਕੀਰਤਨੀਏ** : ਖਾਲਸਾ ਰਾਜ ਦੌਰਾਨ ਗੁਰਮਤਿ ਸੰਗੀਤ ਦੀ ਵਿਹਾਰਕ ਪਰੰਪਰਾ ਦਾ ਸਿਲਸਿਲੇਵਾਰ ਵਿਕਾਸ ਮੁੜ ਪ੍ਰਾਰੰਭ ਹੋਇਆ। ਇਸ ਕਾਲ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਘਰ ਦੇ ਕੀਰਤਨੀਆਂ ਲਈ ਮਾਸਿਕ ਵੇਤਨ ਵੀ ਬੰਨਿਆ।[80] ਇਸ ਕਾਲ ਦੇ ਕੀਰਤਨੀਆਂ ਵਿਚ *ਭਾਈ ਮਨਸ਼ਾ ਸਿੰਘ, ਬਾਬਾ ਸ਼ਾਮ ਸਿੰਘ, ਭਾਈ ਮਾਨ ਸਿੰਘ ਤੇ ਦੇਵਾ ਸਿੰਘ, ਭਾਈ ਮਿਸ਼ਰਾ ਸਿੰਘ, ਭਾਈ ਲਹਿਣਾ ਸਿੰਘ, ਭਾਈ ਰਤਨ ਸਿੰਘ ਸੂਰਮਾ, ਭਾਈ ਗੰਡਾ ਸਿੰਘ, ਭਾਈ ਆਗਿਆ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਬੋਧ ਸਿੰਘ ਰਬਾਬੀ ਭਾਈ ਬੋਹਨਾ, ਭਾਈ ਕਾਹਨਾ, ਭਾਈ ਲਾਲ, ਭਾਈ ਸਰਦਾਰੀ, ਭਾਈ ਅਤਰਾ, ਭਾਈ ਦਿੱਤੂ, ਭਾਈ ਅਮੀਰਾ ਅਤੇ ਭਾਈ ਹੀਰਾ ਸ਼ਿਕਾਰ ਪੁਰੀਆ* ਆਦਿ ਦੇ ਨਾਮ ਵਿਸ਼ੇਸ਼ ਹਨ।

ਖਾਲਸਾ ਰਾਜ ਦੌਰਾਨ ਗੁਰਮਤਿ ਸੰਗੀਤ ਦੇ ਹਰ ਖੇਤਰ ਵਿਚ ਵਿਕਾਸ ਹੋਇਆ। ਇਸ ਕਾਲ ਦੇ ਕੀਰਤਨੀਆਂ ਨੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ। ਰਾਗੀ ਭਾਈ ਮਣਸ਼ਾ ਸਿੰਘ ਵਰਗੇ ਕੀਰਤਨੀਏ ਦੇ ਜੀਵਨ ਤੋਂ ਕੀਰਤਨੀਏ ਦੀ ਸ਼ਖਸ਼ੀਅਤ ਨੂੰ ਮਾਇਆ ਤੋਂ ਕਿਵੇਂ ਨਿਰਲੇਪ ਰੱਖਣਾ ਹੈ, ਦੀ ਸੇਧ ਮਿਲਦੀ ਹੈ। ਇੱਕ ਘਟਨਾ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਇਹ ਪਤਾ ਲੱਗਿਆ ਕਿ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਣਸ਼ਾ ਸਿੰਘ ਦੀ ਆਰਥਿਕ ਅਵਸਥਾ ਠੀਕ ਨਹੀ ਹੈ ਤਾਂ ਮਹਾਰਾਜਾ ਰਣਜੀਤ ਸਿੰਘ ਆਪ ਚੱਲ ਕੇ ਭਾਈ ਮਣਸ਼ਾ ਸਿੰਘ ਜੀ ਦੀ ਮਦਦ ਕਰਨ ਹਿਤ ਆਏ ਪਰ ਜਦੋਂ ਭਾਈ ਸਾਹਿਬ ਨੂੰ ਇਹ ਪਤਾ ਲੱਗਿਆ ਤਾਂ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਕਹਿ ਕੇ ਮੋੜ ਦਿੱਤਾ ਕਿ ਜਿਸ ਦਰ ਤੋਂ ਤੂੰ ਮੰਗਦਾ ਹੈ ਉਸ ਦਰ ਦਾ ਮੈਂ ਕੀਰਤਨੀਆਂ ਹਾਂ।[81] ਇਸ ਇਤਿਹਾਸਕ ਘਟਨਾ ਨੇ ਕੀਰਤਨੀਆਂ ਦੇ ਅਕਸ ਨੂੰ ਹੋਰ ਉੱਚਾ ਕੀਤਾ। ਇਸੇ ਕਾਲ ਵਿਚ ਕੀਰਤਨ ਹਿਤ ਸਾਰੰਦਾ ਸਾਜ਼ ਦਾ ਪ੍ਰਯੋਗ ਹੁੰਦਾ ਰਿਹਾ ਹੈ। ਬਾਬਾ ਸ਼ਾਮ ਸਿੰਘ ਨੇ ਇਸ ਸਾਜ਼ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਲਗਪਗ 70 ਸਾਲ ਕੀਰਤਨ ਦੀ ਸੇਵਾ ਕੀਤੀ।[82] ਉਨ੍ਹਾਂ ਦਾ ਸਾਰੰਦਾ ਸਾਜ਼ ਅੱਜ ਵੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾ ਦੇ ਹਵਾਲੇ ਨਾਲ ਦਰਬਾਰ ਸਾਹਿਬ ਵਿਖੇ ਕੁੱਲ 15 ਕੀਰਤਨ ਚਉਂਕੀਆਂ ਦਾ ਜ਼ਿਕਰ ਮਿਲਦਾ ਹੈ ਜਿਨ੍ਹਾਂ ਵਿਚ 8 ਰਾਗੀਆਂ ਅਤੇ 7 ਰਬਾਬੀਆਂ ਦੁਆਰਾ ਲਗਾਈਆਂ ਜਾਂਦੀਆਂ ਸਨ।[83] ਇਸ ਕਾਲ ਵਿਚ ਗੁਰਮਤਿ ਸੰਗੀਤ ਦੀ ਕੀਰਤਨ ਚਉਕੀ ਪਰੰਪਰਾ, ਸਾਜ਼ ਪਰੰਪਰਾ ਆਦਿ ਵਿਚ ਕੀਰਤਨੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

**1.2.2.4 ਪੂਰਵ ਅਜਾਦੀ ਕਾਲ ਦੇ ਪ੍ਰਮੁਖ ਕੀਰਤਨੀਏ:** ਪੂਰਵ ਅਜਾਦੀ ਕਾਲ ਦਾ ਸਮਾਂ ਸਿੱਖ ਕੌਮ ਅਤੇ ਹਿੰਦੁਸਤਾਨ ਲਈ ਮੁਸ਼ਕਿਲਾਂ ਭਰਿਆ ਸੀ। ਬਰਤਾਨਵੀ ਕਾਲ ਦੌਰਾਨ ਗੁਰੂ ਘਰਾਂ ਦੀ ਕੀਰਤਨ ਮਰਯਾਦਾ ਅਤੇ ਹੋਰ ਰੀਤਾਂ ਵਿਚ ਬੇਸ਼ੱਕ ਤਬਦੀਲੀ ਆਈ ਪਰ ਅੰਗਰੇਜ਼ਾਂ ਨੇ ਆਪਣੀ ਸੋਚ ਸਮਝ ਅਨੁਸਾਰ ਇਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਵੀ ਕੀਤੀ। ਗੁਰਮਤਿ ਸੰਗੀਤ ਦੇ ਕੀਰਤਨੀਆਂ ਦੇ ਸਬੰਧ ਵਿਚ ਇਸ ਕਾਲ ਵਿਚ ਬਹੁਤ ਨਾਮੀ ਤੇ ਅਭਿਆਸੀ ਕੀਰਤਨੀਏ ਹੋਏ ਹਨ। ਖਾਲਸਾ ਰਾਜ ਕਾਲ ਵਿਚ ਕੀਰਤਨੀਆਂ ਦੇ ਸੰਦਰਭ ਵਿਚ ਜੋ ਉਸਾਰੂ ਕਾਰਜ ਹੋਏ ਸਨ ਉਨ੍ਹਾਂ ਨੂੰ ਇਸ ਕਾਲ ਦੇ ਕੀਰਤਨੀਆਂ ਵਿਚ ਸਹਿਜੇ ਦੇਖਿਆ ਜਾ ਸਕਦਾ ਹੈ। ਕੀਰਤਨੀਆਂ ਨੇ ਆਪਣੀ ਪਰੰਪਰਾਗਤ

ਕੀਰਤਨ ਸ਼ੈਲੀ ਸੰਭਾਲਦੇ ਹੋਏ ਇਸ ਵਿਚ ਕਾਫੀ ਨਿਖਾਰ ਵੀ ਲਿਆਂਦਾ। ਇਸ ਕਾਲ ਦੇ ਕੀਰਤਨੀਆਂ ਨੇ ਸੰਗੀਤ ਕਲਾ ਪਖੋਂ ਵੀ ਆਪਣੇ ਆਪ ਨੂੰ ਨਿਪੁੰਨ ਕੀਤਾ। ਇਸ ਸਮੇਂ ਦੌਰਾਨ ਗੁਰਮਤਿ ਸੰਗੀਤ ਦੀ ਵਿਹਰਾਕ ਪਰੰਪਰਾ ਦੇ ਨਾਲ-ਨਾਲ ਕੀਰਤਨੀਆਂ ਵਲੋਂ ਇਸ ਦੀ ਸਿਧਾਂਤਕਤਾ ਵੱਲ ਵੀ ਰੁੱਚੀ ਦਿਖਾਈ। ਗੁਰਮਤਿ ਸੰਗੀਤ ਦੇ ਸਿਧਾਂਤਕ ਕਾਰਜ ਕਰਨ ਵਾਲਿਆਂ ਵਿਚ ਇਸ ਪਰੰਪਰਾ ਦੇ ਕੀਰਤਨੀਆਂ ਨੇ ਮੋਹਰੀ ਭੂਮਿਕਾ ਨਿਭਾਈ ਹੈ। ਇਸ ਸੰਦਰਭ ਵਿਚ ਹਜ਼ੂਰੀ ਰਾਗੀ ਭਾਈ ਸੁੰਦਰ ਸਿੰਘ ਤੇ ਰਾਗੀ ਭਾਈ ਪ੍ਰੇਮ ਸਿੰਘ ਦਾ ਕਾਰਜ ਸਰਬਪ੍ਰਥਮ ਸਾਡੇ ਸਾਹਮਣੇ ਪ੍ਰਤੱਖ ਹੁੰਦਾ ਹੈ। ਇਸ ਕਾਲ ਦੇ ਕੀਰਤਨੀਆਂ ਵਿਚ ਭਾਈ ਸਾਈਂ ਦਿੱਤਾ, ਭਾਈ ਹੀਰਾ ਸਿੰਘ, ਭਾਈ ਸੰਤਾ ਸਿੰਘ, ਰਾਗੀ ਭਾਈ ਸੁੰਦਰ ਸਿੰਘ, ਰਾਗੀ ਭਾਈ ਪ੍ਰੇਮ ਸਿੰਘ, ਭਾਈ ਗਿਆਨ ਸਿੰਘ ਅਲਮਸਤ, ਭਾਈ ਸਮੁੰਦ ਸਿੰਘ, ਮਹੰਤ ਗੱਜਾ ਸਿੰਘ, ਰਾਗੀ ਭਾਈ ਜੁਆਲਾ ਸਿੰਘ, ਰਬਾਬੀ ਭਾਈ ਚਾਂਦ, ਭਾਈ ਲਾਲ ਜੀ, ਭਾਈ ਸੁਰਜਨ ਸਿੰਘ ਆਦਿ ਪ੍ਰਮੁਖ ਹਨ।

ਪੂਰਵ ਅਜਾਦੀ ਕਾਲ ਦੇ ਕੀਰਤਨੀਆਂ ਨੇ ਗੁਰਮਤਿ ਸੰਗੀਤ ਦੀ ਵਿਹਾਰਕਤਾ ਅਤੇ ਸਿਧਾਂਤਕਤਾ ਦੇ ਅਰੰਭਲੇ ਕਾਰਜ਼ਾ ਦੇ ਰੂਪ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਕੀਰਤਨੀਆਂ ਵਲੋਂ ਕੀਰਤਨ ਦੀ ਸਿਖਲਾਈ ਹਿਤ ਵੱਖ-ਵੱਖ ਕੀਰਤਨ ਕੇਂਦਰ ਵੀ ਸਥਾਪਿਤ ਕੀਤੇ ਗਏ ਜਿਵੇਂ ਭਾਈ ਸੁੰਦਰ ਸਿੰਘ ਜੀ ਅਤੇ ਭਾਈ ਗੁਰਬਚਨ ਸਿੰਘ ਨੇ *ਸਿੰਘਾਂ ਵਾਲੀ ਟਕਸਾਲ* 1882 ਈ. ਵਿਚ, ਸੰਤ ਸਰਵਣ ਸਿੰਘ ਗੰਧਰਵ ਵਲੋਂ *ਡੁਮੇਲੀ ਟਕਸਾਲ* 1900 ਵਿਚ, ਚਮਕੌਰ ਸਾਹਿਬ ਦੇ ਨੇੜੇ ਹਰਗਨਾ ਪਿੰਡ ਵਿਚ ਭਾਈ ਸੰਪੂਰਨ ਸਿੰਘ ਨੇ ਕੀਰਤਨ ਸਿੱਖਲਾਈ ਹਿਤ ਇਕ ਕੇਂਦਰ ਸਥਾਪਿਤ ਕੀਤਾ ਜਿਸ ਨੂੰ ਵਰਤਮਾਨ ਸਮੇਂ ਹਰਗਨਾਂ ਦੀ ਟਕਸਾਲ ਕਿਹਾ ਜਾਂਦਾ ਹੈ ਆਦਿ। ਇਨ੍ਹਾਂ ਸਿਖਲਾਈ ਕੇਂਦਰਾਂ ਤੋਂ ਸੈਂਕੜੇ ਵਿਦਿਆਰਥੀਆਂ ਨੇ ਕੀਰਤਨ ਦੀ ਸਿੱਖਲਾਈ ਪ੍ਰਾਪਤ ਕੀਤੀ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ।

**1.2.2.5 ਅਜਾਦੀ ਉਪਰੰਤ ਦੇ ਪ੍ਰਮੁਖ ਕੀਰਤਨੀਏ:** ਅਜਾਦੀ ਤੋਂ ਬਾਅਦ ਵਰਤਮਾਨ ਸਮੇਂ ਤਕ ਗੁਰਮਤਿ ਸੰਗੀਤ ਪਰੰਪਰਾ ਦੇ ਵਿਕਾਸ ਵਿਚ ਇਸ ਸਮੇਂ ਕੀਰਤਨੀਆਂ ਨੇ ਵਿਸ਼ੇਸ਼ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਇਸ ਸਮੇਂ ਦੇ ਕੀਰਤਨੀਆਂ ਵਿਚ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ ਦਰਸ਼ਨ ਸਿੰਘ ਕੋਮਲ, ਭਾਈ ਚਤਰ ਸਿੰਘ, ਭਾਈ ਗੋਪਾਲ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਧਰਮ ਸਿੰਘ ਜਖ਼ਮੀ, ਭਾਈ

ਉੱਤਮ ਸਿੰਘ 'ਪਤੰਗ' ਭਾਈ ਦਿਲਬਾਗ ਸਿੰਘ-ਗੁਲਬਾਗ ਸਿੰਘ, ਭਾਈ ਬਲਬੀਰ ਸਿੰਘ ਤਰਨਤਾਰਨ, ਭਾਈ ਜਸਵੰਤ ਸਿੰਘ, ਭਾਈ ਹਰੀ ਸਿੰਘ, ਭਾਈ ਚੰਨਣ ਸਿੰਘ ਮਜ਼ਬੂਰ, ਭਾਈ ਗੁਰਮੇਜ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਭਾਈ ਨਿਰਮਲ ਸਿੰਘ, ਭਾਈ ਹਰਜਿੰਦਰ ਸਿੰਘ, ਭਾਈ ਦਵਿੰਦਰ ਪ੍ਰਤਾਪ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਨਿਰੰਜਨ ਸਿੰਘ ਆਦਿ ਤੋਂ ਇਲਾਵਾ ਅਨੇਕ ਕੀਰਤਨੀਏ ਗੁਰੂ ਸਾਹਿਬ ਦੀ ਵਰੋਸਾਈ ਸ਼ਬਦ ਕੀਰਤਨ ਪਰੰਪਰਾ ਦੇ ਪ੍ਰਚਾਰ ਪਾਸਾਰ ਹਿਤ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।

ਅਜ਼ਾਦੀ ਉਪਰੰਤ ਗੁਰੂ ਘਰ ਦੇ ਕੀਰਤਨੀਆਂ ਨੇ ਗੁਰਮਤਿ ਸੰਗੀਤ ਕੇ ਸਰਬ ਪੱਖੀ ਵਿਕਾਸ ਦਾ ਗਹਿਰਾ ਚਿੰਤਨ ਕੀਤਾ ਹੈ। ਸੰਤ ਬਾਬਾ ਸੁੱਚਾ ਸਿੰਘ ਦੀ ਅਗਵਾਈ ਵਿਚ ਬਣੀ ਰਾਗ ਨਿਰਣਾਇਕ ਕਮੇਟੀ - ਵਿਚ ਉਸ ਸਮੇਂ ਦੇ ਪ੍ਰਸਿੱਧ ਪ੍ਰਮੁਖ ਸੰਗੀਤਕਾਰ ਤੇ ਕੀਰਤਨੀਆਂ ਜਿਨ੍ਹਾਂ ਵਿਚ ਭਾਈ ਬਲਬੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ ਆਦਿ ਵੀ ਸ਼ਾਮਿਲ ਸਨ ਨੇ ਗੁਰੂ ਗ੍ਰੰਥ ਸਾਹਿਬ ਦੇ 62 ਰਾਗਾਂ ਦੇ ਸਰੂਪ ਨਿਰਧਾਰਿਤ ਕਰਨ ਵਿਚ ਆਪਣਾ ਅਹਿਮ ਯੋਗਦਾਨ ਪਾਇਆ ਹੈ। ਡਾ. ਗੁਰਨਾਮ ਸਿੰਘ ਜੀ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਗੁਰਮਤਿ ਗਿਆਨ ਆਨ ਲਾਇਨ ਸਟੱਡੀਜ਼ ਦੇ ਰੂਪ ਵਿਚ ਇਸ ਦਾ ਵਿਕਾਸ ਤੇ ਪ੍ਰਚਾਰ ਅਕਾਦਮਿਕ ਪੱਧਰ 'ਤੇ ਕਰ ਰਹੇ ਹਨ। ਵਰਤਮਾਨ ਸਮੇਂ ਕੀਰਤਨੀਆਂ ਵਲੋਂ ਗੁਰਮਤਿ ਸੰਗੀਤ ਦੀ ਵਿਹਾਰਕ ਤੇ ਸਿਧਾਂਤਕ ਸਿੱਖਲਾਈ ਦੇਸ਼ ਵਿਦੇਸ਼ ਵਿਚ ਨਿਰੰਤਰ ਦਿੱਤੀ ਜਾ ਰਹੀ ਹੈ। ਗੁਰਮਤਿ ਸੰਗੀਤ ਦੀ ਸਾਜ਼ ਪਰੰਪਰਾ ਦੇ ਸੰਦਰਭ ਵਿਚ ਵੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਸੁਰਿੰਦਰ ਸਿੰਘ ਯੂ.ਕੇ., ਭਾਈ ਬਲਦੀਪ ਸਿੰਘ ਆਦਿ ਵਲੋਂ ਅਹਿਮ ਇਤਿਹਾਸਕ ਯੋਗਦਾਨ ਪਾਇਆ ਗਿਆ ਹੈ। ਡਾ. ਗੁਰਨਾਮ ਸਿੰਘ ਨੇ ਬੀਬੀ ਜਸਬੀਰ ਕੌਰ ਖਾਲਸਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਮਤਿ ਸੰਗੀਤ ਦੇ ਪਰੰਪਰਾਗਤ ਤੰਤੀ ਸਾਜ਼ਾਂ(ਰਬਾਬ, ਸਾਰੰਦਾ, ਦਿਲਰਬਾ, ਇਸਰਾਜ ਆਦਿ) ਦਾ ਪੁਨਰ ਪ੍ਰਚਲਨ ਕਰਵਾਉਣ ਹਿਤ ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ਾਂ ਰਾਹੀਂ ਕੀਰਤਨ ਕਰਨਾ ਲਾਜ਼ਮੀ ਕਰਵਾਇਆ।

ਉਪਰੋਕਤ ਗੁਰਮਤਿ ਸੰਗੀਤ ਦੇ ਪ੍ਰਮੁਖ ਕੀਰਤਨੀਆ 'ਤੇ ਵਿਚਾਰ ਚਰਚਾ ਕਰਦਿਆਂ ਇਨ੍ਹਾਂ ਦਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਬਹੁਦਿਸ਼ਾਵੀਂ ਯੋਗਦਾਨ ਪ੍ਰਤੱਖ ਹੁੰਦਾ ਹੈ। ਗੁਰੂ ਕਾਲ ਤੋਂ ਵਰਤਮਾਨ ਸਮੇਂ

ਤਕ ਇਨ੍ਹਾਂ ਕੀਰਤਨੀਆਂ ਦਾ ਗੁਰਮਤਿ ਸੰਗੀਤ ਦੀ ਵਿਹਾਰਕਤਾ, ਸਿਧਾਂਤਕਤਾ, ਇਤਿਹਾਸਕਤਾ, ਸਾਜ਼ ਪਰੰਪਰਾ, ਵਿਭਿੰਨ ਕੀਰਤਨ ਚਉਕੀਆਂ ਆਦਿ ਵਿਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਤੋਂ ਇਲਾਵਾ ਕੀਰਤਨੀਆਂ ਵਲੋਂ ਵਿਭਿੰਨ ਕੀਰਤਨ ਦਰਬਾਰ, ਰਾਗ ਦਰਬਾਰ, ਗੁਰਮਤਿ ਸੰਗੀਤ ਪ੍ਰਤੀਯੋਗਤਾਵਾਂ ਆਦਿ ਦਾ ਆਯੋਜਨ ਵੀ ਸਮੇਂ ਸਮੇਂ ਕਰਵਾਇਆ ਜਾਂਦਾ ਰਿਹਾ ਹੈ ਜਿਸ ਸਦਕਾ ਗੁਰਮਤਿ ਸੰਗੀਤ ਦਾ ਬਹੁਦਿਸ਼ਾਵੀ ਪ੍ਰਚਾਰ ਤੇ ਪਾਸਾਰ ਹੋਇਆ ਹੈ। ਗੁਰਮਤਿ ਸੰਗੀਤ ਦੇ ਯੋਗਦਾਨੀਆਂ ਵਿਚ ਕੀਰਤਨੀਆਂ ਤੋਂ ਬਾਅਦ ਸ਼ਬਦ ਕੀਰਤਨ ਰਚਨਾਕਾਰਾਂ ਦਾ ਨਾਮ ਪ੍ਰਮੁਖ ਰੂਪ ਵਿਚ ਆਉਂਦਾ ਹੈ।

**1.2.3 ਸ਼ਬਦ ਕੀਰਤਨ ਰਚਨਾਕਾਰ:** ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਰਚਨਾਕਾਰਾਂ ਵਿਚ ਸਰਬ ਪ੍ਰਥਮ ਨਾਮ ਗੁਰੂ ਸਾਹਿਬਾਨ ਦਾ ਆਉਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਲਾਹੀ ਸੰਦੇਸ਼ ਨੂੰ ਸ਼ਬਦ ਕੀਰਤਨ ਦੇ ਰੂਪ ਵਿਚ ਜਨ ਸਧਾਰਨ ਤਕ ਸੰਚਾਰਿਤ ਕੀਤਾ। ਇਸੇ ਰੀਤ ਨੂੰ ਬਾਕੀ ਬਾਣੀਕਾਰ ਗੁਰੂ ਸਾਹਿਬਾਨ ਨੇ ਨਿਭਾਇਆ। ਗੁਰੂ ਸਾਹਿਬਾਨ ਤੋਂ ਬਾਅਦ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਇਸ ਪਰੰਪਰਾ ਦੇ ਕੀਰਤਨੀਆਂ ਨੇ ਅਹਿਮ ਯੋਗਦਾਨ ਪਾਇਆ। ਇਹ ਕ੍ਰਿਆ ਮੌਖਿਕ ਰੂਪ ਵਿਚ ਸੀਨਾ-ਬ-ਸੀਨਾ ਚਲਦੀ ਰਹੀ। ਗੁਰੂ ਕਾਲ ਤੋਂ ਲੈ ਕੇ 20ਵੀਂ ਸਦੀ ਇਹ ਪ੍ਰਕ੍ਰਿਆ ਨਿਰੰਤਰ ਇਸੇਂ ਤਰ੍ਹਾਂ ਚਲਦੀ ਰਹੀ ਪ੍ਰੰਤੂ ਵੀਹਵੀਂ ਸਦੀ ਦੇ ਅਰੰਭ ਵਿਚ ਗੁਰਮਤਿ ਸੰਗੀਤ ਦੀਆ ਸ਼ਬਦ ਕੀਰਤਨ ਰਚਨਾਵਾਂ ਦੇ ਲਿਖਤ ਕਾਰਜਾਂ ਹਿਤ ਇਸ ਪਰੰਪਰਾ ਦੇ ਵਿਦਵਾਨਾਂ ਨੇ ਰੁਚੀ ਦਿਖਾਈ। ਇਸ ਦੇ ਨਾਲ ਗੁਰਮਤਿ ਸੰਗੀਤ ਦੇ ਯੋਗਦਾਨੀਆਂ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦੀ ਇੱਕ ਨਵੀਂ ਸ੍ਰੇਣੀ ਸ਼ਾਮਲ ਹੋਈ। ਹੁਣ ਤਕ ਕਈ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਲਿਖਤ ਰੂਪ ਧਾਰਨ ਕਰ ਚੁੱਕੀਆਂ ਹਨ ਜੋ ਗੁਰਮਤਿ ਸੰਗੀਤ ਦੇ ਅਨਮੋਲ ਖਜਾਨੇ ਵਜੋਂ ਹਮੇਸ਼ਾ ਵਿਦਮਾਨ ਰਹਿਣਗੀਆਂ। ਇਸ ਕਾਰਜ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਰਚਨਾਕਾਰਾਂ ਵਿਚ ਰਾਗੀ ਸੁੰਦਰ ਸਿੰਘ[84] ਅਤੇ ਰਾਗੀ ਭਾਈ ਪ੍ਰੇਮ ਸਿੰਘ[85] (1914) ਆਰੰਭਲੇ ਰਚਨਾਕਾਰਾਂ ਵਜੋਂ ਪ੍ਰਮੁਖ ਹਨ। ਇਨ੍ਹਾਂ ਨੇ ਜਿੱਥੇ ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਨੂੰ ਸੁਰਲਿਪੀਬੱਧ ਕੀਤਾ ਉੱਥੇ ਹਿੰਦੁਸਤਾਨੀ ਸੰਗੀਤ ਦੀ ਭਾਤਖੰਡੇ ਸੁਰਲਿਪੀ ਦੇ ਸਮਾਨਾਂਤਰ ਮੌਲਿਕ ਸੁਰਲਿਪੀ ਵੀ ਈਜ਼ਾਦ ਕੀਤੀ।[86] ਇਨ੍ਹਾਂ ਅਰੰਭਲੇ ਰਚਨਾਕਾਰਾਂ ਤੋਂ ਬਆਦ ਸ. ਗਿਆਨ ਸਿੰਘ ਐਬਟਾਬਾਦ, ਸੰਤ ਸਰਵਣ ਸਿੰਘ ਗੰਧਰਵ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ,

ਡਾ. ਗੁਰਨਾਮ ਸਿੰਘ, ਉਸਤਾਦ ਸੁਰਜੀਤ ਸਿੰਘ, ਰਾਗੀ ਜਸਵੰਤ ਸਿੰਘ ਤੀਬਰ, ਪ੍ਰੋ. ਪਰਮਜੋਤ ਸਿੰਘ, ਡਾ. ਦਲਬੀਰ ਸਿੰਘ, ਸ. ਹਰਮਿੰਦਰ ਸਿੰਘ, ਪ੍ਰਿੰਸੀਪਲ ਸੁਖਵੰਤ ਸਿੰਘ, ਡਾ. ਕੰਵਲਜੀਤ ਸਿੰਘ, ਰਾਗੀ ਕੁਲਵੰਤ ਸਿੰਘ ਚੰਦਨ ਆਦਿ ਦੇ ਨਾਮ ਪ੍ਰਮੁਖ ਹਨ।

ਗੁਰਮਤਿ ਸੰਗੀਤ ਦੇ ਪ੍ਰਮੁਖ ਸੁਰਲਿਪੀਕਾਰ ਸ੍ਰ. ਗਿਆਨ ਸਿੰਘ ਜੀ ਐਬਟਾਬਾਦ 19ਵੀਂ ਸਦੀ ਦੇ ਅੰਤ ਵਿਚ ਹੋਏ। ਉਨ੍ਹਾਂ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਸਿਧਾਂਤ ਅਨੁਸਾਰ ਇਕ ਪੁਸਤਕ *ਗੁਰਬਾਣੀ ਸੰਗੀਤ* (ਦੋ ਭਾਗਾਂ) ਵਿਚ ਲਿਖੀ ਜੋ ਗੁਰਮਤਿ ਸੰਗੀਤ ਦੇ ਖੇਤਰ ਵਿਚ ਇਕ ਮਹੱਤਵਪੂਰਨ ਪੁਸਤਕ ਮੰਨੀ ਜਾਂਦੀ ਹੈ। ਇਸ ਪੁਸਤਕ ਵਿਚ ਆਪ ਨੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਕੀਰਤਨ ਕਰਦੇ ਆ ਰਹੇ ਰਬਾਬੀਆਂ/ਰਾਗੀਆਂ ਦੇ ਘਰਾਣੇ ਦੀਆਂ ਸੀਨਾ-ਬ-ਸੀਨਾ ਚਲਦੀਆਂ ਆ ਰਹੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਸਿੱਖਿਆ, ਇਕੱਤਰ ਕੀਤਾ ਉਪਰੰਤ ਸੁਰਲਿਪੀਬੱਧ ਕਰਕੇ ਇਕ ਅਨਮੋਲ ਸੰਗ੍ਰਹਿ ਗੁਰਮਤਿ ਸੰਗੀਤ ਦੇ ਖਜ਼ਾਨੇ ਲਈ ਸਮਰਪਿਤ ਕੀਤਾ। ਇਹ ਪੁਸਤਕ 1961 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਸ਼ਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਿਸ਼ੇਸ਼ ਹੈ।

ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਅਧੀਨ ਵੱਖ-ਵੱਖ ਗੁਰੂਆਂ ਤੇ ਸੰਤਾਂ-ਭਗਤਾਂ ਦੀ ਚੋਣਵੀਂ ਬਾਣੀ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਗੁਰੂ ਸਹਿਬਾਨ ਵਲੋਂ ਨਿਰਧਾਰਿਤ ਰਾਗਾਂ ਦੇ ਅੰਤਰਗਤ ਸੁਰਲਿਪੀਬੱਧ ਕੀਤਾ ਹੈ। ਪ੍ਰੋ. ਤਾਰਾ ਸਿੰਘ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਗੁਰਮਤਿ ਸੰਗੀਤ ਦੇ ਸਿਧਾਂਤ ਅਨੁਸਾਰ ਦਸ ਤੋਂ ਵੱਧ ਪੁਸਤਕਾਂ ਦੀ ਰਚਨਾ ਕੀਤੀ ਜੋ ਆਪਣੀ ਮਿਸਾਲ ਆਪ ਹਨ। ਆਪ ਵਲੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੇ ਕਾਰਜਾਂ ਵਿਚ *ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਗੁਰੂ ਅਮਰਦਾਸ ਰਾਗ ਰਤਨਾਵਲੀ, ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਪੜਤਾਲ ਗਾਇਕੀ, ਭਗਤ ਰਾਗ ਰਤਨਾਵਲੀ, ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ, ਗੁਰੂ ਰਾਮਦਾਸ ਰਾਗ ਰਤਨਾਵਲੀ, ਗੁਰੂ ਅੰਗਦ ਦੇਵ ਰਾਗ ਰਤਨਾਵਲੀ, ਗੁਰੂ ਅਰਜਨ ਦੇਵ ਰਾਗ ਰਤਨਾਵਲੀ, ਗੁਰੂ ਨਾਨਕ ਦੇਵ ਰਾਗ ਰਤਨਾਵਲੀ, ਗੁਰੂ ਅਮਰਦਾਸ ਰਾਗ ਰਤਨਾਵਲੀ, ਨਾਮਦੇਵ ਰਾਗ ਰਤਨਾਵਲੀ, ਰਵਿਦਾਸ*

*ਰਾਗ ਰਤਨਾਵਲੀ* ਪੁਸਤਕਾਂ ਪ੍ਰਮੁਖ ਹਨ। ਇਹ ਪੁਸਤਕਾਂ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ, ਖੋਜਾਰਥੀਆਂ, ਅਧਿਆਪਕਾਂ ਅਤੇ ਸੰਗੀਤ ਕਲਾਕਾਰਾਂ ਲਈ ਅਨਮੋਲ ਖਜ਼ਾਨੇ ਦੇ ਰੂਪ ਵਿਚ ਵਿਦਮਾਨ ਹਨ। ਪ੍ਰੋ. ਤਾਰਾ ਸਿੰਘ ਦੀਆਂ ਕਬੀਰ ਰਾਗ ਰਤਨਾਵਲੀ, ਦਸਮ ਗ੍ਰੰਥ ਅਤੇ ਸਰਬਲੋਹ ਰਾਗ ਰਤਨਾਵਲੀ ਪੁਸਤਕਾਂ ਛਪਾਈ ਅਧੀਨ ਹਨ। ਸ਼ਬਦ ਕੀਰਤਨ ਰਚਨਾਕਾਰ ਦੇ ਰੂਪ ਵਿਚ ਆਪ ਦੀ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਦੇਣ ਹੈ।

ਸੰਤ ਸਰਵਣ ਸਿੰਘ ਦੀ ਪੁਸਤਕ *ਸੁਰ ਸਿਮਰਨ ਸੰਗੀਤ* ਸੱਤ ਭਾਗਾਂ ਵਿਚ ਉਪਲੱਬਧ ਹੈ। ਇਸ ਪੁਸਤਕ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਤੋਂ ਇਲਾਵਾ ਵਿਭਿੰਨ ਭਾਰਤੀ ਰਾਗਾਂ, ਤਾਲਾਂ ਦਾ ਵੀ ਬਾਖੂਬੀ ਪ੍ਰਯੋਗ ਕੀਤਾ ਹੈ। ਲਗਪਗ 2000 ਪੰਨਿਆ ਦੀ ਇਹ ਪੁਸਤਕ ਗੁਰਮਤਿ ਸੰਗੀਤ ਸਿਧਾਂਤਕ ਤੇ ਵਿਹਾਰਕ ਪੱਖਾਂ ਦੇ ਸੰਦਰਭ ਵਿਸ਼ੇਸ਼ ਤੇ ਅਹਿਮ ਹੈ।

ਸਿੱਖ ਪੰਥ ਵਿਚ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਵੀਹਵੀਂ ਸਦੀ ਦੇ ਪ੍ਰਸਿੱਧ ਕੀਰਤਨਕਾਰ ਅਤੇ ਸੁਰਲਿਪੀਕਾਰਾਂ ਵਜੋਂ ਪ੍ਰਮੁਖ ਸਥਾਨ ਰੱਖਦੇ ਹਨ। ਆਪ ਦੀ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਨਾਮ ਦੀ ਪੁਸਤਕ (ਦੋ ਭਾਗਾਂ) ਗੁਰਮਤਿ ਸੰਗੀਤ ਪਰੰਪਰਾ ਵਿਚ ਮਹੱਤਵਪੂਰਨ ਸਥਾਨ ਰੱਖਦੀ ਹੈ। 1979 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਆਪ ਜੀ ਦੀ *ਪੁਸਤਕ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਪ੍ਰਕਾਸ਼ਿਤ ਕੀਤੀ ਗਈ ਜਿਸ ਵਿਚ ਪੁਰਾਣੀਆਂ ਸ਼ਬਦ ਕੀਰਤਨ ਰਚਨਾਵਾਂ ਦਰਜ ਹਨ।[87] ਭਾਈ ਅਵਾਤਰ ਸਿੰਘ ਗੁਰਚਰਨ ਸਿੰਘ ਨੇ ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਵਿਚ ਸੀਨਾ-ਬ-ਸੀਨਾ ਚਲੀ ਆ ਰਹੀ ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ। ਇਸ ਨਾਲ ਗੁਰਮਤਿ ਸੰਗੀਤ ਦੇ ਜਿੱਥੇ ਸਿਧਾਂਤਕ ਪੱਖ ਨੂੰ ਮਜ਼ਬੂਤੀ ਮਿਲੀ ਉੱਥੇ ਗੁਰਮਤਿ ਸੰਗੀਤ ਦੀਆਂ ਸਦੀਆਂ ਪੁਰਾਣੀਆਂ ਸ਼ਬਦ ਰਚਨਾਵਾਂ ਨੂੰ ਵੀ ਸੰਭਾਲਿਆ। ਇਹ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ, ਸਿਖਿਆਰਥੀਆਂ, ਅਧਿਆਪਕਾਂ ਅਤੇ ਰਾਗੀਆਂ ਲਈ ਬਹੁਤ ਹੀ ਅਣਮੁੱਲਾ ਖਜ਼ਾਨਾ ਹੈ।

ਪ੍ਰਿੰਸੀਪਲ ਦਿਆਲ ਸਿੰਘ ਸਿੱਖ ਜਗਤ ਦੇ ਪ੍ਰਮੁਖ ਗੁਰਮਤਿ ਸੰਗੀਤਾਚਾਰੀਆ, ਸੁਰਲਿਪੀਕਾਰ ਅਤੇ ਕੀਰਤਨਕਾਰ ਹੋਏ ਹਨ। ਆਪ ਨੇ ਸ੍ਰ. ਗਿਆਨ ਸਿੰਘ ਐਬਟਾਬਾਦ ਨਾਲ ਮਿਲ ਕੇ ਗੁਰੂ ਕਾਲ ਤੋਂ ਕੀਰਤਨ ਕਰਦੇ ਆਉਂਦੇ ਰਬਾਬੀਆਂ ਰਾਗੀਆਂ ਦੀਆਂ ਸੀਨਾ-ਬ-ਸੀਨਾ ਚਲੀਆਂ ਆ ਰਹੀਆਂ ਸ਼ਬਦ

ਕੀਰਤਨ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ। ਆਪ ਗੁਰਮਤਿ ਸੰਗੀਤ ਦੇ ਖੇਤਰ ਵਿਚ ਪੁਰਾਤਨ, ਪ੍ਰਸਿੱਧ ਪਹਿਲੇ ਸੁਰਲਿਪੀਕਾਰ ਵਜੋਂ ਪ੍ਰਸਿੱਧ ਹਨ। ਗੁਰਮਤਿ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਆਪ ਦੀਆਂ ਅਹਿਮ ਮਹੱਤਵਪੂਰਨ ਪੁਸਤਕਾਂ ਵਿਚ ਪਹਿਲੀ ਪੁਸਤਕ *ਗੁਰਮਤਿ ਸੰਗੀਤ ਸ਼ਾਸਤਰ ਆਸਾ ਦੀ ਵਾਰ ਤੇ ਸ਼ਬਦ 1983 ਵਿਚ* ਪ੍ਰਕਾਸ਼ਿਤ ਹੋਈ। ਦੂਜੀ ਪੁਸਤਕ *ਗੁਰਮਤਿ ਸੰਗੀਤ ਸਾਗਰ* ਜੋ ਵੱਖ-ਵੱਖ ਚਾਰ ਭਾਗਾਂ ਵਿਚ ਪ੍ਰਕਾਸ਼ਿਤ ਹੋਈ ਜਿਸ ਦਾ ਪਹਿਲਾ ਭਾਗ 1983, ਦੂਜਾ 1988, ਤੀਜਾ 1991 ਅਤੇ ਚੌਥਾ 1996 ਵਿਚ ਪ੍ਰਕਾਸ਼ਿਤ ਹੋਇਆ। ਇਨ੍ਹਾਂ ਪੁਸਤਕਾਂ ਵਿਚ ਆਪ ਨੇ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਅਹਿਮ ਪੱਖਾਂ ਨੂੰ ਬੜੇ ਸੁਚੱਜੇ ਤਰੀਕੇ ਨਾਲ ਪੇਸ਼ ਕੀਤਾ ਹੈ। ਆਪਣੀ ਪਹਿਲੀ ਪੁਸਤਕ ਵਿਚ ਆਪ ਨੇ ਗੁਰਮਤਿ ਸੰਗੀਤ ਪਰੰਪਰਾ ਦੀ ਪਰੰਪਰਾਗਤ ਕੀਰਤਨ ਚੌਕੀ *ਆਸਾ ਦੀ ਵਾਰ* ਨੂੰ ਸੁਰਲਿਪੀਬੱਧ ਕੀਤਾ ਹੈ ਜਿਸ ਵਿਚ ਧਰੁਪਦ ਅਤੇ ਖਿਆਲ ਅੰਗ ਤੋਂ ਸ਼ਬਦ ਰਚਨਾਵਾਂ ਵੀ ਸ਼ਾਮਲ ਕੀਤੀਆਂ ਹਨ। ਸ਼ਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਪ੍ਰਿੰਸੀਪਲ ਦਿਆਲ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ।

ਸਿੱਖ ਸੰਗੀਤ ਜਗਤ ਵਿਚ ਰਾਗੀ ਜਸਵੰਤ ਸਿੰਘ ਤੀਬਰ ਗੁਰਮਤਿ ਸੰਗੀਤ ਵਿਦਵਾਨ, ਸ਼ਬਦ ਸੁਰਲਿਪੀਕਾਰ ਅਤੇ ਕੀਰਤਨਕਾਰ ਸਨ। ਆਪ ਨੇ *ਸੰਗੀਤ ਸਾਗਰ* ਪੁਸਤਕ ਲਿਖੀ ਜਿਸ ਨੂੰ ਦਮਦਮੀ ਟਕਸਾਲ ਜਥਾ ਭਿੰਡਰਾਂ, ਮਹਿਤਾ ਅੰਮ੍ਰਿਤਸਰ ਨੇ ਸੰਨ 1986 ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਵਿਚ ਸੁਰਲਿਪੀ ਦੇ ਚਿੰਨ੍ਹ, ਕੀਰਤਨ, ਪੁਸਤਕ ਵਿਚ ਆਏ ਤਾਲਾਂ ਦੇ ਬੋਲ, ਆਰਤੀ, ਲਾਵਾਂ, ਭਾਰਤੀ ਅਤੇ ਗੁਰਮਤਿ ਸੰਗੀਤ ਦੇ 99 ਰਾਗਾਂ ਵਿਚ 441 ਸ਼ਬਦ ਕੀਰਤਨ ਰਚਨਾਵਾਂ ਆਦਿ ਦਰਜ਼ ਹਨ। ਸ਼ਬਦ ਕੀਰਤਨ ਰਚਨਾਕਾਰ ਦੇ ਰੂਪ ਵਿਚ ਰਾਗੀ ਭਾਈ ਜਸਵੰਤ ਸਿੰਘ ਦੀ ਗੁਰਮਤਿ ਸੰਗੀਤ ਦੇ ਅਨੁਯਾਈਆਂ ਨੂੰ ਵਿਸ਼ੇਸ਼ ਦੇਣ ਹੈ।

ਗੁਰਮਤਿ ਸੰਗੀਤ ਦੇ ਪ੍ਰਮੁਖ ਗੁਰਮਤਿ ਸੰਗੀਤਾਚਾਰੀਆ ਪ੍ਰੋਫ਼ੈਸਰ ਕਰਤਾਰ ਸਿੰਘ ਸੁਰਲਿਪੀਕਾਰ ਅਤੇ ਪ੍ਰਸਿੱਧ ਕੀਰਤਨਕਾਰ ਹਨ। ਗੁਰਮਤਿ ਸੰਗੀਤ ਦੇ ਸਿਰਮੌਰ ਵਿਦਵਾਨਾਂ ਵਿਚ ਆਪ ਦਾ ਨਾਂ ਸ਼ਾਮਲ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿਚ ਪ੍ਰੋਫ਼ੈਸਰ ਕਰਤਾਰ ਸਿੰਘ ਨੇ ਤਿੰਨ ਪੁਸਤਕਾਂ ਲਿਖੀਆਂ ਹਨ। ਆਪ ਦੀ ਪਹਿਲੀ ਪੁਸਤਕ *ਗੁਰਬਾਣੀ ਸੰਗੀਤ ਦਰਪਣ* ਦਾ ਪ੍ਰਕਾਸ਼ਨ 1996 ਵਿਚ ਹੋਇਆ। ਉਪਰੰਤ *ਗੁਰੂ ਅੰਗਦ ਦੇਵ ਸੰਗੀਤ ਦਰਪਣ 2004* ਵਿਚ ਪ੍ਰਕਾਸ਼ਿਤ ਹੋਈ। ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ

ਦੀ ਪ੍ਰਕਾਸ਼ਨਾ ਦੇ ਖੇਤਰ ਵਿਚ ਪ੍ਰੋਫ਼ੈਸਰ ਕਰਤਾਰ ਸਿੰਘ ਦੀਆਂ ਇਹ ਆਪਣੀਆਂ ਮੌਲਿਕ, ਪ੍ਰੋਢ ਤੇ ਪ੍ਰਮਾਣਿਕ ਰਚਨਾਵਾਂ ਹਨ। ਆਪ ਨੇ ਭਾਰਤੀ ਅਤੇ ਗੁਰਮਤਿ ਸੰਗੀਤ ਦੇ ਰਾਗਾਂ ਵਿਚ ਸ਼ਬਦ ਕੀਰਤਨ ਰਚਨਾਵਾਂ ਨੂੰ ਸਮੂਹ ਕੀਰਤਨ ਪ੍ਰੇਮੀਆਂ ਸਾਹਮਣੇ ਪ੍ਰਸਤੁਤ ਕੀਤਾ ਹੈ ਅਤੇ ਗੁਰੂ ਆਦੇਸ਼ ਅਨੁਸਾਰ ਗੁਰਮਤਿ ਸਿਧਾਂਤ ਅਨੁਸਾਰ ਕੀਰਤਨ ਕਰਨ-ਸੁਣਨ-ਸਿਖਣ ਦੀ ਪ੍ਰੇਰਨਾ ਦਿੱਤੀ ਹੈ। ਵਰਤਮਾਨ ਸਮੇਂ ਆਪ ਵਲੋਂ ਕੀਤਾ ਜਾ ਰਿਹਾ ਕਾਰਜ ਗੁਰਮਤਿ ਸੰਗੀਤ ਕੀਰਤਨੀ ਭੰਡਾਰ ਲਈ ਵਡਮੁੱਲੀ ਦੇਣ ਹੋਵੇਗੀ।

ਵਰਤਮਾਨ ਸਮੇਂ ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਕਈ ਮੀਲ ਪੱਥਰ ਸਥਾਪਿਤ ਕੀਤੇ। ਸ਼ਬਦ ਕੀਰਤਨ ਰਚਨਾਕਾਰ ਦੇ ਤੌਰ 'ਤੇ ਆਪ ਨੇ 13 ਪੁਸਤਕਾਂ ਲਿਖੀਆਂ ਹਨ। ਆਪ ਦੀ ਪਹਿਲੀ ਸੰਪਾਦਕ ਕੀਤੀ ਪੁਸਤਕ *ਗੁਰਮਤ ਸੰਗੀਤ : ਵਿਭਿੰਨ ਪਰਿਪੇਖ* ਹੈ। ਉਪਰੰਤ *ਗੁਰਮਤਿ ਸੰਗੀਤ : ਰਾਗ ਰਤਨਾਵਲੀ* ਪੁਸਤਕ (ਹਿੰਦੀ ਵਿਚ), 1997 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕੱਤੀ ਮੁੱਖ ਰਾਗ ਅਤੇ ਇਕੱਤੀ ਮਿਸ਼ਰਤ ਰਾਗਾਂ ਵਿਚ (ਸ਼ਬਦ ਕੀਰਤਨ ਰਚਨਾਵਾਂ) ਦਰਜ ਹਨ। *ਗਾਇਨ ਬੰਦਸ਼ਾਵਲੀ* ਪੁਸਤਕ ਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸੰਨ 1999 ਵਿਚ ਕੀਤਾ। ਇਸ ਪੁਸਤਕ ਵਿਚ ਪੰਡਿਤ ਸੋਮਰਾਜ ਪਟਿਆਲੇ ਵਾਲੇ, ਭਾਈ ਉੱਤਮ ਸਿੰਘ, ਡਾ. ਦਰਸ਼ਨ ਸਿੰਘ ਨਰੂਲਾ, ਪ੍ਰੋਫ਼ੈਸਰ ਓ.ਪੀ. ਮੰਗੋਤਰਾ, ਪ੍ਰੋਫ਼ੈਸਰ ਤਾਰਾ ਸਿੰਘ ਅਤੇ ਪਦਮ ਸ੍ਰੀ ਉਸਤਾਦ ਸੋਹਣ ਸਿੰਘ ਦੀਆਂ ਸ਼ਬਦ ਰਚਨਾਵਾਂ ਦਰਜ਼ ਹਨ। ਗੁਰਮਤਿ ਸੰਗੀਤ ਦੇ ਵਿਹਾਰਕ ਅਤੇ ਸਿਧਾਂਤਕ ਸਰੂਪ ਨੂੰ ਪ੍ਰਤੱਖ ਰੁਪ ਵਿਚ ਸਮਝਾਉਣ ਹਿਤ ਆਪ ਦੀ *ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ* ਪੁਸਤਕ ਵਿਸ਼ੇਸ਼ ਹੈ। ਇਸ ਪੁਸਤਕ ਵਿਚ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਕਿਰਿਆਤਮਕ ਦੋਵੇਂ ਹੀ ਪੱਖ ਬੜੇ ਵਿਸਥਾਰ ਸਹਿਤ ਵਰਨਣ ਕੀਤੇ ਗਏ ਹਨ। *Sikh Musicology* (Sri Guru Granth Sahib and Humans of the Human Spirit, Englsih and Hindi), ਪੁਸਤਕ 2001 ਵਿਚ ਪ੍ਰਕਾਸ਼ਿਤ ਹੋਈ। *ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ* ਪੁਸਤਕ ਦਾ ਪ੍ਰਕਾਸ਼ਨ ਧਰਮ ਪ੍ਰਚਾਰ ਕਮੇਟੀ ਨੇ ਸੰਨ 2005 ਵਿਚ ਕੀਤਾ ਹੈ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕੱਤੀ ਮੁੱਖ ਰਾਗ ਅਤੇ ਇਕੱਤੀ ਮਿਸ਼ਰਤ ਰਾਗਾਂ ਵਿਚ ਸ਼ਬਦ ਰਚਨਾਵਾਂ ਦਰਜ ਹਨ। ਇਸ ਤੋ ਇਲਾਵਾ 2012 ਵਿਚ ਗੁਰੂ ਅਰਜਨ ਬਾਣੀ ਰਾਗ ਰਤਨਾਕਰ ਤੇ ਗੁਰ ਸ਼ਬਦ ਰਾਗ ਰਤਨਾਕਰ, 2014

ਵਿਚ ਬਸੰਤ : ਸ਼ਬਦ ਕੀਰਤਨ, 2015 ਵਿਚ ਗੁਰ ਸ਼ਬਦ ਕੀਰਤਨ ਪ੍ਰਵੇਸਿਕਾ ਪ੍ਰਕਾਸ਼ਿਤ ਹੋਈਆਂ ਇਨ੍ਹਾਂ ਪੁਸਤਕਾਂ ਦੇ ਵਿਚ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ।

ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਦੇ ਅਧਾਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਜੀ ਦੇ ਇਕੱਤੀ ਮੁੱਖ ਰਾਗ ਅਤੇ ਇਕੱਤੀ ਰਾਗ ਪ੍ਰਕਾਰਾਂ ਨੂੰ ਜਿੱਥੇ ਸੁਰਲਿਪੀਬਧ ਕੀਤਾ ਉੱਥੇ ਉਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਗਾ ਕੇ ਸੰਗਤਾਂ ਦੇ ਸਨਮੁੱਖ ਵੀ ਰੱਖਿਆ। ਗੁਰਮਤਿ ਸੰਗੀਤ ਨੂੰ ਵਿਸ਼ਵ ਅਕਾਦਮਿਕ ਪੱਧਰ 'ਤੇ ਇਕ ਸੰਗੀਤ ਵਿਸ਼ੇ ਵਜੋਂ ਵਿਕਸਿਤ ਤੇ ਸਥਾਪਿਤ ਕੀਤਾ ਹੈ। ਵਰਤਮਾਨ ਸਮੇਂ ਆਪ ਸੁਦ੍ਰਿੜ ਇਰਾਦੇ ਨਾਲ ਗੁਰਮਤਿ ਸੰਗੀਤ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਹਨ।

ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਉਸਤਾਦ ਸੁਰਜੀਤ ਸਿੰਘ ਦਾ ਨਾਮ ਵਿਸ਼ੇਸ਼ ਹੈ। ਆਪ ਦੀ ਪਹਿਲੀ ਪੁਸਤਕ *ਗੁਰਮਤਿ ਸੰਗੀਤ ਪੱਧਤੀ ਵਿਚ ਗਉੜੀ ਦੇ ਪਰਕਾਰ* ਦੂਜੀ *ਰਾਗਮਾਲਾ ਰਤਨਾਕਰ* ਤੇ ਤੀਜੀ *ਦਸਮ ਗੁਰੂ ਗਿਰਾ ਸੰਗੀਤ ਛੰਦ* ਹੈ। ਲੇਖਕ ਨੇ ਆਪਣੀ ਪਹਿਲੀ ਪੁਸਤਕ *ਗੁਰਮਤਿ ਸੰਗੀਤ ਪੱਧਤੀ ਵਿਚ 'ਗਉੜੀ ਦੇ ਪਰਕਾਰ'* ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ *ਰਾਗ ਗਉੜੀ* ਅਤੇ ਉਸ ਦੇ 11 ਪ੍ਰਕਾਰਾਂ ਵਿਚ ਅੰਕਿਤ ਗੁਰੂਆਂ ਤੇ ਭਗਤਾਂ ਦੀ ਬਾਣੀ ਦੀਆਂ 46 ਸ਼ਬਦ ਕੀਰਤਨ ਰਚਨਾਵਾਂ ਨੂੰ ਗਉੜੀ ਅਤੇ ਗਉੜੀ ਦੇ ਪ੍ਰਕਾਰਾਂ ਅਧੀਨ ਕੁੱਲ 13 ਰਾਗਾਂ ਵਿਚ ਸੁਰਲਿਪੀਬੱਧ ਕੀਤਾ ਹੈ। ਆਪ ਦੀ ਦੂਜੀ ਪੁਸਤਕ *ਰਾਗਮਾਲਾ ਰਤਨਾਕਰ* ਵਿਚ ਕੁੱਲ 30 ਬੰਦਿਸ਼ਾਂ ਹਨ ਜਿਨ੍ਹਾਂ ਵਿਚੋਂ 25 ਸ਼ਬਦ ਕੀਰਤਨ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀਆਂ, ਦੋ ਭਾਈ ਗੁਰਦਾਸ ਦੀਆਂ ਵਾਰਾਂ ਤੇ ਸ਼ਬਦ ਅਤੇ ਤਿੰਨ ਕਵਿਤਾਵਾਂ ਦੀਆਂ ਬੰਦਿਸ਼ਾਂ ਸ਼ਾਮਿਲ ਹਨ। ਇਸ ਪੁਸਤਕ ਵਿਚਲੀ ਹਰੇਕ ਸ਼ਬਦ ਕੀਰਤਨ ਰਚਨਾ ਨੂੰ *ਗੁਲਦਸਤਾ* ਰੂਪ ਵਿਚ ਨਿਬੱਧ ਕੀਤਾ ਹੈ।

ਇਨ੍ਹਾਂ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਹੋਰ ਸ਼ਬਦ ਕੀਰਤਨ ਰਚਨਾਕਾਰ ਵੀ ਨਿਰੰਤਰ ਆਪਣਾ ਯੋਗਦਾਨ ਪਾ ਰਿਹੇ ਹਨ ਜਿਨ੍ਹਾਂ ਵਿਚ ਪ੍ਰੋ. ਦਲਬੀਰ ਸਿੰਘ (ਯੂ. ਐਸ. ਏ.), ਡਾ. ਕਵੰਲਜੀਤ ਸਿੰਘ, ਡਾ. ਜਬਰਜੰਗ ਸਿੰਘ, ਡਾ. ਅਲੰਕਾਰ ਸਿੰਘ, ਭਾ. ਜਗਜੀਤ ਸਿੰਘ ਕੋਹਾੜਕਾ, ਡਾ. ਮਨਪ੍ਰੀਤ ਸਿੰਘ (ਯੂ.ਐਸ.ਏ.), ਰਾਗੀ ਕੁਲਵੰਤ ਸਿੰਘ ਚੰਦਨ ਆਦਿ। ਇਨ੍ਹਾਂ ਰਚਨਾਕਾਰਾਂ ਨੇ ਸਮੇਂ ਸਮੇਂ 'ਤੇ ਪਰੰਪਰਾਗਤ ਅਤੇ ਮੌਲਿਕ ਸ਼ਬਦ ਕੀਰਤਨ ਰਚਨਾਵਾਂ ਦੇ ਸੰਗ੍ਰਹਿ ਲਿਖੇ ਤੇ ਆਉਣ ਵਾਲੀ ਪੀੜੀ ਲਈ

ਸੁਰੱਖਿਅਤ ਕੀਤੇ। ਹੋਰ ਵੀ ਗੁਰਮਤਿ ਸੰਗੀਤ ਪਰੰਪਰਾ ਦੇ ਨੌਜਵਾਨ ਵਿਦਵਾਨ ਇਸ ਦਿਸ਼ਾ ਵਿਚ ਨਿਰੰਤਰ ਕਾਰਜਸ਼ੀਲ ਹਨ।

ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਜਿੱਥੇ ਸਾਡੇ ਕੋਲ ਰਚਨਾਕਾਰਾਂ ਦੇ ਸੁਰਲਿਪੀਬੱਧ ਲਿਖਤ ਕਾਰਜ ਉਪਲੱਬਧ ਹਨ ਉੱਥੇ ਵਿਭਿੰਨ ਕੀਰਤਨੀਆਂ ਦੀਆਂ ਆਡੀਓ ਵੀਡੀਓ ਰਿਕਾਰਡਿੰਗ ਵੀ ਵਿਸ਼ੇਸ਼ ਹਨ। ਇਨ੍ਹਾਂ ਦੀ ਉਪਲੱਬਧਤਾ ਸਾਨੂੰ ਕੈਸਟਸ, ਸੀਡੀਜ਼.,ਵੀਡੀਓਜ਼ ਕੈਸਟ ਤੇ ਸੀਡੀਜ਼ ਦੇ ਰੂਪ ਵਿਚ, ਇੰਟਰਨੈੱਟ ਆਦਿ ਤੋਂ ਪ੍ਰਾਪਤ ਹੁੰਦੀ ਹੈ। ਅਨੇਕਾਂ ਹੀ ਕੀਰਤਨੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਬਦਾਂ ਦੀਆਂ ਵਿਭਿੰਨ ਰਿਕਾਰਡਿੰਗਜ਼ ਕਰਵਾਈਆਂ ਹਨ। ਪੁਰਾਤਨ ਰਿਕਾਰਡਿੰਗਜ਼ ਦੇ ਸੰਦਰਭ ਵਿਚ ਇੰਟਰਨੈਟ 'ਤੇ 1905/1915 ਦੇ ਲਾਗੇ ਦੇ ਸ਼ਬਦਾਂ ਕੀਰਤਨ ਪ੍ਰਾਪਤ ਹੋ ਜਾਂਦਾ ਹੈ।[88] ਭਾਈ ਸਾਈਂ ਦਿੱਤਾ ਜੀ[89], ਰਬਾਬੀ ਭਾਈ ਤਾਬਾ ਜੀ[90], ਭਾਈ ਸੁਮੰਦ ਸਿੰਘ ਜੀ[91], ਰਬਾਬੀ ਭਾਈ ਲਾਲ ਜੀ[92], ਭਾਈ ਗਿਆਨ ਸਿੰਘ ਅਲਮਸਤ[93], ਭਾਈ ਸੁਰਜਨ ਸਿੰਘ[94], ਭਾਈ ਅਵਤਾਰ ਸਿੰਘ ਗੁਰਚਰਨ ਸਿੰਘ[95], ਭਾਈ ਠਾਕੁਰ ਸਿੰਘ ਅਲਮਸਤ[96], ਭਾਈ ਗੋਪਾਲ ਸਿੰਘ[97], ਭਾਈ ਸੰਤਾ ਸਿੰਘ ਜੀ[98], ਗਿਆਨੀ ਗਿਆਨ ਸਿੰਘ ਐਬਟਾਬਾਦ[99] ਭਾਈ ਦਰਸ਼ਨ ਸਿੰਘ ਕੋਮਲ[100], ਸੰਤ ਸਵਰਨ ਸਿੰਘ ਗੰਧਰਵ[101], ਭਾਈ ਧਰਮ ਸਿੰਘ ਜ਼ਖਮੀ[102], ਭਾਈ ਜੋਗਿੰਦਰ ਸਿੰਘ ਭਾਈ ਮਹਿੰਦਰ ਸਿੰਘ[103], ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ[104], ਰਾਗੀ ਭਾਈ ਗੁਰਮੇਜ਼ ਸਿੰਘ[105], ਭਾਈ ਬਖਸ਼ੀਸ਼ ਸਿੰਘ ਪਟਿਆਲੇ ਵਾਲੇ[106], ਰਾਗੀ ਭਾਈ ਜਸਵੰਤ ਸਿੰਘ[107], ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਭਾਈ ਨਿਰਮਲ ਸਿੰਘ 'ਪਦਮ ਸ੍ਰੀ', ਭਾਈ ਹਰਜਿੰਦਰ ਸਿੰਘ ਆਦਿ ਦੀਆਂ ਰਿਕਾਰਡਿੰਗਜ਼ ਸਾਨੂੰ ਪ੍ਰਾਪਤ ਹੋ ਜਾਂਦੀਆਂ ਹਨ।

ਗੁਰਮਤਿ ਸੰਗੀਤ ਵਿਚ ਵਰਤਮਾਨ ਸਮੇਂ ਕਈ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਲਿਖਤ ਅਤੇ ਆਡੀਓ ਵੀਡੀਓ ਦੇ ਰੂਪ ਵਿਚ ਉਪਲਬੱਧ ਹਨ ਜੋ ਗੁਰਮਤਿ ਸੰਗੀਤ ਦਾ ਅਨਮੋਲ ਖ਼ਜਾਨਾ ਹੈ। ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਰਚਨਾਕਾਰਾਂ ਤੋਂ ਬਆਦ ਇਸ ਪਰੰਪਰਾ ਦੇ ਪ੍ਰਮੁਖ ਯੋਗਦਾਨੀਆਂ ਵਿਚ ਗੁਰਮਤਿ ਸੰਗੀਤ ਸਿਧਾਂਤਕਾਰਾਂ ਦਾ ਅਹਿਮ ਸਥਾਨ ਰਿਹਾ ਹੈ।

**1.2.4 ਗੁਰਮਤਿ ਸੰਗੀਤ ਦੇ ਪ੍ਰਮੁਖ ਸਿਧਾਂਤਕਾਰ:** ਗੁਰਮਤਿ ਸੰਗੀਤ ਦਾ ਸਿਧਾਂਤਕ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਵਿਚ ਰਾਗ, ਰਹਾਉ, ਅੰਕ, ਵਿਭਿੰਨ ਗਾਇਨ ਸ਼ੈਲੀਆਂ, ਸਿਰਲੇਖ, ਸੰਕੇਤ ਆਦਿ

ਬਾਣੀ ਪ੍ਰਵਾਹ ਅਧੀਨ ਅੰਕਿਤ ਹਨ। ਇਹ ਸਿਧਾਂਤ ਗੁਰੂ ਸਾਹਿਬ ਨੇ ਸਾਨੂੰ ਖੁਦ ਲਿਖਤ ਰੂਪ ਵਿਚ ਪ੍ਰਦਾਨ ਕੀਤਾ ਅਤੇ ਦਸ ਗੁਰੂ ਸਾਹਿਬਾਨ ਨੇ ਵਿਹਾਰਕ ਰੂਪ ਵਿਚ ਇਸ ਦਾ ਪ੍ਰਚਲਨ ਵੱਖ-ਵੱਖ ਸਥਾਨਾਂ `ਤੇ ਕਰਵਾਇਆ। ਗੁਰੂ ਸਾਹਿਬਾਨਾਂ ਤੋਂ ਬਾਅਦ ਸਿਧਾਂਤਕਾਰਾਂ ਦੀ ਸ਼੍ਰੇਣੀ ਅਸਲ ਵਿਚ 20ਵੀਂ ਸਦੀ ਦੇ ਪ੍ਰਾਰੰਭ ਤੋਂ ਸ਼ੁਰੂ ਹੁੰਦੀ ਹੈ ਜਿਸ ਵਿਚ, ਡਾ. ਚਰਨ ਸਿੰਘ ਸ਼ਹੀਦ, ਭਾਈ ਵੀਰ ਸਿੰਘ, ਡਾ. ਬਲਬੀਰ ਸਿੰਘ, ਭਾਈ ਸੁੰਦਰ ਸਿੰਘ ਤੇ ਰਾਗੀ ਭਾਈ ਪ੍ਰੇਮ ਸਿੰਘ, ਮਾਸਟਰ ਮੋਹਨ ਸਿੰਘ ਮੁਢਲੇ ਤੇ ਵਿਸ਼ੇਸ਼ ਵਰਨਣਯੋਗ ਹੈ। ਭਾਰਤ ਦੀ ਅਜਾਦੀ ਪੂਰਵ ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਵਿਹਾਰਕ ਸਬੰਧੀ ਕਾਰਜ ਵਿਭਿੰਨ ਪੁਸਤਕਾਂ ਦੇ ਸੰਗ੍ਰਹਿ ਦੇ ਰੂਪ ਵਿਚ *ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ* ਦੇ ਅੰਤਰਗਤ ਦਰਜ਼ ਹੈ। ਇਹ ਪੁਸਤਕ ਚੀਫ਼ ਖਾਲਸਾ ਦੀਵਾਨ ਵਲੋਂ 1958 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਕਰਵਾਈ ਗਈ। ਇਸ ਪੁਸਤਕ ਤੇ ਅੰਤਰਗਤ ਗੁਰਮਤਿ ਸੰਗੀਤ ਤੇ ਮੁਢਲੇ ਕਾਰਜਾਂ ਦੇ ਰੂਪ ਵਿਚ ਹੋਏ ਕਾਰਜਾਂ ਦਾ ਇੱਕਤਰੀਕਰਨ ਕੀਤਾ ਗਿਆ ਹੈ। ਇਸ ਪੁਸਤਕ ਅਧੀਨ ਉਕਤ ਵਰਣਿਤ ਮੁਢਲੇ ਵਿਦਵਾਨਾਂ ਨੇ ਇਸ ਪਰੰਪਰਾ ਨੂੰ ਸਮਝਣ ਹਿਤ ਵਿਸ਼ੇਸ਼ ਸ਼ਿਲਾਘਾਯੋਗ ਕਾਰਜ ਕੀਤਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਸੁਰਲਿਪੀਵੱਧ ਕਾਰਜ ਆਰੰਭੇ ਉਹ ਇਸ ਸੰਗੀਤ ਪਰੰਪਰਾ ਦੇ ਸਿਧਾਂਤਕਾਂ ਲਈ ਵੀ ਜਾਗਰੂਕ ਸਨ। ਭਾਈ ਸੁੰਦਰ ਸਿੰਘ ਤੇ ਭਾਈ ਪ੍ਰੇਮ ਸਿੰਘ ਨੇ ਵੱਖ ਵੱਖ ਰਾਗਾਂ, ਤਾਲਾਂ ਆਦਿ ਦਾ ਵਰਣਨ ਆਪਣੀ ਲਿਖਤ *'ਗੁਰਮਤਿ ਸੰਗੀਤ'* ਅਤੇ 'ਗੁਰਮਤਿ ਰਤਨ ਸੰਗੀਤ ਭੰਡਾਰ' ਅਧੀਨ ਕੀਤਾ। ਮੁਢਲੇ ਗੁਰਮਤਿ ਸੰਗੀਤ ਵਿਦਵਾਨਾਂ ਤੋਂ ਬਆਦ ਗੁਰਮਤਿ ਸੰਗੀਤ ਦੇ ਸਿਧਾਂਤਕ ਕਾਰਜ 1960 ਤੋਂ ਬਆਦ ਲਿਖਤ ਰੂਪ ਵਿਚ ਆਏ।

ਗੁਰਮਤਿ ਸੰਗੀਤ ਦੇ ਸਿਧਾਂਤਕਾਰਾਂ ਵਿਚ ਗਿਆਨ ਸਿੰਘ ਐਬਟਾਬਾਦ[108]ਦਾ ਨਾਮ ਪ੍ਰਮੁਖ ਰੂਪ ਵਿਚ ਆਉਂਦਾ ਹੈ। ਆਪ ਨੇ ਜਿੱਥੇ ਸ਼ਬਦ ਕੀਰਤਨ ਰਚਨਾਵਾਂ ਦੇ ਖੇਤਰ ਵਿਚ ਆਪਣਾ ਅਹਿਮ ਯੋਗਦਾਨ ਪਾਇਆ ਹੈ ਉੱਥੇ ਇਸ ਪਰੰਪਰਾ ਦੀ ਸਿਧਾਂਤਕਤਾ ਦੇ ਹਿਤ ਵੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਆਪ ਨੇ ਆਪਣੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਗੁਰਮਤਿ ਸੰਗੀਤ ਦੇ ਵਿਧਾਨ, ਨਿਰਧਾਰਿਤ ਰਾਗ ਅਤੇ ਸ਼ਬਦ ਰੀਤ ਦੇ ਅੰਤਰਗਤ ਸੁਰਲਿਪੀਬਧ ਕੀਤਾ ਹੈ।

ਇਸੇ ਤਰ੍ਹਾਂ ਪ੍ਰੋ. ਤਾਰਾ ਸਿੰਘ[109] ਨੇ ਗੁਰਮਤਿ ਸੰਗੀਤ ਦੇ ਇਸ ਪੱਖ ਨੂੰ ਇਸ ਕਦਰ ਮਜ਼ਬੂਤ ਕੀਤਾ ਕਿ ਅਜਿਹਾ ਕਹਿਣ ਵਿਚ ਕੋਈ ਅਤਿਕਥਨੀ ਕਿ ਆਪ ਨੇ ਗੁਰਮਤਿ ਸੰਗੀਤ ਦੀ ਸਿਧਾਂਤਕਤਾ ਨੂੰ ਅਧਾਰ ਪ੍ਰਦਾਨ ਕੀਤਾ। ਆਪ ਦੀਆਂ ਪ੍ਰਕਾਸ਼ਿਤ ਡੇਢ ਦਰਜ਼ਨ ਤੋਂ ਜ਼ਿਆਦਾ ਪੁਸਤਕਾਂ ਪ੍ਰਕਾਸ਼ਿਤ ਤੇ ਆਪ੍ਰਕਾਸ਼ਿਤ ਰੂਪ ਵਿਚ ਪ੍ਰਾਪਤ ਹੁੰਦੀਆ ਹਨ। ਇਨ੍ਹਾਂ ਪੁਸਤਕਾਂ ਦੀ ਪ੍ਰਕਸ਼ਨਾ ਵਿਚ ਗੁਰਮਤਿ ਸੰਗੀਤ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦਾ ਅਨੁਸਰਣ ਸਹਿਜੇ ਦੇਖਿਆ ਜਾ ਸਕਦਾ ਹੈ। ਗੁਰਮਤਿ ਸੰਗੀਤ ਦੇ ਸਿਧਾਂਤ ਸਮਝਣ ਹਿਤ ਇਹ ਪੁਸਤਕਾਂ ਪ੍ਰਮੁਖ ਸਾਧਨ ਵਜੋਂ ਵਿਦਮਾਨ ਹਨ। ਪ੍ਰੋ. ਤਾਰਾ ਸਿੰਘ ਨੇ ਗੁਰਮਤਿ ਸੰਗੀਤ ਦੇ ਸਿਧਾਂਤਕ ਕਾਰਜ ਸਿਰਫ ਲਿਖਤ ਰੂਪ ਵਿਚ ਹੀ ਨਹੀਂ ਕੀਤੇ ਸਗੋਂ ਉਨ੍ਹਾਂ ਨੇ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਕੀਰਤਨ ਦੀ ਸਿਖਲਾਈ ਵੀ ਵਿਦਿਆਰਥੀਆਂ ਨੂੰ ਦਿੱਤੀ। ਆਪ ਦੇ ਵਿਦਿਆਰਥੀਆਂ ਦਾ ਵੱਡਾ ਕਾਫਲਾ ਹੈ ਜਿਨ੍ਹਾਂ ਵਿਚ ਵਿਸ਼ਵ ਵਿਚ ਗੁਰਮਤਿ ਸੰਗੀਤ ਦੀ ਪਛਾਣ ਵਾਲੇ ਡਾ. ਗੁਰਨਾਮ ਸਿੰਘ ਤੋਂ ਇਲਾਵਾ ਡਾ. ਨਿਵੇਦਿਤਾ ਸਿੰਘ, ਡਾ. ਜਬਰਜੰਗ ਸਿੰਘ, ਡਾ. ਅਲੰਕਾਰ ਸਿੰਘ ਆਦਿ ਦੇ ਨਾਮ ਪ੍ਰਮੁਖ ਹਨ।

ਇਸੇ ਦਿਸ਼ਾ ਵਿਚ ਸੰਤ ਸਰਵਣ ਸਿੰਘ ਗੰਧਰਵ ਸੁਰ ਸਿਮਰਣ ਸੰਗੀਤ (ਇੱਕ ਤੋਂ ਸੱਤ ਭਾਗ) ਰਾਹੀਂ ਜਿੱਥੇ ਲਿਖਤ ਰੂਪ ਵਿਚ ਸਿਧਾਂਤਕ ਕਾਰਜ਼ ਕੀਤਾ ਹੈ ਉੱਥੇ ਆਪ ਨੇ ਡੁਮੇਲੀ ਵਿਖੇ ਗੁਰਮਤਿ ਸੰਗੀਤ ਲੰਬੇ ਸਮੇਂ ਸਿਧਾਂਤਕ ਤੇ ਵਿਹਾਰਕ ਸਿੱਖਿਆ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ। ਪ੍ਰਿੰਸੀਪਲ ਦਿਆਲ ਸਿੰਘ ਨੇ ਗੁਰਬਾਣੀ ਸੰਗੀਤ (ਚਾਰ ਭਾਗ) ਤੋਂ ਇਲਾਵਾ ਆਸਾ ਦੀ ਵਾਰ ਪੁਸਤਕ ਰਾਹੀਂ ਇਸ ਦਿਸ਼ਾ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸ ਦੇ ਨਾਲ ਨਾਲ ਆਪ ਨੇ ਗੁਰਮਤਿ ਸੰਗੀਤ ਵਿਦਿਆਲਿਆ ਰਕਾਬਗੰਜ ਦਿੱਲੀ ਵਿਖੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ। ਪ੍ਰੋ. ਕਰਤਾਰ ਸਿੰਘ ਦੁਆਰਾ ਗੁਰਮਤਿ ਸੰਗੀਤ ਅਕੈਡਮੀ ਵਿਖੇ ਗੁਰਮਤਿ ਸੰਗੀਤ ਦੀ ਵਿਹਾਰਕ ਤੇ ਸਿਧਾਂਤਕ ਸਿੱਖਿਆ ਨਿਰੰਤਰ 1999 ਤੋਂ ਦਿੱਤੀ ਜਾ ਰਹੀ ਹੈ। ਆਪ ਨੇ ਆਪਣੀਆਂ ਪੁਸਤਕਾਂ (ਜਿਨ੍ਹਾਂ ਦਾ ਪਿਛੇ ਜ਼ਿਕਰ ਆ ਚੁੱਕਾ ਹੈ)ਵਿਚ ਸ਼ਬਦ ਕੀਰਤਨ ਦੇ ਨਾਲ ਇਸ ਦੇ ਸਿਧਾਂਤਕਤਾ ਦਾ ਵੀ ਲੋੜੀਂਦਾ ਉਲੇਖ ਕੀਤਾ ਹੈ।

ਗੁਰਮਤਿ ਸੰਗੀਤ ਦੀ ਆਕਦਮਿਕ, ਸਿਧਾਂਤਕ, ਵਿਹਾਰਕ ਸਥਾਪਤੀ ਦੇ ਸੰਦਰਭ ਵਿਚ ਵੇਖੀਏ ਤਾਂ ਇਸ ਦਿਸ਼ਾ ਵਿਚ ਕੇਵਲ ਗੁਰਮਤਿ ਸੰਗੀਤ ਦੇ ਪ੍ਰਕਾਂਡ ਵਿਦਵਾਨ ਡਾ. ਗੁਰਨਾਮ ਸਿੰਘ ਦਾ ਨਾਮ ਆਉਂਦਾ ਹੈ। ਆਪ ਨੇ ਗੁਰਮਤਿ ਸੰਗੀਤ ਦੀ ਸਥਾਪਤੀ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਆਨ

ਲਾਇਨ ਗੁਰਮਤਿ ਸੰਗੀਤ ਲਾਇਬ੍ਰੇਰੀ, ਗੁਰਮਤਿ ਗਿਆਨ ਆਨ ਲਾਇਨ ਸੈਂਟਰ ਦੇ ਰੂਪ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਕਰਵਾਉਣਾ ਸਿੱਖ ਇਤਿਹਾਸ ਦੇ (ਗੁਰਮਤਿ ਸੰਗੀਤ ਦੇ ਸੰਦਰਭ ਵਿਚ) ਮਹਾਨ ਕਾਰਜਾਂ ਵਿਚ ਮੋਹਰੀ ਹੈ। ਇਸ ਸਥਾਨ 'ਤੇ ਗੁਰਮਤਿ ਸੰਗੀਤ ਦੀ ਸਿਧਾਂਤਕਤਾ, ਵਿਹਾਰਕਤਾ, ਇਤਿਹਾਸਕਤਾ, ਗੁਰਮਤਿ ਸੰਗੀਤ ਦੀ ਤੰਤੀ ਸਾਜ਼ ਪਰੰਪਰਾ ਆਦਿ ਸਬੰਧੀ ਸਿਖਲਾਈ, ਰਿਸਰਚ, ਸੈਮੀਨਾਰ, ਕਾਨਫਰੰਸਜ਼, ਵਿਭਿੰਨ ਵਰਕਸ਼ਾਪਾਂ, ਅਧਿਐਨ, ਅਧਿਆਪਨ, ਵਿਚਾਰ ਗੋਸਟੀਆਂ ਦਾ ਸਿਲਸਲਾ ਨਿਰੰਤਰ ਚਲਦਾ ਆ ਰਿਹਾ ਹੈ। ਸੰਸਥਾਪਕ ਡਾ. ਗੁਰਨਾਮ ਸਿੰਘ ਦੇ ਉਦਮਾਂ ਸਦਕਾ ਇਸ ਸਥਾਨ ਤੋਂ ਗੁਰਮਤਿ ਸੰਗੀਤ ਦਾ ਅਧਿਐਨ, ਅਧਿਆਪਨ ਵਿਸ਼ਵ ਪੱਧਰ ਤੇ ਹੋ ਰਿਹਾ ਹੈ। ਗੁਰਮਤਿ ਸੰਗੀਤ ਦੀ ਸਿਧਾਂਤਕ ਪੱਖ ਤੋਂ ਇਹ ਵੱਡਾ ਤੇ ਇਤਿਹਾਸਕ ਯੋਗਦਾਨ ਹੈ। ਇਸ ਤੋਂ ਇਲਾਵਾ ਡਾ. ਗੁਰਨਾਮ ਸਿੰਘ ਨੇ ਇਸ ਸੰਦਰਭ ਵਿਚ ਕਈ ਪੁਸਤਕਾਂ ਵੀ ਲਿਖੀਆਂ ਹਨ ਜਿਨ੍ਹਾਂ ਦਾ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ। ਆਪ ਦੀ *ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ* ਪੁਸਤਕ ਇਸ ਦਿਸ਼ਾ ਵਿਚ ਅਹਿਮ ਨਪੀ ਤੁਲੀ ਪੁਸਤਕ ਹੈ ਜਿਸ ਵਿਚ ਗੁਰਮਤਿ ਸੰਗੀਤ ਸਿਧਾਂਤ ਨੂੰ ਗਹਿਰਾਈ ਨਾਲ ਸਮਝਿਆ ਜਾ ਸਕਦਾ ਹੈ।

ਉਕਤ ਤੋਂ ਇਲਾਵਾ ਡਾ. ਅਜੀਤ ਸਿੰਘ ਪੈਂਤਲ, ਡਾ. ਜਾਗੀਰ ਸਿੰਘ, ਡਾ. ਦਰਸ਼ਨ ਸਿੰਘ ਨਰੂਲਾ, ਡਾ. ਹਰਜਸ ਕੌਰ, ਡਾ. ਜਸਬੀਰ ਕੌਰ, ਡਾ. ਕੰਵਲਜੀਤ ਸਿੰਘ, ਡਾ. ਵਰਿੰਦਰ ਕੌਰ ਤੇ ਹੋਰ ਨੌਜਵਾਨ ਵਿਦਵਾਨ ਆਦਿ ਨੇ ਇਸ ਸੰਦਰਭ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ ਤੇ ਨਿਰੰਤਰ ਪਾ ਰਹੇ ਹਨ। ਇਨ੍ਹਾਂ ਦੇ ਇਸ ਯੋਗਦਾਨ ਸਦਕਾ ਗੁਰਮਤਿ ਸੰਗੀਤ ਪਰੰਪਰਾ ਦਾ ਘੇਰਾ ਵਿਸ਼ਾਲ ਹੋਇਆ ਹੈ। ਗੁਰਮਤਿ ਸੰਗੀਤ ਦੇ ਸਿਧਾਂਤਕਾਰਾ ਤੋਂ ਬਆਦ ਇਸ ਪਰੰਪਰਾ ਦੀਆਂ ਟਕਸਾਲਾਂ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ।

**1.2.5 ਗੁਰਮਤਿ ਸੰਗੀਤ ਦੀਆਂ ਟਕਸਾਲਾਂ**: ਸਿੱਖ ਧਰਮ ਵਿਚ ਕੀਰਤਨ ਦੀ ਪ੍ਰਥਾ ਗੁਰੂ ਨਾਨਕ ਦੇਵ ਜੀ ਤੋਂ ਹੀ ਆਰੰਭ ਹੋ ਗਈ ਸੀ। ਗੁਰੂ ਸਾਹਿਬ ਨੇ ਇਲਾਹੀ ਹੁਕਮ ਦਾ ਸੰਚਾਰ ਕਰਨ ਹਿੱਤ ਅਤੇ ਸਰਬ ਲੋਕਾਈ ਤਕ ਪਹੁੰਚਾਉਣ ਲਈ ਸੰਗੀਤ ਨੂੰ ਮਾਧਿਅਮ ਦੇ ਤੌਰ ਤੇ ਪ੍ਰਯੋਗ ਕੀਤਾ। ਗੁਰੂ ਸਾਹਿਬ ਨੇ ਬਾਣੀ ਦਾ ਪ੍ਰਚਾਰ ਸੰਗਤਾਂ ਤਕ ਪਹੁੰਚਾਉਣ ਲਈ ਸੰਗੀਤ ਨੂੰ ਉਤਮ ਸਮਝਿਆ ਤੇ ਇਸ ਨੂੰ ਸਿੱਖ ਕੀਰਤਨ ਵਿਚ ਸ਼ਾਮਿਲ ਕੀਤਾ।

ਟਕਸਾਲ ਸ਼ਬਦ ਦਾ ਉਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੀ ਬਾਣੀ ਜਪੁ ਜੀ ਸਾਹਿਬ ਦੀ 38ਵੀਂ ਪਉੜੀ ਵਿਚ ਮਿਲਦਾ ਹੈ ਜਿਸ ਵਿਚ ਇਲਾਹੀ ਸਤਿ ਦੇ ਗੁਰ ਸ਼ਬਦ ਦੀ ਘਾੜਤ ਦਾ ਮਾਰਗ ਦਰਸਾਇਆ ਗਿਆ ਹੈ।[110] ਕਾਨ੍ਹ ਸਿੰਘ ਨਾਭਾ ਅਨੁਸਾਰ, *ਟੰਕਸ਼ਾਲ ਉਹ ਸਥਾਨ ਹੈ ਜਿੱਥੇ ਟਕੇ, ਸਿੱਕੇ ਆਦਿ ਘੜੇ ਜਾਂਦੇ ਹਨ।*[111] ਗੁਰਮਤਿ ਸੰਗੀਤ ਦੇ ਸੰਦਰਭ ਅਨੁਸਾਰ ਉਹ ਸਥਾਨ ਜਿੱਥੇ ਇੱਕ ਕੀਰਤਨੀਏ ਦੀ ਘਾੜਤ ਗੁਰਮਤਿ ਅਤੇ ਸੰਗੀਤਕਾਰ ਦੇ ਤੌਰ ਤੇ ਵਿੱਧੀਬੱਧ ਰੂਪ ਵਿਚ ਘੜੀ ਜਾਂਦੀ ਹੈ ਉਸ ਨੂੰ ਟਕਸਾਲ ਦੇ ਅਰਥਾਂ ਵਿਚ ਰੱਖਿਆ ਜਾਂਦਾ ਹੈ।

ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਵਿਚ ਟਕਸਾਲ ਪਰੰਪਰਾ ਦਾ ਭਰਪੂਰ ਯੋਗਦਾਨ ਰਿਹਾ ਹੈ। ਉਦਾਸੀਆਂ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਪਾਕਿਸਾਤਨ) ਨੂੰ ਪਹਿਲੇ ਸਿੱਖਿਆ ਕੇਂਦਰ ਵਜੋਂ ਸਥਾਪਿਤ ਕੀਤਾ ਜਿਸ ਨਾਲ ਸੰਸਥਾਗਤ ਰੂਪ ਵਿਚ ਕੀਰਤਨ ਪ੍ਰਸਤੁਤੀ ਦਾ ਆਰੰਭ ਹੋਇਆ। ਇਸੇ ਪ੍ਰਕਾਰ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ, ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ, ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਾਹਿਬ, ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅਨੰਦਪੁਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਨੂੰ ਕੀਰਤਨ ਕੇਂਦਰਾਂ ਵਜੋਂ ਸਥਾਪਿਤ ਕੀਤਾ। ਜਿਥੇ ਗੁਰੂ ਕਾਲ ਤੋਂ ਹੀ ਕੀਰਤਨ ਅਤੇ ਗੁਰਬਾਣੀ ਸੰਥਿਆ ਦੀ ਸਿਖਲਾਈ ਆਰੰਭ ਹੋਈ ਜਿਸ ਦੇ ਨਾਲ ਆਮ ਸਿੱਖ ਸੰਗਤ ਵਿਚ ਵੀ ਕੀਰਤਨ ਪ੍ਰਚਲਿੱਤ ਹੋਇਆ। ਗੁਰੂ ਕਾਲ ਤੋਂ ਬਾਅਦ ਪੁਰਾਤਨ ਰਾਗੀ ਰਬਾਬੀ ਕੀਰਤਨੀਆਂ ਨੇ ਗੁਰੂ ਸਾਹਿਬਾਂ ਦੇ ਸਮੇਂ ਤੋਂ ਚਲੀ ਆ ਰਹੀ ਸੀਨਾ-ਬ-ਸੀਨਾ ਸ਼ਬਦ ਕੀਰਤਨ ਪਰੰਪਰਾ ਦੀ ਸਿਖਲਾਈ ਦੇਣੀ ਆਰੰਭ ਕੀਤੀ ਫਲਸਰੂਪ ਵੱਖ-ਵੱਖ ਟਕਸਾਲਾਂ ਹੋਂਦ ਵਿਚ ਆਈਆਂ। ਇਹਨਾਂ ਟਕਸਾਲਾਂ ਵਿਚ ਦਮਦਮਾ ਸਾਹਿਬ ਦੀ ਟਕਸਾਲ, ਬੁੱਢਾ ਜੋੜ ਟਕਸਾਲ, ਮਸਤੁਆਣਾ ਟਕਸਾਲ, ਸੇਵਾ ਪੰਥੀ ਟਕਸਾਲ, ਦਮਦਮੀ ਟਕਸਾਲ, ਦੋਧਰ ਦੀ ਟਕਸਾਲ, ਸਿੰਘਾਂ ਵਾਲੀ ਟਕਸਾਲ, ਹਰਗਨਾ ਦੀ ਟਕਸਾਲ, ਤਰਨਤਾਰਨ ਟਕਸਾਲ, ਡੁਮੇਲੀ ਦੀ ਟਕਸਾਲ, ਕਲੇਰਾਂ ਵਾਲੀ ਟਕਸਾਲ, ਜਵੱਦੀ ਕਲਾਂ ਟਕਸਾਲ, ਸੈਦਪੁਰ ਠੱਠਾ ਟਿੱਬਾ ਟਕਸਾਲ ਆਦਿ ਸ਼ਾਮਲਿ ਹੈ। ਗੁਰਮਤਿ ਸੰਗੀਤ ਦੇ ਯੋਗਦਾਨੀਆਂ ਦੇ ਸੰਦਰਭ ਹਿਤ ਇਨ੍ਹਾਂ ਟਕਸਾਲਾਂ ਦਾ ਲੋੜੀਂਦਾ ਜ਼ਿਕਰ ਜ਼ਰੂਰੀ ਬਣਦਾ ਹੈ।

ਗੁਰਮਤਿ ਸੰਗੀਤ ਅਤੇ ਗੁਰਮਤਿ ਦੀ ਵਿਧੀਬੱਧ ਸਿੱਖਲਾਈ ਹਿਤ ਇਨ੍ਹਾਂ ਉਕਤ ਟਕਸਾਲਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਦਮਦਮਾ ਸਾਹਿਬ ਦੀ ਟਕਸਾਲ ਦਾ ਪ੍ਰਾਰੰਭ ਖੁਦ ਗੁਰੂ ਗੋਬਿੰਦ ਸਾਹਿਬ ਦੁਆਰਾ ਕੀਤਾ ਗਿਆ ਜਿਸ ਨੂੰ *ਗੁਰੂ ਦੀ ਕਾਂਸੀ* ਕਰਕੇ ਵੀ ਜਾਣਿਆ ਜਾਂਦਾ ਹੈ। ਇਸ ਦੇ ਪਹਿਲੇ ਮੁਖੀ ਬਾਬਾ ਦੀਪ ਸਿੰਘ ਜੀ ਹੋਏ ਹਨ। ਇੱਥੇ ਅੱਜ ਕੱਲ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ *ਗੁਰੂ ਕਾਂਸੀ ਗੁਰਮਤਿ ਸੰਗੀਤ ਵਿਦਿਆਲਿਆ* ਚੱਲ ਰਿਹਾ ਹੈ। ਇੱਥੇ ਗੁਰਮਤਿ ਸੰਗੀਤ ਦੀ ਸਿਖਲਾਈ ਨਿਰਧਾਰਤ ਰਾਗਾਂ ਤੇ ਤੰਤੀ ਸਾਜ਼ਾਂ ਨਾਲ ਦੇਣ ਦਾ ਖਾਸ ਪ੍ਰਬੰਧ ਹੈ। ਇਸ ਟਕਸਾਲ ਵਿਚ ਸੰਗੀਤ ਦੀ ਸਿੱਖਿਆ ਉਸਤਾਦ ਜਗਤ ਸਿੰਘ, ਅਮਰਜੀਤ ਸਿੰਘ ਅਤੇ ਸੁਰਜੀਤ ਸਿੰਘ ਵਲੋਂ ਦਿੱਤੀ ਜਾ ਰਹੀ ਹੈ।

ਬੁੱਢਾ ਜੋੜ ਦੀ ਟਕਸਾਲ ਦਾ ਗੁਰਮਤਿ ਸੰਗੀਤ ਨੂੰ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਟਕਸਾਲ ਦੇ ਸੰਸਥਾਪਕ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੂੰ ਮੰਨਿਆ ਜਾਂਦਾ ਹੈ। ਇਸ ਅਸਥਾਨ 'ਤੇ ਅੱਜ ਕੱਲ ਗੁਰਮਤਿ ਵਿਦਿਆਲਿਆ ਤੇ ਸਿੱਖ ਮਿਸ਼ਨਰੀ ਕਾਲਜ ਸਥਿਤ ਹੈ। ਇਸ ਸਥਾਨ 'ਤੇ ਸਿੱਖ-ਸੰਗਤਾਂ ਨੂੰ ਗੁਰਬਾਣੀ ਸੰਥਿਆ ਤੇ ਕੀਰਤਨ ਦੀ ਸਿਖਲਾਈ ਦਿੱਤੀ ਜਾਂਦੀ ਰਹੀ ਹੈ। ਭਾਈ ਗੁਰਮੇਲ ਸਿੰਘ ਅਤੇ ਭਾਈ ਪ੍ਰੀਤਮ ਸਿੰਘ ਇਸ ਸੰਸਥਾ ਦੇ ਪ੍ਰਸਿੱਧ ਰਾਗੀ ਮੰਨੇ ਜਾਂਦੇ ਹਨ। ਇਸ ਸਥਾਨ 'ਤੇ ਸ਼੍ਰੋਮਣੀ ਰਾਗੀ ਭਾਈ ਨਿਰਮਲ ਸਿੰਘ, ਡਾ. ਗੁਰਦੇਵ ਸਿੰਘ ਗੁਰਮਤਿ ਸੰਗੀਤ ਦੀ ਸਿੱਖਿਆ ਨਿਰਧਾਰਤ ਰਾਗਾਂ ਤੇ ਤੰਤੀ ਸਾਜ਼ਾਂ ਨਾਲ ਦਿੰਦੇ ਰਹੇ ਹਨ।

ਮਸਤੁਆਣਾ ਟਕਸਾਲ ਦੀ ਸਥਾਪਨਾ 1867 ਸੰਤ ਬਾਬਾ ਅੰਤਰ ਸਿੰਘ ਜੀ ਮਸਤੁਆਣੇ ਵਾਲਿਆਂ ਦੀ ਯਾਦ ਵਿਚ ਕੀਤੀ ਗਈ। ਇੱਕ ਹਵਾਲੇ ਅਨੁਸਾਰ (ਹਥਲੇ ਖੋਜ ਪ੍ਰਬੰਧ ਦੇ) ਰਾਗੀ ਭਾਈ ਜਵਾਲਾ ਸਿੰਘ ਨੇ ਨਿਰਧਾਰਤ ਰਾਗਾਂ ਵਿਚ ਕੀਰਤਨ ਦੀ ਸਿਖਲਾਈ ਇਸੇ ਟਕਸਾਲ ਵਿਚੋਂ ਆਰੰਭ ਕੀਤੀ। ਬਾਬਾ ਹਰਨਾਮ ਸਿੰਘ ਜੀ ਠੱਠੇ ਟਿੱਬੇ ਵਾਲੇ ਜੋ ਚੰਗੇ ਦਿਲਰੁਬਾ ਤੇ ਪਖਾਵਜ ਵਾਦਕ ਸਨ, ਕਈ ਸਾਲ ਵਿਦਿਆਰਥੀਆਂ ਨੂੰ ਤੰਤੀ ਸਾਜ਼ ਅਤੇ ਗਾਇਨ ਦੀ ਸਿੱਖਿਆ ਦਿੰਦੇ ਰਹੇ। ਗਿਆਨੀ ਜਸਵੰਤ ਸਿੰਘ ਕੁਲਾਰ ਦੁਆਰਾ ਇੱਥੇ ਵਿਦਿਆਰਥੀਆਂ ਨੂੰ ਕੀਰਤਨ ਦੀਆਂ ਪੁਰਾਤਨ ਬੰਦਿਸ਼ਾਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗ, ਸ਼ਾਸਤਰੀ ਤੇ ਲੋਕ ਗਾਇਕ ਸ਼ੈਲੀਆਂ ਦੀ ਸਿਖਲਾਈ ਵੀ ਦਿੱਤੀ ਜਾਂਦੀ ਰਹੀ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿਚ ਇਸ ਟਕਸਾਲ ਦਾ ਅਹਿਮ ਯੋਗਦਾਨ ਰਿਹਾ ਹੈ।

ਸੇਵਾ ਪੰਥੀ ਟਕਸਾਲ ਦੀ ਸਥਾਪਨਾ ਭਾਈ ਘਨ੍ਹਈਆਂ ਜੀ ਤੋਂ ਮੰਨੀ ਜਾਂਦੀ ਹੈ। ਭਾਈ ਗੁਲਾਬ ਸਿੰਘ ਜੀ ਨੇ 1935 ਈ. ਵਿਚ ਗੋਨਿਆਣਾ ਮੰਡੀ ਬਠਿੰਡਾ ਵਿਖੇ ਇਸ ਟਕਸਾਲ ਦੀ ਦੁਬਾਰਾ ਸਥਾਪਨਾ ਕੀਤੀ। ਭਾਈ ਆਸਾ ਸਿੰਘ ਜੀ ਵੀ ਬਹੁਤ ਸਮਾਂ ਇਸ ਟਕਸਾਲ ਦੇ ਮੁਖ਼ੀ ਵਜੋਂ ਸੇਵਾ ਨਿਭਾਉਂਦੇ ਰਹੇ। ਬਹੁਤ ਸਾਰੇ ਰਾਗੀ ਜਥੇ ਇਸ ਟਕਸਾਲ ਤੋਂ ਗੁਰਮਤਿ ਸੰਗੀਤ ਦੀ ਸਿਖਲਾਈ ਲੈ ਕੇ ਦੇਸ਼ਾਂ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ। ਵਰਤਮਾਨ ਸਮੇਂ ਇਸ ਟਕਸਾਲ ਦੇ ਅਨੇਕਾਂ ਸਕੂਲ ਕਾਲਜ ਸੇਵਾਪੰਥੀ ਦੇ ਨਾਮ ਨਾਲ ਚਲਾਏ ਜਾ ਰਹੇ ਹਨ। ਇਸ ਟਕਸਾਲ ਵਿਚ ਭਾਈ ਹਰਭਜਨ ਸਿੰਘ ਨੇਤਰਹੀਣ ਕਈ ਸਾਲ ਇੱਥੇ ਵਿਦਿਆਰਥੀਆਂ ਨੂੰ ਨਿਰਧਾਰਤ ਰਾਗਾਂ ਅਨੁਸਾਰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਰਹੇ।

ਦਮਦਮੀ ਟਕਸਾਲ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਮੰਨਿਆ ਜਾਂਦਾ ਹੈ। ਵਰਤਮਾਨ ਸਮੇਂ ਵੀ ਇਸ ਟਕਸਾਲ ਦਾ ਸਿੱਖ ਪੰਥ ਵਿਚ ਅਹਿਮ ਸਥਾਨ ਹੈ। ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਇਸ ਦੇ 14ਵੇਂ ਮੁਖੀ ਰਹੇ ਹਨ। ਪੁਰਾਤਨ ਸਮੇਂ ਤੋਂ ਹੀ ਇਹ ਟਕਸਾਲ ਗੁਰਮਤਿ ਸੰਗੀਤ ਦੇ ਵਿਕਾਸ ਲਈ ਯਤਨਸ਼ੀਲ ਰਹੀ ਹੈ। ਇਸ ਟਕਸਾਲ ਵਿਚ ਭਾਈ ਸੰਤ ਸਿੰਘ, ਭਾਈ ਦਯਾ ਸਿੰਘ ਅਤੇ ਭਾਈ ਭਗਵਾਨ ਸਿੰਘ ਜੀ ਨੇ ਟਕਸਾਲ ਵਿਚ ਰਹਿ ਕੇ ਸੈਂਕੜੇ ਕਥਾਵਾਚਕ ਅਤੇ ਕੀਰਤਨਕਾਰ ਤਿਆਰ ਕੀਤੇ। ਇਸ ਟਕਸਾਲ ਵਿਚ ਅੱਜ ਵੀ ਅਨੇਕਾਂ ਬੱਚੇ ਗੁਰਮਤਿ ਸੰਗੀਤ ਅਤੇ ਗੁਰਬਾਣੀ ਸੰਖਿਆ ਦੀ ਸਿਖਲਾਈ ਲੈ ਰਹੇ ਹਨ। ਵਰਤਮਾਨ ਸਮੇਂ ਭਾਈ ਜਸਵੀਰ ਸਿੰਘ ਇਸ ਟਕਸਾਲ ਵਿਚ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੇ ਹਨ।

ਦੋਧਰਪੁਰ ਦੀ ਟਕਸਾਲ 18ਵੀਂ ਸਦੀ ਵਿਚ ਹੋਂਦ ਵਿਚ ਆਈ। ਇਸ ਦੇ ਮੋਢੀ ਨਿਰਮਲੇ ਠਾਕੁਰ ਸੰਤ ਸੁਧਾ ਸਿੰਘ ਅਤੇ ਸੰਤ ਮੰਗਲ ਸਿੰਘ ਨਿਰਮਲੇ ਨੂੰ ਮੰਨਿਆ ਜਾਂਦਾ ਹੈ। ਇਹ ਟਕਸਾਲ ਨੇਤਰਹੀਣ ਵਿਦਿਆਰਥੀਆਂ ਦੀ ਸਿਖਲਾਈ ਦਾ ਮਹੱਤਵਪੂਰਣ ਕੇਂਦਰ ਰਹੀ ਹੈ। ਇਸ ਟਕਸਾਲ ਵਿਚ ਕਈ ਪ੍ਰਸਿੱਧ ਕੀਰਤਨੀਆਂ ਨੇ ਸਿਖਲਾਈ ਗ੍ਰਹਿਣ ਕੀਤੀ ਜਿਨ੍ਹਾਂ ਭਾਈ ਸੁੱਚਾ ਸਿੰਘ, ਗਿਆਨੀ ਜਸਵੰਤ ਸਿੰਘ ਕੁਲਾਰ, ਭਾਈ ਪ੍ਰੇਮ ਸਿੰਘ, ਭਾਈ ਸਰਵਨ ਸਿੰਘ ਗੰਧਰਵ, ਬਾਬਾ ਹਰਮੋਹਨ ਸਿੰਘ ਪ੍ਰਮੁਖ ਹਨ।

ਸਿੰਘਾਂ ਵਾਲੀ ਟਕਸਾਲ ਦੀ ਸਥਾਪਨਾ 1882 ਈ. ਵਿਚ ਭਾਈ ਸੁੰਦਰ ਸਿੰਘ ਜੀ ਅਤੇ ਭਾਈ ਗੁਰਬਚਨ ਸਿੰਘ ਨੇ ਕੀਤੀ ਇਹ ਟਕਸਾਲ ਮੋਗਾ ਕੋਟਕਪੂਰਾ ਦੀ ਮੁੱਖ ਸੜਕ ਤੇ ਇੱਕ ਛੋਟੇ ਜਿਹੇ ਪਿੰਡ

ਵਿਚ ਸਥਿਤ ਹੈ। ਭਾਈ ਪ੍ਰੀਤਮ ਸਿੰਘ ਆਪਣੇ ਜੀਵਨ ਦਾ ਵਡਮੁੱਲਾ ਸਮਾਂ ਇਸ ਟਕਸਾਲ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਰਹੇ। ਤਬਲੇ ਦੇ ਖੇਤਰ ਵਿਚ ਇਸ ਟਕਸਾਲ ਦਾ ਵਿਸ਼ੇਸ਼ ਤੌਰ ਤੇ ਮਹੱਤਵ ਹੈ। ਇਸ ਟਕਸਾਲ ਵਿਚੋਂ ਹੀ ਕਈ ਪ੍ਰਸਿੱਧ ਤਬਲਾ ਵਾਦਕ ਜਿੰਨਾਂ ਵਿਚ ਭਾਈ ਸਰੂਰ ਸਿੰਘ ਕਲਕੱਤਾ, ਭਾਈ ਅਵਤਾਰ ਸਿੰਘ ਲੁਧਿਆਣਾ, ਭਾਈ ਰਾਜਿੰਦਰ ਸਿੰਘ, ਭਾਈ ਖਜਾਨ ਸਿੰਘ ਭਾਈ ਕੁਲਵੰਤ ਸਿੰਘ ਭੱਪਾ ਵਿਸ਼ੇਸ਼ ਹਨ ਜੋ ਇਸ ਟਕਸਾਲ ਵਿਚ ਗੁਰਮਤਿ ਸੰਗੀਤ ਦੀ ਸਿਖਲਾਈ ਦਿੰਦੇ ਰਹੇ।

ਹਰਗੁਨਾਂ ਦੀ ਟਕਸਾਲ ਦਾ ਅਰੰਭ ਉਸਤਾਦ ਭਾਈ ਸੰਪੂਰਨ ਸਿੰਘ ਵਲੋਂ ਚਮਕੌਰ ਸਾਹਿਬ ਦੇ ਇਲਾਕੇ ਵਿਚ ਕੀਤਾ ਗਿਆ।[112] ਇਸ ਟਕਸਾਲ ਅਧੀਨ ਅਨੇਕਾਂ ਵਿਦਿਆਰਥੀਆਂ ਨੇ ਗਾਇਨ ਅਤੇ ਵਾਦਨ ਦੀ ਸਿੱਖਿਆ ਪ੍ਰਾਪਤ ਕੀਤੀ। ਪ੍ਰਸਿੱਧ ਗੁਰਮਤਿ ਸੰਗੀਤ ਆਚਾਰੀਆਂ ਪ੍ਰੋ. ਤਾਰਾ ਸਿੰਘ, ਉਸਤਾਦ ਜਸਵੰਤ ਸਿੰਘ ਭੰਵਰਾ ਅਤੇ ਭਾਈ ਸਾਗਰ ਮਸਤਾਨ ਨੇ ਇਸ ਟਕਸਾਲ ਤੋਂ ਹੀ ਸੰਗੀਤ ਦੀ ਸਿਖਲਾਈ ਪ੍ਰਾਪਤ ਕੀਤੀ। ਗੁਰਮਤਿ ਸੰਗੀਤ ਦੇ ਅਕਾਦਮਿਕ ਤੇ ਵਿਹਾਰਕ ਖਿੱਤੇ ਨੂੰ ਪ੍ਰਫੁੱਲਤ ਕਰਨ ਵਿਚ ਇਸ ਟਕਾਸਲ ਨਾਲ ਸਬੰਧਤ ਵਿਦਿਆਰਥੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ਜਿਨ੍ਹਾਂ ਵਿਚ ਮੋਹਰੀ ਨਾਮ ਪ੍ਰੋ. ਤਾਰਾ ਸਿੰਘ ਦਾ ਆਉਂਦਾ ਹੈ ਜਿਨ੍ਹਾਂ ਨੇ ਡਾ. ਜਗੀਰ ਸਿੰਘ, ਡਾ. ਬਚਿੱਤਰ ਸਿੰਘ, ਡਾ. ਗੁਰਨਾਮ ਸਿੰਘ, ਡਾ. ਜਬਰਜੰਗ ਸਿੰਘ ਅਤੇ ਡਾ. ਅਲੰਕਾਰ ਸਿੰਘ ਆਦਿ ਵਰਗੇ ਵਿਦਿਆਰਥੀਆਂ ਨੂੰ ਇਸ ਦਿਸ਼ਾ ਵੱਲ ਤੋਰਿਆ। ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਦਾ ਅਸੀਂ ਪਹਿਲਾ ਹੀ ਜ਼ਿਕਰ ਕਰ ਚੁੱਕੇ ਹਾਂ ਜਿਨ੍ਹਾਂ ਦੀ ਗੁਰਮਤਿ ਸੰਗੀਤ ਦੇ ਵਿਸ਼ੇ ਨੂੰ ਲਾਸਾਨੀ ਦੇਣ ਹੈ ਤੇ ਵਰਤਮਾਨ ਸਮੇਂ ਵੀ ਉਹ ਇਸ ਦਿਸ਼ਾ ਵਿਚ ਨਿਰੰਤਰ ਕਾਰਜਸ਼ੀਲ ਹਨ।

ਤਰਨਤਾਰਨ ਦੀ ਟਕਸਾਲ ਦੀ ਸਥਾਪਨਾ 1904 ਈ. ਵਿਚ ਚੀਫ਼ ਖਾਲਸਾ ਦੀਵਾਨ ਦੁਆਰਾ ਕੀਤੀ ਗਈ।[113] ਗੁਰਮਤਿ ਸੰਗੀਤ ਦੇ ਖੇਤਰ ਵਿਚ ਇਸ ਟਕਸਾਲ ਦੀ ਅਹਿਮ ਭੂਮਿਕਾ ਰਹੀ ਹੈ। ਇਸ ਟਕਸਾਲ ਵਿਚ ਪ੍ਰਸਿੱਧ ਸੰਗੀਤਕਾਰ ਮਾਸਟਰ ਨੱਥੂ ਰਾਮ ਤਕਰੀਬਨ 30 ਸਾਲ ਗੁਰਮਤਿ ਸੰਗੀਤ ਦੀ ਸਿੱਖਲਾਈ ਦਿੰਦੇ ਰਹੇ। ਇਸ ਟਕਸਾਲ ਨੇ ਭਾਈ ਸੰਤੂ (ਤਬਲਾ ਵਾਦਕ) ਇਨ੍ਹਾਂ ਦੇ ਪੁੱਤਰ ਭਾਈ ਬਖਸ਼ੀਸ਼ ਸਿੰਘ ਭਾਈ ਪੂਰਨ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਬਲਬੀਰ ਸਿੰਘ (ਸਾਬਕਾ ਹਜ਼ੂਰੀ

ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ) ਭਾਈ ਪ੍ਰੇਮ ਸਿੰਘ ਆਦਿ ਪ੍ਰਸਿੱਧ ਵਿਦਵਾਨ ਰਾਗੀਆਂ ਨੂੰ ਗੁਰਮਤਿ ਸੰਗੀਤ ਦੀ ਝੋਲੀ ਵਿਚ ਪਾ ਕੇ ਪ੍ਰਫੁਲੱਤ ਕੀਤਾ।

ਡੁਮੇਲੀ ਦੀ ਟਕਸਾਲ ਦੀ ਸਥਾਪਨਾ 1900 ਈ. ਵਿਚ ਸੰਤ ਸਵਰਨ ਸਿੰਘ ਗੰਧਰਵ ਦੁਆਰਾ ਡੁਮੇਲੀ (ਹੁਸ਼ਿਆਰਪੁਰ) ਪਿੰਡ ਵਿਚ ਕੀਤੀ। ਸੰਤ ਸਵਰਨ ਸਿੰਘ ਗੰਧਰਵ ਗੁਰਮਤਿ ਸੰਗੀਤ ਪਰੰਪਰਾ ਦੇ ਮਹਾਨ ਸੰਗੀਤਕਾਰ ਸਨ ਜਿਨ੍ਹਾਂ ਨੇ ਦੋਧਰਪੁਰ ਟਕਸਾਲ ਤੋਂ ਗੁਰਮਤਿ ਸੰਗੀਤ ਦੀ ਸਿੱਖਿਆ ਹਾਸਲ ਕੀਤੀ ਹੋਈ ਸੀ। ਸੰਤ ਸਰਵਨ ਸਿੰਘ ਗੰਧਰਵ ਵਿਭਿੰਨ ਸਾਜ਼ ਵਜਾਉਣ ਵਿਚ ਮੁਹਾਰਤ ਰੱਖਦੇ ਸਨ। ਆਪ ਇਸ ਟਕਸਾਲ ਅਧੀਨ ਵਿਦਿਅਰਥੀਆਂ ਨੂੰ ਤੰਤੀ ਸਾਜਾਂ ਰਾਹੀਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਦਰਜ਼ ਰਾਗਾਂ ਵਿਚ ਗੁਰਮਤਿ ਸੰਗੀਤ ਦੀ ਸਿੱਖਿਆ ਦਿੰਦੇ ਰਹੇ। ਸੁਰ-ਸਿਮਰਨ (ਸੱਤ ਭਾਗਾਂ ਵਿਚ) ਜਿਸ ਦਾ ਅਸੀਂ ਉੱਪਰ ਜ਼ਿਕਰ ਕਰ ਆਏ ਹਾਂ, ਵਿਚ ਗੁਰਮਤਿ ਸੰਗੀਤ, ਸੰਗੀਤ ਦੇ ਗਾਇਨ, ਵਾਦਨ, ਸਿਧਾਂਤਕਤਾ ਆਦਿ 'ਤੇ ਅਹਿਮ ਜਾਣਕਾਰੀ ਨਾਲ ਭਰਪੂਰ ਹੈ।

ਕਲੇਰਾਂ ਵਾਲੀ ਟਕਸਾਲ 1874 ਈ. ਵਿਚ ਬਾਬਾ ਨੰਦ ਸਿੰਘ ਨੇ ਇਕ ਗੁਰਮਤਿ ਵਿਦਿਆਲੇ ਦੀ ਸਥਾਪਨਾ ਨਾਨਕਸਰ(ਨੇੜੇ ਮੋਗਾ ਪੰਜਾਬ) ਵਿਖੇ ਕੀਤੀ। ਇਸ ਨੂੰ ਕਲੇਰਾਂ ਵਾਲੀ ਟਕਸਾਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿਚ ਇਸ ਟਕਸਾਲ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਟਕਸਾਲ ਨੇ ਗੁਰਮਤਿ ਸੰਗੀਤ ਤੇ ਸਿੱਖ ਜਗਤ ਨੂੰ ਵਿਦਵਾਨ ਕੀਰਤਨੀਏ ਦਿੱਤੇ ਜਿਨ੍ਹਾਂ ਵਿਚ ਪ੍ਰੋ. ਦਰਸ਼ਨ ਸਿੰਘ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਤਬਲੇ ਦੇ ਪ੍ਰਸਿੱਧ ਉਸਤਾਦ ਭਾਈ ਨਸੀਰਾ, ਭਾਈ ਕਿਹਰ ਸਿੰਘ, ਭਾਈ ਜਸਵੰਤ ਸਿੰਘ ਆਦਿ ਦੇ ਨਾਮ ਪ੍ਰਮੁਖ ਹਨ।

ਠੱਠਾ ਟਿੱਬਾ ਟਕਸਾਲ ਰਾਗੀ ਭਾਈ ਜੁਵਾਲਾ ਸਿੰਘ ਦੇ ਨਾਮ 'ਤੇ ਮਸ਼ਹੂਰ ਹੋਈ। ਇਸ ਟਕਸਾਲ ਨੇ ਰਾਗੀ ਭਾਈ ਜੁਵਾਲਾ ਸਿੰਘ, ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਭਾਈ ਸਵਰਣ ਸਿੰਘ, ਰਾਗੀ ਭਾਈ ਕੁਲਤਾਰ ਸਿੰਘ, ਭਾਈ ਭਗਤ ਸਿੰਘ, ਭਾਈ ਬਲਦੀਪ ਸਿੰਘ ਕੀਰਤਨੀਏ ਗੁਰਮਤਿ ਸੰਗੀਤ ਪਰੰਪਰਾ ਦੀ ਝੋਲੀ ਪਾਏ ਜਿਨ੍ਹਾਂ ਦੁਆਰਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ ਗਿਆ ਤੇ ਨਿਰੰਤਰ ਜ਼ਾਰੀ ਹੈ।

ਗੁਰਮਤਿ ਸੰਗੀਤ ਦੇ ਖੇਤਰ ਵਿਚ ਉਕਤ ਟਕਸਾਲਾਂ ਤੋਂ ਇਲਾਵਾ **ਗੁਰਮਤਿ ਵਿਦਿਆਲਿਆ ਰਕਾਬਗੰਜ਼ ਦਿੱਲੀ** ਵੀ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਵਿਦਿਆਲੇ ਦੀ ਸਥਾਪਨਾ 1930 ਵਿਚ ਸਰਦਾਰ ਬਹਾਦਰ ਧਰਮ ਸਿੰਘ ਦੇ ਯਤਨਾਂ ਸਦਕਾ ਹੋਈ।[114] ਇਸ ਵਿਦਿਆਲੇ ਵਿਚ ਗਿ. ਹਰਦਿੱਤ ਸਿੰਘ, ਗਿਆਨੀ ਕਿਸ਼ਨ ਸਿੰਘ ਪ੍ਰਵਾਨਾ ਤੇ ਫਿਰ ਪ੍ਰਿੰਸੀਪਲ ਦਿਆਲ ਸਿੰਘ ਨੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ। ਅਨੇਕਾਂ ਵਿਦਿਆਰਥੀਆਂ ਨੇ ਇੱਥੇ ਸ਼ਬਦ ਕੀਰਤਨ ਦੀ ਸਿੱਖਿਆ ਪ੍ਰਾਪਤ ਕਰਕੇ ਦੇਸ਼ ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕੀਤਾ। ਇਨ੍ਹਾਂ ਕੀਰਤਨੀਆਂ ਵਿਚ ਪ੍ਰਸਿੱਧ ਕੀਰਤਨੀਏ ਭਾਈ (ਪ੍ਰਿੰ.) ਰਾਜਿੰਦਰ ਸਿੰਘ, ਭਾਈ ਸੰਤ ਰਾਮ ਸਿੰਘ, ਭਾਈ ਰਣਜੀਤ ਸਿੰਘ, ਭਾਈ ਦੀਦਾਰ ਸਿੰਘ, ਭਾਈ ਜੁਗਿੰਦਰ ਸਿੰਘ, ਭਾਈ ਸੰਤ ਸਿੰਘ, ਭਾਈ ਚਤਰ ਸਿੰਘ, ਭਾਈ ਅਜੀਤ ਸਿੰਘ, ਭਾਈ ਜੈਪਾਲ ਸਿੰਘ, ਭਾਈ ਸਾਧੂ ਸਿੰਘ, ਭਾਈ ਓਅੰਕਾਰ ਸਿੰਘ, ਭਾਈ ਬੋਤਾ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਖੜਗ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਜਗਦੀਸ਼ ਸਿੰਘ, ਭਾਈ ਪ੍ਰਿਥੀਪਾਲ ਸਿੰਘ, ਭਾਈ ਈਸ਼ਵਰ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਬਚਨ ਸਿੰਘ, ਭਾਈ ਪ੍ਰਕਾਸ਼ ਸਿੰਘ, ਅੱਜਕਲ ਭਾਈ ਰਾਏ ਸਿੰਘ, ਭਾਈ ਕੰਵਰਪਾਲ ਸਿੰਘ, ਭਾਈ ਗੋਪਾਲ ਸਿੰਘ, ਭਾਈ ਸੁਰਜੀਤ ਸਿੰਘ (ਯੂ.ਐਸ.ਏ) ਆਦਿ ਪ੍ਰਮੁਖ ਹਨ।[115]

ਸੈਂਟਰਲ ਯਤੀਮਖਾਨਾ ਸ੍ਰੀ ਅੰਮ੍ਰਿਤਸਰ ਗੁਰਮਤਿ ਸੰਗੀਤ ਦੇ ਪ੍ਰਚਾਰ ਪਾਸਾਰ ਦੇ ਸੰਦਰਭ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਰਿਹਾ ਹੈ। 1904 ਵਿਚ ਸ. ਹਰਬੰਸ ਸਿੰਘ ਅਟਾਰੀ ਨੇ ਭਾਈ ਸੁੰਦਰ ਸਿੰਘ ਮਜੀਠੀਆ, ਭਾਈ ਵੀਰ ਸਿੰਘ, ਸ. ਤ੍ਰਿਲੋਚਨ ਸਿੰਘ ਤੇ ਭਾਈ ਅਰਜਨ ਸਿੰਘ ਬਾਗੜੀਆਂ ਦੇ ਯਤਨਾਂ ਸਦਕਾ ਇਸ ਨੂੰ ਯਤੀਮ ਬੱਚਿਆਂ ਦੀ ਸੰਭਾਲ ਦੇ ਨਾਲ-ਨਾਲ ਵਿੱਦਿਆ ਤੇ ਗੁਰਮਤਿ ਸੰਗੀਤ ਦੀ ਸਿਖਲਾਈ ਹਿਤ ਸਥਾਪਿਤ ਕੀਤਾ ਗਿਆ ਸੀ। 1935 ਨੂੰ ਇਸ ਸਥਾਨ 'ਤੇ ਗੁਰਮਤਿ ਵਿਦਿਅਲਿਆ ਦੀ ਸਥਾਪਨਾ ਚੀਫ਼ ਖਾਲਸਾ ਦਿਵਾਨ ਦੁਆਰਾ ਕੀਤੀ ਗਈ। ਵਰਤਮਾਨ ਸਮੇਂ ਵੀ ਇਹ ਨਿਰੰਤਰ ਇਸ ਦਿਸ਼ਾ 'ਚ ਕਾਰਜਸ਼ੀਲ ਹੈ। ਇਸ ਸਥਾਨ 'ਤੇ ਓਸਤਾਦ ਮਹਿਤਾਬ ਸਿੰਘ, ਉਸਤਾਦ ਭਾਈ ਉੱਤਮ ਸਿੰਘ, ਰਾਗੀ ਭਾਈ ਸਾਂਈ ਦਿੱਤਾ ਆਦਿ ਪ੍ਰਸਿੱਧ ਵਿਦਵਾਨ ਸੰਗੀਤਕਾਰਾਂ ਨੇ ਗੁਰਮਤਿ ਸੰਗੀਤ ਦੀ ਸਿੱਖਿਆ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ। ਇਨ੍ਹਾਂ ਵਿਦਵਾਨ ਸੰਗੀਤਕਾਰਾਂ ਦੀ ਦੇਣ ਸਦਕਾ ਗੁਰਮਤਿ ਸੰਗੀਤ ਨੂੰ ਪ੍ਰੋ. ਦਰਸ਼ਨ ਸਿੰਘ ਕੋਮਲ, ਪ੍ਰਿੰ. ਚੰਨਣ ਸਿੰਘ ਮਜ਼ਬੂਰ, ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ, ਭਾਈ ਗੋਪਾਲ ਸਿੰਘ, ਭਾਈ ਗੁਰਮੇਜ਼

ਸਿੰਘ ਆਦਿ ਵਿਦਵਾਨ ਸੰਗੀਤਕਾਰ ਪ੍ਰਾਪਤ ਹੋਏ ਜਿਨ੍ਹਾਂ ਨੇ ਗੁਰਮਤਿ ਸੰਗੀਤ ਤੇ ਆਪਣੀ ਇਸ ਟਕਸਾਲ ਦਾ ਨਾਮ ਦੇਸ ਵਿਦੇਸ਼ ਵਿਚ ਚਮਕਾਇਆ।[116]

ਸੰਤ ਬਾਬਾ ਸੁੱਚਾ ਸਿੰਘ ਦੁਆਰਾ ਪ੍ਰਾਰੰਭ **ਜਵੱਦੀ ਟਕਸਾਲ** ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਬਹੁ ਦਿਸ਼ਾਵੀਂ ਯੋਗਦਾਨ ਪਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 62 ਰਾਗਾਂ ਦੇ ਸਰੂਪ ਦਾ ਨਿਰਧਾਰਣ ਇਸ ਟਕਸਾਲ ਦੀ ਗੁਰਮਤਿ ਸੰਗੀਤ ਨੂੰ ਵਿਸ਼ੇਸ਼ ਦੇਣ ਹੈ। ਇਸ ਟਕਸਾਲ ਵਿਚ ਹਰਗਨਾ ਟਕਸਾਲ ਦੇ ਹੋਣਹਾਰ ਵਿਦਿਆਰਥੀ ਉਸਤਾਦ ਜਸਵੰਤ ਸਿੰਘ ਭੰਵਰਾ ਕਾਫੀ ਲੰਬਾ ਸਮਾਂ ਗੁਰਮਤਿ ਸੰਗੀਤ ਦੀ ਸਿੱਖਿਆ ਵਿਦਿਆਰਥੀਆਂ ਨੂੰ ਪ੍ਰਦਾਨ ਕਰਦੇ ਰਹੇ। ਇਨ੍ਹਾਂ ਤੋਂ ਇਲਾਵਾ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, ਸ੍ਰੀ ਅਨੰਦਪੁਰ ਸਾਹਿਬ, ਗੁਰਮਤਿ ਵਿਦਿਅਲਿਆ ਕਾਨਪੁਰ ਖੂਹੀ(ਸ੍ਰੀ ਅਨੰਦਪੁਰ ਸਾਹਿਬ), ਗੁਰਮਤਿ ਸੰਗੀਤ ਬਾਲ ਵਿਦਿਆਲਿਆ ਰਿਸ਼ੀਕੇਸ਼(ਉਤਰਾਖੰਡ)ਆਦਿ ਵੀ ਮਹੱਤਵਪੂਰਣ ਸਥਾਨ ਰੱਖਦੇ ਹਨ ਜੋ ਗੁਰਮਤਿ ਸੰਗੀਤ ਦੇ ਖੇਤਰ ਵਿਚ ਨਿਰੰਤਰ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।

ਉਪਰੋਕਤ ਚਰਚਾ ਤੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਟਕਸਾਲਾਂ ਵਲੋਂ ਪਾਇਆ ਬਹੁਪੱਖੀ ਯੋਗਦਾਨ ਪ੍ਰਤੱਖ ਹੈ। ਇਨ੍ਹਾਂ ਟਕਸਾਲਾਂ ਨੇ ਗੁਰਮਤਿ ਸੰਗੀਤ ਪਰੰਪਰਾ ਨੂੰ ਅਨੇਕਾਂ ਹੀ ਵਿਦਵਾਨ ਕੀਰਤਨੀਏ ਦਿੱਤੇ ਹਨ। ਇਨ੍ਹਾਂ ਟਕਸਾਲਾਂ ਦੇ ਅੰਤਰਗਤ ਗੁਰਮਤਿ ਸੰਗੀਤ ਦੀ ਵਿਹਾਰਕਤਾ ਤੋਂ ਇਲਾਵਾ ਇਸ ਦੀ ਸਿਧਾਂਤਕਤਾ, ਸਾਜ਼ ਪਰੰਪਰਾ, ਸ਼ਬਦ ਕੀਰਤਨ ਰਚਨਾਵਾਂ ਆਦਿ ਦੇ ਸੰਦਰਭ ਵਿਚ ਅਹਿਮ ਯੋਗਦਾਨ ਪ੍ਰਤੱਖ ਹੁੰਦਾ ਹੈ। ਗੁਰਮਤਿ ਸੰਗੀਤ ਦੀਆਂ ਇਨ੍ਹਾਂ ਟਕਸਾਲਾਂ ਤੋਂ ਬਾਅਦ ਇਸ ਪਰੰਪਰਾ ਦੇ ਯੋਗਦਾਨੀਆਂ ਵਿਚ ਗੁਰਮਤਿ ਸੰਗੀਤ ਦੀਆਂ ਸੰਸਥਾਵਾਂ ਦਾ ਨਾਮ ਆਉਂਦਾ ਹੈ।

**1.2.6 ਗੁਰਮਤਿ ਸੰਗੀਤ ਦੀਆਂ ਸੰਸਥਾਵਾਂ:** ਸੰਗੀਤ ਜਗਤ ਵਿਚ ਮੌਲਿਕ ਗੁਰਮਤਿ ਸੰਗੀਤ ਪਰੰਪਰਾ ਦੇ ਬਹੁ ਦਿਸ਼ਾਵੀਂ ਵਿਕਾਸ ਵਿਚ ਇਨ੍ਹਾਂ ਸੰਗੀਤਕ ਪਰੰਪਰਾ ਦੀਆਂ ਸਿਖਲਾਈ ਸੰਸਥਾਵਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਨ੍ਹਾਂ ਸੰਸਥਾਵਾ ਵਿਚ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ; ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ; ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ; ਪੰਜਾਬੀ ਯੂਨੀਵਰਸਿਟੀ ਪਟਿਆਲਾ ਆਦਿ ਪ੍ਰਮੁਖ ਹਨ।

1902 ਈਸਵੀ ਵਿਚ ਸਥਾਪਿਤ **ਚੀਫ਼ ਖਾਲਸਾ ਦੀਵਾਨ** ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਅਹਿਮ ਭੂਮਿਕਾ ਨਿਭਾਈ ਹੈ। ਵਰਤਮਾਨ ਸਮੇਂ ਇਸ ਸੰਸਥਾ ਅਧੀਨ 47 ਦੇ ਕਰੀਬ ਸਕੂਲ ਚੱਲਦੇ ਹਨ ਜਿਨ੍ਹਾਂ ਦੇ ਅੰਤਰਗਤ ਸ਼ਬਦ ਕੀਰਤਨ ਦੀ ਸਿਖਲਾਈ ਵੀ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਸੰਦਰਭ ਵਿਚ *ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ* ਪੁਸਤਕ ਸੰਗ੍ਰਹਿ ਵਡਮੁੱਲੀ ਰਚਨਾ ਹੈ। ਗੁਰਮਤਿ ਸੰਗੀਤ ਦੇ ਅਰੰਭਲੇ ਕਾਰਜ਼ਾਂ ਦੇ ਸੰਦਰਭ ਵਿਚ ਬਹੁਤ ਹੀ ਮਹੱਤਵ ਪੂਰਨ ਪੁਸਤਕ ਹੈ। ਇਸ ਅਧੀਨ ਗੁਰਮਤਿ ਸੰਗੀਤ ਦੇ ਵਿਭਿੰਨ ਸੰਦਰਭਾਂ ਨੂੰ ਸਮਝਾਉਣ ਦੀ ਚੰਗੀ ਕੋਸ਼ਿਸ਼ ਕੀਤੀ ਗਈ ਕੀਤੀ ਹੈ। ਸੋ ਗੁਰਮਤਿ ਸੰਗੀਤ ਦੇ ਹਵਾਲੇ ਨਾਲ ਚੀਫ਼ ਖਾਲਸਾ ਦੀਵਾਨ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

ਸਿੱਖ ਪੰਥ ਦੀ ਪ੍ਰਮੁਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਗੁਰਦੁਆਰਿਆਂ ਦੇ ਸੁਚੱਜੇ ਪ੍ਰਬੰਧ ਦੇ ਨਾਲ-ਨਾਲ ਸਿੱਖ ਇਤਿਹਾਸ, ਗੁਰਮਤਿ, ਗੁਰਮਤਿ ਸੰਗੀਤ ਆਦਿ ਅਨੇਕਾਂ ਵਿਸ਼ਿਆਂ 'ਤੇ ਸਮੇਂ-ਸਮੇਂ ਨਿਰੰਤਰ ਕਾਰਜ ਕਰਦੀ ਰਹੀ ਹੈ। ਇਸ ਸੰਸਥਾ ਅਧੀਨ ਅਨੇਕਾਂ ਸਕੂਲ, ਕਾਲਜ, ਮਿਸ਼ਨਰੀ ਕਾਲਜਾਂ ਦੇ ਨਾਲ- ਨਾਲ ਯੂਨੀਵਰਸਿਟੀ ਵੀ ਚੱਲ ਰਹੀ ਹੈ। ਇਨ੍ਹਾਂ ਵਿੱਚੋਂ ਸਾਰੇ ਮਿਸ਼ਨਰੀ ਕਾਲਜਾਂ ਵਿਚ ਗੁਰਮਤਿ ਸੰਗੀਤ ਦੀ ਵਿਧੀਬੱਧ ਸਿੱਖਲਾਈ ਦਿੱਤੀ ਜਾਂਦੀ ਹੈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਅਨੇਕ ਹੀ ਵਿਦਵਾਨ ਉਸਤਾਦਾਂ ਨੇ ਗੁਰਮਤਿ ਅਤੇ ਗੁਰਮਤਿ ਸੰਗੀਤ ਦੀ ਕਈ ਦਹਾਕੇ ਸਿੱਖਿਆ ਦਿੱਤੀ। ਭਾਈ ਸਾਧੂ ਸਿੰਘ ਜੋ ਆਪਣੇ ਸਮੇਂ ਦੇ ਪ੍ਰਸਿੱਧ ਸੰਗੀਤਕਾਰ ਰਹੇ ਹਨ। ਉਨ੍ਹਾਂ ਨੇ ਲਗਭਗ 30 ਸਾਲ ਇਸ ਟਕਸਾਲ ਵਿਚ ਤਬਲੇ ਦੀ ਸਿੱਖਿਆ ਦਿੱਤੀ। ਸਿੱਖ ਵਿਦਵਾਨ ਅਧਿਆਪਕ ਪ੍ਰਿੰਸੀਪਲ ਡਾ. ਧਰਮਾਨੰਤ ਸਿੰਘ, ਪ੍ਰਿੰ. ਗੰਗਾ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰਿੰ. ਤਾਰਨ ਸਿੰਘ, ਪ੍ਰਿੰ. ਹਰਭਜਨ ਸਿੰਘ ਤੋਂ ਇਲਾਵਾ ਪ੍ਰਿੰ. ਲਾਭ ਸਿੰਘ, ਡਾ. ਸ਼ਮਸ਼ੇਰ ਸਿੰਘ, ਪ੍ਰਿੰ. ਸਵਰਜੀਤ ਸਿੰਘ, ਪ੍ਰਿੰ. ਨਿਰਵੈਰ ਸਿੰਘ ਅਰਸ਼ੀ, ਪ੍ਰਿੰ. ਡਾ. ਸੂਬਾ ਸਿੰਘ ਆਦਿ ਨੇ ਸਮੇਂ-ਸਮੇਂ ਇਸ ਸੰਸਥਾ ਵਿਚ ਵਿਦਿਆਰਥੀਆਂ ਨੂੰ ਸਿੱਖਿਆ ਦਿਤੀ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਉਸਤਾਦ ਅਵਤਾਰ ਸਿੰਘ ਨਾਜ਼, ਉਸਤਾਦ ਮਹਿੰਗਾ ਸਿੰਘ, ਭਾਈ ਨਿਰਮਲ ਸਿੰਘ ਅਤੇ ਪ੍ਰਿੰ. ਬਲਦੇਵ ਸਿੰਘ ਆਦਿ ਸੰਗੀਤਕ ਉਸਤਾਦਾਂ ਦਾ ਨਾਮ ਵਿਸ਼ੇਸ਼ ਵਰਣਨਯੋਗ ਹੈ। ਇਸ ਕਾਲਜ ਤੋਂ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ, ਭਾਈ ਹਰਜਿੰਦਰ ਸਿੰਘ ਸ੍ਰੀ

ਨਗਰ, ਭਾਈ ਰਵਿੰਦਰ ਸਿੰਘ, ਭਾਈ ਸਤਿੰਦਰਬੀਰ ਸਿੰਘ, ਭਾਈ ਗੁਰਦੇਵ ਸਿੰਘ ਕੁਹਾੜਕਾ, ਭਾਈ ਗਗਨਦੀਪ ਸਿੰਘ, ਭਾਈ ਗੁਰਕੀਰਤ ਸਿੰਘ, ਪ੍ਰਿੰ. ਬਲਦੇਵ ਸਿੰਘ, ਪ੍ਰੋ. ਰਵੇਲ ਸਿੰਘ ਆਦਿ ਨਾਮਾਵਰ ਕੀਰਤਨੀਆਂ ਨੇ ਸਿੱਖਿਆ ਪ੍ਰਾਪਤ ਕੀਤੀ । ਗੁਰਮਤਿ ਸੰਗੀਤ ਦੇ ਹਵਾਲੇ ਨਾਲ ਇਸ ਕਾਲਜ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀ **ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ** ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸ ਅਕੈਡਮੀ ਵਿਚ ਵਿਦਵਾਨ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਰਹੇ ਹਨ। ਤੰਤੀ ਸਾਜ਼ਾਂ ਨਾਲ ਪੁਰਾਤਨ ਗਾਇਨ ਸ਼ੈਲੀਆਂ ਦੀ ਸਿੱਖਿਆ ਇਸ ਅਕੈਡਮੀ ਦੀ ਵਿਸ਼ੇਸ਼ਤਾ ਹੈ। ਇਸ ਟਕਸਾਲ ਦੇ ਕਈ ਵਿਦਿਆਰਥੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਸੇਵਾ ਨਿਭਾਅ ਰਹੇ ਹਨ ਜਿਨ੍ਹਾਂ ਵਿਚ ਰਾਗੀ ਹਰਪਿੰਦਰ ਸਿੰਘ, ਭਾਈ ਪਪਿੰਦਰ ਸਿੰਘ, ਨਵਜਿੰਦਰ ਸਿੰਘ, ਗੁਰਸੇਵਕ ਸਿੰਘ ਆਦਿ ਪ੍ਰਮੁਖ ਹਨ। ਗੁਰਮਤਿ ਸੰਗੀਤ ਦੀ ਖਾਸ ਕਰਕੇ ਤੰਤੀ ਸਾਜ਼ ਪਰੰਪਰਾ ਵਿਚ ਇਸ ਅਕੈਡਮੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਤੋਂ ਇਲਾਵਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਆਪਣੇ ਸਕੂਲਾਂ[117], ਕਾਲਜਾਂ[118] ਤੇ ਯੂਨੀਵਰਸਿਟੀਆਂ[119] ਵਿਚ ਗੁਰਮਤਿ ਸੰਗੀਤ ਦੀ ਅਕਾਦਮਿਕ ਪੜ੍ਹਾਈ ਕਰਵਾਈ ਜਾਂਦੀ ਹੈ। ਇਸ ਸੰਸਥਾ ਵਲੋਂ ਗੁਰਮਤਿ ਸੰਗੀਤ ਦੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਰਹੀਆਂ ਹਨ ਜਿਵੇਂ *ਗੁਰਬਾਣੀ ਸੰਗੀਤ*(ਸ. ਗਿਆਨ ਸਿੰਘ ਐਬਟਾਬਾਦ), *ਗੁਰਮਤਿ ਸੰਗੀਤ ਦਰਪਣ* (ਪ੍ਰੋ. ਕਰਤਾਰ ਸਿੰਘ) ਆਦਿ। ਗੁਰਮਤਿ ਸੰਗੀਤ ਦੀ ਵਿਹਾਰਕ ਪਰੰਪਰਾ ਦੇ ਸੰਦਰਭ ਵਿਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ; ਤਖ਼ਤ ਸ੍ਰੀ ਕੇਸ਼ਗੜ੍ਹ ਸਾਹਿਬ, ਅਨੰਦਪੁਰ ਸਾਹਿਬ ਆਦਿ ਅਨੇਕ ਗੁਰਦੁਆਰਾ ਸਾਹਿਬਾਨ ਵਿਚ ਸ਼ਬਦ ਕੀਰਤਨ ਦੀ ਧਾਰਾ ਨਿਰਵਿਘਨ ਨਿਰੰਤਰ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਕੀਰਤਨ ਦਰਬਾਰ, ਰਾਗ ਦਰਬਾਰ, ਗੁਰਮਤਿ ਸੰਗੀਤ ਪ੍ਰਤੀਯੋਗਤਾਵਾਂ, ਗੁਰਮਤਿ ਸੰਗੀਤ 'ਤੇ ਸੈਮੀਨਾਰ, ਗੋਸਟੀਆਂ ਆਦਿ ਦੇ ਨਾਲ ਇਹ ਗੁਰਮਤਿ ਸੰਗੀਤ ਪਰੰਪਰਾ ਦੇ ਵਿਕਾਸ ਨਿਰੰਤਰ ਯੋਗਦਾਨ ਪਾ ਰਹੀ ਹੈ।

**ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ** ਦੀ ਸਥਾਪਨਾ ਸਿੱਖ ਗੁਰਦੁਆਰਾ ਐਕਟ 1971 ਦੇ ਤਹਿਤ 1974 ਵਿਚ ਹੋਈ। ਹੋਰ ਸਮਾਜਿਕ ਕਾਰਜ਼ਾ ਤੋਂ ਇਲਾਵਾ ਇਹ ਸੰਸਥਾ ਕਈ ਵਿਦਿਅਕ

ਸੰਸਥਾਵਾ, ਲਾਇਬ੍ਰੇਰੀਆਂ ਆਦਿ ਦਾ ਪ੍ਰਬੰਧ ਕਰਦੀ ਹੈ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਤਰ੍ਹਾਂ ਇਹ ਸੰਸਥਾ ਅਨੇਕ ਗੁਰਮਤਿ ਸੰਗੀਤ ਵਿਦਵਾਨਾਂ, ਕੀਰਤਨੀਏ, ਗੁਰਮਤਿ ਸੰਗੀਤ ਅਧਿਆਪਕਾਂ ਆਦਿ ਨੂੰ ਚੰਗਾ ਮਾਸਿਕ ਸੇਵਾਫਲ ਦੇ ਕੇ ਇਸ ਦਿਸ਼ਾ ਵੱਲ ਆਉਣ ਲਈ ਹੋਰ ਵਿਦਵਾਨਾਂ ਨੂੰ ਪ੍ਰੇਰਿਤ ਕਰ ਰਹੀ ਹੈ।

**ਗੁਰੂ ਨਾਨਾਕ ਦੇਵ ਯੂਨੀਵਰਸਿਟੀ**, ਸ਼੍ਰੀ ਅੰਮ੍ਰਿਤਸਰ ਵਿਚ ਜਦੋਂ ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਕਾਰਜਰਤ ਸਨ ਤਾਂ ਉਨ੍ਹਾਂ ਦੇ ਵਿਸ਼ੇਸ਼ ਉਦਮਾਂ ਸਦਕਾ ਯੂਨੀਵਰਸਿਟੀ ਨੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਪੱਧਰ 'ਤੇ ਸੰਗੀਤ ਵਿਸ਼ੇ ਦਾ ਇੱਕ ਤਿਹਾਈ ਹਿੱਸਾ ਬਣਾ ਕੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਤੋਂ ਇਲਾਵਾ ਡਿਪਲੋਮਾ ਇਨ ਗੁਰਮਤਿ ਸੰਗੀਤ ਦਾ ਕੋਰਸ ਵੀ ਪ੍ਰਾਰੰਭ ਕੀਤਾ ਗਿਆ।

**ਪੰਜਾਬੀ ਯੂਨੀਵਰਸਿਟੀ,** ਪਟਿਆਲਾ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਕ੍ਰਾਂਤੀਕਾਰੀ ਇਤਿਹਾਸਕ ਯੋਗਦਾਨ ਪਾਇਆ ਹੈ। ਇਸ ਯੂਨੀਵਰਸਿਟੀ ਨੇ ਸਭ ਤੋਂ ਪਹਿਲਾਂ ਗੁਰਮਤਿ ਸੰਗੀਤ ਚੇਅਰ (2003) ਸ਼ੁਰੂ ਕੀਤੀ। ਉਪਰੰਤ ਗੁਰਮਤਿ ਸੰਗੀਤ ਵਿਭਾਗ 2005 ਸਥਾਪਿਤ ਹੋਇਆ। ਫਿਰ 2006 ਵਿਚ ਯੂਨੀਵਰਸਿਟੀ ਅਧੀਨ ਗੁਰਮਤਿ ਸੰਗੀਤ ਭਵਨ ਦੀ ਉਸਾਰੀ ਪ੍ਰਾਰੰਭ ਹੋਈ। ਵਰਤਮਾਨ ਸਮੇਂ ਇਸ ਸੰਸਥਾ ਦੇ ਅੰਤਰਗਤ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਗੁਰਮਤਿ ਗਿਆਨ ਸਟੱਡੀ ਸੈਂਟਰ, *ਸੰਤ ਸੁੱਚਾ ਸਿੰਘ ਆਰਕਾਇਵਜ਼ ਆਫ ਮਿਊਜ਼ਿਕ*, ਆਨ ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਆਦਿ ਚੱਲ ਰਹੇ ਹਨ। *ਆਨ ਲਾਇਨ ਗੁਰਮਤਿ ਸੰਗੀਤ ਲਾਈਬ੍ਰੇਰੀ ਤੇ ਸੰਤ ਸੁੱਚਾ ਸਿੰਘ ਆਰਕਾਇਵਜ਼ ਆਫ ਮਿਊਜ਼ਿਕ* ਵਿਚ ਗੁਰਮਤਿ ਸੰਗੀਤ ਦੇ ਨਾਲ ਸਬੰਧਤ ਸਾਹਿਤ ਤੇ ਆਡਿਓ ਵੀਡਿਓ ਆਦਿ ਨਾ ਪ੍ਰਾਪਤ ਹੋਣ ਵਾਲੀ ਸਮੱਗਰੀ ਇਕੱਤਰ ਕਰ ਅਪਲੋਡ ਕੀਤੀ ਗਈ ਹੈ। ਇਸ ਦਾ ਦੁਨੀਆਂ ਦੇ ਹਰ ਕੋਨੇ ਚ ਬੈਠਾ ਗੁਰਮਤਿ ਸੰਗੀਤ ਦਾ ਵਿਦਿਆਰਥੀ ਸਿਖਿਆਰਥੀ ਲਾਭ ਪ੍ਰਾਪਤ ਕਰ ਰਿਹਾ ਹੈ। ਇਨ੍ਹਾਂ ਵਿਭਿੰਨ ਵਿਭਾਗਾਂ ਦੀ ਸਥਾਪਤੀ ਪਿੱਛੇ ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਦੇ ਅਣਥੱਕ ਯਤਨਾਂ ਦਾ ਹੱਥ ਹੈ। ਡਾਕਟਰ ਸਾਬ ਨੇ ਆਪਣੇ ਸਹਿਯੋਗੀਆਂ ਦੇ ਸਹਿਯੋਗ ਸਦਕਾ ਇਸ ਇਤਿਹਾਸਕ ਕਾਰਜ ਨੂੰ ਨੇਪਰੇ ਚੜ੍ਹਾਇਆ। ਆਪ ਦੇ ਸਹਿਯੋਗੀਆਂ ਵਿਚ ਬੀਬੀ ਜਸਬੀਰ ਕੌਰ ਖਾਲਸਾ, ਵਾਇਸ ਚਾਂਸਲਰ ਸਵਰਣ ਸਿੰਘ ਬੋਪਾਰਾਏ, ਡਾ. ਜਸਪਾਲ ਸਿੰਘ ਆਦਿ ਪ੍ਰਮੁਖ ਹਨ। ਹਥਲੇ ਖੋਜ਼ ਪ੍ਰਬੰਧ ਦੇ ਸੰਦਰਭ ਵਿਚ ਇਸ ਸੰਸਥਾ

ਵਿਚ ਰਾਗੀ ਭਾਈ ਜੁਵਾਲਾ ਸਿੰਘ ਦੇ ਨਾਮ 'ਤੇ ਸ਼ਾਨਦਾਰ ਆਡੀਟੋਰੀਅਮ ਵੀ ਸੁਸ਼ੋਭਿਤ ਹੈ। ਗੁਰਮਤਿ ਸੰਗੀਤ ਦੀ ਯੂਨੀਵਰਸਿਟੀ ਪੱਧਰ ਦੀ ਅਕਾਦਮਿਕ ਪੜ੍ਹਾਈ ਦਾ ਪ੍ਰਾਰੰਭ ਹੋਣਾ ਗੁਰਮਤਿ ਸੰਗੀਤ ਨੂੰ ਅਹਿਮ ਦੇਣ ਸੀ। ਇਸ ਅਸਥਾਨ ਤੋਂ ਅਨੇਕਾਂ ਹੀ ਵਿਦਿਆਰਥੀ ਗੁਰਮਤਿ ਸੰਗੀਤ ਦੀ ਸਿਧਾਂਤਕ ਅਤੇ ਵਿਵਹਾਰਿਕ ਸਿੱਖਿਆ ਲੈ ਕੇ ਦੇਸ਼ਾਂ ਵਿਦੇਸ਼ਾਂ ਵਿਚ ਇਸ ਪਰੰਪਰਾ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾ ਰਹੇ ਹਨ। ਇਸ ਸੰਸਥਾ ਨੇ ਗੁਰਮਤਿ ਸੰਗੀਤ ਦੇ ਤੰਤੀ ਸਾਜ਼ਾਂ ਦੀ ਪੁਨਰ ਸਥਾਪਤੀ ਹਿਤ ਮੋਹਰੀ ਯੋਗਦਾਨ ਪਾਇਆ ਹੈ। ਇਸ ਸੰਸਥਾ ਨੇ ਗੁਰਮਤਿ ਸੰਗੀਤ ਦੇ ਅਕਾਦਮਿਕਤਾ ਦੇ ਵਿਕਾਸ ਹਿਤ ਡਿਪਲੋਮਾ ਇਨ ਗੁਰਮਤਿ ਸੰਗੀਤ, ਬੀ.ਏ.(ਗੁਰਮਤਿ ਸੰਗੀਤ), ਐੱਮ.ਏ(ਗੁਰਮਤਿ ਸੰਗੀਤ),ਪੀਐੱਚ.ਡੀ. ਤੋਂ ਇਲਾਵਾ ਆੱਨ ਲਾਇਨ ਗੁਰਮਤਿ ਗਿਆਨ ਐਲੀਮੈਂਟਰੀ ਕੋਰਸ, ਫਾਉਂਡੇਸ਼ਨ ਕੋਰਸ, ਸਰਟੀਫਿਕੇਟ ਕੋਰਸ, ਅੰਡਰ ਗ੍ਰੈਜੂਏਟ ਡਿਪਲੋਮਾ, ਪੋਸਟ ਗ੍ਰੈਜੂਏਟ ਡਿਪਲੋਮਾ, ਬੀ. ਏ. ਵਿਦ ਗੁਰਮਤਿ ਸੰਗੀਤ, ਐੱਮ.ਏ. ਗੁਰਮਤਿ ਸੰਗੀਤ ਸ਼ੁਰੂ ਕੀਤੇ ਹੋਏ ਹਨ। ਗੁਰਮਤਿ ਸੰਗੀਤ ਵਿਭਾਗ ਤੋਂ ਅਨੇਕਾਂ ਹੀ ਵਿਦਿਆਰਥੀ ਪੀਐੱਚ. ਡੀ. ਡਿਗਰੀ ਪ੍ਰਾਪਤ ਕਰ ਚੁੱਕੇ ਹਨ, ਜਿਨ੍ਹਾਂ ਵਿਚੋਂ ਡਾ. ਅਲੰਕਾਰ ਸਿੰਘ, ਡਾ. ਜਬਰਜੰਗ ਸਿੰਘ, ਡਾ. ਮਨਪ੍ਰੀਤ ਸਿੰਘ, ਡਾ. ਰੁਪਿੰਦਰ ਕੌਰ, ਡਾ. ਗੁਰਦੇਵ ਸਿੰਘ, ਡਾ. ਲਲੀਤਾ ਜੈਨ, ਡਾ. ਰਵਿੰਦਰ ਸਿੰਘ ਆਦਿ ਦੇ ਨਾਮ ਪ੍ਰਮੁਖ ਹਨ। ਗੁਰਮਤਿ ਸੰਗੀਤ ਵਿਭਾਗ ਦੇ ਹਵਾਲੇ ਨਾਲ ਪੰਜਾਬੀ ਜ਼ੁਬਾਨ ਦੇ ਵਿਕਾਸ ਹਿਤ ਵੀ ਦੋ ਆਨ ਲਾਇਨ ਕੋਰਸ *ਐਲੀਮੈਂਟਰੀ ਕੋਰਸ ਇਨ ਪੰਜਾਬੀ, ਤੇ ਡਿਪਲੋਮਾ ਇਨ ਪੰਜਾਬੀ* ਵੀ ਕਰਵਾਏ ਜਾ ਰਹੇ ਹਨ। ਇਸ ਹਵਾਲੇ ਇਹ ਸੰਸਥਾ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਵੱਡਮੁਲਾ ਯੋਗਦਾਨ ਪਾ ਰਹੀ ਹੈ।

ਗੁਰਮਤਿ ਸੰਗੀਤ ਦੀਆਂ ਉਕਤ ਸੰਸਥਾਵਾਂ 'ਤੇ ਵਿਚਾਰ ਚਰਚਾ ਕਰਦਿਆਂ ਇਹ ਪ੍ਰਤੱਖ ਹੈ ਕਿ ਇਨ੍ਹਾਂ ਸੰਸਥਾਵਾਂ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਤੋਂ ਲੈ ਕੇ ਇਸ ਦਾ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰਚਾਰ ਤੇ ਪਾਸਾਰ ਇਨ੍ਹਾਂ ਸੰਸਥਾਵਾਂ ਦੀ ਵਿਸ਼ੇਸ਼ ਪ੍ਰਾਪਤੀ ਰਹੀ ਹੈ। ਗੁਰਮਤਿ ਸੰਗੀਤ ਅਕਾਮਿਕ ਪੜਾਈ ਦੇ ਨਾਲ-ਨਾਲ ਇਸ ਦੀ ਸਾਜ਼ ਪਰੰਪਰਾ ਮੁੜ ਪ੍ਰਚਲਨ ਅਤੇ ਸੁਲਝੇ ਹੋਏ ਪੜੇ ਲਿਖੇ ਕੀਰਤਨੀਆਂ ਨੂੰ ਪੈਦਾ ਕਰਨ ਵਿਚ ਵੀ ਇਨ੍ਹਾਂ ਸੰਸਥਾਵਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਗੁਰਮਤਿ ਸੰਗੀਤ ਵਿਸ਼ੇ ਵਿਚ ਗ੍ਰੈਜੁਏਸ਼ਨ, ਪੋਸਟ ਗ੍ਰੇਜੁਏਸ਼ਨ, ਪੀਐਚ.ਡੀ. ਆਦਿ ਤਕ ਦੀ ਪੜਾਈ ਕਰਵਾਉਣੀ ਵੀ ਇਨ੍ਹਾਂ ਸੰਸਥਾਵਾਂ ਦੀ ਇਸ

ਪਰੰਪਰਾ ਨੂੰ ਅਹਿਮ ਦੇਣ ਹੈ। ਗੁਰਮਤਿ ਸੰਗੀਤ ਦੀਆਂ ਉਕਤ ਸੰਸਥਾਵਾਂ ਤੋਂ ਇਲਾਵਾ ਇਸ ਪਰੰਪਰਾ ਦੇ ਪ੍ਰਮੁਖ ਸਾਜ਼ ਨਿਰਮਾਤਾ ਵੀ ਸਦੀਆਂ ਤੋਂ ਪਰੰਪਰਾਗਤ ਸਾਜਾਂ ਦਾ ਨਿਰਮਾਣ ਕਰ ਆਪਣਾ ਇਸ ਵਿਸ਼ੇ ਹਿਤ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।

**2.1.7. ਗੁਰਮਤਿ ਸੰਗੀਤ ਦੇ ਪ੍ਰਮੁਖ ਸਾਜ਼ ਨਿਰਮਾਤਾ** : ਗੁਰਮਤਿ ਸੰਗੀਤ ਪਰੰਪਰਾ ਵਿਚ ਵੱਖ ਵੱਖ ਸਮੇਂ ਵਿਭਿੰਨ ਸਾਜਾਂ ਦਾ ਪ੍ਰਯੋਗ ਹੁੰਦਾ ਰਿਹਾ ਹੈ। ਇਹਨਾਂ ਸਾਜਾਂ ਵਿਚ ਰਬਾਬ, ਸਾਰੰਦਾ, ਤਾਊਸ, ਮ੍ਰਿਦੰਗ, ਤਾਨਪੁਰਾ, ਦਿਲਰੁਬਾ, ਇਸਰਾਜ, ਸਾਰੰਗੀ, ਢੱਡ, ਪਖਾਵਜ, ਢੋਲਕ ਆਦਿ ਨਾਮ ਸ਼ਾਮਿਲ ਹਨ। ਇਹਨਾਂ ਨੂੰ ਬਣਾਉਣ ਵਾਲੇ ਸਾਜ਼ ਨਿਰਮਾਤਾਵਾਂ ਦੀ ਕਰੜੀ ਘਾਲਣਾ ਦਾ ਨਤੀਜਾ ਹੈ ਕਿ ਇਹ ਸਾਜ ਵਰਤਮਾਨ ਸਮੇਂ ਸਾਨੂੰ ਉਪਲੱਬਧ ਹਨ। ਅਜੋਕੇ ਸਮੇਂ ਪੰਜਾਬੀ ਯੂਨੀਵਰਸਿਟੀ, ਸ਼੍ਰੋਮਣੀ ਪ੍ਰਬੰਧਕ ਕਮੇਟੀ ਆਦਿ ਸਾਂਝੇ ਉੱਦਮ ਸਦਕਾ ਇਨ੍ਹਾਂ ਸਾਜ਼ਾਂ ਦਾ ਮੁੜ ਪ੍ਰਚਲਨ ਸ਼ੁਰੂ ਹੋਇਆ ਹੈ। ਗੁਰਮਤਿ ਸੰਗੀਤ ਦੇ ਇਤਿਹਾਸ `ਤੇ ਝਾਤ ਮਾਰੀਏ ਤਾਂ ਸਾਜ਼ ਨਿਰਮਾਤਾਵਾਂ ਵਿਚ ਸਭ ਤੋਂ ਪਹਿਲਾਂ ਨਾਮ ਭਾਈ ਫਿਰੰਦਾ ਜੀ ਦਾ ਆਉਂਦਾ ਹੈ ਜਿਨ੍ਹਾਂ ਗੁਰੂ ਨਾਨਕ ਦੇਵ ਜੀ ਦੀ ਵਿਸ਼ੇਸ਼ ਤਾਕੀਤ `ਤੇ ਭਾਈ ਮਰਦਾਨੇ ਲਈ ਰਬਾਬ ਤਿਆਰ ਕੀਤੀ।[120] ਇਸ ਕਾਰਜ ਲਈ ਲੋੜੀਂਦੀ ਮਾਇਆ ਦਾ ਇੰਤਜਾਮ ਭੈਣ ਨਾਨਕੀ ਵਲੋਂ ਕੀਤਾ ਗਿਆ। ਉਪਰੰਤ ਦੂਸਰਾ ਨਾਮ ਗੁਰੂ ਅਮਰਦਾਸ ਜੀ ਦਾ ਆਉਂਦਾ ਜਿਨ੍ਹਾਂ ਨੇ ਵਿਸ਼ੇਸ਼ ਰੂਪ ਵਿਚ ਸਾਰੰਦਾ ਸਾਜ਼ ਬਣਵਾਇਆ।[121] ਇਸ ਤਰ੍ਹਾਂ ਇਕ ਹੋਰ ਹਵਾਲੇ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਨੇ ਤਾਊਸ ਸਾਜ਼ ਬਣਵਾਇਆ।[122] ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਮ੍ਰਿਦੰਗ ਸਾਜ਼ ਦਾ ਪ੍ਰਚਲਨ ਹੋਇਆ।[123]

ਗੁਰੂ ਕਾਲ ਤੋਂ ਚੱਲੀ ਆ ਰਹੀ ਤੰਤੀ ਸਾਜ਼ ਪਰੰਪਰਾ ਤਾਂ ਅਲੋਪ ਹੋ ਰਹੀ ਸੀ ਕਿ ਇਸ ਦੀ ਪੁਨਰ ਸੁਰਜੀਤੀ ਲਈ ਭਾਈ ਕਾਨ੍ਹ ਸਿੰਘ ਨਾਭਾ[124], ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਸੁਰਿੰਦਰ ਸਿੰਘ ਯੂ. ਕੇ. ਆਦਿ ਨੇ ਮਹੱਤਵਪੂਰਣ ਯੋਗਦਾਨ ਪਾਇਆ ਹੈ। ਇਨ੍ਹਾਂ ਸਾਜ਼ਾਂ ਦੇ ਮੁੜ ਪ੍ਰਯੋਗ ਕਾਰਨ ਇਸ ਦੀ ਮੰਗ ਵਿਚ ਵਾਧਾ ਹੋਇਆ। ਇਸ ਕਾਰਨ ਇਨ੍ਹਾਂ ਸਾਜ਼ਾਂ ਨੂੰ ਬਨਾਉਣ ਵਾਲੇ ਮੁੜ ਉਤਸ਼ਾਹਿਤ ਹੋਏ ਜਿਵੇਂ ਸ. ਗੁਰਦਿਆਲ ਸਿੰਘ ਜਲੰਧਰ ਵਾਲੇ, ਤੰਤੀ ਸਾਜ਼ ਵਾਦਕ ਭਾਈ ਅਨੂਪ ਸਿੰਘ ਆਦਿ। ਇਨ੍ਹਾਂ ਵਿੱਚੋਂ ਸ. ਗੁਰਦਿਆਲ ਸਿੰਘ ਤਾਊਸ, ਇਸਰਾਜ, ਦਿਲਰੂਬਾ, ਸਿਤਾਰ, ਤਾਨਪੁਰਾ ਆਦਿ ਤੰਤੀ ਸਾਜ਼ ਬਨਾਉਣ ਵਿਚ ਵਿਸ਼ੇਸ਼ ਮੁਹਾਰਤਾ ਰੱਖਦੇ ਹਨ। ਇਸ ਦੇ ਨਾਲ ਨਵੇ ਵਿਅਕਤੀ ਵਿਸ਼ੇਸ਼ ਵੀ ਇਸ

ਸਾਜ਼ ਬਨਾਉਣ ਦੀ ਪਰੰਪਰਾਗਤ ਕਲਾ ਨੂੰ ਅਪਨਾਉਣ ਲੱਗੇ ਜਿਵੇਂ ਭਾਈ ਅਨੂਪ ਸਿੰਘ, ਹਜ਼ੂਰੀ ਸਾਰੰਦਾ ਵਾਦਕ ਸ੍ਰੀ ਦੁਰਬਾਰ ਸਾਹਿਬ, ਸ. ਮਨਜੀਤ ਸਿੰਘ ਫਤਹਿਗੜ੍ਹ ਸਾਹਿਬ ਆਦਿ। ਵਰਤਮਾਨ ਸਮੇਂ ਗੁਰਮਤਿ ਸੰਗੀਤ ਦੇ ਸੂਝਵਾਨ ਵਿਦਵਾਨ ਇਸ ਦਿਸ਼ਾ ਵਿਚ ਵਿਸ਼ੇਸ਼ ਰੁੱਚੀ ਦਿਖਾ ਰਹੇ ਹਨ। ਸਾਜ਼ ਨਿਰਮਾਤਾਵਾਂ ਤੋਂ ਬਿਨਾਂ ਗੁਰਮਤਿ ਸੰਗੀਤ ਪਰੰਪਰਾ ਵਿਚ ਕੁਝ ਅਜਿਹੀਆਂ ਸਖਸ਼ੀਅਤਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ਜਿਨ੍ਹਾਂ ਦੇ ਉੱਦਮ ਸਦਕਾ ਇਸ ਪਰੰਪਰਾ ਦੇ ਵਿਕਾਸ ਨੂੰ ਵਿਸ਼ੇਸ਼ ਹੁੰਗਾਰਾ ਮਿਲਦਾ ਰਿਹਾ ਹੈ।

**1.2.8. ਗੁਰਮਤਿ ਸੰਗੀਤ ਦੀ ਸਥਾਪਤੀ : ਵਿਸ਼ੇਸ਼ ਸਖਸ਼ੀਅਤਾਂ**: ਗੁਰਮਤਿ ਸੰਗੀਤ ਦੇ ਖੇਤਰ ਵਿਚ ਕੁਝ ਸਖਸ਼ੀਅਤਾਂ ਅਜਿਹੀਆਂ ਵੀ ਕਾਰਜਸ਼ੀਲ ਰਹੀਆਂ ਹਨ ਜੋ ਆਪ ਭਾਵੇਂ ਕੀਰਤਨ ਨਹੀ ਕਰਦੇ ਰਹੇ ਅਤੇ ਨਾ ਹੀ ਉਨ੍ਹਾਂ ਨੇ ਇਸ ਨੂੰ ਵਿਸ਼ੇ ਦੇ ਰੂਪ ਵਿਚ ਹੀ ਪੜ੍ਹਾਇਆ ਸਿਖਾਇਆ ਹੈ ਪਰ ਫਿਰ ਵੀ ਗੁਰਮਤਿ ਸੰਗੀਤ ਦੇ ਪ੍ਰਚਾਰ ਪਾਸਾਰ ਤੇ ਸਥਾਪਤੀ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚ ਸਭ ਤੋਂ ਪਹਿਲਾ ਨਾਮ ਬੇਬੇ ਨਾਨਕੀ ਜੀ ਦਾ ਆਉਂਦਾ ਹੈ ਜਿਨ੍ਹਾਂ ਨੇ ਭਾਈ ਮਰਦਾਨੇ ਨੂੰ ਰਬਾਬ ਲਈ ਮਾਇਆ ਦਿੱਤੀ। [125] ਇਸੇ ਤਰਾਂ ਭਾਈ ਗੁਰਦਾਸ ਜੀ ਨੇ ਜਿੱਥੇ ਆਪਣੀਆਂ ਰਚਨਾਵਾਂ ਨਾਲ ਗੁਰਮਤਿ ਸੰਗੀਤ ਦੀ ਗਾਇਨ ਸਮੱਗਰੀ ਵਿਚ ਵਾਧਾ ਕੀਤਾ ਉੱਥੇ ਉਨ੍ਹਾਂ ਦੁਆਰਾ ਗੁਰੂ ਅਰਜਨ ਦੇਵ ਜੀ ਦੀ ਆਗਿਆ ਪ੍ਰਾਪਤ ਕਰ ਕੇ ਆਦਿ ਗ੍ਰੰਥ (ਗੁਰਮਤਿ ਸੰਗੀਤ ਦੇ ਅਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ) ਸੰਪਾਦਨਾ ਸਮੇਂ ਇੱਕ ਲਿਖਾਰੀ ਦੇ ਤੌਰ 'ਤੇ ਸੇਵਾ ਨਿਭਾਈ। ਭਾਈ ਲੱਧਾ ਜੀ ਨੇ ਗੁਰੂ ਘਰ ਤੋਂ ਕੀਰਤਨ ਹਿਤ ਇੰਨਕਾਰੀ ਹੋ ਚੁੱਕੇ ਗੁਰੂ ਘਰ ਦੇ ਰਬਾਬੀ ਭਾਈ ਸੱਤਾ ਬਲਵੰਡ ਨੂੰ ਗੁਰੂ ਸਾਹਿਬ ਤੋਂ ਬਖਸ਼ਾ ਕੇ ਉਨ੍ਹਾਂ ਦਾ ਸਤਿਕਾਰ ਦੁਆਰਾ ਕਾਇਮ ਕੀਤਾ। ਗੁਰਮਤਿ ਸੰਗੀਤ ਦੇ ਰਬਾਬੀ ਕੀਰਤਨੀਆਂ ਦੇ ਪ੍ਰਸੰਗ ਵਿਚ ਇਹ ਉਨ੍ਹਾਂ ਦਾ ਵੱਡਾ ਉਪਕਾਰ ਸੀ।[126] ਭਾਈ ਨੰਦ ਲਾਲ ਜੀ ਗੋਆ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਅਨਿਨ ਸਿੱਖਾਂ ਵਿਚੋਂ ਇੱਕ ਸਨ। ਆਪ ਨੇ *ਜ਼ਿੰਦਗੀਨਾਮਾਹ, ਤੌਸੀਫ਼ਓਸਨਾ, ਗੰਜਨਾਮਹ, ਜੋਤਵਿਕਾਸ਼, ਦੀਵਾਨ-ਗੋਯਾ, ਇਨਸ਼ਾ ਦਸਤੂਰ, ਅਰਜ਼ੁਲ-ਇਲਫਾਜ਼, ਖ਼ਾਤਮਹ,* ਆਦਿ ਰਚਨਾਵਾਂ ਰਚੀਆਂ।[127] ਸਿੱਖ ਧਰਮ ਦੀ ਪ੍ਰਮਾਣਿਤ ਰਹਿਤ ਮਰਿਯਾਦਾ ਵਿਚ ਭਾਈ ਗੁਰਦਾਸ ਤੋਂ ਬਆਦ ਭਾਈ ਨੰਦ ਲਾਲ ਜੀ ਦੀ ਵਿਆਖਿਆ ਸਰੂਪ ਬਾਣੀ ਦਾ ਹੀ ਕੀਰਤਨ ਕੀਤੇ ਜਾਣ ਦੀ ਤਾਕੀਦ ਕੀਤੀ ਗਈ ਹੈ ।[128] ਇਸ ਸੰਦਰਭ ਵਿਚ ਆਪ ਦਾ ਗੁਰਮਤਿ ਸੰਗੀਤ ਦੀ ਵਿਹਾਰਕਤਾ ਨੂੰ ਵਿਸ਼ੇਸ਼ ਦੇਣ ਹੈ।

ਸਿੱਖ ਧਰਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਮਹਾਨ ਵਿਦਵਾਨ ਸਨ। ਆਪ ਗੁਰਬਾਣੀ ਦੇ ਪ੍ਰਮਾਣਿਕ ਵਿਆਖਿਆਕਾਰ ਹੋਏ ਦੇ ਨਾਲ-ਨਾਲ ਆਪ ਸੁਲਝੇ ਹੋਏ ਸਾਖੀ ਉਚਾਰਕ ਸਨ। ਆਪ ਭਾਈ ਗੁਰਦਾਸ ਤੋਂ ਬਆਦ ਦੂਸਰੇ ਗੁਰਬਾਣੀ ਲਿੱਪੀਕਾਰ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਨਿਗਰਾਨੀ ਹੇਠ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਯੁਕਤ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਨਵੀਂ ਬੀੜ ਲਿਖੀ। ਆਪ ਨੇ ਪਹਿਲਾਂ ਗੁਰੂ ਗੋਬਿੰਦ ਸਾਹਿਬ ਦਾ ਹੁਕਮ ਪਾ ਕੇ ਤੇ ਫਿਰ ਮਾਤਾ ਸੰਦਰੀ ਜੀ ਦੀ ਆਗਿਆ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਸੁੱਚਜਾ ਪ੍ਰਬੰਧ ਕੀਤਾ ਅਤੇ ਉਥੇ ਕੀਰਤਨ ਦੀ ਮਰਯਾਦਾ ਬਹਾਲ ਕੀਤੀ। ਸਿੱਖ ਇਤਿਹਾਸ ਵਿਚ ਆਪ ਵਲੋਂ ਕੀਰਤਨ ਕਰਨ ਦੇ ਹਵਾਲੇ ਵੀ ਮਿਲਦੇ ਹਨ।[129] ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਜਿੱਥੇ ਸਰਹਿੰਦ ਫਤਹਿ ਕਰਨ ਤੋਂ ਬਆਦ ਪੰਜਾਬ ਦੇ ਬਾਕੀ ਇਲਾਕਿਆਂ ਵਿਚ ਆਪਣਾ ਦਬਦਬਾ ਬਣਾਇਆ ਉੱਥੇ ਆਪ ਨੇ ਗੁਰੂ ਘਰਾਂ ਵਿਚ ਗੁਰਮਤਿ ਅਤੇ ਗੁਰਮਤਿ ਸੰਗੀਤ ਦੀ ਮਰਿਯਾਦਾ ਦੁਬਾਰਾ ਲਾਗੂ ਕੀਤੀ। ਮਾਹਾਰਾਜਾ ਰਣਜੀਤ ਸਿੰਘ ਦੇ ਸਮੇਂ 1799 ਈਸਵੀ ਵਿਚ ਲਾਹੌਰ ਜਿੱਤ ਕੇ ਖਾਲਸਾ ਰਾਜ ਦੀ ਨੀਂਹ ਰੱਖੀ। ਆਪ ਦੇ ਰਾਜ ਕਾਲ ਵਿਚ ਜਿੱਥੇ ਸਿੱਖੀ ਦਾ ਦੂਰ ਦੂਰ ਤਕ ਪ੍ਰਚਾਰ ਤੇ ਪਾਸਾਰ ਹੋਇਆ ਉੱਥੇ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਆਪ ਦਾ ਵਿਸ਼ੇਸ਼ ਯੋਗਦਾਨ ਪ੍ਰੱਤਖ ਹੁੰਦਾ ਹੈ। ਆਪ ਦੇ ਸਮੇਂ ਤੋਂ ਹੀ ਰਬਾਬੀਆਂ ਤੇ ਰਾਗੀਆਂ ਨੂੰ ਕੀਰਤਨ ਦੀ ਮਹੀਨੇਵਾਰ ਭੇਟਾ ਮਿਲਣੀ ਪ੍ਰਾਰੰਭ ਹੋਈ। ਆਪ ਗੁਰੂ ਘਰ ਦੇ ਕੀਰਤਨੀਆਂ ਦਾ ਇੰਨਾ ਸਤਿਕਾਰ ਕਰਦੇ ਸਨ ਕਿ ਦਰਬਾਰ ਸਾਹਿਬ ਦੇ ਪ੍ਰਸਿੱਧ ਰਾਗੀ ਭਾਈ ਮਣਸ਼ਾ ਸਿੰਘ ਦੇ ਘਰ ਆਪ ਮਾਇਕ ਸਹਾਇਤਾ ਕਰਨ ਖੁੱਦ ਗਏ ਸਨ ਭਾਵੇਂ ਭਾਈ ਸਾਹਿਬ ਨੇ ਉਹ ਸਹਾਇਤਾ ਲੈਣ ਤੋਂ ਅਸਮੱਰਥਾ ਜਤਾਈ ਸੀ ਪਰ ਇਸ ਨਾਲ ਆਪ ਦਾ ਗੁਰੂ ਘਰ ਦੇ ਕੀਰਤਨੀਆਂ ਪ੍ਰਤੀ ਸਤਿਕਾਰ ਪ੍ਰਤੱਖ ਸਪੱਸ਼ਟ ਹੁੰਦਾ ਹੈ।[130] ਉਕਤ ਤੋਂ ਇਲਾਵਾ ਭਾਈ ਵੀਰ ਸਿੰਘ ਦੇ ਪਿਤਾ ਡਾ. ਚਰਨ ਸਿੰਘ ਜਿਨ੍ਹਾਂ ਨੇ ਗੁਰਮਤਿ ਸੰਗੀਤ 'ਤੇ ਮਹੱਤਵਪੂਰਨ ਲੇਖ ਲਿਖੇ ਉਨ੍ਹਾਂ ਤੋਂ ਬਆਦ ਭਾਈ ਵੀਰ ਸਿੰਘ ਨੇ ਇਸ ਦਿਸ਼ਾ ਵਿਚ ਯੋਗਦਾਨ ਪਾਇਆ ਹੈ।[131] ਇਸੇ ਸੰਦਰਭ ਵਿਚ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਵਾਲਿਆਂ ਦਾ ਵਿਸ਼ੇਸ਼ ਯੋਗਦਾਨ ਹੈ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗ ਤੇ ਰਾਗ ਪ੍ਰਕਾਰਾਂ ਦੀ ਪਹਿਚਾਣ ਕਰਕੇ ਉਨ੍ਹਾਂ ਦੇ ਸਰੂਪ ਸਥਾਪਿਤ ਕਰਨ ਵਿਚ ਅਹਿਮ ਯੋਗਦਾਨ ਪਾਇਆ। ਆਪ ਨੇ ਰਾਗ ਨਿਰਾਣਾਇਕ ਕਮੇਟੀ ਦਾ ਗਠਨ ਕਰ ਇਸ ਇਤਿਹਾਸਕ ਕਾਰਜ ਨੂੰ ਪੂਰਾ ਕੀਤਾ। ਇਸ ਦੇ ਨਾਲ ਨਾਲ ਆਪ ਨੇ 1991

ਤੋਂ ਜਵੱਦੀ ਟਕਸਾਲ ਵਿਖੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਪ੍ਰਾਰੰਭ ਕਰਵਾਏ ਜੋ ਵਰਤਮਾਨ ਤਕ ਸਾਲਾਨਾ ਜਾਂ ਦੋ ਜਾਂ ਚਾਰ ਸਾਲ ਬਾਅਦ ਲਗਾਤਾਰ ਚੱਲੇ ਆ ਰਹੇ ਹਨ ਜਿਨ੍ਹਾਂ ਅਧੀਨ ਗੁਰਮਤਿ ਸੰਗੀਤ ਦੇ ਵਿਭਿੰਨ ਪਰਿਪੇਖਾਂ ਦੇ ਸੰਦਰਭ ਵਿਚ ਸੈਮੀਨਾਰ ਤੇ ਰਾਗ ਨਿਰਧਾਰਿਤ ਸ਼ਬਦ ਕੀਰਤਨ ਹੁੰਦਾ ਆ ਰਿਹਾ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਸੰਤ ਬਾਬਾ ਸੁੱਚਾ ਸਿੰਘ ਦੀ ਇਹ ਮਹਾਨ ਦੇਣ ਰਹੀ ਹੈ।

ਡਾ. ਜੀ. ਐਸ. ਰੰਧਾਵਾ ਵਾਇਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਪੱਧਰ 'ਤੇ ਸੰਗੀਤ ਵਿਸ਼ੇ ਦਾ ਹਿੱਸਾ ਬਣਾਇਆ। ਜਿਵੇਂ ਕਿ ਅਸੀਂ ਉੱਪਰ ਵੀ ਜ਼ਿਕਰ ਕਰ ਆਏ ਹਾਂ ਇਹ ਕਾਰਜ ਵਿਚ ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ ਸੀ।

ਬੀਬੀ ਜਸਬੀਰ ਕੌਰ ਖਾਲਸਾ ਦਾ ਨਾਮ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਹਿਤ ਪ੍ਰਮੁਖ ਸਖਸ਼ੀਅਤਾਂ ਦੇ ਵਿੱਚੋਂ ਇੱਕ ਹੈ। ਆਪ ਜੀ ਦੇ ਸਹਿਯੋਗ ਸਦਕਾ ਗੁਰਮਤਿ ਸੰਗੀਤ ਆਚਾਰੀਆ ਡਾ. ਗੁਰਨਾਮ ਸਿੰਘ *ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ* ਪੰਜਾਬੀ ਯੂਨੀਵਰਸਿਟੀ ਵਿਚ ਸਥਾਪਿਤ ਕਰਨ ਵਿਚ ਸਫਲ ਹੋ ਸਕੇ। ਆਪ *ਸ੍ਰੀ ਗੁਰੂ ਨਾਨਕ ਪ੍ਰਕਾਸ ਫਾਉਂਡੇਸ਼ਨ, ਨਵੀਂ ਦਿੱਲੀ* ਦੇ ਚੇਅਰਪਰਸ਼ਨ ਸਨ। ਆਪ ਨੇ ਗੁਰਮਤਿ ਸੰਗੀਤ ਚੇਅਰ ਨੂੰ 2003 ਤੋਂ 2011 ਤਕ(ਆਪਣੇ ਅਤਿੰਮ ਸਮੇਂ ਤਕ) ਛੇ ਲੱਖ ਰੁਪਏ ਸਾਲਾਨਾ ਮਾਇਕ ਸਹਾਇਤਾ ਦੇ ਨਾਲ ਹੋਰ ਲੋੜੀਂਦੇ ਸਾਧਨ ਵੀ ਜੁਟਾਉਂਦੇ ਰਹੇ। ਗੁਰਮਤਿ ਸੰਗੀਤ ਦੀ ਸਥਾਪਤੀ ਹਿਤ ਆਪ ਦੀ ਵਿਸ਼ੇਸ਼ ਘਾਲਣਾ ਤੇ ਸਿਦਕ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਸ. ਸਵਰਨ ਸਿੰਘ ਬੋਪਾਰਾਏ (2002 ਤੋਂ 2007) ਨੇ ਆਪਣੀ ਸਰਪ੍ਰਸਤੀ ਵਿਚ ਗੁਰਮਤਿ ਸੰਗੀਤ ਦੇ ਮਾਰਤੰਡ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਚੇਅਰ (2003) ਅਤੇ ਗੁਰਮਤਿ ਸੰਗੀਤ ਵਿਭਾਗ (2005) ਨੂੰ ਸਥਾਪਿਤ ਕਰਨ ਹਿਤ ਭਰਪੂਰ ਅਕਾਦਮਿਕ ਸਹਿਯੋਗ ਦਿੱਤਾ। ਆਪ ਜੀ ਦੇ ਸਹਿਯੋਗ ਤੋਂ ਬਿਨਾਂ ਇਹ ਕਾਰਜ ਅਸੰਭਵ ਹੀ ਸੀ। ਆਪ ਜੀ ਦੇ ਸਮੇਂ ਗੁਰਮਤਿ ਸੰਗੀਤ ਵਿਭਾਗ ਦੀ ਆਪਣੀ ਇਮਾਰਤ ਗੁਰਮਤਿ ਸੰਗੀਤ ਦੇ ਭਵਨ ਦੇ ਰੂਪ ਵਿਚ ਪ੍ਰਾਰੰਭ ਹੋਈ। ਇਸ ਤੋਂ ਇਲਾਵਾ ਡਿਪਲੋਮਾ ਇਨ ਗੁਰਮਤਿ ਸੰਗੀਤ, ਐਮ. ਏ. ਇਨ ਗੁਰਮਤਿ ਸੰਗੀਤ ਦੀ ਉੱਚ ਪੱਧਰੀ ਪੜ੍ਹਾਈ ਦਾ ਪ੍ਰਾਰੰਭ ਵੀ ਆਪ ਜੀ ਦੀ ਸਰਪ੍ਰਸਥੀ ਹੇਠ ਪ੍ਰਾਰੰਭ ਹੋਇਆ।

ਡਾ. ਜਸਪਾਲ ਸਿੰਘ ਪੰਜਾਬੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ (2007-2017)ਦੀ ਸਰਪ੍ਰਸਤੀ ਅਤੇ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਦਾ ਬੁਹਪੱਖੀ ਵਿਕਾਸ ਹੋਇਆ ਜਿਨ੍ਹਾਂ ਵਿਚ ਗੁਰਮਤਿ ਸੰਗੀਤ ਦੀ ਆਨ ਲਾਇਨ ਵੈਬਸਾਇਟ, ਆਨ ਲਾਇਨ ਗੁਰਮਤਿ ਸੰਗੀਤ ਦੀ ਲਾਇਬ੍ਰੇਰੀ, ਆਨ ਲਾਇਨ ਵਿਭਿੰਨ ਕੋਰਸਸ, (ਜਿਨ੍ਹਾਂ ਦਾ ਅਸੀਂ ਪਿੱਛੇ ਜ਼ਿਕਰ ਕਰ ਆਏ ਹਾਂ) ਗੁਰਮਤਿ ਸੰਗੀਤ ਵਿਸ਼ੇ ਵਿਚ ਬੀ.ਏ. ਤੇ ਪੀ-ਐਚ.ਡੀ. ਪੱਧਰ ਦੀ ਰਿਸਰਚ, ਵਿਭਿੰਨ ਗੁਰਮਤਿ ਸੰਗੀਤ ਪ੍ਰਤਿਯੋਗਤਾਵਾਂ, ਸੈਮੀਨਾਰ, ਵਰਕਸ਼ਪਾਂ, ਗੁਰਮਤਿ ਸੰਗੀਤ ਵਿਸ਼ੇ ਦੇ ਵਿਭਿੰਨ ਪਰਿਪੇਖਾਂ ਨਾਲ ਸਬੰਧਿਤ ਪ੍ਰਕਾਸ਼ਨਾਵਾਂ ਆਦਿ ਸ਼ਾਮਿਲ ਹਨ। ਗੁਰਮਤਿ ਸੰਗੀਤ ਦੇ ਖੇਤਰ ਵਿਚ ਉਕਤ ਸਖਸ਼ੀਅਤਾਂ ਤੋਂ ਇਲਾਵਾ ਡਾ. ਐਸ.ਪੀ.ਐਸ. ਓਬਰਾਏ[132] ਨੇ ਸ. ਤੇਜਪ੍ਰਤਾਪ ਸਿੰਘ ਸੰਧੂ [133] ਆਦਿ ਅਨੇਕ ਗੁਰਮਤਿ ਸੰਗੀਤ ਦੇ ਹਿਤੈਸ਼ੀ ਇਸ ਦਿਸ਼ਾ ਵਿਚ ਆਪਣਾ ਵਿਸ਼ੇਸ਼ ਯੋਗਾਦਨ ਨਿਰੰਤਰ ਪਾ ਰਹੇ ਹਨ।

ਸਪਸ਼ਟ ਹੈ ਕਿ ਗੁਰੂ ਕਾਲ ਤੋਂ ਹੀ ਗੁਰਮਤਿ ਸੰਗੀਤ ਦੇ ਖੇਤਰ ਵਿਚ ਅਜਿਹੀਆਂ ਸਖਸ਼ੀਅਤਾਂ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ ਜੋ ਭਾਵੇਂ ਸਿੱਧੇ ਰੂਪ ਵਿਚ ਇਸ ਸੰਗੀਤ ਪਰੰਪਰਾ ਨਾਲ ਸਬੰਧਤ ਨਹੀ ਸਨ। ਇਨ੍ਹਾਂ ਪ੍ਰਮੁਖ ਸਖਸ਼ੀਅਤਾਂ ਦਾ ਗੁਰਮਤਿ ਸੰਗੀਤ ਦੇ ਵਿਕਾਸ, ਪ੍ਰਚਾਰ, ਪਾਸਾਰ, ਅਕਾਦਮਿਕ ਸਥਾਪਤੀ ਆਦਿ ਵਿਚ ਮੋਹਰੀ ਜਾਂ ਸਰਪ੍ਰਸਤ ਰੂਪ ਯੋਗਦਾਨ ਰਿਹਾ ਹੈ। ਗੁਰਮਤਿ ਸੰਗੀਤ ਦੀਆਂ ਇਨ੍ਹਾਂ ਪ੍ਰਮੁਖ ਸਖਸ਼ੀਅਤਾਂ ਵਿਚ ਬੀਬੀ ਨਾਨਕੀ, ਭਾਈ ਗੁਰਦਾਸ, ਬਾਬਾ ਬੁੱਢਾ, ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ, ਡਾ. ਚਰਨ ਸਿੰਘ ਸ਼ਹੀਦ, ਭਾਈ ਵੀਰ ਸਿੰਘ, ਸੰਤ ਬਾਬਾ ਸੁੱਚਾ ਸਿੰਘ ਜਵੱਦੀ, ਬੀਬੀ ਜਸਬੀਰ ਕੌਰ, ਡਾ. ਜੀ. ਐਸ. ਰੰਧਾਵਾ, ਸ. ਸਵਰਨ ਸਿੰਘ ਬੋਪਾਰਾਏ, ਡਾ. ਜਸਪਾਲ ਸਿੰਘ, ਆਦਿ ਦਾ ਨਾਮ ਪ੍ਰਮੁਖ ਯੋਗਦਾਨੀਆਂ ਦੇ ਰੂਪ ਵਿਚ ਸਾਡੇ ਸਾਹਮਣੇ ਪ੍ਰਤੱਖ ਹੁੰਦਾ ਹੈ। ਗੁਰਮਤਿ ਸੰਗੀਤ ਦੀਆਂ ਉਕਤ ਵਿਸ਼ੇਸ਼ ਸਖਸ਼ੀਅਤਾਂ ਦੇ ਯੋਗਦਾਨ ਤੋਂ ਬਆਦ ਇਸ ਸੰਗੀਤ ਪਰੰਪਰਾ ਦੇ ਪ੍ਰਕਾਸ਼ਕਾਂ ਦੀ ਵੀ ਵਿਸ਼ੇਸ਼ ਭੂਮਿਕਾ ਰਹੀ ਹੈ।

**1.2.9. ਗੁਰਮਤਿ ਸੰਗੀਤ: ਪ੍ਰਮੁਖ ਪ੍ਰਕਾਸ਼ਕ:** ਗੁਰਮਤਿ ਸੰਗੀਤ ਦੇ ਯੋਗਦਾਨੀਆਂ ਵਿਚ ਇਸ ਪਰੰਪਰਾ ਦੇ ਪ੍ਰਕਾਸ਼ਕਾਂ ਦਾ ਨਾਮ ਵੀ ਵਰਨਣਯੋਗ ਹੈ ਜਿਨ੍ਹਾਂ ਨੇ ਗੁਰਮਤਿ ਸੰਗੀਤ ਨਾਲ ਸਬੰਧਿਤ ਸਾਹਿਤ ਨੂੰ ਪ੍ਰਕਾਸ਼ਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ ਜਾਂ ਨਿਭਾਅ ਰਹੇ ਹਨ। ਇਸ ਦੀ ਬਦੌਲਤ ਵਰਤਮਾਨ ਸਮੇਂ ਸਾਡੇ

ਕੋਲ ਗੁਰਮਤਿ ਸੰਗੀਤ ਦਾ ਵੱਡਮੁਲਾ ਖ਼ਜਾਨਾ ਮੌਜੂਦ ਹੈ ਜੋ ਕਿ ਲਗਭਗ ਗੁਰ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗੁਰਮਤਿ ਸੰਗੀਤ ਦੇ ਅਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪਹਿਲਾਂ ਪੋਥੀ ਸਾਹਿਬ) ਦੇ ਰੂਪ ਵਿਚ ਸੁਰੱਖਿਅਤ ਹੈ। ਇਸੇ ਲੜੀ ਵਿਚ ਬਾਕੀ ਗੁਰੂ ਸਾਹਿਬਾਨ ਨੇ ਵੀ ਆਪਣਾ ਮੁੱਢਲਾ ਤੇ ਅਹਿਮ ਯੋਗਦਾਨ ਪਾਇਆ ਹੈ। ਗੁਰੂ ਅਰਜਨ ਦੇਵ ਜੀ ਨੇ 1600 ਈ: ਤੋਂ ਲੈ ਕੇ 1604 ਈ. ਤਕ ਆਦਿ ਗ੍ਰੰਥ ਦਾ ਸੰਪਾਦਨ ਆਪਣੀ ਸਰਪ੍ਰਸਤੀ ਹੇਠ ਕਰਵਾਇਆ। ਇਸ ਮਹਾਨ ਕਾਰਜ ਭਾਈ ਗੁਰਦਾਸ ਜੀ ਨੇ ਲਿਖਣ ਦੀ ਵੱਡਮੁਲੀ ਸੇਵਾ ਨਿਭਾਈ। ਪਹਿਲਾਂ ਪਹਿਲ ਛਾਪੇਖਾਨਿਆਂ ਦੀ ਅਣਹੋਂਦ ਕਾਰਨ ਇਸ ਕਾਰਜ ਨੂੰ ਹੱਥੀਂ ਕੀਤਾ ਜਾਂਦਾ ਰਿਹਾ ਹੈ। ਅੰਤਿਮ ਰੂਪ ਵਿਚ ਤਿਆਰ ਪੋਥੀ, ਖਰੜੇ ਜਾਂ ਗ੍ਰੰਥਾਂ ਦੇ ਫਿਰ ਲੋੜ ਅਨੁਸਾਰ ਉਤਾਰੇ ਕੀਤੇ ਜਾਂਦੇ ਸੀ। ਗੁਰੂ ਅਰਜਨ ਦੇਵ ਸਾਹਿਬ ਨੇ ਵੀ ਆਦਿ ਗ੍ਰੰਥ ਦੇ ਉਤਾਰੇ ਕਰਵਾਏ ਸਨ। ਇਸੇ ਤਰ੍ਹਾਂ ਗੁਰਮਤਿ ਸੰਗੀਤ ਜਾਂ ਸਿੱਖ ਇਤਿਹਾਸ ਨਾਲ ਸਬੰਧਿਤ ਹੋਰ ਪੁਰਾਤਨ ਇਤਿਹਾਸਕ ਸਾਹਿਤ ਪ੍ਰਾਪਤ ਹੁੰਦਾ ਹੈ। ਸਮੇਂ ਦੇ ਨਾਲ-ਨਾਲ ਵਿਭਿੰਨ ਪ੍ਰਕਾਸ਼ਕਾਂ ਵਲੋਂ ਇਨ੍ਹਾਂ ਨੂੰ ਗੁਰੂ ਸੰਦੇਸ਼ ਨੂੰ ਪ੍ਰਚਾਰ ਪਾਸਾਰ ਹਿਤ ਪ੍ਰਕਾਸ਼ਿਤ ਕੀਤਾ ਗਿਆ। ਗੁਰਮਤਿ ਸੰਗੀਤ ਦੇ ਹਵਾਲੇ ਨਾਲ ਪ੍ਰਮੁਖ ਪ੍ਰਕਾਸ਼ਕਾਂ ਵਿਚ ਨਾਭਾ ਰਿਆਸਤ ਦਾ ਛਾਪਾਖਾਨਾ[134]; ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ[135]; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ[136]; ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ; ਭਾਸ਼ਾ ਵਿਭਾਗ, ਪੰਜਾਬ; ਗੁਰਮਤਿ ਸੰਗੀਤ ਪ੍ਰਕਾਸ਼ਨ, ਪਟਿਆਲਾ; ਅੰਮ੍ਰਿਤ ਕੀਰਤਨ ਟ੍ਰਸਟ, ਚੰਡੀਗੜ; ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ; ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ ਆਦਿ ਤੋਂ ਇਲਾਵਾ ਸੰਗੀਤ ਕਾਰਯਾਲਯ, ਹਾਥਰਸ, (ਯੂ.ਪੀ); ਲੋਕ ਗੀਤ ਪ੍ਰਕਾਸ਼ਨ, ਮੋਹਾਲੀ ਆਦਿ ਦੇ ਨਾਮ ਵਿਸ਼ੇਸ਼ ਹਨ। ਇਨ੍ਹਾਂ ਰਾਹੀਂ ਗੁਰਮਤਿ ਸੰਗੀਤ ਦਾ ਮੌਲਿਕ ਤੇ ਵਡਮੁੱਲਾ ਸਾਹਿਤ ਲਿਖਤ ਰੂਪ ਵਿਚ ਪ੍ਰਕਾਸ਼ਿਤ ਹੋ ਸਕਿਆ।

ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਕਾਸ਼ਕਾਂ ਦੁਆਰਾ ਨਿਰੋਲ ਪ੍ਰਚਾਰ ਤੇ ਪਾਸਾਰ ਦੀ ਦ੍ਰਿਸ਼ਟੀ ਤੋਂ ਸ਼ਰਧਾਮੂਲਕ ਉਦੇਸ਼ ਨਾਲ ਪ੍ਰਕਾਸ਼ਨਾਵਾ ਕੀਤੀਆਂ। ਗੁਰਮਤਿ ਸੰਗੀਤ ਦੇ ਸੰਚਾਰ, ਵਿਕਾਸ, ਇਸ ਪਰੰਪਰਾ ਦੇ ਅਨਮੋਲ ਖ਼ਜਾਨੇ ਦੀ ਸੰਭਾਲ ਹਿਤ ਪ੍ਰਕਾਸ਼ਕਾਂ ਦੀਆਂ ਪ੍ਰਕਾਸ਼ਨਾਵਾਂ ਦਾ ਵੱਡਮੁਲਾ ਯੋਗਦਾਨ ਪ੍ਰਤੱਖ ਹੁੰਦਾ ਹੈ। ਇਨ੍ਹਾਂ ਪ੍ਰਕਾਸ਼ਨਾਵਾਂ ਦੇ ਨਾਲ ਸਬੰਧਤ ਵਿਸ਼ੇ ਦੇ ਵਿਦਿਆਰਥੀਆਂ, ਸਿੱਖਿਆਰਥੀਆਂ, ਪਾਠਕਾਂ, ਅਧਿਆਪਕਾਂ ਆਦਿ ਨੂੰ ਵੀ ਭਰਪੂਰ ਫਾਇਦਾ ਪਹੁੰਚਦਾ ਹੈ। ਇਸ ਸੰਦਰਭ ਵਿਚ ਗੁਰਮਤਿ ਸੰਗੀਤ

ਪਰੰਪਰਾ ਦੇ ਵਿਕਾਸ ਤੇ ਪਾਸਾਰ ਹਿਤ ਵਿਸ਼ੇਸ਼ ਯੋਗਦਾਨ ਉਭਰ ਕੇ ਸਾਹਮਣੇ ਆਉਂਦਾ ਹੈ। ਉਕਤ ਤੋਂ ਇਲਾਵਾ ਵਰਤਮਾਨ ਸਮੇਂ ਸੰਚਾਰ ਦਾ ਮਹੱਤਵਪੂਰਨ ਸਾਧਨ ਇੰਟਰਨੈਟ ਦਾ ਗੁਰਮਤਿ ਸੰਗੀਤ ਦੇ ਪ੍ਰਚਾਰ ਵਿਚ ਵਿਸ਼ੇਸ਼ ਯੋਗਦਾਨ ਪਾ ਰਿਹਾ ਹੈ।

**1.2.10 ਇੰਟਰਨੈੱਟ ਦੀਆਂ ਪ੍ਰਮੁਖ ਵੈਬਸਾਈਟਸ ਤੇ ਰਿਸਰਚ ਇੰਜਨ:** ਵਰਤਮਾਨ ਸਮੇਂ ਵਕਤ ਨੇ ਕਮਾਲ ਦੀ ਤਰੱਕੀ ਕੀਤੀ ਹੈ। ਅੱਜ ਸੰਚਾਰ ਦੀ ਸਮੀਕਰਨ ਹੀ ਬਦਲ ਚੁੱਕੀ ਹੈ ਜੋ ਕੱਲ ਤਕ ਕਲਪਨਾ ਲੱਗਦੀ ਸੀ ਉਹ ਅੱਜ ਹਕੀਕਤ ਲੱਗਦੀ ਹੈ। ਇੰਟਰਨੈਟ ਨੇ ਸੰਸਾਰ ਦੇ ਹਰ ਖਿੱਤੇ ਵਿਚ ਹੈਰਾਨੀਜਨਕ ਤਬਦੀਲੀ ਲਿਆਂਦੀ ਹੈ। ਗੁਰਮਤਿ ਸੰਗੀਤ ਦੇ ਹਵਾਲੇ ਨਾਲ ਇੰਟਰਨੈਟ ਨੇ ਗੁਰਮਤਿ ਸੰਗੀਤ ਨੂੰ ਵਿਭਿੰਨ ਰਿਸਰਚ ਇੰਜਨਾਂ ਦੇ ਰਾਹੀਂ ਵਿਸ਼ਵ ਪੱਧਰੀ ਪਾਸਾਰ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ।

ਇੰਟਰਨੈੱਟ ਦੇ ਇਤਿਹਾਸ ਦੇ ਸੰਦਰਭ ਵਿਚ ਪਹਿਲੀ ਵਾਰ ਅਕਤੂਬਰ 29, 1969: ਕੰਪਿਊਟਰ ਤੋਂ ਵੱਖ-ਵੱਖ ਥਾਵਾਂ 'ਤੇ ਕੰਪਿਊਟਰ ਨੂੰ ਮੈਸਜ਼ ਭੇਜਿਆ ਗਿਆ। 1 ਜਨਵਰੀ 1983: ARPANET ਨੇ ਮਿਆਰੀ TCP / IP ਪ੍ਰੋਟੋਕੋਲ ਅਪਨਾਇਆ। ਮਾਰਚ 1989: ਟਿਮ ਬਰਨਰਸ ਲੀ ਨੇ ਵਰਲਡ ਵਾਈਡ ਵੈੱਬ ਦੀ ਖੋਜ ਕੀਤੀ। 22 ਅਪਰੈਲ, 1993: ਮੋਜ਼ੇਕ ਪਹਿਲਾ ਵੈਬ ਬ੍ਰਾਉਜ਼ਰ ਬਣਿਆ।[137] ਪਹਿਲਾ ਵੈਬ ਪੇਜ 6 ਅਗਸਤ, 1991 ਨੂੰ ਲਾਈਵ ਕੀਤਾ ਗਿਆ. ਇਹ ਵਰਲਡ ਵਾਈਡ ਵੈੱਬ ਪ੍ਰੋਜੈਕਟ ਬਾਰੇ ਜਾਣਕਾਰੀ ਨੂੰ ਸਮਰਪਿਤ ਸੀ ਅਤੇ ਟਿਮ ਬਰਨਰਸ-ਲੀ ਦੁਆਰਾ ਕੀਤੀ ਗਈ।[138] ਵਰਤਮਾਨ ਸਮੇਂ ਜਿਸ ਗੂਗਲ ਇੰਜਨ ਦੀ ਅਸੀਂ ਵਰਤੋਂ ਬਹੁਤਾਤ 'ਚ ਕਰਦੇ ਹਾਂ ਉਸ ਦੀ ਸ਼ੁਰੂਆਤ 1998 ਵਿੱਖ ਹੋਈ ਸੀ।[139]

ਗੁਰਮਤਿ ਸੰਗੀਤ ਦੀ ਜਾਣਕਾਰੀ ਤੇ ਸਿੱਖਲਾਈ ਲਈ ਵਿਭਿੰਨ ਵੈਬਸਾਇਟਸ, ਯੂ ਟਿਊਬ ਚੈਨਲ, ਫੇਸਬੁਕ, ਵਿਭਿੰਨ ਸਾਫਟਵੇਅਰ[140]ਆਦਿ ਉਪਲੱਬਧ ਹਨ। ਕਈ ਰਿਸਰਚ ਇੰਜਨ ਜਿਵੇਂ Google., Bing., Yahoo., Ask.com. ਆਦਿ ਇੰਟਰਨੈੱਟ 'ਤੇ ਉਪਲੱਬਧ ਹਨ[141] ਪ੍ਰੰਤੂ ਗੁਰਮਤਿ ਸੰਗੀਤ ਦੇ ਪ੍ਰਸੰਗ ਵਿਚ ਗੂਗਲ ਨੂੰ ਪ੍ਰਮੁਖ ਰੂਪ ਵਿਚ ਪ੍ਰਯੋਗ ਅਧੀਨ ਲਿਆਂਦਾ ਜਾਂਦਾ ਹੈ।

ਇੰਟਰਨੈੱਟ ਜ਼ਰੀਏ ਅੱਜ ਗੁਰਮਤਿ ਸੰਗੀਤ ਦੀ ਆਨ ਲਾਇਨ ਅਕਾਦਮਿਕ ਸਟੱਡੀ ਵੀ ਸੰਭਵ ਹੋ ਸਕੀ ਹੈ। ਵਿਸ਼ਵ ਵਿਚ ਗੁਰਮਤਿ ਸੰਗੀਤ ਦੀ ਆਨ ਲਾਇਨ ਸਿੱਖਿਆ ਦੇ ਸੰਦਰਭ ਵਿਚ ਗੁਰਮਤਿ ਸੰਗੀਤ

ਵਿਭਾਗ, ਪੰਜਾਬੀ ਯੂਨੀਵਰਸਿਟੀ ਮੋਹਰੀ ਭੂਮਿਕਾ ਨਿਭਾਅ ਰਿਹਾ ਹੈ। ਇਸ ਵਿਭਾਗ ਰਾਹੀਂ ਗੁਰਮਤਿ ਗਿਆਨ ਆਨ ਲਾਇਨ ਸਟੱਡੀ ਸੈਂਟਰ ਦੇ ਬੈਨਰ ਥੱਲੇ www.gurmatgyanonlinepup.com ਵੈਬਸਾਈਟਸ ਬਣਾਈ ਗਈ ਹੈ ਜਿਸ ਅਧੀਨ *ਅੱਨ ਲਾਇਨ ਗੁਰਮਤਿ ਗਿਆਨ ਐਲੀਮੈਂਟਰੀ ਕੋਰਸ, ਫਾਉਂਡੇਸ਼ਨ ਕੋਰਸ, ਸਰਟੀਫਿਕ ਕੋਰਸ, ਅੰਡਰ ਗ੍ਰੈਜੂਏਟ ਡਿਪਲੋਮਾ, ਪੋਸਟ ਗ੍ਰੈਜੂਏਟ ਡਿਪਲੋਮਾ, ਬੀ. ਏ. ਵਿਦ ਗੁਰਮਤਿ ਸੰਗੀਤ, ਐੱਮ.ਏ. ਗੁਰਮਤਿ ਸੰਗੀਤ, ਐਲੀਮੈਂਟਰੀ ਕੋਰਸ ਇੰਨ ਪੰਜਾਬੀ, ਡਿਪਲੋਮਾ ਇੰਨ ਪੰਜਾਬੀ* ਕੋਰਸ ਕਰਵਾਏ ਜਾਂਦੇ ਹਨ। ਇਸ ਨਾਲ ਗੁਰਮਤਿ ਸੰਗੀਤ ਦਾ ਦਾਇਰਾ ਵਿਸ਼ਵ ਵਿਆਪੀ ਹੋਇਆ ਹੈ। ਇਸ ਤੋ ਇਲਾਵਾ ਗੁਰਮਤਿ ਸੰਗੀਤ ਵਿਭਾਗ ਦੀਆਂ ਹੋਰ ਵੈਬਸਾਈਟਸ ਵੀ ਹਨ ਜਿਨ੍ਹਾਂ ਤੋਂ ਗੁਰਮਤਿ ਸੰਗੀਤ ਦੀ ਸਿਧਾਂਤਕ, ਵਿਹਾਰਕ ਤੇ ਇਤਿਹਾਸਕ ਜਾਣਕਾਰੀ ਸਹਿਜੇ ਗ੍ਰਹਿਣ ਕੀਤੀ ਜਾ ਸਕਦੀ ਹੈ। 142

ਗੁਰਮਤਿ ਸੰਗੀਤ ਦੇ ਹਵਾਲੇ ਨਾਲ ਵਿਭਿੰਨ ਵੈਬਸਾਈਟਸ ਹਨ ਜਿਨ੍ਹਾਂ ਰਾਹੀਂ ਗੁਰਮਤਿ ਸੰਗੀਤ ਦੇ ਸਾਹਿਤ, ਸ਼ਬਦ ਕੀਰਤਨ ਰਿਕਾਡਿੰਗ਼, ਵੀਡੀਓਜ਼ ਆਦਿ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।143

ਸਪਸ਼ਟ ਹੈ ਕਿ ਇੰਟਰਨੈੱਟ ਨੇ ਗੁਰਮਤਿ ਸੰਗੀਤ ਨੂੰ ਵਿਸ਼ਵ ਪੱਧਰੀ ਸਥਾਨ ਦਿਵਾਉਣ ਹਿਤ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸ ਦੇ ਰਾਹੀਂ ਇਸ ਸੰਗੀਤ ਪਰੰਪਰਾ ਦੀ ਵੱਡਮੁਲੀ ਸਮੱਗਰੀ ਦਾ ਸੰਗ੍ਰਹਿ ਵਿਸ਼ਵ ਵਿਆਪੀ ਪੱਧਰ 'ਤੇ ਸੰਭਵ ਹੋ ਸਕਿਆ ਹੈ।

**1.2.11 ਟੀ. ਵੀ. ਚੈਨਲ ਅਤੇ ਸੰਚਾਰ ਦੇ ਹੋਰ ਇਲੈਕਟ੍ਰੋਨਿਕ ਸਾਧਨ**: ਸਿੱਖਾਂ ਨੇ ਸੰਸਾਰ ਪੱਧਰ 'ਤੇ ਪਰਵਾਸ ਕੀਤਾ ਹੈ ਅਤੇ ਸੰਸਾਰ ਪੱਧਰ 'ਤੇ ਗੁਰਮਤਿ ਸੰਗੀਤ ਦਾ ਅਧਿਐਨ, ਅਧਿਆਪਨ ਅਤੇ ਪ੍ਰਚਾਰ ਹੋ ਰਿਹਾ ਹੈ। ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਹਿਤ ਜਿੱਥੇ ਇੰਟਰਨੈੱਟ ਆਪਣੀ ਵਿਸ਼ੇਸ਼ ਭੂਮਿਕਾ ਨਿਭਾਅ ਰਿਹਾ ਹੈ ਉੱਥੇ ਟੀ. ਵੀ. ਚੈਨਲਾਂ, ਰੇਡਿਓ ਸਟੇਸ਼ਨਸ ਆਦਿ ਹੋਰ ਸੰਚਾਰ ਦੇ ਸਾਧਨਾਂ ਵੱਲੋਂ ਵੀ ਗੁਰਮਤਿ ਸੰਗੀਤ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਵਰਤਮਾਨ ਸਮੇਂ ਇੱਕਲੇ ਭਾਰਤ ਵਿਚ ਹੀ ਸੈਕੜੇਂ ਟੀ. ਵੀ. (ਟੈਲੀਵਿਜ਼ਨ) ਚੈਨਲ ਅਤੇ ਰੇਡਿਓ ਸਟੇਸ਼ਨਸ ਸੰਚਾਰ ਦਾ ਮਧਿਅਮ ਹਨ। ਸੰਚਾਰ ਪੱਧਰ 'ਤੇ ਇਨ੍ਹਾਂ ਦੀ ਗਿਣਤੀ ਹੋਰ ਵੀ ਜਿਆਦਾ ਹੈ। ਭਾਰਤੀ ਪੰਜਾਬ ਦੇ ਹਵਾਲੇ ਨਾਲ ਪੀਟੀਸੀ, ਪੀਟੀਸੀ ਨਿਊਜ਼, ਚੜਦੀਕਲਾ, ਟਾਇਮ ਟੀਵੀ, ਫਾਸਟਵੇਅ ਆਦਿ ਚੈਨਲਾਂ ਰਾਹੀਂ ਗੁਰਮਤਿ

ਸੰਗੀਤ ਦੇ ਪ੍ਰਚਾਰ ਵਿਚ ਨਿਰੰਤਰ ਯੋਗਦਾਨ ਪਾਇਆਂ ਜਾ ਰਿਹਾ ਹੈ। ਇਨ੍ਹਾਂ ਚੈਨਲਾਂ ਰਾਹੀਂ ਵਿਭਿੰਨ ਇਤਿਹਾਸਕ ਗੁਰ ਅਸਥਾਨਾਂ ਤੋਂ ਹਰ ਰੋਜ ਲਾਇਵ ਸ਼ਬਦ ਕੀਰਤਨ ਪ੍ਰਸਾਰਿਤ ਕੀਤਾ ਜਾ ਰਿਹਾ ਹੈ ਜਿਵੇਂ ਪੀ.ਟੀ.ਸੀ. ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਚੜਦੀਕਲਾ ਤੋਂ ਬੰਗਲਾ ਸਾਹਿਬ, ਫਾਸਟਵੇਅ ਤੋਂ ਸ੍ਰੀ ਅਨੰਦਪੁਰ ਸਾਹਿਬ ਆਦਿ। ਭਾਰਤ ਤੋਂ ਬਾਹਰ ਜਿਵੇਂ ਕੈਨੇਡਾ ਅਤੇ ਅਮਰੀਕਾ ਵਿਚ ਵੀ ਕਈ ਟੀ. ਵੀ. ਚੈਨਲਾਂ 'ਤੇ ਰੋਜ਼ਾਨਾ ਲਾਇਵ ਸ਼ਬਦ ਕੀਰਤਨ, ਕੀਰਤਨ ਸਮਾਗਮ ਆਦਿ ਦਿਖਾਏ ਜਾਂਦੇ ਹਨ ਇਨ੍ਹਾਂ ਟੀ. ਵੀ ਚੈਨਲਾਂ ਵਿਚੋਂ ਏਟੀਐਨ, ਗਲੋਬਲ ਪੰਜਾਬ ਟੀ. ਵੀ., ਜਸ ਪੰਜਾਬੀ ਟੀ. ਵੀ ਆਦਿ ਪ੍ਰਮੁਖ ਹਨ। ਇਸ ਤਰ੍ਹਾਂ ਪਰਵਾਸੀ ਸਿੱਖਾਂ ਵਲੋਂ ਟੀਵੀ ਚੈਨਲਾਂ ਦੇ ਰਾਹੀ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਬਹੁਪੱਖੀ ਯੋਗਦਾਨ ਪਾਇਆ ਜਾ ਰਿਹਾ ਹੈ। ਟੀਵੀ. ਚੈਨਲਾਂ ਦੀ ਤਰ੍ਹਾਂ ਰੇਡੀਓ ਸਟੇਸ਼ਨਾਂ ਦੇ ਦੁਆਰਾ ਇਸ ਦਿਸ਼ਾਂ ਵਿਚ ਆਪਣਾ ਆਹਿਮ ਯੋਗਦਾਨ ਪਾਇਆ ਜਾ ਰਿਹਾ ਹੈ, ਜਿਵੇ ਅਕਾਸ਼ਵਾਣੀ ਜਲੰਧਰ ਵਲੋਂ ਸ੍ਰੀ ਦਰਬਾਰ ਸਹਿਬ ਦੇ ਕੀਰਤਨ ਦਾ ਲਾਇਵ ਪ੍ਰਸਾਰਣ ਕਈ ਦਹਾਕਿਆਂ ਤੋਂ ਹੋ ਰਿਹਾ ਹੈ। ਇਨ੍ਹਾਂ ਸੰਚਾਰ ਸਾਧਨਾਂ ਤੋਂ ਇਲਾਵਾ ਕੈਸਟ, ਵੀਸੀਡੀ, ਡੀਵੀਡੀ, ਮੋਬਾਇਲ ਫੋਨ, ਕੈਮਰੇ ਆਦਿ ਸਾਧਨਾਂ ਵੀ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਹਿਤ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ। ਇਨ੍ਹਾਂ ਦੇ ਰਾਹੀਂ ਗੁਰਮਤਿ ਸੰਗੀਤ ਦੇ ਬਹੁਪੱਖੀ ਖਜਾਨੇ ਨੂੰ ਸੰਭਾਲਿਆ ਤੇ ਸੁਰੱਖਿਅਤ ਕੀਤਾ ਹੈ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਸਿੱਖ ਧਰਮ ਵਿਚ ਗੁਰਮਤਿ ਸੰਗੀਤ ਦੀ ਉਤਪਤੀ ਤੋਂ ਵਰਤਮਾਨ ਸਮੇਂ ਤਕ ਵੱਖ-ਵੱਖ ਕਾਲਾਂ ਦੇ ਅੰਤਰਗਤ ਗੁਰੂ ਸਾਹਿਬਾਨ, ਟਕਸਾਲਾਂ, ਸੰਸਥਾਵਾਂ, ਰਚਨਾਕਾਰਾਂ, ਸਿਧਾਂਤਕਾਰਾਂ, ਸਾਜ਼ ਨਿਰਮਾਤਾਵਾਂ, ਪ੍ਰਮੁਖ ਗੁਰਮਤਿ ਸੰਗੀਤ ਦੀ ਸਖਸ਼ੀਅਤਾਂ, ਪ੍ਰਕਾਸ਼ਕਾਂ ਇੰਟਰਨੈੱਟ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਨ੍ਹਾਂ ਦੇ ਇਸ ਵੱਡਮੁਲੇ ਯੋਗਦਾਨ ਸਦਕਾ ਹੀ ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਵਿਹਾਰਕ ਸਥਾਪਤੀ ਸੰਭਵ ਹੋ ਸਕੀ ਹੈ। ਹਰ ਯੋਗਦਾਨੀ ਦੁਆਰਾ ਦਿੱਤੇ ਆਪਣੇ ਵਿਸ਼ੇਸ਼ ਯੋਗਦਾਨ ਪਿੱਛੇ ਉਸ ਦੀ ਸ਼ਰਧਾ ਭਾਵਨਾ ਦੇ ਨਾਲ-ਨਾਲ ਨਿਸ਼ਕਾਮਤਾ ਤੇ ਸਮਰਪਣ ਵੀ ਦੇਖਿਆ ਜਾ ਸਕਦਾ ਹੈ। ਗੁਰਮਤਿ ਸੰਗੀਤ ਵਿਚ ਵੱਖ-ਵੱਖ ਯੋਗਦਾਨੀਆਂ ਦੁਆਰਾ ਯੋਗਦਾਨ ਨਿਰੰਤਰ ਜਾਰੀ ਹੈ।

ਸਮਕਾਲੀ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਦੀ ਸਥਾਪਤੀ ਵਿਚ ਵੱਖ-ਵੱਖ ਯੋਗਦਾਨੀਆਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਪ੍ਰੰਤੂ ਇਸ ਪਰੰਪਰਾ ਦੇ ਪ੍ਰਮੁਖ ਵਾਹਕ ਗੁਰੂ ਘਰ ਦੇ ਕੀਰਤਨੀਏ ਹਨ ਜੋ ਗੁਰੂ ਕਾਲ ਤੋਂ ਲੈ ਕੇ ਵਰਤਮਾਨ ਤਕ ਇਸ ਪਰੰਪਰਾ ਨੂੰ ਕਾਰਜਸ਼ੀਲ ਰੱਖ ਰਹੇ ਹਨ। ਗੁਰੂ ਘਰ ਦੇ ਇਨ੍ਹਾਂ ਕੀਰਤਨੀਆਂ ਵਿਚ ਜਿੱਥੇ ਰਬਾਬੀ ਕੀਰਤਨੀਆਂ ਦਾ ਯੋਗਦਾਨ ਰਿਹਾ ਹੈ ਉੱਥੇ ਗੁਰੂ ਅਰਜਨ ਦੇਵ ਜੀ ਦੀ ਅਸੀਸ[144] ਦੁਆਰਾ ਸਧਾਰਨ ਸਿੱਖ ਸੰਗਤਾਂ ਵਿਚੋਂ ਕੀਰਤਨੀ ਜਗਿਆਸੂ, ਕੀਰਤਨ ਸਿੱਖਿਆਕ ਰਬਾਬੀ ਕੀਰਤਨੀਆਂ ਦੇ ਸਮਾਨ ਰੂਪ ਵਿਚ ਵਿਸ਼ਾਲ ਸਮੂਹ ਨਿਰੰਤਰ ਸਿੱਖ ਧਰਮ ਵਿਚ ਸੇਵਾ ਕਰਦਾ ਰਿਹਾ। ਗੁਰੂ ਕਾਲ ਤੋਂ ਬਆਦ ਪੂਰਵ ਖਾਲਸਾ ਰਾਜ, ਖਾਲਸਾ ਰਾਜ, ਪੂਰਵ ਅਜਾਦੀ ਕਾਲ ਤੇ ਅਜਾਦੀ ਤੋਂ ਬਆਦ ਹੁਣ ਤਕ ਇਹ ਕਾਰਜ ਨਿਰੰਤਰ ਜਾਰੀ ਹੈ। ਪੂਰਵ ਅਜਾਦੀ ਕਾਲ ਵਿਚ ਪ੍ਰਮੁਖ ਕੀਰਤਨੀਏ ਰਾਗੀ ਭਾਈ ਜੁਵਾਲਾ ਸਿੰਘ ਸੈਦਪੁਰ ਠੱਠੇ ਟਿੱਬੇ ਵਾਲੇ ਹੋਏ ਹਨ ਜਿਨ੍ਹਾਂ ਦੇ ਘਰਾਣੇ ਦਾ ਗੁਰਮਤਿ ਸੰਗੀਤ ਨੂੰ ਵਿਸ਼ੇਸ਼ ਯੋਗਦਾਨ ਹੈ ਜਿਨ੍ਹਾਂ ਸਬੰਧੀ ਅਸੀਂ ਅਗਲੇਰੇ ਅਧਿਆਵਾਂ ਵਿਚ ਵਿਚਾਰ ਚਰਚਾ ਕਰਾਂਗੇ।

## ਹਵਾਲੇ ਤੇ ਪਦ ਟਿੱਪਣੀਆਂ

[1] ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨ ਕੋਸ਼,** ਪੰਨਾ 686.

[2] ਜੱਗੀ, ਰਤਨ ਸਿੰਘ (ਡਾ.), **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ), ਪੰਨਾ 227

[3] ਉਹੀ, **ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 4.

[4] ਵੀਰ ਸਿੰਘ (ਭਾਈ), *ਗੁਰਮਤਿ ਸੰਗੀਤ ਦੇ ਹੋਰ ਨੁਕਤੇ,* **ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ**, ਪੰਨਾ 28

[5] **ਵਿਸਮਾਦ ਨਾਦੁ**, ਗੁਰਮਤਿ ਸੰਗੀਤ ਵਿਸ਼ੇਸ਼ ਅੰਕ, ਪੰਨਾ 22

[6] ਦਿਆਲ ਸਿੰਘ (ਪ੍ਰਿੰ.), **ਗੁਰਮਤਿ ਸੰਗੀਤ ਸਾਗਰ (ਭਾਗ ਤੀਜਾ)**, ਪੰਨਾ 16

[7] ਜਾਗੀਰ ਸਿੰਘ (ਡਾ.), *ਗੁਰਮਤਿ ਸੰਗੀਤ ਅਤੇ ਸ੍ਰੀ ਰਾਗ,* **ਸਮਾਜਿਕ ਵਿਗਿਆਨ ਪੱਤਰ** (ਗੁਰਮਤਿ ਸੰਗੀਤ ਵਿਸ਼ੇਸ਼ ਅੰਕ), ਡਾ. ਜਸਬੀਰ ਕੌਰ (ਮੁੱਖ ਸੰਪਾ.), ਪੰਨਾ 124

[8] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ: ਪਰਬੰਧ ਤੇ ਪਾਸਰਾ,** ਪੰਨਾ 1

[9] ਰਤਨ ਸਿੰਘ ਜੱਗੀ (ਡਾ.), **ਗੁਰੂ ਗ੍ਰੰਥ ਵਿਸ਼ਵ ਕੋਸ਼,** ਪੰਨਾ 403.

[10] Gurnam Singh (Dr.) (Chief Edi.), ***Gurmat Saṅgīt Terminology,*** p. 91

[11] ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੯੫੮)

- ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੪੯)
- ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥ ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨੇ ਜਾਇ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੪੨੩)
- ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੪੨੩)
- ਰਾਗ ਨਾਦੁ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੪੯)
- ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੩)
- ਗਉੜੀ ਰਾਗ ਸੁਲਖਣੀ ਜੇ ਖਸਮੈ ਚਿਤਿ ਕਰੇਇ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੩੧੧)
- ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੬੪੨)
- ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥(**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੯੫੦)
- ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੫੧੬)
- ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੨੮੩)

[12] ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੫੩)

- ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੩੭

[13] ਰਹਾਉ, ਅੰਕ ਆਦਿ

[14] ਸਿਰੀ ਰਾਗ ਮਹਲਾ ੩ ਘਰੁ ੧ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੨੬)

- ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰ ਗਾਵਣੀ॥ (ਉਹੀ, ਪੰਨਾ ੩੧੮)

[15] ਕਲਯੁਗ ਮਹਿ ਕੀਰਤਨੁ ਪਰਧਾਨਾ ਗੁਰਮੁਖਿ ਜਪੀਐ ਲਾਇ ਧਿਆਨਾ॥ ((**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੦੭੫)

[16] ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥ਰਹਾਉ॥(**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੮੫)

[17] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 449

[18] ਹਰਭਜਨ ਸਿੰਘ (ਡਾ.) (ਮੁੱਖ ਸੰਪਾ.), **ਸ੍ਰੀ ਗੁਰੂ ਗ੍ਰੰਥ ਕੋਸ਼**, ਪੰਨਾ 872

[19] Gurnam Singh (Dr.) (Chief Edi.), ***Gurmat Saṅgīt Terminology,*** p.78

[20] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ: ਪਰਬੰਧ ਤੇ ਪਾਸਰਾ,** ਪੰਨਾ 49

[21] *"ਤਬ ਐਸੀ ਆਗਿਆ ਸ੍ਰੀ ਪਾਰਬ੍ਰਹਮ ਕੀ ਭਈ ਜਿ ਏਕ ਦਿਨਿ ਗੁਰੂ ਬਾਬੇ ਨਾਨਕ ਮਰਦਾਨੇ ਰਬਾਬੀ ਕਉ ਕਹਿਆ ਜਿ, ਮਰਦਾਨਿਆ, ਰਬਾਬ ਲੈ, ਤੋ ਅਜੁ ਕਿਤੇ ਇਕੰਤਿ ਜਾਇ ਕੈ ਗੁਜਰਾਨ ਕਰ ਆਈਐ ਇਥੈ ਲੋਕ ਧਿਰ ਧਿਰ ਦੇ ਆਦਿ ਝਬਦੇ ਹੋਨਿ, ਸ਼ਬਦ ਨਾਲਿ ਪਰਚਣ ਦੇਦੇਂ ਦੇ ਨਾਹੀ। ਅਖੈ ਜੀ ਭਲਾਪ ਤਬ ਗੁਰੂ ਬਾਬਾ ਨਾਨਕੁ ਜੀ ਮਰਦਾਨੇ ਨੇ ਸਾਥਿ ਲੈ ਕੇ ਬਾਹਿਰ ਆਇਆ। ਤਬ ਕੋਹ ਇਕ ਦੀ ਵਿਥਿ ਗਿਰਾਵਹੁ ਪਾਇ ਕੈ, ਇਕਤੁ ਕਿਨਾਰੇ ਦਰੀਆਵ ਤੇ ਨੇੜੇ ਭਲੀ ਠਉੜ ਦੇਖਿ ਕੈ, ਰੁਖ ਭੀ ਥੇ ਤਹਾ, ਗੁਰੂ ਬਾਬਾ ਜੀ ਬੈਠਿ ਗੈਆ। ਅਰੁ ਮਰਦਾਨੇ ਨੇ ਆਗਿਆ ਹੋਈ, ਜੁ ਰਬਾਬੁ ਸਾਜਿ ਕਰਿ ਅਤੇ ਉਚੇ ਸੁਰਿ ਹੋਇ ਕੇ ਸਬਦੁ ਉਚਾਰੁ ਕਰਿ। ਤਬ ਮਰਦਾਨੇ ਰਬਾਬੁ ਸਾਜਿ ਕੀਤਾ ਰਾਗ ਅਲਾਪਿਆ। ਸਿਰੀ ਰਾਗੁ ਮਰਦਾਨਾ ਲਗਾ ਗਾਵਣੇ। ਸੁ ਮਰਦਾਨੇ ਉਪਰਿ ਗੁਰੂ ਬਾਬੇ ਦੀ ਖੁਸੀ ਸੀ। ਜਾਂ ਮਰਦਾਨਾ ਗਾਵਦਾ, ਤਾਂ ਰੰਗੁ ਸਹਜੇ ਹੀ ਪਾਉਂਦਾ। ਤਬ ਬਾਬਾ ਬਹੁਤੁ ਰੰਗ ਦੇ ਘਰਿ ਹੋਆ। ਤਬ ਲੋਕ ਉਥੈ ਭੀ ਆਇ ਜੁੜਿ ਗਏ। ਤਬ ਜਦਿ ਮਰਦਾਨੇ ਬਹੁਤੁ ਸਬਦੁ ਗਾਵੈਂ , ਪਹਰੁ ਇਕੁ ਗੁਦਰਿਆ, ਤਬ ਸਬਦੁ ਕਾ ਭੋਗੁ ਪੈਆ। ਤਬ ਗੁਰੂ ਬਾਬਾ ਦੇਖੈ ਤਾਂ ਲੋਕ ਜੁੜੇ ਬੈਠੇ ਹੈਨਿ।"( ਮਿਹਰਵਾਨ ਵਾਲੀ ਜਨਮ ਸਾਖੀ,* **ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਕਿਰਪਾਲ ਸਿੰਘ, ਪੰਨਾ 224-225*)*

[22] *ਵਲਾਇਤ ਵਾਲੀ ਜਨਮਸਾਖੀ,* **ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਕਿਰਪਾਲ ਸਿੰਘ, ਪੰਨਾ 31.

[23] ਫਿਰਿ ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥ ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥(**ਵਾਰਾਂ ਭਾਈ ਗੁਰਦਾਸ**, ਵਾਰ ੧ ਪਉੜੀ ੩੮)

[24] 1. ਸਿਰੀ 2. ਮਾਝ 3. ਗਉੜੀ 4. ਆਸਾ 5. ਗੂਜਰੀ 6. ਵਡਹੰਸ 7. ਸੋਰਠਿ 8. ਧਨਾਸਰੀ 9. ਤਿਲੰਗ 10. ਸੂਹੀ 11. ਬਿਲਾਵਲ 12. ਰਾਮਕਲੀ 13. ਮਾਰੂ 14. ਤੁਖਾਰੀ 15. ਕੇਦਾਰਾ 16. ਭੈਰਉ 17. ਬਸੰਤ 18. ਸਾਰੰਗ 19. ਮਲਾਰ 20. ਪ੍ਰਭਾਤੀ

[25] 1. ਗਉੜੀ ਗੁਆਰੇਰੀ 2. ਗਉੜੀ ਦਖਣੀ 3. ਗਉੜੀ ਚੇਤੀ 4. ਗਉੜੀ ਬੈਰਾਗਣਿ 5. ਗਉੜੀ ਪੂਰਬੀ ਦੀਪਕੀ 6. ਗਉੜੀ ਪੂਰਬੀ 7. ਗਉੜੀ ਦੀਪਕੀ 8. ਆਸਾ ਕਾਫੀ 9. ਵਡਹੰਸ ਦਖਣੀ 10. ਸੂਹੀ ਕਾਫੀ 11. ਬਿਲਾਵਲ ਦਖਣੀ 12. ਰਾਮਕਲੀ ਦਖਣੀ 13. ਮਾਰੂ ਕਾਫੀ 14. ਮਾਰੂ ਦਖਣੀ15. ਪ੍ਰਭਾਤੀ ਬਿਭਾਸ 16. ਪ੍ਰਭਾਤੀ ਦਖਣੀਗੁਰੂ

[26] ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥ (ਗੁਰੂ ਗ੍ਰੰਥ ਸਾਹਿਬ, ਪੰਨਾ ੯੬੭)

[27] ਐਮ. ਏ . ਮੈਕਾਲਿਫ, **ਸਿੱਖ ਇਤਿਹਾਸ,** ਅਜੈਬ ਸਿੰਘ (ਡਾ., ਅਨੁ.), ਪੰਨਾ 193

[28] ਸਿਰੀ ਰਾਗ ਦੀ ਵਾਰ ਮਹਲਾ ੪ ਸਲੋਕਾ ਨਾਲਿ॥, ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ, ਆਸਾ ਮਹਲਾ ੧ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ, ਸੋਰਠਿ ਵਾਰ ਮਹਲਾ ੪ ਕੀ, ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩, ਰਾਮਕਲੀ ਕੀ ਵਾਰ ਮਹਲਾ ੩ ਜੋਧੈ ਵੀਰੈ

ਪੂਰਬਾਣੀ ਕੀ ਧੁਨੀ, ਮਾਰੂ ਵਾਰ ਮਹਲੁ ੩, ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ, ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ।

[29] ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ ਤੇ ਮਲਾਰ

[30] ਗੋਬਿੰਦਵਾਲੁ ਗੋਬਿੰਦਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ॥ ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗੁਰੂ ਸੁਖੁ ਪਾਯਉ। (ਗੁਰੂ ਗ੍ਰੰਥ ਸਾਹਿਬ, ਪੰਨਾ ੧੪੦੦)

[31] ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ

[32] ਗਉੜੀ ਗੁਆਰੇਰੀ, ਗਉੜੀ ਬੈਰਾਗਿਣ, ਗਉੜੀ ਪੂਰਬੀ, ਆਸਾ ਕਾਫੀ, ਬਸੰਤ ਹਿੰਡੋਲ ਅਤੇ ਪ੍ਰਭਾਤੀ ਬਿਭਾਸ।

[33] ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥ ਸਦਾ ਹਰਿ ਸਚੁ ਮਲਿ ਵਸੈ ਨਿਹਚਲ ਮਤਿ ਅਪਾਰੁ॥(**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੩)

- ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥ ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੩੧੧)
- ਸਬਿਦ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ॥ ਸਚੁ ਸੰਗ੍ਰਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ॥(**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੫੮੫)
- ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥ ਰਾਗ ਨਾਦ ਸਬਿਦ ਸੋਹਣੇ ਜਾ ਲਾਗੈ ਸਹਿਜ ਧਿਆਨੁ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੪੯)
- ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥ ਗੁਰ ਕੈ ਸਬਿਦ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੯੫੦)
- ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ॥ ਸਤਸੰਗਿਤ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੦੮੭)
- ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥ ਗੁਰ ਕੈ ਸਬਿਦ ਵੀਚਾਰਿ ਅਨਿਦਨੁ ਹਰਿ ਜਪੁ ਜਾਪਣਾ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੫੧੬)
- ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ॥ ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੨੮੫)

[34] *ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ।* (**ਵਾਰ ਭਾਈ ਗੁਰਦਾਸ ਜੀ**, ਵਾਰ ੧੧, ਪਉੜੀ ੧੬)

[35] ਸਾਹਿਬ ਸਿੰਘਾਸਨ ਪਰ ਆ ਬੈਠ। ਬਲੂ ਮੋਰਛਲੁ ਲੱਗਾ ਕਰਨ। ਤਬ ਸਤਾ ਬਲਵੰਡ ਰਬਾਬੀ ਆਨ ਕਰ ਭਜਨ ਲਗੇ ਕਰਨ। (**ਮਹਿਮਾ ਪਕਾਸ਼ (ਵਾਰਤਕ)**, ਪੰਨਾ 72)

[36] *ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥ ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥* (**ਵਾਰ ਭਾਈ ਗੁਰਦਾਸ ਜੀ**, ਵਾਰ ੧, ਪਉੜੀ ੪੭)

[37] *ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥ ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥* **(ਵਾਰ ਭਾਈ ਗੁਰਦਾਸ ਜੀ**, ਵਾਰ ੧, ਪਉੜੀ ੪੭)

[38] ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਨਟ ਨਾਰਾਇਣ, ਗੋਂਡ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ ਅਤੇ ਪ੍ਰਭਾਤੀ

[39] ਗਉੜੀ ਗੁਆਰੇਰੀ, ਗਉੜੀ ਬੈਰਾਗਿਣ, ਗਉੜੀ ਪੂਰਬੀ, ਗਉੜੀ ਮਾਝ, ਆਸਾਵਰੀ, ਆਸਾ ਕਾਫੀ, ਨਟ, ਕਲਿਆਣ ਭੋਪਾਲੀ ਅਤੇ ਪ੍ਰਭਾਤੀ ਬਿਭਾਸ

[40] ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ ਅਤੇ ਪ੍ਰਭਾਤੀ

[41] ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਿਣ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਦੇਵਗੰਧਾਰ, ਨਟ, ਪ੍ਰਭਾਤੀ ਬਿਭਾਸ ਅਤੇ ਬਿਭਾਸ ਪ੍ਰਭਾਤੀ ।

[42] ਸਤਿ ਬਚਨ ਢਾਢੀ ਕਹੇ ਨੱਥੂ ਢੱਢ ਬਜਾਇ। ਅਬਦੁਲ ਹਾਥ ਰਬਾਬ ਲੈ ਠਾਢਾ ਗੁਰ ਸਮੁਹਾਇ॥(ਗੁਰ ਬਿਲਾਸ ਪਾਤਸ਼ਾਹੀ ੬, ਪੰਨਾ ੨੬੩)

[43]ਗਉੜੀ, ਆਸਾ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਅਤੇ ਜੈਜਾਵੰਤੀ।

[44] ਦੇਵਗੰਧਾਰੀ, ਬੰਸਤ ਹਿੰਡੋਲ।

[45] *ਸੱਦੂ ਮੱਦੂ ਆਸਾ ਵਾਰ॥ ਕੀਰਤਨ ਕਰੈ ਰਾਗ ਸੁਧਾਰ॥ ਸੱਦੂ ਮੱਦੂ ਦੋਨਹੁ ਭ੍ਰਾਤਾ॥ ਗਾਵੈ ਰਾਗ ਸੁਰਕੇ ਗਿਯਾਤਾ॥ ਕਰੀ ਬਿਲਾਵਲ ਚੌਕੀ ਚਾਰ॥ ਭੋਗ ਪਾਇ ਅਰਦਾਸ ਉਚਾਰ॥* (ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗੰਥ, ਜਿਲਦ ਦੂਜੀ, ਪੰਨਾ ੫੯੩)

[46] -*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।* (**ਵਾਰਾਂ ਭਾਈ ਗੁਰਦਾਸ**, ਵਾਰ ੧ ਪਉੜੀ ੩੫

*-ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।* (ਉਹੀ, ਵਾਰ ੧੧ ਪਉੜੀ ੧੩)

[47] *ਤਬਿ ਗੁਰੂ ਨਾਨਕ ਕਹਿਆ, 'ਮਰਦਾਨਿਆ! ਰਬਾਬ ਵਜਾਇ'। ਤਾਂ ਮਰਦਾਨੇ ਰਬਾਬੁ ਵਜਾਇਆ (ਵਲਾਇਤ ਵਾਲੀ ਜਨਮ ਸਾਖੀ* **ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਕਿਰਪਾਲ ਸਿੰਘ, ਪੰਨਾ 13)

[48] *ਤਬ ਗੁਰੂ ਬਾਬੇ ਨਾਨਕ ਨਾਲਿ ਮਰਦਾਨਾ ਸਾ। ਉਨਿ ਬੇਨਤੀ ਕਰੀ ਜੀ, "ਗੁਰੂ ਬਾਬਾ ਜੀ! ਏਤਨੇ ਲੋਕ ਗੰਗਾ ਤੀਰਥਿ ਆਏ, ਨਾਤੇ, ਏ ਤਉ ਖਰੇ ਹੈ। ਕਿਉਂ? ਜਬ ਏਹਿ ਭਲੇ ਹੈਂ, ਇਨ ਕੇ ਜੀ ਕਿਛੁ ਭਲਾਈ ਹੈ, ਤਉ ਏਹਿ ਈਹਾ ਆਏ ਹੈ। ਜਾਂ ਜੀ, ਏ ਖਰੇ ਹੈ ਤਬ ਹੀ ਏਹਿ ਆਏ ਹਨ। ਜਬ ਏਹਿ ਖੋਟੇ ਹੋਤੇ ਤਬ ਈਹਾ ਕਿਉ ਆਵਤੇ"। ਤਬ ਗੁਰੂ ਬਾਬਾ ਜੀ ਹਸਿਆ, ਹਸਿ ਬਾਨੀ ਬੋਲੀ :ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ॥*( ਮਿਹਰਬਾਨ ਵਾਲੀ ਜਨਮਸਾਖੀ, **ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਕਿਰਪਾਲ ਸਿੰਘ, ਪੰਨਾ 107)

[49] *ਤਬ ਗੁਰੂ ਬਾਬੇ ਨਾਨਕ ਜੀ ਸਾਥਿ ਅੱਗੇ ਹੀ ਬਲਿਪਣ ਮੈਂ ਭੀ ਸਾਥੇ ਖੇਲਤਾ ਮਰਦਾਨਾ ਡੂਮ ਕਲਾਲਾਂ ਕਾ ਤਲਵੰਡੀ ਰਾਇ ਭੋਐ ਕੀ ਰਹਿੰਦਾ, ਰਬਾਬ ਵਜਾਇਦਾ, ਨਾਮਾ, ਕਬੀਰ, ਤ੍ਰਿਲੋਚਨ,ਰਵਿਦਾਸ, ਧੰਨੇ, ਬੇਣੀ ਕੇ ਪਦੇ ਗਾਵਤਾ ਗੁਰੂ ਬਾਬੇ ਨਾਨਕ ਕੇ ਅੱਗੇ ਪਦੇ ਗਾਵਤਾ।* (ਹਵਾਲਾ, ਕਿਰਪਾਲ ਸਿੰਘ, **ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਪੰਨਾ 9 ਦਾ ਫੁੱਟ ਨੋਟ।)

[50] ਕਾਨ੍ਹ ਸਿੰਘ ਨਾਭਾ (ਭਾਈ), **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 145

[51] *ਦਰ ਠਾਂਢੇ ਹ੍ਵੈ ਸਹਿਜ ਬੁਲਾਯੋ। ਸੁਨਿ ਸ਼ਹਿਜ਼ਾਦਾ ਬਾਹਰ ਆਯੋ। ... ਜਬਹਿ ਦਰਸ਼ਨ ਕੋ ਕੀਨੋ। ਚਰਨਾਂਬੁਜ ਮਹਿਂ ਸਿਰ ਧਰਿ ਦੀਨੋ। ਸ੍ਰੀ ਗੁਰ ਤਿਹ ਸੋਂ ਗਿਰਾ ਅਲਾਈ। 'ਤੋਹਿ ਤਾਤ ਕੀ ਬੈਸ ਬਿਹਾਈ ।।59।। ਭਯੋ ਕਾਲਬਸਿ ਤਿਹ ਕੋ ਜਾਨਿ। ਜਹਿਂ ਖੁਰਮਾਪੁਰਿ ਅਹੈ ਮਹਾਨ। ਤਹਿਂ ਲੇ ਚਲਨੋ ਅਬ ਤੁਝ ਤਾਈਂ। ਸੰਗ ਲੇਨਿ ਕੋ ਲੀਨ ਬੁਲਾਈ।।6०।।ਦੇਨੋ ਹਮਕੋ ਉਚਿਤ ਹੈ ਤੋਕੋ ਅਬ ਸਿਰੁਪਾਉ। ਲੇਨੋ ਤੈਂ ਕਿਸ ਰੀਤਿ ਕੋ ਤੈਸੋ ਬਚਨ ਬਤਾਉ।।61।। ਸੁਨਿ ਸ਼ਹਿਜਾਦੇ ਰਿਦੇ ਬਿਚਾਰੀ। ਸ੍ਰੀ ਪ੍ਰਭੁ ਸੋਂ ਪੁਨ ਗਿਰਾ ਉਚਾਰੀ। 'ਪਿਤ ਮੇਰੇ ਕੋ ਦੀਨੋ ਜੈਸੇ। ਕ੍ਰਿਪਾ ਧਾਰਿ ਦੀਜੈ ਮੁਝ ਤੈਸੇ' ।।62।। 'ਤੇਰੇ ਪਿਤਾ ਜਾਚਿਕੈ ਲੀਨੋ। ਅਗਨਿ ਦਾਹ ਤਿਹ ਕੋ ਹਮ ਦੀਨੋ। ਤੂੰ ਅਬ ਚਲਿ ਰਹਿਯੇ ਤਿਹ ਥਾਨਾਂ। ਮਰਦਾਨੇ ਕੇ ਹੋਇ ਸਮਾਨਾ।।63।। ਹੋਵਹਿ ਤਹਾਂ ਮਹਾਨ ਪ੍ਰਕਾਸ਼ਾ। ਬਸਹੁ ਸਦਾ ਕਰਿ ਅਪਨ ਅਵਾਸਾ। ਪੁਨ ਜਯੋਂ ਮਨ ਹ੍ਵੈ ਕਰੀਅਹੁ ਤੈਸੇ। ਹਮਰੇ ਰਿਦੇ ਬਿਖੈ ਹੈ ਐਸੇ' ।।64।। ਹਾਥ ਜੋਰਿ ਤਿਨ ਬਿਨੈ ਉਚਾਰੀ। 'ਮੈਂ ਰਾਵਰ ਕੇ ਨਿਤ ਅਨੁਸਾਰੀ। ਜੈਸੋ ਪਿਤਾ ਤੁਮਾਰੋ ਦਾਸੂ। ਤੈਸੇ ਮੁਝ ਜਾਨਹੁ ਸੁਖਰਾਸੂ!'।।65।।*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ ਭਾਗ ਦੂਜਾ, ਪੰਨਾ ੪੧੯-੨੦)

[52] *ਸ੍ਰੀ ਗੁਰੂ ਜੀ ਸੱਜਣ ਨੂੰ ਨਿਵਾਜਕੇ ਤੇ ਸ਼ਜਾਦੇ ਕੋ ਨਾਲ ਲੈ ਕੇ ਖੁਰਮੇ ਸ਼ਹਿਰ ਵਿਚ ਆਇ ਪ੍ਰਾਪਤ ਹੂਏ ਅਤੇ ਕਹਿਓ ਨੇ ਸ਼ਜਾਦਾ ਏਹ ਤੁਮਾਰੇ ਬਾਪ ਮਰਦਾਨੇ ਦੀ ਸਮਾਧ ਹੈ ਤਾਂ ਸ਼ਜਾਦੇ ਓਥੇ ਮੱਥਾ ਟੇਕਿਆ ਤਾਂ ਸ੍ਰੀ ਗੁਰੂ ਜੀ ਕਹਾ ਸ਼ਜਾਦਾ ਤੂੰ ਏਥੇ ਹੀ ਆਇ ਰਹੋ ਸ਼ਜਾਦਾ ਮਰਦਾਨਾ ਸਾਡਾ ਯਾਰ ਆਹਾ ਤਾਂ ਸ਼ਜਾਦੇ ਕਹਾ ਤਪਾ ਜੀ ਟੱਬਰ ਉਥੇ ਰਹੇ ਕਿ ਏਥੇ ਲੈ ਆਵਾਂ ਤਾਂ ਸ੍ਰੀ*

*ਗੁਰੂ ਜੀ ਕਹਾ ਸ਼ਜਾਦਾ ਮਰਦਾਨੇ ਦੀ ਥਾਂ ਤੇਰੀ ਮੰਜੀ ਏਥੇ ਹੀ ਹੋਵੇਗੀ ਹੁਣ ਤੂੰ ਟੱਬਰ ਵੀ ਲੈ ਆਵੀਂ। (*ਭਾਈ ਬਾਲੇ ਵਾਲੀ ਜਨਮ ਸਾਖੀ, ਪੰਨਾ ੮੮੨*)*

[53] ਕਾਨ ਸਿੰਘ ਨਾਭਾ (ਭਾਈ), **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ ੬੩੦

[54] *ਸੋ ਦਾਲਾ ਬਲਵੰਡ ਕਹਾਯੋ। ਮਰਦਾਨੇ ਸੱਤੇ ਬਪੁ ਪਾਯੋ। ਮਸੇਰ ਭ੍ਰਾਤ ਦਾਲਾ ਮਰਦਾਨਾ। ਸਕੇ ਭ੍ਰਾਤ ਇਹ ਠਾਂ ਸੁਖਮਾਨਾ।।* (ਗੁਰੂ ਬਿਲਾਸ ਪਾਤਸ਼ਾਹੀ ਛੇਵੀ , ਅਧਿਆਇ ੪ ਪੰਨਾ ੧੦੧)

[55] *ਏਕ ਅਨੀਹ ਰੂਪ ਗੁਰ ਨਾਨਕ। ਰਾਵੀ ਤਟ ਬੈਠੇ ਸੁਖ ਮਾਨਕ॥ ਦਾਲ ਡੂਮ ਸਾਥਿ ਮਰਦਾਨੇ। ਢੂੰਢਤ ਆਏ ਗੁਰ ਨਿਕਟਾਨੇ॥ ਮਰਦਾਨੇ ਕੋ ਤਬ ਗੁਰ ਕਹਾ। ਰਬਾਬ ਬਜਾਵੋ ਅਨੰਦ ਲਹਾ। ਰਬਾਬ ਬਜਾਯੋ ਤਿਹ ਵਡਭਾਗੇ। ਆਪ ਦਾਲੇ ਸਿਉ ਗਾਵਨ ਲਾਗੇ॥* (**ਗੁਰੂ ਬਿਲਾਸ ਪਾਤਸ਼ਾਹੀ ਛੇਵੀ** , ਅਧਿਆਇ ੪ ਪੰਨਾ ੧੦੦)

[56] *ਬਲਵੰਡ ਰਬਾਬੀ ਤੁਮ ਸੰਗਿ ਜਾਵੇ। ਸਮੇਂ ਸਮੇਂ ਹਰਿ ਕੀਰਤਨ ਗਾਵੈ॥* (**ਮਹਿਮਾ ਪ੍ਰਕਾਸ਼ ਛੰਦ**, ਪੰਨਾ 164)

[57] *ਰਾਇ ਬਲਵੰਡ ਸਤੇ ਤਬ ਕਹਾ। ਗੁਰ ਢਿਗ ਜਾਇ ਸੁ ਕਿਆ ਹਮ ਲਹਾ। ਲਗੈ ਦੀਵਾਨ ਕੀਰਤਨ ਹਮ ਕਰਹਿ। ਗੁਰੂ ਗੁਰੂ ਤਾਕੋਂ ਜਗ ਰਰਹਿ। ਹਮ ਬਿਨ ਪੂਜਾ ਕਰਹਿ ਨਾ ਕੋਈ।ਅਬ ਤੋ ਨਹਿਂ ਜਾਵਨ ਹਮ ਹੋਈ।* (**ਗੁਰ ਬਿਲਾਸ ਪਾਤਸ਼ਾਹੀ ੬,** ਪੰਨਾ ੧੩੨)

[58] *ਅਬ ਤਿਨ ਕੋ ਤੁਮ ਲੇਹੁ ਬੁਲਾਈ। ਲਧੇ ਮਾਨੁਖ ਦੀਓ ਪਠਾਈ। ਆਗਿਆ ਸੁਨ ਦੋਉ ਤਬ ਆਏ। ਅਤਿ ਨਿਮਰ ਗਰਿ ਅੰਦਰ ਪਾਏ।* (**ਗੁਰ ਬਿਲਾਸ ਪਾਤਸ਼ਾਹੀ ੬**, ਪੰਨਾ ੧੩੭)

[59] *ਅਪਰ ਰਬਾਬੀ ਬਾਬਕ ਨਾਮ।ਜੋ ਗਾਵਤ ਰਾਗਨਿ ਅਭਿਰਾਮ ॥8॥ਰਾਖਯੋ ਤਬਿ ਹਜ਼ੂਰ ਨੇ ਪਾਸ। ਲਗਹਿ ਦਿਵਾਨ ਸੁ ਰਾਗ ਪ੍ਰਕਾਸ਼। ਸੁਨਿ ਪ੍ਰਸੰਨ ਹੈ ਦੇਂ ਬਡ ਸਜੋ। ਹਰਖਤਿ ਦਰਬ ਸਰਬ ਦੇ ਫੌਜ ॥9॥*(ਗੁ.ਪ੍ਰ.ਸੂ.ਗ੍ਰੰਥ, ਰਾਸ 5, ਅਧਿ. 15)

[60] *ਰਬਾਬੀ ਬਾਬਕ ਨਿਕਟਿ ਬੁਲਾਯੋ। ਤੁਮ ਹੌ ਆਦੀ ਕਹਿ ਸਮਝਾਯੋ ॥954॥*( **ਗੁਰ ਬਿਲਾਸ ਪਾਤਸ਼ਾਹੀ ੬**, ਅਧਿ.8)

[61] *ਬਾਬਾ ਬੈਠਿ ਸੁਨਤ ਸੁਖ ਸੰਗਾ। ਬਾਬਕ ਕੀਰਤਨ ਕਰੈ ਉਮੰਗਾ॥41॥(…)ਬਾਬਕ ਭੋਗ ਸ਼ਬਦ ਕਾ ਪਾਯੋ। ਕ੍ਰਿਪਾਸਿੰਧੁ ਤਬ ਮੌਲ ਛੁਕਾਯੋ॥47॥* (**ਗੁਰ ਬਿਲਾਸ ਪਾਤਸ਼ਾਹੀ ੬**, ਅਧਿ.9)

– *ਬਾਬਕ ਰਾਗੀ ਔਰ ਅਨੰਤ। ਗੁਰ ਢਿਗ ਕੀਰਤਨ ਹੋਤ ਬਯੰਤ॥354॥*( **ਗੁਰ ਬਿਲਾਸ ਪਾਤਸ਼ਾਹੀ ੬**, ਅਧਿ.18)

– *ਬਾਬਕ ਚੌਕੀ ਸਬਦ ਸੁਨਾਇ। ਸਦਾ ਏਕ ਰਸ ਗੁਰ ਗੁਨ ਗਾਇ॥5॥(…)ਬਾਬਕ ਕਰਿ ਕੀਰਤਨੁ ਮਨੁ ਲਾਇ। ਭਗਤ ਸਿੰਘ ਛਬਿ ਕਹੀ ਨੇ ਜਾਇ।…॥262॥* (**ਗੁਰ ਬਿਲਾਸ ਪਾਤਸ਼ਾਹੀ ੬**, ਅਧਿ.2੦)

[62] *ਬਾਬਕ ਕੌ ਪੁਨਿ ਯੋ ਫੁਰਮਾਇ।ਕੀਰਤਨ ਕਰੋ ਰਬਾਬ ਬਜਾਇ॥947॥*( **ਗੁਰ ਬਿਲਾਸ ਪਾਤਸ਼ਾਹੀ ੬** , ਅਧਿ.੮)

[63] *ਮਾਰੂ ਡਖਣੇ ਵਾਰ ਪੜ੍ਹਿ ਭਾਗਭਰੀ ਕੇ ਹੇਤਿ।(…)ਬਾਬਕ ਮਾਰੂ ਵਾਰ ਪੜ੍ਹਿ ਚੌਕੀ ਸਬਦ ਕਰਾਇ॥353॥* (**ਗੁਰ ਬਿਲਾਸ ਪਾਤਸ਼ਾਹੀ ੬**, ਅਧਿ ੯)

[64] *ਸਾਤ ਘਰੀ ਨਿਸਿ ਜਾਨਿ ਮੁਰਾਰਾ। ਬਾਬਕ ਕੋ ਅਸ ਬਚਨ ਉਚਾਰਾ। ਸੰਗਿ ਮਿਲਾਇ ਸਬਦ ਬਹੁ ਮਾਰੂ। ਆਸਾਵਾਰ ਪੜ੍ਹੋਹ ਸੁਖ ਧਾਰੂ॥ (...) ਪਾਇ ਭੋਗ ਬਾਬਕ ਤਬੈ ਭਯੋ ਭੋਰ ਰਵਿ ਆਇ। ਹਰਿ ਗੁਵਿੰਦ ਐਸੀ ਕਰੀ ਸੁੰਦ੍ਰ ਯਾਨ ਬਨਾਇ॥996॥* (**ਗੁਰ ਬਿਲਾਸ ਪਾਤਸ਼ਾਹੀ ੬**, ਅਧਿ.੯)

[65] *ਏਕ ਓਰ ਭਾਨਾ ਗੁਰ ਲਾਗੇ। ਬਿਧੀਆ ਜੇਠਾ ਬਿਬ ਰਸਿ ਪਾਗੇ।ਚਾਰੋਂ ਲੀਯੋ ਬਿਬਾਨ ਉਠਾਇ। ਆਗੇ ਬਾਬਕ ਸਬਦ ਅਲਾਇ॥429॥ਮਾਰੂ ਚੌਕੀ ਹੋਤ ਸੁਧਾਰਾ। ਭਗਤ ਸਿੰਘ ਛਬਿ ਬਨੀ ਅਪਾਰਾ। ਗੁਰ ਸੁਤ ਊਪਰਿ ਚੌਰ ਢੁਲਾਵੈ। ਔਰ ਦਾਸ ਬਹੁ ਸੰਖ ਬਜਾਵੈਂ॥430॥* (**ਗੁਰ ਬਿਲਾਸ ਪਾਤਸ਼ਾਹੀ ੬**, ਅਧਿ.18)

[66] *ਤਬ ਲੌ ਅਰਧ ਜਾਮ ਦਿਨੁ ਆਯੋ। ਬਾਬਕ ਮਾਰੂ ਸਬਦ ਅਲਾਯੋ॥161॥* (**ਗੁਰ ਬਿਲਾਸ ਪਾਤਸ਼ਾਹੀ ੬**, ਅਧਿ.19)

[67] *ਸਭ ਕੋ ਭਾਨੇ ਧੀਰ ਧਰਾਯੋ। ਬਾਬਕ ਕੋ ਅਸ ਬੋਲ ਅਲਾਯੋ। ਮਾਰੂ ਪੜ੍ਹੋਹ ਲਾਇ ਨਹਿ ਦੇਰਾ।ਅਸ ਕੌਤਕ ਨਹਿ ਨੈਨਨ ਹੇਰਾ॥341॥* (**ਗੁਰ ਬਿਲਾਸ ਪਾਤਸ਼ਾਹੀ ੬**, ਅਧਿ.21)

[68] *ਮਲਕਜਾਤੀ ਬਾਬਕ ਤਜਿ ਪ੍ਰਾਨਾ। ਗੁਰ ਨਾਨਕ ਪੁਰ ਕਰੈ ਪਯਾਨਾ।* (**ਗੁਰ ਬਿਲਾਸ ਪਾਤਸ਼ਾਹੀ ੬**, ਅਧਿ.20)

[69] *ਹੇ ਬਾਬਕ ਗੁਰ ਦਰਸ਼ਨ ਕੀਜੈ। ਮੂਰਤਿ ਧਾਰਿ ਯਾਹਿ ਚਿਤਿ ਲੀਜੈ।(...) ਬਾਬਕ ਪਿਖਿ ਨਿਜ ਮੌਲ ਝੁਕਾਯੋ। ਛਠਮ ਗੁਰੂ ਕਾ ਦਰਸ਼ਨ ਪਾਯੋ। ਚਾਰਿ ਪੁਤ੍ਰ ਨਿਜ ਗੁਰ ਸੌਂਪਾਏ। ਕਰਿ ਬਿਨਤੀ ਪੁਨਿ ਧਯਾਨੁ ਧਰਾਏ॥518॥* (**ਗੁਰ ਬਿਲਾਸ ਪਾਤਸ਼ਾਹੀ ੬**, ਅਧਿ.20)

[70] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪੰਨਾ 45.

[71] *ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ। ਡਲੇ ਵਾਸੀ ਸੰਗਤਿ ਭਾਰੀ।।* (**ਵਾਰਾਂ ਭਾਈ ਗੁਰਦਾਸ ਜੀ**, ਵਾਰ ੧੧ ਪਉੜੀ ੧੬)

[72] *ਲਿਹੁ ਢੋਲਕ ਅਬਿ ਅਪਨੇ ਹਾਥ। ਚਢਿ ਕੋਠੇ ਪਰ ਬਡ ਸੁਰ ਸਾਥ। ਗਾਵਹੁ ਅਨੰਦ ਬਜਾਵਹੁ ਜਾਵਹੁ। ਹਰਖਾਵਹੁ ਬਹੁ ਨਰਨਿ ਸੁਨਾਵਹੁ॥* (ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਰਾਸ ੧, ਅਧਿਆਇ ੫੯)

[73] *ਝਾਂਝੂ ਅਤੇ ਮੁਕੰਦੁ ਹੈ ਕੀਰਤਨ ਕਰੈ ਹਜੂਰਿ ਕਿਦਾਰਾ।ਸਾਧਸੰਗਤਿ ਪਰਗਟੁ ਪਾਹਾਰਾ।।* (ਵਾਰਾਂ **ਭਾਈ ਗੁਰਦਾਸ ਜੀ**, ਵਾਰ ੧੧ ਪਉੜੀ ੧੮)

[74] ਕਾਨ੍ਹ ਸਿੰਘ ਨਾਭਾ(ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼,** ਪੰਨਾ 328

[75] ਗੁਰਨਾਮ ਸਿੰਘ(ਡਾ.), **ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ**, ਪੰਨਾ 214.

[76] ਉਹੀ, ਪੰਨਾ 215

[77] ਉਹੀ

[78] ਜੋਧ ਸਿੰਘ (ਡਾ., ਮੁੱਖ ਸੰਪਾ.), **ਸਿੱਖ ਧਰਮ ਵਿਸ਼ਵਕੋਸ਼**, ਪੰਨਾ 567.

[79] ਕ੍ਰਿਪਾਲ ਸਿੰਘ (ਗਿਆਨੀ), **ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ**, ਪੰਨਾ 328-331.

[80] ਉਹੀ, ਪੰਨਾ 226.

[81] ਕ੍ਰਿਪਾਲ ਸਿੰਘ (ਗਿਆਨੀ), **ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ**, ਪੰਨਾ 225.

[82] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ**, ਪੰਨਾ 217

[83] ਉਹੀ ਪੰਨਾ 58

[84] **ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ**, ਪੰਨਾ 178

[85] ਉਹੀ, ਪੰਨਾ 69.

[86] **ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ**, ਪੰਨਾ 90

[87] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ**, ਪੰਨਾ ਭੂਮਿਕਾ xx

[88] *ਆਸਾ ਦੀ ਵਾਰ 1915( https://www.youtube.com/watch?v=ZxWNG371LWE)*

*1927 (https://www.youtube.com/watch?v=VqIYi_tkt1Q)*

*1970 ਭਾਈ ਸੰਤੋਖ ਸਿੰਘ ਜੀ (https://www.youtube.com/watch?v=dtn6M6OsJXc)*

[89] https://www.youtube.com/watch?v=yHsZOZJxbKw

[90] https://www.youtube.com/watch?v=FX1dE_LiyqM

[91] https://www.youtube.com/watch?v=zqV44pY4X74 (1958)

[92] *1970 ਰਬਾਬੀ ਭਾਈ ਲਾਲ ਜੀ (https://www.youtube.com/watch?v=CRoeNt3WQPI)*

[93] https://www.youtube.com/watch?v=0f_FkMp5hA8

[94] https://www.youtube.com/watch?v=5RnfSBKpkWw (1963)

[95] https://www.youtube.com/watch?v=U2rx4R50Erc

[96] https://www.youtube.com/watch?v=89HeoDm-xco

[97] https://www.youtube.com/watch?v=eQGojdXpuwA (1970)

[98] https://www.youtube.com/watch?v=OoKP_cl1J68;.https://www.youtube.com/watch?v=mKnNRuLze5Y

[99] https://www.youtube.com/watch?v=HjIgNa6h1Ow, (1978)

[100] https://www.youtube.com/watch?v=eQGojdXpuwA (1978)

[101] https://www.youtube.com/watch?v=Lo1DGaIv8f4

[102] https://www.youtube.com/watch?v=RxgIWG-uwn0

[103] https://www.youtube.com/watch?v=V9UMSgdKJdY

[104] https://www.youtube.com/watch?v=u-p4bmMJthA

[105] https://www.youtube.com/watch?v=d5yGc05OyAw

[106] https://www.youtube.com/watch?v=ICUJX7okTZg&list=PLbwPe0xyoH7QAigCVhaeq5MyfF3aPvU6

[107] https://www.youtube.com/watch?v=A5NxILepxhE

[108] **ਗੁਰਬਾਣੀ ਸੰਗੀਤ** ਪੁਸਤਕ ਦੋ ਭਾਗਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਵਲੋਂ 20ਵੀ ਸਦੀ ਦੇ 6ਵੇਂ ਦਹਾਕੇ ਵਿਚ ਪ੍ਰਕਾਸ਼ਿਤ ਕਰਵਾਈ ਗਈ ਸੀ।

[109] 1) *ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, 2) ਗੁਰੂ ਅਮਰਦਾਸ ਰਾਗ ਰਤਨਾਵਲੀ, 3)* ***ਸ੍ਰੀ ਗੁਰੂ ਗ੍ਰੰਥ ਸਾਹਿਬ*** *ਰਾਗ ਰਤਨਾਵਲੀ, 4) ਪੜਤਾਲ ਗਾਇਕੀ, 5) ਭਗਤ ਰਾਗ ਰਤਨਾਵਲੀ, 6) ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ, 7) ਗੁਰੂ ਰਾਮਦਾਸ ਰਾਗ ਰਤਨਾਵਲੀ, 8) ਗੁਰੂ ਅੰਗਦ ਦੇਵ ਰਾਗ ਰਤਨਾਵਲੀ, 9) ਗੁਰੂ ਅਰਜਨ ਦੇਵ ਰਾਗ ਰਤਨਾਵਲੀ, 10) ਗੁਰੂ ਨਾਨਕ ਦੇਵ ਰਾਗ ਰਤਨਾਵਲੀ ਅਤੇ 11)ਗੁਰੂ ਅਮਰਦਾਸ ਰਾਗ ਰਤਨਾਕਰ* ਆਦਿ।

[110] *ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥ ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮)

[111] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 548

[112] ਗੁਰਨਾਮ ਸਿੰਘ (ਡਾ.), *ਸ਼ਬਦ ਕੀਰਤਨ ਦੀ ਹਰਗਨਾ ਟਕਸਾਲ,* **ਰੋਜਾਨਾ ਅਜੀਤ** (ਧਰਮ ਤੇ ਵਿਰਸਾ), ਮਿਤੀ 23 ਸਤੰਬਰ 2012, ਪੰਨਾ 4.

[113] ਗੁਰਨਾਮ ਸਿੰਘ (ਡਾ.), *ਸ਼ਬਦ ਕੀਰਤਨ ਦੀ ਤਰਨਤਾਰਨ ਟਕਸਾਲ,* **ਰੋਜਾਨਾ ਅਜੀਤ** (ਧਰਮ ਤੇ ਵਿਰਸਾ), ਮਿਤੀ 30 ਸਤੰਬਰ 2012, ਪੰਨਾ 4.

[114] ਗੁਰਨਾਮ ਸਿੰਘ (ਡਾ.), *ਗੁਰਮਤਿ ਵਿਦਿਆਲਿਆ ਰਕਾਬਗੰਜ ਦਿੱਲੀ,* **ਰੋਜਾਨਾ ਅਜੀਤ** (ਧਰਮ ਤੇ ਵਿਰਸਾ), ਮਿਤੀ 29 ਅਕਤੂਬਰ 2012, ਪੰਨਾ 4.

[115] ਉਹੀ

[116] ਗੁਰਨਾਮ ਸਿੰਘ (ਡਾ.), *ਗੁਰਮਤਿ ਸੰਗੀਤ ਦੇ ਪਸਾਰ ਵਿਚ ਸੈਂਟਰਲ ਯਤੀਮਖਾਨਾ ਦਾ ਯੋਗਦਾਨ,* **ਰੋਜਾਨਾ ਅਜੀਤ** (ਧਰਮ ਤੇ ਵਿਰਸਾ), ਮਿਤੀ 22 ਅਕਤੂਬਰ 2012, ਪੰਨਾ 4

[117] ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਅਨੰਦਪੁਰ ਸਾਹਿਬ,

[118] ਮਾਤਾ ਗੂਜਰੀ ਕਾਲਜ ਸ੍ਰੀ ਫਤਹਿਗੜ੍ਹ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਆਦਿ।

[119] ਸ੍ਰੀ ਗੁਰੂ ਗ੍ਰੰਥ ਸਾਹਿਬ ਵਲਡ ਯੂਨੀਵਰਸਿਟੀ, ਸ੍ਰੀ ਫਤਹਿਗੜ੍ਹ ਸਾਹਿਬ।

[120] ਕਾਨ੍ਹ ਸਿੰਘ ਨਾਭਾ, **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 816

[121] ਹਵਾਲਾ ਤਾਰਾ ਸਿੰਘ (ਪ੍ਰੋ.), **ਗੁਰੂ ਅਰਮਦਾਸ ਰਾਗ ਰਤਨਾਵਲੀ**, ਪੰਨਾ 3.

[122] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪੰਨਾ 196

[123] ਕਾਨ੍ਹ ਸਿੰਘ ਨਾਭਾ(ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 538

[124] ਹਰਿਭਜਨ ਸਿੰਘ (ਪ੍ਰਿੰ.), *ਕੀਰਤਨ ਦਾ ਸਰੂਪ ਤੇ ਸਥਾਨ,* **ਸਿੰਘ ਸਭਾ ਪਤ੍ਰਿਕਾ (ਭਾਗ ਪਹਿਲਾ)**, ਗਿਅਨੀ ਗੁਰਦਿੱਤ ਸਿੰਘ (ਸੰਪਾ), ਫਰਵਰੀ 1978, ਪੰਨਾ 93

[125] *ਮਰਦਾਨਾ ਜਾਇ ਨਾਨਕੀ ਪਾਸਿ ਖੜਾ ਹੋਇਆ। ਨਾਨਕੀ ਪੁਛਿਆ ਕਿਉਂ ਭਾਈ ਮਰਦਾਨਾ। ਮਰਦਾਨੇ ਆਖਿਆ ਜੀ ਰਜਾ ਦੀ ਮੈਨੂ ਨਾਨਕ ਜੀ ਤੁਸਾਡੇ ਪਾਸਿ ਭੇਜਿਆ ਹਾਂ। ਨਾਨਕੀ ਆਖਿਆ ਕਿਉ ਭੇਜਿਆ ਹੈਸੁ। ਤਾਂ ਮਰਦਾਨੇ ਆਖਿਆ ਜੀ ਹਿਕੁ ਸੁਆਲੁ ਕੀਤਾ ਹੈਸੁ। ਆਖਿਆ ਹੈਸੁ ਪਹਲੇ ਜੇ ਮੰਨੇ ਤਾਂ ਆਖੇ ਨਾਹੀਂ ਤਾਂ ਨਾ ਆਖੇ। ਨਾਨਕੀ ਆਖਿਆ ਆਖ ਭਾਈ ਮਰਦਾਨਾ ਆਖੁ ਨਿਸੰਗੁ। ਮਰਦਾਨੇ ਆਖਿਆ ਜਿ ਹਿਕੁ ਰਬਾਬੁ ਜਿਤਨੇ ਤੇ ਮਿਲੇ ਤਿਤਨੇ ਤੇ ਲੈ ਦੇਉ ਨਾਨਕੀ ਆਖਿਆ ਹਿਕੁ ਕਿਆ ਸਉ। ਆਖੁ ਪਰੁ ਮੈਨੂ ਮੁਹਿ ਦਿਖਾਇ ਜਾਇ। ਫਿਰਿ ਮਰਦਾਨੇ ਜਾਇ ਗੁਰੂ ਨਾਨਕ ਪਾਸਿ ਆਖਿਆ ਜੀ ਬੇਬੇ ਜੀ ਆਖਦੀ ਹੈ ਜੋ ਹਿਕੁ ਕਿਆ ਸਉ ਆਖੇ ਤਾਂ ਸਉ ਲੈ ਦੇਵਾਂ। (ਬਾਲੇ ਵਾਲੀ ਜਨਮਸਾਖੀ,* **ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਕਿਰਪਾਲ ਸਿੰਘ, ਪੰਨਾ 267)

[126] *ਪ੍ਰਥਮਹਿ ਤੁਮਰੇ ਬਚਨ ਕਮਾਏ। ਪਾਛੇ ਇਨਕੀ ਅਰਜ ਸੁਨਾਏ। ਅਤਿ ਪ੍ਰਸੰਨ ਭਏ ਕ੍ਰਿਪਾ ਨਿਧਾਨਾ। ਪਰਉਪਕਾਰੀ ਲਧਾ ਜਾਨਾ। ਸ੍ਰੀ ਗੁਰ ਲਧੇ ਕੈ ਤਬ ਕਹਾ। ਐਸ ਖੇਦ ਕਾਹੇ ਤੁਮ ਲਹਾ।ਤੁਮਰੇ ਬਚਨ ਬਖਸ਼ ਹਮ ਦੇਤੇ। ਖੇਦ ਲਹੇ ਕਾਹੇ ਤੁਮ ਏਤੇ। ਅਬ ਤਿਨ ਕੋ ਤੁਮ ਲੇਹੁ ਬੁਲਾਈ। ਲਧੇ ਮਾਨੁਖ ਦੀਓ ਪਠਾਈ। ਆਗਿਆ ਸੁਨ ਦੋਊ ਤਬ ਆਏ। ਅਤਿ ਨਿਮਰ ਗਰਿ ਅੰਦਰ ਪਾਏ।*(**ਗੁਰ ਬਿਲਾਸ ਪਾਤਸ਼ਾਹੀ ੬**, ਪੰਨਾ ੧੩੭)

[127] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼,** 723

[128] **ਸਿੱਖ ਰਹਿਤ ਮਰਯਾਦਾ**, ਪੰਨਾ 11

[129] *ਪਕੜ ਦੁਤਾਰਾ ਗਾਵੈ ਬਾਣੀ। ਆਸਾ ਵਾਰ ਸੁਖਾਂ ਦੀ ਖਾਣੀ। (ਸ਼ਹੀਦ ਬਿਲਾਸ,* ਪੰਨਾ ੮੯)

[130] ਕ੍ਰਿਪਾਲ ਸਿੰਘ (ਗਿਆਨੀ), **ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ,** ਪੰਨਾ 225.

[131] **ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ**, ਪੰਨਾ 34-42

[132] ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਹਿਤ 2017 ਵਿਚ ਗਿਆਰਾਂ ਲੱਖ ਰੁਪਏ ਦਿੱਤੇ।

[133] ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗਾਂ ਦੇ ਅਧਾਰਿਤ ਸ੍ਰੀ ਦਰਬਾਰ ਸਾਹਿਬ ਦੀ ਫੋਟੋਗ੍ਰਾਫੀ ਕਰਕੇ ਗੁਰਮਤਿ ਸੰਗੀਤ ਵਿਭਾਗ ਵਿਖੇ ਫੋਟੋ ਆਰਟ ਗੈਲਰੀ ਦੇ ਰੂਪ ਵਿਚ ਗੁਰਮਤਿ ਸੰਗੀਤ ਵਿਭਾਗ ਨੂੰ ਪ੍ਰਦਾਨ ਕੀਤੀ।

[134] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ ਭੂਮਿਕਾ।

[135] ਗੁਰਮਤਿ ਸੰਗੀਤ ਦੇ ਖੇਤਰ ਵਿਚ ਚੀਫ ਖਾਲਸਾ ਦੀਵਾਨ ਦੀ ਪ੍ਰਕਾਸ਼ਨਾ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਜੋ 1958 ਵਿਚ ਪ੍ਰਕਾਸ਼ਿਤ ਹੋਈ ਵਿਸ਼ੇਸ਼ ਹੈ।

[136] ਗੁਰਬਾਣੀ ਸੰਗੀਤ(ਸ. ਗਿਆਨ ਸਿੰਘ ਐਬਟਾਬਾਦ), ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ (ਡਾ. ਗੁਰਨਾਮ ਸਿੰਘ), ਗੁਰਮਤਿ ਸੰਗੀਤ ਦਰਪਣ (ਪ੍ਰੋ. ਕਰਤਾਰ ਸਿੰਘ) ਆਦਿ

[137]https://www.google.ca/search?source=hp&ei=fY2iW_rpFsrZrQH40b-QCw&q=beginig+of+internet&oq=beginig+of+internet&gs_l=psy-ab.3..0i13k1l2j0i13i30k1l2j0i8i13i30k1.2981.11360.0.11898.19.18.0.1.1.0.306.3105.0j13j3j1.17.0....0...1c.1.64.psy-ab..1.18.3108...0j0i131k1j0i10k1j0i22i30k1.0.JGLT9NdXfEc

[138]https://www.google.ca/search?source=hp&ei=fY2iW_rpFsrZrQH40b-QCw&q=beginig+of+internet&oq=beginig+of+internet&gs_l=psy-ab.3..0i13k1l2j0i13i30k1l2j0i8i13i30k1.2981.11360.0.11898.19.18.0.1.1.0.306.3105.0j13j3j1.17.0....0...1c.1.64.psy-ab..1.18.3108...0j0i131k1j0i10k1j0i22i30k1.0.JGLT9NdXfEc

[139] https://www.google.ca/search?ei=io2iW73MJIKz9QPB74WoDg&q=beginning+of+google&oq=beginig+of+goo&gs_l=psyab.3.0.0i13k1l5j0i13i30k1l5.809308.812876.0.815152.11.11.0.0.0.0.230.1373.0j7j1.8.0....0...1c.1.64.psy-ab..4.7.1200...0i10k1.0.ROOQzleXaxA

[140] ਗੁਰਬਾਣੀ ਰਿਸਰਚ, ਸਿੱਖੀ ਟੂ ਮੈਕਸ, ਰਿਦਮ, ਸਵਰ ਮੀਟਰ ਆਦਿ

[141] https://www.google.ca/search?ei=Sk6iW_WhN4SBvwTLtrzICg&q=search+engine+list&oq=search+engine&gs_l=psy-ab.1.0.0i71k1l8.0.0.0.16812.0.0.0.0.0.0.0.0..0.0....0...1c..64.psy-ab..0.0.0....0.yvTuibgAvRY

[142] www.gurmatsangeetpup.com; www.gurmatsangeetlibrary.com

[143] https://www.sikhsangeet.com; www.akhandkirtan.com; www.baani.net; www.damdamitaksaal.org; www.discoverSikhism.com; www.gaavosachibani.net; www.gurmatsangeetproject.com; www.gurbani.org; www.ikirtan.com; www.jawadditaksal.org; www.keertan.org; www.sarabsaanjhigurbani.com; www.sgpc.net ਆਦਿ।

[144] ਸ੍ਰੀ ਗੁਰ ਉਠ ਤਹਾ ਤਬ ਆਏ। ਥੜੇ ਬੈਠਿ ਜਿਹ ਕਾਰ ਕਢਾਏ। ਥੜ੍ਹੇ ਬੈਠ ਦੀਵਾਨ ਲਗਾਯੋ। ਨਿਜ ਸਿੱਖਨ ਕੋ ਬਚਨ ਸੁਨਾਯੋ। ਵਹਿ ਨਹੀ ਆਵੈ ਮਦ ਕੇ ਮਾਤੇ। ਤੁਮ ਹੀ ਪੜੋ ਰਾਗ ਅਬ ਤਾਤੇ। ਵਿਦਿਆ ਰਾਗ ਸਭੀ ਤੁਮ ਪਾਵੋ। ਤਿਨ ਕਾ ਤੁਮ ਸਭੁ ਮਾਨ ਗਵਾਵੋ॥ (**ਗੁਰ ਬਿਲਾਸ ਪਾਤਸ਼ਾਹੀ ੬,** ਪੰਨਾ ੧੦੧)

ਦੂਜਾ ਅਧਿਆਇ

# ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਰਚਨਾ

ਗੁਰੂ ਕਾਲ ਤੋਂ ਹੁਣ ਤਕ ਸਿੱਖ ਧਰਮ ਵਿਚ ਵੱਖ-ਵੱਖ ਕੀਰਤਨੀਏ ਸ਼ਬਦ ਕੀਰਤਨ ਦੇ ਸੰਚਾਰਕ ਰਹੇ ਹਨ। ਇਨ੍ਹਾਂ ਦਾ ਯੋਗਦਾਨ ਗੁਰਮਤਿ ਸੰਗੀਤ ਦਾ ਵਿਸ਼ੇਸ਼ ਸਰਮਾਇਆ ਹਨ। ਇਨ੍ਹਾਂ ਕੀਰਤਨੀਆਂ ਵਿਚੋਂ ਉਨਵੀਂ ਤੇ ਵੀਹਵੀਂ ਸਦੀ ਦੇ ਰਾਗੀ ਭਾਈ ਜੁਵਾਲਾ ਸਿੰਘ ਠੱਠੇ ਟਿੱਬੇ (ਕਪੂਰਥਲਾ) ਵਾਲੇ ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ ਹੋਏ ਹਨ ਜਿਨ੍ਹਾਂ ਨੇ ਆਪਣੀ ਵਿਲੱਖਣ ਕੀਰਤਨ ਸ਼ੈਲੀ ਦੁਆਰਾ ਨਿਵੇਕਲੀ ਪਛਾਣ ਬਣਾਈ। ਆਪ ਨੇ ਲਗਭਗ 1900 ਤੋਂ 1952 ਈ ਤਕ ਪੰਜ ਦਹਾਕਿਆਂ ਤੋਂ ਵੱਧ ਸ਼ਬਦ ਕੀਰਤਨ ਦੀ ਸੇਵਾ ਨਿਭਾਈ ਹੈ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੋਂ ਹੀ ਗੁਰੂ ਘਰ ਦੀ ਵਿਸ਼ੇਸ਼ ਕੀਰਤਨ ਸ਼ੈਲੀ ਨੂੰ ਆਪ ਅਤੇ ਆਪ ਦੇ ਪੂਰਵਜਾਂ ਨੇ ਪੀੜ੍ਹੀ ਦਰ ਪੀੜ੍ਹੀ ਕੀਰਤਨ ਕੀਤਾ ਅਤੇ ਸੀਨਾ-ਬ-ਸੀਨਾ ਆਪਣੀ ਅਗਲੇਰੀ ਪੀੜ੍ਹੀ ਨੂੰ ਸਿਖਾਇਆ। ਆਪਣੇ ਪੂਰਵਜ਼ਾਂ ਦੀ ਸ਼ਬਦ ਕੀਰਤਨ ਸ਼ੈਲੀ ਤੋਂ ਇਲਾਵਾ ਆਪ ਨੇ ਵੱਖ-ਵੱਖ ਹੋਰ ਉਸਤਾਦ ਕੀਰਤਨੀਆਂ ਦੀ ਵਿੱਦਿਆ ਨੂੰ ਆਪਣੇ ਗਾਇਨ ਦਾ ਹਿੱਸਾ ਬਣਾਇਆ। ਭਾਈ ਜੁਵਾਲਾ ਸਿੰਘ ਦੀ ਬਹੁਪੱਖੀ ਸਖਸ਼ੀਅਤ ਨੂੰ ਜਾਨਣ ਲਈ ਇਨ੍ਹਾਂ 'ਤੇ ਹੋਰ ਵਿਸਥਾਰ ਪੂਰਵਕ ਚਰਚਾ ਅਸੀਂ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ:

## 2.1 ਰਾਗੀ ਭਾਈ ਜੁਵਾਲਾ ਸਿੰਘ ਦੀ ਸਮਕਾਲੀ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਪਿੱਠਭੂਮੀ

ਰਾਗੀ ਭਾਈ ਜੁਵਾਲਾ ਸਿੰਘ ਦਾ ਜਨਮ ਉਨਵੀਂ ਸਦੀ ਦੇ ਅਠਵੇਂ ਦਹਾਕੇ ਭਾਵ 1879 ਈ. ਵਿਚ ਹੋਇਆ। ਉਸ ਸਮੇਂ ਪੰਜਾਬ ਦੇ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਹਲਾਤ ਨਾਜ਼ੁਕ ਸਨ। ਆਰਥਿਕ ਪੱਖ ਤੋਂ ਪੰਜਾਬ ਭਾਵੇਂ ਖੁਸ਼ਹਾਲ ਸੀ ਪਰ ਪੰਜਾਬ `ਤੇ ਫਿਰੰਗੀਆਂ ਦਾ ਸ਼ਾਸ਼ਨ ਹੋਣ ਕਰਕੇ ਉਹ ਆਪਣੇ ਹਿੱਤਾਂ ਲਈ ਪੰਜਾਬ ਦੀ ਲੁੱਟ ਕਰ ਰਹੇ ਸਨ। ਜੋ ਵਿਕਾਸ ਮਹਾਰਾਜਾ ਰਣਜੀਤ ਸਿੰਘ ਸਮੇਂ ਪੰਜਾਬ ਦਾ ਹੋਇਆ ਸੀ ਉਹ ਸਭ ਉਜਾੜੇ ਵੱਲ ਜਾ ਰਿਹਾ ਸੀ। ਪੰਜਾਬ ਦਾ ਆਰਥਿਕ ਅਤੇ ਰਾਜਨੀਤਿਕ ਪੱਖ ਇੰਨਾ ਦੁਰਬਲ ਹੋ ਗਿਆ ਸੀ ਕਿ ਕੋਈ ਵੀ ਸੁਯੋਗ ਅਗਵਾਈ ਵਾਲਾ ਆਗੂ ਨਹੀਂ ਸੀ ਰਿਹਾ। ਸਮਾਜਿਕ ਪੱਖ ਤੋਂ

ਲੋਕਾਂ ਦਾ ਜੀਵਨ ਨਿਗਾਰ ਵੱਲ ਜਾ ਰਿਹਾ ਸੀ। ਸਿੱਖ ਧਰਮ ਦੇ ਹਵਾਲੇ ਨਾਲ ਪੰਜਾਬ ਵਿਚ ਬਹੁ ਗਿਣਤੀ ਸਿੱਖਾਂ ਦੀ ਸੀ ਇਸ ਲਈ ਸਿੱਖਾਂ ਨੂੰ ਸਿੱਧੇ ਰੂਪ ਵਿਚ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਨੂੰ ਸਮਾਜਿਕ, ਰਾਜਨੀਤਿਕ ਧਾਰਮਿਕ ਪੱਖੋਂ ਕਮਜ਼ੋਰ ਕਰਨ ਦੀਆਂ ਕੋਝੀਆਂ ਚਾਲਾਂ ਚਲਾਈਆਂ ਗਈਆਂ। ਇਸ ਵਿਚ ਸਭ ਤੋਂ ਵੱਧ ਭੂਮਿਕਾ ਈਸਾਈਆਂ ਨੇ ਆਪਣੀ ਹਕੂਮਤ ਦੇ ਜ਼ੋਰ ਥੱਲੇ ਨਿਭਾਈ। ਉਨ੍ਹਾਂ ਵਲੋਂ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਜਾ ਕੇ ਸਿੱਖਾਂ ਨੂੰ ਸਿੱਖੀ ਨਾਲੋਂ ਤੋੜਿਆ ਗਿਆ। ਉਸ ਤੋਂ ਬਾਅਦ ਸਿੱਖੀ ਨੂੰ ਆਰੀਆ ਸਮਾਜੀ ਸੁਆਮੀ ਦਿਆ ਨੰਦ ਦੀ ਵਿਚਾਰਧਾਰਾ ਨੇ ਪ੍ਰਭਾਵਿਤ ਕੀਤਾ ਜਿਸ ਨੂੰ ਪਹਿਲਾਂ ਪਹਿਲ ਸਿੱਖਾਂ ਨੇ ਹੀ ਆਪਣੇ ਖੰਭ ਫੈਲਾਉਣ ਦਾ ਮੌਕਾ ਦਿੱਤਾ ਸੀ।[1] ਸਦੀਆਂ ਤੋਂ ਪਾਖੰਡ ਦਾ ਰਾਜਾ ਬਣੇ ਬ੍ਰਾਹਮਣੀ ਮੱਤ ਨੇ ਆਪਣਾ ਪਿਤਾ ਪੁਰਖੀ ਉੱਚ ਜਾਤੀ ਦਾ ਹਵਾਲਾ ਦੇ ਕੇ ਮਨੂੰ ਸਿਮ੍ਰਤੀ ਅਨੁਸਾਰ ਪ੍ਰਚਾਰ ਮੁੜ ਅਰੰਭਿਆ ਜਿਸ ਦੀਆਂ ਜੜ੍ਹਾਂ ਨੇ ਸਦੀਆਂ ਤੋਂ ਲੋਕਾਂ ਨੂੰ ਜਕੜਿਆ ਹੋਇਆ ਸੀ। ਇਨ੍ਹਾਂ ਤੋਂ ਇਲਾਵਾ ਗੁਰੂ ਕਾਲ ਤੋਂ ਸਰਗਰਮ ਗੂਰੂ ਡੰਮ ਗੁਲਾਬ ਦਾਸੀਏ ਤੇ ਹੋਰ ਡੇਰਾਵਾਦ ਦੇ ਰੂਪ ਵਿਚ ਫਿਰ ਤੋਂ ਸਿਰ ਚੁੱਕਣ ਲੱਗ ਪਏ। ਇਸ ਦਾ ਸਿੱਟਾ ਇਹ ਹੋਇਆ ਕਿ ਅੰਗਰੇਜੀ ਹਕੂਮਤ ਦੇ ਪੂਰਵ ਖਾਲਸਾ ਰਾਜ ਸਮੇਂ ਸਿੱਖਾਂ ਦੀ ਜੋ ਜਨਸੰਖਿਆ ਇੱਕ ਕਰੋੜ ਤੋਂ ਜਿਆਦਾ ਸੀ ਉਹ 1849 ਤੋਂ ਬਾਅਦ (ਸਿੱਖੀ ਨੂੰ ਅਜਿਹੀ ਢਾਹ ਲੱਗੀ ਕਿ 1881 ਦੀ ਮਰਦਮ ਸ਼ੁਮਾਰੀ ਵਿਚ ਸਿੱਖਾਂ ਦੀ ਅਬਾਦੀ) ਕੇਵਲ 18 ਲੱਖ 53 ਹਜ਼ਾਰ 4 ਸੋ 29 ਹੀ ਰਹਿ ਗਈ।[2] ਸਿੱਖੀ ਦੇ ਇਸ ਨਿਘਾਰ ਨੇ ਸਿੱਖ ਹਿਤੈਸ਼ੀਆਂ ਦੇ ਮਨਾਂ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਸੰਕਟ ਵਿਚੋਂ ਨਿਕਲਣ ਹਿੱਤ ਸ. ਠਾਕੁਰ ਸਿੰਘ ਸੰਧਾਵਾਲੀਏ, ਗਿ. ਗੁਰਮੁੱਖ ਸਿੰਘ, ਗਿ. ਜਵਾਹਰ ਸਿੰਘ, ਗਿ. ਦਿੱਤ ਸਿੰਘ, ਗਿ. ਗਿਆਨ ਸਿੰਘ ਆਦਿ ਦੇ ਉਦਮਾਂ ਸਦਕਾ ਸਿੰਘ ਸਭਾ ਲਹਿਰ, ਖਾਲਸਾ ਦੀਵਾਨ ਤੇ ਹੋਰ ਸਭਾਵਾਂ ਦਾ ਪ੍ਰਾਰੰਭ ਹੋਇਆ। ਬਆਦ ਵਿਚ ਇਨ੍ਹਾਂ ਸਭਾਵਾਂ ਨਾਲ ਰਾਗੀ ਭਾਈ ਜੁਵਾਲਾ ਸਿੰਘ ਵੀ ਜੁੜੇ ਰਹੇ।

ਸਿੱਖ ਧਰਮ ਦੀ ਸ਼ਬਦ ਕੀਰਤਨ ਦੇ ਹਵਾਲੇ ਨਾਲ ਖਾਲਸਾ ਰਾਜ ਦਾ ਸਮਾਂ ਸੁਨਿਹਰੀ ਸਮਾਂ ਸੀ। ਇਸ ਸਮੇਂ ਗੁਰੂ ਸਾਹਿਬ ਦੀ ਬਖਸ਼ਿਸ਼ ਸਦਕਾ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਘਰਾਂ ਦੇ ਪ੍ਰਬੰਧ ਦਾ ਬੇਮਿਸਾਲ ਸੁਧਾਰ ਕੀਤਾ। ਕੀਰਤਨੀਆਂ ਦੀ ਉਪਜੀਵਿਕਾ ਹਿਤ ਮਾਸਿਕ ਮਾਇਕ ਸੇਵਾ ਦਾ ਪ੍ਰਬੰਧ ਕੀਤਾ ਗਿਆ। ਅੰਗਰੇਜ਼ੀ ਹਕੂਮਤ ਸਮੇਂ ਭਾਂਵੇ ਗੁਰਦੁਆਰਿਆਂ ਦੇ ਪ੍ਰਬੰਧ ਵੱਲ ਧਿਆਨ ਦਿੱਤਾ ਗਿਆ ਪ੍ਰੰਤੂ ਉਨ੍ਹਾਂ ਵਲੋਂ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਚਹੇਤੇ ਝੋਲੀ ਚੁੱਕ ਮਹੰਤਾਂ ਤੇ ਪੁਜਾਰੀਆਂ ਨੂੰ ਹੀ ਦਿੱਤਾ ਗਿਆ।

ਇਸ ਕਾਰਨ ਗੁਰਮਤਿ ਮਰਿਆਦਾ ਦੀ ਭਾਰੀ ਹਾਨੀ ਹੋਈ। ਸ੍ਰੀ ਦਰਬਾਰ ਸਾਹਿਬ ਵਰਗੇ ਮਹਾਨ ਸਿੱਖ ਧਾਰਮਿਕ ਅਸਥਾਨ `ਤੇ ਅੰਗੇਰਜ਼ਾਂ ਦੁਆਰਾ ਲਗਾਏ ਪਿੱਠੂ ਮਹੰਤਾਂ ਦਾ ਕਬਜ਼ਾ ਰਿਹਾ ਜਿਨ੍ਹਾਂ ਤੋਂ ਸਿੰਘ ਸਭਾ ਲਹਿਰ, ਖਾਲਸਾ ਦੀਵਾਨ (ਬਆਦ ਵਿਚ ਚੀਫ਼ ਖਾਲਸਾ ਦੀਵਾਨ), ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ ਆਦਿ ਨਾਲ ਸਬੰਧਿਤ ਸਿੰਘਾਂ ਨੇ ਕੁਰਬਾਨੀਆਂ ਦੇ ਕੇ ਆਜ਼ਾਦ ਕਰਵਾਇਆ। ਗੁਰੂ ਘਰਾਂ ਵਿਚ ਸਿੱਖ ਪਰੰਪਰਾ ਅਨੁਸਾਰ ਮੁੜ ਪ੍ਰਬੰਧ ਕੀਤਾ। ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰੂਧਾਮਾਂ ਵਿਚ ਗੁਰੂ ਕਾਲ ਤੋਂ ਚੱਲੀ ਆ ਰਹੀ ਸ਼ਬਦ ਕੀਰਤਨ ਦੀ ਮਰਿਯਾਦਾ ਤਾਂ ਨਿਰੰਤਰ ਚਲਦੀ ਰਹੀ ਪ੍ਰੰਤੂ ਸਿੱਖ ਵਿਰੋਧੀ ਪ੍ਰਚਾਰ ਕਾਰਨ ਗੁਰੂਘਰਾਂ ਤੋਂ ਬਾਹਰ ਦੀਆਂ ਸੰਗਤਾਂ ਨੂੰ ਕਾਫੀ ਪ੍ਰਭਾਵਿਤ ਕੀਤਾ। ਇਸ ਪ੍ਰਭਾਵ ਨੂੰ ਖਤਮ ਕਰਨ ਹਿਤ ਗੁਰੂ ਘਰ ਦੇ ਪ੍ਰਚਾਰਕਾਂ, ਕੀਰਤਨੀਆਂ ਆਦਿ ਨੇ ਆਪਣਾ ਬਣਦਾ ਯੋਗਦਾਨ ਉੱਚ ਪੱਧਰ `ਤੇ ਪਾਇਆ।

ਇਹ ਕਿਹਾ ਜਾ ਸਕਦਾ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਤੋਂ ਪੂਰਵ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਹਲਾਤ ਬਹੁਤ ਖਰਾਬ ਸਨ। ਜਦੋਂ ਕੋਈ ਦੇਸ਼ ਕਿਸੇ ਅਧੀਨ ਹੋਵੇ ਉਸ ਦੇ ਹਾਲਾਤ ਉਸ ਸ਼ਾਸਕ ਦੇ ਹਿਤਾਂ ਅਨੁਸਾਰ ਹੀ ਹੁੰਦੇ ਹਨ। ਦੇਸ਼ ਗੁਲਾਮ ਸੀ। ਇਸ ਨੂੰ ਅਜ਼ਾਦ ਕਰਨ ਹਿਤ ਸਿੱਖ ਜੁਝਾਰੂਆਂ ਸਮੇਤ ਸਾਰਾ ਦੇਸ਼ ਸਰਗਰਮ ਸੀ। ਇਸ ਦੇ ਨਾਲ-ਨਾਲ ਸਿੱਖ ਆਪਣੀਆਂ ਧਾਰਮਿਕ ਕਦਰਾਂ ਕੀਮਤਾਂ ਦੀ ਰਾਖੀ ਲਈ ਵੀ ਜਾਗਰੂਕ ਹੋ ਚੁੱਕੇ ਸਨ ਜਿਸ ਸੰਦਰਭ ਵਿਚ ਕਈ ਯਤਨ ਅਰੰਭੇ ਜਾ ਚੁੱਕੇ ਸਨ। ਸਮਾਜ ਵਿਚ ਜਾਗਰੂਕ ਸਿੱਖ ਪ੍ਰਚਾਰਕ ਵੱਧ ਚੜ ਕੇ ਹਿੱਸਾ ਪਾ ਰਹੇ ਸਨ। ਉਨ੍ਹਾਂ ਜਾਗਰੂਕ ਸਿੱਖ ਪ੍ਰਚਾਰਕਾਂ ਵਿਚ ਰਾਗੀ ਭਾਈ ਜੁਵਾਲਾ ਸਿੰਘ ਇੱਕ ਸਨ ਜਿਨ੍ਹਾਂ ਦੇ ਪੂਰਵਜ ਤੀਜੇ ਗੁਰੂ ਸਾਹਿਬ ਤੋਂ ਗੁਰੂ ਨਾਲ ਜੁੜੇ ਸਨ।

## 2.2 ਰਾਗੀ ਭਾਈ ਜੁਵਾਲਾ ਸਿੰਘ: ਪਰਿਵਾਰਕ ਪਿਛੋਕੜ

ਗੁਰਮਤਿ ਸੰਗੀਤ ਪਰੰਪਰਾ ਦੇ ਰਾਗੀ ਭਾਈ ਜੁਵਾਲਾ ਸਿੰਘ ਦੇ ਪਰਿਵਾਰਕ ਮੈਂਬਰਾਂ ਅਤੇ ਲਿਖਤ ਜਾਣਕਾਰੀ[3] ਅਨੁਸਾਰ ਆਪ ਦੇ ਪੂਰਵਜ਼ ਗੁਰੂ ਅਮਰ ਦਾਸ ਦੇ ਸਮੇਂ ਤੋਂ ਗੁਰੂ ਘਰ ਨਾਲ ਜੁੜੇ ਹੋਏ ਸਨ। ਇਸ ਦਾ ਹਵਾਲਾ ਆਪ ਦੇ ਵੰਸ਼ਜ਼ (ਆਪ ਦੇ ਪੜਪੋਤਰੇ ਭਾਈ ਕੁਲਤਾਰ ਸਿੰਘ) ਫਤਿਹਾਬਾਦ ਦੇ ਰਹਿਣ ਵਾਲੇ ਭਾਈ ਸਾਧਾਰਣ ਜੀ ਦੇ ਹਵਾਲੇ ਨਾਲ ਦਿੰਦੇ ਹਨ। ਭਾਈ ਸਾਧਾਰਣ ਗੁਰੂ ਅਮਰਦਾਸ ਜੀ ਦੁਆਰਾ ਸਥਾਪਤ 22 ਮੰਜੀਆਂ ਦੇ ਮੁੱਖ ਪ੍ਰਚਾਰਕਾਂ ਵਿਚੋਂ ਤੀਜੀ ਮੰਜੀ ਦੇ ਮੁਖੀ ਸਨ।[4] ਇਹ ਲੁਹਾਰਾ ਤੇ ਤਰਖਾਣਾਂ

ਕੰਮ ਕਰਦੇ ਸਨ। ਇਨ੍ਹਾਂ ਦਾ ਗੋਤ ਸੈਂਭੀ ਸੀ। ਗੁਰੂ ਅਮਰਦਾਸ ਜੀ ਵਲੋਂ ਬਣਵਾਈ ਗਈ ਬਉਲੀ ਸਾਹਿਬ ਵਿਖੇ ਭਾਈ ਸਾਧਾਰਣ ਨੇ ਕਾਠ ਦੀ ਗੁਪਤ ਰਹਿਣ ਵਾਲੀ ਪਉੜੀ ਬਣਾਈ ਗਈ ਸੀ ਜਿਸ ਤੋਂ ਖੁਸ਼ ਹੋ ਕੇ ਇਨ੍ਹਾਂ ਨੂੰ ਇੱਕ ਮੰਜੀ ਦਾ ਮੁਖੀ ਥਾਪਿਆ ਸੀ।[5] ਕਿਉਂਕਿ ਭਾਈ ਸਾਧਾਰਣ ਜੀ ਤਰਖਾਣ ਸਨ ਤੇ ਉਨ੍ਹਾਂ ਦਾ ਗੋਤ ਸੈਂਭੀ ਸੀ। ਭਾਈ ਜੁਵਾਲਾ ਸਿੰਘ ਵੀ ਲੁਹਾਰ ਤਰਖਾਣ ਸਨ ਅਤੇ ਇਨ੍ਹਾਂ ਦਾ ਗੋਤ ਵੀ ਸੈਂਭੀ ਸੀ। ਇਸ ਕਰਕੇ ਰਾਗੀ ਭਾਈ ਜੁਵਾਲਾ ਸਿੰਘ ਦੇ ਪੂਰਵਜ਼ਾਂ ਦਾ ਭਾਈ ਸਾਧਾਰਣ ਨਾਲ ਨਾਮ ਜੋੜਿਆ ਜਾਂਦਾ ਹੈ। ਭਾਈ ਬਲਦੀਪ ਸਿੰਘ ਜੋ ਕਿ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੇ 13ਵੀਂ ਪੀੜ੍ਹੀ ਦੇ ਵਾਰਸ ਹਨ ਦੇ ਹਵਾਲੇ ਨਾਲ ਭਾਈ ਸਾਧਾਰਣ ਗੁਰੂ ਅਮਰਦਾਸ ਦੇ ਦਰਬਾਰ ਵਿਚ ਕੀਰਤਨ ਹਿਤ ਪਖਾਵਜ[6] ਦੀ ਸੇਵਾ ਕਰਦੇ ਸਨ। ਇਕ ਹਵਾਲੇ ਅਨੁਸਾਰ ਜਦੋਂ ਭਾਈ ਸੱਤਾ ਬਲਵੰਡ ਨੇ ਗੁਰੂ ਘਰ ਵਿਖੇ ਕੀਰਤਨ ਕਰਨ ਤੋਂ ਅਸਮਰਥਾ ਜਤਾਈ ਤਾਂ ਉਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਸਧਾਰਣ ਸਿੱਖ ਨੂੰ ਕੀਰਤਨ ਕਰਨ ਦਾ ਹੁਕਮ ਕੀਤਾ। ਰਾਗੀ ਭਾਈ ਜੁਵਾਲਾ ਸਿੰਘ ਦੇ ਵੰਸ਼ਜਾਂ ਅਨੁਸਾਰ ਜਦੋਂ ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਨੂੰ ਕੀਰਤਨ ਕਰਨ ਲਈ ਤਾਕੀਦ ਕੀਤੀ ਤਾਂ ਉਦੋਂ ਉਨ੍ਹਾਂ ਦੇ ਪੂਰਵਜ਼ ਵੀ ਇਸ ਸੰਗਤ ਸਮੂਹ ਵਿਚ ਸ਼ਾਮਲ ਸਨ।[7]

ਰਾਗੀ ਭਾਈ ਜੁਵਾਲਾ ਸਿੰਘ ਦੇ ਪੂਰਵਜ਼ਾਂ ਦੇ ਸਬੰਧ ਵਿਚ ਇੱਕ ਇਹ ਧਾਰਨਾ ਵੀ ਮੰਨੀ ਜਾਂਦੀ ਹੈ ਕਿ ਆਪ ਦੇ ਪੁਰਖਿਆਂ ਨੇ ਗੁਰੂ ਗੋਬਿੰਦ ਸਿੰਘ ਸਮੇਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।[8] ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਦੇ ਵੰਸ਼ਜ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਅਨੁਸਾਰ ਜਦੋਂ ਦਸਮ ਗੁਰੂ ਨੇ 1699 ਈਸਵੀ ਵਿਚ ਪੰਜ ਪਿਆਰੇ ਥਾਪੇ ਉਦੋਂ ਦੂਸਰੇ ਦਿਨ ਵੀਹ ਹਜ਼ਾਰ ਪ੍ਰਾਣੀਆਂ ਨੇ ਵੀ ਅੰਮ੍ਰਿਤ ਛਕਿਆ ਸੀ। ਉਸ ਵਿਚ ਉਨ੍ਹਾਂ ਦੇ ਪੁਰਖੇ ਵੀ ਸ਼ਾਮਿਲ ਸਨ।[9]

ਭਾਈ ਗੁਰਚਰਨ ਸਿੰਘ ਅਨੁਸਾਰ ਫਤਿਹਾਬਾਦ ਵਿਚ ਭਾਈ ਜੁਵਾਲਾ ਸਿੰਘ ਦਾ ਜ਼ਿਕਰ ਹਰਿਦੁਆਰ ਦੇ ਪੰਡਤਾਂ[10] ਕੋਲ ਦਰਜ ਰਿਕਾਰਡ ਵਿਚ ਮੌਜੂਦ ਹੈ। ਉਨ੍ਹਾਂ ਅਨੁਸਾਰ ਭਾਈ ਜੁਵਾਲਾ ਸਿੰਘ ਦੇ ਪਿਤਾ ਭਾਈ ਦੇਵਾ ਸਿੰਘ ਸਨ। ਭਾਈ ਦੇਵਾ ਸਿੰਘ ਦੇ ਪਿਤਾ ਭਾਈ ਮੇਹਰ ਸਿੰਘ ਸਨ। ਭਾਈ ਮਿਹਰ ਸਿੰਘ ਦੇ ਪਿਤਾ ਭਾਈ ਭਾਗ ਸਿੰਘ ਸਨ। ਭਾਈ ਭਾਗ ਸਿੰਘ ਦੇ ਪਿਤਾ ਭਾਈ ਗੋਖਾ ਸਿੰਘ ਸਨ। ਭਾਈ ਗੋਖਾ ਸਿੰਘ ਦੇ ਪਿਤਾ ਭਾਈ ਰਾਏ ਸਿੰਘ ਸਨ। ਭਾਈ ਰਾਏ ਸਿੰਘ ਦੇ ਪਿਤਾ ਭਾਈ ਕਪੂਰ ਸਿੰਘ ਸਨ।[11] ਭਾਈ ਗੁਰਚਰਨ ਸਿੰਘ ਆਪਣੇ ਪਿਤਾ ਭਾਈ ਜੁਵਾਲਾ ਸਿੰਘ ਦੇ ਹਵਾਲੇ ਨਾਲ ਆਪਣੇ ਬਜ਼ੁਰਗਾਂ ਦੇ ਫਤਿਹਾਬਾਦ ਦੇ ਵਸਨੀਕ

ਹੋਣ ਬਾਰੇ ਲਿਖਦੇ ਹਨ,*"ਮੇਰੀ ਉਮਰ ਤਕਰੀਬਨ 10 ਕੁ ਸਾਲ ਦੀ ਸੀ ਤਾਂ ਮੈਂ ਆਪਣੇ ਨਾਨਕੇ ਪਿੰਡ ਫਤਾਹਪੁਰ ਪਿਤਾ ਜੀ ਨਾਲ ਗਿਆ ਸੀ। ਇਹ ਪਿੰਡ ਸ੍ਰੀ ਅੰਮ੍ਰਿਤਸਰ ਤੋਂ ਝਬਾਲ ਵਾਲੀ ਸੜਕ ਉੱਪਰ ਤਕਰੀਬਨ ਡੇਢ ਦੋ ਕਿਲੋ ਮੀਟਰ ਹੀ ਦੂਰ ਹੈ। ਮੈਂ ਬਾਪੂ ਜੀ ਨਾਲ ਸ੍ਰੀ ਦਰਬਾਰ ਸਾਹਿਬ ਦਰਸ਼ਨ ਲਈ ਗਿਆ ਤਾਂ ਪ੍ਰਕਰਮਾ ਵਿਚ ਇਕ ਬਜ਼ੁਰਗ ਮਿਲਿਆ। ਪਿਤਾ ਜੀ ਉਸ ਦੇ ਗੋਡੀ ਹੱਥ ਲਾ ਕੇ ਉਸ ਨੂੰ ਮਿਲੇ, ਉਸ ਨੇ ਪਿਤਾ ਜੀ ਨੂੰ ਗਲ ਵਿਚ ਲਿਆ ਫਿਰ ਮੇਰਾ ਪਤਾ ਲੱਗਣ ਤੋਂ ਮੈਨੂੰ ਵੀ ਬਹੁਤ ਪਿਆਰ ਤੇ ਅਸ਼ੀਰਵਾਦ ਦਿੱਤੀ ਸੀ। ਬਾਅਦ ਵਿਚ ਬਾਪੂ ਜੀ ਪਾਸੋਂ ਪੁੱਛਣ 'ਤੇ ਪਤਾ ਲੱਗਿਆ ਕਿ ਉਹ ਬਾਪੂ ਜੀ ਦਾ ਦੋ ਚਾਰ ਪੁਸ਼ਤਾਂ ਹੀ ਪਿੱਛੇ ਦੇ ਸਰੀਕਾ ਪਰਿਵਾਰ ਵਿਚੋਂ ਚਾਚਾ ਲਗਦਾ ਸੀ। ਉਸ ਦਾ ਨਾਮ ਕੇਸਰ ਸਿੰਘ ਸੀ ਤੇ ਉਹ ਸ੍ਰੀ ਦਰਬਾਰ ਸਾਹਿਬ ਕਮੇਟੀ ਵਿਚ ਆਰਕੀਟੈਕਟ ਦੀ ਡਿਊਟੀ 'ਤੇ ਰਿਹਾ ਸੀ। ਮੇਰੇ ਸਾਹਮਣੇ ਉਸ ਨੇ ਬਾਪੂ ਜੀ ਨੂੰ ਮੁਖ਼ਾਤਬ ਹੋ ਕੇ ਇਹ ਵਾਕ ਕਹੇ ਸਨ, "ਜੁਵਾਲਾ ਸਿੰਘ ਤੂੰ ਫਤਿਆਬਾਦ ਦੇ ਨੇੜੇ ਹੀ ਰਹਿੰਦਾ ਹੈ ਤੇ ਕੀਰਤਨ ਦੀ ਸੇਵਾ ਕਾਰਨ ਤੂੰ ਆਮ ਸਫ਼ਰ ਵੀ ਕਰਦਾ ਰਹਿਦਾ ਹੈ। ਤੂੰ ਫਤਿਆਬਾਦ ਵਿਚਲਾ ਆਪਣਾ ਜੱਦੀ ਘਰ ਜੋ ਇਸ ਵਕਤ ਇਕ ਉਜਾੜ ਖੋਲਾ ਹੀ ਬਣਿਆ ਹੋਇਆ ਹੈ ਉਸ ਦੀ ਸੰਭਾਲ ਕਰ।" ਫਿਰ ਜਦੋਂ ਮੈਂ ਵਾਪਸ ਪਿਤਾ ਜੀ ਨਾਲ ਆ ਰਿਹਾ ਸੀ ਤਾਂ ਤਰਨਤਾਰਨ ਆਏ। ਫਤਿਆਬਾਦ ਰਸਤੇ ਵਿਚ ਸੀ। ਤਾਂਗੇ ਤੋਂ ਉਤਰ ਕੇ ਮੈਨੂੰ ਬਾਪੂ ਜੀ ਨੇ ਉਹ ਜੱਦੀ ਘਰ ਵਾਲੀ ਥਾਂ ਦਿਖਾਈ ਸੀ। ਕੱਚੀਆਂ ਢੀਮਾਂ ਦੀ ਦੀਵਾਰ ਦੇ ਹੀ ਕੁਝ ਨਿਸ਼ਾਨ ਬਾਕੀ ਸਨ। ਉਸ ਵੇਲੇ ਫਤਿਆਬਾਦ ਤਕਰੀਬਨ ਉਜਾੜ ਹੀ ਹੋ ਚੁੱਕਾ ਸੀ। ਪਿੰਡ ਦੇ ਦਰਮਿਆਨ ਹੀ ਥੋੜ੍ਹੀ ਵਸੋਂ ਤੇ ਇਕ ਬਾਜ਼ਾਰ ਸੀ, ਜਾਂ ਸੜਕ ਵਾਲੇ ਪਾਸੇ ਅੱਡੇ ਵੱਲ ਥੋੜ੍ਹੀ ਆਬਾਦੀ ਸੀ। ਬਾਕੀ ਸਭ ਮਕਾਨ ਢਹਿ ਚੁੱਕੇ ਖੋਲੋ ਹੀ ਬਣ ਚੁੱਕੇ ਸਨ।"* [12]

ਫਤਿਹਾਬਾਦ ਰਹਿਦਿਆਂ ਭਾਈ ਜੁਵਾਲਾ ਸਿੰਘ ਦੇ ਬਜ਼ੁਰਗਾਂ ਨੇ ਗੁਰੂ ਬਖਸ਼ੀ ਕੀਰਤਨ ਦੀ ਦਾਤ ਨੂੰ ਜਿੱਥੇ ਸੰਭਾਲਿਆ ਉੱਥੇ ਇਸ ਦੇ ਅਭਿਆਸ ਹਿਤ ਅਣਥੱਕ ਮਿਹਨਤ ਵੀ ਕੀਤੀਆਂ। ਇਸ ਦਾਤ ਨੂੰ ਪ੍ਰਫੁੱਲਤ ਕਰਨ ਹਿਤ ਉਹ ਹਮੇਸ਼ਾਂ ਯਤਨਸ਼ੀਲ ਰਹੇ। ਪੁਰਾਣੇ ਸਮੇਂ ਵਿਚ ਫਤਿਹਾਬਾਦ ਮਾਲਵੇ ਅਤੇ ਦੁਆਬੇ ਦੀਆਂ ਸੰਗਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਵਿਖੇ ਦਰਸ਼ਨ ਕਰਨ ਹਿਤ ਜਾਂਦੀਆਂ ਸਨ, ਰਸਤੇ ਵਿਚ ਆਉਂਦਾ ਸੀ। ਇਨ੍ਹਾਂ ਸੰਗਤਾਂ ਵਿਚ ਜਿੱਥੇ ਗੁਰੂ ਪਿਆਰ ਵਿਚ ਭਿੱਜੇ ਸਤਸੰਗੀ ਹੁੰਦੇ ਉੱਥੇ ਗੁਰੂ ਘਰ ਦੇ ਕੀਰਤਨੀਏ ਸਿੰਘ ਵੀ ਹੁੰਦੇ ਸਨ। ਫਤਿਹਾਬਾਦ ਰਸਤੇ ਵਿਚ ਹੋਣ ਕਰਕੇ ਇੱਥੇ ਦੀਆਂ ਸੰਗਤਾਂ


(ਫਤਿਹਾਬਾਦ ਦੀਆਂ) ਗੁਰੂ ਦੀਆਂ ਸੰਗਤਾਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਕਰਦੀਆਂ ਰਹਿੰਦੀਆਂ ਸਨ। ਭਾਈ ਜੁਵਾਲਾ ਸਿੰਘ ਦੇ ਪੂਰਵਜ਼ ਜਿੱਥੇ ਇਨ੍ਹਾਂ ਸੰਗਤਾਂ ਦੀ ਆਪਣੀ ਸਮਰੱਥਾ ਅਨੁਸਾਰ ਲੰਗਰ ਪਾਣੀ ਦੀ ਸੇਵਾ ਕਰਦੇ ਉੱਥੇ ਉਨ੍ਹਾਂ ਵਿਚੋਂ ਜੋ ਗੁਰੂ ਘਰ ਦੇ ਕੀਰਤਨੀਏ ਹੁੰਦੇ ਉਨ੍ਹਾਂ ਨੂੰ ਆਪਣੇ ਕੋਲ ਠਹਿਰਾ ਕੇ ਕੀਰਤਨ ਦੀਆਂ ਰੀਤਾਂ ਸੁਣਦੇ ਤੇ ਉਨ੍ਹਾਂ ਨੂੰ ਆਪਣੀ ਸਿਮ੍ਰਤੀ ਵਿਚ ਵਸਾਉਣ ਦਾ ਯਤਨ ਕਰਦੇ। ਇਸੇ ਤਰ੍ਹਾਂ ਭਾਈ ਸਾਹਿਬ ਦੇ ਪੂਰਵਜ਼ਾਂ ਨੇ ਆਪਣੇ ਕੀਰਤਨ ਭੰਡਾਰ ਨੂੰ ਪ੍ਰਫੁੱਲਿਤ ਕੀਤਾ ਅਤੇ ਆਪਣੀਆਂ ਅਗਲੇਰੀਆਂ ਪੀੜ੍ਹੀਆਂ ਨੂੰ ਅਗਾਂਹ ਤੋਰਿਆ।[13]

ਫਤਿਹਾਬਾਦ ਤੋਂ ਬਾਅਦ 1839 (ਮਹਾਰਾਜਾ ਰਣਜੀਤ ਸਿੰਘ ਕਾਲ) ਵਿਚ ਭਾਈ ਜੁਵਾਲਾ ਸਿੰਘ ਦੇ ਪੂਰਵਜ਼ ਪਹਿਲਾਂ ਬਿੱਧੀਪੁਰ ਆਬਾਦ ਹੋਏ। ਉਪਰੰਤ ਟਿੱਬਾ ਅਤੇ ਸੈਦਪੁਰ ਜੋ ਠੱਠਾ ਪਿੰਡ ਦੇ ਨਜ਼ਦੀਕ ਹਨ, ਆ ਕੇ ਵਸੇ।[14] ਰਾਗੀ ਭਾਈ ਜੁਵਾਲਾ ਸਿੰਘ ਤੇ ਉਨ੍ਹਾਂ ਦੇ ਵੰਸ਼ਜਾ ਨੂੰ ਸੈਦਪੁਰ ਠੱਠਾ ਟਿੱਬਾ (ਇਹ ਤਿੰਨੇ ਪਿੰਡ ਵੱਖੋ ਵੱਖਰੇ ਹਨ) ਦੇ ਵਾਸੀ ਕਰਕੇ ਹੀ ਜਾਣਿਆ ਜਾਂਦਾ ਹੈ। ਉਨ੍ਹਾਂ ਵਿਚ ਭਾਈ ਜੁਵਾਲਾ ਸਿੰਘ ਦੇ ਦਾਦਾ ਮਿਹਰ ਸਿੰਘ ਦਾ ਨਾਂ ਸ਼ਾਮਲ ਹੈ।

ਰਾਗੀ ਭਾਈ ਜੁਵਾਲਾ ਸਿੰਘ ਦੀ ਚੌਥੀ ਪੀੜ੍ਹੀ ਤਕ ਇਨ੍ਹਾਂ ਦੇ ਘਰਾਣੇ ਵਿਚ ਸਧਾਰਣ ਸੌਖੀਆਂ ਰੀਤਾਂ ਅਤੇ ਧਾਰਨਾਂ ਦੇ ਕੀਰਤਨ ਦੀ ਰੀਤ ਸ਼ੁਰੂ ਹੋ ਚੁੱਕੀ ਸੀ। ਚੌਥੀ ਪੀੜ੍ਹੀ ਦੇ ਭਾਈ ਕਪੂਰ ਸਿੰਘ ਤਾਊਸ ਤੇ ਸਾਰੰਦੇ ਨਾਲ ਕੀਰਤਨ ਕਰਨ ਲੱਗ ਪਏ ਸਨ।[15] ਭਾਈ ਕਪੂਰ ਸਿੰਘ ਤੋਂ ਬਆਦ ਪੰਜਵੀਂ ਪੀੜ੍ਹੀ ਦੇ ਭਾਈ ਰਾਏ ਸਿੰਘ ਆਪਣੀ ਕਿਰਤ ਦੇ ਨਾਲ ਕੀਰਤਨ ਵੀ ਕਰਦੇ ਰਹੇ। ਆਪ ਪਿੰਡ ਫਤਿਹਾਬਾਦ ਤੋਂ ਬਿੱਧੀਪੁਰ ਆ ਕੇ ਵਸੇ ਸਨ। ਭਾਈ ਗੋਖਾ ਸਿੰਘ  ਸਪੁੱਤਰ ਭਾਈ ਰਾਏ ਸਿੰਘ ਛੇਵੀਂ ਪੀੜ੍ਹੀ ਦੇ ਕਿਰਤੀ ਤੇ ਕੀਰਤਨੀਏ ਹੋਏ ਸਨ। ਭਾਈ ਰਾਏ ਸਿੰਘ ਤੋਂ ਬਆਦ ਭਾਈ ਗੋਖਾ ਸਿੰਘ ਅਤੇ ਇਨ੍ਹਾਂ ਦੇ ਸਪੁੱਤਰ ਭਾਈ ਭਾਗ ਸਿੰਘ ਤੇ ਭਾਈ ਝੰਡਾ ਸਿੰਘ ਬਿੱਧੀਪੁਰ ਰਹੇ ਤੇ ਆਪਣੀ ਕਿਰਤ ਕਰਦੇ ਰਹੇ। ਇਨ੍ਹਾਂ ਦੋਵੇਂ ਸਪੁੱਤਰਾਂ ਵਿਚੋਂ ਭਾਈ ਭਾਗ ਸਿੰਘ ਸੱਤਵੀਂ ਪੀੜ੍ਹੀ ਦੇ ਮੰਨੇ ਗਏ ਹਨ ਜਿਨ੍ਹਾਂ ਦੇ ਪੰਜ ਸਪੁੱਤਰ ਭਾਈ ਮੋਹਰ ਸਿੰਘ, ਭਾਈ ਰਾਮ ਸਿੰਘ, ਭਾਈ ਗੁਲਾਬ ਸਿੰਘ, ਭਾਈ ਵਜੀਰ ਸਿੰਘ ਅਤੇ ਭਾਈ ਦਇਆ ਸਿੰਘ ਹੋਏ। ਭਾਈ ਗੋਖਾ ਸਿੰਘ ਦੇ ਦੂਸਰੇ ਪੁੱਤਰ ਭਾਈ ਝੰਡਾ ਸਿੰਘ ਦਾ ਇੱਕ ਪੁੱਤਰ ਹੋਣ ਦਾ ਹਵਾਲਾ ਮਿਲਦਾ ਹੈ ਜਿਨ੍ਹਾਂ ਦਾ ਨਾਮ ਸ. ਸੁੰਦਰ ਸਿੰਘ ਸੀ ਇਨ੍ਹਾਂ

ਦਾ ਅੱਗੇ ਇੱਕ ਪੁੱਤਰ ਸ. ਬੁੱਧ ਸਿੰਘ ਸੀ। ਰਾਗੀ ਜੁਵਾਲਾ ਸਿੰਘ ਦੇ ਸਪੁੱਤਰ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੂੰ ਇਨ੍ਹਾਂ ਦੇ ਕੀਰਤਨ ਕਰਨ ਦੇ ਹਵਾਲੇ ਪ੍ਰਾਪਤ ਨਹੀ ਹੋਏ।

ਅੱਠਵੀਂ ਪੀੜ੍ਹੀ ਵਿਚ ਭਾਈ ਮੋਹਰ ਸਿੰਘ ਜਿਨ੍ਹਾਂ ਨੂੰ ਭਾਈ ਟਹਿਲ ਸਿੰਘ (ਅੰਮ੍ਰਿਤ ਛੱਕਣ ਤੋਂ ਬਆਦ ਮੋਹਰ ਸਿੰਘ ਤੋਂ ਟਹਿਲ ਸਿੰਘ ਰੱਖਿਆ ਗਿਆ) ਵੀ ਕਿਹਾ ਜਾਂਦਾ ਹੈ, ਹੋਏ ਹਨ। ਨੌਵੀਂ ਪੀੜ੍ਹੀ ਦੇ ਭਾਈ ਦੇਵਾ ਸਿੰਘ ਜੋ ਕਿ ਭਾਈ ਮੋਹਰ ਸਿੰਘ ਦੇ ਸਪੁੱਤਰ ਸਨ, ਪਿੰਡ ਬਿਧੀਪੁਰ ਤੋਂ ਸੈਦਪੁਰ ਆਏ। ਦਸਵੀਂ ਪੀੜ੍ਹੀ ਦੇ ਭਾਈ ਨਰਾਇਣ ਸਿੰਘ; ਭਾਈ ਸਾਵਨ ਸਿੰਘ; ਭਾਈ ਜੁਵਾਲਾ ਸਿੰਘ, ਭਾਈ ਸੁੰਦਰ ਸਿੰਘ ਜੀ ਸਨ ਜੋ ਕਿ ਭਾਈ ਦੇਵਾ ਸਿੰਘ ਜੀ ਦੇ ਸਪੁੱਤਰ ਹੋਏ। ਰਾਗੀ ਭਾਈ ਜੁਵਾਲਾ ਸਿੰਘ ਦੀ ਬੰਸਾਵਲੀ ਨੂੰ ਹੇਠ ਲਿਖੀ ਰੇਖਾਂਤ੍ਰਿਤ ਚਿੱਤਰ ਰਾਹੀਂ ਸਮਝ ਸਕਦੇ ਹਾਂ।





ਗਿਆਰਵੀਂ ਪੀੜ੍ਹੀ ਵਿਚ ਭਾਈ ਜੁਵਾਲਾ ਸਿੰਘ ਦੇ ਸਪੁੱਤਰ ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ ਤੇ ਭਾਈ ਗੁਰਦਿਆਲ ਸਿੰਘ; ਭਾਈ ਨਾਰਾਇਣ ਸਿੰਘ ਦੇ ਸਪੁੱਤਰ ਭਾਈ ਹਰਨਾਮ ਸਿੰਘ, ਭਾਈ ਭਗਤ ਸਿੰਘ ਤੇ ਭਾਈ ਲਾਭ ਸਿੰਘ ਅਤੇ ਭਾਈ ਸਾਵਨ ਸਿੰਘ ਦੇ ਸਪੁੱਤਰ ਭਾਈ ਸੰਤਾ

ਸਿੰਘ ਤੇ ਭਾਈ ਸ਼ੇਰ ਸਿੰਘ ਦੇ ਨਾਮ ਸ਼ਾਮਿਲ ਹਨ। ਬਾਰਵੀ ਪੀੜ੍ਹੀ ਵਿਚ ਭਾਈ ਕੁਲਤਾਰ ਸਿੰਘ ਜੋ ਰਾਗੀ ਭਾਈ ਅਵਤਾਰ ਸਿੰਘ ਦੇ ਸਪੁੱਤਰ ਹਨ ਅਤੇ ਅਮਰਜੀਤ ਸਿੰਘ ਤੇ ਸ. ਹਰਦਿਆਲ ਸਿੰਘ (ਆਈ.ਏ.ਐਸ.) ਸਪੁੱਤਰ ਭਾਈ ਭਗਤ ਸਿੰਘ ਦੇ ਨਾਮ ਸ਼ਾਮਿਲ ਹਨ। ਤੇਰਵੀਂ ਪੀੜ੍ਹੀ ਵਜੋਂ ਸ. ਅਮਰਜੀਤ ਸਿੰਘ ਦੇ ਸਪੁੱਤਰ ਭਾਈ ਬਲਦੀਪ ਸਿੰਘ ਸੰਗੀਤ ਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਹਨ।

ਭਾਈ ਜੁਵਾਲਾ ਸਿੰਘ ਦੇ ਸਪੁੱਤਰ ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਦਿਆਲ ਸਿੰਘ ਹਨ। ਭਾਈ ਗੁਰਚਰਨ ਸਿੰਘ ਦੇ ਤਿੰਨ ਲੜਕੇ ਸ. ਸੁਰਿੰਦਰ ਸਿੰਘ ਦਿੱਲੀ. ਡਾ. ਇੰਦਰਜੀਤ ਸਿੰਘ (ਕੈਨੇਡਾ), ਭਾ. ਬਿਕਰਮਜੀਤ ਸਿੰਘ (ਦਿੱਲੀ), ਦੋ ਸਪੁੱਤਰੀਆਂ ਸਵ. ਬੀਬੀ ਡਾ. ਕਰਮਜੀਤ ਕੌਰ (ਅਮਰੀਕਾ), ਬੀਬੀ ਜਤਿੰਦਰ ਕੌਰ (ਦਿੱਲੀ) ਹਨ। ਭਾ. ਬਿਕਰਮਜੀਤ ਸਿੰਘ ਆਪਣੀ ਨੌਕਰੀ ਦੇ ਨਾਲ-ਨਾਲ ਸਹਾਇਕ ਰੱਖ ਕੇ ਨਿਸ਼ਕਾਮ ਕੀਰਤਨੀ ਜਥੇ ਦੇ ਰੂਪ ਵਿਚਰਦੇ ਰਹੇ ਹਨ। ਭਾ. ਸੁਰਿੰਦਰ ਸਿੰਘ ਨੂੰ ਜੋੜੀ ਸਾਜ਼ ਵਜਾਉਣ ਦਾ ਸੌਂਕ ਹੈ। ਇਨ੍ਹਾਂ ਦੇ ਬੇਟੇ ਡਾ. ਰਵਿੰਦਰ ਸਿੰਘ ਤੇ ਮਨਿੰਦਰ ਸਿੰਘ (ਇੰਜੀਨਿਅਰ) ਆਪਣੀ ਕਿਰਤ ਦੇ ਨਾਲ ਨਾਲ ਸੌਕੀਆਂ ਕੀਰਤਨ ਵੀ ਕਰਦੇ ਹਨ। ਸ. ਇੰਦਰਜੀਤ ਸਿੰਘ ਦੀਆਂ ਦੋ ਬੇਟੀਆਂ ਬੀਬਾ ਏਕਸ਼ਰਨ ਕੌਰ ਤੇ ਬੀਬਾ ਭਾਵਨਾ ਕੌਰ ਸੌਕੀਆਂ ਵਿਕਟ ਤਾਲਾਂ ਵਿਚ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਰੀਤਾਂ ਦਾ ਕੀਰਤਨ ਬਾਖੂਬੀ ਕਰਦੀਆਂ ਹਨ।[16]

ਰਾਗੀ ਭਾਈ ਅਵਤਾਰ ਸਿੰਘ ਦੀ ਇੱਕ ਸਪੁੱਤਰੀ ਬੀਬੀ ਜਸਵਿੰਦਰ ਕੌਰ(ਆਸਟ੍ਰੇਲੀਆ) ਤਿੰਨ ਸਪੁੱਤਰ ਸ. ਰਣਜੀਤ ਸਿੰਘ( ਬੈਂਕ ਮੈਨੇਜ਼ਰ ਰਿਟਾਇਰ), ਸ. ਮਨਮੋਹਨ ਸਿੰਘ ਸੈਂਭੀ (ਕਾਰੋਬਾਰੀ), ਸਭ ਤੋਂ ਛੋਟਾ ਭਾਈ ਕੁਲਤਾਰ ਸਿੰਘ (ਬਿਦਰ ਯੂਨੀਵਰਸਿਟੀ ਤੋਂ ਇੰਜੀਨਿਅਰਿੰਗ ਵਿਚ ਟੋਪ ਕੀਤਾ) ਹਨ। ਆਪ ਆਪਣੀ ਇੰਜੀਨਿਅਰਿੰਗ ਦਾ ਖੇਤਰ ਛੱਡ ਕੇ ਆਪਣੇ ਦਾਦਾ ਰਾਗੀ ਭਾਈ ਜੁਵਾਲਾ ਸਿੰਘ ਦੀ ਬਾਰਵੀਂ ਪੀੜ੍ਹੀ ਦੇ ਵਾਰਸ ਦੇ ਰੂਪ ਵਿਚ ਸ਼ਬਦ ਕੀਰਤਨ ਕਰ ਰਹੇ ਹਨ। ਜਿਸ ਦਾ ਵਿਸਥਾਰ ਖੋਜ ਪ੍ਰਬੰਧ ਦੇ ਅਗਲੇਰੇ ਅਧਿਆਇ ਵਿਚ ਕੀਤਾ ਜਾਵੇਗਾ। ਆਪ ਦੇ ਦੋ ਬੱਚੇ ਹਨ ਜੋ ਯੂ ਕੇ ਵਿਚ ਪੜ੍ਹਾਈ ਕਰ ਰਹੇ ਹਨ।[17] ਰਾਗੀ ਭਾਈ ਜੁਵਾਲਾ ਸਿੰਘ ਦੇ ਸਭ ਤੋਂ ਛੋਟੇ ਬੇਟੇ ਮਾਸਟਰ

ਗੁਰਦਿਆਲ ਸਿੰਘ ਸਨ। ਉਨ੍ਹਾਂ ਦੇ ਦੋ ਬੇਟੇ ਸ. ਕਰਮਜੀਤ ਸਿੰਘ (ਬੈਂਕ ਮੈਨੇਜਰ), ਸ. ਜਸਬੀਰ ਸਿੰਘ (ਜਿੰਮੀਦਾਰਾ) ਹਨ। ਇਨ੍ਹਾਂ ਦਾ ਕੀਰਤਨ ਨਾਲ ਲਗਾਵ ਪਿਤਾ ਪੁਰਖੀ ਹੈ ਪਰ ਆਪ ਕੀਰਤਨ ਦੀ ਦਾਤ ਪ੍ਰਾਪਤ ਨਹੀਂ ਕਰ ਸਕੇ। ਰਾਗੀ ਭਾਈ ਜੁਵਾਲਾ ਸਿੰਘ ਦੇ ਵੰਸ਼ਜ਼ਾਂ ਸਬੰਧੀ ਹੇਠ ਦਿੱਤੇ ਰੇਖਾਂਤ੍ਰਿਤ ਚਿੱਤਰ ਰਾਹੀਂ ਹੋਰ ਸਪਸ਼ਟ ਸਮਝਿਆ ਜਾ ਸਕਦਾ ਹੈ।




ਵੱਖ-ਵੱਖ ਸਰੋਤਾਂ ਤੇ ਹਵਾਲਿਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮਾਨਤਾ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਦੇ ਪੂਰਵਜ ਗੁਰੂ ਅਮਰਦਾਸ ਦੇ ਕਾਲ ਤੋਂ ਗੁਰੂ ਘਰ ਨਾਲ ਜੁੜੇ ਹੋਏ ਸਨ ਉਪਰੰਤ ਆਪ ਦੇ ਪੂਰਵਜ਼ਾਂ ਨੂੰ ਕੀਰਤਨ ਦੀ ਦਾਤ ਗੁਰੂ ਅਰਜਨ ਦੇਵ ਤੋਂ ਅਤੇ ਅੰਮ੍ਰਿਤ ਦੀ ਬਖਸ਼ਿਸ਼ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਸਾਜਨਾ ਸਮੇਂ ਪ੍ਰਾਪਤ ਹੋਈ। ਕੁੱਲ ਮਿਲਾ ਕੇ ਆਪ ਦੇ ਪਰਿਵਾਰ ਨੇ ਪੀੜ੍ਹੀ-ਦਰ-ਪੀੜ੍ਹੀ ਗੁਰੂ ਦੀ ਬਖਸ਼ਿਸ਼ ਸਿੱਖੀ ਤੇ ਕੀਰਤਨ ਦੀ ਦਾਤ ਨੂੰ ਸੰਭਾਲੀ ਰੱਖਿਆ ਹੈ। ਭਾਈ ਜੁਵਾਲਾ ਸਿੰਘ ਦੇ ਸਮੇਂ ਇਸ ਘਰਾਣੇ ਦੀ ਕੀਰਤਨ ਕਲਾ ਦਾ ਪਾਸਾਰਾ ਦੇਸ਼ ਵਿਆਪੀ ਹੋਇਆ। ਆਪ ਨੇ ਕੀਰਤਨ ਪ੍ਰਚਾਰ ਦੇ ਖੇਤਰ ਵਿਚ ਖ਼ੂਬ ਨਾਮਣਾ ਖੱਟਿਆ ਹੈ। ਇਸ ਸੰਦਰਭ ਹਿਤ ਆਪ ਦੇ ਜੀਵਨ ਦੀ ਸਿਲਸਿਲੇਵਾਰ ਚਰਚਾ ਜ਼ਰੂਰੀ ਹੈ।

## 2.3. ਰਾਗੀ ਭਾਈ ਜੁਵਾਲਾ ਸਿੰਘ: ਜਨਮ ਤੇ ਸਿੱਖਿਆ

ਕੀਰਤਨੀਏ ਰਾਗੀ ਭਾਈ ਜੁਆਲਾ ਸਿੰਘ ਦਾ ਜਨਮ 1879 ਈ: ਵਿਚ ਮਾਤਾ ਨੰਦ ਕੌਰ ਦੀ ਕੁਖੋਂ ਭਾਈ ਦੇਵਾ ਸਿੰਘ ਦੇ ਗ੍ਰਹਿ ਪਿੰਡ ਸੈਦਪੁਰ ਠੱਠਾ ਟਿੱਬਾ ਜਿਲ੍ਹਾ ਕਪੂਰਥਲੇ ਵਿਖੇ ਹੋਇਆ।[18] ਆਪ ਚਾਰ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਆਪ ਦੇ ਪਿਤਾ ਜੀ ਭਾਈ ਦੇਵਾ ਸਿੰਘ ਨੇ ਆਪ ਨੂੰ ਪੰਜ ਸਾਲਾਂ ਦੀ ਉਮਰੇ ਪਿੰਡ ਦੇ ਗੁਰਦੁਆਰੇ ਵਿਚ ਭਾਈ ਪਾਲਾ ਜੀ ਕੋਲ ਗੁਰਮੁਖੀ ਦੀ ਸਿੱਖਿਆ ਹਿਤ ਪਾਇਆ ਸੀ। ਉਸ ਸਮੇਂ ਸਕੂਲੀ ਪੜ੍ਹਾਈ ਦੀ ਅਣਹੋਂਦ ਹੁੰਦੀ ਸੀ। ਆਪ ਨੂੰ ਭਾਈ ਪਾਲਾ ਜੀ ਨੇ ਪੰਜ ਗ੍ਰੰਥੀ ਫਿਰ ਬਾਈ ਵਾਰਾਂ ਦੀ ਪੋਥੀ, ਭਗਤ ਬਾਣੀ ਦੀਆਂ ਪੋਥੀਆਂ ਸੰਥਿਆ ਨਾਲ ਪੜਾਈਆਂ। ਉਪਰੰਤ ਸਮੇਂ ਅਨੁਸਾਰ ਹਨੂਮਾਨ ਨਾਟਕ ਵੀ ਪੜ੍ਹਿਆ। ਇਸ ਉਪਰੰਤ ਆਪ ਭਾਈ ਪਾਲਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਪ੍ਰਾਰੰਭ ਕਰਵਾਈ। ਨੌ-ਦਸ ਸਾਲ ਦੀ ਉਮਰ ਤਕ ਆਪ ਨੇ ਆਪਣੀ ਇਸ ਪੜ੍ਹਾਈ ਦੀ ਪ੍ਰਕ੍ਰਿਆ ਪੂਰੀ ਕਰ ਲਈ ਸੀ।[19] ਇਸ ਦੇ ਨਾਲ-ਨਾਲ ਆਪ ਨੇ ਸੰਗੀਤ ਸਿੱਖਿਆ ਵੀ ਅਰੰਭ ਕੀਤੀ।

**2.3.1 ਸ਼ਬਦ ਕੀਰਤਨ ਦੀ ਸਿੱਖਿਆ**: ਰਾਗੀ ਭਾਈ ਜੁਆਲਾ ਸਿੰਘ ਨੇ ਸੰਗੀਤ ਦੀ ਮੁੱਢਲੀ ਸਿੱਖਿਆ ਆਪਣੇ ਪਿਤਾ ਭਾਈ ਦੇਵਾ ਸਿੰਘ ਤੋਂ ਹੀ ਪ੍ਰਾਪਤ ਕੀਤੀ। ਭਾਈ ਦੇਵਾ ਸਿੰਘ ਕੋਲ ਆਪਣੇ ਪੂਰਵਜ਼ਾਂ ਦੀ ਪੀੜ੍ਹੀ-ਦਰ-ਪੀੜ੍ਹੀ ਸੰਗੀਤ ਸਿੱਖਿਆ ਮੌਜੂਦ ਸੀ। ਆਪ ਜਿੱਥੇ ਆਪਣੇ ਪਿਤਾ ਭਾਈ ਮੇਹਰ ਸਿੰਘ ਨਾਲ ਕੀਰਤਨ ਕਰਨ ਜਾਇਆ ਕਰਦੇ ਸਨ ਉੱਥੇ ਆਪ ਵੀ ਜਿੰਦਗੀ ਦੇ ਆਖਰ ਤਕ ਆਪਣੇ ਜਥੇ ਨਾਲ ਆਪਣੀ ਕਿਰਤ ਦੇ ਨਾਲ-ਨਾਲ ਕੀਰਤਨ ਕਰਦੇ ਰਹੇ।[20] ਆਪ ਨੂੰ ਕੀਰਤਨ ਦਾ ਇੰਨਾ ਸ਼ੌਂਕ ਸੀ ਕਿ ਆਪ ਨੇ ਆਪਣੀ ਕਿਰਤ ਦੇ ਨਾਲ-ਨਾਲ ਪੱਕੇ ਰਾਗਾਂ ਵਿਚ ਕੀਰਤਨ ਕਰਨ ਦੀ ਮੁਹਾਰਤ ਹਾਸਲ ਕਰ ਲਈ ਸੀ। ਆਪ ਕੋਲ (ਭਾਈ ਦੇਵਾ ਸਿੰਘ) ਹਰ ਸਮੇਂ ਦੋ ਚਾਰ ਰਾਗੀ ਸਿੰਘ ਟਿਕੇ ਰਹਿੰਦੇ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਵੱਡੇ ਸਪੁੱਤਰ ਭਾਈ ਨਰੈਣ ਸਿੰਘ, ਤਾਉਸ ਤੇ ਜੋੜੀ ਉੱਤੇ ਉਨ੍ਹਾਂ ਦੇ ਛੋਟੇ ਸਪੁੱਤਰ ਸਾਵਨ ਸਿੰਘ ਕੀਰਤਨ ਦੀ ਸੇਵਾ ਹਿਤ ਸਾਥ ਨਿਭਾਉਂਦੇ ਸਨ[21] ਪਰ ਆਪ ਦੀ ਕਿਰਤ ਦਸਤਕਾਰੀ ਤੇ ਜ਼ਿੰਮੀਦਾਰਾ ਹੀ ਸੀ।

ਭਾਈ ਦੇਵਾ ਸਿੰਘ ਨੇ ਆਪਣੇ ਹੋਰ ਸਪੁੱਤਰਾਂ ਦੀ ਤਰ੍ਹਾਂ ਆਪਣੇ ਬਾਲਕ ਭਾਈ ਜੁਵਾਲਾ ਸਿੰਘ ਨੂੰ ਸਰਬਪ੍ਰਥਮ ਖੁਦ ਕੀਰਤਨ ਦੀ ਸਿਖਲਾਈ ਦਿੱਤੀ। ਆਪ ਨੇ ਆਪਣੇ ਪੂਰਵਜ਼ਾਂ ਦੀ ਸੀਨਾ-ਬ-ਸੀਨਾ ਚਲੀ ਆ ਰਹੀ ਸਬਦ ਕੀਰਤਨ ਦੀ ਗਾਇਕੀ ਦੇ ਨਾਲ ਹੋਰ ਘਰਾਣਿਆਂ ਦੀ ਸੰਗੀਤ ਦਾਤ ਵੀ ਬਾਲਕ ਭਾਈ ਦੇਵਾ

ਸਿੰਘ ਨੂੰ ਪ੍ਰਦਾਨ ਕਰਵਾਈ। ਫਿਰ ਉਨ੍ਹਾਂ ਨੇ ਆਪ (ਭਾਈ ਜੁਵਾਲਾ ਸਿੰਘ) ਦੀ ਸੁਰੀਲੀ ਆਵਾਜ਼ ਤੇ ਤੀਖਣ ਬੁਧ-ਬਿਬੇਕ ਨੂੰ ਮਹਿਸੂਸ ਕੀਤਾ।

ਭਾਈ ਦੇਵਾ ਸਿੰਘ ਦੇ ਰਾਗੀ ਮਿੱਤਰਾਂ ਵਿਚ ਸਤਿਕਾਰਯੋਗ ਭਾਈ ਸ਼ਰਧਾ ਸਿੰਘ ਦਾ ਨਾਮ ਵਿਸ਼ੇਸ਼ ਹੈ। ਭਾਈ ਸ਼ਰਧਾ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਰਾਗੀ ਸਨ। ਆਪ ਨੇਤਰਹੀਣ ਸਨ। ਆਪ ਨੇ ਹੁਸ਼ਿਆਰਪੁਰ ਦੇ ਗਿੜਬੜੀ ਨਗਰ ਵਿਚ ਉਸ ਵਕਤ ਦੀ ਗੁਰਮਤਿ ਵਿੱਦਿਆ ਦੀ ਟਕਸਾਲ ਵਿਚੋਂ ਸੰਗੀਤ ਦੀ ਸਿੱਖਿਆ ਹਾਸਲ ਕੀਤੀ ਸੀ।[22] ਇਹ ਟਕਸਾਲ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਿਤ ਪੰਜਾਂ ਪਿਆਰਿਆਂ ਵਿਚੋਂ ਭਾਈ ਧਰਮ ਸਿੰਘ ਜੀ ਦੀ ਦੇਖ-ਰੇਖ ਵਿਚ ਚਲਦੀ ਸੀ। ਭਾਈ ਧਰਮ ਸਿੰਘ ਜੀ ਆਪ ਸਾਰੰਦੇ ਨਾਲ ਕੀਰਤਨ ਦੀ ਸਿੱਖਿਆ ਵਿਦਿਆਰਥੀਆਂ ਨੂੰ ਦਿੰਦੇ ਸਨ।[23] ਭਾਈ ਸ਼ਰਧਾ ਸਿੰਘ ਨੇ ਇਸ ਟਕਸਾਲ ਵਿਚੋਂ ਤਾਉਸ, ਸਿਤਾਰ, ਜੋੜੀ ਅਤੇ ਪੁਰਾਤਨ ਰੀਤਾਂ ਦੀ ਸਿੱਖਿਆ ਪ੍ਰਾਪਤ ਕੀਤੀ। ਇਕ ਹਵਾਲੇ ਨਾਲ ਭਾਈ ਸ਼ਰਧਾ ਸਿੰਘ ਜੀ ਕੋਲ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਚੱਲੀਆਂ ਆ ਰਹੀਆਂ ਪੁਰਾਤਨ ਬੰਦਿਸ਼ਾਂ ਦਾ ਖਜ਼ਾਨਾ ਮੌਜੂਦ ਸੀ ਜੋ ਉਨ੍ਹਾਂ ਨੇ ਸੀਨਾ-ਬ-ਸੀਨਾ ਚਲੀ ਆ ਰਹੀ ਵਿੱਦਿਆ ਰਾਹੀਂ ਸਿੱਖਿਆ।[24] ਭਾਈ ਸ਼ਰਧਾ ਸਿੰਘ ਨੇ ਉਸ ਸਮੇਂ ਦੇ ਮਹਾਨ ਸੰਗੀਤਕਾਰ ਮਹੰਤ ਗੱਜਾ ਸਿੰਘ ਤੋਂ ਵੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਸੀ।[25] ਇੱਥੋਂ ਸਿੱਖਿਆ ਪ੍ਰਾਪਤ ਕਰਕੇ ਭਾਈ ਸ਼ਰਧਾ ਸਿੰਘ ਜ਼ਿਲ੍ਹਾ ਫਿਰੋਜ਼ਪੁਰ ਨਗਰ ਸੇਖਵਾਂ ਵਿਖੇ ਪ੍ਰਸਿੱਧ ਡੇਰੇ[1] ਵਿਚ ਸੰਗੀਤ ਦੀ ਸਿੱਖਿਆ ਦੇਣ ਵਿਚ ਲੱਗ ਗਏ।[26] ਭਾਈ ਸ਼ਰਧਾ ਸਿੰਘ ਜਿੱਥੇ ਇਸ ਸਥਾਨ 'ਤੇ ਵਿਦਿਆਰਥੀਆਂ ਨੂੰ ਕੀਰਤਨ ਦੀ ਸਿੱਖਿਆ ਪ੍ਰਦਾਨ ਕਰਦੇ ਸਨ ਉੱਥੇ ਦੇਸ਼ ਵੱਖ-ਵੱਖ ਰਾਜਾਂ ਵਿਚ ਜਥਾ ਬਣਾ ਕੇ ਕੀਰਤਨ ਦੀ ਸੇਵਾ ਵੀ ਕਰਨ ਲੱਗ ਪਏ ਸਨ। ਆਪ ਤਾਊਸ ਨਾਲ ਸ਼ਬਦ ਕੀਰਤਨ ਕਰਦੇ ਸਨ। ਇਸੇ ਸਫ਼ਰ ਦੌਰਾਨ ਭਾਈ ਸ਼ਰਧਾ ਸਿੰਘ ਦਾ ਭਾਈ ਦੇਵਾ ਸਿੰਘ ਨਾਲ ਮਿਲਾਪ ਹੋਇਆ ਤੇ ਉਹ ਤੇ ਇਹ ਮਿਲਾਪ ਇਕ ਪੱਗ ਵੱਟ ਭਰਾ ਦੇ ਰੂਪ ਵਿਚ ਪ੍ਰਵਾਨ ਚੜ੍ਹਿਆ। ਇਸੇ ਪਿਆਰੇ ਰਿਸ਼ਤੇ ਕਰਕੇ ਆਪ ਹਮੇਸ਼ਾਂ ਜਦੋਂ ਵੀ ਅਮ੍ਰਿੰਤਸਰ ਵੱਲ ਜਾਂਦੇ ਤਾਂ ਭਾਈ ਦੇਵਾ ਸਿੰਘ ਜੀ ਕੋਲ ਜ਼ਰੂਰ ਠਹਿਰਦੇ। ਇਸੇ ਪਿਆਰ ਕਾਰਨ ਆਪ ਨੇ ਭਾਈ ਦੇਵਾ ਸਿੰਘ ਦੇ ਬੱਚਿਆਂ ਨੂੰ ਵੀ ਕੀਰਤਨ ਦੀ ਸਿਖਲਾਈ ਸ਼ੁਰੂ ਕੀਤੀ, ਜਿਨ੍ਹਾਂ ਵਿਚ

---

[1] ਇਸੇ ਡੇਰੇ ਵਿਚ ਗਿਆਨੀ ਬਤਨ ਸਿੰਘ ਜੀ ਨੇ ਫਰੀਦਕੋਟ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਟੀਕਾ ਬੜੀ ਮਿਹਨਤ ਨਾਲ ਸੰਪੂਰਨ ਕੀਤਾ ਸੀ।

ਭਾਈ ਜੁਵਾਲਾ ਸਿੰਘ ਇੱਕ ਸਨ। ਆਪ ਨੇ ਕੀਰਤਨ ਪ੍ਰਤੀ ਲਗਨ ਨੂੰ ਦੇਖ ਕੇ ਭਾਈ ਜੁਵਾਲਾ ਸਿੰਘ ਨੂੰ ਆਪਣਾ ਸ਼ਾਗਿਰਦ ਬਣਾ ਲਿਆ ਅਤੇ ਸੇਖਵਾਂ (ਫਰੀਦਕੋਟ) ਦੀ ਟਕਸਾਲ ਲੈ ਗਏ। ਆਪ ਕੋਲ ਸ਼ਬਦ ਕੀਰਤਨ ਦੀਆਂ ਪੁਰਾਤਨ ਰਾਗ ਰੀਤਾਂ ਦਾ ਭੰਡਾਰ ਸੀ। ਇਹਨਾਂ ਰੀਤਾਂ ਦੀ ਆਪ ਨੇ ਆਪਣੇ ਸ਼ਾਗਿਰਦ ਰਾਗੀ ਭਾਈ ਜੁਵਾਲਾ ਸਿੰਘ ਨੂੰ ਬਖਸ਼ਿਸ਼ ਕੀਤੀ। ਭਾਈ ਦੇਵਾ ਸਿੰਘ ਦੇ ਅੰਤਿਮ ਸਮੇਂ ਤਕ ਆਪ ਭਾਈ ਦੇਵਾ ਸਿੰਘ ਤੇ ਉਨ੍ਹਾਂ ਦੇ ਬੱਚਿਆਂ ਨੂੰ ਕੀਰਤਨ ਸਿੱਖਿਆ ਦਿੰਦੇ ਰਹੇ। ਉਪਰੰਤ ਜਦੋਂ ਭਾਈ ਦੇਵਾ ਸਿੰਘ ਅਕਾਲ ਚਲਾਣਾ ਕਰ ਗਏ ਤਾਂ ਇੱਕ ਉਸਤਾਦ ਦੇ ਨਾਲ-ਨਾਲ ਪਿਤਾ ਦੇ ਰੂਪ ਵਿਚ ਭਾਈ ਜੁਵਾਲਾ ਸਿੰਘ ਨੂੰ ਸੰਭਾਲਿਆ। ਆਪ ਨੇ ਬਾਲਕ ਜੁਵਾਲਾ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਦੇ ਪ੍ਰਸਿੱਧ ਰਾਗੀ ਭਾਈ ਵਸਾਵਾ ਸਿੰਘ ਜਿਨ੍ਹਾਂ ਨੂੰ ਰੰਗੀ ਰਾਮ ਵੀ ਕਿਹਾ ਜਾਂਦਾ ਸੀ, ਕੋਲ ਸੰਗੀਤ ਸਿੱਖਿਆ ਲਈ ਵਿਸ਼ੇਸ਼ ਯਤਨਾਂ ਦੁਆਰਾ ਲਗਾਇਆ।

ਭਾਈ ਵਸਾਵਾ ਸਿੰਘ ਉੱਚ ਕੋਟੀ ਦੇ ਸੰਗੀਤਕਾਰ ਤੇ ਪ੍ਰਸਿੱਧ ਰਾਗੀ ਸਨ। ਆਪ ਦੇ ਬਰਾਬਰ ਨਾ ਤਾਂ ਉਸ ਸਮੇਂ ਕੋਈ ਰਬਾਬੀ ਤੇ ਨਾ ਹੀ ਕੋਈ ਰਾਗੀ ਸੀ। ਰਾਗੀ ਭਾਈ ਵਸਾਵਾ ਸਿੰਘ ਨੇ ਬਾਬਾ ਸੁਰ ਸਾਗਰ[27] (ਆਪ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ੍ਰੀ ਅੰਮ੍ਰਿਤਸਰ ਚੌਕ ਪਰਾਗ ਦਾਸ ਉਦਾਸੀ ਸੰਪ੍ਰਦਾਇ ਦੇ ਵਿਦਵਾਨ ਗੰਧਰਬ ਸਨ) ਬਾਬਾ ਪੁਸ਼ਕਰ ਨਾਥ ਬੀਨਕਾਰ ਪਟਿਆਲਾ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਸੀ।[28] ਆਪ ਕੋਲ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੰਦਿਸ਼ਾਂ ਤੋਂ ਇਲਾਵਾ ਸ਼ਾਸਤਰੀ ਸੰਗੀਤ ਦੀਆਂ ਬੰਦਿਸ਼ਾਂ ਦਾ ਭਰਪੂਰ ਖ਼ਜਾਨਾ ਸੀ। ਆਪ ਕੋਲ ਸੈਂਕੜੇ ਵਿਦਿਆਰਥੀ ਸੰਗੀਤ ਸਿੱਖਣ ਹਿਤ ਪਹੁੰਚ ਕਰਦੇ ਸਨ। ਆਪ ਦੀ ਸੰਗੀਤ ਸਿਖਾਉਣ ਦੀ ਫੀਸ ਪ੍ਰਤੀ ਰੀਤ ਦੋ ਰੁਪਏ ਸੀ ਜਿਸ ਕਰਕੇ ਆਪ ਕੋਲ ਸੰਗੀਤ ਸਿੱਖਣਾ ਆਸਾਨ ਨਹੀਂ ਸੀ। ਜਦੋਂ ਭਾਈ ਸ਼ਰਧਾ ਸਿੰਘ ਆਪਣੇ ਸਪੁੱਤਰ ਸਮਾਨ ਸ਼ਾਗਿਰਦ ਭਾਈ ਜੁਵਾਲਾ ਸਿੰਘ ਨੂੰ ਬਾਬਾ ਜੀ ਪਾਸ ਲੈ ਕੇ ਆਏ ਤਾਂ ਉਨ੍ਹਾਂ ਆਪਣੀ ਫੀਸ ਦੱਸ ਦਿੱਤੀ। ਇਹ ਸੁਣ ਕੇ ਭਾਈ ਸ਼ਰਧਾ ਸਿੰਘ ਆਪਣੇ ਸ਼ਾਗਿਰਦ ਤੇ ਜਥੇ ਦੇ ਹੋਰ ਦੋ ਸਾਥੀਆਂ ਨੂੰ ਲੈ ਕੇ ਸਿੰਧ (ਅੱਜ ਕੱਲ ਪਾਕਿਸਤਾਨ) ਚਲੇ ਗਏ। ਦੋ ਮਹੀਨੇ ਉਨ੍ਹਾਂ ਨੇ ਕੀਰਤਨ ਨਾਲ ਉੱਥੇ ਸੰਗਤਾਂ ਨੂੰ ਨਿਹਾਲ ਕੀਤਾ। ਕੀਰਤਨ ਤੋਂ ਮਾਇਆ ਇੱਕਤਰ ਹੋਈ ਉਸ ਵਿਚੋਂ ਸਾਥੀਆਂ ਨੂੰ ਬਣਦਾ ਸਤਿਕਾਰ ਦੇ ਕੇ ਆਪ ਫਿਰ ਬਾਬਾ ਵਸਾਵਾ ਸਿੰਘ ਕੋਲ ਆ ਗਏ। ਉਨ੍ਹਾਂ ਮਾਇਆ ਦੇ ਕੇ ਕਿਹਾ ਕਿ "ਆਪ ਜੀ ਇਸ ਮਾਇਆ ਨਾਲ ਸ਼ਾਗਿਰਦ ਜੁਵਾਲਾ ਸਿੰਘ ਨੂੰ ਜਿੰਨੀਆਂ ਬੰਦਿਸ਼ਾਂ

ਸਿਖਾ ਸਕਦੇ ਹੋ ਉਹ ਸਿਖਾ ਦਿਓ ਉਦੋਂ ਤਕ ਮੈਂ ਹੋਰ ਮਾਇਆ ਦਾ ਬੰਦੋਬਸਤ ਕਰ ਲਵਾਂਗਾ।"[29] ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਦੀ ਆਪਣੇ ਪਿਤਾ ਸਮਾਨ ਉਸਤਾਦ ਭਾਈ ਸ਼ਰਧਾ ਸਿੰਘ ਦੇ ਉੱਦਮਾਂ ਸਦਕਾ ਉਸ ਸਮੇਂ ਦੇ ਪ੍ਰਸਿੱਧ ਵਿਦਵਾਨ ਰਾਗੀ ਭਾਈ ਵਸਾਵਾ ਸਿੰਘ ਕੋਲੋਂ ਕੀਰਤਨ ਸਿੱਖਣ ਦਾ ਸਬੱਬ ਬਣ ਸਕਿਆ। ਬਆਦ ਵਿਚ ਜਦੋਂ ਬਾਬਾ ਵਸਾਵਾ ਸਿੰਘ ਨੇ ਭਾਈ ਜੁਵਾਲਾ ਸਿੰਘ ਦੀ ਸੰਗੀਤ ਵਿਚ ਪ੍ਰਪੱਕਤਾ, ਰਿਆਜ਼ ਪ੍ਰਤੀ ਦ੍ਰਿੜਤਾ, ਮਿਹਨਤ, ਲਗਨ ਤੇ ਆਤਮ ਵਿਸ਼ਵਾਸ਼ ਦੇਖਿਆ ਤਾਂ ਆਪ ਨੇ ਭਾਈ ਜੁਵਾਲਾ ਸਿੰਘ ਨੂੰ ਦਿੱਲ ਖੋਲ ਕੇ ਸੰਗੀਤ ਸਿਖਾਇਆ। ਇਸ ਦੇ ਨਾਲ-ਨਾਲ ਆਪ ਨੇ ਅਗੋਂ ਰੀਤਾਂ ਦੀ ਮਾਇਆ ਲੈਣ ਤੋਂ ਇਨਕਾਰ ਕਰ ਦਿੱਤਾ। ਆਪ ਨੇ ਕਿਹਾ ਕਿ "ਇਹੋ ਜਿਹੇ ਲਾਇਕ ਸ਼ਾਗਿਰਦ ਦੀ ਮੈਨੂੰ ਭਾਲ ਸੀ ਜੋ ਮੇਰੀ ਗਾਇਕੀ ਨੂੰ ਮੇਰੀ ਤਰ੍ਹਾਂ ਗਾ ਸਕੇ।"[30] ਇਹ ਹਵਾਲਾ ਭਾਂਵੇ ਰਾਗੀ ਭਾਈ ਜੁਵਾਲਾ ਸਿੰਘ ਦੇ ਸਪੁੱਤਰਾਂ ਨੇ ਪਿਤਾ ਪ੍ਰੇਮ ਵਿਚ ਆਪਣੀ ਕਿਤਾਬ ਵਿਚ ਦਿੱਤਾ ਹੋਵੇ ਪ੍ਰੰਤੂ ਖੋਜਾਰਥੀ ਨੇ ਆਪਣੇ ਖੋਜ ਕਾਰਜ ਦੌਰਾਨ ਜੋ ਭਾਈ ਜੁਵਾਲਾ ਸਿੰਘ ਬਾਰੇ ਪੜ੍ਹਿਆ, ਸੁਣਿਆ ਤੇ ਗ੍ਰਹਿਣ ਕੀਤਾ ਹੈ ਉਹ ਵੀ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ।

ਇਸ ਤਰ੍ਹਾਂ ਭਾਈ ਜੁਵਾਲਾ ਸਿੰਘ ਨੇ ਸਭ ਤੋਂ ਪਹਿਲਾਂ ਆਪਣੇ ਪਿਤਾ ਭਾਈ ਦੇਵਾ ਸਿੰਘ ਕੋਲੋਂ ਪਿਤਾ ਪੁਰਖੀ ਕੀਰਤਨ ਸਿੱਖਿਆ। ਉਪਰੰਤ ਬਾਬਾ ਭਾਈ ਸ਼ਰਧਾ ਸਿੰਘ ਵਰਗੇ ਮਹਾਨ ਸੰਗੀਤਕਾਰ ਕੋਲੋਂ ਗੁਰਮਤਿ ਸੰਗੀਤ ਸਿੱਖਿਆ। ਉਸ ਉਪਰੰਤ ਆਪ ਨੇ ਉਸ ਸਮੇਂ ਦੇ ਉੱਚ ਕੋਟੀ ਦੇ ਸੰਗੀਤਕਾਰ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਵਸਾਵਾ ਸਿੰਘ ਕੋਲੋਂ ਸੰਗੀਤ ਦੀ ਵਿਧੀਵਧ ਸਿੱਖਿਆ ਪ੍ਰਾਪਤ ਕੀਤੀ। ਇਸ ਸਮੇਂ ਤਕ ਆਪ ਸੰਗੀਤ ਲੋੜੀਂਦਾ ਹੁਨਰ ਪ੍ਰਾਪਤ ਕਰ ਚੁੱਕੇ ਸਨ ਤੇ ਹੁਣ ਲੋੜ ਸੀ ਇਸ ਦੇ ਨਾਲ ਸੰਗਤਾਂ ਵਿਚ ਹਾਜ਼ਰੀ ਭਰ ਸੇਵਾ ਕਰਨ ਦਾ। ਇਸ ਦੇ ਲਈ ਆਪ ਨੇ ਪਿਤਾ ਸਮਾਨ ਬਾਬਾ ਸ਼ਰਧਾ ਸਿੰਘ ਤੋਂ ਆਗਿਆ ਲੈ ਕੇ ਸਿੰਧ ਚਲੇ ਗਏ। ਉੱਥੇ ਆਪ ਮਹੰਤ ਊਧੋ ਦਾਸ ਦੇ ਡੇਰੇ ਚਲੇ ਗਏ। ਉਹ ਆਪ ਜਿੱਥੇ ਇੱਕ ਵੱਡਾ ਸੰਗੀਤਕਾਰ ਸੀ ਉੱਥੇ ਸੰਗੀਤਕਾਰਾਂ ਦਾ ਕਦਰਦਾਨ ਵੀ ਸੀ। ਉੱਥੇ ਆਪ ਨੇ ਆਪਣੀ ਸਿੱਖੀ ਸੰਗੀਤ ਸਿੱਖਿਆ ਦਾ ਭਰਪੂਰ ਰਿਆਜ਼ ਕੀਤਾ। ਇੱਕ ਹੋਰ ਹਵਾਲੇ ਨਾਲ ਆਪ ਨੇ ਮਹੰਤ ਊਧੋ ਦਾਸ ਤੋਂ ਸੰਗੀਤ ਦੀ ਸਿੱਖਿਆ ਵੀ ਪ੍ਰਾਪਤ ਕੀਤੀ।[31] ਸਮਾਂ ਪਾ ਕੇ ਜਦੋਂ ਆਪ ਜੀ ਨੇ ਆਪਣੇ ਸੰਗੀਤ ਗੁਰੂਆਂ ਦਾ ਵਿਸ਼ਵਾਸ ਜਿੱਤ ਲਿਆ ਤੇ ਆਪਣਾ ਕੀਰਤਨੀ ਜਥਾ ਬਣਾ ਕੇ ਸੁਤੰਤਰ ਰੂਪ ਵਿਚ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ।[32]

## 2.4 ਰਾਗੀ ਭਾਈ ਜੁਵਾਲਾ ਸਿੰਘ : ਕੀਰਤਨੀ ਜਥਾ

ਰਾਗੀ ਭਾਈ ਜੁਵਾਲਾ ਸਿੰਘ ਉੱਚ ਕੋਟੀ ਦੇ ਸਿੱਖ ਕੀਰਤਨੀਆਂ ਵਿਚੋਂ ਇਕ ਸਨ। ਆਪ ਨੇ 1899 ਈਸਵੀ ਵਿਚ ਆਪਣਾ ਸੁਤੰਤਰ ਜਥਾ ਬਣਾ ਲਿਆ ਸੀ।[33] ਪਹਿਲਾਂ ਪਹਿਲ ਆਪ ਦੇ ਕੀਰਤਨੀ ਜਥੇ ਵਿਚ ਚਾਰ ਤਾਊਸ ਵਜਾਉਣ ਵਾਲੇ ਤੇ ਦੋ ਜੋੜੀ ਦੀ ਸੰਗਤ ਕਰਨ ਵਾਲੇ ਕੁੱਲ ਛੇ ਸਿੰਘ ਹੁੰਦੇ ਸਨ। ਭਾਈ ਸਾਹਿਬ ਆਪ ਤਾਊਸ ਵਜਾਉਂਦੇ ਸਨ। ਉਨ੍ਹਾਂ ਤੋਂ ਇਲਾਵਾ ਜਥੇ ਵਿਚ ਉਸਤਾਦ ਬਾਬਾ ਸ਼ਰਧਾ ਸਿੰਘ (ਭਾਈ ਜੁਵਾਲਾ ਸਿੰਘ ਦੇ ਉਸਤਾਦ), ਬਾਬਾ ਰਾਮ ਸਿੰਘ ਤੇ ਭਾਈ ਹੀਰਾ ਸਿੰਘ ਤਾਊਸ ਵਜਾਉਂਦੇ ਸਨ ਇਸੇ ਤਰ੍ਹਾਂ ਭਾਈ ਹਰਨਾਮ ਸਿੰਘ ਜੀ ਟਿੱਬਾ ਅਤੇ ਭਾਈ ਟਹਿਲ ਸਿੰਘ ਬਾਣੀਆਂ ਜੀ ਜੋੜੀ ਦੀ ਸੇਵਾ ਕਰਦੇ ਸਨ। [34] ਸਮੇਂ-ਸਮੇਂ `ਤੇ ਆਪ ਦੇ ਜਥੇ ਵਿਚ ਹੋਰ ਸਾਥੀਆਂ ਦੇ ਨਾਮ ਵੀ ਜੁੜਦੇ ਰਹੇ। ਆਪ ਦੇ ਭਤੀਜੇ ਭਾਈ ਸ਼ੇਰ ਸਿੰਘ ਵੀ ਜੋੜੀ ਦੀ ਸੇਵਾ ਕਰਦੇ ਰਹੇ। ਭਾਈ ਸ਼ੇਰ ਸਿੰਘ ਆਪ ਦੇ ਵੱਡੇ ਭਰਾਤਾ ਭਾਈ ਸਾਵਨ ਸਿੰਘ ਦੇ ਸਪੁੱਤਰ ਸਨ ਜੋ ਖੁਦ ਜੋੜੀ ਦੇ ਮਾਹਰ ਸਨ। ਭਾਈ ਕਰਤਾਰ ਸਿੰਘ ਸਰਹਾਲੀ ਵਾਲੇ ਸਾਥੀ ਵਜੋਂ ਭਾਈ ਜੁਵਾਲਾ ਸਿੰਘ ਨਾਲ ਕੀਰਤਨ ਦੀ ਸੇਵਾ ਕਰਦੇ ਸਨ। ਇਨ੍ਹਾਂ ਦਾ ਜ਼ਿਕਰ ਇੱਕ ਘਟਨਾ ਨਾਲ ਸਾਡੇ ਸਾਹਮਣੇ ਪ੍ਰਤੱਖ ਹੁੰਦਾ ਜਦੋਂ ਸਿੰਘਾਂ ਵਲੋਂ ਜੈਤੋਂ ਦਾ ਮੋਰਚਾ(1924) ਲਗਾਇਆ ਗਿਆ ਸੀ। ਜੈਤੋਂ ਦੇ ਮੋਰਚੇ ਵਿਚ ਭਾਈ ਜੁਵਾਲਾ ਸਿੰਘ ਨੇ ਆਪਣੇ ਉਕਤ ਜਥੇ ਨਾਲ ਹੀ ਹਾਜ਼ਰੀ ਭਰੀ ਸੀ।[35] 1934 ਈਸਵੀ ਤੋਂ 1946 ਤਕ ਆਪ ਦੇ ਸਪੁੱਤਰਾਂ ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ ਹੋਰਾਂ ਨੇ ਜਿੱਥੇ ਸਾਥੀ ਦੇ ਤੌਰ `ਤੇ ਜਥੇ ਵਿਚ ਸੇਵਾ ਨਿਭਾਈ ਉੱਤੇ ਆਪ ਤੋਂ ਗੁਰਮਤਿ ਸੰਗੀਤ ਦੀਆਂ ਅਨਮੋਲ ਸ਼ਬਦ ਕੀਰਤਨ ਰਚਨਾਵਾਂ ਦੇ ਭੰਡਾਰ ਨੂੰ ਵੀ ਗ੍ਰਹਿਣ ਕੀਤਾ। 1947 ਤੋਂ 1952 ਤਕ ਭਾਈ ਸਵਰਨ ਸਿੰਘ (ਜਿਨ੍ਹਾਂ ਨੂੰ ‘ਭਾਊ ਜੀ’ ਦੇ ਨਾਮ ਦੇ ਨਾਲ ਵੀ ਜਾਣਿਆ ਜਾਂਦਾ ਹੈ) ਜੋੜੀ ਵਾਦਕ, ਭਾਈ ਰਾਮ ਸਿੰਘ ਸੂਰਮਾ ਠੱਠੇ ਪਿੰਡ ਵਾਲਿਆ ਨੇ ਆਪ ਦਾ ਸਾਥ ਦਿੱਤਾ।[36] ਇਸ ਤੋਂ ਇਲਾਵਾ ਪ੍ਰਸਿੱਧ ਜੋੜੀ ਵਾਦਕ ਭਾਈ ਅਰਜਣ ਸਿੰਘ ਤ੍ਰੰਗੜ ਵੀ ਆਪ ਦੇ ਜਥੇ ਨਾਲ ਜੋੜੀ ਦੀ ਸੇਵਾ ਕਰਦੇ ਰਹੇ। ਸੈਦਪੁਰ ਨੰਬਰਦਾਰ ਭਾਈ ਅਤਰ ਸਿੰਘ, ਭਾਈ ਮਹਿੰਦਰ ਸਿੰਘ ਚੋਹਲਾ ਸਾਹਿਬ ਵੀ ਕੀਰਤਨ ਹਿਤ ਆਪ ਦੇ ਜਥੇ ਨਾਲ ਸਹਾਇਕ ਦੇ ਤੌਰ 'ਤੇ ਜਾਂਦੇ ਰਹੇ।[37] ਆਪ ਦੇ ਕੀਰਤਨੀ ਜਥੇ ਵਿਚ ਤਿੰਨ ਤੋਂ ਲੈ ਕੇ ਛੇ ਸਾਥੀਆਂ ਦੇ ਹੋਣ ਦੇ ਹਵਾਲੇ ਸਪਸ਼ਟ ਹਨ। ਆਪ ਦੇ ਕੀਰਤਨੀ ਜਥੇ ਦੇ

ਪ੍ਰਾਰੰਭ ਵੇਲੇ ਛੇ ਜਾਂ ਇਸ ਤੋਂ ਵੀ ਜ਼ਿਆਦਾ ਸਾਥੀ ਹੋਣ ਦੀ ਪੁਸ਼ਟੀ ਹੁੰਦੀ ਹੈ। ਆਪਣੀ ਜਿੰਦਗੀ ਦੇ ਅੰਤਿਮ ਸਮੇਂ ਆਪ ਤਿੰਨ ਸਾਥੀਆਂ ਨਾਲ ਹੀ ਕੀਰਤਨ ਕਰਦੇ ਰਹੇ।

ਰਾਗੀ ਭਾਈ ਜੁਵਾਲਾ ਸਿੰਘ ਦੇ ਜਥੇ ਬਾਰੇ ਵਿਚਾਰ ਕਰਦਿਆਂ ਇਹ ਸਪੱਸ਼ਟ ਹੁੰਦਾ ਹੈ ਕਿ ਜਿੱਥੇ ਆਪ ਦੇ ਜਥੇ ਵਿਚ ਗੁਰਮਤਿ ਸੰਗੀਤ ਅਤੇ ਸੰਗੀਤ ਦੇ ਵਿਦਵਾਨ ਕੀਰਤਨੀਏ ਆਪ ਦੇ ਜਥੇ ਵਿਚ ਸ਼ਾਮਲ ਰਹੇ। ਇਨ੍ਹਾਂ ਵਿਚ ਕੁਝ ਸਾਥੀ ਉਹ ਵੀ ਰਹੇ ਜਿਨ੍ਹਾਂ ਕੋਲੋਂ ਆਪ ਨੇ ਕੀਰਤਨ ਦੀ ਦਾਤ ਪ੍ਰਾਪਤ ਕੀਤੀ ਭਾਂਵੇ ਇਸ ਹਿਤ ਨਿਰਦੇਸ਼ ਉਨ੍ਹਾਂ (ਉਸਤਾਦ ਸ਼ਰਧਾ ਸਿੰਘ ਹੋਰਾਂ ਦਾ) ਦਾ ਆਪਣਾ ਸੀ। ਇਨ੍ਹਾਂ ਵਿੱਚੋਂ ਆਪ ਦੇ ਉਸਤਾਦ ਭਾਈ ਸ਼ਰਧਾ ਸਿੰਘ ਸਨ। ਇਸ ਦੇ ਨਾਲ ਆਪ ਦੇ ਜਥੇ ਵਿਚ ਉਹ ਵੀ ਜਥੇ ਦੇ ਰੂਪ ਵਿਚ ਵਿਚਰੇ ਜਿਨ੍ਹਾਂ ਨੇ ਆਪ ਕੋਲੋਂ ਗੁਰਮਤਿ ਸੰਗੀਤ, ਤੰਤੀ ਸਾਜ਼, ਜੋੜੀ ਦੀ ਦਾਤ ਪ੍ਰਾਪਤ ਕੀਤੀ। ਆਪ ਦੇ ਇਸ ਜਥੇ ਦਾ ਸਿੱਖ ਸਮਾਜ ਵਿਚ ਮਹੱਤਵਪੂਰਨ ਸਥਾਨ ਰਿਹਾ ਹੈ। ਗੁਰਮਤਿ ਸੰਗੀਤ ਅਤੇ ਗੁਰੂ ਪ੍ਰਤੀ ਸਪਰਪਣ ਸਦਕਾ ਆਪ ਨੂੰ ਪੂਰੇ ਦੇਸ਼ ਵਿਚ ਪ੍ਰਸਿੱਧੀ ਮਿਲੀ। ਆਪ ਦੇ ਕੀਰਤਨ ਖੇਤਰ ਦਾ ਘੇਰਾ ਦਿਨ-ਬ-ਦਿਨ ਵਿਸ਼ਾਲ ਹੁੰਦਾ ਗਿਆ।

## 2.5 ਰਾਗੀ ਭਾਈ ਜੁਵਾਲਾ ਸਿੰਘ ਦਾ ਗ੍ਰਹਿਸਥੀ ਜੀਵਨ

ਭਾਈ ਦੇਵਾ ਸਿੰਘ ਨੇ ਰਾਗੀ ਭਾਈ ਜੁਵਾਲਾ ਸਿੰਘ ਦਾ ਵਿਆਹ ਚੜ੍ਹਦੀ ਜਵਾਨੀ ਕਰ ਦਿੱਤਾ ਸੀ। ਆਪ ਦੇ ਦੋ ਵਿਆਹ ਹੋਏ ਸਨ। ਪਹਿਲੇ ਅਨੰਦ ਕਾਰਜ ਲਗਭਗ 16 ਸਾਲ ਦੀ ਉਮਰ ਵਿਚ 1894 ਬੀਬੀ ਆਤੀ (ਆਤਮਾ ਕੌਰ) ਨਾਲ ਹੋਏ ਜਿਨ੍ਹਾਂ ਦੇ ਮੁਕਲਾਵੇ ਦੀ ਰਸਮ ਉਸ ਵਕਤ ਦੇ ਰਿਵਾਜ਼ ਅਨੁਸਾਰ ਲੱਗਭਗ 1899 ਈਸਵੀ ਨੂੰ ਨਿਭਾਈ ਗਈ।[38] ਆਪ ਦੇ ਇਸ ਵਿਆਹ ਤੋਂ ਆਪ ਦੇ ਚਾਰ ਬੱਚੇ ਹੋਏ ਜਿਨ੍ਹਾਂ ਵਿਚ ਦੋ ਲੜਕੇ ਤੇ ਦੋ ਲੜਕੀਆਂ ਸਨ। ਦੋਵੇਂ ਲੜਕੇ ਤਾਂ ਛੋਟੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। 1911 ਈਸਵੀ ਵਿਚ ਆਪ ਦੀ ਪਤਨੀ ਬੀਬੀ ਆਤਮਾ ਕੌਰ ਵੀ ਆਪ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਨੇ ਬੱਚਿਆਂ ਤੇ ਜੀਵਨ ਸਾਥੀ ਦਾ ਵਿਛੋੜਾ ਗੁਰੂ ਭਾਣੇ ਵਿਚ ਅਡੋਲ ਰਹਿੰਦਿਆਂ ਸਹਿਣ ਕੀਤਾ। ਬਿਨਾਂ ਮਾਂ ਤੋਂ ਬੱਚੀਆਂ ਦਾ ਪਾਲਣ ਪੋਸ਼ਣ ਇੱਕ ਸੁਹਿਰਦ ਪਿਤਾ ਦੇ ਰੂਪ ਵਿਚ ਕਰਦੇ ਰਹੇ। ਆਪ ਦੀ ਉਸ ਵਕਤ ਤਕ ਸਿੱਖ ਪੰਥ ਵਿਚ ਰਾਗੀ ਦੇ ਤੌਰ 'ਤੇ ਕਾਫ਼ੀ ਪ੍ਰਸਿੱਧੀ ਹੋ ਚੁੱਕੀ ਸੀ। ਇਸੇ ਕਾਰਣ ਆਪ ਦੇ ਸਨੇਹੀਆਂ ਅਤੇ ਪਿਆਰ ਵਾਲਿਆਂ ਨੇ ਆਪ ਨੂੰ ਦੁਬਾਰਾ ਗ੍ਰਹਿਸਥੀ ਜੀਵਨ ਸ਼ੁਰੂ ਕਰਨ ਹਿਤ ਜ਼ੋਰ ਪਾਇਆ। ਉਨ੍ਹਾਂ ਦੇ

ਕਹਿਣ `ਤੇ ਆਪ ਨੇ 1912 ਵਿਚ ਆਪਣਾ ਮੁੜ ਗ੍ਰਹਿਸਥੀ ਜੀਵਨ ਸਰਦਾਰਨੀ ਰਣਜੋਧ ਕੌਰ ਦੇ ਨਾਲ ਪ੍ਰਾਰੰਭ ਕੀਤਾ।[39] ਇਸ ਵਿਆਹ ਤੋਂ ਆਪ ਦੇ ਗ੍ਰਹਿ ਵਿਖੇ ਪੰਜ ਬੱਚਿਆਂ ਨੇ ਜਨਮ ਲਿਆ। ਇਨ੍ਹਾਂ ਵਿਚੋਂ ਇੱਕ ਲੜਕੀ ਛੋਟੀ ਉਮਰੇ ਹੀ ਅਕਾਲ ਚਲਾਣਾ ਕਰ ਗਈ ਸੀ। ਬਾਕੀ ਚਾਰ ਬੱਚਿਆਂ ਵਿਚ ਬੀਬੀ ਸਕੱਤਰ ਕੌਰ, ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ, ਮਾਸਟਰ ਗੁਰਦਿਆਲ ਸਿੰਘ ਸਨ। ਦੋਵਾਂ ਵਿਆਹਾਂ ਤੋਂ ਆਪ ਦੀਆਂ ਤਿੰਨ ਲੜਕੀਆਂ ਅਤੇ ਤਿੰਨ ਲੜਕੇ ਛੇ ਬੱਚੇ ਸਨ ਜਿਨ੍ਹਾਂ ਦਾ ਆਪ ਨੇ ਬੜੇ ਸੁਚੱਜੇ ਢੰਗ ਨਾਲ ਪਾਲਣ ਪੋਸ਼ਣ ਕੀਤਾ ਤੇ ਗੁਰਮਤਿ ਮਾਰਗ ਦਾ ਧਾਰਨੀ ਵੀ ਬਣਾਇਆ। ਆਪ ਨੇ ਆਪਣੇ ਬੱਚਿਆਂ ਨੂੰ ਗੁਰਮਤਿ, ਗੁਰਮਤਿ ਸੰਗੀਤ, ਸੰਸਾਰਿਕ ਵਿੱਦਿਆ ਆਦਿ ਦਾ ਗਿਆਨ ਜ਼ਿੰਮੇਵਾਰੀ ਤੇ ਮਿਹਨਤ ਨਾਲ ਦਵਾਇਆ। ਆਪ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਲਿਖਾਈ ਦੇ ਨਾਲ-ਨਾਲ ਅਨੰਦ ਕਾਰਜ ਆਦਿ ਕਰਵਾ ਕੇ ਉਨ੍ਹਾਂ ਦੇ ਗ੍ਰਹਿਸਥੀ ਜੀਵਨ ਨੂੰ ਸਫਲ ਬਣਾਉਣ ਹਿਤ ਸੁਯੋਗ ਅਗਵਾਈ ਵੀ ਕੀਤੀ। ਆਪ ਦੇ ਪੂਰੇ ਜੀਵਨ ਕਾਲ 'ਤੇ ਝਾਤੀ ਮਾਰੀਏ ਤਾਂ ਆਪ ਨੇ ਇੱਕ ਆਦਰਸ਼ ਪਿਤਾ ਦੀ ਭੂਮਿਕਾ ਨੂੰ ਸੁਦ੍ਰਿੜਤਾ ਨਾਲ ਨਿਭਾਇਆ। ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਦੇ ਨਾਲ-ਨਾਲ ਆਪ ਨੇ ਆਪਣੀ ਕਿਰਤ ਸ਼ਬਦ ਕੀਰਤਨ ਨੂੰ ਨਿਰੰਤਰ ਜਾਰੀ ਰੱਖਿਆ। ਪਰਿਵਾਰਕ ਜੀਵਨ ਦੀਆਂ ਜਿੰਮੇਵਾਰੀਆਂ ਦੇ ਨਾਲ-ਨਾਲ ਆਪ ਨੇ ਪੰਥਕ ਕਾਰਜ਼ਾਂ ਵਿਚ ਹਿੱਸਾ ਵੀ ਵੱਧ ਚੜ੍ਹ ਕੇ ਪਉਣ ਤੋਂ ਇਲਾਵਾ ਗੁਰਮਤਿ ਤੇ ਗੁਰਮਤਿ ਸੰਗੀਤ ਦਾ ਦੂਰ-ਦੂਰ ਤਕ ਰਾਹੀਂ ਪ੍ਰਚਾਰ ਵੀ ਕੀਤਾ।

## 2.6. ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਖੇਤਰ ਅਤੇ ਪ੍ਰਮੁਖ ਕੀਰਤਨ ਸਮਾਗਮ

ਗੁਰੂ ਜਨਾਂ ਤੋਂ ਕੀਰਤਨ ਦੀ ਸਿੱਖਿਆ ਗ੍ਰਹਿਣ ਉਪਰੰਤ ਹੀ ਰਾਗੀ ਭਾਈ ਜੁਵਾਲਾ ਸਿੰਘ ਸਿੱਖ ਸਮਾਜ ਵਿਚ ਕੀਰਤਨੀਏ ਦੇ ਰੂਪ ਵਿਚ ਵਿਚਰਨੇ ਸ਼ੁਰੂ ਹੋਏ। ਦਿਨ ਪਰ ਦਿਨ ਆਪ ਪ੍ਰਸਿੱਧੀ ਹਾਸਲ ਕਰਦੇ ਗਏ ਅਤੇ ਸਮੇਂ ਦੇ ਚੋਟੀ ਦੇ ਕੀਰਤਨੀਆਂ ਵਿਚ ਆਪਣਾ ਸਥਾਨ ਦਰਜ਼ ਕਰਵਾਇਆ। ਆਪ ਨੇ ਸਾਰੇ ਭਾਰਤ ਵਿਚ ਇਤਿਹਾਸਕ ਗੁਰੂਘਰਾਂ ਵਿਚ ਕੀਰਤਨ ਨਾਲ ਹਾਜ਼ਰੀ ਲਗਵਾਈ। ਇਸ ਸੰਦਰਭ ਵਿਚ ਆਪ ਭਾਰਤ ਦੇ ਉੱਤਰ ਪੱਛਮ ਦੇ ਸਿੰਧ ਇਲਾਕੇ, ਪੂਰਬ ਦੇ ਗਯਾ, ਕਲਕੱਤਾ, ਪਟਨਾ ਸਾਹਿਬ; ਦੱਖਣ ਦੇ ਹਜ਼ੂਰ ਸਾਹਿਬ, ਨਾਂਦੇੜ ਤਕ ਸੀਮਤ ਸਾਧਨਾਂ ਦੇ ਕਾਰਨ ਵੀ ਜ਼ਿੰਦਗੀ ਦੇ ਅੰਤ ਤਕ ਕੀਰਤਨ ਕਰਦੇ ਰਹੇ। ਇਸ ਤੋਂ ਇਲਾਵਾ ਪੰਜਾਬ ਦੇ ਤਾਂ ਆਪ ਹਰ ਖੇਤਰ ਵਿਚ ਕੀਰਤਨ ਨਾਲ ਆਪਣੀ ਹਾਜ਼ਰੀ ਲਗਵਾਉਂਦੇ ਰਹੇ।

ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨੀ ਸਫ਼ਰ ਤੇ ਆਪ ਦੇ ਪ੍ਰਮੁਖ ਕੀਰਤਨ ਸਮਾਗਮਾਂ ਨੂੰ ਹੇਠ ਲਿਖੇ ਅਨੁਸਾਰ ਦੇਖ ਸਕਦੇ ਹਾਂ। ਸਭ ਤੋਂ ਪਹਿਲਾਂ ਰਾਗੀ ਭਾਈ ਜੁਵਾਲਾ ਸਿੰਘ ਦੀਆਂ ਹੱਥ ਲਿਖਤ ਡਾਇਰੀਆਂ ਦੇ ਅਨੁਸਾਰ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗੇ ਜੋ ਕਿ ਆਪ ਦੇ ਵੱਡੇ ਸਪੁੱਤਰ ਵਲੋਂ ਆਪਣੀ ਪੁਸਤਕ *ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ* ਦੇ ਅੰਤਰਗਤ ਪ੍ਰਕਾਸ਼ਿਤ ਕਰਵਾਈਆਂ ਹਨ।

**2.6.1 ਸਿੰਘ ਸਭਾ ਦੀਵਾਨ ਵਲੋਂ ਸੈਦਪੁਰ ਵਿਖੇ ਸਮਾਗਮ ਵਿਚ ਕੀਰਤਨ ਹਾਜ਼ਰੀ:** ਰਾਗੀ ਭਾਈ ਜੁਵਾਲਾ ਸਿੰਘ ਦੀਆਂ ਪ੍ਰਾਪਤ ਹੱਥ ਲਿਖਤ ਡਾਇਰੀਆਂ ਵਿਚ ਸਭ ਤੋਂ ਪਹਿਲਾਂ 1912 ਈਸਵੀ ਵਿਚ ਸੈਦਪੁਰ ਵਿਖੇ ਕਰਵਾਏ ਗਏ ਸਿੰਘ ਸਭਾ ਦੇ ਦੀਵਾਨ ਦਾ ਜ਼ਿਕਰ ਹੈ। ਇਸ ਦਿਵਾਨ ਵਿਚ ਆਪ ਦੇ ਜਥੇ ਤੋਂ ਇਲਾਵਾ ਆਪ ਦੇ ਉਸਤਾਦ ਭਾਈ ਸ਼ਰਧਾ ਸਿੰਘ ਤੇ ਉਨ੍ਹਾਂ ਦੇ ਗੁਰਭਾਈ ਭਾਈ ਬੂਟਾ ਸਿੰਘ, ਭਾਈ ਹਰਨਾਮ ਸਿੰਘ ਟਿੱਬੇ ਵਾਲੇ ਕੀਰਤਨ ਦੀ ਹਾਜ਼ਰੀ ਭਰਦੇ ਰਹੇ। ਸੈਦਪੁਰ ਸਿੰਘ ਸਭਾ ਦੇ ਦਿਵਾਨ ਦੇ ਹਵਾਲੇ ਨਾਲ ਆਪ ਦੇ ਵੱਡੇ ਸਪੁੱਤਰ ਭਾਈ ਗੁਰਚਰਨ ਸਿੰਘ ਆਪਣੀ ਕਿਤਾਬ ਵਿਚ ਜ਼ਿਕਰ ਕਰਦੇ ਹਨ ਕਿ ਸੈਦਪੁਰ ਨਿਵਾਸੀ ਇਸ ਸਮਾਗਮ ਨੂੰ ਹਰ ਹਾਲਤ ਵਿਚ ਰੋਕਣਾ ਚਾਹੁੰਦੇ ਸਨ ਪਰ ਭਾਈ ਜੁਵਾਲਾ ਸਿੰਘ ਦੇ ਉਦਮ ਸਦਕਾ ਉਹ ਇਸ ਕਾਰਜ ਵਿਚ ਸਫਲ ਨਹੀਂ ਹੋ ਸਕੇ।[40]

**2.6.2 ਨਾਮਵਾਰ ਸ਼ਖਸੀਅਤਾਂ ਨਾਲ ਕੀਰਤਨ ਸਬੰਧ:** ਭਾਰਤ ਦੀ ਆਜ਼ਾਦੀ ਦੇ ਘੁਲਾਟੀਏ ਬਾਬਾ ਖੜਕ ਸਿੰਘ ਸਿੱਖ ਕੌਮ ਦੀ ਸਿਰਮੌਰ ਸਖਸ਼ੀਅਤ ਸਨ ਜਿਨ੍ਹਾਂ ਨੇ ਨਾ ਕੇਵਲ ਆਜ਼ਾਦੀ ਦੀ ਲੜਾਈ 'ਚ ਹੀ ਆਪਣਾ ਯੋਗਦਾਨ ਪਾਇਆ ਸਗੋਂ ਸਿੱਖੀ ਦੀਆਂ ਮਾਨਤਾਵਾਂ ਅਤੇ ਪਰੰਪਰਾਵਾਂ ਦੀ ਰੱਖਿਆ ਲਈ ਉਨ੍ਹਾਂ ਵੱਲੋਂ ਕੀਤੀ ਗਈ ਕੁਰਬਾਨੀ ਆਪਣੀ ਮਿਸਾਲ ਆਪ ਹੈ। ਆਪ ਰਾਗੀ ਭਾਈ ਜੁਵਾਲਾ ਸਿੰਘ ਦਾ ਬਹੁਤ ਸਤਿਕਾਰ ਕਰਦੇ ਸਨ। ਇਸੇ ਕਰਕੇ ਆਪ ਆਪਣੇ ਨਿੱਜੀ ਪਰਿਵਾਰਕ ਸਮਾਗਮਾਂ ਵਿਚ ਰਾਗੀ ਭਾਈ ਜੁਵਾਲਾ ਸਿੰਘ ਨੂੰ ਹੀ ਪ੍ਰਮੁਖਤਾ ਦਿੰਦੇ ਸਨ। 28 ਦਸੰਬਰ 1912 ਨੂੰ ਰਾਗੀ ਭਾਈ ਜੁਵਾਲਾ ਸਿੰਘ ਦੁਆਰਾ ਬਾਬਾ ਖੜਕ ਸਿੰਘ ਦੇ ਘਰ ਸਿਆਲਕੋਟ ਵਿਖੇ ਆਸਾ ਦੀ ਵਾਰ ਦੇ ਕੀਰਤਨ ਦਾ ਹਵਾਲਾ ਭਾਈ ਸਾਬ ਦੀਆਂ ਹੱਥ ਲਿਖਤ ਡਾਇਰੀਆਂ ਵਿੱਚੋਂ ਪ੍ਰਾਪਤ ਹੁੰਦਾ ਹੈ।[41]

ਸਿੱਖ ਧਰਮ ਦੇ ਇੱਕ ਹੋਰ ਮਹਾਨ ਵਿਦਵਾਨ ਪੰਡਿਤ ਕਰਤਾਰ ਸਿੰਘ ਦਾਖਾਂ ਹੋਏ ਹਨ। ਆਪ ਸਿੱਖ ਪੰਥ ਦੇ ਨਾਮੀ ਸਾਹਿਤਕਾਰ ਸਨ। ਆਪ ਨੇ ਜਪ ਜੀ ਸਾਹਿਬ ਸਮੇਤ ਕਈ ਬਾਣੀਆਂ ਦੇ ਟੀਕੇ ਵੀ

ਕੀਤੇ ਹਨ। ਗੁਰਬਾਣੀ ਵਿਆਕਰਣ ਆਪ ਦੀ ਮਹਾਨ ਕ੍ਰਿਤ ਹੈ। ਆਪ ਸਿੱਖ ਰਹਿਤ ਮਰਿਯਾਦਾ ਤਿਆਰ ਕਰਨ ਵਾਲੀ ਸਬ ਕਮੇਟੀ ਦੇ ਮੈਂਬਰ ਵੀ ਸਨ। ਇਸ ਹਵਾਲੇ ਨਾਲ ਆਪ ਦਾ ਸਿੱਖ ਪੰਥ ਵਿਚ ਬਹੁਤ ਸਤਿਕਾਰਤ ਸਥਾਨ ਸੀ। ਰਾਗੀ ਭਾਈ ਜੁਵਾਲਾ ਸਿੰਘ ਦਾ ਵੀ ਸਿੱਖ ਪੰਥ ਵਿਚ ਵਿਸ਼ੇਸ਼ ਸਥਾਨ ਸੀ।[42] ਆਪ ਆਪਣੇ ਸਮੇਂ ਦੇ ਉੱਚ ਕੋਟੀ ਦੇ ਕੀਰਤਨੀਆਂ ਵਿਚੋਂ ਇੱਕ ਸਨ। ਪੰਡਿਤ ਕਰਤਾਰ ਸਿੰਘ ਨੇ ਆਪਣੇ ਸਪੁੱਤਰ ਦੇ ਅਨੰਦ ਕਾਰਜ਼ ਵਿਸ਼ੇਸ਼ ਤੌਰ 'ਤੇ ਆਪ ਤੋਂ ਕਰਵਾਏ।[43]

ਰਾਗੀ ਭਾਈ ਜੁਵਾਲਾ ਸਿੰਘ ਵਲੋਂ ਅੰਗਰੇਜ਼ੀ ਹਕੂਮਤ ਦੇ ਜਾਰਜ ਪੰਚਮ ਦੀ ਤਾਜਪੋਸ਼ੀ 1912 ਈਸਵੀ ਵਿਚ ਕੀਰਤਨ ਕਰਨ ਦੇ ਵੀ ਹਵਾਲੇ ਤੋਂ ਆਪ ਦਾ ਸਿੱਖ ਧਰਮ ਤੋਂ ਇਲਾਵਾ ਸਮਕਾਲੀ ਧਰਮਾਂ ਵਿਚ ਸਤਿਕਾਰ ਪ੍ਰਤੱਖ ਹੁੰਦਾ ਹੈ। [44]

ਵੱਡੇ ਰਾਜਨੀਤਿਕ ਨੇਤਾ ਦਾ ਅੰਤਿਮ ਸੰਸਕਾਰ ਸਰਕਾਰੀ ਸਨਮਾਨਾਂ ਸਹਿਤ ਵੱਡੇ ਪੱਧਰ ਉੱਤੇ ਕੀਤਾ ਜਾਂਦਾ ਹੈ। 1948 ਈਸਵੀਂ ਵਿਚ ਮਹਾਤਮਾ ਗਾਂਧੀ ਦਾ ਅੰਤਿਮ ਸੰਸਕਾਰ ਸਰਕਾਰੀ ਸਨਮਾਨਾਂ ਸਹਿਤ ਕੀਤਾ ਗਿਆ ਸੀ। ਦਿੱਲੀ ਰਾਜ ਘਾਟ ਉੱਤੇ ਸਰਕਾਰ ਵਲੋਂ ਉਨ੍ਹਾਂ ਦੇ ਅੰਤਿਮ ਪ੍ਰਾਥਨਾ ਸਮਾਰੋਹ ਸਮੇਂ ਹਜਾਰਾਂ ਦੀ ਗਿਣਤੀ ਵਿਚ ਲੋਕ ਇੱਕਠੇ ਹੋਏ ਸਨ। ਵੱਖ ਵੱਖ ਧਰਮਾਂ ਦੇ ਪ੍ਰਚਾਰਕਾਂ ਨੂੰ ਉੱਥੇ ਬੁਲਾਇਆ ਗਿਆ ਸੀ। ਭਾਈ ਕੁਲਤਾਰ ਸਿੰਘ ਦੇ ਹਵਾਲੇ ਨਾਲ ਉਸ ਸਮਾਗਮ ਵਿਚ ਰਾਗੀ ਭਾਈ ਜੁਵਾਲਾ ਸਿੰਘ ਨੇ ਵੀ ਕੀਰਤਨ ਕੀਤਾ ਸੀ। ਕਿਉਂ ਜੋ ਮਹਾਤਮਾ ਗਾਂਧੀ ਭਾਰਤ ਦੇਸ਼ ਦਾ ਇੱਕ ਬਹੁਤ ਵੱਡਾ ਰਾਜਨੇਤਾ ਸੀ। ਉਸ ਸੰਦਰਭ ਵਿਚ ਸਰਕਾਰ ਵਲੋਂ ਉਸ ਦੇ ਸੰਸਕਾਰ ਹਿਤ ਵੱਖ-ਵੱਖ ਧਰਮਾਂ ਦੀਆਂ ਵਿਸ਼ੇਸ਼ ਤੇ ਪ੍ਰਸਿੱਧ ਸਖਸ਼ੀਅਤਾਂ ਨੂੰ ਹੀ ਸੱਦਿਆ ਗਿਆ ਹੋਵੇਗਾ। ਇਸ ਦ੍ਰਿਸ਼ਟੀ ਤੋਂ ਰਾਗੀ ਭਾਈ ਜੁਵਾਲਾ ਸਿੰਘ ਦਾ ਇੱਕ ਕੀਰਤਨੀਏ ਦੇ ਰੂਪ ਵਿਚ ਉੱਚ ਰੁਤਬਾ ਸਹਿਜੇ ਹੀ ਪ੍ਰਤੱਖ ਹੁੰਦਾ ਹੈ।

**2.6.3 ਕੀਰਤਨ ਪ੍ਰੋਗਰਾਮ ਲਈ ਪੂਰਨ ਪ੍ਰਤੀਬਧਤਾ** : ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਹਿਤ ਕਈ-ਕਈ ਕੋਹ ਪੈਦਲ ਚੱਲ ਕੇ ਕੀਰਤਨ ਦੀ ਸੇਵਾ ਕਰਦੇ ਰਹੇ। ਆਪ ਵਲੋਂ ਆਪਣੇ ਕੀਤੇ ਬਚਨ ਹਿਤ ਹਮੇਸ਼ਾਂ ਦ੍ਰਿੜਤਾ ਦਿਖਾਈ ਹੈ। ਆਪ ਵਲੋਂ ਆਪਣੀਆਂ ਡਾਇਰੀਆਂ ਚ ਖੁੱਦ ਅਜਿਹੇ ਵਾਕਿਆ ਦਰਜ਼ ਕੀਤੇ ਗਏ ਹਨ। ਜਿਨ੍ਹਾਂ ਵਿਚ ਘਵਿੰਡ (ਜਲੋ ਜਿਲ੍ਹਾ ਲਾਹੌਰ ਤੋਂ ਘਵਿੰਡੀ ਰੋਡ ਉੱਤੇ ਸਥਿਤ ਪਿੰਡ) ਦਾ 20 ਅਗਸਤ 1913 ਈਸਵੀ ਦੇ ਕੀਰਤਨ ਸਮਾਗਮ ਦੀ ਘਟਨਾ ਦਰਜ਼ ਮਿਲਦੀ ਹੈ। ਇਹ ਪਿੰਡ ਅੱਜਕੱਲ ਪਕਿਸਤਾਨ ਪੰਜਾਬ

ਵਿਚ ਹੈ। ਇਸ ਪਿੰਡ ਦੇ ਸਮਾਗਮ ਵਿਚ ਪਹੁੰਚਣ ਹਿਤ ਆਪ 12 ਕੋਹ ਆਪਣੇ ਸਾਜ਼ ਚੱਕ ਕੇ ਪੈਦਲ ਪਹੁੰਚੇ ਸਨ। ਇਸੇ ਸੰਦਰਭ ਵਿਚ ਇੱਕ ਹੋਰ ਘਟਨਾ ਜੋ 1936 ਈਸਵੀ ਦੇ ਕਰੀਬ ਦੀ ਹੈ। ਸੈਦਪੁਰ ਦੇ ਲਾਗੇ ਇੱਕ ਪਿੰਡ ਮੰਗੂਪੁਰ ਹੈ। ਉੱਥੇ ਦੇ ਇੱਕ ਗੁਰਸਿੱਖ ਸ. ਨੱਥਾ ਸਿੰਘ ਨਾਲ ਆਪ ਦਾ ਬਹੁਤ ਪਿਆਰ ਸੀ। ਉਸ ਦੀ ਮਾਇਕ ਅਵਸਥਾ ਠੀਕ ਨਹੀਂ ਸੀ। ਉਸ ਦੀ ਸਪੁੱਤਰੀ ਦਾ ਅਨੰਦ ਕਾਰਜ ਸੀ। ਇਸ ਦੇ ਲਈ ਉਸ ਨੇ ਆਪ ਨਾਲ ਸੰਪਰਕ ਕੀਤਾ। ਆਪ ਵਲੋਂ ਬਿਨਾਂ ਦੇਰੀ ਕੀਤੇ ਉਸ ਨੂੰ ਹਾਂ ਕਰ ਦਿੱਤੀ। ਕੁਝ ਦਿਨਾਂ ਬਆਦ ਉਨ੍ਹਾਂ ਦਿਨਾਂ ਦੀ ਤਾਰੀਖ ਦਾ ਆਪ ਨੇ ਕਰਾਚੀ ਵਿਖੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਦਾ ਸੱਦਾ ਵੀ ਪ੍ਰਵਾਨ ਕਰ ਲਿਆ। ਆਪ ਦਾ ਜਥਾ ਜਦੋਂ ਵੀ ਸਿੰਧ ਜਾਂਦਾ ਸੀ ਤਾਂ ਮਹੀਨਾ ਦੋ ਮਹੀਨਾ ਟਿੱਕ ਹੀ ਵਾਪਸ ਆਉਂਦਾ ਸੀ। ਸਿੰਧ ਦੀ ਸੰਗਤ ਆਪ ਦੇ ਜਥੇ ਦਾ ਕਾਫੀ ਸਤਿਕਾਰ ਕਰਦੀ ਸੀ। ਇਹ ਪਹਿਲੀ ਵਾਰ ਸੀ ਕਿ ਆਪ ਆਪਣੇ ਬਚਨ ਅਨੁਸਾਰ ਜਿੱਥੇ ਪਹਿਲਾਂ ਸਿੰਧ ਦੀ ਸੰਗਤ ਦੇ ਦਰਸ਼ਨ ਕੀਤੇ ਉੱਥੇ ਦੂਸਰੇ ਦਿਨ ਉਸ ਪਿਆਰ ਵਾਲੇ ਗੁਰਸਿੱਖ ਨੱਥਾ ਸਿੰਘ ਦੇ ਘਰ ਪਹੁੰਚ ਕੇ ਉਸ ਦੀ ਬੱਚੀ ਦੇ ਅਨੰਦ ਕਾਰਜ ਕਰਵਾਏ।[45] ਇਹ ਘਟਨਾ ਜਿੱਥੇ ਆਪ ਦੀ ਗੁਰ ਹੁਕਮ *ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥ ( ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੮੫)* ਕੀਰਤਨੀਆਂ ਦੀ ਸਖਸ਼ੀਅਤ ਦੀ ਨਿਸ਼ਾਨ ਦੇਹੀ ਕਰਦੀ ਹੈ ਉੱਥੇ ਗੁਰੂ ਘਰ ਦੇ ਭਵਿੱਖਤ ਕੀਰਤਨੀਆਂ ਲਈ ਕੀਰਤਨ ਆਦਰਸ਼ ਵੀ ਪ੍ਰਦਾਨ ਕਰਦੀ ਹੈ।

**2.6.4 ਹੋਰ ਪ੍ਰਮੁਖ ਕੀਰਤਨ ਪ੍ਰੋਗਰਾਮ:** ਰਾਗੀ ਭਾਈ ਜੁਵਾਲਾ ਸਿੰਘ ਵਿਚ ਗੁਰੂਧਾਮਾਂ ਦੇ ਦਰਸ਼ਨ ਕਰਨ ਦੀ ਚੇਸਟਾ ਹਮੇਸ਼ਾਂ ਰਹਿੰਦੀ ਸੀ। ਆਪ ਜਦੋਂ ਵੀ ਗੁਰੂਧਾਮਾਂ ਦੇ ਦਰਸ਼ਨ ਕਰਨ ਜਾਂਦੇ ਤਾਂ ਉੱਥੇ ਕੀਰਤਨ ਕੀ ਹਾਜ਼ਰੀ ਵੀ ਜ਼ਰੂਰ ਭਰਦੇ ਸਨ। ਇਸੇ ਸੰਦਰਭ ਵਿਚ ਆਪ 1916 ਈਸਵੀ ਵਿਚ ਹੋਲੇ ਮੁਹੱਲੇ 'ਤੇ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਕੀਰਤਪੁਰ ਸਾਹਿਬ ਦੇ ਦਰਸ਼ਨ ਕਰਨ ਗਏ। ਆਪ ਨੇ ਜਿੱਥੇ ਇਤਿਹਾਸਕ ਗੁਰ ਅਸਥਾਨਾਂ ਦੇ ਦਰਸ਼ਨ ਕੀਤੇ ਉੱਥੇ ਕੀਰਤਨ ਦੀ ਹਾਜ਼ਰੀ ਵੀ ਲਵਾਈ।[46] ਇਸ ਤੋਂ ਆਪ ਦਾ ਕੀਰਤਨ ਪ੍ਰਤੀ ਸਮਰਪਣ ਸਾਫ ਝਲਕਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ ਪੂਰਬ ਦੱਖਣ ਵਿਚ ਸਥਿਤ ਨਾਲਾਗੜ ਵਿਖੇ 12 ਨਵੰਬਰ, 1925 ਨੂੰ ਗੁਰਮਤਿ ਸਮਾਗਮ ਵਿਚ ਰਾਗੀ ਭਾਈ ਜੁਵਾਲਾ ਸਿੰਘ ਨੇ ਕੀਰਤਨ ਕੀਤਾ। ਉਸ ਸਮਾਗਮ ਵਿਚ ਤਤਕਾਲੀ ਮਹਾਰਾਜਾ ਜੋਗਿੰਦਰ ਸਿੰਘ[47](1877-1946) ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਇਸ ਸਮਾਗਮ ਵਿਚ

ਪ੍ਰਿੰਸੀਪਲ ਗੰਗਾ ਸਿੰਘ ਨੇ ਵਿਸ਼ੇਸ਼ ਲੈਕਚਰ ਵੀ ਦਿੱਤਾ ਸੀ ਜਿਸ ਦਾ ਆਪ ਨੇ ਖਾਸ ਰੂਪ ਵਿਚ ਆਪਣੀ ਡਾਇਰੀ ਵਿਚ ਜ਼ਿਕਰ ਕੀਤਾ ਹੈ।[48]

ਰਾਗੀ ਭਾਈ ਜੁਵਾਲਾ ਸਿੰਘ ਨੇ 21 ਜੁਲਾਈ 1925 ਨੂੰ ਪਿੰਡ ਬੱਡੋਂ ਜਿਲ੍ਹਾ ਹੁਸ਼ਿਆਰਪੁਰ ਦੇ ਸਰਦਾਰ ਕੁੰਦਨ ਸਿੰਘ ਦੇ ਘਰ ਉਨ੍ਹਾਂ ਦੇ ਸਪੁਤੱਰ ਦੀ ਕੁੜਮਾਈ ਦੀ ਰਸ਼ਮ ਹਿਤ ਕੀਰਤਨ ਕੀਤਾ।[49] ਸਰਦਾਰ ਕੁੰਦਨ ਸਿੰਘ ਨੇ ਆਪਣੇ ਨਗਰ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੀ ਯਾਦ 'ਚ ਬਣੇ ਇਤਿਹਾਸਕ ਗੁਰਦੁਆਰੇ ਦੀ ਇਮਾਰਤ ਨੂੰ ਨਵੇਂ ਸਿਰਿਓ ਬਣਾਇਆ ਸੀ। ਇਸ ਪਰਿਪੇਖ ਵਿਚ ਸ. ਕੁੰਦਨ ਸਿੱਖ ਪੰਥ ਦੀ ਕੋਈ ਮੰਨੀ ਪ੍ਰਮੰਨੀ ਸਖਸ਼ੀਅਤ ਸਨ ਜਿਨ੍ਹਾਂ ਦਾ ਨਾਮ ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣੀ ਡਾਇਰੀ ਵਿਚ ਵਿਸ਼ੇਸ਼ ਰੂਪ ਵਿਚ ਦਰਜ਼ ਕੀਤਾ ਹੈ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨੀਏ ਹੋਣ ਦੇ ਨਾਲ ਨਾਲ ਇੱਕ ਨਿਡਰ ਗੁਰਮਤਿ ਪ੍ਰਚਾਰਕ ਵੀ ਸਨ। 25 ਜੂਨ 1926 ਨੂੰ ਆਪ ਵਲੋਂ ਪਿੰਡ ਪਤਾਰਾ (ਜਿਲ੍ਹਾ ਜਲੰਧਰ) ਦਾ ਅਨੰਦ ਕਾਰਜ ਆਸਾ ਦੀ ਵਾਰ ਕਰਨ ਤੋਂ ਬਆਦ ਇਸ ਕਰਕੇ ਇੰਨਕਾਰ ਕਰ ਦਿੱਤਾ ਸੀ ਕਿਉਂਕਿ ਉਹ ਪਰਿਵਾਰ ਬ੍ਰਾਹਮਣੀ ਮਤ ਅਨੁਸਾਰ ਵਿਆਹ ਕਰਨਾ ਚਾਹੁੰਦਾ ਸੀ। ਆਪ ਨੇ ਇਸ ਗੱਲ ਦਾ ਵਿਰੋਧ ਕੀਤਾ ਅਤੇ ਬਿਨਾਂ ਕੋਈ ਭੇਟਾ ਲਏ ਉਥੋਂ ਵਾਪਸ ਆ ਗਏ।[50]

**2.6.5 ਵੱਖ-ਵੱਖ ਰਿਆਸਤਾਂ ਨਾਲ ਕੀਰਤਨ ਸਬੰਧ:** ਰਾਗੀ ਭਾਈ ਜੁਵਾਲਾ ਸਿੰਘ ਦੇ ਸਮੇਂ ਪੰਜਾਬ ਵੱਖ-ਵੱਖ ਰਿਆਸਤਾਂ ਵਿਚ ਵੰਡਿਆ ਹੋਇਆ ਸੀ ਜਿਵੇਂ ਪਟਿਆਲਾ ਰਿਆਸਤ, ਨਾਭਾ ਰਿਆਸਤ, ਫਰੀਦਕੋਟ ਰਿਆਸਤ, ਕਪੂਰਥਲਾ ਰਿਆਸਤ ਆਦਿ। ਬਾਵਜੂਦ ਇਸ ਦੇ ਪੰਜਾਬ 'ਤੇ ਅੰਗਰੇਜ਼ਾਂ ਦਾ ਹੀ ਰਾਜ ਸੀ। ਰਾਗੀ ਭਾਈ ਜੁਵਾਲਾ ਸਿੰਘ ਦਾ ਇਨ੍ਹਾਂ ਸਾਰੀਆਂ ਰਿਆਸਤਾਂ ਵਿਚ ਵਿਸ਼ੇਸ਼ ਸਤਿਕਾਰ ਹੁੰਦਾ ਰਿਹਾ ਹੈ ਤੇ ਆਪ ਖਾਸ ਮੌਕੇ 'ਤੇ ਇਨ੍ਹਾਂ ਰਿਆਸਤਾਂ ਵਿਚ ਕੀਰਤਨ ਕਰਨ ਵੀ ਜਾਂਦੇ ਰਹੇ। ਇਨ੍ਹਾਂ ਦਾ ਹਵਾਲਾ ਆਪ ਦੀ ਹੱਥ ਲਿਖਤ ਡਾਇਰ ਵਿਚੋਂ ਮਿਲ ਜਾਂਦਾ ਹੈ। ਆਪ ਨੇ 8 ਦਸੰਬਰ 1919 ਨੂੰ ਨਾਭੇ ਮਹਾਰਾਜੇ ਦੇ ਮਹਿਲਾਂ ਵਿਚ ਕੀਰਤਨ ਕੀਤਾ। ਇਸ ਦੇ ਨਾਲ-ਨਾਲ ਆਪ ਨੇ ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨਾਲ ਵੀ ਮੁਲਾਕਾਤ ਕੀਤੀ।[51] ਭਾਈ ਕਾਨ੍ਹ ਸਿੰਘ ਨਾਭਾ ਨਾਲ ਆਪ ਦੀ ਕਾਫੀ ਨੇੜਤਾ ਸੀ ਜਿਸ ਦਾ ਜ਼ਿਕਰ ਅੱਗੇ ਆਵੇਗਾ। ਨਾਭਾ ਰਿਆਸਤ ਤੋਂ ਬਆਦ ਫਰੀਦਕੋਟ ਮਹਾਰਾਜੇ ਦੇ ਅਨੰਦ ਕਾਰਜ ਵਿਸ਼ੇਸ਼ ਤੌਰ

'ਤੇ ਆਪ ਵਲੋਂ ਕਰਵਾਏ ਗਏ।[52] ਮਹਾਰਾਜਾ ਕਪੂਰਥਲਾ ਦੀ ਰਿਆਸਤ ਵਿਚ ਤਾਂ ਆਪ ਰਹਿੰਦੇ ਹੀ ਸੀ। ਉਹ ਵੀ ਆਪ ਦਾ ਕੀਰਤਨ ਵਿਸ਼ੇਸ਼ ਰੂਪ ਵਿਚ ਸਰਵਣ ਕਰਦੇ ਸਨ ਜਿਸ ਦਾ ਜ਼ਿਕਰ ਵੀ ਅੱਗੇ ਆਵੇਗਾ।

**2.6.6 ਪੰਥਕ ਕਾਰਜਾਂ ਅਤੇ ਮੋਰਚਿਆਂ ਵਿਚ ਕੀਰਤਨ:** ਸਿੱਖ ਧਰਮ ਦੇ ਪ੍ਰਚਾਰ ਪਾਸਾਰ ਹਿਤ 19ਵੀਂ ਸਦੀ ਵਿਚ *ਸਿੰਘ ਸਭਾ ਲਹਿਰ* ਸ਼ੁਰੂ ਹੋਈ। ਚੀਫ਼ ਖਾਲਸਾ ਦੀਵਾਨ ਜੋ ਕਿ ਸਿੰਘ ਸਭਾ ਲਹਿਰ ਦਾ ਹੀ ਅਜੋਕਾ ਪ੍ਰਵਰਤਿਤ ਰੂਪ ਸੀ 1902 ਈਸਵੀ ਵਿਚ ਸਥਾਪਿਤ ਹੋਇਆ।[53] ਇਹ ਖਾਲਸਾ ਪੰਥ ਦੀਆਂ ਸਿਰਮੌਰ ਸੰਸਥਾਵਾਂ ਸਨ ਜਿਨ੍ਹਾਂ ਦਾ ਮੁੱਖ ਕਾਰਜ ਗੁਰਮਤਿ ਪ੍ਰਚਾਰ ਕਰਨਾ, ਸਿੱਖ ਧਰਮ ਨਾਲ ਸਬੰਧਤ ਸਾਹਿਤ ਨੂੰ ਛਪਵਾਉਣਾ ਅਤੇ ਪਿੰਡਾਂ ਵਿਚ ਲੋਕਾਂ ਨੂੰ ਗੁਰਮਤਿ ਪ੍ਰਤੀ ਜਾਗਰੂਕ ਕਰਨਾ ਆਦਿ ਸੀ। ਇਸ ਦੇ ਲਈ ਇਨ੍ਹਾਂ ਸੰਸਥਾਵਾਂ ਵਲੋਂ ਸਾਲ 'ਚ ਇੱਕ ਵਾਰ ਕਈ ਸਭਾਵਾਂ ਤੇ ਕਾਨਫਰੰਸਾਂ ਵੱਖੋ ਵੱਖਰੇ ਸ਼ਹਿਰਾਂ ਵਿਚ ਕਰਵਾਈਆਂ ਜਾਂਦੀਆਂ ਰਹੀਆਂ ਸਨ। ਇਨ੍ਹਾਂ ਵਿਚ ਸਿੱਖ ਪੰਥ ਦੇ ਸਿਰਮੌਰ ਪ੍ਰਚਾਰਕ, ਵਿਦਵਾਨ, ਕੀਰਤਨੀਆਂ ਆਦਿ ਨੂੰ ਵਿਸ਼ੇਸ਼ ਰੂਪ ਵਿਚ ਸੱਦਿਆ ਜਾਂਦਾ ਸੀ। ਅਜਿਹੇ ਹੀ ਕਈ ਸਮਾਗਮਾਂ ਵਿਚ ਅਕਸਰ ਰਾਗੀ ਭਾਈ ਜੁਵਾਲਾ ਸਿੰਘ ਨੂੰ ਵੀ ਕੀਰਤਨ ਹਿਤ ਬੁਲਾਇਆ ਜਾਂਦਾ ਰਿਹਾ ਜਿਨ੍ਹਾਂ ਵਿਚ ਚੀਫ਼ ਖਾਲਸਾ ਦੀਵਾਨ ਵਲੋਂ ਸੰਨ 1909 ਵਿਚ ਵਿੱਦਿਅਕ ਕਾਨਫਰੰਸ ਤਰਨਤਾਰਨ,[54] 20 ਤੋਂ 22 ਅਪ੍ਰੈਲ 1916 ਵਿਚ ਐਜੂਕੇਸ਼ਨ ਕਾਨਫਰੰਸ ਤਰਨਤਾਰਨ[55] ਆਦਿ।

ਰਾਗੀ ਭਾਈ ਜੁਵਾਲਾ ਸਿੰਘ ਦੀ ਇਸ ਜਥੇਬੰਦੀ ਦੇ ਵੱਡੇ ਜਰਨੈਲ ਮੋਤਾ ਸਿੰਘ ਨਾਲ ਕਾਫੀ ਨੇੜਤਾ ਸੀ। ਇਨ੍ਹਾਂ ਤੋਂ ਇਲਾਵਾ ਜਥੇਦਾਰ ਕਿਸ਼ਨ ਸਿੰਘ ਗੜਗੱਜ, ਭਾਈ ਧੰਨਾ ਸਿੰਘ ਬਹਿਬਲਪੁਰੀ, ਭਾਈ ਸੁੰਦਰ ਸਿੰਘ, ਭਾਈ ਕਰਤਾਰ ਸਿੰਘ ਗੋਂਦਪੁਰ ਆਦਿ ਨਾਲ ਵੀ ਆਪ ਦਾ ਮੇਲ ਜੋਲ ਰਿਹਾ। ਆਪ ਬੱਬਰਾਂ ਦੀ ਵੇਲੇ ਕੁਵੇਲੇ ਮਾਇਆ ਤੇ ਘਰ ਵਿਚ ਪਨਾਹ ਆਦਿ ਦੇ ਕੇ ਮਦਦ ਕਰਦੇ ਰਹੇ।[56] ਇਨ੍ਹਾਂ ਬੱਬਰਾਂ ਵਲੋਂ ਆਪਣੀਆਂ ਕਾਨਫਰੰਸਾਂ ਉਲੀਕੀਆਂ ਜਾਂਦੀਆਂ ਰਹੀਆਂ ਸਨ। ਇਸੇ ਸੰਦਰਭ ਵਿਚ ਮਾਸਟਰ ਤਾਰਾ ਸਿੰਘ ਨੇ ਆਪਣੇ ਪਿੰਡ ਪਤਾਰਾ ਵਿਖੇ ਪੋਲੀਟੀਕਲ ਕਾਨਫਰੰਸ ਰੱਖੀ ਜਿਸ ਵਿਚ ਕੀਰਤਨ ਹਿਤ ਰਾਗੀ ਭਾਈ ਜੁਵਾਲਾ ਸਿੰਘ ਨੂੰ ਹੀ ਬੁਲਾਇਆ ਗਿਆ। ਇਸ ਵਿਚ ਆਪ ਨੇ *ਰਾਜੇ ਸ਼ੀਹ ਮੁਕੰਦਮ ਕੁੱਤੇ* ਸ਼ਬਦ ਦਾ ਗਾਇਨ ਵਿਚਾਰ ਸਹਿਤ ਇਸ ਤਰ੍ਹਾਂ ਕੀਤਾ ਕਿ ਸਰਕਾਰੀ ਸੂਹੀਏ ਆਪ ਉੱਤੇ ਦੇਸ਼ ਧ੍ਰੋਹ ਦਾ ਕੇਸ਼ ਬਣਾਉਣ ਬਾਰੇ ਸੋਚਣ ਲੱਗੇ।[57]

21 ਫਰਵਰੀ 1921 ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਕੌਮ ਦਾ ਇੱਕ ਬਹੁਤ ਵੱਡਾ ਦੁਖਾਂਤ ਵਾਪਰਿਆ ਜਿਸ ਨੇ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ ਸੀ। ਨਨਕਾਣਾ ਸਾਹਿਬ ਦੇ ਇਸ ਦੁਖਾਂਤ ਵਿਚ 150 ਸਿੰਘਾਂ ਨੂੰ ਗੋਲੀਆਂ, ਬਰਛਿਆਂ, ਮਿੱਟੀ ਦਾ ਤੇਲ ਪਾ ਕੇ, ਗੰਡਾਸਿਆਂ ਆਦਿ ਨਾਲ ਟੁੱਕ ਕੇ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਸਿੰਘਾਂ ਦੇ ਅੰਤਿਮ ਸੰਸਕਾਰ ਹਿਤ ਸਾਂਝਾ ਅੰਗੀਠਾ ਤਿਆਰ ਕੀਤਾ ਗਿਆ ਜਿਸ 'ਤੇ ਖਾਲਸਾ ਪੰਥ ਦਾ ਭਾਰੀ ਇਕੱਠ ਸੀ।[58] ਸੰਗਤਾਂ ਦੇ ਜੋਸ਼ ਤੇ ਵੈਰਾਗ ਨਾਲ ਭਰੇ ਇਕੱਠ 'ਤੇ ਰਾਗੀ ਭਾਈ ਜੁਵਾਲਾ ਸਿੰਘ ਨੇ *ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ॥* (ਗੁਰੂ ਗ੍ਰੰਥ ਸਾਹਿਬ ਪੰਨਾ 723) ਆਦਿ ਸ਼ਬਦਾਂ ਦਾ ਕੀਰਤਨ ਕਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਉੱਥੇ ਸਮੇਂ ਦੀ ਸਰਕਾਰ ਪ੍ਰਤਿ ਆਪਣਾ ਰੋਸ ਦਰਜ਼ ਕਰਵਾਇਆ।[59]

ਰਾਗੀ ਭਾਈ ਜੁਵਾਲਾ ਸਿੰਘ ਦਾ ਸਿੱਖ ਧਰਮ ਅਤੇ ਦੇਸ਼ ਕੌਮ ਲਈ ਤਤਪਰ ਰਹਿਣ ਵਾਲੀਆਂ ਸਖਸ਼ੀਅਤਾਂ ਨਾਲ ਬੜੀ ਨੇੜ੍ਹਤਾ ਰਹੀ ਹੈ। ਇਨ੍ਹਾਂ ਵਿੱਚੋਂ ਸ. ਹਰਬੰਸ ਸਿੰਘ ਅਟਾਰੀ ਜੋ ਕਿ ਪ੍ਰਸਿੱਧ ਸਿੱਖ ਜਰਨੈਲ ਸ਼ਾਮ ਸਿੰਘ ਅਟਾਰੀ ਦੇ ਪੋਤਰੇ ਸਨ, ਇੱਕ ਸੀ। ਆਪ ਪਹਿਲਾਂ ਪਹਿਲ ਫਿਰੋਜਪੁਰ ਵਿਖੇ ਅਹੁਦੇਦਾਰ ਰਹੇ ਤੇ ਫਿਰ ਚੀਫ਼ ਖਾਲਸਾ ਦੀਵਾਨ ਨਾਲ ਮਿਲ ਦੇ ਕੌਮੀ ਕੰਮਾਂ ਵਿਚ ਸਰਗਰਮ ਰਹੇ। ਰਾਗੀ ਭਾਈ ਜੁਵਾਲਾ ਸਿੰਘ ਨਾਲ ਆਪ ਦੀ ਅਕਸਰ ਮੁਲਾਕਾਤ ਹੁੰਦੀ ਰਹਿੰਦੀ ਸੀ। ਅਜਿਹੀ ਇੱਕ ਘਟਨਾ ਦਾ ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣੀ ਡਾਇਰੀ ਵਿਚ ਜ਼ਿਕਰ ਕੀਤਾ ਹੈ। ਇਹ ਮੁਲਾਕਾਤ ਆਪ ਦੀ ਸ਼ਿਮਲੇ ਵਿਖੇ ਹੋਈ।[60]

ਰਾਗੀ ਭਾਈ ਜੁਵਾਲਾ ਸਿੰਘ ਨੇ ਅੰਗਰੇਜਾਂ ਦੇ ਵਿਰੁਧ ਸਿੰਘਾਂ ਵਲੋਂ ਲਗਾਏ ਚਾਬੀਆਂ ਦੇ ਮੋਰਚੇ ਵਿਚ ਹਿੱਸਾ ਲਿਆ। ਚਾਬੀਆਂ ਦਾ ਮੋਰਚਾ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਨਾਲ ਸਬੰਧਤ ਹੈ। ਇਹ ਮੋਰਚਾ ਸਿੱਖਾਂ ਵਲੋਂ 11ਤੇ 12 ਨਵੰਬਰ 1921 ਨੂੰ ਲਾਇਆ ਗਿਆ ਸੀ ਜੋ ਕਿ 17 ਜਨਵਰੀ 1922 ਤਕ ਚੱਲਿਆ।[61] ਇਸ ਕਾਰਜ ਹਿਤ ਇੱਕਜੁੱਟ ਸੰਗਤਾਂ ਦੇ ਇੱਕਠ ਵਿਚ ਆਪ ਨੇ ਬੀਰ ਰਸੀ ਕੀਰਤਨ ਅਤੇ ਵਿਚਾਰਾਂ ਨਾਲ ਮੋਹਰੀ ਭੂਮਿਕਾ ਨਿਭਾਈ।[62]

ਗੁਰੂ ਕੇ ਬਾਗ ਦਾ ਮੋਰਚਾ ਜੋ ਅਗਸਤ 1922 ਈਸਵੀ ਨੂੰ ਸ਼ੁਰੂ ਹੋਇਆ ਸੀ। ਇਸ ਮੋਰਚੇ ਦਾ ਉਦੇਸ਼ ਮਹੰਤ ਸੁੰਦਰ ਦਾਸ ਦੇ ਕਬਜੇ ਤੋਂ ਗੁਰਦੁਆਰਾ ਗੁਰੂ ਕਾ ਬਾਗ ਨੂੰ ਮੁਕਤ ਕਰਵਾਉਣਾ ਸੀ। ਇਸ

ਸੰਦਰਭ ਵਿਚ ਸ੍ਰੀ ਅਕਾਲ ਤਖਤ ਤੋਂ ਸੌ-ਦੋ-ਸੌ ਸਿੰਘਾਂ ਦੇ ਜਥੇ ਗੁਰੂ ਕੇ ਬਾਗ ਵੱਲ ਕੂਚ ਕਰਦੇ ਸਨ। ਇਸ ਸਬੰਧ ਵਿਚ ਪਹਿਲਾ 200 ਸਿੰਘਾਂ ਦਾ ਜਥਾ 31 ਅਗਸਤ ਨੂੰ ਰਵਾਨਾ ਹੋਇਆ ਸੀ।[63] ਇਸ ਮੋਰਚੇ ਵਿਚ ਰਾਗੀ ਭਾਈ ਜੁਵਾਲਾ ਸਿੰਘ ਨੇ 12 ਸਤੰਬਰ ਤੋਂ 16 ਸਤੰਬਰ 1922 ਤਕ ਜਥੇ ਸਮੇਤ ਸ੍ਰੀ ਅਕਾਲ ਸਾਹਿਬ 'ਤੇ ਸਿੰਘਾਂ ਦੇ ਵੱਡੇ ਇੱਕਠ ਵਿਚ ਕੀਰਤਨ ਤੇ ਗੁਰ ਇਤਿਹਾਸ ਦੀਆਂ ਵਿਚਾਰਾਂ ਕਰ ਆਪਣੀ ਹਾਜ਼ਰੀ ਲਗਵਾਉਂਦੇ ਰਹੇ।[64]

ਜੈਤੋਂ ਦਾ ਮੋਰਚਾ ਗੁਰਦੁਆਰਾ ਸੁਧਾਰ ਲਹਿਰ ਨਾਲ ਸਬੰਧਤ ਹੈ ਜੋ ਸਤੰਬਰ 1923 ਈਸਵੀ ਨੂੰ ਸ਼ੁਰੂ ਹੋਇਆ। ਇਹ ਮੋਰਚਾ 5 ਜੁਲਾਈ 1925 ਤਕ ਚੱਲਿਆ ਜਿਸ ਸਮੇਂ ਦੌਰਾਨ 50 ਤੋਂ 100 ਦੇ ਕਰੀਬ ਸਿੰਘ ਸ਼ਹੀਦ ਹੋਏ। ਇਸ ਮੋਰਚੇ ਵਿਚ ਪਹਿਲੇ ਪਹਿਲ 25-25 ਸਿੰਘ ਜਾਂਦੇ ਸਨ ਬਆਦ ਵਿਚ 500-500 ਸਿੰਘਾਂ ਦੇ ਜਥੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜੈਤੋ ਫਰੀਦਕੋਟ ਲਈ ਜਾਂਦੇ ਰਹੇ। ਰਾਗੀ ਭਾਈ ਜੁਵਾਲਾ ਸਿੰਘ ਨੂੰ ਪਹਿਲੇ 500 ਦੇ ਜਥੇ ਨਾਲ ਕੀਰਤਨ ਹਿਤ ਅਖਬਾਰੀ ਸੂਚਨਾ ਦੇ ਤਹਿਤ ਸੁਨੇਹਾ ਪਹੁੰਚਾਇਆ ਗਿਆ। ਉਸ ਵਕਤ ਆਪ ਸਿੰਧ (ਹੁਣ ਪਾਕਿਸਤਾਨ ਵਿਚ) ਕੀਰਤਨ ਹਿਤ ਗਏ ਹੋਏ ਸੀ। ਆਪ ਨੇ ਜਦੋਂ ਅਖਬਾਰ ਵਿਚ ਇਹ ਖਬਰ ਪੜ੍ਹੀ ਤਾਂ ਆਪ ਆਪਣੇ ਸਾਰੇ ਪ੍ਰੋਗਰਾਮ ਸਮੇਟ ਕੇ ਵਾਪਸ ਸ੍ਰੀ ਅਕਾਲ ਤਖਤ, ਅੰਮ੍ਰਿਤਸਰ ਵਿਖੇ ਹਾਜ਼ਰ ਹੋਏ। ਉਸ ਜਥੇ ਦਾ ਜਿੱਥੇ ਵੀ ਪੜਾਅ ਹੁੰਦਾ ਉੱਥੇ ਦੀਵਾਨ ਸਜਾਏ ਜਾਂਦੇ। ਆਪ ਕੀਰਤਨ ਕਰਕੇ ਸੰਗਤਾਂ ਵਿਚ ਜੋਸ਼ ਭਰਦੇ ਰਹੇ। ਆਖਰ ਆਪ ਨੇ ਇਸ ਜਥੇ ਸਮੇਤ ਜੈਤੋ ਲਾਗੇ ਗ੍ਰਿਫ਼ਤਾਰੀ ਦਿੱਤੀ।[65]

ਭਾਈ ਸਵਰਣ ਸਿੰਘ (ਰਾਗੀ ਭਾਈ ਜੁਵਾਲਾ ਸਿੰਘ ਜੀ ਦੇ ਕੀਰਤਨੀ ਜੱਥੇ ਦੇ ਜੋੜੀਵਾਦਕ) ਦੇ ਹਵਾਲੇ ਨਾਲ ਰਾਗੀ ਭਾਈ ਜੁਵਾਲਾ ਸਿੰਘ ਦੇ ਸਾਲ ਵਿਚ ਚਾਰ ਪ੍ਰੋਗਰਾਮ ਪੱਕੇ ਸਨ ਜਿੱਥੇ ਉਹ ਹਰ ਹਾਲਤ ਵਿਚ ਪਹੁੰਚਦੇ ਸਨ। ਪਹਿਲਾ ਪ੍ਰਥਮ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਜੀਠੇ ਦੇ ਸਰਦਾਰ ਸੁੰਦਰ ਸਿੰਘ ਦੀ ਸ਼ੂਗਰ ਮਿੱਲ ਵਿਚ ਗੋਰਖਪੁਰ ਵਿਖੇ; ਦੂਸਰਾ ਪਟਨਾ, ਟਾਟਾ ਨਗਰ, ਗਯਾ; ਤੀਸਰਾ 26 ਮਾਘ ਮੇਲਾ ਜੋਹਲ ਪਿੰਡ ਵਿਖੇ ਚਾਹ ਵਾਲੇ ਸੰਤਾਂ ਦੇ ਡੇਰੇ ਵਿਖੇ; ਚੌਥਾ 23 ਫੱਗਣ ਬੋਪਾਰਾਏ ਵਿਖੇ ਕੀਰਤਨ ਹਿਤ ਆਪ ਹਮੇਸ਼ਾਂ ਪਹੁੰਚਦੇ ਸਨ। ਬਾਅਦ ਵਿਚ ਇੱਥੇ ਕਾਫੀ ਲੰਬਾ ਸਮਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਕੀਰਤਨ ਦੀ ਹਾਜ਼ਰੀ ਭਰਦੇ ਰਹੇ।[66]

ਰਾਗੀ ਭਾਈ ਜੁਵਾਲਾ ਸਿੰਘ ਨੇ ਦੂਰ-ਦੂਰ ਤਕ ਕੀਰਤਨ ਰਾਹੀਂ ਗੁਰਮਤਿ ਅਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ ਕੀਤਾ। ਆਪ ਨੇ ਸਿੰਧ, ਮੁਲਤਾਨ, ਲਾਹੌਰ, ਸ੍ਰੀ ਦਰਬਾਰ ਸਾਹਿਬ, ਹੁਸ਼ਿਆਰਪੁਰ, ਸ੍ਰੀ ਅਨੰਦਪੁਰ ਸਾਹਿਬ, ਸ਼ਿਮਲਾ, ਗੋਰਖਪੁਰ, ਪਾਉਂਟਾ ਸਾਹਿਬ, ਹਰਿਦੁਆਰ, ਪਟਨਾ, ਗਯਾ, ਟਾਟਾ ਨਗਰ, ਦਿੱਲੀ, ਹਜ਼ੂਰ ਸਾਹਿਬ ਆਦਿ ਅਨੇਕ ਗੁਰ ਅਸਥਾਨਾਂ 'ਤੇ ਕੀਰਤਨ ਕੀਤਾ। ਇਸ ਦਾ ਵਿਸਥਾਰ ਉੱਪਰ ਕੀਤਾ ਜਾ ਚੁੱਕਾ ਹੈ। ਇਸ ਤੋਂ ਆਪ ਦੀ ਕੀਰਤਨ ਪ੍ਰਤੀ ਸਮਰਪਿਤ ਭਾਵਨਾ ਦੇ ਦਰਸ਼ਨ ਹੁੰਦੇ ਹਨ। ਸਿੱਖ ਸਮਾਜ ਦੇ ਹਰ ਵੱਡੇ ਸਮਾਗਮ ਵਿਚ ਆਪ ਨੇ ਆਪਣੀ ਹਾਜ਼ਰੀ ਲਗਵਾਈ ਹੈ। ਸਿੱਖ ਸਮਾਜ ਹੀ ਨਹੀਂ ਸਗੋਂ ਗੈਰ ਸਿੱਖਾਂ ਦੇ ਵੱਡੇ ਸਿਆਸੀ ਸਮਾਗਮਾਂ ਵਿਚ ਕੀਰਤਨ ਹਿਤ ਆਪ ਨੂੰ ਪਹਿਲ ਦੇ ਅਧਾਰ 'ਤੇ ਬੁਲਾਇਆ ਜਾਂਦਾ ਰਿਹਾ। ਇਸ ਤੋਂ ਇਹ ਪ੍ਰਤੱਖ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਤੋਂ ਉਨ੍ਹਾਂ ਦੀ ਸਖਸ਼ੀਅਤ ਅਤੇ ਸੰਗੀਤਕ ਕਲਾ ਕਰਕੇ ਸਿੱਖ ਸਮਾਜ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹਸਤੀਆਂ ਖਾਸ਼ ਤੌਰ 'ਤੇ ਕੀਰਤਨ ਕਰਵਾਉਂਦੀਆਂ ਸਨ।

## 2.7 ਰਾਗੀ ਭਾਈ ਜੁਵਾਲਾ ਸਿੰਘ: ਸੰਗੀਤ ਵਿਦਵਾਨ

ਭਾਈ ਜੁਵਾਲਾ ਸਿੰਘ ਦੇ ਜਥੇ ਦਾ ਛੇਤੀ ਹੀ ਸਿੱਖ ਜਗਤ ਵਿਚ ਬਹੁਤ ਸਤਿਕਾਰ ਹੋਣ ਲੱਗਾ ਸੀ ਜਿਸ ਕਾਰਨ ਉਨ੍ਹਾਂ ਨੂੰ ਸਿੱਖ ਜਗਤ ਦੇ ਵਿਸ਼ੇਸ਼ ਸਮਾਗਮਾਂ ਵਿਚ ਪਹਿਲ ਦੇ ਤੌਰ ਤੇ ਬੁਲਾਇਆ ਜਾਂਦਾ ਸੀ। ਭਾਈ ਜੁਵਾਲਾ ਸਿੰਘ ਦੇ ਵਿਸ਼ੇਸ਼ ਕੀਰਤਨ ਸਮਾਗਮਾਂ ਵਿਚੋਂ ਜੋ ਉਨ੍ਹਾਂ ਦੀ ਸੰਗੀਤਕ ਮੁਹਾਰਤ ਤੋਂ ਵੀ ਜਾਣੂ ਕਰਵਾਉਂਦੇ ਹਨ, ਉਹ ਇਸ ਪ੍ਰਕਾਰ ਹਨ:

ਭਾਈ ਸਾਹਿਬ ਬਾਬਾ ਵਸਾਵਾ ਸਿੰਘ ਤੋਂ ਸੰਗੀਤ ਦੀ ਸਿੱਖਿਆ ਲੈ ਕੇ ਜਦੋਂ ਆਪ ਜਥੇ ਨਾਲ ਸਿੰਧ ਵਿਖੇ ਮਹੰਤ ਊਧੋ ਦਾਸ ਕੋਲ ਠਹਿਰੇ ਸਨ, ਉੱਥੇ ਇੱਕ ਰੇਲਵੇ ਦੇ ਵੱਡੇ ਅਫਸਰ ਦੇ ਘਰ ਵਿਚ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਹਿਤ ਸੰਗੀਤ ਸਮਾਰੋਹ ਰੱਖਿਆ ਹੋਇਆ ਸੀ। ਜਿਸ ਵਿਚ ਵੱਡੇ ਵੱਡੇ ਗਵੱਈਏ ਪਹੁੰਚੇ ਹੋਏ ਸਨ। ਭਾਈ ਜੁਵਾਲਾ ਸਿੰਘ ਨੂੰ ਵੀ ਇਸ ਵਿਚ ਸ਼ਾਮਿਲ ਹੋਣ ਦਾ ਸੱਦਾ ਮਿਲਿਆ ਹੋਇਆ ਸੀ। ਇਸ ਪੂਰੇ ਦ੍ਰਿਸ਼ ਨੂੰ ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਕਲਮ ਰਾਹੀਂ ਸ਼ਬਦਾਂ ਦੀ ਲੜੀ ਵਿਚ ਇਸ ਤਰ੍ਹਾਂ ਪਰੋਇਆ ਹੈ, "ਸੰਗੀਤ ਦਾ ਅਖਾੜਾ ਮਘਿਆ ਭਾਈ ਜੁਵਾਲਾ ਸਿੰਘ ਦੀ ਵਾਰੀ ਆਈ, ਸਾਜਾਂ ਦੀਆਂ ਤਾਰਾਂ ਉਤੇ ਹੱਥ ਫੇਰਕੇ ਸਾਜਿੰਦਿਆਂ ਨੂੰ ਨਾਲ ਲੈ ਕੇ ਜਦੋਂ ਧਰੁਪਦ, ਤਾਨਾਂ ਤੇ ਪਲਟੇ ਸੁਟੇ, ਇਕ ਤੋਂ ਬਾਅਦ ਦੂਜਾ ਰੰਗ

ਖਿੜ੍ਹਾਇਆ। ਸੁਰਗਰਮੀ ਨਾਲ ਬਿਖੜੀਆਂ ਸਰਗਮਾਂ ਗਾਈਆਂ, ਸਾਰਿਆਂ ਦੇ ਗਮ ਗਲਤ ਕਰ ਦਿੱਤੇ। ਸਰੋਤੇ ਰਸ ਮੁਗਧ ਹੋਏ, ਝੂਮ ਉਠੇ, ਸਭਨਾਂ ਦੇ ਹੱਥ ਤਾੜੀਆਂ ਵਜਾਉਣ ਲਗੇ। ਜਦੋਂ ਪਹਿਲੀ ਤਾਨ ਖਤਮ ਹੋਈ, ਤਾੜੀਆਂ ਦੇ ਨਾਲ ਵਾਹ ਵਾਹ ਦੀ ਧੁੰਨੀ ਗੂੰਜ ਉਠੀ। ਏਕ ਦਫਾ ਔਰ, ਏਕ ਦਫਾ ਔਰ ਸਭਾ ਵਿਚੋ਼ ਅਵਾਜ਼ਾਂ ਉਠਣ ਲੱਗੀਆਂ ਇਸ ਰੰਗ-ਬਰੰਗੀ ਉਚ ਪੱਧਰੀ ਸਭਾ ਵਿਚ ਸ਼ਾਬਾਸ਼ ਦੇਣ ਵਾਲੇ ਅੰਗਰੇਜ਼ ਅਫਸਰ ਵੀ ਸਨ, ਸਮੇਤ ਮੇਮਾਂ ਦੇ। ਉਨ੍ਹਾਂ ਵਿਚੋਂ ਵੱਡੇ ਰੇਲਵੇ ਅਧਿਕਾਰੀ ਨੇ ਕਿਹਾ -ਮੈਂ ਇਨਕੋ ਭਾਰਤ ਭਰਮਣੇ ਕਾ ਪਾਸ ਬਨਾ ਦੇਤਾ ਹੂੰ।" [67]

ਰਾਗੀ ਭਾਈ ਜੁਵਾਲਾ ਸਿੰਘ ਦੀ ਸੰਗੀਤਕ ਕਲਾ ਪ੍ਰਤੀ ਰਬਾਬੀ ਕੀਰਤਨੀਆਂ ਦਾ ਵੱਖਰਾ ਰਵੱਈਆ ਬਣਦਾ ਜਾ ਰਿਹਾ ਸੀ ਜਿਸ ਨੂੰ ਆਪ ਨੇ ਸੰਗੀਤ ਕਲਾ ਦੇ ਰਾਹੀਂ ਦੂਰ ਕੀਤਾ। ਗੁਰਮਤਿ ਸੰਗੀਤ ਦੇ ਆਰੰਭ ਦੇ ਨਾਲ ਹੀ ਰਬਾਬੀ ਭਾਈ ਮਰਦਾਨੇ ਦੇ ਰੂਪ ਵਿਚ ਰਬਾਬੀ ਪਰੰਪਰਾ ਦਾ ਪ੍ਰਾਰੰਭ ਗੁਰਮਤਿ ਸੰਗੀਤ ਵਿਚ ਹੁੰਦਾ ਹੈ। ਪੰਜਵੇਂ ਗੁਰੂ ਅਰਜਨ ਦੇਵ ਦੇ ਸਮੇਂ ਤਕ ਗੁਰੂਘਰਾਂ ਵਿਖੇ ਰਬਾਬੀ ਕੀਰਤਨਕਾਰ ਹੀ ਸ਼ਬਦ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਭਾਈ ਸੱਤੇ ਬਲਵੰਡ ਦੇ ਨਰਾਜ ਹੋਣ 'ਤੇ ਜਦੋਂ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਕੀਰਤਨ ਦੀ ਦਾਤ ਬਖਸ਼ਿਸ਼ ਕੀਤੀ ਉਦੋਂ ਤੋਂ ਗੁਰੂ ਘਰ ਵਿਖੇ ਰਾਗੀ ਕੀਰਤਨੀਆਂ ਦਾ ਆਰੰਭ ਹੋਇਆ ਹੈ।[68] ਰਬਾਬੀ ਖਾਨਦਾਨੀ ਸੰਗੀਤਕਾਰ ਹੋਣ ਕਰਕੇ ਆਪਣੇ ਆਪ ਨੂੰ ਹਮੇਸ਼ਾ ਰਾਗੀਆਂ ਤੋਂ ਉਪਰ ਹੀ ਸਮਝਦੇ ਸਨ। ਹੋਣ ਵੀ ਕਿਉਂ ਨਾ, ਉਨ੍ਹਾਂ ਨੂੰ ਸੰਗੀਤ ਵਿਰਾਸਤ ਵਿਚ ਜੋ ਮਿਲਿਆ ਹੁੰਦਾ ਹੈ। ਭਾਵੇਂ ਗੁਰਮਤਿ ਵਿਚ *ਸਹਿਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥*[69] ਦੇ ਸਿਧਾਂਤ ਅਨੁਸਾਰ ਕੀਰਤਨ ਕਰਨ ਦੀ ਤਾਕੀਦ ਕੀਤੀ ਗਈ ਹੈ ਪਰ ਕਈ ਵਾਰ ਇਹ ਗੁਣ ਹੰਕਾਰ ਦਾ ਕਾਰਨ ਵੀ ਬਣ ਜਾਂਦਾ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਸਮਕਾਲੀ ਕਈ ਰਬਾਬੀ ਕੀਰਤਨੀਏ ਹੋਏ ਹਨ ਜਿਵੇਂ ਭਾਈ ਮੋਤੀ ਜੀ, ਭਾਈ ਚਾਂਦ ਜੀ ਆਦਿ। ਕਿਤੇ ਨਾ ਕਿਤੇ ਰਬਾਬੀ ਕੀਰਤਨੀਏ ਨੂੰ ਭਾਈ ਜੁਵਾਲਾ ਸਿੰਘ ਦੀ ਕੀਰਤਨ ਪ੍ਰਸਿੱਧੀ ਦਾ ਮਲਾਲ ਸੀ। ਇਸੇ ਕਾਰਨ ਇਕ ਵਾਰ ਰਬਾਬੀਆਂ ਵਲੋਂ ਭਾਈ ਜੁਵਾਲਾ ਸਿੰਘ ਦੇ ਸਾਜ਼ ਬਾਰੇ ਮਸਕਰੀ ਕੀਤੀ ਗਈ, ਜਿਸ ਤੇ ਭਾਈ ਸਾਹਿਬ ਨੇ ਬਣਦਾ ਯੋਗ ਜਵਾਬ ਦਿੱਤਾ ਤੇ ਕਿਹਾ ਕਿ ਇਹ ਸਾਰੰਗੀ ਦਾ ਘਰ ਵਾਲਾ ਹੈ। ਜਦੋਂ ਰਬਾਬੀਆਂ ਦੀਆਂ ਮਸਕਰੀਆਂ ਨਾ ਰੁੱਕੀਆਂ ਤਾਂ ਭਾਈ ਸਾਬ ਨੇ ਸੰਗੀਤ ਦੀ ਭਾਸ਼ਾ ਵਿਚ ਉਨ੍ਹਾਂ ਨੂੰ ਜਵਾਬ ਦਿੱਤਾ। ਗਿਆਨੀ ਗੁਰਦਿੱਤ ਸਿੰਘ ਇਸ ਘਟਨਾ ਨੂੰ ਇਸ ਤਰ੍ਹਾਂ ਕਲਮਬੰਦ ਕਰਦੇ ਹਨ,

"ਮਿਰਾਸੀਆਂ ਦਾ ਇਸ਼ਾਰਾ ਸਮਝ ਕੇ ਭਾਈ ਸਾਹਿਬ ਨੇ ਤਾਊਸ ਖੋਲ ਲਿਆ ਉਨ੍ਹਾਂ ਵੀ ਆਪਣੀ ਸਾਰੰਗੀਬਾਜਾਂ ਦੀ ਢਾਣੀ ਲਿਆ ਕੇ ਬਿਠਾ ਲਈ। ਏਧਰੋਂ ਓਧਰੋਂ ਤਮਾਸ਼ਬੀਨ ਵੀ ਪੁੱਜ ਗਏ। ਪਿੰਡ ਦੀ ਸੱਥ ਵਿਚ ਹੀ ਟਾਕਰਾ ਸ਼ੁਰੂ ਹੋ ਗਿਆ। ਭਾਈ ਸਾਹਿਬ ਨੇ ਮਿਰਾਸੀਆਂ ਨੂੰ ਅਜੇਹਾ ਪੈਰੋਂ ਕੱਢਿਆ, ਆਖਰ ਉਨ੍ਹਾਂ ਸਾਰੰਗੀ ਭਾਈ ਸਾਹਿਬ ਅੱਗੇ ਰੱਖ ਕੇ ਕਿਹਾ ਸਾਡੀ ਤੋਬਾ, ਭਾਈ ਸਾਹਿਬ ਜੀ ਇਹ ਸਚਮੁੱਚ ਹੀ ਸਾਰੰਗੀ ਦਾ ਘਰ ਵਾਲਾ ਹੈ" [70] ਇਹ ਘਟਨਾ ਪਿੰਡ ਸੰਗੋਜਲਾ ਦੀ ਹੈ। ਹਜ਼ੂਰੀ ਕੀਰਤਨੀਏ ਰਬਾਬੀ ਭਾਈ ਮੋਤੀ ਜੀ ਉੱਚ ਕੋਟੀ ਦੇ ਰਬਾਬੀ ਕੀਰਤਨੀਆਂ ਵਿੱਚੋਂ ਇੱਕ ਸਨ। ਰਬਾਬੀਆਂ ਨੇ ਸ਼ਰਾਰਤ ਨਾਲ ਭਾਈ ਜੁਵਾਲਾ ਸਿੰਘ ਦਾ ਮੁਕਾਬਲਾ ਭਾਈ ਮੋਤੀ ਜੀ ਨਾਲ ਕਰਵਾ ਦਿੱਤਾ। ਇਹ ਮੁਕਾਬਲਾ ਸਿਰਹਾਲੀ ਵਿਖੇ ਨਿਹੰਗ ਬਾਬਾ ਰਾਮ ਸਿੰਘ ਦੇ ਸਾਲਾਨਾ ਜੋੜ ਮੇਲੇ 'ਤੇ ਹੋਇਆ। ਰਬਾਬੀਆਂ ਨੇ ਆਪਣੇ ਸੁਭਾਅ ਅਨੁਕੂਲ ਟਿੱਚਰਾਂ ਤੇ ਮਾਖੌਲਾਂ ਦੇ ਨਾਲ ਪਹਿਲਾਂ ਹੀ ਮਾਹੌਲ ਬਣਾ ਰੱਖਿਆ ਹੋਇਆ ਸੀ ਜਿਸ ਨੂੰ ਗਿਆਨੀ ਗੁਰਦਿੱਤ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ:

"ਉਏ ਫੱਤੂ, ਸੁਣਿਆ ਸੈਦਪੁਰ ਦੇ ਤਰਖਾਣ, ਲੱਕੜੀ ਚੀਰਨ ਵਾਲੇ ਅੱਡੇ ਦੀਆਂ ਲੱਤਾਂ ਉਤੇ ਸੁਥੂ ਪਾਈ ਫਿਰਦੇ ਨੇ। ਭਈ ਮੈਂ ਵੀ ਦੇਖੇ ਨੇ, ਨਾਲ ਇਕ ਥਾਂ ਦਾ ਜੱਟ ਸਲੰਘ ਉਤੇ ਉਛਾੜ ਵੀ ਪਾਈ ਫਿਰਦੈ। ਪਰ ਉਨ੍ਹਾਂ ਪ੍ਰਭਾ ਲਈ ਤਾਂ ਕੋਈ ਗੱਲ ਸਲੰਘ ਭਰ ਏਧਰ ਹੁਵੇ ਸਲੰਘ ਭਰ ਓਧਰ ਹੋਵੇ, ਕੋਈ ਫਰਕ ਨਹੀਂ, ਪਰ ਇਹ ਤਰਖਾਣ ਤਾਂ ਕਹਿੰਦੇ ਨੇ ਚੀਰ ਵੀ ਸੂਤ ਉਤੇ ਸਿੱਧੇ ਪਾਉਂਦੇ ਨੇ ਏਨ੍ਹਾਂ ਦੀ ਸੁਰ ਕਿਵੇਂ ਬਣ ਗਈ? ਕੋਈ ਗੱਲ ਨਹੀਂ ਕਦੇ ਦੇਖਾਂਗੇ, ਕਿੰਨੇ ਕੁ ਤਾਕ ਨੇ।"[71]

ਗਿਆਨੀ ਗੁਰਦਿੱਤ ਸਿੰਘ ਇਸ ਮੁਕਾਬਲੇ ਨੂੰ ਖ਼ੂਬਸੂਰਤ ਤੇ ਰੌਚਕਤਾ ਨਾਲ ਬਿਆਨ ਇਸ ਤਰ੍ਹਾਂ ਕਰਦੇ ਹਨ, "ਭਾਈ ਮੋਤੀ ਦਾ ਜਥਾ ਵੀ ਪੁੱਜ ਗਿਆ। ਭਾਈ ਮੋਤੀ ਨਾਲ ਉੱਘਾ ਤਬਲਚੀ ਭਾਈ ਸੰਤੂ ਵੀ ਪੁੱਜਿਆ। ਸ਼ਰਤ ਇਹ ਲੱਗੀ ਕਿ ਜੋ ਜਥਾ ਹਾਰ ਜਾਵੇ, ਉਸਦੇ ਸਾਜ਼ ਦੂਜੇ ਦੇ ਹੋ ਜਾਣਗੇ। ਇਜ਼ਤ ਦਾ ਸਵਾਲ ਖੜ੍ਹਾ ਹੋ ਗਿਆ। ਜਿਸ ਰਾਗ ਨੂੰ ਇੱਕ ਜਥਾ ਗਾਵੇ, ਦੂਜਾ ਵੀ ਉਹੋ ਗਾਵੇ। ਧੁਰਪਦ(ਧਰੁਪਦ)-ਪੜਤਾਲਾਂ ਧਮਾਰ ਰੂਪਕਾਂ ਸਰਗਮਾਂ ਦਾ ਟਾਕਰਾ ਹੋਵੇ, ਜਿਸ ਦੀਆਂ ਰੀਤਾਂ ਮੁੱਕ ਜਾਣ, ਫਿਕੀਆਂ ਰਹਿਣ, ਬੇ-ਸੁਰੀਆਂ ਹੋ ਜਾਣ ਉਹ ਹਾਰਿਆ ਮੰਨਿਆ ਜਾਵੇਗਾ" [72] ਇਹ ਮੁਕਾਬਲਾ ਚਾਰ ਦਿਨ ਤਕ ਚਲਿਆ ਜਿਸ ਵਿਚ ਭਾਈ ਜੁਵਾਲਾ ਸਿੰਘ ਨੇ ਆਪਣੀ ਸੰਗੀਤ ਕਲਾ ਦੇ ਖ਼ੂਬ ਜੋਹਰ ਦਿਖਾਏ। ਭਾਈ ਮੋਤੀ ਜੀ ਦਾ ਆਪਣਾ ਨਾਮ ਸੀ ਤੇ

ਉਨ੍ਹਾਂ ਨਾਲ ਸਮੇਂ ਦਾ ਵੱਡਾ ਤਬਲਾਵਾਦਕ ਸੀ। ਪਹਿਲੇ ਦਿਨ ਉਨ੍ਹਾਂ ਖ਼ੂਬ ਰੰਗ ਬੰਨਿਆ। ਗਿਆਨੀ ਗੁਰਦਿੱਤ ਸਿੰਘ ਲਿਖਦੇ ਹਨ ਕਿ, "ਪਹਿਲੇ ਦਿਨ ਭਾਈ ਜਵਾਲਾ (ਜੁਵਾਲਾ) ਸਿੰਘ[1] ਹੋਰਾਂ ਦਾ ਤਬਲਚੀ ਕੁਝ ਢਿੱਲਾ ਦੇਖ ਕੇ ਭਾਈ ਸਾਹਿਬ ਦੇ ਪ੍ਰੇਮੀ, ਜਗਤ ਸਿੰਘ, ਰਾਤੋਂ ਰਾਤ ਘੋੜੀ ਉੱਤੇ ਆਪ ਜਾਕੇ ਭਾਈ ਹਰਨਾਮ ਸਿੰਘ ਤਬਲਚੀ ਨੂੰ ਠੱਠੇ ਟਿੱਬੇ ਤੋਂ ਲੈ ਕੇ ਆਏ। ਸੁਰਾਂ ਦੇ ਭੇੜ ਨੇ ਵਾਯੂਮੰਡਲ ਵਿਚ ਭੜਥੂ ਪਾ ਦਿੱਤਾ। ਲੱਗੇ ਸੁਰਾਂ ਦੇ ਪੇਚੇ ਪੈਣ।(...)ਚਾਰ ਦਿਨ ਇਹ ਸੰਗੀਤ ਟਾਕਰਾ ਹੋਇਆ, ਟਾਕਰਾ ਉੱਘੇ ਰਬਾਬੀ ਨਾਲ ਸੀ, ਭਾਈ ਮੋਤੀ ਸ਼ਰੋਮਣੀ ਰਾਗੀਆਂ ਵਿਚ ਵੱਡਾ ਨਾਮ ਰਖਦਾ ਸੀ, ਉਸ ਪਾਸ ਰੀਤਾਂ ਦਾ ਬਹੁਤ ਖਜਾਨਾ ਸੀ, ਪਰ ਭਾਈ ਜਵਾਲਾ ਸਿੰਘ ਉਸ ਤੋਂ ਵੀ ਵਧੇਰੇ ਸੰਗੀਤ-ਧਨੀ ਸੀ, ਗੁਰਬਾਣੀ ਦੇ ਹਰ ਰਾਗ ਸਬੰਧਤ ਰੀਤਾਂ, ਰਾਗਾਂ ਗਾਇਕੀ ਦਾ ਇਤਨਾ ਭੰਡਾਰ ਸੀ ਕਿ ਚੌਥੇ ਦਿਨ ਰਬਾਬੀ ਮੋਤੀ ਨੇ ਹਥਿਆਰ ਸੁੱਟ ਦਿੱਤੇ । ਉਸ ਨੇ ਕਿਹਾ- ਜੋ ਮੇਰੇ ਪਾਸ ਸੰਗੀਤਕ ਰੀਤਾਂ ਤੇ ਹੁਨਰ ਸੀ, ਸਭ ਗਾ ਚੁਕਿਆ ਹਾਂ, ਹੁਣ ਮੇਰੇ ਕੋਲ ਭਾਈ ਜਵਾਲਾ ਸਿੰਘ ਦੇ ਟਾਕਰੇ ਲਈ ਕੁਝ ਸੁਨਾਉਣ ਨੂੰ ਨਹੀਂ। ਭਾਈ ਜਵਾਲਾ ਸਿੰਘ ਦੀ ਜਿੱਤ ਦੇ ਜੈਕਾਰੇ ਗੂੰਜ ਉਠੇ, ਭਾਈ ਮੋਤੀ ਨੇ ਆਪਣੇ ਸਾਜ਼ ਸਟੇਜ ਉਤੇ ਛੱਡ ਕੇ ਪ੍ਰਣਾਮ ਕਰਕੇ ਸਟੇਜ ਤੋਂ ਹੇਠਾਂ ਉਤਰ ਆਇਆ ਭਾਈ ਜਵਾਲਾ ਸਿੰਘ ਉਠੇ, ਸਤਿਕਾਰ ਨਾਲ ਉਨ੍ਹਾਂ (ਭਾਈ) ਮੋਤੀ ਰਬਾਬੀ ਦੇ ਸਾਜ਼ ਚੱਕੇ ਜੋ ਪਹਿਲਾਂ ਤਹਿ ਕੀਤੀ ਸ਼ਰਤ ਅਨੁਸਾਰ ਜੇਤੂ (ਜਵਾਲਾ ਸਿੰਘ ਜੀ) ਦੇ ਹੋ ਚੁਕੇ ਸਨ। ਭਾਈ ਸਾਹਿਬ ਹੁਰਾਂ ਦੀਵਾਨ ਵਿਚ ਸੰਬੋਧਨ ਕਰਦਿਆਂ ਕਿਹਾ, ਸਾਧ ਸੰਗਤ ਜੀ, ਇਹ ਸਾਜ਼, ਸ਼ਰਤ ਮੁਤਾਬਕ ਭਾਵੇਂ ਹੁਣ ਮੇਰੇ ਹੋ ਚੁੱਕੇ ਹਨ, ਪਰ ਭਾਈ ਮੋਤੀ ਕਿਉਂਕਿ ਸ੍ਰੀ ਦਰਬਾਰ ਸਾਹਿਬ ਦੇ ਕੀਰਤਨੀਏ ਹਨ, ਇਹ ਸਾਜ਼ ਮੈਂ ਉਨ੍ਹਾਂ ਦੀ (ਨੂੰ) ਹੀ ਭੇਟ ਕਰਦਾ ਹਾਂ।"[73] ਇਸ ਘਟਨਾ ਤੋਂ ਬਆਦ ਰਾਗੀ ਭਾਈ ਜੁਵਾਲਾ ਸਿੰਘ ਨਾਲ ਕਿਸੇ ਰਬਾਬੀ ਨੇ ਮੱਥਾ ਲਾਉਣ ਦਾ ਹੀਆ ਨਹੀਂ ਕੀਤਾ। ਇਸ ਘਟਨਾ ਤੋਂ ਜਿੱਥੇ ਰਾਗੀ ਭਾਈ ਜੁਵਾਲਾ ਸਿੰਘ ਦੀ ਸੰਗੀਤ ਕਲਾ ਵਿਚ ਪ੍ਰਬੀਨਤਾ ਪ੍ਰਤੱਖ ਹੁੰਦੀ ਹੈ ਉੱਥੇ ਉਨ੍ਹਾਂ ਦਾ ਕੀਰਤਨੀਆਂ ਪ੍ਰਤੀ ਸਤਿਕਾਰ ਤੇ ਨਿਮਰਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

---

[1] ਨੋਟ: ਸਿੰਘ ਸਭਾ ਪਤ੍ਰਿਕਾ ਦੇ *ਭਾਈ ਜਵਾਲਾ ਸਿੰਘ ਜੀ ਰਾਗੀ ਅੰਕ* ਵਿਚ ਭਾਈ ਜੁਵਾਲਾ ਸਿੰਘ ਦੇ ਨਾਮ ਦਾ ਸ਼ਬਦਜੋੜ [ਜ]ਵਾਲਾ ਸਿੰਘ ਦਰਜ਼ ਕੀਤਾ ਗਿਆ ਹੈ ਪ੍ਰੰਤੂ ਪੰਜਾਬੀ ਯੂਨੀਵਰਸਿਟੀ ਸਥਿਤ ਰਾਗੀ ਭਾਈ ਜੁਵਾਲਾ ਸਿੰਘ ਅਡੀਟੋਰੀਅਮ ਤੇ ਰਾਗੀ ਭਾਈ ਗੁਰਚਰਨ ਸਿੰਘ ਦੁਆਰਾ ਰਚਿਤ ਪੁਸਤਕ **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਵਿਚ ਸ਼ਬਦ ਜੋੜ ਜੁਵਾਲਾ ਸਿੰਘ ਹੀ ਅੰਕਿਤ ਹੈ। ਇਸ ਲਈ ਖੋਜਾਰਥੀ ਨੇ ਸ਼ਬਦ ਜੋੜ ਜੁਵਾਲਾ ਸਿੰਘ ਹੀ ਰੱਖੇ ਹਨ ਪਰ ਹਵਾਲਿਆਂ ਵਿਚ ਸ਼ਬਦ ਜੋੜ ਨਹੀਂ ਛੇੜਿਆ ਗਿਆ।

1909 ਵਿਚ ਤਰਨਤਾਰਨ ਵਿਖੇ ਹੋਈ ਸਿੱਖ ਐਜੂਕੇਸ਼ਨ ਕਾਨਫਰੰਸ ਵਿਚ ਤਤਕਾਲੀ ਪ੍ਰਸਿੱਧ ਤਬਲਚੀ ਭਾਈ ਹਰਨਾਮ ਸਿੰਘ ਦੇ ਸਪੁੱਤਰ ਭਾਈ ਪ੍ਰਤਾਪ ਸਿੰਘ ਨੇ ਇਕ ਇਕ ਕਰਕੇ ਸਾਰੇ ਕਲਾਕਾਰਾਂ ਨੂੰ ਆਪਣੀ ਕਲਾ ਦਾ ਲੋਹਾ ਮਨਵਾਇਆ। ਜਦੋਂ ਭਾਈ ਜੁਵਾਲਾ ਸਿੰਘ ਨੇ ਤਾਊਸ ਨਾਲ ਗਾਉਣਾ ਸ਼ੁਰੂ ਕੀਤਾ ਤਾਂ ਸ. ਪ੍ਰਤਾਪ ਸਿੰਘ ਨੇ ਉਨ੍ਹਾਂ ਨਾਲ ਬਾਖ਼ੂਬੀ ਤਬਲੇ ਦੀ ਸੰਗਤ ਕੀਤੀ ਪਰ ਭਾਈ ਜੁਵਾਲਾ ਸਿੰਘ ਜਿਥੇ ਕਈ ਸਾਲਾਂ ਦੀ ਤਪੱਸਿਆ ਨਾਲ ਹੁਨਰਬੰਦ ਰਾਗੀ ਸੀ, ਉੱਥੇ ਉਨ੍ਹਾਂ ਕੋਲ ਕਈ ਸਾਲਾਂ ਦਾ ਤਜਰਬਾ ਵੀ ਸੀ ਜੋ ਨੌਜਵਾਨ ਭਾਈ ਪ੍ਰਤਾਪ ਸਿੰਘ ਤੇ ਭਾਰੂ ਪਿਆ।[74] ਇਸ ਸੰਗੀਤ ਘਟਨਾ ਨੂੰ ਗਿਅਨੀ ਗੁਰਦਿੱਤ ਸਿੰਘ ਇਸ ਤਰ੍ਹਾਂ ਕਲਮਬੰਦ ਕਰਦੇ ਹਨ: " ਗਾਇਕ ਤੇ ਵਜੰਤਰੀ, ਉਹ ਪ੍ਰਬੀਨ ਮੰਨਿਆ ਜਾਂਦਾ ਹੈ ਜੋ ਬੇ-ਸੁਰਾ ਵੀ ਨਾ ਹੋਵੇ, ਪਰ ਆਪਣੀ ਗਾਇਕੀ ਵਿਚੋਂ ਤਬਲੇ ਵਾਲੇ ਨੂੰ ਕੋਈ ਲੜ ਵੀ ਨਾ ਫੜਾਏ, ਗਾਉਂਦਾ ਵਜਾਉਂਦਾ ਚਲਿਆ ਜਾਵੇ। ਤਬਲਚੀ ਪ੍ਰਤਾਪ ਸਿੰਘ ਦਾ ਵਧਿਆ ਅਭਿਮਾਨ ਆਖਰ ਟੁੱਟਣਾ ਹੀ ਸੀ। ਭਾਈ ਜੁਵਾਲਾ ਸਿੰਘ ਨੇ ਹੱਥਾਂ ਵਿਚ ਸਾਜ਼ ਲਏ ਝੱਟ ਉਸਦੇ ਪਿਤਾ, ਭਾਈ ਹਰਨਾਮ ਸਿੰਘ ਨੇ ਆਪਣੇ ਪੁਤਰ (ਪੁੱਤਰ) ਨੂੰ ਕਿਹਾ, 'ਲੈ ਪੁਤਰਾ ਹੁਣ ਕਰ ਲੈ ਦੋ ਹੱਥ ਅੱਗੇ ਵੀ ਭਾਈ ਜਵਾਲਾ ਸਿੰਘ ਹੈ' ਭਾਈ ਜਵਾਲਾ ਸਿੰਘ ਨੇ ਸੰਗੀਤ ਦੇ ਖ਼ੂਬ ਜੌਹਰ ਦਿਖਾਏ, ਤਬਲੇ ਵਾਲੇ ਪ੍ਰਤਾਪ ਸਿੰਘ ਨੇ ਵੀ ਕਸਰਾਂ ਕੱਢ ਛੱਡੀਆਂ। (...) ਦੋਵਾਂ ਹੁਨਰਮੰਦਾਂ ਇਸ ਕਲਾ (ਮਕਾਨ ਲਾਉਣਾ)[1] ਦੇ ਉਹ ਕਮਾਲ ਦਿਖਾਏ ਕਿ ਸਰੋਤੇ ਫੜਕ ਉਠੇ। ਪ੍ਰਤਾਪ ਸਿੰਘ ਪਹਿਲੀ ਵਾਰ ਖੁੱਲਾ ਨਾ ਖੇਡ ਸਕਿਆ।"[75]

ਗਿਆਨੀ ਗੁਰਦਿੱਤ ਸਿੰਘ ਭਾਈ ਅਰਜਨ ਸਿੰਘ ਤਰੰਗੜ ਦੇ ਹਵਾਲੇ ਲਿਖਦੇ ਹਨ ਕਿ ਨਾਮਧਾਰੀ ਮੁਖੀ ਬਾਬਾ ਪ੍ਰਤਾਪ ਸਿੰਘ ਉਸ ਨੂੰ ਉਸ ਦੇ ਤਬਲੇ ਦੇ ਗੁਣ ਕਰਕੇ ਭੈਣੀ ਸਾਹਿਬ ਲੈ ਗਏ ਸਨ। ਇਸ ਉੱਤੇ ਉਨ੍ਹਾਂ ਦੇ ਪਿਤਾ ਜੀ ਨੇ ਵਿਰੋਧ ਜਿਤਾਇਆ ਕਿਹਾ ਕਿ "ਤੈਨੂੰ ਇਸ ਲਈ ਗੁਣਵਾਨ ਨਹੀਂ ਬਣਾਇਆ ਸੀ ਕਿ ਤੂੰ ਗੁਰੂ ਘਰ ਦੀ ਹਮਸਰੀ ਕਰਨ ਵਾਲਿਆਂ ਨਾਲ ਜਾ ਰਲੇ।"[76] ਉਨ੍ਹਾਂ ਨੇ ਉਸ ਨੂੰ ਰਾਗੀ ਭਾਈ ਜੁਵਾਲਾ ਸਿੰਘ ਨਾਲ ਜੋੜਿਆ।ਭਾਈ ਅਰਜਨ ਸਿੰਘ ਤਰੰਗੜ ਨਾਲ ਹੀ ਸਬੰਧਤ ਇੱਕ ਹੋਰ ਘਟਨਾ ਹੈ। ਭਾਈ ਅਰਜਨ ਸਿੰਘ ਨੇ ਭਾਈ ਜੁਵਾਲਾ ਸਿੰਘ ਦੀ ਸੰਗਤ ਤੇ ਪਿਆਰ ਸਦਕਾ ਉਸਤਾਦ ਬਾਬਾ ਹਰਨਾਮ ਸਿੰਘ ਤੋਂ

---

[1] ਗਵੱਈਆ ਸ਼ਬਦ ਦੀ ਕਿਸੇ ਤੁਕ ਵਿਚ ਕੋਈ ਅੱਖਰ ਨੂੰ ਬਿਖੜੇ ਢੰਗ ਨਾਲ ਗਾਉਂਦਾ ਤਾਂ ਤਬਲੇ ਵਾਲਾ ਇੰਨ ਬਿੰਨ ਉਸ ਨੂੰ ਤਬਲੇ ਵਿਚ ਵਜਾ ਦੇਂਦਾ -ਇਸ ਕਲਾ ਨੂੰ ਸੰਗੀਤਕ 'ਮਕਾਨ ਲਗਾਉਣਾ' ਆਖਦੇ ਸਨ। ਇਹ ਸ਼ਬਦ ਅੱਜ ਕੱਲ ਦੇ ਪ੍ਰਚੱਲਿਤ ਸ਼ਬਦ ਜੁਗਲਬੰਦੀ ਦਾ ਸਮਾਨਾਰਥੀ ਜਾਪਦਾ ਹੈ।

ਤਬਲੇ ਦੀ ਚੰਗੀ ਵਿੱਦਿਆ ਹਾਸਲ ਕਰ ਲਈ ਸੀ। ਆਪ ਚੰਗੇ-ਚੰਗੇ ਰਬਾਬੀਆਂ ਦੇ ਤੇ ਹੋਰ ਕਈ ਤਬਲਾਵਾਦਕਾਂ ਨੂੰ ਚਿੱਤ ਕਰ ਚੁੱਕੇ ਸਨ। ਆਪ ਦੇ ਮਨ ਵਿਚ ਭਾਈ ਜੁਵਾਲਾ ਸਿੰਘ ਜਿਨ੍ਹਾਂ ਨੂੰ ਆਪ ਬਾਪੂ ਜੀ ਆਖਦੇ ਸਨ ਉਨ੍ਹਾਂ ਨੂੰ ਵੀ ਆਪਣੀ ਕਲਾ ਦਾ ਲੋਹਾ ਮਨਵਾਉਣਾ ਚਾਹੁੰਦੇ ਸਨ। ਇਸੇ ਲਾਲਸਾ ਹਿਤ ਇੱਕ ਵਾਰ ਜਦੋਂ ਰਾਗੀ ਭਾਈ ਜੁਵਾਲਾ ਸਿੰਘ ਸ੍ਰੀ ਦਰਬਾਰ ਸਾਹਿਬ ਕੀਰਤਨ ਕਰ ਰਹੇ ਸਨ ਤੇ ਆਪ ਨੇ ਆਪਣੇ ਗੁਰ ਭਾਈ ਸ਼ੇਰ ਸਿੰਘ ਜੋ ਉਦੋਂ ਤਬਲੇ ਦੀ ਸੇਵਾ ਕਰ ਰਿਹਾ ਸੀ ਨੂੰ ਇਸ਼ਾਰਾ ਕਰਕੇ ਖ਼ੁੱਦ ਤਬਲਾ ਵਜਾਉਣ ਲੱਗੇ। ਰਾਗੀ ਭਾਈ ਜੁਵਾਲਾ ਸਿੰਘ ਨੇ ਆਪ ਦੀ ਮਾਨਸਿਕ ਅਵਸਥਾ ਜਿਵੇਂ ਪੜ੍ਹ ਲਈ ਹੋਵੇ। ਹਵਾਲਾ ਮਿਲਦਾ ਹੈ ਕਿ ਉਦੋਂ ਭਾਈ ਜੁਵਾਲਾ ਸਿੰਘ ਜੀ ਤਿਲਵਾੜਾ ਤਾਲ ਵਿਚ ਸ਼ਬਦ ਰੀਤ ਗਾ ਰਹੇ ਸਨ। ਜਦੋਂ ਭਾਈ ਅਰਜਨ ਸਿੰਘ ਤਰੰਗੜ ਤਬਲੇ ਦੀ ਸੰਗਤ ਕਰਨ ਲੱਗੇ ਆਪ ਨੇ ਉਸੇ ਰੀਤ ਨੂੰ ਬਿਖੜੀ ਲੈਅ ਵਿਚ ਗਾਉਣ ਲੱਗੇ। ਦਸ ਬਾਰਾਂ ਮਿੰਟ ਰਾਗੀ ਭਾਈ ਤਰੰਗੜ ਨੂੰ ਸਮ ਤੇ ਤਾਲ ਦਾ ਪਤਾ ਹੀ ਨਹੀਂ ਲੱਗਿਆ ਜਿਸ 'ਤੇ ਤਰੰਗੜ ਨੇ ਭਾਈ ਸਾਬ ਦੇ ਗੋਡੇ ਫੜ ਲਏ।[77] ਇਸ ਤੋਂ ਰਾਗੀ ਭਾਈ ਜੁਵਾਲਾ ਸਿੰਘ ਦਾ ਸਿੱਖ ਜਗਤ ਵਿਚ ਸਤਿਕਾਰ ਤੇ ਸੰਗੀਤ ਕਲਾ ਵਿਚ ਪ੍ਰਬੀਨਤਾ ਪ੍ਰਤੱਖ ਹੁੰਦੀ ਹੈ। ਹਰ ਕੋਈ ਚੰਗਾ ਗੁਣਵਾਨ ਉਨ੍ਹਾਂ ਨਾਲ ਜੁੜਨ ਵਿਚ ਮਾਣ ਮਹਿਸੂਸ ਕਰਦਾ ਸੀ।

ਕੁੰਭ ਦੇ ਮੇਲੇ ਵਿਚ ਸੰਤ ਈਸ਼ਰ ਸਿੰਘ ਨੇ ਦੋਧਰ ਟਕਸਾਲ ਦੇ ਭਾਈ ਖ਼ੁਸ਼ਹਾਲ ਸਿੰਘ ਤੇ ਭਾਈ ਜੁਵਾਲਾ ਸਿੰਘ ਨੂੰ ਸੱਦਾ ਭੇਜਿਆ ਕਿਉਂਕਿ ਸੰਤ ਈਸ਼ਰ ਸਿੰਘ ਕੋਲ ਦੱਖਣੀ ਭਾਰਤ ਦੇ ਸਾਧੂ ਕਈ ਵਾਰ ਆਉਂਦੇ ਸਨ ਤੇ ਉਨ੍ਹਾਂ ਦਾ ਸ਼ੰਕਾ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ, ਸਿਰਲੇਖ ਇਕ ਲਿਖਤ ਮਾਤਰ ਹੀ ਹਨ। ਉਨ੍ਹਾਂ ਨੂੰ ਸ਼ਾਇਦ ਹੀ ਕੋਈ ਗਾਉਂਦਾ/ਨਿਭਾਉਂਦਾ ਹੈ। ਸੰਤ ਈਸ਼ਰ ਸਿੰਘ ਨੇ ਉਨ੍ਹਾਂ ਦੇ ਇਸ ਸ਼ੰਕੇ ਨੂੰ ਨਵਿਰਤ ਕਰਨ ਹਿਤ ਉਨ੍ਹਾਂ ਨੂੰ ਵੀ ਕੁੰਭ ਦੇ ਮੇਲੇ ਵਿਚ ਬੁਲਾਇਆ। ਉਸੇ ਮੇਲੇ ਵਿਚ ਭਾਈ ਜੁਵਾਲਾ ਸਿੰਘ ਨੇ ਜੋ ਰੰਗ ਬਨਿਆ, ਉਸ ਨੂੰ ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਲਿਖਤ *ਗੁਰਮੁਖ ਕੀਰਤਨੀਏ ਭਾਈ ਸਾਹਿਬ ਜੁਵਾਲਾ ਸਿੰਘ ਜੀ* ਵਿਚ ਇਸ ਤਰਾਂ ਸ਼ਾਬਦਿਕ ਜ਼ਾਮਾ ਪਹਿਨਾਇਆ ਹੈ, "ਭਾਈ ਜੁਵਾਲਾ ਸਿੰਘ ਦਾ ਸਮਾਂ ਆਇਆ। ਉਨ੍ਹਾਂ ਦੇਖਿਆ ਸਾਹਮਣੇ ਅਲਫ ਨਾਂਗੇ ਸਾਧਾਂ ਦੀਆਂ ਮੰਡਲੀਆਂ ਬੈਠੀਆਂ ਸਨ : ਤਮਾਸ਼ਾ ਇਹ ਕਿ ਕਿਸੇ ਦੇ ਹੱਥਾਂ ਵਿਚ ਹੀਰੇ ਜੜ੍ਹਤ ਮੁੰਦਰੀਆਂ ਹਨ, ਕਈਆਂ ਨੇ ਸੋਨੇ ਤੇ ਹੀਰਿਆਂ ਦੀਆਂ ਮਾਲਾ ਕੜੇ ਤੇ ਕੈਂਠੇ ਪਹਿਨ ਰੱਖੇ ਹਨ, ... ਉਨ੍ਹਾਂ ਪਹਿਲਾਂ *'ਖਟ ਲਖਹਣ ਪੂਰਨੰ ਪੁਰਖਹ* (ਸ੍ਰੀ ਗੁਰੂ ਗ੍ਰੰਥ

ਸਾਹਿਬ ਪੰਨਾ *੧੩੫੭*)' ਸੰਤਾਂ ਸਾਧਾਂ ਬਾਰੇ ਗੁਰਬਾਣੀ ਦੇ ਢੁੱਕਵੇਂ ਸ਼ਬਦ ਗਾ ਕੇ ਸੱਚੇ ਸੰਤਾਂ ਤੇ ਤਿਆਗੀਆਂ ਦਾ ਰੂਪ ਵਰਨਣ ਕੀਤਾ, ਫਿਰ ਪਾਖੰਡ ਤੋੜੂ ਸ਼ਬਦਾਂ ਦਾ ਗਾਇਨ ਆਰੰਭ ਕਰ ਦਿੱਤਾ *'ਘੋਲੀ ਗੇਰੂ ਰੰਗ ਚੜਾਇਆ'*[78], *'ਇਕਿ ਵਣ ਖੰਡਿ ਬੈਸਹਿ'*[79], *ਗ੍ਰਿਹਿ ਤਜ ਬਨ ਖੰਡ ਜਾਈਐ*[80], 'ਪਾਪੀ ਮਨੁ ਮੰਦਾ' ਦੀਆਂ ਕਰਤੂਤਾਂ ਹਾਰ ਸ਼ਿੰਗਾਰ ਲਾਉਣ ਵਾਲੇ ਸਾਧੂਆਂ ਦੇ ਮਨਾਂ ਉਤੇ, ਲਗੀਆਂ ਸ਼ਬਦ ਦੀਆਂ ਚੋਟਾਂ ਤੇ ਚੋਟਾਂ ਪੈਣ, ਸਾਧੂ "ਜੋ ਨਾਨਕ ਕਰਾੜ ਦੀ ਬਾਣੀ ਪੜਤਾ ਹੈ ਯੇ ਤੋਂ ਕਹਿ ਕੇ ਹਰ ਸਿੱਖ ਨੂੰ ਨਫ਼ਰਤ ਕਰਦੇ ਸੀ। ਸ਼ਬਦ ਦੇ ਬਾਣਾਂ ਨੇ ਬਿਨ ਦਿਤੇ ਲਗੇ ਅੱਖਾਂ ਵਿਚ ਹੰਝੂ ਵਗਣ, ਧੰਨ ਧੰਨ ਹੋ ਗਈ।"[81]

13 ਅਕਤੂਬਰ 1926 ਨੂੰ ਭਾਈ ਜੁਵਾਲਾ ਸਿੰਘ ਨੂੰ ਗੁਮਟਾਲੇ ਵਿਖੇ ਕੀਰਤਨ ਦਰਬਾਰ ਵਿਚ ਬੁਲਾਇਆ ਗਿਆ। ਸ਼ਾਮ ਦੇ ਭਰੇ ਦੀਵਾਨ ਵਿਚ ਇੱਕ ਫਨੀਅਰ ਸੱਪ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਆ ਗਿਆ। ਰਾਗੀ ਭਾਈ ਜੁਵਾਲਾ ਸਿੰਘ ਤਾਊਸ ਨਾਲ ਕੀਰਤਨ ਕਰ ਰਹੇ ਸਨ। ਆਪ ਨੇ ਸੰਗਤਾਂ ਨੂੰ ਸੱਪ ਨੂੰ ਕੁਝ ਵੀ ਨਾ ਕਹਿਣ ਦੀ ਬੇਨਤੀ ਕੀਤੀ। ਤਕਰੀਬਨ ਅੱਧੇ ਪੌਣੇ ਘੰਟੇ ਬਆਦ ਜਦੋਂ ਤਾਊਸ ਦਾ ਵਾਦਨ ਬੰਦ ਕੀਤਾ ਤਾਂ ਉਹ ਆਪ ਹੀ ਜਿਧਰੋਂ ਆਇਆ ਸੀ ਉਧਰ ਚਲਾ ਗਿਆ।[82] ਇਹ ਘਟਨ ਕਾਫੀ ਸਮੇਂ ਸੰਗਤ ਦੀ ਚਰਚਾ ਦਾ ਵਿਸ਼ਾ ਰਹੀ।

ਸੰਗੀਤ ਸ਼ਾਸ਼ਤਰ ਅਨੁਸਾਰ ਰਾਗ ਵਿਚ ਘੱਟੋ-ਘੱਟ ਪੰਜ ਸੁਰਾਂ ਦਾ ਹੋਣਾ ਜ਼ਰੂਰੀ ਹੈ ਪ੍ਰੰਤੂ ਆਪ ਕਈ ਵਾਰ ਤਿੰਨ ਸੁਰਾਂ ਦੇ ਰਾਗ ਵੀ ਗਾਉਂਦੇ ਸਨ ਜਿਸ ਤੋਂ ਆਪ ਦੀ ਸੰਗੀਤਕ ਪ੍ਰਬੀਨਤਾ ਦਾ ਪਤਾ ਲਗਦਾ ਹੈ। 28 ਮਈ 1933 ਨੂੰ ਲਾਹੌਰ ਵਿਖੇ ਸ਼ਹੀਦੀ ਗੁਰਪੁਰਬ ਸਮੇਂ ਦਾ ਵੱਡਾ ਸਮਾਗਮ ਸੀ। ਸੰਗਤਾਂ ਦੇ ਭਾਰੀ ਇਕੱਠ ਵਿਚ ਰਾਤ ਸਮੇਂ ਆਪ ਨੇ ਰਾਗ ਮਾਲਸਿਰੀ ਤਿੰਨ ਸੁਰਾਂ ਦੇ ਵਿਚ ਇਸ ਤਰ੍ਹਾਂ ਗਾਇਆ ਕੇ ਕਹਿੰਦੇ ਕਹਾਉਂਦੇ ਰਬਾਬੀ ਤੇ ਰਾਗੀ ਦੰਗ ਸਨ। ਉਸ ਸਟੇਜ਼ 'ਤੇ ਰਾਗੀ ਭਾਈ ਹੀਰਾ ਜੋ ਕਿ ਭਾਈ ਗੁਰਮੁਖ ਸਿੰਘ ਫੱਕਰ ਦੇ ਪਿਤਾ ਜੀ ਸਨ, ਵੀ ਹਾਜ਼ਰ ਸਨ। ਉਨ੍ਹਾਂ ਨੇ ਭਾਈ ਜੁਵਾਲਾ ਸਿੰਘ ਦੀ ਬਹੁਤ ਤਾਰੀਫ਼ ਕੀਤੀ।[83]

ਰਾਗੀ ਭਾਈ ਜੁਵਾਲਾ ਸਿੰਘ ਦਾ ਨਾਮਧਾਰੀ ਪਰੰਪਰਾ ਦੇ ਤਤਕਾਲੀ ਮੁਖੀ ਬਾਬਾ ਪ੍ਰਤਾਪ ਸਿੰਘ ਆਪ ਬਹੁਤ ਸਤਿਕਾਰ ਕਰਦੇ ਸਨ। ਉਹ ਆਪ ਤੋਂ ਵਿਸ਼ੇਸ਼ ਕਰਕੇ ਕੀਰਤਨ ਤੇ ਤਾਊਸ ਸਰਵਣ ਕਰਦੇ ਸਨ।[84]

ਉਕਤ ਤੋਂ ਸਪਸ਼ਟ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਸੰਗੀਤ ਕਲਾ ਦੇ ਧਨੀ ਸਨ। ਆਪ ਦਾ ਸੰਗੀਤ ਵਿਦਵਾਨਾਂ ਵਿਚ ਸਤਿਕਾਰਤ ਸਥਾਨ ਸੀ। ਆਪ ਨੇ ਆਪਣੀ ਸੰਗੀਤ ਕਲਾ ਨਾਲ ਸਮੇਂ ਦੇ ਕਹਿੰਦੇ

ਕਹਾਉਂਦੇ ਰਬਾਬੀਆਂ ਨੂੰ ਲੋੜ ਅਨੁਸਾਰ ਆਪਣਾ ਲੋਹਾ ਮਨਵਾਇਆ। ਆਪ ਦੇ ਸੰਗੀਤਕ ਗੁਣਾਂ ਦੇ ਸੰਦਰਭ ਵਿਚ ਆਪ ਦੀ ਰਾਗ, ਤਾਲ 'ਤੇ ਕਮਾਲ ਦੀ ਪਕੜ ਸੀ ਅਤੇ ਸ਼ਬਦ ਰੀਤਾਂ ਦਾ ਵੱਡਾ ਭੰਡਾਰ ਸੀ। ਆਪ ਦੀ ਸੰਗੀਤ ਪ੍ਰਬੀਨਤਾ ਦੇ ਕਾਰਨ ਆਪ ਕੀਰਤਨੀਆਂ ਵਿਚ ਸਤਿਕਾਰੇ ਜਾਂਦੇ ਸਨ। ਆਪ ਕੋਲ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਦਾ ਭੰਡਾਰ ਮੌਜੂਦ ਸੀ ਜੋ ਆਪ ਨੇ ਆਪਣੇ ਸਮੇਤ ਸਪੁੱਤਰਾਂ ਸ਼ਾਗਿਰਦਾਂ ਨੂੰ ਸੁਦ੍ਰਿੜ ਨਿਸ੍ਚੇ ਨਾਲ ਵੰਡਿਆ।

## 2.8 ਰਾਗੀ ਭਾਈ ਜੁਵਾਲਾ ਸਿੰਘ ਦੀਆਂ ਸ਼ਬਦ ਕੀਰਤਨ ਰਚਨਾਵਾਂ

ਬਾਣੀ ਦੇ ਸੰਚਾਰ ਹਿਤ ਗੁਰੂ ਸਾਹਿਬਾਨ ਦੀ ਪ੍ਰਮੁਖ ਸੰਚਾਰ ਜੁਗਤ ਇਲਾਹੀ ਸ਼ਬਦ ਦਾ ਕੀਰਤਨ ਰਿਹਾ। ਬਾਣੀ ਇੱਕ ਰੱਬੀ ਸੰਦੇਸ਼ ਹੈ ਜੋ ਗੁਰੂ ਨਾਨਕ ਦੇਵ ਜੀ ਨੂੰ ਆਵੇਸ਼ਿਤ ਹੋਇਆ।[85] ਇਸ ਬਾਣੀ ਦੇ ਸ਼ਬਦ ਕੀਰਤਨ ਨੂੰ ਗੁਰੂ ਨਾਨਕ ਦੇਵ ਤੋਂ ਲੈ ਕੇ ਸਮੂਹ ਗੁਰੂ ਸਾਹਿਬਾਨ ਨੇ ਵਿਸ਼ਾਲ ਸੰਗੀਤਕ ਆਧਾਰ ਦੁਆਰਾ ਪ੍ਰਚੱਲਿਤ ਤੇ ਸਥਾਪਿਤ ਕੀਤਾ। ਇਸ ਦਾ ਪ੍ਰਵਾਹ ਵੱਖ-ਵੱਖ ਸ਼ਬਦ ਕੀਰਤਨ ਰਚਨਾਵਾਂ ਦੁਆਰਾ ਹੀ ਸੀਨਾ-ਬ-ਸੀਨਾ ਰਾਗੀਆਂ ਤੇ ਰਬਾਬੀਆਂ ਦੁਆਰਾ ਵਿਹਾਰ ਵਿਚ ਲਿਆਂਦਾ ਗਿਆ। ਗੁਰੂ ਕਾਲ ਵਿਚ ਸੈਂਕੜੇ ਹੀ ਸ਼ਬਦ ਕੀਰਤਨ ਰਚਨਾਵਾਂ ਰਚੀਆਂ ਗਈਆਂ। ਗੁਰੂ ਕਾਲ ਤੋਂ ਵਰਤਮਾਨ ਸਮੇਂ ਤਕ ਸ਼ਬਦ ਕੀਰਤਨ ਪਰੰਪਰਾ ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ ਵਿਚ ਨਿਰੰਤਰ ਤੇ ਰੋਜ਼ਾਨਾ ਧਾਰਮਿਕ ਵਿਹਾਰ ਦਾ ਅਟੁੱਟ ਅੰਗ ਹੈ। ਸ਼ਬਦ ਕੀਰਤਨ ਦਾ ਮੂਲ ਆਧਾਰ ਸ਼ਬਦ ਕੀਰਤਨ ਰਚਨਾਵਾਂ ਹੀ ਹਨ। ਵੀਹਵੀਂ ਸਦੀ ਦੇ ਆਰੰਭ ਵਿਚ ਪੁਸਤਕ ਪ੍ਰਕਾਸ਼ਨਾ ਦਾ ਸਿਲਸਿਲਾ ਆਰੰਭ ਹੋਇਆ ਹੈ ਅਤੇ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦੇ ਕਈ ਪ੍ਰਕਾਸ਼ਨ ਸਾਹਮਣੇ ਆਏ। ਹੁਣ ਤਕ ਕਈ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਲਿਖਤ ਰੂਪ ਧਾਰਨ ਕਰ ਚੁੱਕੀਆਂ ਹਨ ਜੋ ਗੁਰਮਤਿ ਸੰਗੀਤ ਦੇ ਅਨਮੋਲ ਖ਼ਜਾਨੇ ਵਜੋਂ ਹਮੇਸ਼ਾ ਵਿਦਮਾਨ ਹਨ।

**2.8.1 ਸ਼ਬਦ ਕੀਰਤਨ ਰਚਨਾਵਾਂ ਦੀ ਪ੍ਰਾਪਤੀ ਅਤੇ ਸ੍ਰੋਤ :** ਰਾਗੀ ਭਾਈ ਜੁਵਾਲਾ ਸਿੰਘ ਦੇ ਸੰਦਰਭ ਵਿਚ ਸ਼ਬਦ ਕੀਰਤਨ ਰਚਨਾਵਾਂ ਦੀ ਗੱਲ ਕਰੀਏ ਤਾਂ ਆਪ ਨੇ ਇਨ੍ਹਾਂ ਦਾ ਅਨਮੋਲ ਖ਼ਜਾਨਾ ਜਿੱਥੇ ਵੱਖ-ਵੱਖ ਉਸਤਾਦਾਂ ਤੋਂ ਕਰੜੀ ਘਾਲਣਾ ਕਰਕੇ ਪ੍ਰਾਪਤ ਕੀਤਾ ਉੱਥੇ ਆਪ ਨੂੰ ਸੀਨਾ-ਬ-ਸੀਨਾ ਆਪਣੇ ਪੁਰਵਜ਼ਾਂ ਕੋਲੋਂ ਵੀ ਪ੍ਰਾਪਤ ਹੋਇਆ। ਆਪ ਕੋਲ ਰਾਗੀ ਭਾਈ ਵਸਾਵਾ ਸਿੰਘ ਜੋ ਸੰਗੀਤ ਤੇ ਗੁਰਮਤਿ ਸੰਗੀਤ ਦੀ ਦੁਨੀਆਂ

ਦੇ ਸਿਤਾਰੇ ਸਨ ਦਾ ਅਨਮੋਲ ਖਾਜਾਨਾ ਮੌਜੂਦ ਸੀ। ਆਪ ਕੋਲ ਬਾਬਾ ਸ਼ਰਧਾ ਸਿੰਘ ਜਿਨ੍ਹਾਂ ਕੋਲ ਕੀਰਤਨ ਦੀ ਟਕਸਾਲੀ ਵਿੱਦਿਆ ਦਾ ਭੰਡਾਰ ਸੀ ਉਹ ਮੌਜੂਦ ਸੀ। ਆਪ ਨੇ ਜਿੱਥੇ ਇਸ ਵੱਡਮੁਲੇ ਖ਼ਜਾਨੇ ਨੂੰ ਪ੍ਰਚਾਰਿਆਂ ਤੇ ਪਾਸਾਰਿਆ ਉੱਥੇ ਇਸ ਨੂੰ ਆਪਣੇ ਬੱਚਿਆਂ (ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ) ਤੇ ਸ਼ਾਗਿਰਦਾਂ ਦੇ ਰੂਪ ਵਿਚ ਭਵਿੱਖ ਲਈ ਸਾਂਭਿਆ। ਆਪ ਦੀਆਂ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਆਪ ਦੇ ਸਪੁੱਤਰਾਂ ਨੇ ਦੇਸ਼ ਵਿਚ ਹੀ ਨਹੀਂ ਸਗੋਂ ਸੰਸਾਰ ਪੱਧਰ 'ਤੇ ਪ੍ਰਚਾਰਿਆ ਤੇ ਸਿੱਖ ਜਗਤ ਵਿਚ ਨਾਮਣਾ ਖੱਟਿਆ। ਉਨ੍ਹਾਂ (ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ) ਨੇ ਗੁਰਮਤਿ ਸੰਗੀਤ ਤੇ ਸੰਗੀਤ ਦੇ ਵਿਦਿਆਰਥੀਆਂ ਲਈ ਸੁਰੱਖਿਅਤ ਕਰਨ ਹਿਤ ਇਨ੍ਹਾਂ ਸ਼ਬਦ ਕੀਤਰਨ ਰਚਨਾਵਾਂ ਨੂੰ ਲਿਖਤ ਰੂਪ ਵਿਚ ਸਦਾ ਲਈ ਗੁਰਮਤਿ ਸੰਗੀਤ ਦੀ ਝੋਲੀ ਪਾ ਦਿੱਤਾ। ਇਹ ਸ਼ਬਦ ਕੀਰਤਨ ਰਚਨਾਵਾਂ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਰੂਪ ਵਿਚ ਵਿਦਮਾਨ ਹਨ ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ 1979 ਵਿਚ ਛਾਪੀ ਗਈ। ਇਸ ਪੁਸਤਕ ਦੇ ਹਵਾਲੇ ਨਾਲ ਇਸ ਵਿਚ ਸੋ ਸਾਲ ਤੋਂ ਪੁਰਾਣੀਆਂ ਸ਼ਬਦ ਰੀਤਾਂ ਦਾ ਸੰਗ੍ਰਹਿ ਹੈ। ਇਸ ਪੁਸਤਕ ਦੇ ਦੋ ਭਾਗ ਹਨ ਜਿਨ੍ਹਾਂ ਅਧੀਨ 85 ਰਾਗਾਂ ਵਿਚ ਲਗਪਗ 504 ਸ਼ਬਦ ਕੀਰਤਨ ਰਚਨਾਵਾਂ ਦਰਜ਼ ਹਨ। ਇਸ ਤੋਂ ਇਲਾਵਾ ਆਪ ਦੇ ਵੱਡੇ ਸਪੁੱਤਰ ਰਾਗੀ ਭਾਈ ਗੁਰਚਰਨ ਸਿੰਘ ਨੇ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਨਾਮ ਥੱਲੇ ਤੀਜਾ ਭਾਗ ਵੀ ਤਿਆਰ ਕੀਤਾ ਹੋਇਆ ਹੈ ਜੋ ਕਿ ਅਪ੍ਰਕਾਸ਼ਿਤ ਰੂਪ ਵਿਚ ਆਪ (ਰਾਗੀ ਭਾਈ ਜੁਵਾਲਾ ਸਿੰਘ) ਦੇ ਪੋਤਰੇ ਭਾਈ ਬਿਕਰਮਜੀਤ ਸਿੰਘ ਕੋਲ ਦਿੱਲੀ ਪਿਆ ਹੈ। ਇਸ ਖਰੜੇ ਵਿਚ 59 ਰਾਗਾਂ ਵਿਚ 250 ਸ਼ਬਦ ਕੀਰਤਨ ਰਚਨਾਵਾਂ ਦਰਜ ਹਨ। ਇਸ ਸੰਦਰਭ ਵਿਚ ਖੋਜ ਪ੍ਰਬੰਧ ਦੇ ਚੌਥੇ ਅਧਿਅਇ ਦੇ ਅੰਤਰਗਤ ਵਿਸਥਾਰ ਪੂਰਵਕ ਚਰਚਾ ਕੀਤੀ ਜਾਵੇਗੀ। ਰਾਗੀ ਭਾਈ ਜੁਵਾਲਾ ਸਿੰਘ ਦੇ ਸਪੁੱਤਰਾਂ ਅਨੁਸਾਰ ਜਿੰਨੀਆਂ ਸ਼ਬਦ ਕੀਰਤਨ ਰਚਨਾਵਾਂ ਉਕਤ ਪੁਸਤਕ ਵਿਚ ਦਰਜ ਹਨ ਲਗਭਗ ਓਨੀਆਂ ਹੀ ਹੋਰ ਸ਼ਬਦ ਕੀਰਤਨ ਰਚਨਾਵਾਂ ਸਨ ਜੋ ਕਿ ਸਮੇਂ ਦੇ ਅੰਤਰ ਕਾਰਣ ਸੰਭਾਲੀਆਂ ਨਹੀਂ ਜਾ ਸਕੀਆਂ। ਇੱਕ ਹੋਰ ਹਵਾਲੇ ਨਾਲ ਆਪ ਹਮੇਸ਼ਾਂ ਆਪਣੇ ਕੋਲ ਇੱਕ ਵੱਡੀ ਕਾਪੀ ਰੱਖਦੇ ਸਨ ਜਿਸ ਵਿਚ ਆਪ ਦੇ ਸ਼ਬਦ ਕੀਰਤਨ ਰਚਨਾਵਾਂ ਦੀਆਂ ਬਹੁਤ ਵੱਡਮੁੱਲੀ ਸਮੱਗਰੀ ਸੀ ਪ੍ਰੰਤੂ ਸਿੰਧ ਦੇ ਸਫ਼ਰ ਦੌਰਾਨ ਇਹ ਕਾਪੀ ਉੱਥੇ ਦੇ ਰੇਗਿਸਤਾਨ ਵਿਚ ਗੁੰਮ ਹੋ ਗਈ। ਵੱਡੀ ਭਾਲ ਦੇ ਯਤਨ ਕਰਨ 'ਤੇ ਵੀ ਨਹੀਂ ਲੱਭ ਸਕੀ।[86]

**2.8.2 ਸ਼ਬਦ ਕੀਰਤਨ ਰਚਨਾਵਾਂ ਦਾ ਸਰੂਪ:** ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਂਵਾ ਦੇ ਸਰੂਪ ਸਬੰਧੀ ਜੇ ਗੱਲ ਕਰੀਏ ਤਾਂ ਇਨ੍ਹਾਂ ਬੰਦਿਸ਼ਾਂ ਦਾ ਆਧਾਰ ਧਰੁਪਦ, ਧਮਾਰ, ਖ਼ਿਆਲ, ਪੁਰਾਤਨ ਕੀਰਤਨ ਅੰਗ ਆਦਿ ਸੀ। ਇਹ ਬੰਦਿਸ਼ਾਂ ਵੱਡੇ ਛੋਟੇ ਤਾਲਾਂ ਵਿਚ ਅਸਚਰਤ ਬਿਖੜੇ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਦੇ ਨਮੂਨੇ ਚੌਥੇ ਅਧਿਆਇ ਵਿਚ ਦਰਜ਼ ਕੀਤੇ ਜਾਣਗੇ। ਆਪ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਸਮਕਾਲੀ ਸ਼ਾਸ਼ਤਰੀ ਸੰਗੀਤ ਦੇ ਰਾਗਾਂ ਵਿਚ ਪੁਰਾਤਨ ਸ਼ਬਦ ਕੀਰਤਨ ਰਚਨਾਵਾਂ ਮੌਜੂਦ ਸਨ। ਗੁਰਮਤਿ ਸੰਗੀਤ ਤੋਂ ਇਲਾਵਾ ਸ਼ਾਸ਼ਤਰੀ ਸੰਗੀਤ ਦੀਆਂ ਬੰਦਿਸ਼ਾਂ ਵੀ ਸੰਗੀਤ ਦੀ ਜਾਣਕਾਰੀ ਦੇ ਹਵਾਲੇ ਨਾਲ ਪ੍ਰਾਪਤ ਸਨ। ਇਨ੍ਹਾਂ ਬੰਦਿਸ਼ਾਂ ਵਿਚ ਭਾਵਪੂਰਤ ਛੰਦ ਤੇ ਰਚਨਾਵਾਂ ਦੀਆਂ ਬੰਦਿਸ਼ਾਂ ਸ਼ਾਮਿਲ ਹਨ। ਇਨ੍ਹਾਂ ਬੰਦਿਸ਼ਾਂ ਵਿਚ ਜ਼ਿਆਦਾਤਰ ਸ਼ਿੰਗਾਰ ਤੇ ਬੀਰ ਰਸ ਭਰਪੂਰ ਬੰਦਿਸ਼ਾਂ ਸ਼ਾਮਿਲ ਹਨ। ਆਪ ਦੇ ਸਪੁੱਤਰ ਰਾਗੀ ਭਾਈ ਗੁਰਚਰਨ ਸਿੰਘ ਇਸ ਸੰਦਰਭ ਵਿਚ ਕੁੱਝ ਹਵਾਲੇ ਵੀ ਦਿੰਦੇ ਹਨ ਉਨ੍ਹਾਂ ਅਨੁਸਾਰ, "ਰਾਗ ਬਿਹਾਗ ਵਿਚ ਵੱਡੇ ਤਾਲਾਂ ਵਿਚ ਧਰੁਪਦ ਤੇ ਪੜਤਾਲਾਂ ਦੀ ਸ਼ਕਲ ਵਿਚ ਚਾਰ ਬੰਦਸ਼ਾਂ ਸਨ। ਪਹਿਲੇ ਬੋਲ 'ਮਜਨ ਕਰ ਆਦ' ਇਸ ਤਰ੍ਹਾਂ ਦੇ ਸੀ। ਇਨ੍ਹਾਂ ਨੂੰ ਪੁਰਾਣੇ ਸੰਗੀਤਕਾਰ ਬਿਹਾਗ ਦੇ ਟੀਕੇ ਕਿਹਾ ਕਰਦੇ ਸਨ। ਇੱਕ ਹੋਰ ਬੰਦਸ਼ ਸੋਰਠ ਤੇ ਦੇਸ ਮਿਲਾਕੇ '*ਹੋ ਹੋ ਹੋ ਚਾਤੁਰਨੀ ਨਾਰ ਲੱਗਦੀ ਮੋਕੋ ਪਿਆਰੀ*' ਪੰਜ ਤਾਲ ਦੀ ਅਸਵਾਰੀ ਵਿਚ ਸੀ। ਇੱਕ ਗਉੜੀ ਪੂਰੀਏ ਵਿਚ ਬੰਦਸ਼ ਸੀ।"[87] ਇਸ ਪ੍ਰਕਾਰ ਰਾਗੀ ਭਾਈ ਜੁਵਾਲਾ ਸਿੰਘ ਨੇ ਜਿੱਥੇ ਗੁਰਮਤਿ ਸੰਗੀਤ ਦੀਆਂ ਅਣਮੋਲ ਸ਼ਬਦ ਕੀਰਤਨ ਰਚਨਾਵਾਂ ਨੂੰ ਪ੍ਰਾਪਤ ਕਰ ਅੱਗੇ ਸਿਖਾਇਆ ਉੱਥੇ ਆਪ ਸ਼ਾਸ਼ਤਰੀ ਸੰਗੀਤ ਦੀਆਂ ਵੀ ਕਈ ਬੰਦਿਸ਼ਾਂ ਦਾ ਗਿਆਨ ਰੱਖਦੇ ਸਨ। ਇਸ ਤੋਂ ਆਪ ਦੀ ਸ਼ਬਦ ਕੀਰਤਨ ਪਰੰਪਰਾ ਵਿਚ ਪਕੜ ਦਾ ਪਤਾ ਲਗਦਾ ਹੈ। ਆਪ ਨੇ ਸ਼ਬਦ ਕੀਰਤਨ ਦਾ ਪ੍ਰਮੁਖ ਅੰਗ ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਵੱਡਮੁਲੇ ਖਜਾਨੇ ਨੂੰ ਭਰਪੂਰ ਹੀ ਨਹੀਂ ਕੀਤਾ ਸਗੋਂ ਆਪ ਨੇ ਇਸ ਦਾ ਖੁੱਦ ਦੂਰ-ਦੂਰ ਜਾ ਕੇ ਪ੍ਰਚਾਰ ਤੇ ਪਾਸਾਰ ਵੀ ਕੀਤਾ। ਆਪ ਜਿੱਥੇ ਇੱਕ ਚੰਗੇ ਕੀਰਤਨੀਏ ਸਨ ਉੱਥੇ ਆਪ ਉੱਚ ਵਿਅਕਤੀਤਵ ਦੇ ਵੀ ਮਾਲਕ ਸਨ।

## 2.9 ਰਾਗੀ ਭਾਈ ਜੁਵਾਲਾ ਸਿੰਘ ਦਾ ਵਿਅਕਤੀਤਵ

ਗੁਰਮਤਿ ਸੰਗੀਤ ਦੇ ਖੇਤਰ ਵਿਚ ਬਤੌਰ ਰਾਗੀ ਦੇ ਤੌਰ `ਤੇ ਨਾਮਣਾ ਖੱਟਣ ਵਾਲੇ ਰਾਗੀ ਭਾਈ ਜੁਵਾਲਾ ਸਿੰਘ ਜੀ ਦਾ ਵਿਆਕਤੀਤਵ ਮਹਾਨ ਸੀ। ਆਪ ਨੇ ਜਿੱਥੇ ਗੁਰਮਤਿ ਅਨੁਸਾਰੀ ਜੀਵਨ ਬਤੀਤ

ਕੀਤਾ ਉੱਥੇ ਗੁਰਮਤਿ ਦਾ ਸ਼ਬਦ ਕੀਰਤਨ ਦੇ ਰਾਹੀਂ ਦੇਸ ਦੇ ਵੱਖ-ਵੱਖ ਰਾਜਾਂ ਵਿਚ ਪ੍ਰਚਾਰ ਵੀ ਕੀਤਾ। ਇਸ ਦੇ ਨਾਲ-ਨਾਲ ਆਪ ਨੇ ਜਦੋਂ ਪੰਥ `ਤੇ ਭੀੜ ਬਣੀ ਹੋਈ ਸੀ ਤਾਂ ਬੜੀ ਦਲੇਰੀ ਦੇ ਨਾਲ ਸਿੱਖਾਂ ਵਲੋਂ ਲਾਏ ਮੋਰਚਿਆਂ ਵਿਚ ਹਿੱਸਾ ਲਿਆ। ਇਸ ਦੇ ਲਈ ਉਨ੍ਹਾਂ ਨੂੰ ਜੇਲ ਵੀ ਜਾਣਾ ਪਿਆ ਸੀ। ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਨੂੰ ਅਸੀਂ ਦੋ ਤਰ੍ਹਾਂ ਨਾਲ ਦੇਖ ਸਕਦੇ ਹਾਂ:

**1) ਸ਼ਖਸ਼ੀ ਰਹਿਣੀ**

**2) ਪੰਥਕ ਰਹਿਣੀ**

**2.9.1 ਸਖਸ਼ੀ ਰਹਿਣੀ:** ਰਾਗੀ ਭਾਈ ਜੁਵਾਲਾ ਸਿੰਘ ਦਾ ਜੀਵਨ ਗੁਰਮਤਿ ਨਾਲ ਰੰਗੇਜ਼ ਸਾਦਾ ਜੀਵਨ ਸੀ। ਉਨ੍ਹਾਂ ਨੇ ਆਪਣੇ ਪਿਤਾ ਪੁਰਖੀ ਖੇਤੀ ਬਾੜੀ ਦੇ ਕਿੱਤੇ ਦੇ ਨਾਲ-ਨਾਲ ਸ਼ਬਦ ਕੀਰਤਨ ਨੂੰ ਆਪਣੇ ਜੀਵਨ ਦਾ ਅਹਿਮ ਅੰਗ ਬਣਾਇਆ। ਆਪ ਨੇ ਗੁਰ ਉਪਦੇਸ਼ ਅਨੁਸਾਰ ਆਪਣਾ ਗ੍ਰਹਿਸਤੀ ਜੀਵਨ ਬਤੀਤ ਕੀਤਾ। ਆਪ ਦੇ ਤਿੰਨ ਸਪੁੱਤਰ ਹੋਏ ਜਿਨ੍ਹਾਂ ਨੂੰ ਆਪ ਨੇ ਗੁਰੂ ਕਿਰਪਾ ਸਦਕਾ ਗੁਰਮਤਿ ਦੇ ਰੰਗ ਵਿਚ ਰੰਗਿਆ। ਵੱਡੇ ਸਪੁੱਤਰਾਂ ਨੂੰ ਗੁਰਮਤਿ ਸੰਗੀਤ ਪਿਤਾ ਪੁਰਖੀ ਵਿਰਾਸਤ ਦੇ ਵਾਰਸ ਬਣਾਇਆ। ਆਪ ਨੇ ਜਿੱਥੇ ਪੰਥਕ ਕਾਰਜ਼ਾਂ ਵਿਚ ਵੱਧ ਚੱੜ ਕੇ ਯੋਗਦਾਨ ਪਾਇਆ ਉੱਥੇ ਪਰਿਵਾਰਕ ਜ਼ਿੰਮੇਦਾਰੀਆਂ ਨੂੰ ਵੀ ਖਿੜੇ ਮੱਥੇ ਨਿਭਾਇਆ। ਆਪ ਗੁਰੂ ਦੇ ਭੈਅ ਅੰਦਰ ਰਹਿਣ ਵਾਲੇ ਇਨਸਾਨ ਸਨ।

ਰਾਗੀ ਭਾਈ ਗੁਰਚਰਨ ਸਿੰਘ ਦੇ ਹਵਾਲੇ ਨਾਲ ਰਾਗੀ ਭਾਈ ਜੁਵਾਲਾ ਸਿੰਘ ਪੰਜ ਬਾਣੀਆਂ ਦਾ ਪਾਠ ਬਿਨਾਂ ਨਾਗਾ ਪਾਏ ਕਰਦੇ ਸਨ। [88] ਆਪ ਜੀ ਨੂੰ ਪੰਜ ਬਾਣੀਆਂ (ਜਪੁਜੀ ਸਾਹਿਬ, ਜਾਪ ਸਾਹਿਬ, ਸਵੈਯੇ ਚੌਪਈ ਪਾਤਸਾਹੀ ੧੦, ਅਨੰਦ ਸਾਹਿਬ) ਤੋਂ ਇਲਾਵਾ ਸੁਖਮਨੀ ਸਾਹਿਬ, ਆਸਾ ਦੀ ਵਾਰ, ਸੁਖਮਨਾ, ਪੰਜ ਗ੍ਰੰਥੀ ਆਦਿ ਪ੍ਰਮੁਖ ਬਾਣੀਆਂ ਕੰਠ ਸਨ। ਆਪ ਜੀ ਨਿਤਨੇਮ ਤਾਂ ਰੋਜ ਨੇਮ ਨਾਲ ਕਰਦੇ ਸਨ ਇਸ ਦੇ ਨਾਲ-ਨਾਲ ਆਪ ਸੁਖਮਨੀ ਸਾਹਿਬ ਵੀ ਜ਼ਰੂਰ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੀ ਅਪਾਰ ਸ਼ਰਧਾ ਸੀ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਹਮੇਸ਼ਾ ਅਰੰਭ ਰੱਖਦੇ ਸਨ। ਆਪ ਦਿਨ ਦੇ ਰੁਝੇਵਿਆਂ ਵਿੱਚੋਂ ਵਕਤ ਕੱਢ ਕੇ ਹਰ ਰੋਜ ਪੰਜ ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਰਿਆ ਕਰਦੇ ਸਨ।[89] ਆਪ ਨੇ ਆਪਣਾ ਇਹ ਨੇਮ ਸਾਰੀ ਉਮਰ ਨਿਭਾਇਆ। ਇਸ ਦੇ ਪ੍ਰਤੱਖ ਪ੍ਰਮਾਣ ਆਪ ਦੀ ਸੰਪੂਰਣ ਜ਼ਿੰਦਗੀ ਵਿੱਚੋਂ ਸਹਿਜੇ ਹੀ ਮਿਲ ਜਾਂਦੇ ਹਨ।

**2.9.1.1 ਗ੍ਰਹਿਸਥੀ ਜੀਵਨ ਤੇ ਪਰਿਵਾਰਕ ਜਿੰਮੇਵਾਰੀਆਂ:** ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣਾ ਗ੍ਰਹਿਸਥੀ ਜੀਵਨ ਬੜੇ ਸੁਚੱਜੇ ਤਰੀਕੇ ਨਾਲ ਨਿਭਾਇਆ। ਆਪ ਨੇ ਆਪਣਾ ਮੁੱਢਲਾ ਜੀਵਨ ਭਾਵ ਬਚਪਨ ਆਪਣੇ ਮਾਤਾ ਪਿਤਾ ਦੀ ਰਹਿਨੁਮਾਈ ਵਿਚ ਇੱਕ ਅਦਰਸ਼ ਸਪੁੱਤਰ ਦੇ ਰੂਪ ਵਿਚ ਬਤੀਤ ਕੀਤਾ। ਪਿਤਾ ਦੀ ਇੱਛਾ ਅਨੁਸਾਰ ਆਪ ਨੇ ਮੁੱਢਲੀ ਪੜ੍ਹਾਈ ਗੁਰਦੁਆਰਾ ਸਾਹਿਬ ਤੋਂ ਦ੍ਰਿੜਤਾ ਨਾਲ ਗ੍ਰਹਿਣ ਕੀਤੀ। ਉਪਰੰਤ ਪਿਤਾ ਜੀ ਦੀ ਇੱਛਾ ਅਨੁਸਾਰ ਹੀ ਆਪ ਨੇ ਸੰਗੀਤ ਦੀ ਸਿੱਖਿਆ ਪ੍ਰਾਰੰਭ ਕੀਤੀ ਅਤੇ ਇਸ ਉਤੇ ਆਪਣੀ ਪਕੜ ਮਜ਼ਬੂਤ ਕੀਤੀ।

ਰਾਗੀ ਭਾਈ ਜੁਵਾਲਾ ਸਿੰਘ ਦਾ ਛੋਟੀ ਉਮਰੇ ਹੀ ਗ੍ਰਹਿਸਥੀ ਜੀਵਨ ਸ਼ੁਰੂ ਹੋ ਗਿਆ ਸੀ। 16 ਸਾਲ ਦੀ ਉਮਰ ਵਿਚ ਆਪ ਦੇ ਅਨੰਦ ਕਾਰਜ ਹੋਏ। ਆਪ ਦੇ ਦੋ ਵਿਆਹ ਹੋਏ (ਜਿਸ ਦਾ ਕਿ ਉਪਰ ਜ਼ਿਕਰ ਹੋ ਚੁੱਕਾ ਹੈ) ਆਪ ਦੀ ਪਹਿਲੀ ਸੁਪਤਨੀ ਬੀਬੀ ਆਤੀ (ਆਤਮਾ ਕੌਰ) 1911 ਵਿਚ ਅਕਾਲ ਚਲਾਣਾ ਕਰ ਗਏ ਸਨ। ਪਹਿਲੇ ਵਿਆਹ ਤੋਂ ਆਪ ਦੇ ਚਾਰ ਬੱਚੇ ਹੋਏ ਸਨ ਜਿਨ੍ਹਾਂ ਵਿਚ ਦੋ ਲੜਕੇ ਤੇ ਦੋ ਲੜਕੀਆਂ। ਦੋਵੇਂ ਲੜਕੇ ਤਾਂ ਛੋਟੀ ਉਮਰ ਵਿਚ ਹੀ ਚੜਾਈ ਕਰ ਗਏ ਸਨ, ਬਾਅਦ ਵਿਚ ਪਤਨੀ ਦਾ ਵਿਛੋੜਾ ਪੈ ਗਿਆ। ਆਪ ਨੇ ਇਸ ਪਰਿਵਾਰਕ ਦਰਦ ਨੂੰ ਗੁਰੂ ਭਾਣੇ ਵਿਚ ਅਡੋਲ ਰਹਿੰਦਿਆਂ ਸਹਿਣ ਕੀਤਾ। ਬਿਨਾਂ ਮਾਂ ਤੋਂ ਬੱਚੀਆਂ ਦਾ ਪਾਲਣ ਪੋਸ਼ਣ ਇੱਕ ਸੁਹਿਰਦ ਪਿਤਾ ਦੇ ਰੂਪ ਵਿਚ ਕੀਤਾ। ਆਪਣੇ ਪਿਆਰ ਵਾਲਿਆਂ ਦੇ ਕਹਿਣ `ਤੇ ਆਪ ਨੇ 1912 ਵਿਚ ਆਪਣਾ ਦੁਬਾਰਾ ਗ੍ਰਹਿਸਥੀ ਜੀਵਨ ਸਰਦਾਰਨੀ ਰਣਜੋਧ ਕੌਰ ਦੇ ਨਾਲ ਪ੍ਰਾਰੰਭ ਕੀਤਾ। ਇਸ ਵਿਆਹ ਤੋਂ ਆਪ ਦੇ ਗ੍ਰਹਿ ਵਿਖੇ ਪੰਜ ਬੱਚਿਆਂ ਨੇ ਜਨਮ ਲਿਆ ਜਿਸ ਵਿਚੋਂ ਇੱਕ ਲੜਕੀ ਛੋਟੀ ਉਮਰੇ ਹੀ ਅਕਾਲ ਚਲਾਣਾ ਕਰ ਗਈ। ਬਾਕੀ ਚਾਰ ਬੱਚਿਆਂ ਵਿਚ ਬੀਬਾ ਸਕੱਤਰ ਕੌਰ, ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ, ਮਾਸਟਰ ਗੁਰਦਿਆਲ ਸਿੰਘ ਸਨ। ਕੁੱਲ ਆਪ ਦੀਆਂ ਤਿੰਨ ਲੜਕੀਆਂ ਅਤੇ ਤਿੰਨ ਲੜਕੇ ਛੇ ਬੱਚੇ ਸਨ ਜਿਨ੍ਹਾਂ ਦਾ ਆਪ ਨੇ ਬੜੇ ਸੁਚੱਜੇ ਢੰਗ ਨਾਲ ਪਾਲਣ ਪੋਸ਼ਣ ਕੀਤਾ ਤੇ ਗੁਰਮਤਿ ਦੇ ਮਾਰਗ ਦਾ ਧਾਰਨੀ ਵੀ ਬਣਾਇਆ। ਬੱਚਿਆਂ ਦੀ ਪੜਾਈ ਦੇ ਨਾਲ-ਨਾਲ ਆਪ ਨੇ ਅਨੰਦ ਕਾਰਜ ਆਦਿ ਕਰਵਾ ਕੇ ਉਹਨ੍ਹਾਂ ਦੇ ਗ੍ਰਹਿਸਥੀ ਜੀਵਨ ਨੂੰ ਸਫਲ ਬਣਾਉਣ ਹਿਤ ਸੁਯੋਗ ਅਗਵਾਈ ਵੀ ਕੀਤੀ। ਆਪ ਨੇ ਆਪਣੇ ਬੱਚਿਆਂ ਨੂੰ ਗੁਰਮਤਿ, ਗੁਰਮਤਿ ਸੰਗੀਤ ਦੇ ਨਾਲ ਸੰਸਾਰਿਕ ਪੜਾਈ ਦਾ ਗਿਆਨ ਵੀ ਦਿਵਾਇਆ। ਕੁੱਲ ਮਿਲਾ ਕੇ ਆਪ ਨੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸੁਚੇਤ ਹੋ ਕੇ ਨਿਭਾਇਆ ਹੈ।

**2.9.1.2 ਪਰਉਕਾਰੀ ਸੁਭਾਅ ਦੇ ਮਾਲਕ:** ਰਾਗੀ ਭਾਈ ਜੁਵਾਲਾ ਸਿੰਘ ਪਰਉਪਕਾਰੀ ਸੁਭਾਅ ਦੇ ਮਾਲਕ ਸਨ। ਆਪ ਨੇ ਜਿੱਥੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਬਹੁਤ ਸੁਦ੍ਰਿੜਤਾ ਨਾਲ ਨਿਭਾਈਆਂ ਉੱਥੇ ਲੋੜੀਂਦੇ ਆਪਣੇ ਭਰਾਵਾਂ ਦੇ ਬੱਚਿਆਂ ਦਾ ਵੀ ਪਾਲਣ ਪੋਸ਼ਣ ਅਤੇ ਦੇਖ ਭਾਲ ਆਪਣੇ ਬੱਚਿਆਂ ਦੀ ਨਿਆਈ ਕੀਤਾ। ਆਪ ਨੇ ਆਪਣੇ ਵੱਡੇ ਭਰਾ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਆਦ ਆਪਣੀ ਭਰਜਾਈ ਬੀਬੀ ਅਤਰੀ ਅਤੇ ਭਤੀਜੇ ਸ. ਭਗਤ ਸਿੰਘ ਦੀ ਆਪਣੀ ਸਮਰੱਥਾ ਅਨੁਸਾਰ ਮਦਦ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਕੋਲ ਸੈਦਪੁਰ ਰੱਖਿਆ।[90] ਆਪ ਨੇ ਸ. ਭਗਤ ਸਿੰਘ ਨੂੰ ਆਪਣੇ ਜਥੇ ਵਿਚ ਸ਼ਾਮਿਲ ਕਰ ਲਿਆ ਜਿਨ੍ਹਾਂ ਨੂੰ ਸੰਗੀਤ ਦੀ ਸਮਝ ਤਾਂ ਪਿਤਾ ਪੁਰਖੀ ਸੀ ਬਾਕੀ ਆਪ (ਰਾਗੀ ਭਾਈ ਜੁਵਾਲਾ ਸਿੰਘ) ਨੇ ਮਿਹਨਤ ਕਰਕੇ ਪੂਰੀ ਕੀਤੀ। ਇਸੇ ਤਰ੍ਹਾਂ ਆਪ ਨੇ ਆਪਣੇ ਵੱਡੇ ਭਰਾਤਾ ਸ. ਸਾਵਣ ਸਿੰਘ ਦੇ ਅਕਾਲ ਚਲਾਣੇ ਤੋਂ ਬਆਦ ਸ. ਪੂਰਣ ਸਿੰਘ ਅਤੇ ਸ. ਸ਼ੇਰ ਸਿੰਘ ਦਾ ਪਾਲਣ ਪੋਸ਼ਣ, ਪੜ੍ਹਾਈ ਅਤੇ ਵਿਆਹ ਆਦਿ ਦੀਆਂ ਜ਼ਿੰਮੇਵਾਰੀਆਂ ਆਪ ਨੇ ਇੱਕ ਪਿਤਾ ਵਾਂਗ ਹੀ ਨਿਭਾਈਆਂ।[91] ਭਾਈ ਸ਼ੇਰ ਸਿੰਘ ਖੁੱਦ ਵੀ ਆਪ ਜੀ ਦੇ ਜਥੇ ਵਿਚ ਜੋੜੀ ਦੀ ਸੇਵਾ ਕਰਦੇ ਰਹੇ।

ਰਾਗੀ ਭਾਈ ਜੁਵਾਲਾ ਸਿੰਘ ਨੇ ਜਿੱਥੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਵਧੀਆ ਢੰਗ ਨਾਲ ਨਿਭਾਇਆ ਉੱਥੇ ਆਪ ਆਪਣੇ ਦਸਵੰਧ ਵਿੱਚੋਂ ਹੋਰ ਵੀ ਉਪਕਾਰ ਕਰਦੇ ਰਹੇ। ਆਪ ਭਾਈ ਨਿਹਾਲ ਸਿੰਘ ਦੁਆਰਾ ਖੋਲੇ ਪਹਿਲੇ ਲੜਕੀਆਂ ਦੇ ਪ੍ਰਾਇਮਰੀ ਸਕੂਲ ਹਿਤ ਸਮੇਂ-ਸਮੇਂ ਉੱਤੇ ਮਾਇਕ ਸਹਾਇਤਾ ਕਰਦੇ ਰਹਿੰਦੇ ਸਨ।[92] ਇਸ ਤੋਂ ਇਲਾਵਾ ਕੀਰਤਨ ਦੇ ਸਮਾਗਮਾਂ ਦੇ ਸਬੰਧ ਵਿਚ ਮਾਇਆ ਨੂੰ ਪ੍ਰੋੜਤਾ ਨਹੀ ਦਿੱਤੀ। ਦੇਸ਼ ਦੀ ਅਜ਼ਾਦੀ ਲਈ ਜੂਝ ਰਹੇ ਸਿੰਘਾਂ ਦੀ ਵੀ ਆਪ ਮਾਇਆ ਦੇ ਨਾਲ-ਨਾਲ ਘਰ ਵਿਚ ਪਨਾਹ ਦੇ ਕੇ ਵੀ ਮਦਦ ਕਰਦੇ ਰਹੇ।[93] ਇਸ ਤੋਂ ਇਲਾਵਾ ਕੀਰਤਨ ਦੇ ਸਮਾਗਮਾਂ ਦੇ ਸਬੰਧ ਵਿਚ ਮਾਇਆ ਨੂੰ ਪ੍ਰੋੜਤਾ ਨਹੀਂ ਦਿੱਤੀ। ਆਪ ਨੇ 29 ਅਪ੍ਰੈਲ 1913 ਨੂੰ ਕਪੂਰਥਲੇ ਗੁਰਦੁਆਰੇ ਦੀ ਇਮਾਰਤ ਹਿਤ ਆਪਣੀ ਸਮਰੱਥਾ ਅਨੁਸਾਰ ਮਾਇਆ ਦਿੱਤੀ ਹੈ ਜਿਸ ਤੋਂ ਆਪ ਦਾ ਗੁਰੂ ਘਰਾਂ ਹਿਤ ਪਿਆਰ ਤੇ ਸ਼ਰਧਾ ਪ੍ਰਤੱਖ ਹੁੰਦੀ ਹੈ।[94] ਦੇਸ਼ ਦੀ ਅਜ਼ਾਦੀ ਲਈ ਜੂਝ ਰਹੇ ਸਿੰਘਾਂ ਦੀ ਵੀ ਆਪ ਮਾਇਆ ਦੇ ਨਾਲ-ਨਾਲ ਘਰ ਵਿਚ ਪਨਾਹ ਦੇ ਕੇ ਵੀ ਮਦਦ ਕਰਦੇ ਰਹੇ। ਜਿਸ ਦਾ ਜ਼ਿਕਰ ਅੱਗੇ ਵੀ ਆਵੇਗਾ। ਆਪ ਨੇ ਭੁਝੰਗੀ ਸਭਾ ਤਰਨਤਾਰਨ ਦਾ

ਮਾਲੀ ਸੰਕਟ ਦੂਰ ਕਰਨ ਹਿਤ ਮਾਇਆ ਨਾਲ ਬਣਦਾ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਜਦੋਂ ਕਦੀ ਵੀ ਪੰਥਕ ਕਾਰਜ ਹਿਤ ਜਾਂਦੇ ਸਨ ਤਾਂ ਆਪ ਆਪਣੇ ਜਥੇ ਦਾ ਖਰਚਾ ਵੀ ਖ਼ੁੱਦ ਕਰਦੇ ਸਨ।

**2.9.1.3 ਰਾਗੀ ਭਾਈ ਜੁਵਾਲਾ ਸਿੰਘ ਦਾ ਆਪਣੇ ਪੂਰਵਜ਼ਾਂ ਪ੍ਰਤੀ ਸ਼ਰਧਾ ਤੇ ਪਿਆਰ:** ਪੂਰਵਜ਼ਾਂ ਦੇ ਪਿਆਰ ਹਿਤ ਰਾਗੀ ਭਾਈ ਜੁਵਾਲਾ ਸਿੰਘ ਨੇ ਜ਼ਮੀਨ ਵੀ ਖਰੀਦੀ ਜਿਸ ਦੀ ਪ੍ਰੋੜਤਾ ਆਪ ਦੇ ਵੱਡੇ ਸਪੁੱਤਰ ਰਾਗੀ ਭਾਈ ਗੁਰਚਰਨ ਸਿੰਘ ਇੱਕ ਹਵਾਲੇ ਨਾਲ ਕਰਦੇ ਹਨ। ਭਾਈ ਗੁਰਚਰਨ ਸਿੰਘ ਲਿਖਦੇ ਹਨ ਕਿ ਮੇਰੇ ਪਿਤਾ ਜੀ ਪਿੰਡ ਦੇ ਬਾਹਰਵਾਰ ਖੇਤ ਖਰੀਦਣਾ ਚਾਹੁੰਦੇ ਸਨ ਪਰ ਮਾਤਾ ਅਤੇ ਉਸ (ਰਾਗੀ ਗੁਰਚਰਨ ਸਿੰਘ) ਦੇ ਅੜ ਜਾਣ ਕਰਕੇ ਉਹ ਰੁੱਕ ਜਾਂਦੇ। ਖੇਤ ਦਾ ਮਾਲਕ ਹਰ ਵਾਰ ਉਸ ਖੇਤ ਦੀ ਕੀਮਤ ਪਹਿਲਾਂ ਦੱਸੀ ਕੀਮਤ ਤੋਂ ਜ਼ਿਆਦਾ ਕਰਕੇ ਦਸਦਾ ਹੈ। ਆਖੀਰ ਭਾਈ ਜੁਵਾਲਾ ਸਿੰਘ ਨੇ ਆਪਣੀ ਪਤਨੀ ਅਤੇ ਸਪੁੱਤਰ (ਰਾਗੀ ਭਾਈ ਗੁਰਚਰਨ ਸਿੰਘ) ਨੂੰ ਉਸ ਖੇਤ ਦੇ ਖਰੀਦਣ ਦਾ ਰਾਜ਼ ਦੱਸਿਆ। ਭਾਈ ਜੁਵਾਲਾ ਸਿੰਘ ਨੇ ਦੱਸਿਆ ਕਿ ਇਸ ਖੇਤ ਵਿਚ ਉਨ੍ਹਾਂ ਦੇ ਪਿਤਾ ਰਾਗੀ ਭਾਈ ਦੇਵਾ ਸਿੰਘ ਅਤੇ ਮਾਤਾ ਨੰਦ ਕੌਰ ਖੇਤੀ ਕਰਦੇ ਰਹੇ ਸਨ। ਉਨ੍ਹਾਂ ਦੀਆ ਦੀਆਂ ਯਾਦਾਂ ਇਸ ਖੇਤ ਨਾਲ ਜੁੜੀਆਂ ਹਨ ਇਸ ਲਈ ਇਸ ਨੂੰ ਉਹ ਖਰੀਦਣਾ ਚਾਹੁੰਦੇ ਹਨ। ਆਖੀਰ ਆਪ ਨੇ ਉਸ ਖੇਤ ਨੂੰ ਡੇਢ ਗੁਣਾ ਜ਼ਿਆਦਾ ਕੀਮਤ ਦੇ ਕੇ ਖਰੀਦਿਆ।[95] ਇਸ ਤੋਂ ਰਾਗੀ ਭਾਈ ਜੁਵਾਲਾ ਸਿੰਘ ਦਾ ਆਪਣੇ ਬਜ਼ੁਰਗਾਂ ਪ੍ਰਤੀ ਪਿਆਰ, ਸਤਿਕਾਰ, ਸ਼ਰਧਾ ਦਾ ਪਤਾ ਲਗਦਾ ਹੈ। ਇਸ ਤੋਂ ਉਪਰੰਤ ਉਨ੍ਹਾਂ ਵਲੋਂ ਪਿੰਡ ਵਿਚ ਅਤੇ ਪਿੰਡ ਤੋਂ ਬਾਹਰ ਹੋਰ ਵੀ ਜ਼ਮੀਨ ਖਰੀਦੀ ਗਈ।[96]

ਰਾਗੀ ਭਾਈ ਜੁਵਾਲਾ ਸਿੰਘ ਨਿਡਰ ਸੁਭਾਅ ਦੇ ਮਾਲਕ ਸਨ। ਸੰਤ ਅਤਰ ਸਿੰਘ ਦਾ ਸਿੱਖ ਸਮਾਜ ਵਿਚ ਬੜਾ ਨਾਮ ਹੈ। ਆਪ ਤੇ ਸੰਤ ਅਤਰ ਸਿੰਘ ਕਈ ਪੰਥਕ ਕਾਨਫਰੰਸਾਂ ਤੇ ਸਮਾਗਮਾਂ ਵਿਚ ਕੀਰਤਨ ਹਿਤ ਇਕੱਠੇ ਰਹਿੰਦੇ ਸਨ। ਸੰਤ ਆਪ ਖੁਦ ਸਿੱਧੀਆਂ ਧਾਰਨਾਵਾਂ ਵਿਚ ਕੀਰਤਨ ਕਰਦੇ ਸਨ। ਇੱਕ ਵਾਰ ਸੰਤ ਜੀ ਤੋਂ ਬਆਦ ਰਾਗੀ ਭਾਈ ਜੁਵਾਲਾ ਸਿੰਘ ਨੇ ਕੀਰਤਨ ਕਰਨਾ ਸੀ। ਸੰਤ ਜੀ ਨੇ ਕੀਰਤਨ ਦੀ ਸਮਾਪਤੀ ਸਮੇਂ ਰਾਗੀ ਭਾਈ ਜੁਵਾਲਾ ਸਿੰਘ ਨੂੰ ਸਬੰਧੋਨ ਹੁੰਦੇ ਕਿਹਾ ਕਿ ਭਾਈ ਸਾਹਿਬ ਤੁਸੀਂ ਵੀ ਸਿੱਧਾ ਸਿੱਧਾ ਧਾਰਨਾ ਵਿਚ ਕੀਰਤਨ ਸੁਣਾਉ। ਆਪ ਨੇ ਸੰਤ ਜੀ ਦੇ ਇਸ ਸਵਾਲ ਵਿਚ ਨਿਡਰ ਤੇ ਬੇਬਾਕ ਤਰੀਕੇ ਵਿਚ ਉੱਤਰ ਦਿੱਤਾ ਤੇ ਕਿਹਾ ਕਿ ਸੰਤ ਜੀ ਸਤਿਗੁਰਾਂ ਨੇ ਸਾਰੀ ਬਾਣੀ ਰਾਗਾਂ ਵਿਚ ਰਚੀ ਹੈ ਤੇ ਸਦੀਆਂ ਤੋਂ

ਕੀਰਤਨ ਵੀ ਰਾਗਾਂ ਵਿਚ ਹੀ ਹੁੰਦਾ ਆਇਆ ਹੈ ਇਸ ਲਈ ਦਾਸ ਨੇ ਤਾਂ ਕੀਰਤਨ ਪ੍ਰਾਚੀਨ ਮਰਿਯਾਦਾ ਅਨੁਸਾਰ ਹੀ ਕਰਨਾ ਹੈ।[97]

ਰਾਗੀ ਭਾਈ ਜੁਵਾਲਾ ਸਿੰਘ *ਸਿੰਘ ਸਭਾ* ਦੇ ਪ੍ਰਭਾਵ ਦੇ ਕਾਰਨ ਸਿੱਖ ਸਿਧਾਂਤਾਂ ਦਾ ਪ੍ਰਚਾਰ ਬਹੁਤ ਹੀ ਪ੍ਰਭਾਸ਼ਾਲੀ ਢੰਗ ਨਾਲ ਕਰਦੇ ਸਨ। ਇਸ ਨਾਲ ਬ੍ਰਾਹਮਣਵਾਦੀ ਪਾਖੰਡ ਨੂੰ ਬਹੁਤ ਵੱਡੀ ਢਾਹ ਲੱਗੀ ਜਿਸ ਕਾਰਨ ਬ੍ਰਾਹਮਣ ਲੋਕ ਆਪ ਦੀ ਜਾਨ ਦੇ ਦੁਸ਼ਮਨ ਬਣ ਗਏ। ਆਪ ਨੂੰ ਇੱਕ ਵਾਰ ਭੋਜਨ ਵਿਚ ਸੰਕ ਜ਼ਹਿਰ ਮਿਲਾ ਕੇ ਦਿੱਤਾ ਗਿਆ। ਇੱਕ ਵਾਰ ਟਿੱਬੇ ਪਿੰਡ ਦੇ ਲੱਛੂ ਬਦਮਾਸ਼ ਨੂੰ ਆਪ ਜੀ ਦੇ ਕਤਲ ਹਿਤ ਪੰਜ ਸੋ ਰੁਪਏ ਦਾ ਲਾਲਚ ਦਿੱਤਾ ਗਿਆ। ਗੁਰੂ ਕਿਰਪਾ ਸਦਕਾ ਆਪ ਦਾ ਬਚਾਅ ਹੁੰਦਾ ਰਿਹਾ।[98]

ਕਪੂਰਥਲੇ ਦੇ ਮਹਾਰਾਜੇ ਜਗਤਜੀਤ ਸਿੰਘ ਨੇ ਗੁਰਦੁਆਰਾ ਬੇਰ ਸਾਹਿਬ ਵਿਖੇ ਸਮਾਪਤੀ ਤੋਂ ਬਆਦ ਪ੍ਰਸ਼ਾਦ ਆਪ ਨਾ ਲੈ ਕੇ ਆਪਣੇ ਐਹਲਕਾਰ ਨੂੰ ਲੈਣ ਲਈ ਕਿਹਾ। ਇਸ ਘਟਨਾ ਦਾ ਰਾਗੀ ਭਾਈ ਜੁਵਾਲਾ ਸਿੰਘ 'ਤੇ ਗਹਿਰਾ ਅਸਰ ਹੋਇਆ। ਆਪ ਨੇ ਇਸ ਗੱਲ ਦੀ ਵਿਰੋਧਤਾ ਬੜੇ ਸੁਚੱਜੇ ਢੰਗ ਨਾਲ ਦਰਜ਼ ਕਰਵਾਈ ਤੇ ਮਹਾਰਾਜਾ ਜਗਤਜੀਤ ਸਿੰਘ ਨੂੰ ਇਸ ਗਲਤੀ ਦਾ ਬਿਨਾਂ ਕਿਸੇ ਡਰ ਤੋਂ ਅਹਿਸਾਸ ਕਰਵਾਇਆ।[99]

ਪਟਿਆਲਾ ਰਿਆਸਤ ਦੇ ਉਸ ਸਮੇਂ ਮਹਾਰਾਜਾ ਭੁਪਿੰਦਰ ਸਿੰਘ ਸਨ। ਉਸ ਨੇ ਅੰਗਰੇਜ਼ਾਂ ਨਾਲ ਸਿੱਖ ਜਥੇਬੰਦੀਆਂ ਦੇ ਚੱਲ ਰਹੇ ਵਿਵਾਦ ਕਾਰਨ ਇੱਕ ਬੈਠਕ ਆਪਣੇ ਮਹਿਲਾਂ ਵਿਚ ਰੱਖੀ। ਉਸ ਵਿਚ ਸਾਰੀਆਂ ਅੰਗਰੇਜ਼ਾਂ ਦੀ ਵਿਰੋਧਤਾ ਕਰਨ ਵਾਲੀਆਂ ਜਥੇਬੰਦੀਆਂ ਦੇ ਮੋਹਰੀ ਸਿੰਘ ਇੱਕਠੇ ਹੋਏ ਸਨ। ਉਸ ਦੀ ਪ੍ਰਭੂਤਾ ਜਾਂ ਦਬਦਬਾ ਇਨ੍ਹਾਂ ਸੀ ਕਿ ਛੇਤੀ ਕਿਤੇ ਕੋਈ ਉਸ ਸਾਹਮਣੇ ਬੋਲਣ ਦਾ ਹੀਆ ਨਹੀਂ ਕਰ ਪਾਉਂਦਾ ਸੀ। ਆਪ ਨੇ ਉਸ ਦੇ ਸਨਮੁੱਖ ਬੜੀ ਦ੍ਰਿੜਤਾ ਤੇ ਨਿਡਰਤਾ ਨਾਲ ਸਿੱਖ ਕੌਮ ਦੀ ਉਸ ਸਮੇਂ ਦੀ ਅਵਸਥਾ ਨੂੰ ਭਾਵਪੂਰਨ ਤਰੀਕੇ ਨਾਲ ਰੱਖਿਆ ਜਿਸ ਨਾਲ ਉਸ ਦੀਆਂ ਕਈ ਗਲਤਫਹਿਮੀਆਂ ਦੂਰ ਹੋਈਆਂ।[100]

1912 ਵਿਚ ਰਾਗੀ ਭਾਈ ਜੁਵਾਲਾ ਸਿੰਘ ਸੈਦਪੁਰ ਵਿਖੇ ਇੱਕ ਅਨੰਦ ਕਾਰਜ ਸਮੇਂ ਕੁੜੀ ਦੇ ਮਾਮੇ ਨੇ ਅਨੰਦ ਕਾਰਜ ਕਰਨ ਦੀ ਬਜਾਏ ਬ੍ਰਾਹਮਣ ਮੱਤ ਨਾਲ ਵਿਆਹ ਕਰਨ ਦੀ ਜਿੱਦ ਕਰ ਲਈ। ਉਸ ਨੂੰ ਚੁੱਕਣ ਵਾਲੇ ਦਸ ਬਾਰਾਂ ਬ੍ਰਹਾਮਣਾਂ ਨਾਲ ਆਪ ਦੀ ਪਿੰਡ ਦੀ ਧਰਮਸ਼ਾਲਾ ਵਿਚ ਬਹਿਸ ਹੋਈ। ਆਖਰ ਆਪ ਦੀ ਜਿੱਤ ਹੋਈ ਤੇ ਉਸ ਬੱਚੀ ਦੇ ਅਨੰਦ ਕਾਰਜ਼ ਕੀਤੇ ਗਏ।[101] ਇਸ ਘਟਨਾ ਤੋਂ ਜਿੱਥੇ ਆਪ ਦੇ

ਗੁਰਮਤਿ ਪ੍ਰਚਾਰ ਦੇ ਅਸਰ ਦਾ ਪਤਾ ਲਗਦਾ ਹੈ ਉੱਥੇ ਆਪ ਦਾ ਨਿਡਰ ਜਿਗਰਾ ਵੀ ਪ੍ਰਤੱਖ ਹੁੰਦਾ ਹੈ। ਕਈ ਵਾਰ ਆਪ ਦੇ ਮੁਖੀ ਨੂੰ ਆਪਣੇ ਰਿਸ਼ਤੇਦਾਰਾਂ ਦੇ ਦਬਾਅ ਅੱਗੇ ਮਜ਼ਬੂਰ ਹੋਣਾ ਪੈਂਦਾ ਸੀ ਤੇ ਉਹ ਚਾਹ ਕੇ ਵੀ ਅਨੰਦ ਕਾਰਜ਼ ਨਹੀਂ ਕਰਵਾ ਸਕਦਾ ਸੀ। ਅਜਿਹੀ ਹਾਲਤ ਵਿਚ ਆਪ ਬਿਨਾਂ ਕੋਈ ਸ਼ਬਦ ਭੇਟਾ ਲਏ ਉੱਥੋਂ ਵਾਪਸ ਆ ਜਾਂਦੇ ਸਨ।

ਰਾਗੀ ਭਾਈ ਜੁਵਾਲਾ ਸਿੰਘ ਦੀ ਜੇ ਉਪਰੋਕਤ ਸ਼ਖਸ਼ੀ ਰਹਿਣੀ ਦੇਖੀਏ ਤਾਂ ਉਨ੍ਹਾਂ ਦੀ ਇੱਕ ਅਦਰਸ਼ਕ ਸ਼ਖਸ਼ੀਅਤ ਪ੍ਰਤੱਖ ਹੁੰਦੀ ਹੈ। ਉਹ ਗੁਰੂ ਦੇ ਹੁਕਮ ਨੂੰ ਮੰਨਣ ਵਾਲੇ, ਪਰਿਵਾਰਕ ਜਿੰਮੇਵਾਰੀਆਂ ਨੂੰ ਨਿਪੁੰਨਤਾ ਨਾਲ ਨਿਭਾਉਣ ਵਾਲੇ, ਆਪਣੇ ਪੂਰਵਜ਼ਾਂ ਦੇ ਪਿਆਰ ਵਿਚ ਭਿਜੇ ਹੋਏ, ਪਰਉਪਕਾਰੀ ਸੁਭਾਅ ਦੇ ਮਾਲਕ, ਨਿਡਰ ਸੁਭਾਅ ਦੇ ਮਾਲਕ, ਹੱਕ ਸੱਚ ਦੀ ਗੱਲ ਕਰਨ ਵਾਲੇ ਨਿਤਨੇਮੀ ਇਨਸਾਨ ਉਭਰ ਕੇ ਸਾਹਮਣੇ ਆਉਂਦੇ ਹਨ।

ਰਾਗੀ ਭਾਈ ਜੁਵਾਲਾ ਸਿੰਘ ਜਿੱਥੇ ਕੀਰਤਨ ਨਾਲ ਸਾਰੀ ਉਮਰ ਸੰਗਤ ਦੀ ਸੇਵਾ ਕਰਦੇ ਰਹੇ ਉੱਥੇ ਆਪ ਹੱਥੀਂ ਸੇਵਾ ਵੀ ਬਹੁਤ ਹੀ ਚਾਅ ਨਾਲ ਕਰਦੇ ਸਨ। ਇਸ ਸੰਦਰਭ ਵਿਚ ਹੋਰ ਹਵਾਲਿਆਂ ਤੋਂ ਇਲਾਵਾ ਆਪ ਦੀ ਹੱਥ ਲਿਖਤ ਡਾਇਰੀਆਂ ਤੋਂ ਵੀ ਪ੍ਰਾਪਤ ਹੁੰਦੇ ਹਨ। ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੀ ਸੇਵਾ ਸਿੱਖ ਪੰਥ ਵਿਚ ਬੜੇ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਕੀਤੀ ਜਾਂਦੀ ਰਹੀ ਹੈ। ਇਹ ਸੇਵਾ ਜਦੋਂ ਵੀ ਲੱਗਦੀ ਹੈ ਸੰਗਤਾਂ ਦੇਸ਼ ਵਿਦੇਸ਼ ਤੋਂ ਉਤਸ਼ਾਹ ਨਾਲ ਪਹੁੰਚਦੀਆਂ ਹਨ। ਰਾਗੀ ਭਾਈ ਜੁਵਾਲਾ ਸਿੰਘ ਦੇ ਸਮੇਂ 21 ਅਗਸਤ ਸੰਨ 1922 ਵਿਚ ਵੀ ਦਰਬਾਰ ਸਾਹਿਬ ਦੇ ਸਰੋਵਰ ਦੀ ਸੇਵਾ ਲੱਗੀ ਸੀ। ਉਸ ਸਮੇਂ ਆਪ ਨੇ ਜਿੱਥੇ ਹੱਥੀਂ ਸੇਵਾ ਕੀਤੀ ਉੱਥੇ ਸੇਵਾ ਦੇ ਦੌਰਾਨ ਕਈ ਵਾਰ ਜਾ ਕੇ ਦਰਬਾਰ ਸਾਹਿਬ ਕੀਰਤਨ ਵੀ ਕੀਤਾ। ਦਰਬਾਰ ਸਾਹਿਬ ਦੇ ਸਰੋਵਰ ਦੀ ਸੇਵਾ ਦੇ ਨਾਲ ਸਿੱਖਾਂ ਵਿਚ ਇੱਕ ਦੰਦ ਕਥਾ ਵੀ ਪ੍ਰਚਲਿਤ ਹੈ ਕਿ ਜਦੋਂ ਵੀ ਸਰੋਵਰ ਦੀ ਸੇਵਾ ਲੱਗਦੀ ਹੈ ਸੇਵਾਦਾਰਾਂ ਨੂੰ ਬਾਜ ਦੇ ਦਰਸ਼ਨ ਜ਼ਰੂਰ ਹੁੰਦੇ ਹਨ। ਇਸੇ ਸੰਦਰਭ ਵਿੱਖ ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣੀ ਡਾਇਰੀ ਵਿਚ ਲਿਖਿਆ ਹੈ ਕਿ ਉਨ੍ਹਾਂ ਨੂੰ ਸੇਵਾ ਦੌਰਾਨ ਸੰਗਤ ਸਹਿਤ ਬਾਜ ਦੇ ਦਰਸ਼ਨ ਵੀ ਕੀਤੇ।[102] ਗੁਰਮਤਿ ਵਿਚ ਇਸ ਦੰਦ ਕਥਾ ਲਈ ਕੋਈ ਸਥਾਨ ਨਹੀਂ ਹੈ ਨਾ ਹੀ ਖੋਜਾਰਥੀ ਇਸ ਸੰਦਰਭ ਵਿਚ ਵਿਸ਼ਵਾਸ਼ ਕਰਦਾ ਹੈ। ਸਖਸ਼ੀ ਰਹਿਣੀ ਦੇ ਨਾਲ-ਨਾਲ ਆਪ ਦੀ ਪੰਥਕ ਰਹਿਣੀ ਵੀ ਕਮਾਲ ਦੀ ਸੀ।

**2.9.2 ਪੰਥਕ ਰਹਿਣੀ:** ਰਾਗੀ ਭਾਈ ਜੁਵਾਲਾ ਸਿੰਘ ਦਾ ਸਿੱਖ ਪੰਥ ਵਿਚ ਬਹੁਤ ਸਤਿਕਾਰ ਸੀ। ਇਸ ਸਤਿਕਾਰ ਦਾ ਸਦਕਾ ਹੀ ਆਪ ਨੂੰ ਸਿੱਖ ਪੰਥ ਦੇ ਮਹਾਨ ਵਿਦਵਾਨ ਮਹਾਪੁਰਸ਼ ਜਿਵੇਂ ਸੰਤ ਈਸ਼ਰ ਸਿੰਘ, ਸੰਤ ਕਿਰਪਾਲ ਸਿੰਘ[103], ਗਿ. ਦਿੱਤ ਸਿੰਘ, ਪ੍ਰੋ. ਗੁਰਮੁੱਖ ਸਿੰਘ[104], ਹਰਖੋਵਾਲ ਵਾਲੇ ਸੰਤ ਬਾਬਾ ਜੁਵਾਲਾ ਸਿੰਘ[105], ਸੰਤ ਹਰੀ ਸਿੰਘ ਕਹਾਰਪੁਰੀ ਵਾਲੇ[106], ਨਾਮਧਾਰੀ ਮੁਖੀ ਬਾਬਾ ਪ੍ਰਤਾਪ ਸਿੰਘ[107], ਭਾਈ ਸਾਹਿਬ ਭਾਈ ਰਣਧੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਦੀ ਸੰਗਤ ਤੇ ਪਿਆਰ ਪ੍ਰਾਪਤ ਸੀ।

ਰਾਗੀ ਭਾਈ ਜੁਵਾਲਾ ਸਿੰਘ ਨੇ ਜਿੱਥੇ ਸਿੱਖ ਪੰਥ ਦੇ ਕਾਰਜ਼ਾਂ ਵਿਚ ਹਮੇਸ਼ਾਂ ਵੱਧ ਚੜ੍ਹ ਕੇ ਹਿੱਸਾ ਲਿਆ ਉੱਥੇ ਆਪ ਦੇਸ਼ ਦੀ ਅਜ਼ਾਦੀ ਲਈ ਸਰਗਰਮ ਬੱਬਰਾਂ ਦਾ ਵੀ ਸਾਥ ਦਿੰਦੇ ਰਹੇ। ਆਪ ਦਾ ਬੱਬਰ ਅਕਾਲੀ ਲਹਿਰ ਦੇ ਮੋਢੀ ਮਾਸਟਰ ਮੋਤਾ ਸਿੰਘ ਤੇ ਕਿਸ਼ਨ ਸਿੰਘ ਗੜਗੱਜ ਨਾਲ ਚੰਗੇ ਸਬੰਧ ਸਨ। ਇਹ ਲਹਿਰ 1921 ਤੋਂ 1926 ਵਿਚ ਆਪਣੇ ਸ਼ਿਖਰ 'ਤੇ ਸੀ। ਇਸ ਲਹਿਰ ਦਾ ਟੀਚਾ ਅੰਗਰੇਜ਼ਾਂ ਦੇ ਮੁਖਬਰਾਂ, ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਆਦਿ ਦੇ ਦੋਸ਼ੀਆਂ ਦਾ ਸੋਧਾ ਲਾਉਣਾ ਸੀ। 1923 ਨੂੰ ਇਸ ਜਥੇਬੰਦੀ ਨੂੰ ਸਰਕਾਰ ਵਲੋਂ ਗ਼ੈਰ ਕਾਨੂੰਨੀ ਕਰਾਰ ਕਰ ਦਿੱਤਾ ਗਿਆ। ਰਾਗੀ ਭਾਈ ਜੁਵਾਲਾ ਸਿੰਘ ਦਾ ਇਸ ਜਥੇਬੰਦੀ ਦੇ ਵੱਡੇ ਜਰਨੈਲ ਮੋਤਾ ਸਿੰਘ ਨਾਲ ਕਾਫੀ ਨੇੜ੍ਹਤਾ ਸੀ। ਇਨ੍ਹਾਂ ਤੋਂ ਇਲਾਵਾ ਜਥੇਦਾਰ ਕਿਸ਼ਨ ਸਿੰਘ ਗੜਗੱਜ, ਭਾਈ ਧੰਨਾ ਸਿੰਘ ਬਹਿਬਲਪੁਰੀ, ਭਾਈ ਸੁੰਦਰ ਸਿੰਘ, ਭਾਈ ਕਰਤਾਰ ਸਿੰਘ ਗੋਂਦਪੁਰ ਆਦਿ ਨਾਲ ਵੀ ਆਪ ਦਾ ਮੇਲ ਜੋਲ ਰਿਹਾ। ਆਪ ਬੱਬਰਾਂ ਦੀ ਵੇਲੇ ਕੁਵੇਲੇ ਮਾਇਆ ਤੇ ਘਰ ਵਿਚ ਪਨਾਹ ਆਦਿ ਦੇ ਕੇ ਮਦਦ ਕਰਦੇ ਰਹੇ।[108]

ਰਾਗੀ ਭਾਈ ਜੁਵਾਲਾ ਸਿੰਘ ਨੇ ਸਿੱਖਾਂ ਵੱਲੋਂ ਅੰਗਰੇਜ਼ਾਂ ਵਿਰੁਧ ਲਗਾਏ ਚਾਬੀਆਂ ਦੇ ਮੋਰਚੇ ਵਿਚ ਬਿਨਾਂ ਕਿਸੇ ਡਰ ਤੋਂ ਹਿੱਸਾ ਲਿਆ। ਚਾਬੀਆਂ ਦਾ ਮੋਰਚਾ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਨਾਲ ਸਬੰਧਤ ਹੈ। ਇਹ ਮੋਰਚਾ ਸਿੱਖਾਂ ਵਲੋਂ 11 ਤੇ 12 ਨਵੰਬਰ 1921 ਨੂੰ ਲਾਇਆ ਗਿਆ ਸੀ ਜੋ ਕਿ 17 ਜਨਵਰੀ 1922 ਤਕ ਚੱਲਿਆ।[109] ਇਸ ਕਾਰਜ ਹਿਤ ਇੱਕਜੁਟ ਸੰਗਤਾਂ ਦੇ ਇੱਕਠ ਵਿਚ ਆਪ ਨੇ ਬੀਰ ਰਸੀ ਕੀਰਤਨ ਅਤੇ ਵਿਚਾਰਾਂ ਨਾਲ ਮੋਹਰੀ ਭੂਮਿਕਾ ਨਿਭਾਈ।[110]

ਗੁਰੂ ਕੇ ਬਾਗ ਦਾ ਮੋਰਚਾ ਜੋ ਅਗਸਤ 1922 ਈਸਵੀ ਨੂੰ ਸ਼ੁਰੂ ਹੋਇਆ ਸੀ। ਇਸ ਮੋਰਚੇ ਦਾ ਉਦੇਸ਼ ਮਹੰਤ ਸੁੰਦਰ ਦਾਸ ਦੇ ਕਬਜੇ ਤੋਂ ਗੁਰਦੁਆਰਾ ਗੁਰੂ ਕਾ ਬਾਗ ਨੂੰ ਮੁਕਤ ਕਰਵਾਉਣਾ ਸੀ। ਇਸ

ਸੰਦਰਭ ਵਿਚ ਸ੍ਰੀ ਅਕਾਲ ਤਖਤ ਤੋਂ ਸੋ-ਦੋ-ਸੋ ਸਿੰਘਾਂ ਦੇ ਜਥੇ ਗੁਰੂ ਕੇ ਬਾਗ ਵੱਲ ਕੂਚ ਕਰਦੇ ਸਨ। ਇਸ ਸਬੰਧ ਵਿਚ ਪਹਿਲਾ 200 ਸਿੰਘਾਂ ਦਾ ਜਥਾ 31 ਅਗਸਤ ਨੂੰ ਰਵਾਨਾ ਹੋਇਆ ਸੀ।[111] ਇਸ ਮੋਰਚੇ ਵਿਚ ਰਾਗੀ ਭਾਈ ਜੁਵਾਲਾ ਸਿੰਘ ਨੇ 12 ਸਤੰਬਰ ਤੋਂ 16 ਸਤੰਬਰ 1922 ਤਕ ਜਥੇ ਸਮੇਤ ਸ੍ਰੀ ਅਕਾਲ ਸਾਹਿਬ 'ਤੇ ਸਿੰਘਾਂ ਦੇ ਵੱਡੇ ਇੱਕਠ ਵਿਚ ਕੀਰਤਨ ਤੇ ਗੁਰ ਇਤਿਹਾਸ ਦੀਆਂ ਵਿਚਾਰਾਂ ਕਰ ਆਪਣੀ ਹਾਜ਼ਰੀ ਲਗਵਾਉਂਦੇ ਰਹੇ।[112]

ਜੈਤੋਂ ਦੇ ਮੋਰਚੇ ਵਿਚ ਵੀ ਰਾਗੀ ਭਾਈ ਜੁਵਾਲਾ ਸਿੰਘ ਨੇ ਜਿੱਥੇ ਕੀਰਤਨ ਦੀ ਸੇਵਾ ਕੀਤੀ ਉੱਥੇ ਅਕਾਲ ਤਖ਼ਤ ਸਾਹਿਬ ਵਲੋਂ ਭੇਜੇ 17ਵੇਂ ਜਥੇ ਵਿਚ ਗ੍ਰਿਫ਼ਤਾਰੀ ਵੀ ਦਿੱਤੀ। ਇਸ ਮੋਰਚੇ ਬਾਰੇ ਉੱਪਰ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ। ਇਸ ਸਬੰਧ ਵਿਚ ਆਪ ਨੂੰ ਤਿੰਨ ਮਹੀਨਿਆਂ ਦੀ ਜੇਲ ਵੀ ਹੋਈ। ਇਸ ਤੋਂ ਆਪ ਦੀ ਪੰਥਕ ਸੇਵਾ ਪ੍ਰਤੀ ਸੁਚੇਤ ਮਨ ਦੀ ਅਵਸਥਾ ਪ੍ਰਤੱਖ ਸਪੱਸ਼ਟ ਹੁੰਦੀ ਹੈ।[113]

ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਸ਼ਹੀਦ ਸਿੰਘਾਂ ਦੇ ਸਮੂਹਿਕ ਅੰਗੀਠੇ 'ਤੇ ਹਜ਼ਾਰਾਂ ਦੇ ਇਕੱਠ ਵਿਚ ਆਪ ਨੇ ਆਪਣਾ ਪੰਥਕ ਫਰਜ਼ ਨਿਭਾਉਂਦੇ ਹੋਏ ਜਿੱਥੇ ਵੈਰਾਗੀ ਮਨ ਨਾਲ ਬੀਰ ਰਸੀ ਕੀਰਤਨ ਕੀਤਾ ਉੱਥੇ ਆਪ ਨੇ ਇਸ ਸਾਕੇ ਲਈ ਜਿੰਮੇਵਾਰ ਸਰਕਾਰੀ ਧੜੇ ਵਿਰੁੱਧ ਨਿਡਰ ਹੋ ਕੇ ਅਵਾਜ਼ ਵੀ ਚੁੱਕੀ।[114]

1922 ਈਸਵੀ ਵਿਚ ਸ਼੍ਰੋਮਣੀ ਕਮੇਟੀ ਦੇ ਸੱਦੇ ਪੱਤਰ 'ਤੇ ਆਪ ਨੇ *ਗਯਾ* ਵਿਖੇ ਅਕਾਲੀਆਂ ਦੀ ਸਟੇਜ ਉੱਤੇ ਕੀਰਤਨ ਕੀਤਾ। ਆਪ ਨੇ ਗੈਰ ਧਰਮੀਆਂ ਦੀ ਪ੍ਰਵਾਹ ਕੀਤੇ ਬਿਨਾਂ ਉੱਥੇ ਗੁਰਮਤਿ ਦਾ ਪ੍ਰਚਾਰ ਕੀਤਾ। ਆਪ ਦੇ ਪ੍ਰਚਾਰ ਤੋਂ ਹਾਜ਼ਰ ਸੈਂਕੜੇ ਗੈਰ ਸਿੱਖ ਸੰਗਤਾਂ 'ਤੇ ਪ੍ਰਭਾਵਸ਼ਾਲੀ ਅਸਰ ਪਿਆ। ਇਸੇ ਤਰ੍ਹਾਂ ਆਪ 1927 ਈਸਵੀ ਵਿਚ ਕੁੰਭ ਦੇ ਮੇਲੇ ਵਿਚ ਚੀਫ਼ ਖਾਲਸਾ ਦੀਵਾਨ ਅਤੇ ਅਕਾਲੀ ਦਲ ਦੇ ਸੱਦੇ ਪੱਤਰ 'ਤੇ ਗਏ। ਕੁੰਭ ਦੇ ਮੇਲੇ ਵਿਚ ਗੈਰ ਸਿੱਖਾਂ ਦਾ ਭਾਰੀ ਇਕੱਠ ਹੁੰਦਾ ਹੈ। ਇਸ ਭਾਰੀ ਇਕੱਠ ਵਿਚ ਆਪ ਨੇ ਗੁਰਮਤਿ ਦੇ ਵਾਣਾਂ ਰਾਹੀਂ ਪ੍ਰਚੱਲਿਤ ਪਾਖੰਡਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਫੁੰਡਿਆ। ਇਸ ਦਾ ਉੱਥੇ ਹਾਜ਼ਰ ਸੰਗਤਾਂ 'ਤੇ ਚੰਗਾ ਪ੍ਰਭਾਵ ਪਿਆ।[115]

ਰਾਗੀ ਭਾਈ ਜੁਵਾਲਾ ਸਿੰਘ ਗੁਰਮਤਿ 'ਤੇ ਹਮੇਸ਼ਾਂ ਡੱਟ ਕੇ ਪਹਿਰਾ ਦਿੰਦੇ ਸਨ। ਗੁਰਮਤਿ ਦੇ ਉਲਟ ਹੁੰਦੀ ਗੱਲ ਉਹ ਸਹਾਰਦੇ ਨਹੀਂ ਸਨ। ਆਪ ਨਾਲ ਸਬੰਧਤ ਇੱਕ ਘਟਨਾ ਇਸ ਤੱਥ ਨੂੰ ਹੋਰ ਸਪਸ਼ਟ ਕਰਦੀ ਹੈ। ਅੰਮ੍ਰਿਤਸਰ ਸ਼ਹਿਰ ਦੇ ਬੱਸ ਟ੍ਰਾਂਸਪੋਰਟ ਦੇ ਮਾਲਕ ਸ. ਬਸੰਤ ਸਿੰਘ ਤੇ ਹਜ਼ਾਰਾ ਸਿੰਘ ਦੇ ਘਰ ਆਪ ਨੇ ਸ੍ਰੀ

ਅਖੰਡ ਪਾਠ ਦੇ ਭੋਗ ਤੋਂ ਬਆਦ ਕੀਰਤਨ ਕੀਤਾ। ਉਸ ਸਮਾਗਮ ਵਿਚ ਹਰਖੋਵਾਲ ਵਾਲੇ ਸੰਤ ਬਾਬਾ ਜੁਵਾਲਾ ਸਿੰਘ ਜੀ ਅਤੇ ਉਨ੍ਹਾਂ ਤੋਂ ਵਰੋਸਾਇ ਸੰਤ ਹਰੀ ਸਿੰਘ ਜੀ ਮੁਕੇਰੀਆਂ ਵਾਲੇ ਵੀ ਆਏ ਹੋਏ ਸਨ। ਸੰਤ ਹਰੀ ਸਿੰਘ ਨੇ ਅਰਦਾਸ ਤੋਂ ਬਆਦ ਹੁਕਮਨਾਮਾ ਲਿਆ *ਮਨ ਕੀ ਮਨ ਹੀ ਮਾਹਿ ਰਹੀ*[116]ਤੇ ਉਨ੍ਹਾਂ ਨੇ ਸੰਗਤ ਨੂੰ ਮੁਖਾਤਿਬ ਹੁੰਦੇ ਕਿਹਾ ਕਿ ਵਾਕ (ਹੁਕਮਨਾਮਾ) ਠੀਕ ਨਹੀਂ ਆਇਆ। ਉਨ੍ਹਾਂ ਦੁਬਾਰਾ ਅਰਦਾਸ ਕਰਕੇ ਹੁਕਮ ਲਿਆ ਤਾਂ ਫਿਰ ਹੁਕਮਨਾਮਾ ਪਹਿਲਾਂ ਵਾਲਾ ਹੀ ਆਇਆ। ਸੰਤ ਹਰੀ ਸਿੰਘ ਦੁਬਾਰਾ ਅਰਦਾਸ ਕਰਨ ਲੱਗੇ ਤਾਂ ਆਪ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜਿਆ ਤੇ ਗੁਰੂ ਗ੍ਰੰਥ ਸਾਹਿਬ 'ਤੇ ਵਿਸ਼ਵਾਸ਼ ਕਰਨ ਨੂੰ ਕਿਹਾ। ਸੰਗਤ ਵਿਚ ਹਾਜਰ ਸੰਤ ਬਾਬਾ ਜੁਵਾਲਾ ਸਿੰਘ ਹਰਖੋਵਾਲ ਵਾਲੇ ਆਪ ਦੀ ਬਹਾਦਰੀ ਲਈ ਪ੍ਰਸ਼ੰਨ ਹੋਏ।[117]

ਉਕਤ ਤੋਂ ਸਪਸ਼ਟ ਹੈ ਕਿ ਆਪ ਨੇ ਸਿੰਘ ਸਭਾ ਲਹਿਰ, ਚੀਫ਼ ਖਾਲਸਾ ਦੀਵਾਨ, ਗੁਰਦੁਆਰਾ ਸੁਧਾਰ ਲਹਿਰ, ਚਾਬੀਆਂ ਦਾ ਮੋਰਚਾ, ਜੈਤੋਂ ਦਾ ਮੋਰਚਾ, ਨਨਕਾਣਾ ਸਾਹਿਬ ਦਾ ਸਾਕਾ, ਗੁਰੂ ਕੇ ਬਾਗ ਦਾ ਮੋਰਚਾ ਆਦਿ ਸਾਰੇ ਪੰਥਕ ਕਾਰਜ਼ਾਂ ਵਿਚ ਵੱਧ ਚੱੜ ਕੇ ਹਿੱਸਾ ਪਾਇਆ। ਇਸ ਤੋਂ ਇਲਾਵਾ ਹੋਰ ਗੁਰਮਤਿ ਦੇ ਕਾਰਜ਼ਾਂ ਹਿਤ ਆਪ ਹਮੇਸ਼ਾਂ ਹੀ ਤਤਪਰ ਰਹੇ। ਗੁਰਮਤਿ ਸਿਧਾਤਾਂ 'ਤੇ ਆਪ ਨੇ ਹਮੇਸ਼ਾਂ ਡਟ ਕੇ ਪਹਿਰਾ ਦਿੱਤਾ ਭਾਵੇਂ ਆਪ ਦੇ ਸਾਹਮਣੇ ਕਪੂਰਥਲੇ ਦਾ ਰਾਜਾ ਜਗਤਜੀਤ ਸਿੰਘ, ਮਹਾਰਾਜਾ ਪਟਿਆਲਾ ਜਾਂ ਸਰਕਾਰੀ ਤੰਤਰ ਹੀ ਕਿਉਂ ਹੀ ਨਾ ਹੋਵੇ। ਪੰਥਕ ਮਸਲਿਆਂ ਦੇ ਹੱਲ ਲਈ ਆਪ ਹਮੇਸ਼ਾਂ ਸਿੰਘ ਸਭਾ, ਅਕਾਲੀ ਲਹਿਰ, ਬੱਬਰਾਂ ਆਦਿ ਦੇ ਨਾਲ ਕੰਮ ਕਰਦੇ ਰਹੇ।

ਉਕਤ ਤੋਂ ਸਾਡੇ ਸਾਹਮਣੇ ਭਾਈ ਜੁਵਾਲਾ ਸਿੰਘ ਜੀ ਦੀ ਸਿੱਖ ਪੰਥ ਨੂੰ ਸਮਰਪਿਤ ਸ਼ਖਸ਼ੀਅਤ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ। ਆਪ ਦੇ ਜੀਵਨ ਬਾਰੇ ਅਸੀਂ ਜਦੋਂ ਹੋਰ ਗਹਿਰਾਈ ਨਾਲ ਦੇਖਦੇ ਹਾਂ ਤਾਂ ਕੀਰਤਨਕਾਰ ਦੇ ਨਾਲ-ਨਾਲ ਸਾਡੇ ਸਾਹਮਣੇ ਆਪ ਦਾ ਨਿਡਰ ਇਨਕਲਾਬੀ ਵਿਅਕਤੀਤਵ ਵੀ ਪ੍ਰਤੱਖ ਹੁੰਦਾ ਹੈ। ਆਪ ਦਾ ਨਿਡਰ ਤੇ ਬੇਧੜਕ ਸੁਭਾਅ ਆਪ ਨੂੰ ਇੱਕ ਕੀਰਤਨੀਏ ਦੇ ਨਾਲ-ਨਾਲ ਸੂਰਬੀਰ ਬਣਾਉਂਦਾ ਹੈ। ਆਪ ਨੂੰ ਗੁਰੂ ਘਰ ਦੇ ਪੁਰਾਤਨ ਕੀਰਤਨੀਏ ਰਬਾਬੀ ਭਾਈ ਬਾਬਕ ਜੀ,[118] ਭਾਈ ਮਨੀ ਸਿੰਘ ਜੀ, ਭਾਈ ਜੱਸਾ ਸਿੰਘ ਆਹਲੂਵਾਲੀਆ ਆਦਿ ਦੇ ਨਕਸ਼ੇ ਕਦਮਾਂ 'ਤੇ ਚੱਲਣ ਵਾਲੇ ਕੀਰਤਨੀਏ ਬਣਾਉਂਦਾ ਹੈ। ਅਜਿਹੇ ਕੀਰਤਨੀਆਂ ਲਈ ਭਾਈ ਗੁਰਦਾਸ ਜੀ ਨੇ ਇਹ ਪੰਕਤੀ ਉਚਾਰੀ ਹੈ :

ਵਖਤੈ ਊਪਰਿ ਲੜਿ ਮਰੈ ਅੰਮ੍ਰਿਤ ਵੇਲੈ ਸਬਦੁ ਅਲਾਪੈ।

(*ਵਾਰਾਂ ਭਾਈ ਗੁਰਦਾਸ,* ਵਾਰ ੩੦, ਪਉੜੀ ੧੪)

ਭਾਈ ਜੁਵਾਲਾ ਸਿੰਘ ਦੇ ਜੀਵਨ ਸਬੰਧੀ ਉਕਤ ਹਵਾਲਿਆਂ ਤੋਂ ਜਿੱਥੇ ਉਹ ਮਹਾਨ ਕੀਰਤਨਕਾਰ ਪ੍ਰਤੱਖ ਹੁੰਦੇ ਹਨ, ਉੱਥੇ ਇੱਕ ਸਮਾਜ ਸੇਵੀ ਤੇ ਇਨਕਲਾਬੀ ਸੋਚ ਵਾਲੀ ਸ਼ਖਸੀਅਤ ਦੇ ਰੂਪ ਵਿਚ ਵੀ ਉੱਭਰ ਕੇ ਸਾਹਮਣੇ ਆਉਂਦੇ ਹਨ। ਇਸੇ ਸ਼ਖਸੀਅਤ ਦੇ ਮਾਲਕ ਹੋਣ ਕਾਰਨ ਆਪ ਦਾ ਸਿੱਖ ਸਮਾਜ ਦੀਆਂ ਆਦਰਯੋਗ ਸਖਸ਼ੀਅਤਾਂ ਵਿਚ ਬੜਾ ਸਤਿਕਾਰ ਸੀ।

## 2.10 ਰਾਗੀ ਭਾਈ ਜੁਵਾਲਾ ਸਿੰਘ : ਸਿੱਖ ਸਮਾਜ ਦੀਆਂ ਆਦਰਯੋਗ ਸ਼ਖਸੀਅਤਾਂ ਅਤੇ ਹੋਰ ਵਿਸ਼ੇਸ਼ ਵਿਦਵਾਨਾਂ ਦੀ ਨਜ਼ਰ ਵਿਚ

ਸਿੱਖ ਸਮਾਜ ਵਿਚ ਸਮੇਂ-ਸਮੇਂ 'ਤੇ ਅਨੇਕ ਹੀ ਅਜਿਹੀਆਂ ਸ਼ਖਸ਼ੀਅਤਾਂ ਹੋਈਆਂ ਜਿਨ੍ਹਾਂ ਸਿੱਖ ਸਮਾਜ, ਦੇਸ਼ ਕੌਮ ਆਦਿ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਇਨ੍ਹਾਂ ਦੇ ਕੌਮ ਉਸਾਰੂ ਕਾਰਜ਼ਾਂ ਕਰਕੇ ਇਨ੍ਹਾਂ ਨੂੰ ਸਤਿਕਾਰਿਆ ਵੀ ਜਾਂਦਾ ਰਿਹਾ ਹੈ। ਇਸ ਤੋਂ ਇਲਾਵਾ ਸਿੱਖ ਸਮਾਜ ਵਿਚ ਸੰਤਾਂ ਦੀ ਇੱਕ ਸ਼੍ਰੇਣੀ ਦਾ ਕਾਫੀ ਸਤਿਕਾਰ ਹੁੰਦਾ ਆ ਰਿਹਾ ਹੈ। ਇਸ ਸੰਦਰਭ ਵਿਚ ਵੱਖ-ਵੱਖ ਸਮੇਂ ਕਈ ਸੰਤ ਹੋਏ ਹਨ, ਜਿਵੇਂ ਸੰਤ ਅਤਰ ਸਿੰਘ, ਸੰਤ ਨੰਦ ਸਿੰਘ, ਸੰਤ ਜੁਵਾਲਾ ਸਿੰਘ ਹਰਖੋਵਾਲ ਵਾਲੇ, ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਆਦਿ। ਰਾਗੀ ਭਾਈ ਜੁਵਾਲਾ ਸਿੰਘ ਦੀ ਆਪਣੇ ਸਮੇਂ ਦੇ ਕਈ ਨਾਮ ਅਭਿਆਸੀ ਸੰਤਾਂ ਨਾਲ ਕੀਰਤਨੀਏ ਦੇ ਤੌਰ 'ਤੇ ਨੇੜਤਾ ਰਹੀ ਹੈ।

ਸੰਤ ਬਾਬਾ ਨੰਦ ਸਿੰਘ ਵੱਡੀ ਸਿਰਹਾਲੀ ਜਿਲ੍ਹਾ ਅੰਮ੍ਰਿਤਸਰ ਵਾਲੇ ਜਿਨ੍ਹਾਂ ਨੇ ਅਕਾਲੀ ਫੂਲਾ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਆਪ ਦੇ ਸਪੁੱਤਰ ਬਾਬਾ ਰਾਮ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਦਾ ਸਤਿਕਾਰ ਕਰਦੇ ਸਨ। ਆਪਣੀ ਜ਼ਿੰਦਗੀ ਦੇ ਅੰਤਿਮ ਪਲਾਂ ਵਿਚ ਆਪ ਨਾਲ ਸੰਗਤਾਂ ਵਿਚ ਕੁਝ ਬਚਨ ਕੀਤੇ ਸਨ। ਬਚਨ ਬਿਲਾਸ ਕਰਨ ਵਾਲਿਆਂ ਵਿਚ ਕਾਮਾਗਾਟਾ ਮਾਰੂ ਵਾਲੇ ਬਾਬਾ ਗੁਰਦਿੱਤ ਸਿੰਘ ਵੀ ਸਨ ਜੋ ਕਿ ਉਸੇ ਨਗਰ ਦੇ ਜੰਮਪਲ ਸਨ। ਉਦੋਂ ਭਾਈ ਟਹਿਲ ਸਿੰਘ (ਰਾਗੀ ਭਾਈ ਜੁਵਾਲਾ ਸਿੰਘ ਦੇ ਜੋੜੀ ਵਾਦਕ) ਨੇ ਭਾਈ ਜੁਵਾਲਾ ਸਿੰਘ ਸਬੰਧੀ ਪੁੱਛਿਆ ਕਿ ਆਪ ਤਾਂ ਭਾਈ ਸਾਬ ਨੂੰ ਹਮੇਸ਼ਾਂ ਆਪਣੇ ਕੋਲ ਰੱਖਣ ਦੀ ਗੱਲ ਕਰਦੇ ਸਨ ਪਰ ਤੁਸੀਂ ਤਾਂ ਫਤਹਿ ਗੱਜਾ ਚੱਲੇ ਹੋ ਤਾਂ ਉਸ ਵਕਤ ਬਾਬਾ ਜੀ ਨੇ ਰਾਗੀ ਭਾਈ ਜੁਵਾਲਾ ਸਿੰਘ ਨਾਲ ਸਦਾ ਲਈ ਆਤਮਕ ਸਬੰਧ ਹੋਣ ਦੇ ਬਚਨ ਕੀਤੇ।[119] ਖੋਜਾਰਥੀ ਦੀ ਇੱਥੇ ਕਿਸੇ

ਨੂੰ ਉੱਚਾ ਜਾਂ ਸਿੱਧੀ ਪ੍ਰਾਪਤ ਹੋਣਾ ਜਾਂ ਆਤਮਕ ਸਾਂਝ ਦਰਸਾਉਣ ਦੀ ਕੋਈ ਮਨਸ਼ਾ ਨਹੀਂ ਹੈ। ਇੱਥੇ ਇਹ ਵਾਕਿਆ ਇਸੇ ਲਈ ਦਰਜ਼ ਕੀਤਾ ਗਿਆ ਹੈ ਕਿਉਂਕਿ ਬਾਬਾ ਰਾਮ ਸਿੰਘ ਦਾ ਉਸ ਵਕਤ ਸੰਗਤਾਂ ਵਿਚ ਕਾਫੀ ਨਾਮ ਸੀ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਦੀ ਸਖਸ਼ੀਅਤ ਨੂੰ ਉਘਾੜਨ ਹਿਤ ਇਹ ਹਵਾਲੇ ਜ਼ਰੂਰੀ ਬਣਦੇ ਹਨ। ਇਨ੍ਹਾਂ ਤੋਂ ਇਲਾਵਾ ਸੰਤ ਬਾਬਾ ਮੋਹਰ ਸਿੰਘ[120], ਸੰਤ ਕ੍ਰਿਪਾਲ ਸਿੰਘ ਵਿਰੱਕਤ[121], ਸੰਤ ਈਸ਼ਰ ਸਿੰਘ[122], ਸੰਤ ਅਤਰ ਸਿੰਘ ਮਸਤੂਆਣਾ[123], ਸੰਤ ਕਪੂਰ ਸਿੰਘ ਨਿਰਬਾਣ[124], ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ[125], ਬਾਬਾ ਨੰਦ ਸਿੰਘ[126], ਬਾਬਾ ਹਰਨਾਮ ਸਿੰਘ ਨੌਰੰਗਾਬਾਦ ਵਾਲੇ[127], ਸੰਤ ਪ੍ਰੀਤਮ ਸਿੰਘ[128] ਆਦਿ ਨਾਲ ਆਪ ਦਾ ਚੰਗਾ ਸਹਿਚਾਰ ਸੀ। ਜਿੱਥੇ ਆਪ ਇਨ੍ਹਾਂ ਦਾ ਸਤਿਕਾਰ ਕਰਦੇ ਸਨ ਉੱਥੇ ਇਹ ਸਭ ਆਪ ਦਾ ਇੱਕ ਕੀਰਤਨੀਏ ਦੇ ਤੌਰ 'ਤੇ ਬਹੁਤ ਸਤਿਕਾਰ ਕਰਦੇ ਸਨ। ਇਸ ਤੋਂ ਇਲਾਵਾ ਅਖੰਡ ਕੀਰਤਨੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਵੀ ਆਪ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਕਈ-ਕਈ ਘੰਟੇ ਆਪ ਜੀ ਤੋਂ ਕੀਰਤਨ ਸੁਣਦੇ ਰਹਿੰਦੇ ਸਨ।[129]

ਗਿਆਨੀ ਗੁਰਦਿੱਤ ਸਿੰਘ ਨੇ *ਗੁਰਮਖ ਕੀਰਤਨੀਏ: ਰਾਗੀ ਭਾਈ ਜਵਾਲਾ ਸਿੰਘ ਜੀ* ਸਿਰਲੇਖ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਦੇ ਬਚਪਨ ਤੋਂ ਲੈ ਕੇ ਅੰਤਿਮ ਸਮੇਂ ਤਕ ਦੇ ਜੀਵਨ ਸਫਰ ਨੂੰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਪੇਸ਼ ਕੀਤਾ ਹੈ। ਆਪ ਲਿਖਦੇ ਹਨ, "ਭਾਈ ਸਾਹਿਬ ਜੀ ਅੱਸੀ ਸਾਲ ਇਸ ਦੁਨੀਆਂ ਵਿਚ ਰਹੇ, ਬਚਪਨ ਤੋਂ ਲੈ ਕੇ ਅੰਤ ਤਕ ਉਨ੍ਹਾਂ ਦੇ ਪ੍ਰਾਣਾਂ ਦੀ ਵੀਣਾ-ਸ਼ਬਦ ਦੀਆਂ ਧੁਨਾਂ ਨਾਲ ਥਰ-ਥਰਾਉਂਦੀ, ਤੇ ਨਰਜ਼ਦੀ ਰਹੀ।"[130]

ਸਾਬਕਾ ਸਪੀਕਰ ਤੇ ਗਵਰਨਰ ਸ. ਹੁਕਮ ਸਿੰਘ ਜੋ ਉਸ ਵਕਤ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਵੀ ਸਨ, ਰਾਗੀ ਭਾਈ ਜੁਵਾਲਾ ਸਿੰਘ ਦਾ ਬਹੁਤ ਸਤਿਕਾਰ ਕਰਦੇ ਸਨ। ਇਸੇ ਸਤਿਕਾਰ ਹਿਤ ਸਪੀਕਰ ਸਾਬ ਨੇ ਅਗਸਤ 1974 ਈਸਵੀ ਨੂੰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪੱਤਰ ਲਿਖਿਆ। ਇਸ ਪੱਤਰ ਵਿਚ ਆਪ ਨੇ ਰਾਗੀ ਭਾਈ ਜੁਵਾਲਾ ਸਿੰਘ ਵਲੋਂ ਕੀਤੀਆਂ ਗਈਆਂ ਕੀਰਤਨ ਦੇ ਖੇਤਰ ਅਤੇ ਕੌਮ ਪ੍ਰਤੀ ਸੇਵਾਵਾਂ ਹਿਤ ਉਨ੍ਹਾਂ ਦੀ ਤਸਵੀਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਲਾਉਣ ਦੀ ਬੇਨਤੀ ਕੀਤੀ।[131]

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ (1963-65, 1983-86) ਨੇ ਬਚਪਨ ਵਿਚ ਰਾਗੀ ਭਾਈ ਜੁਵਾਲਾ ਸਿੰਘ ਨੂੰ ਖੁੱਦ ਸੁਣਿਆ ਤੇ ਦੇਖਿਆ ਸੀ। ਆਪ ਭਾਈ ਸਾਹਿਬ ਨੂੰ ਆਲਮ ਬਾਅਮਲ ਸੰਤ ਕੀਰਤਨੀਏ ਦੇ ਰੂਪ ਵਿਚ ਵਡਿਆਉਂਦੇ ਹਨ।[132]

ਸੰਤ ਕਰਤਾਰ ਸਿੰਘ ਜੀ ਗੋਇੰਦਵਾਲ-ਪਟਨਾ ਸਾਹਿਬ ਵਾਲੇ ਰਾਗੀ ਭਾਈ ਜੁਵਾਲਾ ਸਿੰਘ ਦਾ ਬਹੁਤ ਆਦਰ ਕਰਦੇ ਸਨ। ਆਪ ਨੇ ਭਾਈ ਸਾਹਿਬ ਤੋਂ ਤਾਊਸ ਦੀ ਸਿੱਖਿਆ ਵੀ ਲਈ ਭਾਵ ਆਪ ਰਾਗੀ ਭਾਈ ਸਾਬ ਦੇ ਸ਼ਾਗਿਰਦ ਵੀ ਰਹੇ ਸਨ। ਆਪ ਰਾਗੀ ਭਾਈ ਜੁਵਾਲਾ ਸਿੰਘ ਨੂੰ ਰਾਗੀ ਭੀ ਗ੍ਰਹਿਸਥ ਮਹਿ ਨਿਰਬਾਣ ਸੰਤ ਲਿਖਦੇ ਹਨ।[133]

ਸ੍ਰੋਮਣੀ ਅਕਾਲੀ ਦਲ ਯੂ. ਕੇ ਦੇ ਪ੍ਰਧਾਨ ਰਹੇ ਪੂਰਨ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਨੂੰ ਕਥਨੀ ਤੇ ਕਰਨੀ ਦੇ ਸੂਰੇ ਲਿਖਦੇ ਹਨ।[134]

ਸ੍ਰੀ ਆਕਾਲ ਤਖਤ ਦੇ ਜਥੇਦਾਰ ਰਹੇ ਗਿਆਨੀ ਪ੍ਰਤਾਪ ਸਿੰਘ ਜੀ ਨੇ 1975 ਈਸਵੀ ਵਿਚ ਰਾਗੀ ਭਾਈ ਜੁਵਾਲਾ ਸਿੰਘ ਜੀ ਦੇ ਜੀਵਨ ਬਾਰੇ ਸੰਖੇਪ ਵਿਚ ਜਾਣਕਾਰੀ *ਭਾਈ ਜਵਾਲਾ ਸਿੰਘ ਜੀ ਰਾਗੀ* ਸਿਰਲੇਖ ਹੇਠ ਲਿਖੀ। ਇਸ ਵਿਚ ਆਪ ਨੇ ਭਾਈ ਸਾਹਿਬ ਦੇ ਵੱਖ-ਵੱਖ ਕੀਰਤਨ ਸਮਾਗਮਾ ਦਾ ਬੜੇ ਹੀ ਭਾਵਪੂਰਤ ਤਰੀਕੇ ਨਾਲ ਵਰਨਣ ਕੀਤਾ ਹੈ। ਇਸ ਤੋਂ ਇਲਾਵਾ ਰਾਗੀ ਜੁਵਾਲਾ ਸਿੰਘ ਦੇ ਸ਼ਾਗਿਰਦਾਂ ਦੇ ਨਾਮ ਵੀ ਲਿਖੇ ਹਨ ਜਿਵੇ ਭਾਈ ਖੜਕ ਸਿੰਘ ਰਾਗੀ ਤਰਨਤਾਰਨ ਸੈਂਟਰਲ ਮਾਝਾਂ ਦੀਵਾਨ, ਭਾਈ ਸ਼ੇਰ ਸਿੰਘ, ਭਾਈ ਭਗਤ ਸਿੰਘ, ਭਾਈ ਬਾਵਾ ਸਿੰਘ, ਭਾਈ ਟਹਿਲ ਸਿੰਘ ਬਾੜੀਆ, ਭਾਈ ਮਹਿੰਦਰ ਸਿੰਘ ਸੂਰਮਾ, ਜੈ ਦੇਵ ਸਿੰਘ, ਭਾਈ ਕਰਤਾਰ ਸਿੰਘ ਗੋਂਦਪੁਰੀ ਬੱਬਰ ਆਦਿ।[135]

ਬਾਬਾ ਦਯਾ ਸਿੰਘ (ਸੁਰ ਸਿੰਘ) ਰਾਗੀ ਭਾਈ ਜੁਵਾਲਾ ਸਿੰਘ ਨੂੰ ਰਹਿਤ ਬਹਿਤ ਦੇ ਧਾਰਨੀ ਗੁਰਸਿੱਖ ਰਾਗੀ ਕਰਕੇ ਸਤਿਕਾਰਦੇ ਸਨ।[136]

ਭਾਈ ਮਨੀ ਸਿੰਘ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਰਾਗੀ ਭਾਈ ਜੁਵਾਲਾ ਸਿੰਘ ਨੂੰ ਬਾਬਾ ਜੀ ਕਹਿੰਦੇ ਸਨ। ਆਪ ਨੇ ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਸਫਰ ਦੀ ਬਹੁਤ ਹੀ ਖ਼ੂਬਸੂਰਤ ਸ਼ਾਬਦਿਕ ਤਸਵੀਰ ਖਿੱਚੀ ਹੈ ਜਿਸ ਦਾ ਸਿਰਲੇਖ ਆਪ ਦੁਆਰਾ *ਇੱਕ ਮਹਾਨ ਕੀਰਤਨੀਆਂ ਮੇਰੀਆਂ ਨਜ਼ਰਾਂ ਵਿਚ* ਦਿੱਤਾ ਗਿਆ। ਆਪ ਲਿਖਦੇ ਹਨ ਕਿ "ਅਜੇਹੇ ਉਪਕਾਰੀਆਂ, ਮਹਾਪੁਰਖਾਂ ਦੀ ਗਿਣਤੀ ਵਿਚ ਮੇਰੇ

ਸਤਿਕਾਰਯੋਗ ਬਾਬਾ ਜਵਾਲਾ ਸਿੰਘ ਜੀ ਨੂੰ ਭੀ ਸ਼ਾਮਲ ਕੀਤਾ ਜਾ ਸਕਦਾ ਹੈ, ਜਿਨ੍ਹਾਂ ਨੇ ਅਪਣੇ ਅਮੋਲਕ ਜੀਵਨ ਵਿੱਚੋਂ ਸੱਠ ਸਾਲ ਲਗਾਤਾਰ [ਤਰਵੰਜਾ ਸਾਲ], ਉਸ ਰੱਬੀ ਬਾਣੀ ਦੇ ਇਲਾਹੀ ਕੀਰਤਨ ਦੁਆਰਾ ਦੇਸ਼ ਦੇ ਕੋਨੇ ਕੋਨੇ ਪੁੱਜਕੇ, ਵਿਕਾਰਾਂ ਵਿਚ ਤਪ ਰਹੇ ਹਿਰਦਿਆਂ ਨੂੰ ਨਾਮ ਬਾਣੀ ਦੀ ਵਰਖਾ ਦੁਆਰਾ ਸ਼ੀਤਲ ਕਰਨ ਦਾ ਇਕ ਬਹੁਤ ਵੱਡਾ ਉਪਕਾਰ ਕੀਤਾ ਹੈ।"[137]

ਬਲਬੀਰ ਸਿੰਘ ਕੰਵਲ ਯੂ.ਕੇ ਵਾਲੇ ਜੋ *ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ* ਸਮੇਤ ਵੱਖ-ਵੱਖ ਵਿਸ਼ਿਆਂ 'ਤੇ ਲੱਗਪਗ ਦਸ ਪੁਸਤਕਾਂ ਲਿਖ ਚੁੱਕੇ ਹਨ ਚੰਗੇ ਵਿਦਵਾਨ ਹਨ, ਆਪ ਨੇ ਰਾਗੀ ਭਾਈ ਜੁਵਾਲਾ ਸਿੰਘ ਦੇ ਬਾਰੇ ਦੋ ਲੇਖ ਲਿਖੇ ਹਨ ਇੱਕ ਆਪਣੀ ਹੀ ਉਕਤ ਪੁਸਤਕ ਵਿਚ ਦਰਜ਼ ਕੀਤਾ ਦੂਸਰਾ ਸਿੰਘ ਸਭਾ ਪਤ੍ਰਿਕਾ ਦੇ *ਰਾਗੀ ਭਾਈ ਜਵਾਲਾ ਸਿੰਘ ਜੀ ਰਾਗੀ* ਅੰਕ ਦੇ ਅੰਤਰਗਤ ਦਰਜ਼ ਹੈ। ਆਪ ਰਾਗੀ ਭਾਈ ਜੁਵਾਲਾ ਸਿੰਘ ਬਾਰੇ ਲਿਖਦੇ ਹਨ ਕਿ "ਸਾਰਾ ਜੀਵਨ ਸਤਿਗੁਰੂ ਕੇ ਸੁਚੱਜੇ ਸਿੰਘਾਂ ਵਾਗੂੰ ਰਹਿਤ ਵਿਚ ਪ੍ਰਪੱਕ ਰਹਿ ਕੇ ਬਤੀਤ ਕੀਤਾ। ਉਹ (ਰਾਗੀ ਭਾਈ ਜੁਵਾਲਾ ਸਿੰਘ)ਕੀਰਤਨ ਨੂੰ ਆਪਣਾ ਇਸ਼ਟ ਸਮਝਦੇ ਸਨ ਤੇ ਬਿਰਧ ਉਮਰ ਵਿਚ ਵੀ ਸੰਗਤਾਂ ਦੀ ਸੇਵਾ ਕੀਰਤਨ ਦੁਆਰਾ ਕਰਦੇ ਰਹੇ"[138]

ਸ. ਬਲਦੇਵ ਸਿੰਘ ਮਾਹਲਪੁਰੀ ਜੋ ਐਮ.ਐਲ.ਏ. ਤੇ ਮੈਂਬਰ ਐਸ.ਜੀ.ਪੀ.ਸੀ ਰਹਿ ਚੁੱਕੇ ਸਨ ਉਹ ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਕਈ ਵਾਰ ਸਰਵਣ ਕਰ ਚੁੱਕੇ ਸਨ। ਆਪ ਲਿਖਦੇ ਹਨ, "ਮੈਨੂੰ ਭਾਈ ਸਾਹਿਬ ਦੇ ਸ਼ਬਦ ਕੀਰਤਨ ਕਰਨ ਦਾ ਤਰੀਕਾ ਬਹੁਤ ਚੰਗਾ ਲਗਦਾ ਸੀ"। ਇਸ ਦੇ ਨਾਲ ਹੀ ਆਪ ਰਾਗੀ ਭਾਈ ਜੁਵਾਲਾ ਸਿੰਘ ਦੇ ਪੂਰੇ ਜੀਵਨ ਕਾਲ ਦੇ ਬਾਰੇ ਲਿਖਦੇ ਹਨ ਕਿ "ਮੇਰਾ ਨਿਸ਼ਚਾ ਹੈ ਕਿ ਭਾਈ ਸਾਹਿਬ ਜੀ ਨੇ ਸੰਤ ਸਿਪਾਹੀ ਦਾ ਜੀਵਨ ਗੁਜ਼ਾਰਿਆ ਸੀ ਜਿਸ 'ਤੇ ਦੇਸ਼, ਪੰਥ ਨੂੰ ਅਤੇ ਖਾਸ ਕਰ ਸਾਡੇ ਦੁਆਬਾ ਵਾਸੀਆਂ ਨੂੰ ਬਹੁਤ ਫ਼ਖਰ ਹੈ।"[139]

ਗਿਆਨੀ ਚੇਤ ਸਿੰਘ ਜੀ (ਸਾਬਕਾ ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ) ਰਾਗੀ ਭਾਈ ਜੁਵਾਲਾ ਸਿੰਘ ਨੂੰ ਨਿੱਜੀ ਤੌਰ 'ਤੇ ਜਾਣਦੇ ਸਨ। ਉਹ ਲਿਖਦੇ ਹਨ "ਭਾਈ ਸਾਹਿਬ ਜਵਾਲਾ ਸਿੰਘ ਜੀ ਵਿਚ ਜਿਥੇ ਬਾਕੀ ਗੁਣ ਉਨ੍ਹਾਂ ਵਿਚ ਬੇਅੰਤ ਸਨ, ਇਤਨੇ ਸਨ, ਜਿਤਨੇ ਇਕ ਗੁਰਸਿੱਖ ਕੀਰਤਨੀਏ ਵਿਚ ਹੋਣੇ ਚਾਹੀਦੇ ਹਨ। ਇੱਕ ਬਹੁਤ ਵੱਡਾ ਗੁਣ ਉਨ੍ਹਾਂ ਵਿਚ ਇਹ ਭੀ ਆਉਂਦਾ ਸੀ ਕਿ ਜਿਥੇ ਗੁਰਮਤਿ ਤੋਂ ਕੋਈ

ਗੱਲ ਉਲਟ ਉਨ੍ਹਾਂ ਨੂੰ ਨਜ਼ਰ ਆਉਂਦੀ ਸੀ, ਉੱਥੇ ਉਹ ਡਟ ਜਾਂਦੇ ਸਨ ਅਤੇ ਭਰੇ ਦੀਵਾਨ ਵਿਚ ਬੜੀ ਨਿਡਰਤਾ ਨਾਲ ਆਪਣੀ ਗੱਲ ਕੈਹਣੋਂ ਨਹੀਂ ਸੀ ਡਰਦੇ।"[140]

ਗਿਆਨੀ ਈਸ਼ਰ ਸਿੰਘ ਜੀ ਨਾਰਾ ਦਿੱਲੀ ਰਾਗੀ ਜੁਵਾਲਾ ਸਿੰਘ ਬਾਰੇ ਲਿਖਦੇ ਹਨ," ਭਾਈ ਜਵਾਲਾ ਸਿੰਘ ਜਿੱਥੇ ਆਪਣੇ ਹੁਨਰ ਵਿਚ ਸਿਖਰ ਦੇ ਤਾਊਸ-ਵਜੰਤ੍ਰੀ ਅਤੇ ਸੁਰੀਲੇ ਰਾਗੀ ਸਨ ਉਹ ਕਈ ਵੇਰ ਮੁਕਾਬਲਿਆਂ ਵਿਚ ਸਭਾ ਜਿੱਤ ਵੀ ਹੁੰਦੇ ਸਨ ਪਰ ਆਪਣੇ ਹੁਨਰ ਵਿਚ ਉਹ ਮਾਣ ਹੁੰਦੇ ਵੀ ਨਿਮਾਣਾਪਨ ਨਹੀਂ ਛੱਡਦੇ ਸਨ।"[141]

ਸ. ਨਾਹਰ ਸਿੰਘ ਐਮ.ਏ. (ਹਿਸਟੋਰੀਅਨ) ਭਾਈ ਕਾਨ੍ਹ ਸਿੰਘ ਨਾਭੇ ਦੇ ਨਿਵਾਸ ਸਥਾਨ 'ਤੇ ਰਾਗੀ ਭਾਈ ਜੁਵਾਲਾ ਸਿੰਘ ਨਾਲ ਹੋਈ ਪਹਿਲੀ ਮੁਲਾਕਾਤ ਨੂੰ (ਭਾਈ ਕਾਨ੍ਹ ਸਿੰਘ ਨਾਭਾ ਦੇ ਹਵਾਲੇ ਨਾਲ) ਇਸ ਤਰ੍ਹਾਂ ਲਿਖਦੇ ਹਨ, " ਯਿਹ ਭਾਈ ਸਾਹਿਬ ਸਿੱਖੋਂ ਮੈਂ ਏਕ ਮਸ਼ਹੂਰ ਹਸਤੀ ਹੈ, ਸੰਗੀਤਕਾਰ ਭੀ ਚੋਟੀ ਕੇ ਹਨ। ਵਿਦਵਤਾ ਮੇਂ ਭੀ ਨਿਪੁੰਨ ਹੈਂ, ਔਰ ਇਨਕਾਂ ਜੀਵਨ ਏਕ ਆਦਰਸ਼ਕ ਸਿੱਖ ਜੀਵਨ ਹੈ। ਮੇਕਾਲਫ ਸਾਹਿਬ ਨੇ ਅਪਨੀ ਪੁਸਤਕ ਸਿੱਖ ਰਿਲੀਜਨ ਮੇਂ ਸ੍ਰੀ ਗੁਰੂ ਗ੍ਰੰਥ ਮੇਂ ਆਏਂ ਜਿਨ ਰਾਗੋਂ ਕੇ ਨੋਟੇਸ਼ਨ ਕੀਏ ਹਨ। ਵਹੁ ਮਹੰਤ ਗੱਜਾ ਸਿੰਘ ਜੀ ਕੀ ਸਹਾਇਤਾ ਸੇ ਤਿਆਰ ਕੀਏ ਗਏ ਥੇ ਵੋ ਰੀਤੇਂ ਔਰ ਵਿਦਿਆ ਇਨਕੇ ਪਾਸ ਵੀ ਹੈ"[142]

ਪ੍ਰਸਿੱਧ ਵਿਦਵਾਨ ਜੋਧ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਦੇ ਵਿਅਕਤੀਤਵ ਤੇ ਪੰਥਕ ਰਹਿਣੀ, ਸਰੀਰਕ ਡੀਲ ਡੋਲ, ਸੰਗਤੀਕ ਹੁਨਰ ਆਦਿ ਪੂਰੇ ਜੀਵਨ ਦੀ ਝਲਕ ਪ੍ਰਤੀ ਬਾਕਮਾਲ ਲਿਖਦੇ ਹਨ, "ਲੰਮਾ ਉੱਖਾ ਸੁਣੱਖਾ ਸਡੋਲ ਸਰੀਰ, ਦਿਲ ਖਿੱਚਵੀਂ ਮਧੁਰ ਆਵਾਜ਼ ਗੁਰਮਤਿ ਸੰਗੀਤ ਦੀਆਂ ਰੀਤਾਂ, ਪੜਤਾਲਾਂ, ਰਾਗਾਂ ਦੀ ਵਿਸ਼ਾਲ ਸੂਝ ਤੇ ਪੁਰਾਤਨ ਗਾਇਕੀ ਦਾ ਗਿਆਨ, ਦਿਲਰੁੱਬਾ, ਤਾਊਸ, ਸਰੰਦਾ, ਹਰਮੋਨੀਅਮ, ਤਬਲਾ ਆਦਿ ਅਨੇਕਾ ਸਾਜ਼ ਵਜਾਉਣ ਵਿਚ ਮੁਹਾਰਤ, ਗੁਰੂ ਤੇ ਗੁਰਬਾਣੀ ਲਈ ਅਥਾਹ ਸ਼ਰਧਾ, ਬਚਨ ਪਾਲਣ ਲਈ ਭਰਪੂਰ ਕੁਰਬਾਨੀ ਕਰਨ ਤੇ ਸਰੀਰਕ ਕਸ਼ਟ ਸਹਾਰਨ ਦੀ ਸਮਰੱਥਾ, ਮਾਇਆ ਵੱਲ ਗੁਰਮੁਖਾਂ ਵਾਲੀ ਰੁਚੀ ਤੇ ਪੰਥ ਲਈ ਡੂੰਘਾ ਪਿਆਰ, ਉਨ੍ਹਾਂ ਦੀ ਜੀਵਨ ਪੂੰਜੀ ਸਨ, ਜਿਸ ਨੂੰ ਲੈ ਕੇ ਵਿਚਰਦਿਆਂ ਆਪ ਪਿਸ਼ਾਵਰ ਤੋਂ ਕਰਾਚੀ ਤੇ ਕਸ਼ਮੀਰ ਤੋਂ ਦੱਖਣ ਭਾਰਤ ਵਿਚ ਵਿਚਰੇ। ਆਪਣੇ ਸਮੇਂ ਦੇ ਆਵਾਜਾਈ ਦੇ ਬਿਖੜੇ ਰਸਤਿਆਂ ਉਤੇ ਆਪਣੇ ਭਾਰੀ ਭਰਕਮ ਸਾਜ਼ ਮੋਢਿਆਂ ਤੇ ਚੁੱਕ ਕੇ ਕੋਹਾਂ ਪੈਦਲ

ਸਫ਼ਰ ਕੀਤਾ ਪਰੰਤੂ ਕਿਸੇ ਦੀ ਪ੍ਰੇਮ ਦੀ ਖਿੱਚ ਦਾ ਨਿਰਾਦਰ ਨਹੀਂ ਕੀਤਾ। ਪੰਥ ਦੀ ਹਰ ਔਕੜ ਤੇ ਹਰ ਸੇਵਾ ਵਿਚ ਅੱਗੇ ਹੋਕੇ ਨਿਤਰੇ ਜੇਲ੍ਹ ਕੱਟੀ ਪਰੰਤੂ ਇਸ ਸਾਰੀ ਸੇਵਾ ਦਾ ਮਾਣ ਨਹੀਂ ਕੀਤਾ ਤੇ ਨਾ ਹੀ ਮੁਆਵਜ਼ਾ ਮੰਗਿਆ।"[143]

ਭਾਈ ਆਸ਼ੋਕ ਸਿੰਘ ਬਾਗੜੀਆ ਦੇ ਦਾਦਾ ਭਾਈ ਅਰਜਨ ਸਿੰਘ ਬਾਗੜੀਆ ਅਤੇ ਪਿਤਾ ਭਾਈ ਅਰਦਮਨ ਸਿੰਘ ਬਾਗੜੀਆ ਦੀ ਰਾਗੀ ਭਾਈ ਜੁਵਾਲਾ ਸਿੰਘ ਨਾਲ ਗੂੜੀ ਨੇੜਤਾ ਸੀ। ਆਪ ਰਾਗੀ ਭਾਈ ਜੁਵਾਲਾ ਸਿੰਘ ਬਾਰੇ ਆਪਣੀਆਂ ਭਾਵਨਾਵਾਂ ਇਸ ਤਰ੍ਹਾ ਵਿਅਕਤ ਕਰਦੇ ਹਨ, " ਬਾਬਾ ਜਵਾਲਾ ਸਿੰਘ ਜੀ (ਰਾਗੀ) ਦਾ ਨਾਮ ਸੁਣਦਿਆਂ ਹੀ ਅਦਬ ਨਾਲ ਸੀਸ ਝੁਕ ਜਾਂਦਾ ਹੈ। ਇਸ ਦੀ ਵਜ੍ਹਾ ਇਕ ਐਸਾ ਮੌਕਾ ਹੈ, ਜਦੋਂ ਮੈਂ ਆਪਣੇ ਦਾਦਾ ਭਾਈ ਸਾਹਿਬ ਭਾਈ ਅਰਜਨ ਸਿੰਘ (ਬਾਗੜੀਆ) ਨਾਲ ਇੱਕ ਦਿਨ ਸ਼ਿਮਲੇ ਵਿਖੇ ਮਜੀਠਾ ਹਾਊਸ ਸੁਭਾ ਸਵੇਰੇ ਆਸਾ ਦੀ ਵਾਰ ਸੁਣਨ ਗਏ। ਉਸ ਵਕਤ ਦੀ ਇਕ ਤੁਕ ਮਨ ਵਿਚ ਵਸੀ ਹੋਈ ਹੈ। 'ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥'(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ **੧੧੦੮**)ਇਹ ਸ਼ਬਦ ਰਾਗ ਮਲਾਰ ਵਿਚ ਗੁੰਦਿਆ ਹੋਇਆ ਸੀ। ਉਸ ਦਾ ਪ੍ਰਭਾਵ ਅੱਜ ਤਕ ਮਨ ਤੇ ਪਿਆ ਹੋਇਆ ਹੈ।"[144]

ਪ੍ਰਸਿੱਧ ਗੁਰਮਤਿ ਸੰਗੀਤ ਅਚਾਰੀਆ ਡਾ. ਜਾਗੀਰ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਦੇ ਸੰਗੀਤ ਸਫਰ ਨੂੰ ਇੱਕ ਮੌਲਿਕ ਸੰਗੀਤ ਪੱਧਤੀ ਦੇ ਰੂਪ ਵਿਚ ਦੇਖਦੇ ਹਨ। ਆਪ ਇਹ ਕਥਨ ਉਨ੍ਹਾਂ ਕੋਲ ਸ਼ਬਦ ਕੀਰਤਨ ਦੀਆਂ ਬੇਅੰਤ ਪੁਰਾਤਨ ਸ਼ਬਦ ਕੀਰਤਨ ਰਚਨਾਵਾਂ, ਉਨ੍ਹਾਂ ਦੀ ਗਾਇਨ ਕਲਾ ਆਦਿ ਸੰਦਰਭ ਵਿਚ ਉਚਾਰਦੇ ਹਨ।[145]

ਚੀਫ਼ ਖਾਲਸਾ ਦੀਵਾਨ ਤੇ ਤਰਨ ਤਾਰਨ ਸਾਹਿਬ ਵਿਦਿਆਲਾ ਦੇ ਮੈਂਬਰ ਸ. ਜੋਗਿੰਦਰ ਸਿੰਘ ਸੋਖੀ ਸਿਰਹਾਲੀ ਵੱਡੀ ਵਾਲਿਆਂ ਨੂੰ ਕਈ ਵਾਰ ਭਾਈ ਜੁਵਾਲਾ ਸਿੰਘ ਦਾ ਕੀਰਤਨ ਸੁਣਨ ਨੂੰ ਮਿਲਿਆ। ਆਪ ਭਾਈ ਜੁਵਾਲਾ ਸਿੰਘ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਦਿੰਦੇ ਹਨ, "ਆਪ ਜੀ (ਰਾਗੀ ਭਾਈ ਜੁਵਾਲਾ ਸਿੰਘ ਜੀ) ਕੇਵਲ ਗੁਰੂ ਘਰ ਦੇ ਕੀਰਤਨੀਏ ਹੀ ਨਹੀਂ ਸਨ ਸਗੋਂ ਆਪ ਗੁਰਬਾਣੀ ਦਾ ਕੀਰਤਨ ਕਰਦੇ ਹੋਏ ਕੀਰਤਨ ਨਾਲ ਇੱਕ-ਮਿਕ ਹੋ ਕੇ ਕੀਰਤਨ ਰੂਪ ਹੀ ਹੋ ਗਏ ਸਨ ਅਤੇ ਨਾਮ ਸਿਮਰਨ ਦੀ ਘਾਲ ਕਮਾਈ ਦਾ ਸਦਕਾ ਹਰਿ ਜਨ ਹੀ ਹੋ ਨਿਬੜੇ ਸਨ। ਉਨ੍ਹਾਂ ਨੂੰ ਵੇਖੀਏ ਤਾਂ ਉਹ ਹਰ ਪੱਖੋਂ ਪੂਰਣ ਰੂਪ ਦਿਸਦੇ ਸਨ।"[146]

ਡਾ. ਹਰਭਜਨ ਸਿੰਘ (ਦਿੱਲੀ ਯੂਨੀਵਰਸਿਟੀ) ਨੇ ਬਚਪਨ ਵਿਚ ਪਹਿਲੀ ਵਾਰ ਰਾਗੀ ਜੁਵਾਲਾ ਸਿੰਘ ਨੂੰ ਗੁਰਦੁਆਰਾ ਡੇਰਾ ਸਾਹਿਬ (ਅੱਜ ਕੱਲ ਪਾਕਿਸਤਾਨ) ਵਿਖੇ ਸੁਣਿਆ। ਆਪ ਰਾਗੀ ਭਾਈ ਜੁਵਾਲਾ ਸਿੰਘ ਦੀ ਗਾਇਕੀ ਬਾਰੇ ਇਸ ਪ੍ਰਕਾਰ ਜ਼ਿਕਰ ਕਰਦੇ ਹਨ, "ਭਾਈ ਜੁਵਾਲਾ ਸਿੰਘ ਜੀ ਧਰੁਪਦ ਸ਼ੈਲੀ ਦੇ ਗਾਇਕ ਸਨ। ਗੰਭੀਰ ਅਤੇ ਅਧਿਆਤਮਕ ਸੁਰ-ਸਬਦ-ਸਾਧਨਾ ਲਈ ਇਹੋ ਸ਼ੈਲੀ ਯੋਗ ਹੈ। ਭਾਈ ਸਾਹਿਬ ਸੰਬੰਧੀ ਇਕ ਹੋਰ ਗੱਲ ਵੀ ਧਿਆਨ ਯੋਗ ਹੈ ਉਹ ਆਪਣੇ ਕੀਰਤਨ ਨੂੰ ਯਥਾਸ਼ਕਤ ਗ੍ਰੰਥ ਸਾਹਿਬ ਵਿਚਲੇ ਰਾਗਾਂ ਦੇ ਅਨੁਸਾਰ ਰੱਖਣ ਦਾ ਜਤਨ ਕਰਦੇ ਸਨ।...ਮੈਂ ਕਈ ਵਾਰ ਮਹਿਸੂਸ ਕੀਤਾ ਕਿ ਕੀਰਤਨ ਦੀ ਸਮਾਪਤੀ ਦੇ ਬਆਦ ਵੀ ਸ਼ਬਦ ਦਿਲ ਦਿਮਾਗ ਵਿਚ ਗੂੰਜਦਾ ਰਹਿੰਦਾ ਸੀ।"[147]

ਸਤਿਬੀਰ ਸਿੰਘ [ਪ੍ਰਿੰਸੀਪਲ] ਰਾਗੀ ਭਾਈ ਜੁਵਾਲਾ ਸਿੰਘ ਦੇ ਸਬੰਧ ਵਿਚ ਲਿਖਦੇ ਹਨ, "ਕੀਰਤਨ ਕਰਨ ਨਾਲ ਹਰ ਨੁਕਰ ਦ੍ਰਵ ਜਾਂਦੀ ਹੈ, ਹੌਲੇ ਹੌਲੇ ਸ਼ਬਦ ਵਿਚ ਹੀ ਸਮਾ ਜਾਈਦਾ ਹੈ। ਦਿਮਾਗੋਂ ਰਾਗ ਨਿਕਲਦਾ ਹੈ। ਦਿਲੋਂ ਧੁਨ, ਹਿਰਦੇ ਤੋਂ ਪਿਆਰ, ਹਥੀਂ ਸਾਜ਼, ਮੁਖੋਂ ਸੁਰ ਤੇ ਕੰਠੋਂ ਤਾਨ ਉਠਦੀ ਹੈ। ਇਕ ਅਹਿਤਿਆਤ ਰੱਖਣੀ ਕਿ ਇਸ ਨੂੰ ਮਾਇਆ ਇੱਕਠੀ ਕਰਨ ਦਾ ਸਾਧਨ ਨਹੀਂ ਬਨਾਉਣਾ ਕਾਮਨਾ ਨਹੀਂ ਕਰਨੀ। ਸਰੀਰ ਦੇ ਨਿਰਬਾਹ ਲਈ ਹੀ ਲੈਣਾ। ਉਸ ਸਮੇਂ 'ਭਲੋ ਭਲੋ ਰੇ ਕੀਰਤਨੀਆਂ ਰਾਮ ਰਮਾ ਰਾਮਾ ਗੁਣ ਗਾਉ' ਦਾ ਸ਼ਬਦ ਵੀ ਉਚਾਰਿਆ। ਕੁਝ ਐਸੇ ਹੀ ਸਨ ਭਾਈ ਜੁਵਾਲਾ ਸਿੰਘ ਜੀ।"[148]

ਸ. ਅਮਰ ਸਿੰਘ ਤੇਗ ਫਰੀਡਮ ਫਾਈਟਰ ਜੋ ਕਿ *ਜੁਗ ਪਲਟਾਊ ਦਲ ਇਨਕਲਾਬੀ ਪਾਰਟੀ* 1927 ਦੇ ਮੋਢੀ ਸਨ। ਆਪ ਨੂੰ ਦੇਸ਼ ਭਗਤਾਂ ਦੀ ਕੀਤੀ ਮਾਇਕ ਮਦਦ ਸਦਕਾ ਮਹਾਨ ਦੇਸ਼ ਭਗਤ ਮੰਨਦੇ ਸਨ।[149]

ਉਕਤ ਤੋਂ ਇਲਾਵਾ ਹੋਰ ਵਿਦਵਾਨ ਜੋ ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਖਸ਼ੀਅਤ ਤੋਂ ਅਤਿਅੰਤ ਪ੍ਰਭਾਵਿਤ ਸਨ ਉਨ੍ਹਾਂ ਵਿਚ ਸ. ਸਰਮੁਖ ਸਿੰਘ ਜੀ ਚਮਕ[150] (ਸਾਬਕਾ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗਿਆਨੀ ਮਹਿੰਦਰ ਸਿੰਘ[151] ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਰੀਟਾ.), ਜ਼ੈਲਦਾਰ ਬਿਸ਼ਨ ਸਿੰਘ[152], ਗਿਆਨੀ ਹਰਚਰਨ ਸਿੰਘ[153] ਨੰਗਲ ਲੁਬਾਣਾ ਜਿਲ੍ਹਾ ਕਪੂਰਥਲਾ, ਸ. ਨਰੈਣ ਸਿੰਘ[154] ਸਕੱਤਰ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, ਬਾਵਾ ਪ੍ਰਮਜੀਤ ਸਿੰਘ[155] ਜਲੰਧਰ ਮਾਡਲ ਟਾਊਨ ਵਾਲੇ, ਸ. ਬਾਬੂ ਸਿੰਘ[156] ਰਾਮਗੜ੍ਹ ਲੁਧਿਆਣਾ ਆਦਿ ਪ੍ਰਮੁਖ ਹਨ।

ਉਪਰੋਕਤ ਤੋਂ ਰਾਗੀ ਭਾਈ ਜੁਵਾਲਾ ਸਿੰਘ ਦਾ ਸਿੱਖ ਸਮਾਜ ਵਿਚ ਸਥਾਨ ਸਹਿਜੇ ਪਤਾ ਲੱਗ ਜਾਂਦਾ ਹੈ। ਆਪ ਜਿੱਥੇ ਕੀਰਤਨੀਆਂ ਵਿਚ ਸਤਿਕਾਰਤ ਸਨ ਉੱਥੇ ਸਿੱਖ ਸਮਾਜ ਦੀਆਂ ਜਾਣੀਆਂ ਪਹਿਚਾਣੀਆਂ ਸ਼ਖਸ਼ੀਅਤਾਂ ਦੇ ਵੀ ਮਨਾਂ ਦੇ ਨੇੜੇ ਸਨ। ਉਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਆਪ ਗੁਰਸਿੱਖ ਕੀਰਤਨੀਏ, ਸੰਤ ਸਪਾਹੀ, ਗੁਰੂ ਤੇ ਸ਼ਬਦ ਕੀਰਤਨ ਹਿਤ ਸਮਰਪਿਤ ਸ਼ਖਸ਼ੀਅਤ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੇ ਹਨ। ਉਕਤ ਵਿਦਵਾਨਾਂ ਤੇ ਸੰਤਾਂ ਤੋਂ ਇਲਾਵਾ ਆਪ ਦਾ ਸਮਕਾਲੀ ਸੰਗੀਤਕਾਰਾਂ ਵਿਚ ਵੀ ਵਿਸ਼ੇਸ਼ ਸਥਾਨ ਸੀ।

## 2.11 ਰਾਗੀ ਭਾਈ ਜੁਵਾਲਾ ਸਿੰਘ ਦਾ ਸਮਕਾਲੀ ਕੀਰਤਨਕਾਰਾਂ ਤੇ ਸੰਗੀਤਕਾਰਾਂ ਵਿਚ ਸਥਾਨ

ਸਿੱਖ ਧਰਮ ਵਿਚ ਕੀਰਤਨੀਆਂ ਦਾ ਆਦਿ ਤੋਂ ਬਹੁਤ ਸਤਿਕਾਰ ਰਿਹਾ ਹੈ। ਕੀਰਤਨੀਆਂ ਨੂੰ ਵਡਿਆਉਂਦੇ ਹੋਏ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, *ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ॥*[157] ਇਸੇ ਤਰ੍ਹਾਂ ਸਮੇਂ-ਸਮੇਂ `ਤੇ ਕੀਰਤਨੀਆਂ ਦੇ ਸਤਿਕਾਰ, ਉਤਸ਼ਾਹ ਹਿਤ ਸਮਕਾਲੀ ਅਤੇ ਬਾਅਦ ਦੇ ਸਿੱਖ ਵਿਦਵਾਨ ਉਨ੍ਹਾਂ ਦੀ ਸੰਗੀਤਕ ਵਿਦਵਤਾ ਨੂੰ ਸਹਿਲਾਉਂਦੇ ਰਹੇ ਹਨ। ਰਾਗੀ ਭਾਈ ਜੁਵਾਲਾ ਸਿੰਘ ਦੇ ਸਮਕਾਲੀ ਕੀਰਤਨੀਆਂ ਵਿਚ 1882 ਤੋਂ 1952 ਦੇ ਕੀਰਤਨੀਏ ਆਉਂਦੇ ਹਨ। ਇਨ੍ਹਾਂ ਕੀਰਤਨੀਆਂ ਵਿਚ ਭਾਈ ਸ਼ਾਮ ਸਿੰਘ, ਭਾਈ ਖੈਰ ਗਿੱਡੂ, ਭਾਈ ਲਾਲ, ਭਾਈ ਦੇਸਾ, ਭਾਈ ਸੁੰਦਰ ਸਿੰਘ, ਭਾਈ ਚਾਂਦ, ਭਾਈ ਤਾਬਾ, ਭਾਈ ਸਾਂਈ ਦਿੱਤਾ, ਭਾਈ ਮੋਤੀ, ਬਾਬਾ ਕਪੂਰ ਸਿੰਘ (ਸੂਰਮਾ), ਬਾਬਾ ਗੁਰਮੁਖ ਸਿੰਘ, ਬਾਬਾ ਹਰਸ਼ਾ ਸਿੰਘ, ਭਾਈ ਹੀਰਾ ਸਿੰਘ, ਰਾਗੀ ਭਾਈ ਪ੍ਰੇਮ ਸਿੰਘ, ਭਾਈ ਗੁਰਬਚਨ ਸਿੰਘ, ਭਾਈ ਮੱਖਣ ਸਿੰਘ, ਭਾਈ ਸੁੰਦਰ ਸਿੰਘ, ਭਾਈ ਪ੍ਰਤਾਪ ਸਿੰਘ, ਭਾਈ ਮਾਨ ਸਿੰਘ, ਭਾਈ ਨਰਿੰਦਰ ਸਿੰਘ ਬਾਂਕਾ, ਭਾਈ ਬਚਿੱਤਰ ਸਿੰਘ, ਭਾਈ ਸੁੰਦਰ ਸਿੰਘ, ਭਾਈ ਸੰਤਾ ਸਿੰਘ, ਭਾਈ ਗਿਆਨ ਸਿੰਘ ਅਲਮਸਤ, ਭਾਈ ਮਿਹਰ ਸਿੰਘ, ਭਾਈ ਮਹਿਤਾਬ ਸਿੰਘ ਆਦਿ ਪ੍ਰਮੁਖ ਹਨ।[158]

ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਵਿਚ ਜਿਨ੍ਹਾਂ ਕੀਰਤਨੀਆਂ ਦਾ ਜ਼ਿਕਰ ਮਿਲਦਾ ਹੈ ਉਨ੍ਹਾਂ ਵਿਚ ਉਸਤਾਦ ਭਾਈ ਵਸਾਵਾ ਸਿੰਘ, ਉਸਤਾਦ ਸ਼ਰਧਾ ਸਿੰਘ, ਰਬਾਬੀ ਭਾਈ ਮੋਤੀ, ਰਬਾਬੀ ਭਾਈ ਚਾਂਦ, ਭਾਈ ਸਾਹਿਬ ਭਾਈ ਰਣਧੀਰ ਸਿੰਘ, ਭਾਈ ਹੀਰਾ ਸਿੰਘ, ਭਾਈ ਭਾਗ ਸਿੰਘ, ਭਾਈ ਗੁਰਬਖਸ਼ ਸਿੰਘ, ਭਾਈ

ਰਣਜੋਧ ਸਿੰਘ ਰਬਾਬੀ, ਭਾਈ ਜਸਵੰਤ ਸਿੰਘ ਰਬਾਬੀ, ਭਾਈ ਗਿਆਨ ਸਿੰਘ ਅਲਮਸਤ, ਭਾਈ ਗੁਰਮੁਖ ਸਿੰਘ ਫੱਕਰ, ਭਾਈ ਸੁਰਮੁਖ ਸਿੰਘ, ਭਾਈ ਸਨਮੁਖ ਸਿੰਘ, ਸੰਤ ਅਤਰ ਸਿੰਘ, ਭਾਈ ਖੜਕ ਸਿੰਘ ਤਰਨਤਾਰਨ ਵਾਲੇ, ਭਾਈ ਪੂਰਨ ਸਿੰਘ (ਰਬਾਬ ਤੇ ਤਾਊਸ ਨਾਲ ਕੀਰਤਨ ਕਰਦੇ ਸਨ) ਭਾਈ ਸੁੰਦਰ ਸਿੰਘ, ਭਾਈ ਸਮੁੰਦ ਸਿੰਘ ਆਦਿ ਪ੍ਰਮੁਖ ਹਨ।

ਰਾਗੀ ਭਾਈ ਜੁਵਾਲਾ ਸਿੰਘ ਦਾ ਕਈ ਵਾਰ ਕੀਰਤਨ ਵਿਚ ਆਪਣਾ ਉਚ ਦਰਜ਼ਾ ਰੱਖਣ ਵਾਲੇ ਵਿਦਵਾਨ ਕੀਰਤਨੀਆਂ ਨਾਲ ਸੰਗੀਤਕ ਮੁਕਾਬਲਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਨਾ ਚਾਹੁੰਦਾ ਹੋਏ ਹੁੰਦਾ ਰਿਹਾ ਜਿਸ ਦਾ ਵਿਸਥਾਰ ਅਸੀਂ ਉਪਰ ਕਰ ਆਏ ਹਾਂ। ਇਨ੍ਹਾਂ ਕੀਰਤਨੀਆਂ ਵਿਚ ਰਬਾਬੀ ਭਾਈ ਮੋਤੀ ਜੀ ਹਜ਼ੂਰੀ ਰਾਗੀ, ਭਾਈ ਅਰਜਨ ਸਿੰਘ ਤਰੰਗੜ, ਭਾਈ ਹਰਨਾਮ ਸਿੰਘ ਜੰਮੂ ਵਾਲਿਆਂ ਦਾ ਸਪੁੱਤਰ ਭਾਈ ਪ੍ਰਤਾਪ ਸਿੰਘ ਜੀ ਆਦਿ ਪ੍ਰਮੁਖ ਹਨ। ਇਸ ਤੋਂ ਇਲਾਵਾ ਮੰਨੇ ਪ੍ਰਮੰਨੇ ਸੰਗੀਤਕ ਘਰਾਣਿਆਂ ਵਿਚ ਮਿਰਾਸੀ ਜਾਤੀ ਇੱਕ ਹੈ। ਭਾਈ ਸਾਬ ਦਾ ਇਨ੍ਹਾਂ ਨਾਲ ਮੁਕਾਬਲਾ ਪਿੰਡ ਸੰਗੋਜਲੇ ਵਿਖੇ ਹੋਇਆ ਜਿਸ ਦਾ ਵਿਸਥਾਰ ਵੀ ਅਸੀਂ ਉੱਪਰ ਕਰ ਆਏ ਹਾਂ।

ਗੁਰਮਤਿ ਸੰਗੀਤ ਪਰੰਪਰਾ ਦੇ ਇਤਿਹਾਸ ਵਿਚ ਬਾਬਾ ਸ਼ਾਮ ਸਿੰਘ (ਰਾਗੀ) ਦਾ ਨਾਮ ਬਹੁਤ ਹੀ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਆਪ ਨੇ 123 ਸਾਲ ਦੀ ਵੱਡੀ ਉਮਰ ਵਿਚ 70 ਸਾਲ ਸਿਰੰਦੇ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਤਿੰਨ ਪਹਿਰੇ ਦੀ ਕੀਰਤਨ ਚਉਕੀ ਦਾ ਕੀਰਤਨ ਕੀਤਾ। ਆਪ ਦਾ ਸਿਰੰਦਾ ਅੱਜ ਵੀ ਸਿੱਖ ਅਜ਼ਾਇਬ ਘਰ ਵਿਚ ਸ਼ੁਸ਼ੋਭਿਤ ਹੈ।[159] ਆਪ ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਬੜੇ ਪਿਆਰ ਨਾਲ ਸੁਣਦੇ ਅਤੇ ਆਪਣੇ ਪਿਆਰ ਨਾਲ ਨਿਵਾਜ਼ਦੇ ਸਨ। ਇਸ ਦਾ ਪ੍ਰਤੱਖ ਪ੍ਰਮਾਣ ਆਪ ਦੀ ਤਾਕੀਦ 'ਤੇ ਰਾਗੀ ਭਾਈ ਜੁਵਾਲਾ ਸਿੰਘ ਨੇ 11 ਮਾਰਚ 1916 ਨੂੰ ਤਿਪਹਿਰੇ ਦਾ ਕੀਰਤਨ ਕੀਤਾ ਬਾਬਾ ਜੀ ਨੇ ਆਪ ਸੁਣਿਆ ਤੇ ਅਤਿ ਪ੍ਰਸੰਨ ਹੋਏ। 5 ਜੂਨ 1916 ਨੂੰ ਆਪ ਰਾਗੀ ਭਾਈ ਜੁਵਾਲਾ ਸਿੰਘ ਨੂੰ ਆਪਣੇ ਨਿਵਾਸ ਸਥਾਨ 'ਤੇ ਬੁਲਾ ਕੇ ਕੀਰਤਨ ਸੁਣਿਆ। ਇਸੇ ਤਰ੍ਹਾਂ ਆਪ ਨੇ ਰਾਗੀ ਭਾਈ ਜੁਵਾਲਾ ਸਿੰਘ ਨੂੰ ਪਿਆਰ ਦੇ ਕੇ ਨਿਵਾਜ਼ਦੇ ਰਹਿੰਦੇ ਸਨ।[160]

ਭਾਈ ਪ੍ਰਤਾਪ ਸਿੰਘ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਸ਼ੀਸ਼ ਗੰਜ ਦਿੱਲੀ ਵਿਖੇ ਰਾਗੀ ਦੀ ਸੇਵਾ ਕਰਦੇ ਰਹੇ। ਆਪ ਰਾਗੀ ਭਾਈ ਜੁਵਾਲਾ ਸਿੰਘ ਨੂੰ 1916 ਈਸਵੀ ਤੋਂ ਜਾਣਦੇ ਸਨ ਉਦੋਂ ਆਪ

ਯਤੀਮਖਾਨੇ ਵਿਦਿਆਲੇ ਵਿਚ ਵਿਦਿਆਰਥੀ ਸਨ। ਆਪ ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਖਸ਼ੀਅਤ ਬਾਰੇ ਇਸ ਤਰ੍ਹਾ ਬਿਆਨ ਕਰਦੇ ਹਨ, "ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਆਪਣੇ ਸਮੇਂ ਵਿਚ ਮਹਾਨ ਕੀਰਤਨੀਏ ਸਨ, ਜੋ ਸ਼ਬਦ ਰੀਤ, ਭਾਈ ਸਾਹਿਬ ਪਾਸ ਸੀ, ਉਹ ਰੀਤਾਂ ਬਹੁਤ ਘੱਟ ਵਿਦਵਾਨਾਂ ਪਾਸ ਸਨ। ਭਾਈ ਸਾਹਿਬ ਦਾ ਕੀਰਤਨ ਬਹੁਤ ਪ੍ਰਭਾਵਸ਼ਾਲੀ ਸੀ। ਜਿਸ ਤਰ੍ਹਾਂ ਉਹ ਦਸ ਦਸ ਕੇ ਰੀਤਾਂ ਗਾਉਂਦੇ ਸਨ ਵਿਦਵਾਨ ਸਰੋਤੇ ਅਤੇ ਆਮ ਸੰਗਤ ਸਭ ਪੂਰਾ ਅਨੰਦ ਮਾਣਦੇ ਸਨ। ਭਾਈ ਸਾਹਿਬ ਜਵਾਲਾ ਸਿੰਘ ਰਾਗੀ ਦੇ ਕੀਰਤਨ ਦੀ ਸ਼ੈਲੀ ਉਹ ਸੀ ਜੋ ਗੁਰੂ ਸਾਹਿਬਾਂ ਦੇ ਸਮੇਂ ਤੋਂ ਕੀਤਰਨੀਆਂ ਸਿੰਘਾਂ ਤੇ ਰਬਾਬੀਆਂ ਵਿਚ ਸੀਨਾ-ਬ-ਸੀਨਾ ਚਲੀ ਆ ਰਹੀ ਸੀ"[161]

ਪ੍ਰਸਿੱਧ ਸੰਗੀਤਾਚਾਰੀਆਂ ਦਲੀਪ ਚੰਦਰ ਬੇਦੀ ਅਨੁਸਾਰ "ਭਾਈ ਜਵਾਲਾ ਸਿੰਘ ਜੀ ਰਾਗੀ ਨੇ ਬਾਬਾ ਰੰਗੀ ਰਾਮ ਜੀ ਸੇ ਪ੍ਰਾਯਾਪਤ ਸਮਯ ਤਕ ਗਾਇਨ ਦੀਕਸ਼ਾ ਪ੍ਰਾਪਤ ਕੀ ਔਰ ਅਜੀਵਨ ਰਾਗ ਨਿਯਮ ਅਨੁਸਾਰ ਰਚੀ ਗਈ ਪੁਰਾਤਨ ਰੀਤੀਓਂ ਸੇ ਗਾਇਨ ਕਰਤੇ ਰਹੇ।"[162]

ਚੰਗੇ-ਚੰਗੇ ਕੀਰਤਨੀਏ ਰਾਗੀ ਭਾਈ ਜੁਵਾਲਾ ਸਿੰਘ ਦਾ ਸਤਿਕਾਰ ਕਰਦੇ ਸਨ। ਇੱਕ ਵਾਰ ਗਿਆਨੀ ਗਿਆਨ ਸਿੰਘ ਅਲਮਸਤ ਅਤੇ ਭਾਈ ਗੁਰਮੁਖ ਸਿੰਘ ਫੱਕਰ ਦਾ ਸੰਗੀਤਕ ਮੁਕਾਬਲਾ ਕਰਵਾਉਣ ਹਿਤ ਸ਼ਰਾਰਤੀ ਅਨਸਰਾਂ ਨੇ ਸਮਾਂ ਤਹਿ ਕਰ ਲਿਆ। ਇਸ ਮੁਕਾਬਲੇ ਦੀ ਜੱਜਮੈਂਟ ਹਿਤ ਆਪ ਨਾਲ ਸੰਪਰਕ ਕੀਤਾ ਗਿਆ। ਆਪ ਨੇ ਵਾਰੀ ਵਾਰੀ ਦੋਵੇਂ ਨਾਮੀ ਰਾਗੀਆਂ ਨੂੰ ਸਮਝਾਇਆ ਕਿ ਕੀਰਤਨ ਕਲਾ ਗੁਰੂ ਦੇ ਜਸ ਗਾਉਣ ਲਈ ਹੈ ਨਾ ਕੇ ਕਲਾਕਾਰੀਆਂ ਦਿਖਾਉਣ ਲਈ। ਆਪ ਨੇ ਕਿਹਾ ਕਿ ਮੈਂ ਆਪਣੇ ਜੀਵਨ ਵਿਚ ਕਈ ਮੁਕਾਬਲੇ ਨਾ ਚਾਹੁੰਦੇ ਹੋਏ ਕੀਤੇ ਹਨ ਪਰ ਇਸ ਦਾ ਗੁਰਮਤਿ ਵਿਚ ਕੋਈ ਸਥਾਨ ਨਹੀਂ ਹੈ। ਆਪ ਨੇ ਉਨ੍ਹਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸਮਝਾਇਆ ਤੇ ਉਸ ਮੁਕਾਬਲੇ ਨੂੰ ਟਾਲਿਆ।[163]

ਰਾਗੀ ਭਾਈ ਜੁਵਾਲਾ ਸਿੰਘ ਦਾ ਸਮਕਾਲੀ ਸੰਗੀਤਕਾਰਾਂ ਤੇ ਕੀਰਤਨੀਆਂ ਵਿਚ ਸਤਿਕਾਰਤ ਸਥਾਨ ਸੀ। ਰਬਾਬੀ ਨਾਲ ਹੋਏ ਸੰਗਤੀਕ ਮੁਕਾਬਲੇ ਤੋਂ ਬਆਦ ਆਪ ਦਾ ਰਬਾਬੀ ਕੀਰਤਨੀਏ ਵੀ ਕਾਫੀ ਸਤਿਕਾਰ ਕਰਨ ਲੱਗ ਪਏ ਸਨ। ਆਪ ਖੁਦ ਵੀ ਕੀਰਤਨੀਆਂ ਤੇ ਸੰਗੀਤਕਾਰਾਂ ਦਾ ਅਦਬ ਸਤਿਕਾਰ ਕਰਦੇ ਸਨ। ਆਪ ਹਰਿਵੱਲਭ ਸੰਗੀਤ ਸੰਮੇਲਨ ਜਲੰਧਰ ਵੀ ਸੁਣਨ ਜਾਇਆ ਕਰਦੇ ਸਨ ਅਤੇ ਉੱਥੇ ਆਏ ਸੰਗੀਤ ਵਿਦਵਾਨਾਂ ਨਾਲ ਮੇਲ ਮਿਲਾਪ ਕਰਦੇ ਸਨ। ਇਸ ਸੁਭਾਅ ਕਰਕੇ ਆਪ ਸੰਗੀਤ ਦੇ ਉਚ ਵਿਦਿਵਾਨ

ਪੰਡਿਤ ਵਿਸ਼ਣੂ ਦਿਗਬੰਰ ਪੁਲਸਕਰ ਨੂੰ ਵੀ ਮਿਲੇ ਤੇ ਸੰਗੀਤ ਵਿਚਾਰਾਂ ਵੀ ਕੀਤੀਆਂ।[164] ਸਮਕਾਲੀ ਰਾਗੀਆਂ ਰਬਾਬੀਆਂ ਵਿਚ ਆਪ ਦੀ ਕਲਾ ਦੀ ਖੂਬ ਚਰਚਾ ਸੀ। ਆਪ ਦੇ ਮਹਾਨ ਸੰਗੀਤਕ ਵਿਅਕਤੀਤਵ (ਗੁਰਮਤਿ ਸੰਗੀਤ ਦੇ ਸੰਦਰਭ ਵਿਚ) ਦੇ ਕਾਰਨ ਆਪ ਨੂੰ ਸੰਗਤਾਂ ਤੇ ਸ਼ਬਦ ਕੀਰਤਨ ਦੇ ਰਸੀਆਂ ਤੋਂ ਮਾਣ ਸਨਮਾਨ ਵੀ ਪ੍ਰਾਪਤ ਹੋਏ।

## 2.12 ਰਾਗੀ ਭਾਈ ਜੁਵਾਲਾ ਸਿੰਘ: ਮਾਨ ਸਨਮਾਨ

ਰਾਗੀ ਭਾਈ ਜੁਵਾਲਾ ਸਿੰਘ ਨੇ ਸਾਰੀ ਉਮਰ ਕੀਰਤਨ ਰਾਹੀਂ ਪੰਥ ਦੀ ਸੇਵਾ ਕੀਤੀ। ਜਿੱਥੇ ਆਪ ਨੇ ਕੀਰਤਨ ਦੀ ਪੁਰਾਤਨ ਵਿਧਾ ਨੂੰ ਸੰਭਾਲਿਆ ਉੱਥੇ ਆਪ ਨੇ ਪੰਥਕ ਕਾਰਜਾਂ ਵਿਚ ਵੀ ਵੱਧ ਚੜ ਕੇ ਹਿੱਸਾ ਲਿਆ। ਆਪ ਨੇ ਪੰਥ ਰਾਹੀਂ ਲਗਾਈ ਹਰ ਸੇਵਾ ਨੂੰ ਭਾਵੇਂ ਉਹ ਜੈਤੋਂ ਦਾ ਮੋਰਚਾ ਹੋਵੇ ਜਾਂ ਫਿਰ ਗੁਰੂ ਕੇ ਬਾਗ ਦਾ ਮੋਰਚਾ ਹੋਵੇ ਜਾਂ ਭਾਂਵੇ ਨਨਕਾਣਾ ਸਾਹਿਬ ਦਾ ਸ਼ਹੀਦੀ ਸਮਾਗਮ ਆਦਿ ਹੋਵੇ, ਆਪ ਨੇ ਇਨ੍ਹਾਂ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ। ਆਪ ਨੂੰ ਪੰਥ ਵਿਚ ਸਿਰਮੌਰ ਰਾਗੀਆਂ ਵਿਚ ਗਿਣਿਆ ਜਾਂਦਾ ਸੀ। ਆਪ ਦੇ ਕੀਤੇ ਪੰਥਕ ਕਾਰਜਾਂ ਅਤੇ ਗੁਰਮਤਿ ਸੰਗੀਤ ਦੇ ਉੱਚਕੋਟੀ ਦੇ ਵਾਹਕ ਹੋਣ ਕਰਕੇ ਮਾਣ ਸਨਮਾਨ ਪ੍ਰਾਪਤ ਹੋਣੇ ਸੁਭਾਵਿਕ ਹੀ ਹਨ। ਆਪ ਦਾ ਸਿੱਖ ਜਗਤ ਵਿਚ ਵਿਸ਼ੇਸ਼ ਸਥਾਨ ਸੀ ਜਿਸ ਦਾ ਅੰਦਾਜ਼ਾ ਆਪ ਨੂੰ ਵਿਭਿੰਨ ਪ੍ਰਾਪਤ ਸਨਮਾਨਾਂ ਅਤੇ ਸਿੱਖ ਜਗਤ ਦੀਆਂ ਸਖਸ਼ੀਅਤਾਂ ਦਾ ਆਪ ਪ੍ਰਤੀ ਆਦਰ ਤੋਂ ਸਹਿਜੇ ਲਗਾਇਆ ਜਾ ਸਕਦਾ ਹੈ। ਗੁਰਮਤਿ ਸੰਗੀਤ ਪਰੰਪਰਾ ਦੇ ਰਾਗੀ ਹੋਣ ਦੇ ਸੰਦਰਭ ਵਿਚ ਅਤੇ ਪੰਥਕ ਗਲਿਆਰਿਆਂ ਵਿਚ ਕੀਤੇ ਵਿਸ਼ੇਸ਼ ਕਾਰਜ਼ਾਂ ਕਰਕੇ ਆਪ ਨੂੰ ਸਿੱਖ ਜਗਤ ਵਿਚ ਕਾਫੀ ਸਤਿਕਾਰਿਆ ਜਾਂਦਾ ਰਿਹਾ ਹੈ। ਆਪ ਦੇ ਸਮੇਂ ਦੇਸ਼ ਗੁਲਾਮੀ ਦੇ ਦੌਰ ਵਿਚੋਂ ਲੰਘ ਰਿਹਾ ਸੀ। ਆਪ ਵਲੋਂ ਅਜਾਦੀ ਦੀ ਲੜਾਈ ਲਈ ਸੰਘਰਸ਼ਸ਼ੀਲ ਬੱਬਰਾਂ ਦੀ ਸਹਾਇਤਾ ਵੀ ਸਿੱਧੇ ਅਸਿੱਧੇ ਰੂਪ ਵਿਚ ਕੀਤੀ ਜਾਂਦੀ ਰਹੀ। ਅਜਿਹੇ ਸਮੇਂ ਵਿਚ ਮਾਨ ਸਨਮਾਨ ਦੀ ਕੋਈ ਜ਼ਿਆਦਾ ਪਰਪਾਟੀ ਨਹੀਂ ਸੀ ਪ੍ਰੰਤੂ ਫਿਰ ਵੀ ਸਮੇਂ-ਸਮੇਂ 'ਤੇ ਕਈ ਮਾਣ ਸਤਿਕਾਰ ਪ੍ਰਾਪਤ ਹੋਏ ਹਨ:

**2.12.1 ਹਾਥੀ ਦੰਦ ਦੇ ਦਸ਼ਤੇ ਵਾਲੀ ਕੀਮਤੀ ਕ੍ਰਿਪਾਨ ਪ੍ਰਾਪਤ ਹੋਣੀ** : 2 ਜੂਨ 1922 ਨੂੰ ਸੰਤ ਗੁਰਬਖਸ਼ ਸਿੰਘ ਜਬੋਵਾਲ ਵਾਲਿਆਂ ਨੇ ਆਪ ਨੂੰ ਹਾਥੀ ਦੰਦ ਦੇ ਦਸਤੇ ਵਾਲੀ ਕੀਮਤੀ ਕ੍ਰਿਪਾਨ ਪ੍ਰੇਮ ਭੇਂਟ ਵਜੋਂ ਦੇ ਕੇ ਸਨਮਾਨਿਮਤ ਕੀਤਾ।[165] ਇਹ ਕ੍ਰਿਪਾਨ ਉਨ੍ਹਾਂ ਨੇ ਹਮੇਸ਼ਾਂ ਆਪਣੇ ਕੋਲ ਰੱਖੀ।

*ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਮਹਾਨ ਕੋਸ਼ ਭੇਂਟ ਕਰਨਾ:* ਸਿੱਖ ਪੰਥ ਦੇ ਮਹਾਨ ਵਿਦਵਾਨ ਗੁਰਮਤਿ ਸੰਗੀਤ ਦੇ ਖੇਤਰ ਹਿਤ ਆਪਣੀ ਵਡਮੁੱਲੀ ਖੋਜ ਪ੍ਰਦਾਨ ਕਰਨ ਵਾਲੇ ਭਾਈ ਕਾਨ੍ਹ ਸਿੰਘ ਨਾਭਾ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਵਲੋਂ ਸਿੱਖ ਇਤਿਹਾਸ ਦੇ ਖੇਤਰ ਵਿਚ ਮੀਲ ਪੱਥਰ ਸਥਾਪਿਤ ਖੋਜ਼ *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਦੇ ਰੂਪ ਵਿਚ ਕੀਤੀ ਗਈ। ਵਰਤਮਾਨ ਸਮੇਂ ਇਹ ਗ੍ਰੰਥ ਸਿੱਖ ਧਰਮ ਦੇ ਇਤਿਹਾਸ, ਗੁਰਮਤਿ ਸੰਗੀਤ, ਸਿੱਖ ਸਾਹਿਤ, ਪੰਜਾਬੀ ਬੋਲੀ, ਸਭਿਆਚਾਰ ਖ਼ਾਸ ਕਰਕੇ ਸਿੱਖ ਸਭਿਆਚਾਰ ਆਦਿ ਦੇ ਹਵਾਲੇ ਨਾਲ ਇਤਿਹਾਸਕ ਸਰੋਤ ਵਜੋਂ ਅਹਿਮ ਸਥਾਨ ਰੱਖਦਾ ਹੈ। ਇਹ ਗ੍ਰੰਥ ਸਿੱਖਾਂ ਦੇ ਇਨਸਾਈਕਲੋਪੀਡੀਆ ਦੇ ਰੂਪ ਵਿਚ ਵਿਦਮਾਨ ਹੈ। ਇਹ ਗ੍ਰੰਥ ਪਹਿਲੀ ਵਾਰ 1930 ਵਿਚ ਸੁਦਰਸ਼ਨ ਪ੍ਰੈਸ ਅਮ੍ਰਿੰਤਸਰ ਨੇ ਚਾਰ ਜ਼ਿਲਦਾਂ ਦੇ ਰੂਪ ਵਿਚ ਛਾਪਿਆ ਸੀ। ਇਸ ਦਾ ਸਾਰਾ ਖਰਚਾ ਮਹਾਰਾਜਾ ਪਟਿਆਲਾ ਨੇ ਕੀਤਾ ਸੀ।[166] ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਮਹਾਨ ਕੋਸ਼ ਦੇ ਰੂਪ ਵਿਚ ਇੱਕ ਕਾਪੀ ਜਿੱਥੇ ਕਪੂਰਥਲੇ ਦੇ ਮਹਾਰਾਜਾ ਜਗਤ ਸਿੰਘ ਨੂੰ ਦਿੱਤੀ ਉੱਥੇ ਇੱਕ ਕਾਪੀ ਰਾਗੀ ਭਾਈ ਜੁਵਾਲਾ ਸਿੰਘ ਨੂੰ ਕਪੂਰਥਲੇ ਰਾਜੇ ਦੇ ਮਹਿਲ ਵਿਚ ਹੀ ਭੇਂਟ ਕੀਤੀ।[167] ਇਸ ਤੋਂ ਜਿੱਥੇ ਆਪ ਦਾ ਭਾਈ ਕਾਨ੍ਹ ਸਿੰਘ ਨਾਭਾ ਨਾਲ ਪਿਆਰੇ ਰਿਸ਼ਤੇ ਦਾ ਪਤਾ ਲਗਦਾ ਹੈ ਉੱਥੇ ਸਿੱਖ ਕੌਮ ਵਿਚ ਆਪ ਦੇ ਸਤਿਕਾਰਤ ਸਥਾਨ ਦੀ ਪ੍ਰੋੜਤਾ ਵੀ ਹੁੰਦੀ ਹੈ।

**2.12.2 ਮਹਾਰਾਣੀ ਫਰੀਦਕੋਟ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਟੀਕ ਭੇਟਾ ਕਰਨੇ:** ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਸੀ ਕਿ ਆਪ ਨੂੰ ਪੰਜਾਬ ਦੀਆਂ ਵੱਖ-ਵੱਖ ਰਿਆਸਤਾਂ ਦੇ ਮਹਿਲਾਂ ਵਿਚ ਕੀਰਤਨ ਹਿਤ ਵਿਸ਼ੇਸ਼ ਤੌਰ 'ਤੇ ਬੁਲਾਇਆ ਜਾਂਦਾ ਰਿਹਾ ਹੈ। 3 ਫਰਵਰੀ 1928 ਨੂੰ ਫਰੀਦਕੋਟ ਦੇ ਮਹਿਲ ਵਿਚ ਵੀ ਆਪ ਕੀਰਤਨ ਹਿਤ ਗਏ। ਆਪ ਵਲੋਂ ਕੀਰਤਨ ਕੀਤਾ ਗਿਆ। ਕੀਰਤਨ ਉਪਰੰਤ ਮਾਹਾਰਾਣੀ ਫਰੀਦਕੋਟ ਨੇ ਆਪ ਦੀ ਵਿਦਵਤਾ ਨੂੰ ਦੇਖਦੇ ਹੋਏ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫਰੀਦਕੋਟ ਵਾਲਾ ਟੀਕਾ ਪ੍ਰੇਮ ਭੇਂਟ ਦੇ ਰੂਪ ਵਿਚ ਦਿੱਤਾ।[168]

**2.12.3 ਰਾਗੀ ਕਾਨਫਰੰਸ ਦੀ ਪ੍ਰਧਾਨਗੀ:** 1944 ਆਲ ਇੰਡੀਆ ਰਾਗੀ ਸਭਾ ਵਲੋਂ ਰਾਗੀ ਕਾਨਫਰੰਸ ਕਰਵਾਈ ਗਈ। ਇਸ ਸਭਾ ਦਾ ਹੈੱਡ ਆਫਿਸ ਅੰਮ੍ਰਿਤਸਰ ਮੌਜੂਦ ਸੀ। ਇਸ ਰਾਗੀ ਸਭਾ ਦੇ ਪ੍ਰਧਾਨ ਰਾਗੀ ਭਾਈ ਸੰਤਾ ਸਿੰਘ ਸਨ। ਇਸ ਦੇ ਸਕੱਤਰ ਰਾਗੀ ਭਾਈ ਪ੍ਰਤਾਪ ਸਿੰਘ ਸਨ। ਇਸ ਤੋਂ ਇਲਾਵਾ ਹੋਰ ਪ੍ਰਸਿੱਧ

ਰਾਗੀ ਇਸ ਸਭਾ ਦੇ ਮੈਂਬਰ ਸਨ। ਇਸ ਸਭਾ ਵਲੋਂ ਜਦੋਂ ਰਾਗੀ ਕਾਨਫਰੰਸ ਦਾ ਸਮਾਗਮ ਉਲੀਕਿਆ ਗਿਆ ਤਾਂ ਇਸ ਦੀ ਪ੍ਰਧਾਨਗੀ ਹਿਤ ਵਿਚਾਰਾਂ ਕੀਤੀਆਂ ਗਈਆਂ। ਇਨ੍ਹਾਂ ਵਿਚਾਰਾਂ ਵਿਚ ਸ਼ਾਮਿਲ ਮੈਂਬਰ ਰਾਗੀ ਕੀਰਤਨੀਆਂ ਨੇ ਸਰਬਸੰਮਤੀ ਤੇ ਪ੍ਰਮੁਖਤਾ ਨਾਲ ਆਪ (ਰਾਗੀ ਭਾਈ ਜੁਵਾਲਾ ਸਿੰਘ) ਦੇ ਨਾਮ ਹਿਤ ਸਹਿਮਤੀ ਦਰਸਾਈ। ਸੋ ਆਪ ਨੇ ਇੱਕ ਅਕਤੂਬਰ 1944 ਨੂੰ ਹੋਈ ਰਾਗੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਇਸ ਤੋਂ ਆਪ ਦਾ ਕੀਰਤਨੀਆਂ ਵਿਚ ਸਤਿਕਾਰ ਵੀ ਪ੍ਰਤੱਖ ਹੁੰਦਾ ਹੈ।

ਮਹਾਰਾਜਾ ਭੁਪਿੰਦਰ ਸਿੰਘ ਪਟਿਆਲੇ ਵਲੋਂ ਰਾਗੀ ਭਾਈ ਜੁਵਾਲਾ ਸਿੰਘ ਦੀ ਵਿਦਵਤਾ ਦੇ ਕਾਰਨ ਆਪਣੇ ਅਧਿਕਾਰ ਖੇਤਰ ਵਿਚ ਰਹਿਣ ਦਾ ਸੱਦਾ ਦਿੰਦੇ ਹੋਏ ਇੱਕ ਪਿੰਡ ਆਪ ਦੇ ਨਾਮ ਕਰਨ ਦੀ ਗੱਲ ਕੀਤੀ। ਆਪ ਨੇ ਬੜੀ ਨਿਮਰਤਾ ਨਾਲ ਨਾਂਹ ਕਰਦੇ ਹੋਏ ਕਿਹਾ ਕਿ ਆਪ ਜਦੋਂ ਵੀ ਕੀਰਤਨ ਹਿਤ ਯਾਦ ਕਰੋਗੇ ਮੈਂ ਹਾਜ਼ਰ ਹੋ ਜਾਵਾਂਗਾ।[169]

ਉੱਥੇ ਇੱਕ ਰੇਲਵੇ ਦੇ ਵੱਡੇ ਅਫਸਰ ਦੇ ਘਰ ਵਿਚ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਹਿਤ ਸੰਗੀਤ ਸਮਾਰੋਹ ਰੱਖਿਆ ਹੋਇਆ ਸੀ ਜਿਸ ਵਿਚ ਵੱਡੇ-ਵੱਡੇ ਗਵੱਈਏ ਪਹੁੰਚੇ ਹੋਏ ਸਨ। ਭਾਈ ਜੁਵਾਲਾ ਸਿੰਘ ਨੂੰ ਵੀ ਇਸ ਵਿਚ ਸ਼ਾਮਿਲ ਹੋਣ ਦਾ ਸੱਦਾ ਮਿਲਿਆ ਹੋਇਆ ਸੀ। ਇਸ ਪੂਰੇ ਦ੍ਰਿਸ਼ ਨੂੰ ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਕਲਮ ਰਾਹੀਂ ਸ਼ਬਦਾਂ ਦੀ ਲੜੀ ਵਿਚ ਇਸ ਤਰ੍ਹਾਂ ਪਰੋਇਆ ਹੈ, "ਸੰਗੀਤ ਦਾ ਅਖਾੜਾ ਮਘਿਆ ਭਾਈ ਜੁਵਾਲਾ ਸਿੰਘ ਦੀ ਵਾਰੀ ਆਈ, ਸਾਜਾਂ ਦੀਆਂ ਤਾਰਾਂ ਉਤੇ ਹੱਥ ਫੇਰ ਕੇ ਸਾਜਿੰਦਿਆਂ ਨੂੰ ਨਾਲ ਲੈ ਕੇ ਜਦੋਂ ਧਰੁਪਦ, ਤਾਨਾਂ ਤੇ ਪਲਟੇ ਸੁਟੇ, ਇਕ ਤੋਂ ਬਾਅਦ ਦੂਜਾ ਰੰਗ ਖਿੜ੍ਹਾਇਆ। ਸੁਰਗਰਮੀ ਨਾਲ ਬਿਖੜੀਆਂ ਸਰਗਮਾਂ ਗਾਈਆਂ, ਸਾਰਿਆਂ ਦੇ ਗਮ ਗਲਤ ਕਰ ਦਿੱਤੇ। ਸਰੋਤੇ ਰਸ ਮੁਗਧ ਹੋਏ, ਝੂਮ ਉਠੇ, ਸਭਨਾਂ ਦੇ ਹੱਥ ਤਾੜੀਆਂ ਵਜਾਉਣ ਲਗੇ.....। ਵਡੇ ਰੇਲਵੇ ਅਧਿਕਾਰੀ ਨੇ ਕਿਹਾ -ਮੈਂ ਇਨਕੋ ਭਾਰਤ ਭਰਮਣੇ ਕਾ ਪਾਸ ਬਨਾ ਦੇਤਾ ਹੂੰ।"[170] ਇਸ ਘਟਨਾ ਦਾ ਅਸੀਂ ਪਿੱਛੇ ਵਿਸਥਾਰ ਪੂਰਵਕ ਅਧਿਐਨ ਕਰ ਚੁੱਕੇ ਹਾਂ।

ਗੁਰੂ ਨਾਨਕ ਮਿਸ਼ਨ, ਪਟਿਆਲਾ ਦੇ ਸਕੱਤਰ ਰਹੇ ਭਾਈ ਨਰਾਇਣ ਸਿੰਘ ਅਨੁਸਾਰ ਭਾਈ ਜੁਵਾਲਾ ਸਿੰਘ ਨੂੰ ਪਟਿਆਲੇ ਦੇ ਰਾਜੇ ਨੇ ਇਕ ਪਿੰਡ ਦੇ ਕੇ ਆਪਣੀ ਰਿਆਸਤ ਵਿਚ ਵੱਸਣ ਹਿਤ ਕਿਹਾ ਪਰ ਆਪ ਨੇ ਬੜੇ ਸਤਿਕਾਰ ਨਾਲ ਧੰਨਵਾਦ ਕਰਕੇ ਨਾਂ ਕਰ ਦਿਤੀ। ਇਸੇ ਤਰ੍ਹਾਂ ਪਿੰਡ ਸਾਧਵਾਲਾ ਦੇ ਸੰਤ

ਬਾਬਾ ਨਿਹਾਲ ਸਿੰਘ ਨੇ ਆਪ ਜੀ ਦੇ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਆਪਣੀ ਸਾਰੀ ਜਮੀਨ ਆਪ ਜੀ ਨੂੰ ਸ਼ਬਦ ਸਤਿਕਾਰ ਵਜੋਂ ਭੇਂਟ ਕੀਤੀ ਪਰ ਆਪ ਨੇ ਉਨ੍ਹਾਂ ਦਾ ਸਤਿਕਾਰ ਕੀਤਾ ਪਰ ਜਮੀਨ ਲੈਣ ਤੋਂ ਅਸਮਰਥਾ ਵਿਖਾਈ। ਜਦੋਂ ਆਪ ਸਿੰਧ ਵਿਖੇ ਕਿਸੇ ਕੀਰਤਨ ਸਮਾਗਮ ਵਿਚ ਗਏ, ਉੱਥੇ ਆਪ ਦੇ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਸਥਾਨਕ ਸੇਠ ਨੇ ਆਪ ਜੀ ਨੂੰ ਆਪਣੀਆਂ ਚਾਬੀਆਂ ਦਾ ਗੁੱਛਾ ਆਪ ਜੀ ਦੇ ਹਾਰਮੋਨੀਅਮ ਤੇ ਰੱਖ ਕੇ ਆਪਣੀ ਸਾਰੀ ਜਾਇਦਾਦ ਨੂੰ ਸ਼ਬਦ ਸਤਿਕਾਰ ਵਜੋਂ ਭੇਂਟ ਕਰਨ ਦੀ ਇੱਛਾ ਜਾਹਿਰ ਕੀਤੀ ਪਰ ਆਪ ਜੀ ਨੇ ਇਹ ਸਭ ਲੈਣ ਤੋਂ ਨਾਂਹ ਕਰ ਦਿੱਤੀ।

ਉਕਤ ਤੋਂ ਸਪੱਸਟ ਹੈ ਕਿ ਆਪ ਨੂੰ ਇੱਕ ਕੀਰਤਨੀਏ, ਸਿੱਖ ਪ੍ਰਚਾਰਕ, ਪੰਥਕ ਸ਼ਖਸੀਅਤ ਦੇ ਰੂਪ ਵਿਚ ਵਿਭਿੰਨ ਸਨਮਾਨ ਪ੍ਰਾਪਤ ਹੋਏ। ਕੀਰਤਨੀਆਂ ਵਿਚ ਆਪ ਦਾ ਸਤਿਕਾਰ ਇਥੋਂ ਉਜਾਗਰ ਹੁੰਦਾ ਹੈ ਕਿ ਆਪ ਨੂੰ 1944 ਵਿਚ ਸਰਬਸੰਮਤੀ ਨਾਲ ਰਾਗੀ ਕਾਨਫਰੰਸ ਦਾ ਪ੍ਰਧਾਨ ਬਣਾਇਆ ਗਿਆ। ਸੋ ਰਾਗੀ ਜੁਵਾਲਾ ਸਿੰਘ ਦਾ ਨਾਮ ਸਿੱਖ ਜਗਤ ਵਿਚ ਸਤਿਕਾਰਿਆ ਹੋਇਆ ਸੀ।

## 2.13 ਰਾਗੀ ਭਾਈ ਜੁਵਾਲਾ ਸਿੰਘ : ਉਸਤਾਦ ਵਜੋਂ

ਗੁਰਮਤਿ ਸੰਗੀਤ ਦੀ ਪਰੰਪਰਾਗਤ ਸਿਖਲਾਈ ਦੀ ਮੁੱਖ ਵਿਧਾ ਸੀਨਾ-ਬ-ਸੀਨਾ ਜਾਂ ਮੌਖਿਕ ਹੀ ਰਹੀ। ਵਰਤਮਾਨ ਸਮੇਂ ਇਹ ਵਿਹਾਰਕ ਤੇ ਸਿਧਾਂਤਕ ਰੂਪ ਵਿਚ ਸੰਸਥਾਗਤ ਰੂਪ ਧਾਰਨ ਕਰ ਚੁੱਕੀ ਹੈ। ਰਾਗੀ ਭਾਈ ਜੁਵਾਲਾ ਸਿੰਘ ਨੇ ਖੁਦ ਕੀਰਤਨ ਦੀ ਸਿਖਲਾਈ ਵੱਖ-ਵੱਖ ਸਥਾਨਾਂ ਤੋਂ ਕਰੜੀ ਸਾਧਨਾ ਨਾਲ ਪ੍ਰਾਪਤ ਕੀਤੀ ਸੀ। ਆਪ ਨੇ ਇਸ ਮੌਲਿਕ ਸੰਗੀਤ ਪਰੰਪਰਾ ਦੇ ਪ੍ਰਚਾਰ ਪਾਸਾਰ ਵਿਚ ਜਿੱਥੇ ਖੁਦ ਵਿਭਿੰਨ ਸਥਾਨਾਂ 'ਤੇ ਜਾ ਕੇ ਪ੍ਰਚਾਰ ਪਾਸਾਰ ਕੀਤਾ ਉੱਥੇ ਇਸ ਕਲਾ ਨੂੰ ਅੱਗੇ ਤੋਰਦਿਆਂ ਇਸ ਦੇ ਕਈ ਵਾਹਕ ਤਿਆਰ ਕੀਤੇ। ਆਪ ਦੇ ਸ਼ਾਗਿਰਦਾਂ ਵਿਚੋਂ ਪ੍ਰਮੁਖ ਹਨ ਆਪ ਦੇ ਸਪੁੱਤਰ ਰਾਗੀ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸਵਰਨ ਸਿੰਘ (ਜੋੜੀ ਵਾਦਕ), ਭਾਈ ਭਗਤ ਸਿੰਘ, ਭਾਈ ਸ਼ੇਰ ਸਿੰਘ (ਜੋੜੀ ਵਾਦਕ) ਅਤੇ ਸੰਤ ਕਰਤਾਰ ਸਿੰਘ (ਤਾਊਸ ਵਾਦਕ)। ਇਨ੍ਹਾਂ ਤੋਂ ਇਲਾਵਾ ਭਾਈ ਮੰਨਾ ਸਿੰਘ, ਭਾਈ ਰਾਮ ਸਿੰਘ, ਭਾਈ ਸਤਵੰਤ ਸਿੰਘ, ਭਾਈ ਰਤਨ ਸਿੰਘ, ਭਾਈ ਗੋਪਾਲ ਸਿੰਘ, ਭਾਈ ਬਾਵਾ ਸਿੰਘ, ਭਾਈ ਮਹਿੰਦਰ ਸਿੰਘ ਆਦਿ।[171]

ਰਾਗੀ ਭਾਈ ਜੁਵਾਲਾ ਸਿੰਘ ਦੇ ਸ਼ਾਗਿਰਦਾਂ ਵਿੱਚੋਂ ਆਪ ਦੇ ਸਪੁੱਤਰਾਂ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੇ ਆਪ ਕੀਰਤਨ ਸ਼ੈਲੀ ਨੂੰ ਉਮਰ ਦੇ ਆਖੀਰ ਤਕ ਨਿਭਾਇਆ। ਆਪ ਨੇ ਆਪਣੇ ਪਿਤਾ ਦੀ ਸ਼ੈਲੀ ਨੂੰ ਹੂ-ਬ-ਹੂ ਗਾਇਆ ਹੈ। ਵਰਤਮਾਨ ਸਮੇਂ ਭਾਈ ਸਵਰਨ ਸਿੰਘ ਜੀ ਇਸ ਦਿਸ਼ਾ ਵਿਚ ਨਿਰੰਤਰ ਕਾਰਜਸ਼ੀਲ ਹਨ। ਇਸ ਸਬੰਧੀ ਖੋਜ ਪ੍ਰਬੰਧ ਦੇ ਤੀਜੇ ਅਧਿਆਇ ਵਿਚ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ।

ਰਾਗੀ ਭਾਈ ਜੁਵਾਲਾ ਸਿੰਘ ਦੀ ਸਿਖਾਉਣ ਸ਼ੈਲੀ ਵਿਲੱਖਣ ਸੀ। ਆਪ ਸਭ ਤੋਂ ਪਹਿਲਾਂ ਸ਼ਬਦ ਨੂੰ ਕੰਠ ਕਰਵਾਉਂਦੇ ਸਨ। ਫਿਰ ਹਾਰਮੋਨੀਅਮ ਜਾਂ ਤੰਤੀ ਸ਼ਾਜ 'ਤੇ ਸ਼ਬਦ ਕੱਢਣਾ ਸਿਖਾਉਂਦੇ ਸਨ। ਜਦੋਂ ਵਿਦਿਆਰਥੀ ਦੀ ਇਸ 'ਤੇ ਪਕੜ ਹੋ ਜਾਂਦੀ ਸੀ ਤਾਂ ਆਪ ਸਾਜ਼ ਦੇ ਨਾਲ-ਨਾਲ ਗਾਉਂਣਾ ਸਿਖਾਉਂਦੇ ਸਨ। ਜਦੋਂ ਇਸ ਵਿਚ ਮੁਹਾਰਤ ਹੋ ਜਾਂਦੀ ਸੀ ਤਾਂ ਆਪ ਉਨ੍ਹਾਂ ਵਿਦਿਆਰਥੀਆਂ ਨੂੰ ਖੜਾ ਕਰਕੇ ਕੇ ਹੱਥ ਨਾਲ ਤਾਲੀ ਦੇ ਕੇ ਗਾਉਣ ਦਾ ਅਭਿਆਸ ਕਰਦੇ ਕਰਾਉਂਦੇ ਸਨ। ਇਸ ਤੋਂ ਇਲਾਵਾ ਸਫ਼ਰ ਦੌਰਾਨ ਵੀ ਸੰਗੀਤ ਦੀ ਕਲਾਸ ਨਿਰੰਤਰ ਹੱਥ 'ਤੇ ਤਾਲੀ ਖਾਲੀ ਦਿਖਾ ਕੇ ਸ਼ੁਰੂ ਰਹਿੰਦੀ ਸੀ। ਜੋ ਵਿਦਿਆਰਥੀ/ਸ਼ਾਗਿਰਦ ਜੋੜੀ ਸਿਖਦੇ ਉਨ੍ਹਾਂ ਨੂੰ ਜੋੜੀ ਵਾਦਨ ਦੇ ਨਾਲ-ਨਾਲ ਗਾਉਂਣ ਦੀ ਵਿਸ਼ੇਸ਼ ਹਦਾਇਤ ਹੁੰਦੀ ਸੀ। ਇਸ ਦੇ ਲਈ ਆਪ ਵਿਸ਼ੇਸ਼ ਅਭਿਆਸ ਵੀ ਕਰਵਾਉਂਦੇ ਸਨ।[172]

ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਸਿਖਲਾਈ ਦੇ ਪ੍ਰਤੱਖ ਦਰਸ਼ਨ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਦੀ ਗਾਇਕੀ ਵਿੱਚੋਂ ਕੀਤੇ ਜਾ ਸਕਦੇ ਹਨ ਜੋ ਰਿਕਾਰਡਿੰਗ ਦੇ ਰੂਪ ਵਿਚ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ। ਵਰਤਮਾਨ ਸਮੇਂ ਭਾਈ ਕੁਲਤਾਰ ਸਿੰਘ, ਭਾਈ ਸਵਰਨ ਸਿੰਘ ਦੀ ਗਾਇਕੀ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

## 2.14 ਰਾਗੀ ਭਾਈ ਜੁਵਾਲਾ ਸਿੰਘ ਦੀ ਜ਼ਿੰਦਗੀ ਦੇ ਆਖਰੀ ਪਲ

ਗੁਰਮਤਿ ਸੰਗੀਤ ਤੇ ਸਿੱਖ ਸਮਾਜ ਵਿਚ ਆਪਣੇ ਵਿਸ਼ੇਸ਼ ਕਾਰਜ਼ਾਂ ਕਰਕੇ ਨਾਮਣਾ ਖੱਟਣ ਵਾਲੇ ਰਾਗੀ ਭਾਈ ਜੁਵਾਲਾ ਸਿੰਘ ਆਪਣੀ ਜ਼ਿੰਦਗੀ ਦੇ ਆਖਰੀ ਸਮੇਂ ਤਕ ਕੀਰਤਨ ਕਰਦੇ ਰਹੇ। ਆਪਣੀ ਜ਼ਿੰਦਗੀ ਦੇ ਅੰਤਲੇ ਸਮੇਂ ਆਪ ਦੇ ਜਥੇ ਵਿਚ ਦੋ ਸਾਥੀ ਭਾਈ ਸਤਵੰਤ ਸਿੰਘ ਅਤੇ ਭਾਈ ਸਵਰਨ ਸਿੰਘ (ਭਾਊ ਜੀ) ਸਨ। ਆਪ ਨੇ ਆਪਣਾ ਅੰਤਲਾ ਸਮਾਂ ਨੇੜੇ ਦੇਖ ਕੇ ਸਵਰਨ ਸਿੰਘ ਜੋੜੀ ਵਾਦਕ ਦੀ ਬਾਂਹ

ਆਪਣੇ ਸਪੁੱਤਰਾਂ ਨੂੰ (ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ) ਫੜਾਈ ਤੇ ਕਿਹਾ ਕਿ ਇਸ ਕਦੀ ਨਹੀਂ ਛੱਡਣਾ ਜੋ ਉਨ੍ਹਾਂ ਨੇ ਆਪਣੇ ਅੰਤਲੇ ਸਮੇਂ ਤਕ ਨਹੀਂ ਛੱਡਿਆ। ਅਖੀਰ ਗੁਰਮਤਿ ਸੰਗੀਤ ਤੇ ਸਿੱਖ ਪੰਥ ਦਾ ਇੱਕ ਚਮਕਦਾ ਸਿਤਾਰਾ 16 ਜੇਠ 1952 ਨੂੰ ਮੌਤ ਰੂਪੀ ਬਦਲਾਂ ਦੇ ਪਿੱਛੇ ਛੁਪ ਗਿਆ।

ਉਪਰੋਕਤ ਵਿਚਾਰ ਚਰਚਾ ਕਰਦਿਆ ਸਾਡੇ ਸਾਹਮਣੇ ਰਾਗੀ ਭਾਈ ਜੁਵਾਲਾ ਸਿੰਘ ਦੇ ਪਰਿਵਾਰ ਦੇ ਪਿਛੋਕੜ ਦਾ ਵਿਸਥਾਰ ਨਾਲ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਆਪ ਦਾ ਪਰਿਵਾਰ ਗੁਰੂ ਘਰ ਨਾਲ ਜੁੜਿਆ। ਆਪ ਦੇ ਪਰਿਵਾਰ ਨੂੰ ਸਿੱਖੀ ਗੁਰੂ ਅਮਰਦਾਸ ਜੀ ਤੋਂ ਪ੍ਰਾਪਤ ਹੋਈ। ਕੀਰਤਨ ਦੀ ਦਾਤ ਆਪ ਦੇ ਪੂਰਵਜਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਤੋਂ ਪ੍ਰਾਪਤ ਹੋਈ। ਅੰਮ੍ਰਿਤ ਦੀ ਦਾਤ ਸ੍ਰੀ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਾਪਤ ਹੋਈ। ਵੱਖ ਵੱਖ ਹਵਾਲਿਆਂ ਤੋਂ ਆਪ ਦੀ ਚੌਥੀ ਪੀੜ੍ਹੀ ਤੋਂ ਰਿਕਾਰਡ ਉਪਲੱਬਧ ਹੁੰਦੇ ਹਨ। ਇਸ ਅਨੁਸਾਰ ਭਾਈ ਕਪੂਰ ਸਿੰਘ (ਚੌਥੀ ਪੀੜ੍ਹੀ) ਅਤੇ ਭਾਈ ਰਾਏ ਸਿੰਘ (ਪੰਜਵੀਂ ਪੀੜ੍ਹੀ) ਦੇ ਕੀਰਤਨੀਏ ਹੋਏ। ਛੇਵੀਂ ਪੀੜ੍ਹੀ ਤੋਂ ਭਾਈ ਗੋਖਾ ਸਿੰਘ ਸਨ ਜਿਨ੍ਹਾਂ ਦੇ ਦੋ ਸਪੁੱਤਰ ਭਾਈ ਭਾਗ ਸਿੰਘ ਤੇ ਭਾਈ ਝੰਡਾ ਸਿੰਘ ਹੋਏ। ਇਨ੍ਹਾਂ ਦੋਵੇਂ ਸਪੁੱਤਰਾਂ ਵਿਚੋਂ ਭਾਈ ਭਾਗ ਸਿੰਘ (ਸੱਤਵੀਂ ਪੀੜ੍ਹੀ) ਦੇ ਮੰਨੇ ਗਏ ਹਨ ਜਿਨ੍ਹਾਂ ਦੇ ਪੰਜ ਸਪੁੱਤਰ ਭਾਈ ਮੋਹਰ ਸਿੰਘ, ਭਾਈ ਰਾਮ ਸਿੰਘ, ਭਾਈ ਗੁਲਾਬ ਸਿੰਘ, ਭਾਈ ਵਜੀਰ ਸਿੰਘ ਅਤੇ ਭਾਈ ਦਇਆ ਸਿੰਘ ਹੋਏ। ਅੱਠਵੀਂ ਪੀੜ੍ਹੀ ਵਿਚ ਭਾਈ ਮੋਹਰ ਸਿੰਘ ਜਿਨ੍ਹਾਂ ਨੂੰ ਭਾਈ ਟਹਿਲ ਸਿੰਘ ਵੀ ਕਿਹਾ ਜਾਂਦਾ ਹੈ, ਹੋਏ। ਨੌਵੀਂ ਪੀੜ੍ਹੀ ਦੇ ਭਾਈ ਦੇਵਾ ਸਿੰਘ ਜੋ ਕਿ ਭਾਈ ਮੋਹਰ ਸਿੰਘ ਦੇ ਸਪੁੱਤਰ ਸਨ, ਪਿੰਡ ਬਿਧੀਪੁਰ ਤੋਂ ਸੈਦਪੁਰ ਆਏ। ਦਸਵੀਂ ਪੀੜ੍ਹੀ ਦੇ ਭਾਈ ਨਰਾਇਣ ਸਿੰਘ; ਭਾਈ ਸਾਵਨ ਸਿੰਘ; ਭਾਈ ਜੁਵਾਲਾ ਸਿੰਘ, ਭਾਈ ਸੁੰਦਰ ਸਿੰਘ ਜੀ ਸਨ ਜੋ ਕਿ ਭਾਈ ਦੇਵਾ ਸਿੰਘ ਜੀ ਦੇ ਸਪੁੱਤਰ ਹੋਏ। ਇਸ ਤਰ੍ਹਾਂ ਖੋਜਾਰਥੀ ਨੇ ਆਪ ਦੀ ਚੌਥੀ ਪੀੜ੍ਹੀ ਤੋਂ ਰਿਕਾਰਡ ਇੱਕਠੇ ਕਰਕੇ ਆਪ ਦੀ ਵਰਤਮਾਨ 12ਵੀਂ ਪੀੜ੍ਹੀ ਜੋ ਭਾਈ ਕੁਲਤਾਰ ਸਿੰਘ ਦੇ ਰੂਪ ਵਿਚ ਹਵਾਲੇ ਦਰਜ਼ ਕੀਤੇ ਹਨ।

ਰਾਗੀ ਭਾਈ ਜੁਵਾਲਾ ਸਿੰਘ ਦੇ ਸੰਗੀਤਕ ਸਫ਼ਰ ਤੇ ਵਿਅਕਤੀਤਵ 'ਤੇ ਖੋਜ ਕਰਦਿਆਂ ਸਾਡੇ ਸਾਹਮਣੇ ਪ੍ਰਤੱਖ ਹੁੰਦਾ ਹੈ ਕਿ ਆਪ ਲੰਮੇ, ਉੱਚੇ, ਸੁਣੱਖੇ, ਸਡੋਲ ਸਰੀਰ, ਦਿਲ ਖਿੱਚਵੀਂ ਮਧੁਰ ਆਵਾਜ਼ ਦੇ ਮਾਲਕ ਸਨ। ਆਪ ਨੂੰ ਗੁਰਮਤਿ ਸੰਗੀਤ ਦੀਆਂ ਰੀਤਾਂ, ਪੜਤਾਲਾਂ, ਰਾਗਾਂ ਦੀ ਵਿਸ਼ਾਲ ਸੂਝ ਤੇ ਪੁਰਾਤਨ ਗਾਇਕੀ ਦਾ ਅਥਾਹ ਗਿਆਨ ਸੀ। ਆਪ ਤਾਊਸ, ਸਰੰਦਾ, ਦਿਲਰੁੱਬਾ, ਹਾਰਮੋਨੀਅਮ, ਤਬਲਾ, ਜੋੜੀ

ਆਦਿ ਅਨੇਕ ਸਾਜ਼ ਵਜਾਉਣ ਵਿਚ ਮੁਹਾਰਤ ਰੱਖਦੇ ਸਨ। ਆਪ ਗੁਰੂ ਤੇ ਗੁਰਬਾਣੀ ਲਈ ਅਥਾਹ ਸ਼ਰਧਾ, ਬਚਨ ਦਾ ਪਾਲਣ, ਕੁਰਬਾਨੀ ਕਰਨ ਹਿਤ ਤਤਪਰ ਰਹਿਣ ਵਾਲੇ ਤੇ ਸਰੀਰਕ ਕਸ਼ਟ ਸਹਾਰਨ ਦੀ ਸਮਰੱਥਾ ਰੱਖਣ ਵਾਲੇ ਵਿਅਕਤੀਤਵ ਦੇ ਮਾਲਕ ਸਨ। ਆਪ ਮਾਇਆ ਵੱਲ ਗੁਰਮੁਖਾਂ ਵਾਲੀ ਰੁਚੀ ਤੇ ਪੰਥ ਲਈ ਡੂੰਘਾ ਪਿਆਰ ਰੱਖਦੇ ਸਨ। ਗੁਰਮਤਿ ਦਾ ਕੀਰਤਨ ਰਾਹੀਂ ਪ੍ਰਚਾਰ ਆਪ ਨੇ ਪਿਸ਼ਾਵਰ ਤੋਂ ਕਰਾਚੀ ਤੇ ਕਸ਼ਮੀਰ ਤੋਂ ਦੱਖਣ ਭਾਰਤ ਤਕ ਕੀਤਾ। ਆਪ ਨੇ ਸਮੇਂ ਅਨੁਸਾਰ ਆਵਾਜਾਈ ਦੇ ਬਿਖੜੇ ਰਸਤਿਆਂ ਉਤੇ ਆਪਣੇ ਭਾਰੀ ਭਰਕਮ ਸਾਜ਼ ਮੋਢਿਆਂ ਤੇ ਚੁੱਕ ਕੇ ਕੋਹਾਂ ਮੀਲ ਪੈਦਲ ਸਫ਼ਰ ਕੀਤਾ ਪਰੰਤੂ ਕਿਸੇ ਦੇ ਪ੍ਰੇਮ ਦੀ ਖਿੱਚ ਦਾ ਨਿਰਾਦਰ ਨਹੀਂ ਕੀਤਾ। ਸਿੱਖ ਪੰਥ ਦੀ ਹਰ ਔਕੜ ਤੇ ਹਰ ਸੇਵਾ ਵਿਚ ਆਪ ਅੱਗੇ ਹੋਕੇ ਨਿਤਰੇ ਜੇਲ੍ਹ ਕੱਟੀ ਪ੍ਰੰਤੂ ਇਸ ਸਾਰੀ ਸੇਵਾ ਦਾ ਮਾਣ ਨਹੀਂ ਕੀਤਾ। ਹਜ਼ਾਰਾਂ ਸ਼ਬਦ ਕੀਰਤਨ ਰਚਨਾਵਾਂ ਆਪ ਨੇ ਜਿੱਥੇ ਖੁੱਦ ਸਿੱਖੀਆਂ ਉੱਥੇ ਇਨ੍ਹਾਂ ਨੂੰ ਅੱਗੇ ਆਪਣੇ ਸਪੁੱਤਰਾਂ ਤੇ ਸਾਗਿਰਦਾਂ ਨੂੰ ਸਿਖਾਇਆ। ਇਸ ਦਾ ਅਸਰ ਇਹ ਹੋਇਆ ਕਿ ਵਰਤਮਾਨ ਸਮੇਂ ਰਾਗੀ ਭਾਈ ਜੁਵਾਲਾ ਸਿੰਘ ਦਾ ਆਪਣਾ ਕੀਰਤਨ ਘਰਾਣਾ ਹੋਂਦ ਵਿਚ ਆਇਆ। ਇਸ ਦੀ ਖੋਜਾਰਥੀ ਵਲੋਂ ਤੀਸਰੇ ਅਧਿਆਇ ਵਿਚ ਵਿਸਥਾਰ ਪੂਰਵਕ ਚਰਚਾ ਕੀਤੀ ਜਾਵੇਗੀ। ਵਰਤਮਾਨ ਸਮੇਂ ਆਪ ਜੀ ਦੇ ਘਰਾਣੇ ਦੀਆਂ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਲਿਖਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਸਬੰਧੀ ਖੋਜ ਕਾਰਜ ਦੇ ਅਗਲੇਰੇ ਅਧਿਆਇਆਂ ਵਿਚ ਚਰਚਾ ਕੀਤੀ ਜਾਵੇਗੀ। ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨੀਆਂ ਵਿਚ ਬਹੁਤ ਸਤਿਕਾਰ ਸੀ ਉੱਥੇ ਸਿੱਖ ਪੰਥ ਦੇ ਵਿਦਵਾਨ, ਲੀਡਰ, ਸੰਤ ਸਮਾਜ, ਵੱਖ-ਵੱਖ ਰਿਆਸਤਾਂ ਦੇ ਰਾਜੇ ਮਹਾਰਾਜੇ ਵੀ ਆਦਰ ਸਤਿਕਾਰ ਦਿੰਦੇ ਸਨ।

**ਹਵਾਲੇ ਤੇ ਪਦ ਟਿੱਪਣੀਆ**

---

[1] ਦਲਜੀਤ ਸਿੰਘ(ਬੀ.ਏ.), **ਸਿੰਘ ਸਭਾ ਦਾ ਮੋਢੀ ਜੀਵਨ ਬ੍ਰਿਤਾਂਤ ਗਿਆਨੀ ਦਿੱਤ ਸਿੰਘ**, ਸ਼੍ਰੋਮਣੀ ਬ੍ਰਾਦਰੀ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1951, ਪੰਨਾ 20.

[2] ਉਹੀ

[3] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 38

[4] ਭਾਈ ਬਲਦੀਪ ਸਿੰਘ ਦੀ *ਨਾਦ ਫਊਂਡੇਸ਼ਨ* ਦੀ ਵੈਬਸਾਇਟ ਤੋਂ ਮਿਲੀ ਜਾਣਕਾਰੀ ਮੁਤਾਬਕ।

[5] ਨਾਭਾ, ਕਾਨ੍ਹ ਸਿੰਘ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 146

[6] https://pa.wikipedia.org/wiki/%E0%A8%AD%E0%A8%BE%E0%A8%88_%E0%A8%AC%E0%A8%B2%E0%A8%A6%E0%A9%80%E0%A8%AA_%E0%A8%B8%E0%A8%BF%E0%A9%B0%E0%A8%98

[7] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 39

[8] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ ਭੂਮਿਕਾ

[9] ਉਹੀ

[10] ਹਿੰਦੂਆਂ ਵਿਚ ਗੁਜਰ ਚੱਕੇ ਪ੍ਰਾਣੀ ਦੇ ਫੁੱਲ ਹਰਿਦੁਆਰ ਤਾਰੇ ਜਾਣ ਦੀ ਪਰੰਪਰਾ ਹੈ ਜੋ ਵੀ ਪਰਿਵਾਰਕ ਮੈਂਬਰ ਫੁੱਲ ਤਾਰਨ ਜਾਂਦਾ ਹੈ ਉਸ ਤੋਂ ਮ੍ਰਿਤਕ ਦਾ ਨਾਮ, ਗੋਤ, ਸਥਾਨ ਆਦਿ ਪੰਡਿਤ ਵਿਸ਼ੇਸ਼ ਦੁਆਰਾ ਦਰਜ ਕੀਤਾ ਜਾਂਦਾ ਹੈ। ਇਸ ਤੋਂ ਉੱਥੇ ਦੋ ਪੰਡਿਤਾਂ ਨੇ ਖੇਤਰ ਦੇ ਹਿਸਾਬ ਨਾਲ ਸਥਾਨ ਵੰਡੇ ਹੋਏ ਹਨ ਇਸ ਲਈ ਮ੍ਰਿਤਕ ਪ੍ਰਾਣੀ ਦਾ ਪਰਿਵਾਰ ਆਪਣੇ ਸਬੰਧਿਤ ਪੰਡਿਤ ਕੋਲ ਹੀ ਜਾਂਦਾ ਹੈ। ਇਸ ਤੋਂ ਇਲਾਵਾ ਹਰ ਪੰਡਿਤ ਆਪਣੇ ਖੇਤਰ ਦੇ ਲੋਕਾਂ ਦੀ ਵੰਸਾਵਲੀ ਦਾ ਲਿਖਤ ਰਿਕਾਰਡ ਰੱਖਦਾ ਹੈ।

[11] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 38

[12] ਉਹੀ

[13] ਉਹੀ, ਪੰਨਾ 40-41

[14] ਉਹੀ, ਪੰਨਾ 42

[15] ਉਹੀ, ਪੰਨਾ 43

[16] ਨਿੱਜੀ ਮੁਲਾਕਾਤ , ਭਾਈ ਬਿਕਰਮਜੀਤ ਸਿੰਘ ਸਪੁੱਤਰ ਰਾਗੀ ਭਾਈ ਗੁਰਚਰਨ ਸਿੰਘ, ਮਿਤੀ 3-10-18

[17] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 40-41

[18] ਰਾਗੀ ਭਾਈ ਜੁਵਾਲਾ ਸਿੰਘ ਦੇ ਜਨਮ ਦੀਆਂ ਦੋ ਮਿਤੀਆਂ ਉਪਲੱਬਧ ਹੁੰਦੀਆਂ ਹਨ ਇੱਕ 1872 ਅਤੇ ਦੂਸਰਾ 1879 ਈਸਵੀ। ਭਾਈ ਗੁਰਚਰਨ ਸਿੰਘ ਆਪਣੀ ਪੁਸਤਕ *ਜੀਵਨ ਗਾਥਾ : ਭਾਈ ਜੁਵਾਲਾ ਸਿੰਘ ਜੀ ਰਾਗੀ* ਦੇ ਪੰਨਾ 50 'ਤੇ ਮੰਨਦੇ ਹਨ ਕਿ ਇਹ ਗੁਰਬਾਣੀ ਪ੍ਰਾਚੀਨ ਰੀਤ ਰਤਨਾਵਲੀ ਪੁਸਤਕ ਦੀ ਪ੍ਰਕਾਸ਼ਨਾ (1979) ਸਮੇਂ ਜਲਦੀ ਅਸੀਂ ਪੂਰੀ ਪੜਤਾਲ ਨਹੀਂ ਕਰ ਸਕੇ ਸਨ। ਇਸ ਕਰਕੇ ਉਸ ਕਿਤਾਰ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਜਨਮ 1872 ਈਸਵੀ ਲਿਖਿਆ ਗਿਆ ਸੀ। ਅਸਲ ਵਿਚ ਭਾਈ ਜੁਵਾਲਾ ਸਿੰਘ ਦੇ ਜਨਮ ਦਾ ਸਮਾਂ 1879 ਈਸਵੀ ਬਣਦਾ ਹੈ। (ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 50)

[19] ਉਹੀ, ਪੰਨਾ 50

[20] ਉਹੀ, ਪੰਨਾ 46

[21] ਉਹੀ,

[22] ਉਹੀ, ਪੰਨਾ 42

[23] ਉਹੀ, ਪੰਨਾ 48

[24] ਉਹੀ

[25] ਗੁਰਦਿੱਤ ਸਿੰਘ (ਗਿਆਨੀ, ਸੰਪਾ.) **ਭਾਈ ਜਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ ਭੂਮਿਕਾ।

[26] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 48-49

[27] ਉਹੀ, ਪੰਨਾ 55

[28] ਗੁਰਨਾਮ ਸਿੰਘ (ਡਾ.), *ਗੁਰਮਤਿ ਸੰਗੀਤ ਦੀ ਠੱਠਾ ਟਿੱਬਾ ਟਕਸਾਲ,* **ਧਰਮ ਤੇ ਵਿਰਸਾ**, ਅਜੀਤ, ਮਿਤੀ ... ਪੰਨਾ 4

[29] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 57

[30] ਉਹੀ

[31] ਗੁਰਨਾਮ ਸਿੰਘ (ਡਾ.), *ਗੁਰਮਤਿ ਸੰਗੀਤ ਦੀ ਠੱਠਾ ਟਿੱਬਾ ਟਕਸਾਲ,* **ਧਰਮ ਤੇ ਵਿਰਸਾ**, ਅਜੀਤ, ਮਿਤੀ ... ਪੰਨਾ 4

[32] ਮਹਿੰਦਰ ਸਿੰਘ ਗਿਆਨੀ, *ਇਕ ਆਦਰਸ਼ਕ ਜੀਵਨੀ ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,* ਰਾਗੀ ਗੁਰਚਰਨ ਸਿੰਘ ਕੰਵਲ, **ਜੀਵਨ ਗਾਥਾ ਭਾਈ ਜੁਵਾਲਾ ਸਿੰਘ**, ਪੰਨਾ 12

[33] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 62

[34] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ), ਪੰਨਾ ਭੂਮਿਕਾ xix

[35] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 160

[36] ਉਹੀ

[37] ਭਾਈ ਸਵਰਨ ਸਿੰਘ (ਸਹਾਇਕ ਤਬਲਾ ਵਾਦਕ ਰਾਗੀ ਭਾਈ ਜੁਵਾਲਾ ਸਿੰਘ) ਤੋਂ ਮਿਲੀ ਜਾਣਕਾਰੀ ਅਨੁਸਾਰ।

[38] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 70

[39] ਉਹੀ, ਪੰਨਾ 71

[40] ਉਹੀ, ਪੰਨਾ 154-155

[41] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 33

[42] ਸਪਰਾ, ਜਸਵੰਤ ਸਿੰਘ (ਪ੍ਰੋ.), **ਸਹਿਤ ਆਚਾਰੀਆ ਪੰਡਿਤ ਕਰਤਾਰ ਸਿੰਘ ਦਾਖਾ (ਜੀਵਨ ਤੇ ਰਚਨਾ)**, ਪੰਨਾ ਪ੍ਰਵੇਸ਼ਿਕਾ।

[43] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 36

[44]ਗੁਰਦਿੱਤ ਸਿੰਘ(ਗਿਆਨੀ, ਸੰਪਾ.), **ਸਿੰਘ ਸਭਾ ਪਤ੍ਰਿਕਾ 'ਸਪਲੀਮੈਂਟ' ਜੀਵਨ ਤੇ ਰਚਨਾ ਭਾ: ਸਾ: ਦਿੱਤ ਸਿੰਘ ਗਿਆਨੀ**, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ, ਸਤੰਬਰ 1990

[45] ਉਹੀ, ਪੰਨਾ 157

[46] ਉਹੀ, ਪੰਨਾ 34

[47] https://en.wikipedia.org/wiki/Nalagarh

[48] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 22

[49] ਉਹੀ

[50] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, 35

[51] ਉਹੀ, ਪੰਨਾ 34

[52] ਅਸ਼ੋਕ ਸਿੰਘ ਬਾਗੜੀਆ, *ਛੇੜ ਮਰਦਾਨਿਆ ਰਬਾਬ ਕਾਈ ਸਿਫਤ ਖੁਦਾ ਦੇ ਦੀਦਾਰ ਦੀ ਕਰੀਏ*, ਰਾਗੀ ਗੁਰਚਰਨ ਸਿੰਘ ਕੰਵਲ (ਲੇਖਕ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 22.

[53] ਜੱਗੀ, ਰਤਨ ਸਿੰਘ (ਡਾ.), **ਸਿੱਖ ਪੰਥ ਵਿਸ਼ਵ ਕੋਸ਼ (ਭਾਗ ਪਹਿਲਾ)**, ਪੰਨਾ 748.

[54] ਗੁਰਦਿੱਤ ਸਿੰਘ (ਗਿਆਨੀ, ਸੰਪਾ.), *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ,* **ਭਾਈ ਜਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ XII

[55] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 35

[56] ਉਹੀ, ਪੰਨਾ 146

[57] ਉਹੀ, ਪੰਨਾ 144

[58] ਜੱਗੀ, ਰਤਨ ਸਿੰਘ (ਡਾ.), **ਸਿੱਖ ਪੰਥ ਵਿਸ਼ਵ ਕੋਸ਼ (ਭਾਗ ਦੂਜਾ),** ਪੰਨਾ 1010.

[59] ਮਹਿੰਦਰ ਸਿੰਘ (ਗਿਆਨੀ), *ਇਕ ਅਦਰਸ਼ ਜੀਵਨੀ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ* , ਰਾਗੀ ਗੁਰਚਰਨ ਸਿੰਘ ਕੰਵਲ (ਲੇਖਕ), **ਜੀਵਨ ਗਾਥਾ : ਭਾਈ ਜੁਵਾਲਾ ਸਿੰਘ ਜੀ ਰਾਗੀ**, ਪੰਨਾ 13

[60] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 34

[61] ਜੱਗੀ, ਰਤਨ ਸਿੰਘ (ਡਾ.), **ਸਿੱਖ ਪੰਥ ਵਿਸ਼ਵ ਕੋਸ਼ (ਭਾਗ ਪਹਿਲਾ)**, ਪੰਨਾ 742.

[62] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 159

[63] ਜੱਗੀ, ਰਤਨ ਸਿੰਘ (ਡਾ.), **ਸਿੱਖ ਪੰਥ ਵਿਸ਼ਵ ਕੋਸ਼ (ਭਾਗ ਪਹਿਲਾ)**, ਪੰਨਾ 654.

[64] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 162

[65] ਉਹੀ, ਪੰਨਾ 158.

[66] ਭਾਈ ਸਵਰਨ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਮਿਤੀ 30-10-18.

[67] ਗੁਰਦਿੱਤ ਸਿੰਘ (ਗਿਆਨੀ, ਸੰਪਾ.), *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ*, **ਭਾਈ ਜਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ VIII

[68] ਸ੍ਰੀ ਗੁਰ ਊਠ ਤਹਾਂ ਤਬ ਆਏ। ਥੜੇ ਬੈਠ ਦੀਵਾਨ ਲਗਾਯੋ।ਨਿਜ ਸਿੱਖਨ ਕਉ ਬਚਨ ਸੁਨਾਯੋ। ਵਹਿ ਨਹੀਂ ਆਵਹਿਂ ਮਦ ਕੇ ਮਾਤੇ। ਤੁਮ ਹੀ ਕਰੋ ਰਾਗ ਅਬ ਤਾਂਤੇ। ਵਿਦਿਆ ਰਾਗ ਸਬੀ ਤੁਮ ਪਾਵਹੁ। ਤਿਨਕਾ ਤੁਮ ਸਭ ਮਾਨ ਗਵਾਵਹੁ।...ਤਬ ਸਿਖਨ ਕੀਰਤਨ ਕਰਯੋ ਸਤਿਗੁਰ ਕੇ ਬਚ ਮਾਨ। ਆਗੇ ਸਮਝ ਨ ਰਾਗ ਕੀ ਗੁਰ ਬਚ ਪਰੀ ਸਿਆਨ॥ (**ਗੁਰ ਬਿਲਾਸ ਪਾਤਸ਼ਾਹੀ ੬**, ਪੰਨਾ ੧੩੪)

[69] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 68

[70] ਗੁਰਦਿੱਤ ਸਿੰਘ (ਗਿਆਨੀ, ਸੰਪਾ.), *ਗੁਰਮੁਖ ਕੀਰਨੀਏ : ਭਾਈ ਸਾਹਿਬ ਜਵਾਲਾ ਸਿੰਘ ਜੀ*, **ਭਾਈ ਜਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ X

[71] ਉਹੀ

[72] ਉਹੀ

[73] ੳਹੀ

[74] ਉਹੀ, ਪੰਨਾ XII

[75] ਉਹੀ, ਪੰਨਾ xiii

[76] ਗੁਰਦਿੱਤ ਸਿੰਘ (ਗਿਆਨੀ, ਸੰਪਾ.), *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ*, **ਭਾਈ ਜਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ XII

[77] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 142

[78] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੧੨

[79] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੪

[80] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫੫

[81] ਗੁਰਦਿੱਤ ਸਿੰਘ (ਗਿਆਨੀ, ਸੰਪਾ.), *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ*, **ਭਾਈ ਜਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ XIV-XV

[82] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 139

[83] ਉਹੀ, ਪੰਨਾ 137

[84] ਉਹੀ, ਪੰਨਾ 35

[85] ਜੈਸੇ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 722 )

[86] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 76

[87] ਉਹੀ

[88] ਉਹੀ, ਪੰਨਾ 64

[89] ਉਹੀ, ਪੰਨਾ 179

[90] ਉਹੀ, ਪੰਨਾ 69

[91] ਉਹੀ

[92] ਉਹੀ, ਪੰਨਾ 70

[93] ਉਹੀ, ਪੰਨਾ 144

[94] ਉਹੀ, ਪੰਨਾ 34

[95] ਉਹੀ, ਪੰਨਾ 47

[96] ਉਹੀ, ਪੰਨਾ 209

[97] ਪ੍ਰਤਾਪ ਸਿੰਘ (ਗਿਆਨੀ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸ੍ਰੀ ਅੰਮ੍ਰਿਤਸਰ), *ਭਾਈ ਜਵਾਲਾ ਸਿੰਘ ਜੀ ਰਾਗੀ*, **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986,ਪੰਨਾ 22.

[98] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 65

[99] ਉਹੀ, ਪੰਨਾ 198.

[100] ਉਹੀ, ਪੰਨਾ 173.

[101] ਉਹੀ, ਪੰਨਾ 153

[102] ਉਹੀ, ਪੰਨਾ 89

[103] ਉਹੀ, ਪੰਨਾ 93

[104] ਉਹੀ, ਪੰਨਾ 149

[105] ਉਹੀ, ਪੰਨਾ 177

[106] ਉਹੀ

[107] ਉਹੀ, ਪੰਨਾ 138

[108] ਉਹੀ, ਪੰਨਾ 146

[109] ਜੱਗੀ, ਰਤਨ ਸਿੰਘ (ਡਾ.), **ਸਿੱਖ ਪੰਥ ਵਿਸ਼ਵ ਕੋਸ਼ (ਭਾਗ ਪਹਿਲਾ)**, ਪੰਨਾ 742.

[110] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 159

[111] ਜੱਗੀ, ਰਤਨ ਸਿੰਘ (ਡਾ.), **ਸਿੱਖ ਪੰਥ ਵਿਸ਼ਵ ਕੋਸ਼ (ਭਾਗ ਪਹਿਲਾ)**, ਪੰਨਾ 654.

[112] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 162

[113] ਉਹੀ, ਪੰਨਾ 158

[114] ਉਹੀ

[115] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 164

[116] ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧

[117] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 117

[118] **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਛੇਵੀਂ, ਪੰਨਾ ੨੧੬੦-੬੧.

[119] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 89

[120] ਉਹੀ, ਪੰਨਾ 115

[121] ਉਹੀ, ਪੰਨਾ 90

[122] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 90

[123] ਉਹੀ, ਪੰਨਾ 95

[124] ਉਹੀ, ਪੰਨਾ 97

[125] ਉਹੀ, ਪੰਨਾ 100

[126] ਉਹੀ, ਪੰਨਾ 104

[127] ਉਹੀ, ਪੰਨਾ 107

[128] ਉਹੀ, ਪੰਨਾ 114

[129] ਉਹੀ, ਪੰਨਾ 103

[130] ਗੁਰਦਿੱਤ ਸਿੰਘ (ਗਿਆਨੀ), *ਗੁਰਮੁਖ ਕੀਰਤਨੀਏ: ਭਾਈ ਸਾਹਿਬ ਜਵਾਲਾ ਸਿੰਘ ਜੀ,* **ਸਿੰਘ ਸਭਾ ਪਤ੍ਰਿਕਾ ਭਾਈ ਜਵਾਲਾ ਸਿੰਘ ਜੀ ਰਾਗੀ ਅੰਕ,** ਜਨਵਰੀ-ਫਰਵਰੀ 1986, ਪੰਨਾ i

[131] ਗੁਰਦਿੱਤ ਸਿੰਘ (ਗਿਆਨੀ), *ਸ੍ਰ: ਹੁਕਮ ਸਿੰਘ ਵਲੋਂ ਸ੍ਰੋ: ਕਮੇਟੀ ਨੂੰ ਲਿਖਿਆ ਮਹੱਤਵ ਪੂਰਨ ਪੱਤਰ,* **ਸਿੰਘ ਸਭਾ ਪਤ੍ਰਿਕਾ ਭਾਈ ਜਵਾਲਾ ਸਿੰਘ ਜੀ ਰਾਗੀ ਅੰਕ,** ਜਨਵਰੀ-ਫਰਵਰੀ 1986, ਪੰਨਾ 1

[132] ਕਿਰਪਾਲ ਸਿੰਘ (ਸਿੰਘ ਸਾਹਿਬ, ਗਿਆਨੀ), *ਭਾਈ ਸਾਹਿਬ ਜਵਾਲਾ ਸਿੰਘ ਜੀ ਰਾਗੀ ਜੀਵਨ ਸਬੰਧੀ ਕੁਝ ਤੱਥ,* **ਸਿੰਘ ਸਭਾ ਪਤ੍ਰਿਕਾ ਭਾਈ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ-ਫਰਵਰੀ 1986, ਪੰਨਾ 3

[133] ਕਰਤਾਰ ਸਿੰਘ (ਸੰਤ), *ਕਥਨੀ ਤੇ ਕਰਨੀ ਦੇ ਸੂਰੈ ਭਾਈ ਜਵਾਲਾ ਸਿੰਘ ਰਾਗੀ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 15

[134] ਪੂਰਨ ਸਿੰਘ, *ਪੰਥ ਪ੍ਰਸਿੱਧ ਬਾਬਾ ਜਵਾਲਾ ਸਿੰਘ ਰਾਗੀ ਸੈਦਪੁਰ ਵਾਲੇ ਪੂਰਨ ਸੰਤ ਸਰੂਪ ਸਨ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 9

[135] ਪ੍ਰਤਾਪ ਸਿੰਘ(ਗਿਆਨੀ), *ਭਾਈ ਜਵਾਲਾ ਸਿੰਘ ਜੀ ਰਾਗੀ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 21

[136] ਸੁਰ ਸਿੰਘ, ਦਯਾ ਸਿੰਘ (ਬਾਬਾ), *ਰਹਿਤ ਬਹਿਤ ਦੇ ਧਾਰਨੀ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 23

[137] ਮਨੀ ਸਿੰਘ (ਹੈਡ ਗ੍ਰੰਥੀ), *ਇੱਕ ਮਹਾਨ ਕੀਰਤਨੀਆਂ ਮੇਰੀਆਂ ਨਜ਼ਰਾਂ ਵਿੱਚ ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 37-52

[138] ਕੰਵਲ, ਬਲਬੀਰ ਸਿੰਘ, *ਪੰਜਾਬ ਦੇ ਕੀਰਤਨਕਾਰ ਭਾਈ ਜਵਾਲਾ ਸਿੰਘ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 63-65

[139] ਮਾਹਲਪੁਰੀ, ਬਲਦੇਵ ਸਿੰਘ, *ਪੰਥ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਜਵਾਲਾ ਸਿੰਘ ਜੀ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 99

[140] ਚੇਤ ਸਿੰਘ (ਗਿਆਨੀ), *ਕੁਝ ਅੱਖੀਂ ਡਿਠੇ ਸਮਾਚਾਰ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 102

[141] ਨਾਰਾ, ਈਸ਼ਰ ਸਿੰਘ(ਗਿਆਨੀ), *ਪ੍ਰਭੂ ਪਿਆਰੇ ਦੀ ਬਖਸ਼ਿਸ਼ ਦੇ ਪਾਤਰ ਸ੍ਰੀਮਾਨ ਭਾਈ ਜਵਾਲਾ ਸਿੰਘ ਜੀ ਰਾਗੀ ਦੇ ਸਬੰਧ ਵਿਚ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 107

[142] ਐਮ.ਏ., ਨਾਹਰ ਸਿੰਘ, *ਭਾਈ ਜਵਾਲਾ ਸਿੰਘ ਜੀ(1872-1952),* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 117

[143] ਜੋਧ ਸਿੰਘ, *ਸਿੱਖ ਪੁਨਰ ਜਾਗ੍ਰਤੀ ਵਿਚ ਭਾਈ ਸਾਹਿਬ ਜਵਾਲਾ ਸਿੰਘ ਜੀ ਰਾਗੀ ਦਾ ਯੋਗਦਾਨ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 121

[144] ਬਾਗੜੀਆ, ਅਸ਼ੋਕ ਸਿੰਘ, *ਕੀਰਤਨ ਅਤੇ ਕੀਰਤਨੀਏ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 121

[145] ਜਾਗੀਰ ਸਿੰਘ (ਡਾ.), *ਭਾਈ ਜਵਾਲਾ ਸਿੰਘ ਦੀ ਸੰਗੀਤ ਪੱਧਤੀ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 53

[146] ਸੋਖੀ, ਜੋਗਿੰਦਰ ਸਿੰਘ, *ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਪ੍ਰਸਿੱਧ ਰਾਗੀ ਸੈਦਪੁਰ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ**, ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 144-145.

[147] ਹਰਭਜਨ ਸਿੰਘ(ਡਾ.), *ਭਾਈ ਜਵਾਲਾ ਸਿੰਘ ਜੀ ਇਕ ਸ਼ਰਧਾਂਜਲੀ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ 155

[148] ਸਤਬੀਰ ਸਿੰਘ, ਨਿਰਮਾਨ ਨਿਰਭਉ ਗੁਰੂ ਦਾ ਕੀਰਤਨੀਆਂ*,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ**, ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ 160.

[149] ਤੇਗ, ਅਮਰ ਸਿੰਘ, *ਭਾਈ ਜਵਾਲਾ ਸਿੰਘ ਤੇ ਬੱਬਰ ਲਹਿਬ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਗੁਰਦਿੱਤ ਸਿੰਘ (ਗਿਆਨੀ, ਸੰਪਾ), ਜਨਵਰੀ/ਫਰਵਰੀ 1986 ਪੰਨਾ, 163

[150] ਗੁਰਦਿੱਤ ਸਿੰਘ (ਗਿਆਨੀ, ਸੰਪਾ), **ਸਿੰਘ ਸਭਾ ਪਤ੍ਰਿਕਾ ਭਾਈ ਜਵਾਲਾ ਸਿੰਘ ਜੀ ਰਾਗੀ ਅੰਕ,** ਜਨਵਰੀ-ਫਰਵਰੀ 1986, ਪੰਨਾ 66

[151] ਉਹੀ, ਪੰਨਾ 73

[152] ਉਹੀ, ਪੰਨਾ 85

[153] ਉਹੀ, ਪੰਨਾ 103

[154] ਉਹੀ, ਪੰਨਾ 115

[155] ਉਹੀ, ਪੰਨਾ 130

[156] ਉਹੀ, ਪੰਨਾ 137

[157] **ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ 885

[158] ਕਿਰਪਾਲ ਸਿੰਘ, **ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ**, ਪੰਨਾ 230-231

[159] ਦਿਲਜੀਤ ਸਿੰਘ ਬੇਦੀ, **ਬਾਬਾ ਸ਼ਾਮ ਸਿੰਘ.............**

[160] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 89

[161] ਪ੍ਰਤਾਪ ਸਿੰਘ (ਰਾਗੀ ਭਾਈ), *ਗੁਰੂ ਪੰਥ ਦੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਦੇ ਕੀਰਤਨ ਦੇ ਸਬੰਧ ਵਿਚ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 134-135.

[162] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 31

[163] ਉਹੀ, ਪੰਨਾ 142

[164] ਉਹੀ, ਪੰਨਾ 125

[165] ਉਹੀ, ਪੰਨਾ 22

[166] ਨਾਭਾ, ਕਾਨ੍ਹ ਸਿੰਘ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼,** ਪੰਨਾ ਭੂਮਿਕਾ।

[167] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 35

[168] ਉਹੀ, ਪੰਨਾ 35

[169] ਉਹੀ, ਪੰਨਾ 173

[170] ਗੁਰਦਿੱਤ ਸਿੰਘ (ਗਿਆਨੀ, ਸੰਪਾ.), *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ,* **ਭਾਈ ਜਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ XIV-XV

[171] ਰਾਗੀ ਭਾਈ ਸਵਰਨ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ।, ਮਿਤੀ 30 ਅਗਸਤ 2018 ਦਿੱਲੀ

[172] ਉਹੀ

ਤੀਜਾ ਅਧਿਆਇ

# ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਘਰਾਣਾ

ਸ਼ਬਦ ਕੀਰਤਨ ਦਾ ਸਿੱਖ ਧਰਮ ਵਿਚ ਅਹਿਮ ਸਥਾਨ ਹੈ। ਸਿੱਖ ਧਰਮ ਦੇ ਅੰਤਰਗਤ ਸ਼ਬਦ ਕੀਰਤਨ ਪਰੰਪਰਾ ਵੱਖ-ਵੱਖ ਵਿਕਾਸ ਪੜਾਵਾਂ ਵਿਚੋਂ ਵਿਕਸਤ ਹੋਈ ਹੈ। ਇਸ ਸੰਦਰਭ ਵਿਚ ਇਸ ਪਰੰਪਰਾ ਦੇ ਮੁਖ ਵਾਹਕ ਗੁਰੂ ਸਾਹਿਬਾਨ ਤੋਂ ਬਾਅਦ ਕੀਰਤਨੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਨ੍ਹਾਂ ਸ਼ਬਦ ਕੀਰਤਨ ਦੀ ਧਾਰਾ ਨੂੰ ਜਿੱਥੇ ਗੁਰੂ ਹਜ਼ੂਰੀ ਵਿਚ ਨਿਰਵਿਘਨ ਨਿਰੰਤਰ ਕਾਇਮ ਰੱਖਿਆ ਉੱਥੇ ਇਸ ਦੇ ਨਾਲ-ਨਾਲ ਆਪਣੇ ਵੰਸ਼ਜਾਂ ਨੂੰ ਵੀ ਇਸ ਵੱਲ ਪ੍ਰੇਰਿਤ ਕੀਤਾ। ਪੁਰਾਤਨ ਸਮੇਂ ਇਹ ਸਫਰ ਪਹਿਲਾਂ ਪਹਿਲ ਮੌਖਿਕ ਰੂਪ ਵਿਚ ਸੀਨਾ-ਬ-ਸੀਨਾ ਚਲਦਾ ਰਿਹਾ। ਇਸ ਦੇ ਸਿੱਟੇ ਵਜੋਂ ਕੀਰਤਨੀਆਂ ਦੇ ਕਈ ਕੀਰਤਨ ਘਰਾਣੇ ਵੀ ਹੋਂਦ ਵਿਚ ਆਏ ਜਿਵੇਂ *ਮਰਦਾਨੇ ਕੇ, ਖਡੂਰੀਏ ਰਬਾਬੀ, ਅੰਮ੍ਰਿਤਸਰੀਆ ਘਰਾਣਾ, ਬਾਬਾ ਵਸਾਵਾ ਸਿੰਘ ਰੰਗੀ ਰਾਮ ਦਾ ਘਰਾਣਾ, ਭਾਈ ਮੱਸਾ ਸਿੰਘ ਦਾ ਘਰਾਣਾ* ਆਦਿ।

**ਗੁਰਮਤਿ ਸੰਗੀਤ** ਦੇ ਪ੍ਰਸੰਗ ਵਿਚ ਵੀ ਟਕਸਾਲ ਦੀ ਸਾਰਥਕਤਾ ਤੇ ਸੰਦਰਭ ਵਿਸ਼ੇਸ਼ ਹੈ। ਗੁਰਮਤਿ ਸੰਗੀਤ ਦੀ ਟਕਸਾਲ ਵਿਚ ਕੀਰਤਨੀਏ ਦੀ ਘਾੜਤ ਘੜੀ ਜਾਂਦੀ ਹੈ ਭਾਵ ਕੀਰਤਨੀਏ ਤਿਆਰ ਕੀਤੇ ਜਾਂਦੇ ਹਨ। ਸੰਗੀਤ ਘਰਾਣੇ ਦੀ ਤਰ੍ਹਾਂ ਹਰ ਟਕਸਾਲ ਦੀ ਆਪਣੀ ਸ਼ਬਦ ਕੀਰਤਨ ਸਿਖਲਾਈ ਦੀ ਵਿਸ਼ੇਸ਼ਤਾ ਰਹੀ ਹੈ। ਹਰ ਟਕਸਾਲ ਦਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਆਪਣਾ ਵੱਖਰਾ ਸਥਾਨ ਰਿਹਾ ਹੈ। ਗੁਰਮਤਿ ਸੰਗੀਤ ਖੇਤਰ ਵਿਚ ਹਰ ਟਕਸਾਲ ਨੇ ਆਪਣਾ ਬਣਦਾ ਯੋਗਦਾਨ ਪਾਇਆ ਹੈ ਤੇ ਅਨੇਕ ਹੀ ਮਹਾਨ ਕੀਰਤਨੀਏ ਗੁਰਮਤਿ ਸੰਗੀਤ ਦੀ ਝੋਲੀ ਵਿਚ ਪਾਏ ਹਨ। ਲਗਪਭ ਹਰ ਟਕਸਾਲ ਦਾ ਪ੍ਰਾਰੰਭ ਗੁਰਮਤਿ ਸੰਗੀਤ ਖੇਤਰ ਦੇ ਕਿਸੇ ਵਿਦਵਾਨ ਕੀਰਤਨੀਏ ਨੇ ਕੀਤਾ ਹੈ ਜਿਵੇਂ ਹਰਗਨਾ ਟਕਸਾਲ ਦਾ ਆਰੰਭ ਰਾਗੀ ਭਾਈ ਸੰਪੂਰਣ ਸਿੰਘ, ਡੁਮੇਲੀ ਟਕਸਾਲ ਦਾ ਪ੍ਰਾਰੰਭ ਸੰਤ ਸਰਵਣ ਸਿੰਘ, ਮਸਤੂਆਣਾ ਟਕਸਾਲ ਦਾ ਆਰੰਭ ਸੰਤ ਬਾਬਾ ਅਤਰ ਸਿੰਘ ਆਦਿ ਦੁਆਰਾ ਕੀਤਾ ਗਿਆ। ਗੁਰਮਤਿ ਸੰਗੀਤ ਵਿਚ ਗੁਰਮਤਿ ਸੰਗੀਤਕਾਰ ਦੀ ਸ਼ਖਸ਼ੀਅਤ ਉਸਾਰੀ ਲਈ ਗੁਰਮਤਿ ਅਤੇ ਸੰਗੀਤ ਦੋਹਾਂ ਦੀ ਘੜਤ ਜ਼ਰੂਰੀ ਹੈ।

ਹਰ ਟਕਸਾਲ ਦੀ ਆਪਣੀ ਸੰਗੀਤਕ ਮੌਲਿਕਤਾ ਰਹੀ ਹੈ ਇਤਿਹਾਸ ਦੇ ਪੰਨਿਆਂ ’ਤੇ ਉਹੀ ਗੁਰਮਤਿ ਸੰਗੀਤ ਟਕਸਾਲਾਂ ਜੀਊਂਦੀਆਂ ਰਹਿ ਸਕੀਆਂ ਹਨ ਜਿੰਨਾਂ ਨੇ ਇਸ ਦੀ ਨਿਰੰਤਰਤਾ, ਮੌਲਿਕਤਾ ਤੇ ਵੱਖਰਤਾ ਨੂੰ ਕਾਇਮ ਰੱਖਿਆ ਹੈ। ਗੁਰਮਤਿ ਸੰਗੀਤ ਵਿਚ ਟਕਸਾਲ ਦੇ ਅਰਥ ਸੰਗੀਤ ਘਰਾਣੇ ਦੇ ਸੰਦਰਭ ਵਿਚ ਵਿਸ਼ਾਲ ਹਨ। ਟਕਸਾਲਾਂ ਜਿੱਥੇ ਸੰਸਥਾਗਤ ਰੂਪ ਵਿਚ ਸਥਾਪਿਤ ਹੋਈਆਂ ਉੱਥੇ ਸਿੱਖਿਆ ਦੇ ਹਵਾਲੇ ਨਾਲ ਵੀ ਇਸ ਦਾ ਖੇਤਰ ਵੱਡਾ ਰਿਹਾ ਹੈ। ਟਕਸਾਲਾਂ ਵਿਚ ਸਿਖਲਾਈ ਦਾ ਪ੍ਰਮੁੱਖ ਵਿਸ਼ਾ ਕੀਰਤਨ ਹੀ ਰਿਹਾ ਹੈ।

ਹਿੰਦੁਸਤਾਨੀ ਸੰਗੀਤ ਪਰੰਪਰਾ ਵਿਚ ਘਰਾਣਾ ਪਰੰਪਰਾ ਸਦੀਆਂ ਤੋਂ ਚੱਲੀਆਂ ਰਹੀ ਹੈ। ਇਸੇ ਸੰਦਰਭ ਵਿਚ ਗੁਰਮਤਿ ਸੰਗੀਤ ਤੇ ਕੀਰਤਨੀਆਂ ਦੇ ਘਰਾਣਿਆਂ ਨੂੰ ਦੇਖਿਆ ਜਾ ਸਕਦਾ ਹੈ। ਹਥਲੇ ਖੋਜ ਪ੍ਰਬੰਧ ਦੇ ਵਿਸ਼ੇ ਦੀ ਸਾਰਥਕਤਾ ਹਿਤ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਬਾਰੇ ਵਿਸਥਾਰ ਪੂਰਵਕ ਚਰਚਾ ਜ਼ਰੂਰੀ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਸ ਘਰਾਣੇ ਸਬੰਧੀ ਵਿਚਾਰ ਕਰੀਏ ਜ਼ਰੂਰੀ ਹੈ ਕਿ ਪਹਿਲਾਂ ਗੁਰਮਤਿ ਸੰਗੀਤ ਤੇ ਸੰਗੀਤ ਦੇ ਸੰਦਰਭ ਵਿਚ ਸੰਗੀਤ ਘਰਾਣੇ ਦੇ ਅਰਥਾਂ ਨੂੰ ਜਾਣਿਆ ਜਾਵੇ।

## 3.1 ਸੰਗੀਤ ਘਰਾਣਾ: ਭਾਰਤੀ ਤੇ ਗੁਰਮਤਿ ਸੰਗੀਤ ਦੇ ਸੰਦਰਭ ਵਿਚ

ਆਮ ਬੋਲ ਚਾਲ ਵਿਚ ਘਰਾਣਾ, ਸੰਪ੍ਰਦਾ, ਵੰਸ਼, ਕੁਲ, ਖਾਨਦਾਨ ਆਦਿ ਸਮਾਨਰਥੀ ਹਨ। ਸਮਾਜਿਕ ਜੀਵਨ ਵਿਚ ਪਰਿਵਾਰਕ ਪਿਛੋਕੜ ਦੀ ਜਾਣਕਾਰੀ ਲਈ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਆਮ ਹੁੰਦਾ ਹੈ। ਸੰਗੀਤ ਦੇ ਸੰਦਰਭ ਵਿਚ ਘਰਾਣਾ ਸ਼ਬਦ ਦਾ ਪ੍ਰਯੋਗ ਉਤਰ ਭਾਰਤੀ ਸੰਗੀਤ ਵਿਚ ਕੀਤਾ ਜਾਂਦਾ ਹੈ। ਦੱਖਣੀ ਸੰਗੀਤ ਵਿਚ ਇਸ ਲਈ ਸੰਪ੍ਰਦਾਇ ਸ਼ਬਦ ਦਾ ਪ੍ਰਯੋਗ ਹੁੰਦਾ ਹੈ।

*ਆਕਸਫੋਰਡ ਐਨਸਾਈਕਲੋਪੀਡੀਆ ਆਫ ਦਿ ਮਿਊਜਿਕ ਆਫ ਇੰਡਿਆ* ਅਨੁਸਾਰ ਸੰਗੀਤ ਵਿਚ ਘਰਾਣੇ ਦਾ ਆਰੰਭ ਖਾਨਦਾਨੀ ਵੰਸ਼ਜਾਂ ਨਾਲ ਹੁੰਦਾ ਹੈ ਜੋ ਸ਼ਿਸ਼ ਮੰਡਲ ਵਿਚ ਕੜੀ-ਦਰ-ਕੜੀ ਵਿਕਸਿਤ ਹੁੰਦਾ ਹੋਇਆ ਪੀੜ੍ਹੀ-ਦਰ-ਪੀੜ੍ਹੀ ਪ੍ਰਫੁੱਲਿਤ ਹੁੰਦਾ ਹੈ।[1]

ਯੋਗੇਂਦਰਪਾਲ ਸ਼ਰਮਾ ਅਤੇ ਬਚਿੱਤਰ ਸਿੰਘ ਅਨੁਸਾਰ ਗੁਰੂ ਆਪਣੀ ਸੰਤਾਨ ਜਾਂ ਕਿਸੇ ਹੋਰ ਪ੍ਰਤਿਭਾਸ਼ਾਲੀ ਸ਼ਿਸ਼ ਨੂੰ ਚੁਣਦਾ ਹੈ ਜੋ ਉਸ ਦੀ ਸਥਾਪਿਤ ਪਰੰਪਰਾ ਨੂੰ ਅਗਾਂਹ ਤੋਰ ਸਕੇ। ਸ਼ਾਗਿਰਦ ਗੁਰੂ ਦੀ ਹਾਜਰੀ ਵਿਚ ਉਸਦੇ ਸਨਮੁੱਖ ਸੰਗੀਤ ਸਿੱਖਿਆ ਗ੍ਰਹਿਣ ਕਰਦਾ ਹੈ। ਗੁਰੂ ਸ਼ਿਸ਼ ਦੀ ਇਸ ਪਰੰਪਰਾ ਵਿਚ ਤਿੰਨ ਪੀੜ੍ਹੀਆਂ ਨੂੰ ਇੱਕ ਘਰਾਣਾ ਮੰਨਿਆ ਜਾਂਦਾ ਹੈ।[2]

ਡਾ. ਆਬਾਨ ਏ ਮਿਸਤਰੀ ਅਨੁਸਾਰ, ਕੋਈ ਇੱਕ ਅਸਾਧਾਰਨ, ਪ੍ਰਤਿਭਾਸ਼ਾਲੀ, ਪ੍ਰਬਲ, ਮਹੱਤਵਾਕਾਂਖੀ ਅਤੇ ਕੁਝ ਵਿਸ਼ੇਸ਼ ਕਰਕੇ ਦਿਖਾਉਣ ਦੀ ਸਮਰੱਥਾ ਦਿਖਾਉਣ ਵਾਲਾ ਵਿਅਕਤੀ ਜਦੋਂ ਆਪਣੀ ਪਰੰਪਰਾਗਤ ਵਿੱਦਿਆ ਵਿਚੋਂ ਇੱਕ ਅਭਿਨਵ ਕਲਪਨਾ ਦਾ ਨਿਰਮਾਣ ਕਰਦਾ ਹੈ ਤਾਂ ਉਸ ਦੀ ਕਲਾ ਵਿਚ ਇੱਕ ਅਲੱਗ ਦ੍ਰਿਸ਼ਟੀਕੋਣ ਹੋਣ ਦੇ ਕਾਰਨ ਵਿਸ਼ਿਸ਼ਟਤਾ ਦਾ ਉਦਭਵ ਹੁੰਦਾ ਹੈ, ਜਿਹੜਾ ਬਾਅਦ ਵਿਚ ਕੁਝ ਵਿਸ਼ੇਸ਼ ਨਿਯਮ ਤੇ ਸਿਧਾਂਤਾਂ ਵਿਚ ਅਨੁਬੰਧਿਤ ਹੋ ਜਾਂਦੀ ਹੈ। ਹੌਲੀ-ਹੌਲੀ ਦੂਸਰੇ ਲੋਕਾਂ ਦੀ ਸ਼ੈਲੀ ਅਤੇ ਉਸ ਸ਼ੈਲੀ ਦੀਆਂ ਬੰਦਿਸ਼ਾਂ ਵਿਚ ਇੰਨਾ ਜ਼ਿਆਦਾ ਅੰਤਰ ਸਪੱਸ਼ਟ ਹੋ ਜਾਂਦਾ ਹੈ ਕਿ ਜਿਸ ਦੀ ਅਲਗਾਵਤਾ ਤੁਰੰਤ ਪਹਿਚਾਣੀ ਜਾ ਸਕਦੀ ਹੈ। ਉਦੋਂ ਉਹ ਸ਼ੈਲੀ ਘਰਾਣਾ ਸ਼ੈਲੀ ਬਣ ਜਾਂਦੀ ਹੈ।[3]

ਡਾ. ਗੁਰਨਾਮ ਸਿੰਘ ਅਨੁਸਾਰ, "ਭਾਰਤੀ ਸੰਗੀਤ ਵਿਚ ਨਿਰੰਤਰ ਰੂਪ ਵਿਚ ਤਿੰਨ ਪੀੜ੍ਹੀਆਂ ਤੋਂ ਮੌਲਿਕ ਤੇ ਸੁਤੰਤਰ ਰੂਪ ਵਿਚ ਪਛਾਨਣਯੋਗ ਸਰੂਪ ਵਿਚ ਪ੍ਰਚੱਲਤ ਵਿਦਿਆ ਦੀ ਸੰਗੀਤ ਕਲਾ ਦੇ ਖਾਨਦਾਨੀ ਜਾਂ ਸ਼ਿਸ਼ ਵੰਸ਼ ਸਮੂਹ ਨੂੰ ਕਿਸੇ ਘਰਾਣੇ ਦਾ ਨਾਮ ਦਿੱਤਾ ਜਾਂਦਾ ਹੈ। "[4]

ਡਾ. ਨਿਵੇਦਿਤਾ ਸਿੰਘ ਅਨੁਸਾਰ, "ਘਰਾਣੇ ਦਾ ਮੂਲ ਭਾਵ ਪ੍ਰੰਪਰਾ ਹੈ। ਸੰਗੀਤ ਦੇ ਪਰਿਪੇਖ ਵਿਚ ਘਰਾਣਾ ਸੰਗੀਤਕਾਰਾਂ ਦੇ ਇੱਕ ਸਮੂਹ ਦੀ ਵੰਸ਼ ਪਰੰਪਰਾ ਦਾ ਬਖਾਨ ਕਰਦਾ ਹੈ।(...)ਸਧਾਰਨ ਅਰਥ ਵਿਚ ਘਰਾਣਾ ਅਜਿਹੇ ਪਰਿਵਾਰਕ ਸਬੰਧਾਂ ਅਤੇ ਖੂਨ ਦੇ ਰਿਸ਼ਤਿਆਂ ਵੱਲ ਸੰਕੇਤ ਕਰਦਾ ਹੈ ਜਿਨ੍ਹਾਂ ਦੀ ਸਾਂਝੀ ਵਿਰਾਸਤ ਹੋਵੇ, ਇੱਕੋ ਜਾਤੀ ਨਾਲ ਉਹ ਸਬੰਧਿਤ ਹੋਣ ਅਤੇ ਇੱਕੋ ਛੱਤ ਥੱਲੇ ਰਹਿੰਦੇ ਹੋਣ। ਸੰਗੀਤਕ ਅਰਥਾਂ ਵਿਚ ਘਰਾਣਾ ਅਜਿਹੇ ਸੰਗੀਤਕਾਰਾਂ ਦਾ ਜੁੱਟ ਹੈ ਜਿਨ੍ਹਾਂ ਦੇ ਪਰਿਵਾਰਕ ਜਾਂ ਗੁਰੂ ਸ਼ਿਸ਼ ਵਾਲੇ ਸਬੰਧ ਹੋਣ ਅਤੇ ਜੋ ਅਉਣ ਵਾਲੀਆਂ ਪੀੜ੍ਹੀਆਂ ਲਈ ਗਾਇਕੀ ਦੀਆਂ ਵਿਸ਼ੇਸ਼ਤਾਵਾਂ ਛੱਡ ਕੇ ਜਾਣ।"[5]

ਉੱਤਰ ਭਾਰਤੀ ਸੰਗੀਤ ਵਿਚ ਸੰਗੀਤ ਦੀ ਸਿਖਲਾਈ ਹਿਤ ਕਈ ਘਰਾਣੇ ਪ੍ਰਸਿੱਧ ਹੋਏ ਜਿਵੇਂ ਪਟਿਆਲਾ ਘਰਾਣਾ, ਸ਼ਾਮ ਚੁਰਾਸੀ ਘਰਾਣਾ, ਦਿੱਲੀ ਘਰਾਣਾ, ਆਗਰਾ ਘਰਾਣਾ, ਕਿਰਾਨਾ ਘਰਾਣਾ, ਬਨਾਰਸ ਘਰਾਣਾ, ਲਖਨਊ ਘਰਾਣਾ ਆਦਿ। ਇਨ੍ਹਾਂ ਦੁਆਰਾ ਸ਼ਾਸਤਰੀ ਸੰਗੀਤ ਦੇ ਗਾਇਨ, ਵਾਦਨ ਦੀ ਆਪਣੀ-ਆਪਣੀ ਵਿਸ਼ੇਸ਼ ਸ਼ੈਲੀ ਦਾ ਪੀੜ੍ਹੀ ਦਰ ਪੀੜ੍ਹੀ ਸੰਚਾਲਨ ਕੀਤਾ ਗਿਆ। ਭਾਰਤੀ ਸੰਗੀਤ ਤੇ ਗੁਰਮਤਿ ਸੰਗੀਤ ਘਰਾਣਾ ਪਰੰਪਰਾ ਨੂੰ ਤੁਲਨਾਤਮਕ ਪਰਿਪੇਖ ਵਿਚ ਦੇਖੀਏ ਤਾਂ ਭਾਰਤੀ ਸੰਗੀਤ ਵਿਚ ਘਰਾਣੇ ਦੇ ਲੱਛਣ[6] ਹੇਠ ਲਿਖੇ ਅਨੁਸਾਰ ਮੰਨੇ ਜਾਂਦੇ ਹਨ:

1. ਸੰਗੀਤਕ ਪਰੰਪਰਾ
2. ਸਮਾਜਕ ਪਛਾਣ
3. ਬੰਸਾਵਲੀ ਤੇ ਸਾਕਾਦਾਰੀ
4. ਅਚਾਰ-ਸੰਹਿਤਾ
5. ਅਨੁਸ਼ਾਸਨ ਅਤੇ ਸੰਜਮ
6. ਸ਼ੁੱਧਤਾ ਦੀ ਪਾਲਣਾ
7. ਰੀਤਾਂ ਅਤੇ ਸਦਾਚਾਰ

ਗੁਰਮਤਿ ਸੰਗੀਤ ਦੇ ਘਰਾਣਿਆਂ ਨੂੰ ਵੀ ਭਾਰਤੀ ਸੰਗੀਤ ਘਰਾਣਿਆਂ ਦੇ ਅਰਥਾਂ ਵਿਚ ਹੀ ਲਿਆ ਜਾਂਦਾ ਹੈ। ਗੁਰਮਤਿ ਸੰਗੀਤ ਦੇ ਘਰਾਣਿਆਂ ਦੇ ਲੱਛਣ ਵੀ ਭਾਰਤੀ ਸੰਗੀਤ ਦੇ ਸਮਾਨਾਂਤਰ ਹਨ ਪ੍ਰੰਤੂ ਆਚਾਰ ਸੰਹਿਤਾ, ਅਨੁਸਾਸ਼ਨ ਤੇ ਸੰਜਮ ਗੁਰਮਤਿ ਸੰਗੀਤ ਅਨੁਸਾਰੀ ਹੋ ਜਾਂਦਾ ਹੈ ਜਿਸ ਨੂੰ ਸਿੱਖ ਮਰਯਾਦਾ ਦੀ ਪਾਲਣਾ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੀ ਸਮਝ ਅਤੇ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਚਉਕੀ ਪਰੰਪਰਾ ਦਾ ਪ੍ਰਮਾਣਿਕ ਗਿਆਨ ਆਦਿ ਅਗਲੇਰੇ ਪੱਖ ਹਨ ਜੋ ਗੁਰਮਤਿ ਸੰਗੀਤ ਦੇ ਕਿਸੇ ਘਰਾਣੇ ਲਈ ਬੁਨਿਆਦੀ ਤੌਰ 'ਤੇ ਜ਼ਰੂਰੀ ਹਨ।

ਗੁਰਮਤਿ ਸੰਗੀਤ ਦੇ ਅਜਿਹੇ ਘਰਾਣੇ ਗੁਰੂ ਕਾਲ ਤੋਂ ਦੇਖੇ ਜਾ ਸਕਦੇ ਹਨ ਜਿਵੇਂ ਭਾਈ ਮਰਦਾਨੇ ਦਾ ਕੀਰਤਨ ਘਰਾਣਾ ਜਿਸ ਨੂੰ *ਮਰਦਾਨੇ ਕੇ*, *ਬਾਬੇ ਕੇ* ਜਾਂ *ਰਬਾਬੀ* ਕਰਕੇ ਜਾਣਿਆ ਜਾਂਦਾ ਹੈ।[7] ਭਾਈ ਸੱਤਾ ਬਲਵੰਡ ਦਾ ਘਰਾਣਾ ਜਿਨ੍ਹਾਂ ਨੂੰ *ਖਡੂਰੀਏ ਰਬਾਬੀ* ਕਰਕੇ ਜਾਣਿਆ ਜਾਂਦਾ ਹੈ।[8] ਵਰਤਮਾਨ ਸਮੇਂ ਵੀ ਇਸੇ ਤਰ੍ਹਾਂ ਦੇ ਕਈ ਘਰਾਣੇ ਦੇਖੇ ਜਾ ਸਕਦੇ ਹਨ ਜਿਵੇਂ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣਾ, ਭਾਈ ਧਰਮ ਸਿੰਘ ਜਖਮੀ ਦਾ ਕੀਰਤਨ ਘਰਾਣਾ, ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਦਾ ਕੀਰਤਨ ਘਰਾਣਾ, ਭਾਈ ਪਿਆਰਾ ਸਿੰਘ ਦਾ ਕੀਰਤਨ ਘਰਾਣਾ, ਪ੍ਰੋ. ਚਤਰ ਸਿੰਘ ਦਾ ਕੀਰਤਨ ਘਰਾਣਾ ਆਦਿ। ਇਨ੍ਹਾਂ ਘਰਾਣਿਆਂ ਨੂੰ ਮਾਨਤਾ ਦਿੰਦਿਆਂ ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਇਨ੍ਹਾਂ ਘਰਾਣਿਆਂ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਜਿਸ ਤਰ੍ਹਾਂ ਭਾਰਤੀ ਸੰਗੀਤ ਵਿਚ ਘਰਾਣੇ ਦੀ

ਮੌਲਿਕਤਾ ਹੈ ਉਸੇ ਤਰ੍ਹਾਂ ਗੁਰਮਤਿ ਸੰਗੀਤ ਦੇ ਘਰਾਣਿਆਂ ਦੀ ਮੌਲਿਕਤਾ ਤੇ ਅੰਦਾਜ਼ ਹੈ ਜਿਸ ਨੂੰ ਸਬੰਧਿਤ ਘਰਾਣੇ ਦੇ ਕੀਰਤਨੀਏ ਪੀੜ੍ਹੀ-ਦਰ-ਪੀੜ੍ਹੀ ਕਾਇਮ ਰੱਖਦੇ ਹਨ ਜਿਵੇਂ:

- ਮੰਗਲਾਚਰਨ/ਬੰਦਨਾ ਕਰਨ ਦਾ ਮੌਲਿਕ ਅੰਦਾਜ਼।
- ਵਿਸ਼ੇਸ਼ ਸ਼ਬਦ ਕੀਰਤਨ ਰਚਨਾਵਾਂ
- ਵਿਸ਼ੇਸ਼ ਸਾਜ਼ਾਂ ਦਾ ਪ੍ਰਯੋਗ
- ਵਿਸ਼ੇਸ਼ ਤਾਲਾਂ ਦਾ ਪ੍ਰਯੋਗ
- ਕੀਰਤਨ ਸਮੇਂ ਵਿਸ਼ੇਸ਼ ਸੁਰ ਲਗਾਵ
- ਕੀਰਤਨ ਸਮੇਂ ਸ਼ਬਦ ਵਿਸਤਾਰ ਦਾ ਵਿਸ਼ੇਸ਼ ਮੌਲਿਕ ਅੰਦਾਜ਼
- ਰਫਤਾਰ, ਗੁਫਤਾਰ ਤੇ ਦਸਤਾਰ ਦਾ ਵਿਸ਼ੇਸ਼ ਅੰਦਾਜ਼।
- ਵਿਸ਼ੇਸ਼ ਸ੍ਰੋਤਾ ਸ਼੍ਰੇਣੀ ਦੀ ਪ੍ਰਤੀਬੱਧਤਾ।

ਇਸ ਤਰ੍ਹਾਂ ਘਰਾਣਾ ਇੱਕ ਅਜਿਹੀ ਸੰਗੀਤਕ ਪਰੰਪਰਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਚਲੀ ਆ ਰਹੀ ਹੁੰਦੀ ਹੈ ਜਿਸ ਦੇ ਮੋਢੀ ਨੇ ਸੰਗੀਤ ਦੇ ਖੇਤਰ ਵਿਚ ਆਪਣੀ ਸੰਗੀਤਕ ਕਲਾ ਕਰਕੇ ਵਿਸ਼ੇਸ਼ ਨਾਮਣਾ ਖੱਟਿਆ ਹੁੰਦਾ ਹੈ। ਉਸ ਦੁਆਰਾ ਆਪਣੀ ਮੋਲਿਕ ਸੰਗੀਤ ਸ਼ੈਲੀ ਨੂੰ ਅਗਾਂਹ ਵੰਡਦੇ ਹੋਏ ਆਪਣਾ ਸ਼ਿਸ਼ ਮੰਡਲ ਤਿਆਰ ਕੀਤਾ ਜਾਂਦਾ ਹੈ ਜੋ ਉਸ ਕਲਾ ਦਾ ਜਿੱਥੇ ਪ੍ਰਚਾਰ ਪ੍ਰਸਾਰ ਕਰਦੇ ਹਨ ਉੱਥੇ ਸੰਗੀਤ ਕਲਾ ਅਗਾਂਹ ਹੋਰ ਸੰਗੀਤ ਵਿਦਿਅਰਥੀਆਂ ਨੂੰ ਸਿਖਾ ਕੇ ਸ਼ਾਗਿਰਦ ਤਿਆਰ ਕਰਦੇ ਹਨ। ਇਸ ਤਰ੍ਹਾਂ ਇੱਕ ਵਿਸ਼ੇਸ਼ ਸੰਗੀਤਕ ਸ਼ੈਲੀ ਦੇ ਪ੍ਰਤਿਨਿਧਾਂ ਦਾ ਸਮੂਹ ਤਿਆਰ ਹੋ ਜਾਂਦਾ ਹੈ, ਜਿਸ ਨੂੰ ਸਬੰਧਤ ਸੰਗੀਤਕ ਘਰਾਣੇ ਦੇ ਰੂਪ ਵਿਚ ਜਾਣਿਆ ਤੇ ਪਛਾਣਿਆ ਜਾਂਦਾ ਹੈ। ਗੁਰਮਤਿ ਸੰਗੀਤ ਦੇ ਕੀਰਤਨ ਘਰਾਣੇ ਵਿਚ ਸੰਗੀਤ ਘਰਾਣੇ ਦੇ ਗੁਣਾਂ ਦੇ ਨਾਲ-ਨਾਲ ਗੁਰਮਤਿ ਤੇ ਗੁਰਮਤਿ ਸੰਗੀਤ ਦੇ ਸਿਧਾਂਤਾਂ ਦੀ ਪਾਲਣਾ ਵੀ ਜ਼ਰੂਰੀ ਹੁੰਦੀ ਹੈ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਘਰਾਣਾ ਵਿਸ਼ੇਸ਼ ਸਥਾਨ ਰੱਖਦਾ ਹੈ ਜੋ ਸਾਡੀ ਖੋਜ ਤੇ ਅਧਿਐਨ ਦਾ ਵਿਸ਼ਾ ਹੈ।

## 3.2 ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਘਰਾਣਾ

ਗੁਰਮਤਿ ਸੰਗੀਤ ਦੇ ਖੇਤਰ ਵਿਚ ਵਿਸ਼ੇਸ਼ ਕਾਰਜ਼ਾ ਕਰਕੇ ਰਾਗੀ ਭਾਈ ਜੁਵਾਲਾ ਸਿੰਘ ਆਪਣੇ ਕੀਰਤਨ ਘਰਾਣੇ ਦੀ ਪ੍ਰਮੁੱਖ ਤੇ ਕੇਂਦਰੀ ਸ਼ਖ਼ਸੀਅਤ ਵਜੋਂ ਉਭਰਦੇ ਹਨ। ਆਪ ਨੇ ਆਪਣੇ ਘਰਾਣੇ ਦੀਆਂ ਪੂਰਵਲੀਆਂ ਅਤੇ ਅਗਾਮੀ ਪੀੜ੍ਹੀਆਂ ਨੂੰ ਨਿਰੰਤਰ ਰੂਪ ਵਿਚ ਜੋੜਨ ਵਾਲੀ ਭੂਮਿਕਾ ਨਿਭਾਈ। ਪੂਰਵਲੀਆਂ ਪੀੜ੍ਹੀਆ ਦੁਆਰਾ ਪ੍ਰਦਾਨ ਕੀਤੀ ਗਈ ਸ਼ਬਦ ਕੀਰਤਨ ਸਮੱਗਰੀ ਦੀ ਸੰਗੀਤਕ ਵਿਰਾਸਤ ਨੂੰ ਆਪ ਨੇ ਅਗਾਮੀ ਪੀੜ੍ਹੀਆਂ ਨੂੰ ਸੌਂਪਿਆ ਤੇ ਸੁਰੱਖਿਅਤ ਰੱਖਣ ਦੀ ਤਾਕੀਦ ਵੀ ਕਰਦੇ ਰਹੇ। ਆਪ ਦੀ ਸਿੱਖਿਆ ਪ੍ਰਾਪਤ ਇਸ ਘਰਾਣੇ ਦੀ ਅਗਾਮੀ ਪੀੜ੍ਹੀ ਨੇ ਇਸ ਸੰਗੀਤ ਨਿਧੀ ਨੂੰ ਸੁਰੱਖਿਅਤ ਰੱਖਣ ਤੋਂ ਇਲਾਵਾ ਸਮੁੱਚੇ ਵਿਸ਼ਵਭਰ ਵਿਚ ਸੰਚਾਰਿਤ ਕੀਤਾ।

ਰਾਗੀ ਭਾਈ ਜੁਵਾਲਾ ਸਿੰਘ ਘਰਾਣੇ ਦੀ ਆਪਣੀ ਸੰਗੀਤ (ਕੀਰਤਨ) ਪਰੰਪਰਾ ਪੀੜ੍ਹੀ ਦਰ ਪੀੜ੍ਹੀ ਵਿਹਾਰਕ ਰੂਪ ਵਿਚ ਪ੍ਰਤੱਖ ਹੁੰਦੀ ਹੈ। ਇਸ ਘਰਾਣੇ ਦਾ ਰਾਗੀ ਭਾਈ ਜੁਵਾਲਾ ਸਿੰਘ ਦੇ ਰੂਪ ਵਿਚ ਪ੍ਰਤਿਭਾਸ਼ਾਲੀ ਨਿਪੁੰਨ ਮੋਢੀ ਹੈ। ਇਸ ਦੇ ਨਾਲ ਇਸ ਕੀਰਤਨ ਘਰਾਣੇ ਵਿਚ ਪੁਰਾਤਨ ਸ਼ਬਦ ਕੀਰਤਨ ਰੀਤਾਂ ਦਾ ਭੰਡਾਰ ਮੌਜੂਦ ਹੈ, ਗਾਇਨ ਸ਼ੈਲੀਆਂ ਦੀ ਪਰੰਪਰਾਗਤ ਮੌਲਿਕਤਾ ਹੈ, ਤੰਤੀ ਸਾਜ਼ਾਂ ਦਾ ਨਿਰੰਤਰ ਕੀਰਤਨ ਹਿਤ ਵਿਸ਼ੇਸ਼ ਰੂਪ ਵਿਚ ਪ੍ਰਯੋਗ ਹੁੰਦਾ ਆ ਰਿਹਾ ਹੈ, ਸੁਰਲਿਪੀਬੱਧ ਕਾਰਜ ਉਪਲੱਬਧ ਹਨ, ਗੁਰਸਿੱਖ ਰਹਿਣੀ-ਬਹਿਣੀ, ਇਸ ਘਰਾਣੇ ਦੇ ਕੀਰਤਨੀਏ ਵੰਸ਼ਜ਼ਾਂ ਵਲੋਂ ਆਪਣੇ ਨਾਮ ਨਾਲ ਖਾਸ ਕਰਕੇ *ਭਾਈ* ਸ਼ਬਦ ਦਾ ਪ੍ਰਯੋਗ ਕਰਨ ਦੀ ਵਿਸ਼ੇਸ਼ ਪਰੰਪਰਾ ਕਾਇਮ ਰੱਖੀ ਹੈ ਆਦਿ। ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਵਿਚ ਸੰਗੀਤ ਘਰਾਣੇ ਦੇ ਨਾਲ ਨਾਲ ਗੁਰਮਤਿ ਸੰਗੀਤ ਘਰਾਣੇ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਪ੍ਰਤੱਖ ਹਨ।

ਗੁਰਮਤਿ ਸੰਗੀਤ ਪਰੰਪਰਾ ਦੇ ਰਾਗੀ ਭਾਈ ਜੁਵਾਲਾ ਸਿੰਘ ਦੇ ਪੂਰਵਜ਼ ਕੀਰਤਨੀਆਂ ਨੂੰ (ਜਿਵੇਂ ਕਿ ਅਸੀਂ ਦੂਜੇ ਅਧਿਆਇ ਵਿਚ ਜ਼ਿਕਰ ਕਰ ਚੁੱਕੇ ਹਾਂ) ਗੁਰੂ ਅਮਰਦਾਸ ਦੇ ਸਮੇਂ ਤੋਂ ਗੁਰਸਿੱਖੀ[9], ਗੁਰੂ ਅਰਜਨ ਦੇਵ ਜੀ ਤੋਂ ਕੀਰਤਨ[10] ਅਤੇ ਗੁਰੂ ਗੋਬਿੰਦ ਸਿੰਘ ਸਮੇਂ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ।[11] ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਦੇ ਪੂਰਵਜ ਗੁਰੂ ਕਾਲ ਤੋਂ ਕੀਰਤਨ ਨਾਲ ਜੁੜੇ ਆ ਰਹੇ ਸਨ। ਇਸ ਘਰਾਣੇ ਦੇ ਪੂਰਵਲੇ ਕੀਰਤਨੀਆਂ ਵਿਚ ਭਾਈ ਕਪੂਰ ਸਿੰਘ, ਭਾਈ ਰਾਏ ਸਿੰਘ, ਭਾਈ ਗੋਖਾ ਸਿੰਘ, ਭਾਈ

ਭਾਗ ਸਿੰਘ, ਭਾਈ ਡੰਡਾ ਸਿੰਘ, ਭਾਈ ਮੋਹਰ ਸਿੰਘ, ਭਾਈ ਦੇਵਾ ਸਿੰਘ, ਭਾਈ ਬੂੜ ਸਿੰਘ ਦੇ ਨਾਮ ਆਉਂਦੇ ਹਨ ਜਿਨ੍ਹਾਂ ਦਾ ਪਹਿਲਾਂ ਵੀ ਜ਼ਿਕਰ ਹੋ ਚੁੱਕਾ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਸਮਕਾਲੀ ਕੀਰਤਨੀਏਂ ਭਾਈ ਨਰਾਇਣ ਸਿੰਘ, ਭਾਈ ਸਾਵਨ ਸਿੰਘ, ਭਾਈ ਸੁੰਦਰ ਸਿੰਘ, ਭਾਈ ਸ਼ੇਰ ਸਿੰਘ, ਭਾਈ ਭਗਤ ਸਿੰਘ, ਉਸਤਾਦ ਭਾਈ ਵਸਾਵਾ ਸਿੰਘ ਤੇ ਉਸਤਾਦ ਭਾਈ ਸ਼ਰਧਾ ਸਿੰਘ ਦੇ ਨਾਮ ਪ੍ਰਮੁੱਖ ਹਨ। ਇਸ ਘਰਾਣੇ ਦੀ ਅਗਾਮੀ ਪੀੜ੍ਹੀ ਦੇ ਵੰਸ਼ਜ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸਵਰਨ ਸਿੰਘ, ਭਾਈ ਕੁਲਤਾਰ ਸਿੰਘ ਭਾਈ ਬਿਕਰਮਜੀਤ ਸਿੰਘ ਅਤੇ ਭਾਈ ਬਲਦੀਪ ਸਿੰਘ ਸ਼ਾਮਿਲ ਹਨ। ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਦੀ ਕੁੱਲ ਵਿਚ ਜਿਥੇ ਕਈ ਪੀੜ੍ਹੀਆਂ ਤੋਂ ਕੀਰਤਨ ਹੁੰਦਾ ਆ ਰਿਹਾ ਸੀ ਉਥੇ ਭਾਈ ਸਾਹਿਬ ਨੇ ਕੀਰਤਨ ਨੂੰ ਹੋਰ ਸਮਕਾਲੀ ਉਸਤਾਦਾਂ ਕੋਲੋਂ ਵਿਧੀਬੱਧ ਰੂਪ ਵਿਚ ਸਿੱਖ ਕੇ ਸ਼ਬਦ ਕੀਰਤਨ ਵਿਚ ਪ੍ਰਤਿਭਾ ਹਾਸਲ ਕੀਤੀ। ਉਪਰੰਤ ਆਪ ਨੇ ਸ਼ਬਦ ਕੀਰਤਨ ਦਾ ਬਹੁਪੱਖੀ ਵਿਕਾਸ ਕੀਤਾ ਅਤੇ ਅੱਗੇ ਇਸ ਦੇ ਕੀਰਤਨੀਏ ਵੀ ਪੈਦਾ ਕੀਤੇ ਜੋ ਇਸ ਘਰਾਣੇ ਦੇ ਕੀਰਤਨੀਏ ਵਜੋਂ ਵਿਚਰੇ ਜਿਨ੍ਹਾਂ ਨੇ ਇਸ ਘਰਾਣੇ ਦਾ ਬਹੁਮੁਖੀ ਤੇ ਬਹੁਪੱਖੀ ਵਿਕਾਸ ਕੀਤਾ।

### 3.3 ਭਾਈ ਜੁਵਾਲਾ ਸਿੰਘ ਦੇ ਘਰਾਣੇ ਦੇ ਕੀਰਤਨੀਏ

ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਘਰਾਣੇ ਦੀਆਂ ਕੀਰਤਨਕਾਰ ਸ਼ਖ਼ਸੀਅਤਾਂ ਦਾ ਯੋਗਦਾਨ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਸੰਗੀਤਕ ਵਿਦਵਾਨਾਂ ਲਈ ਮਿਸਾਲਯੋਗ ਵੀ ਹੈ। ਗੁਰਮਤਿ ਸੰਗੀਤ ਦੇ ਵਿਕਾਸ ਕ੍ਰਮ ਵਿਚ ਵੇਖੀਏ ਤਾਂ ਇਸ ਘਰਾਣੇ ਨੂੰ ਗੁਰੂ ਕਾਲ ਤੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਹੋਣ ਦਾ ਮਾਣ ਪ੍ਰਾਪਤ ਹੈ।

ਰਾਗੀ ਭਾਈ ਜੁਵਾਲਾ ਸਿੰਘ ਦੇ ਪੂਰਵਜ਼ ਕੀਰਤਨੀਏ ਭਾਈ ਕਪੂਰ ਸਿੰਘ, ਭਾਈ ਰਾਇ ਸਿੰਘ, ਭਾਈ ਗੋਖਾ ਸਿੰਘ, ਭਾਈ ਭਾਗ ਸਿੰਘ ਡੰਡਾ ਸਿੰਘ, ਭਾਈ ਮੋਹਰ ਸਿੰਘ, ਭਾਈ ਦੇਵਾ ਸਿੰਘ ਹੋਏ ਹਨ ਜਿਨ੍ਹਾਂ ਦਾ ਖੋਜ਼ ਪ੍ਰਬੰਧ ਦੇ ਦੂਸਰੇ ਅਧਿਆਇ ਵਿਚ ਅਸੀਂ ਜ਼ਿਕਰ ਕਰ ਆਏ ਹਾਂ। ਭਾਈ ਦੇਵਾ ਸਿੰਘ ਦੇ ਸਪੁੱਤਰ ਭਾਈ ਨਰਾਇਣ ਸਿੰਘ, ਭਾਈ ਸਾਵਨ ਸਿੰਘ, ਭਾਈ ਸੁੰਦਰ ਸਿੰਘ ਅਤੇ ਭਾਈ ਜੁਵਾਲਾ ਸਿੰਘ ਹੋਏ। ਰਾਗੀ ਭਾਈ ਜੁਵਾਲਾ ਸਿੰਘ ਦੇ ਤਿੰਨ ਸਪੁੱਤਰਾਂ ਵਿੱਚੋਂ ਦੋ ਸਪੁੱਤਰ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਕੀਰਤਨ ਦੇ

ਖੇਤਰ ਵਿਚ ਸਰਗਰਮ ਰਹੇ। ਇਸ ਦੇ ਨਾਲ ਹੀ 20ਵੀਂ ਸਦੀ ਵਿਚ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਯੋਗਦਾਨ ਵਿਹਾਰਕ ਤੇ ਲਿਖਤ ਰੂਪ ਵਿਚ ਸਾਡੇ ਸਾਹਮਣੇ ਪ੍ਰਤੱਖ ਹੁੰਦੇ ਹਨ।

ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਸਬੰਧੀ ਜਾਨਣ ਹਿਤ ਇਨ੍ਹਾਂ ਦੇ ਪੂਰਵਜ਼ ਕੀਰਤਨੀਆਂ ਬਾਰੇ ਵੀ ਵਿਚਾਰ ਚਰਚਾ ਜ਼ਰੂਰੀ ਬਣਦੀ ਹੈ ਕਿਉਂ ਜੋ ਰਾਗੀ ਭਾਈ ਜੁਵਾਲਾ ਸਿੰਘ ਕੋਲ ਆਪਣੀਆਂ ਕਈ ਪੀੜ੍ਹੀਆਂ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਾ ਭੰਡਾਰ ਸੀ। ਆਪ ਜੀ ਦੇ ਪੂਰਵਜ਼ਾਂ ਸਬੰਧੀ ਜਾਣਕਾਰੀ ਹਿਤ ਭਾਵੇਂ ਖੋਜਾਰਥੀ ਨੂੰ ਵਿਸਥਾਰਪੂਰਵਕ ਜਾਣਕਾਰੀ ਨਹੀਂ ਮਿਲ ਸਕੀ ਪ੍ਰੰਤੂ ਸੰਖੇਪ ਵਿਚ ਪ੍ਰਾਪਤ ਜਾਣਕਾਰੀ ਹਥਲੇ ਖੋਜ ਪ੍ਰਬੰਧ ਦੇ ਸੰਦਰਭ ਵਿਚ ਅਹਿਮ ਸਥਾਨ ਰੱਖਦੀ ਹੈ।

**3.3.1 ਭਾਈ ਕਪੂਰ ਸਿੰਘ** : ਰਾਗੀ ਭਾਈ ਜੁਵਾਲਾ ਸਿੰਘ ਪਿਛੋਕੜਲੇ ਚੌਥੀ ਪੀੜ੍ਹੀ ਦੇ ਤੱਕ ਦੇ ਹਵਾਲੇ (ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੇ ਹਵਾਲੇ ਨਾਲ) ਪ੍ਰਾਪਤ ਹੁੰਦੇ ਹਨ। ਚੌਥੀ ਪੀੜ੍ਹੀ ਦੇ ਭਾਈ ਕਪੂਰ ਸਿੰਘ ਹੋਏ ਹਨ। ਭਾਈ ਕਪੂਰ ਸਿੰਘ ਦੇ ਜਨਮ ਸਬੰਧੀ ਵੇਰਵੇ ਪ੍ਰਾਪਤ ਨਹੀਂ ਹੋ ਸਕੇ। ਆਪ ਦੇ ਵਰਤਮਾਨ ਵੰਸ਼ਜ ਆਪਣੀ ਇੱਕ ਪੀੜ੍ਹੀ ਔਸਤਨ 30 ਤੋਂ 40 ਸਾਲ ਦੀ ਮੰਨਦੇ ਹਨ ਇਸ ਲਈ ਆਪ ਦਾ ਸਮਾਂ 18ਵੀ ਸਦੀ ਦੇ ਪਹਿਲੇ ਦਹਾਕੇ ਤੋਂ ਛੇਵੇ ਦਹਾਕੇ ਭਾਵ 1700 ਤੋ 1760 ਈਸਵੀ ਬਣਦਾ ਹੈ।[12] ਆਪ ਦੇ ਪੂਰਵਜ਼ਾਂ ਵਿਚ ਸਧਾਰਣ ਸੋਖੀਆਂ ਰੀਤਾਂ ਅਤੇ ਧਾਰਨਾ ਦੇ ਕੀਰਤਨ ਦੀ ਰੀਤ ਪ੍ਰਾਰੰਭ ਹੋ ਚੁੱਕੀ ਸੀ। ਆਪ ਤਾਊਸ ਤੇ ਸਾਰੰਦੇ ਨਾਲ ਕੀਰਤਨ ਕਰਨ ਲੱਗ ਪਏ ਸਨ।[13] ਆਪ ਫਤਿਹਾਬਾਦ ਅੱਜ ਕੱਲ ਜਿਲ੍ਹਾ ਕਪੂਰਥਲਾ ਦੇ ਰਹਿਣ ਵਾਲੇ ਸਨ। ਫਤਿਹਾਬਾਦ ਰਹਿੰਦਿਆਂ ਆਪ ਅਤੇ ਆਪ ਦੇ ਬਜ਼ੁਰਗਾਂ ਨੇ ਗੁਰੂ ਬਖਸ਼ੀ ਕੀਰਤਨ ਦੀ ਦਾਤ ਨੂੰ ਜਿੱਥੇ ਸੰਭਾਲਿਆ ਉੱਥੇ ਇਸ ਦੇ ਅਭਿਆਸ ਹਿਤ ਅਣਥੱਕ ਮਿਹਨਤਾਂ ਵੀ ਕੀਤੀਆਂ। ਇਸ ਦਾਤ ਨੂੰ ਪ੍ਰਫੁੱਲਤ ਕਰਨ ਹਿਤ ਹਮੇਸ਼ਾਂ ਯਤਨਸ਼ੀਲ ਰਹੇ। ਉਸ ਸਮੇਂ ਵਿਚ ਫਤਿਹਾਬਾਦ ਮਾਲਵੇ ਅਤੇ ਦੁਆਬੇ ਦੀਆਂ ਸੰਗਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਵਿਖੇ ਦਰਸ਼ਨ ਕਰਨ ਹਿਤ ਜਾਂਦੀਆਂ ਸਨ, ਉਨ੍ਹਾਂ ਦੇ ਰਸਤੇ ਵਿਚ ਆਉਂਦਾ ਸੀ। ਇਨ੍ਹਾਂ ਸੰਗਤਾਂ ਵਿਚ ਜਿੱਥੇ ਗੁਰੂ ਪਿਆਰ ਵਿਚ ਭਿੱਜੇ ਸਤਸੰਗੀ ਹੁੰਦੇ ਸਨ ਉੱਥੇ ਗੁਰੂ ਘਰ ਦੇ ਕੀਰਤਨੀਏ ਵੀ ਹੁੰਦੇ ਸਨ। ਫਤਿਹਾਬਾਦ ਰਸਤੇ ਵਿਚ ਹੋਣ ਕਰਕੇ ਇੱਥੇ (ਫਤਿਹਾਬਾਦ) ਦੀਆਂ ਸੰਗਤਾਂ ਗੁਰੂ ਦੀ ਸੰਗਤਾਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਕਰਦੀਆਂ ਰਹਿੰਦੀਆਂ ਸਨ। ਭਾਈ ਕਪੂਰ ਸਿੰਘ ਤੇ ਉਨ੍ਹਾਂ ਦੇ ਪੂਰਵਜ਼ ਜਿੱਥੇ ਇਨ੍ਹਾਂ ਸੰਗਤਾਂ ਦਾ ਆਪਣੀ ਸਮਰੱਥਾ ਅਨੁਸਾਰ ਲੰਗਰ

ਪਾਣੀ ਦੀ ਸੇਵਾ ਕਰਦੇ ਉੱਥੇ ਉਨ੍ਹਾਂ ਵਿਚੋਂ ਜੋ ਗੁਰੂ ਘਰ ਦੇ ਕੀਰਤਨੀਏ ਹੁੰਦੇ ਉਨ੍ਹਾਂ ਨੂੰ ਆਪਣੇ ਕੋਲ ਠਹਿਰਾ ਕੇ ਕੀਰਤਨ ਦੀਆਂ ਰੀਤਾਂ ਸੁਣਦੇ ਤੇ ਉਨ੍ਹਾਂ ਨੂੰ ਆਪਣੀ ਸਿਮ੍ਰਤੀ ਵਿਚ ਵਸਾਉਣ ਦਾ ਯਤਨ ਕਰਦੇ। ਇਸੇ ਤਰ੍ਹਾਂ ਆਪ ਨੇ ਆਪਣੇ ਕੀਰਤਨ ਭੰਡਾਰ ਨੂੰ ਪ੍ਰਫੁੱਲਿਤ ਕੀਤਾ ਅਤੇ ਆਪਣੀਆਂ ਅਗਲੇਰੀਆਂ ਪੀੜ੍ਹੀਆਂ ਨੂੰ ਅਗਾਂਹ ਤੋਰਿਆ।[14]

**3.3.2 ਭਾਈ ਰਾਏ ਸਿੰਘ :** ਭਾਈ ਕਪੂਰ ਸਿੰਘ ਤੋਂ ਬਾਅਦ ਪੰਜਵੀਂ ਪੀੜ੍ਹੀ ਦੇ ਭਾਈ ਰਾਏ ਸਿੰਘ ਹੋਏ। ਆਪ ਭਾਈ ਕਪੂਰ ਸਿੰਘ ਦੇ ਸਪੁੱਤਰ ਸਨ। ਆਪ ਪਿੰਡ ਫਤਿਹਾਬਾਦ ਤੋਂ ਬਿੱਧੀਪੁਰ ਆ ਕੇ ਵੱਸੇ ਸਨ। ਆਪ ਦਾ ਸਮਾਂ ਕਾਲ 18ਵੀਂ ਸਦੀ ਦੇ ਚੌਥੇ ਦਹਾਕੇ ਤੋਂ ਦਸਵੇਂ ਦਹਾਕੇ ਤਕ ਦਾ ਹੋਵੇਗਾ। ਆਪ ਆਪਣੀ ਕਿਰਤ ਦੇ ਨਾਲ ਕੀਰਤਨ ਵੀ ਕਰਦੇ ਰਹੇ ਸਨ। ਆਪ ਨੇ ਜਿੱਥੇ ਖ਼ੁੱਦ ਕੀਰਤਨ ਕੀਤਾ ਉੱਥੇ ਇਸ ਕੀਰਤਨ ਵਿਧਾ ਨੂੰ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਵੀ ਸਿਖਾਇਆ।

**3.3.3 ਭਾਈ ਗੋਖਾ ਸਿੰਘ** : ਰਾਗੀ ਭਾਈ ਜੁਵਾਲਾ ਸਿੰਘ ਦੀ ਛੇਵੀਂ ਪੀੜ੍ਹੀ ਦੇ ਭਾਈ ਗੋਖਾ ਸਿੰਘ ਹੋਏ ਹਨ। ਆਪ ਦਾ ਜਨਮ ਬਿਧੀਪੁਰ ਵਿਖੇ ਭਾਈ ਰਾਏ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਦੇ ਜਨਮ ਸਬੰਧੀ ਵੇਰਵੇ ਪ੍ਰਾਪਤ ਨਹੀਂ ਹੁੰਦੇ। ਅਨੁਮਾਨ ਹੈ ਕਿ ਆਪ ਸਮਾਂ ਕਾਲ 18ਵੀ ਸਦੀ ਦੇ ਸਤਵੇਂ ਦਹਾਕੇ ਤੋਂ 19 ਸਦੀ ਦੇ ਪਹਿਲੇ ਦੂਜੇ ਦਹਾਕੇ ਦਾ ਰਿਹਾ ਹੋਵੇਗਾ। ਆਪ ਕਿਰਤੀ ਜਿੰਮੀਦਾਰ ਹੋਣ ਦੇ ਨਾਲ-ਨਾਲ ਕੀਰਤਨੀਏ ਵੀ ਸਨ। ਆਪ ਨੇ ਕੀਰਤਨ ਦੀ ਸਿੱਖਿਆ ਆਪਣੇ ਪਿਤਾ ਭਾਈ ਰਾਏ ਸਿੰਘ ਤੋਂ ਪ੍ਰਾਪਤ ਕੀਤੀ। ਆਪ ਦੇ ਦੋ ਸਪੁੱਤਰ ਭਾਈ ਭਾਗ ਸਿੰਘ ਤੇ ਭਾਈ ਝੰਡਾ ਸਿੰਘ ਸਨ[15]। ਆਪ ਦੇ ਵੱਡੇ ਸਪੁੱਤਰ ਭਾਈ ਭਾਗ ਸਿੰਘ ਨੇ ਆਪਣੀ ਕਿਰਤ ਦੇ ਨਾਲ-ਨਾਲ ਪਿਤਾ ਪੁਰਖੀ ਕੀਰਤਨ ਵਿਧਾ ਨੂੰ ਵੀ ਅਪਣਾਇਆ।

**3.3.4 ਭਾਈ ਭਾਗ ਸਿੰਘ** : ਰਾਗੀ ਭਾਈ ਜੁਵਾਲਾ ਸਿੰਘ ਦੀ ਸੱਤਵੀਂ ਪੀੜ੍ਹੀ ਦੇ ਕੀਰਤਨੀਏ ਭਾਈ ਭਾਗ ਸਿੰਘ ਮੰਨੇ ਜਾਂਦੇ ਹਨ। ਆਪ ਦਾ ਜਨਮ ਮਾਤਾ ਧੰਨੀ ਜੀ ਦੀ ਕੱਖੋਂ ਭਾਈ ਰਾਏ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਦੇ ਜਨਮ ਦੀ ਮਿਤੀ ਦੇ ਕੋਈ ਵੇਰਵੇ ਪ੍ਰਾਪਤ ਨਹੀਂ ਹੁੰਦੇ। ਆਪ ਦਾ ਸਮਾਂ 18ਵੀਂ ਸਦੀ ਦੇ 9ਵੇਂ ਦਹਾਕੇ ਤੋਂ 19ਵੀਂ ਸਦੀ ਦੇ ਤੀਸਰੇ ਚੋਥੇ ਦਹਾਕੇ ਦਾ ਅਨੁਮਾਨਤ ਬਣਦਾ ਹੈ। ਆਪ ਦੇ ਪੰਜ ਸਪੁੱਤਰ ਭਾਈ ਮੋਹਰ ਸਿੰਘ, ਭਾਈ ਰਾਮ ਸਿੰਘ, ਭਾਈ ਗੁਲਾਬ ਸਿੰਘ, ਭਾਈ ਵਜੀਰ ਸਿੰਘ ਅਤੇ ਭਾਈ ਦਇਆ ਸਿੰਘ ਹੋਏ ਹਨ। ਭਾਈ ਭਾਗ ਸਿੰਘ ਦਾ ਪਰਿਵਾਰ ਵੱਡਾ ਸੀ ਪਰ ਫਿਰ ਵੀ ਕਿਰਤ ਦੇ ਨਾਲ-ਨਾਲ ਆਪਣੀ ਕੀਰਤਨ

ਪਰੰਪਰਾ ਦਾ ਪੱਲਾ ਨਹੀਂ ਛੱਡਿਆ। ਆਪ ਦੇ ਸਪੁੱਤਰਾਂ ਵਿਚੋਂ ਕੇਵਲ ਭਾਈ ਮੋਹਰ ਸਿੰਘ ਦੇ ਕੀਰਤਨੀਏ ਹੋਣ ਦੇ ਹਵਾਲੇ ਪ੍ਰਾਪਤ ਹੁੰਦੇ ਹਨ।

**3.3.5 ਭਾਈ ਮੋਹਰ ਸਿੰਘ:** ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਫਤਿਆਬਾਦ ਰਹਿੰਦਿਆਂ ਭਾਈ ਜੁਵਾਲਾ ਸਿੰਘ ਦੇ ਬਜ਼ੁਰਗਾਂ ਨੇ ਗੁਰੂ ਬਖਸ਼ੀ ਕੀਰਤਨ ਦੀ ਦਾਤ ਨੂੰ ਜਿੱਥੇ ਸੰਭਾਲਿਆ ਉੱਥੇ ਇਸ ਦੇ ਅਭਿਆਸ ਹਿਤ ਅਣਥੱਕ ਮਿਹਨਤਾਂ ਵੀ ਕੀਤੀਆਂ। ਇਸ ਦਾਤ ਨੂੰ ਪ੍ਰਫੁੱਲਤ ਕਰਨ ਹਿਤ ਉਹ ਹਮੇਸ਼ਾਂ ਯਤਨਸ਼ੀਲ ਰਹੇ। ਫਤਿਆਬਾਦ ਤੋਂ ਬਾਅਦ ਭਾਈ ਜੁਵਾਲਾ ਸਿੰਘ ਦੇ ਪੂਰਵਜ਼ ਬਿਧੀਪੁਰ ਤੇ ਫਿਰ ਸੈਦਪੁਰ ਠੱਠਾ ਟਿੱਬਾ ਆ ਕੇ ਵਸੇ। ਉਨ੍ਹਾਂ ਵਿਚ ਭਾਈ ਜੁਵਾਲਾ ਸਿੰਘ ਦੇ ਦਾਦਾ ਮੇਹਰ ਸਿੰਘ ਦਾ ਨਾਂ ਸ਼ਾਮਲ ਹੈ।

ਭਾਈ ਮੋਹਰ ਸਿੰਘ ਭਾਈ ਭਾਗ ਸਿੰਘ ਦੇ ਸਭ ਤੋਂ ਵੱਡੇ ਸਪੁੱਤਰ ਸਨ। ਆਪ ਦਾ ਜਨਮ ਬਿੱਧੀਪੁਰ ਜਿਲ੍ਹਾ ਕਪੂਰਥਲਾ ਵਿਖੇ ਹੋਇਆ। ਬਾਅਦ ਵਿਚ ਆਪ ਸੈਦਪੁਰ ਆ ਕੇ ਵਸ ਗਏ। ਆਪ ਦੇ ਜਨਮ ਦੀ ਸਹੀ ਤਿਥੀ ਦਾ ਪਤਾ ਨਹੀਂ ਲੱਗ ਸਕਿਆ ਪਰ ਆਪ ਦੇ ਵੰਸ਼ਜਾਂ ਅਨੁਸਾਰ ਆਪ ਦਾ ਸਮਾਂ 19ਵੀ ਸਦੀ ਦੇ ਦੂਸਰੇ ਦਹਾਕੇ ਤੋਂ ਛੇਵੇਂ ਦਹਾਕੇ ਤਕ ਦਾ ਰਿਹਾ ਹੋਵੇਗਾ। ਆਪ ਦਾ ਦੂਸਰਾ ਨਾਮ ਭਾਈ ਟਹਿਲ ਸਿੰਘ ਵੀ ਸੀ ਜੋ ਆਪ ਜੀ ਦੇ ਅੰਮ੍ਰਿਤ ਛੱਕਣ ਤੋਂ ਬਾਅਦ ਰੱਖਿਆ ਗਿਆ ਸੀ।[16] ਆਪ ਨੇ ਕੀਰਤਨ ਦੀ ਸਿੱਖਿਆ ਆਪਣੇ ਪਿਤਾ ਪਾਸੋਂ ਹੀ ਗ੍ਰਹਿਣ ਕੀਤੀ। ਆਪ ਸਰੰਦੇ ਸਾਜ਼ ਨਾਲ ਕੀਰਤਨ ਕਰਦੇ ਸਨ ਪਰ ਆਪ ਦਾ ਰੋਜ਼ੀ ਰੋਟੀ ਦਾ ਕਿੱਤਾ ਦਸਤਕਾਰੀ ਤਰਖਾਣਾਂ, ਲੁਹਾਰਾ ਸੀ। ਜ਼ਿੰਮੀਦਾਰਾਂ ਕਿੱਤੇ ਦੇ ਨਾਲ-ਨਾਲ ਆਪ ਕੀਰਤਨ ਦਾ ਸ਼ੌਂਕ ਰੱਖਦੇ ਸਨ ਅਤੇ ਆਪਣੇ ਨੇੜੇ-ਨੇੜੇ ਦੇ ਇਲਾਕਿਆਂ ਵਿਚ ਕੀਰਤਨ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਸਨ। ਆਪ ਦੇ ਦੋ ਸਪੁੱਤਰ ਭਾਈ ਦੇਵਾ ਸਿੰਘ ਤੇ ਭਾਈ ਬੂੜ ਸਿੰਘ ਸਨ। ਆਪ ਦੇ ਸਪੁੱਤਰ ਭਾਈ ਦੇਵਾ ਸਿੰਘ ਆਪ ਨਾਲ ਕੀਰਤਨ ਦੀ ਸੇਵਾ ਨਿਭਾਉਂਦੇ ਸਨ।[17]

**3.3.6 ਭਾਈ ਦੇਵਾ ਸਿੰਘ:** ਰਾਗੀ ਜੁਵਾਲਾ ਸਿੰਘ ਦੇ ਦਾਦਾ ਭਾਈ ਦੇਵਾ ਸਿੰਘ ਭਾਈ ਮਿਹਰ ਸਿੰਘ ਦੇ ਸਭ ਤੋਂ ਵੱਡੇ ਸਪੁੱਤਰ ਸਨ। ਆਪ ਦਾ ਜਨਮ ਮਾਤਾ ਭਾਨੀ ਜੀ ਦੀ ਕੁੱਖੋਂ ਸੈਦਪੁਰ ਵਿਖੇ ਹੋਇਆ। ਆਪ ਦੇ ਜਨਮ ਸਮੇਂ ਦੇ ਵੇਰਵੇ ਪ੍ਰਾਪਤ ਨਹੀਂ ਹੁੰਦੇ। ਆਪ ਦਾ ਸਮਾਂ ਕਾਲ 1830-1900 ਦੇ ਲਗਭਗ ਬਣਦਾ ਹੈ। ਆਪ ਦੇ ਚਾਰ ਸਪੁੱਤਰ ਭਾਈ ਨਾਰਾਇਣ ਸਿੰਘ, ਭਾਈ ਸਾਵਨ ਸਿੰਘ, ਭਾਈ ਜੁਵਾਲਾ ਸਿੰਘ, ਭਾਈ ਸੁੰਦਰ ਸਿੰਘ ਸਨ।[18] ਆਪ ਦਾ ਮੁੱਖ ਕਿੱਤਾ ਲੁਹਾਰਾਂ, ਤਰਖਾਣਾਂ ਤੇ ਖੇਤੀ ਸੀ। ਭਾਵੇਂ ਆਪ ਕੋਲ ਖੇਤੀਬਾੜੀ ਲਈ

ਉਪਲੱਬਧ ਜ਼ਮੀਨ ਨਹੀਂ ਸੀ ਫਿਰ ਵੀ ਆਪ ਨੇ ਵਟਾਈ ਤੇ ਜ਼ਮੀਨ ਲੈ ਕੇ ਖੇਤੀ ਦਾ ਧੰਦਾ ਵੀ ਕੀਤਾ। ਆਪ ਨੇ ਕੀਰਤਨ ਦੀ ਸਿੱਖਿਆ ਆਪਣੇ ਪਿਤਾ ਪਾਸੋਂ ਹੀ ਹਾਸਲ ਕੀਤੀ। ਆਪ ਆਪਣੇ ਪਿਤਾ ਦੇ ਨਾਲ ਸਹਾਇਕ ਦੇ ਤੌਰ 'ਤੇ ਕੀਰਤਨ ਦੀ ਸੇਵਾ ਵੀ ਨਿਭਾਉਂਦੇ ਰਹੇ। ਆਪ ਨੂੰ ਕੀਰਤਨ ਦਾ ਇੰਨਾ ਸ਼ੌਂਕ ਸੀ ਕਿ ਆਪ ਨੇ ਆਪਣੀ ਮਿਹਨਤ ਤੇ ਲਗਨ ਨਾਲ ਰਾਗਾਂ ਵਿਚ ਕੀਰਤਨ ਕਰਨ ਦੀ ਮੁਹਾਰਤ ਹਾਸਲ ਕਰ ਲਈ ਸੀ। ਭਾਈ ਦੇਵਾ ਸਿੰਘ ਕੋਲ ਹਰ ਸਮੇਂ ਦੋ ਚਾਰ ਕੀਰਤਨੀਏ ਆਉਂਦੇ ਜਾਂਦੇ ਟਿੱਕ ਜਾਂਦੇ ਸਨ। ਆਪ ਜੀ ਜਿੱਥੇ ਉਨ੍ਹਾਂ ਕੋਲੋਂ ਆਪ ਕੀਰਤਨ ਦਾ ਲਾਹਾ ਲੈਂਦੇ ਉੱਥੇ ਆਪਣੇ ਸਪੁੱਤਰਾਂ ਨੂੰ ਇਸ ਦਿਸ਼ਾ ਵੱਲ ਪ੍ਰੇਰਦੇ। ਆਪ ਦੇ ਨਾਲ ਆਪ ਦੇ ਵੱਡੇ ਸਪੁੱਤਰ ਭਾਈ ਨਰੈਣ ਸਿੰਘ ਤਾਉਸ ਅਤੇ ਜੋੜੀ ਉੱਤੇ ਛੋਟੇ ਸਪੁੱਤਰ ਸਾਵਨ ਸਿੰਘ ਕੀਰਤਨ ਦੀ ਸੇਵਾ ਹਿਤ ਸਾਥ ਨਿਭਾਉਂਦੇ ਸਨ।[19] ਆਪ ਨੇ ਆਪਣੀ ਪਿਤਾ ਪੁਰਖੀਂ ਕੀਰਤਨ ਵਿਧਾ ਨੂੰ ਆਪਣੇ ਸਪੁੱਤਰਾਂ ਨੂੰ ਅੱਗੇ ਸਿਖਾਇਆ ਜਿਨ੍ਹਾਂ ਵਿਚੋਂ ਰਾਗੀ ਜੁਵਾਲਾ ਸਿੰਘ ਨੇ ਆਪਣਾ ਸਾਰਾ ਜੀਵਨ ਹੀ ਇਸ ਲਈ ਸਮਰਪਿਤ ਕੀਤਾ। ਇਸ ਸੰਦਰਭ ਵਿਚ ਅਸੀਂ ਖੋਜ ਪਰਬੰਧ ਦੇ ਦੂਜੇ ਅਧਿਆਇ ਵਿਚ ਵਿਸਥਾਰ ਨਾਲ ਚਰਚਾ ਕਰ ਆਏ ਹਾਂ। ਰਾਗੀ ਭਾਈ ਜੁਵਾਲਾ ਸਿੰਘ ਦੇ ਦੋ ਵੱਡੇ ਭਰਾ ਭਾਈ ਨਾਰਾਇਣ ਸਿੰਘ ਤੇ ਭਾਈ ਸਾਵਨ ਸਿੰਘ ਦੇ ਵੀ ਆਪਣੇ ਪਿਤਾ ਨਾਲ ਕੀਰਤਨ ਕਰਨ ਦੇ ਹਵਾਲੇ ਮਿਲਦੇ ਹਨ।

**3.3.7 ਭਾਈ ਸ਼ਰਧਾ ਸਿੰਘ** : ਰਾਗੀ ਜੁਵਾਲਾ ਸਿੰਘ ਕੀਰਤਨ ਘਰਾਣੇ ਦੇ ਸਬੰਧ ਵਿਚ ਉਸਤਾਦ ਭਾਈ ਸ਼ਰਧਾ ਸਿੰਘ ਦਾ ਨਾਮ ਵਿਸ਼ੇਸ਼ ਸਥਾਨ ਰੱਖਦਾ ਹੈ। ਆਪ ਦੇ ਜਨਮ ਤੇ ਹੋਰ ਵੇਰਵੇ ਪ੍ਰਾਪਤ ਨਹੀਂ ਹੁੰਦੇ ਕਿਉਂਜੋ ਆਪ ਰਾਗੀ ਭਾਈ ਜੁਲਾਵਾ ਸਿੰਘ ਦੇ ਸੰਗੀਤ ਉਸਤਾਦ ਸਨ ਅਤੇ ਭਾਈ ਦੇਵਾ ਸਿੰਘ ਦੇ ਮਿੱਤਰ ਸਨ ਇਸ ਲਈ ਆਪ ਦਾ ਜੀਵਨ ਕਾਲ 19ਸਦੀ ਦੇ ਚੋਥੇ ਦਹਾਕੇ ਤੋਂ 20 ਸਦੀ ਦੇ ਤੀਸਰੇ ਦਹਾਕੇ ਤੱਕ ਦਾ ਬਣਦਾ ਹੈ। ਭਾਈ ਸ਼ਰਧਾ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਰਾਗੀ ਸਨ। ਆਪ ਅੱਖਾਂ ਤੋਂ ਨੇਤਰਹੀਣ ਸਨ। ਆਪ ਨੇ ਹੁਸ਼ਿਆਰਪੁਰ ਦੇ ਗੜ੍ਹਬੜੀ ਨਗਰ ਵਿਚ ਉਸ ਵਕਤ ਦੀ ਗੁਰਮਤਿ ਵਿੱਦਿਆ ਦੀ ਟਕਸਾਲ ਵਿਚੋਂ ਸੰਗੀਤ ਸਿੱਖਿਆ ਹਾਸਲ ਕੀਤੀ ਸੀ।[20] ਇਹ ਟਕਸਾਲ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਿਤ ਪੰਜਾਂ ਪਿਆਰਿਆਂ ਵਿਚੋਂ ਭਾਈ ਧਰਮ ਸਿੰਘ ਜੀ ਦੀ ਦੇਖ-ਰੇਖ ਵਿਚ ਚਲਦੀ ਸੀ। ਭਾਈ ਧਰਮ ਸਿੰਘ ਜੀ ਆਪ ਸਾਰੰਦੇ ਨਾਲ ਕੀਰਤਨ ਦੀ ਸਿੱਖਿਆ ਵਿਦਿਆਰਥੀਆਂ ਨੂੰ ਦਿੰਦੇ ਸਨ। ਭਾਈ ਸ਼ਰਧਾ ਸਿੰਘ ਨੇ ਇਸ ਟਕਸਾਲ ਵਿਚੋਂ ਤਾਉਸ, ਸਿਤਾਰ, ਜੋੜੀ ਅਤੇ ਪੁਰਾਤਨ ਰੀਤਾਂ ਦੀ ਸਿੱਖਿਆ ਪ੍ਰਾਪਤ ਕੀਤੀ। ਇਕ ਹਵਾਲੇ

ਨਾਲ ਭਾਈ ਸ਼ਰਧਾ ਸਿੰਘ ਜੀ ਕੋਲ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਚੱਲੀਆਂ ਆ ਰਹੀਆਂ ਪੁਰਾਤਨ ਬੰਦਿਸ਼ਾਂ ਦਾ ਖਜ਼ਾਨਾ ਮੌਜੂਦ ਸੀ ਜੋ ਉਨ੍ਹਾਂ ਨੇ ਸੀਨਾ-ਬ-ਸੀਨਾ ਚਲੀ ਆ ਰਹੀ ਵਿੱਦਿਆ ਰਾਹੀਂ ਸਿੱਖਿਆ।[21] ਉਪਰੰਤ ਭਾਈ ਸ਼ਰਧਾ ਸਿੰਘ ਜ਼ਿਲ੍ਹਾ ਫਿਰੋਜ਼ਪੁਰ ਨਗਰ ਸੇਖਵਾਂ ਵਿਖੇ ਪ੍ਰਸਿੱਧ ਡੇਰੇ ਵਿਚ ਸੰਗੀਤ ਦੀ ਸਿੱਖਿਆ ਦੇਣ ਵਿਚ ਲੱਗ ਗਏ। ਇਸੇ ਡੇਰੇ ਵਿਚ ਗਿਆਨੀ ਬਤਨ ਸਿੰਘ ਜੀ ਨੇ ਫਰੀਦਕੋਟ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਟੀਕਾ ਬੜੀ ਮਿਹਨਤ ਨਾਲ ਸੰਪੂਰਨ ਕੀਤਾ ਸੀ। ਇਹ ਟਕਸਾਲ ਆਪਣੇ ਆਪ ਵਿਚ ਇਕ ਯੂਨੀਵਰਸਿਟੀ ਵਰਗੀ ਸੰਸਥਾ ਦਾ ਸਥਾਨ ਰੱਖਦੀ ਸੀ।[22] ਭਾਈ ਸ਼ਰਧਾ ਸਿੰਘ ਜਿੱਥੇ ਇਸ ਸਥਾਨ 'ਤੇ ਵਿਦਿਆਰਥੀਆਂ ਨੂੰ ਕੀਰਤਨ ਦੀ ਸਿੱਖਿਆ ਪ੍ਰਦਾਨ ਕਰਦੇ ਸਨ ਉੱਥੇ ਦੇਸ਼ ਪਰਦੇਸ਼ ਵਿਚ ਜੱਥਾ ਬਣਾ ਕੇ ਕੀਰਤਨ ਦੀ ਸੇਵਾ ਵੀ ਕਰਨ ਲੱਗ ਪਏ ਸਨ। ਇਸੇ ਸਫ਼ਰ ਦੌਰਾਨ ਭਾਈ ਸ਼ਰਧਾ ਸਿੰਘ ਦਾ ਭਾਈ ਦੇਵਾ ਸਿੰਘ ਨਾਲ ਮਿਲਾਪ ਹੋਇਆ ਤੇ ਇਹ ਮਿਲਾਪ ਇਕ ਪੱਗ ਵੱਟ ਭਰਾ ਦੇ ਰੂਪ ਵਿਚ ਪ੍ਰਵਾਨ ਚੜ੍ਹਿਆ। ਇਸੇ ਪਿਆਰੇ ਰਿਸ਼ਤੇਦਾਰ ਆਪ ਹਮੇਸ਼ਾਂ ਜਦੋਂ ਵੀ ਅਮ੍ਰਿਤਸਰ ਵੱਲ ਜਾਂਦੇ ਤਾਂ ਸ੍ਰ. ਦੇਵਾ ਸਿੰਘ ਜੀ ਕੋਲ ਜ਼ਰੂਰ ਠਹਿਰਦੇ। ਆਪ ਨੇ ਭਾਈ ਦੇਵਾ ਸਿੰਘ ਦੇ ਬੱਚਿਆਂ ਨੂੰ ਕੀਰਤਨ ਦੀ ਸਿਖਲਾਈ ਵੀ ਸ਼ੁਰੂ ਕੀਤੀ, ਜਿਨ੍ਹਾਂ ਵਿਚ ਭਾਈ ਜੁਵਾਲਾ ਸਿੰਘ ਦੀ ਕੀਰਤਨ ਪ੍ਰਤੀ ਲਗਨ ਨੂੰ ਦੇਖ ਕੇ ਆਪ ਨੇ ਉਨ੍ਹਾਂ ਨੂੰ ਆਪਣਾ ਸ਼ਾਗਿਰਦ ਬਣਾ ਲਿਆ। ਭਾਈ ਦੇਵਾ ਸਿੰਘ ਦੇ ਅੰਤਿਮ ਸਮੇਂ ਤੱਕ ਉਨ੍ਹਾਂ ਨੂੰ ਕੀਰਤਨ ਸਿਖਾਉਂਦੇ ਰਹੇ ਉਪਰੰਤ ਜਦੋਂ ਭਾਈ ਦੇਵਾ ਸਿੰਘ ਅਕਾਲ ਚਲਾਣਾ ਕਰ ਗਏ ਤਾਂ ਇਕ ਉਸਤਾਦ ਦੇ ਨਾਲ-ਨਾਲ ਪਿਤਾ ਦੇ ਰੂਪ ਵਿਚ ਪਿਆਰ ਕੀਤਾ। ਆਪ ਦੇ ਉਦਮ ਸਦਕਾ ਹੀ ਰਾਗੀ ਭਾਈ ਜੁਵਾਲਾ ਸਿੰਘ ਬਾਬਾ ਰੰਗੀ ਰਾਮ ਭਾਵ ਰਾਗੀ ਭਾਈ ਵਸਾਵਾ ਸਿੰਘ ਕੋਲੋਂ ਸਿੱਖ ਸਕਿਆ।

**3.3.8 ਭਾਈ ਵਸਾਵਾ ਸਿੰਘ**: ਰਾਗੀ ਭਾਈ ਜੁਵਾਲਾ ਸਿੰਘ ਦੇ ਸੰਗੀਤਕ ਗੁਰੂ ਹਜ਼ੂਰੀ ਰਾਗੀ ਭਾਈ ਵਸਾਵਾ ਸਿੰਘ ਪ੍ਰਸਿੱਧ ਕੀਰਤਨੀਏ ਤੇ ਸੰਗੀਤ ਵਿਦਵਾਨ ਸਨ। ਆਪ ਦੇ ਜਨਮ ਤੇ ਹੋਰ ਵੇਰਵੇ ਪ੍ਰਾਪਤ ਨਹੀਂ ਹੁੰਦੇ ਪਰ ਆਪ 19 ਸਦੀ ਦੇ ਤੀਸਰੇ ਦਹਾਕੇ 20 ਸਦੀ ਦੇ ਦੂਸਰੇ ਤਕ ਦੇ ਕੀਰਤਨੀਏ ਹੋਏ ਹਨ। ਇਸ ਦੇ ਨਾਲ ਨਾਲ ਆਪ ਦੀ ਆਪ ਆਪਣੀ ਬਿਰਤੀ ਹਮੇਸ਼ਾਂ ਭਜਨ ਬੰਦਗੀ ਵਿਚ ਹੀ ਲਗਾ ਕੇ ਰੱਖਦੇ ਸਨ ਜਿਸ ਕਾਰਨ ਆਪ ਨੂੰ ਬਾਬਾ *ਰੰਗੀ ਰਾਮ* ਕਰਕੇ ਵੀ ਜਾਣਿਆ ਜਾਂਦਾ ਸੀ।[23] ਆਪ ਨੇ ਮਹਾਰਾਜਾ ਪਟਿਆਲੇ ਦੇ ਦਰਬਾਰੀ ਸੰਗੀਤਕਾਰ ਬਾਬਾ ਪੁਸ਼ਕਰ ਬੀਨਕਾਰ ਅਤੇ ਬਾਬਾ ਸੂਰ ਸਾਗਰ(ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ੍ਰੀ

ਅੰਮ੍ਰਿਤਸਰ ਚੌਂਕ ਪਰਾਗ ਦਾਸ ਉਦਾਸੀ ਸੰਪ੍ਰਦਾਏ ਦੇ ਵਿਦਵਾਨ ਗੰਧਰਬ ਰਾਗੀ ਸਨ) ਤੋਂ ਸਿੱਖਿਆ ਪ੍ਰਾਪਤ ਕੀਤੀ ਸੀ।[24] ਭਾਈ ਵਸਾਵਾ ਸਿੰਘ ਕੋਲ ਪੁਰਾਤਨ ਰੀਤਾਂ ਦਾ ਖਜਾਨਾ ਮੌਜੂਦ ਸੀ। ਸ੍ਰੀ ਦਰਬਾਰ ਸਾਹਿਬ ਵਿਚ ਸੰਗਤਾਂ ਆਪ ਜੀ ਪਾਸੋਂ ਦੀ ਆਸਾ ਦੀ ਵਾਰ ਦਾ ਕੀਰਤਨ ਵਿਸ਼ੇਸ਼ ਰੂਪ ਵਿਚ ਸੁਨਣ ਆਉਂਦੀਆਂ ਸਨ। ਕੀਰਤਨੀਆਂ ਵਿਚ ਆਪ ਦੀ ਵਿਦਵਤਾ ਦੀ ਖੂਬ ਚਰਚਾ ਸੀ। ਸੈਂਕੜੇ ਵਿਦਿਆਰਥੀ ਆਪ ਕੋਲ ਕੀਰਤਨ ਸਿੱਖਣ ਹਿਤ ਤਤਪਰ ਰਹਿੰਦੇ ਸਨ ਜਿਸ ਕਾਰਨ ਆਪ ਨੇ ਆਪਣੇ ਸਿਖਾਉਂਣ ਦੀ ਫੀਸ ਵਧਾ ਕੇ ਰੱਖੀ ਹੋਈ ਸੀ। ਇਸ ਦੇ ਬਾਵਜੂਦ ਆਪ ਕੋਲ ਵਿਦਿਆਰਥੀਆਂ ਦਾ ਰਸ਼ ਰਹਿੰਦਾ ਸੀ। ਆਪ ਇੱਕ ਰੀਤ ਸਿਖਾਉਣ ਦੇ ਦੋ ਰੁਪੈ ਲੈਂਦੇ ਸਨ। ਉਦੋਂ ਸਿੱਕੇ ਚਾਂਦੀ ਦੇ ਹੁੰਦੇ ਸਨ। ਇਸੇ ਕਾਰਨ ਜਦੋਂ ਪਹਿਲੀ ਵਾਰ ਭਾਈ ਸ਼ਰਧਾ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਨੂੰ ਆਪ ਕੋਲ ਲੈ ਕੇ ਆਏ ਤਾਂ ਉਹ ਕੀਰਤਨ ਸਿੱਖ ਨਾ ਸਕੇ। ਮੁੜ ਮਾਇਆ ਦਾ ਚੋਖਾ ਪ੍ਰਬੰਧ ਕਰਕੇ ਹੀ ਆਪ ਕੋਲ ਆਏ। ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਨੇ ਆਪ ਕੋਲੋਂ ਕੀਰਤਨ ਵਿਦਿਆ ਹਾਸਲ ਕੀਤੀ। ਬਾਅਦ ਵਿਚ ਆਪ ਰਾਗੀ ਭਾਈ ਜੁਵਾਲਾ ਸਿੰਘ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਫਿਰ ਪਿਆਰ ਵਿਚ ਉਹ ਵੀ ਸਿਖਾਇਆ ਜੋ ਪੈਸਿਆਂ ਨਾਲ ਵੀ ਸੀ ਨਹੀਂ ਖਰੀਦਿਆ ਜਾ ਸਕਦਾ। ਇਸ ਤੋਂ ਆਪ ਦੇ ਸੰਗੀਤ ਪ੍ਰੇਮੀ ਹੋਣ ਦਾ ਪਤਾ ਲੱਗਦਾ ਹੈ। ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੇ ਪਰਿਪੇਖ ਵਿੱਖ ਭਾਈ ਵਸਾਵਾ ਸਿੰਘ ਦਾ ਬੁਨਿਆਦੀ ਯੋਗਦਾਨ ਰਿਹਾ।

**3.3.9 ਭਾਈ ਨਾਰਾਇਣ ਸਿੰਘ:** ਰਾਗੀ ਭਾਈ ਜੁਵਾਲਾ ਸਿੰਘ ਦੇ ਸਭ ਤੋਂ ਵੱਡੇ ਭਰਾਤਾ ਭਾਈ ਨਾਰਾਇਣ ਸਨ। ਆਪ ਦਾ ਜਨਮ ਬੀਬੀ ਨੰਦਾ ਦੀ ਕੁੱਖੋਂ ਸੈਦਪੁਰ ਵਿਖੇ ਹੋਇਆ। ਕਿਉਂ ਜੋ ਆਪ ਰਾਗੀ ਭਾਈ ਜੁਵਾਲਾ ਸਿੰਘ ਦੇ ਵੱਡੇ ਭਾਰਤਾ ਸਨ ਇਸ ਲਈ ਆਪ ਦਾ ਜਨਮ ਲਗਭਗ 1865-70 ਦੇ ਆਸ ਪਾਸ ਦਾ ਹੋਵੇਗਾ ਪਰ ਇਸ ਸਬੰਧੀ ਕੋਈ ਪ੍ਰਤੱਖ ਪ੍ਰਮਾਣ ਨਹੀਂ ਮਿਲਦੇ। ਆਪ ਆਪਣੇ ਪਿਤਾ ਭਾਈ ਦੇਵਾ ਸਿੰਘ ਨਾਲ ਤਾਊਸ 'ਤੇ ਕੀਰਤਨ ਦੀ ਸੇਵਾ ਨਿਭਾਉਂਦੇ ਸਨ। ਆਪ ਨੇ ਕੀਰਤਨ ਦੀ ਸਿੱਖਿਆ ਆਪਣੇ ਪਿਤਾ ਪਾਸੋਂ ਹੀ ਪ੍ਰਾਪਤ ਕੀਤੀ ਸੀ। ਆਪ ਦੇ ਤਿੰਨ ਸਪੁੱਤਰ ਭਾਈ ਹਰਨਾਮ ਸਿੰਘ, ਭਾਈ ਭਗਤ ਸਿੰਘ, ਭਾਈ ਲਾਭ ਸਿੰਘ ਸਨ। ਭਾਈ ਭਗਤ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਦੇ ਜੱਥੇ ਨਾਲ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਇਸ ਦਾ ਜ਼ਿਕਰ ਅੱਗੇ ਆਵੇਗਾ। ਭਾਈ ਨਾਰਾਇਣ ਸਿੰਘ ਦੇ ਛੋਟੇ ਅਤੇ ਰਾਗੀ ਭਾਈ ਜੁਵਾਲਾ ਸਿੰਘ ਦੇ ਵੱਡੇ ਭਰਾ ਭਾਈ ਸਾਵਨ ਸਿੰਘ ਵੀ ਕੀਰਤਨ ਹਿਤ ਜੋੜੀ ਦੀ ਸੇਵਾ ਨਿਭਾਉਂਦੇ ਰਹੇ।

**3.3.10 ਭਾਈ ਸਾਵਨ ਸਿੰਘ** : ਭਾਈ ਦੇਵਾ ਸਿੰਘ ਦੇ ਚਾਰ ਸਪੁੱਤਰਾਂ ਵਿਚੋਂ ਭਾਈ ਸਾਵਨ ਸਿੰਘ ਇੱਕ ਸਨ। ਆਪ ਭਾਈ ਨਾਰਾਇਣ ਸਿੰਘ ਤੋਂ ਛੋਟੇ ਸਨ। ਆਪ ਦਾ ਜਨਮ ਬੀਬੀ ਨੰਦਾ ਦੀ ਕੁੱਖੋਂ ਸੈਦਪੁਰ ਵਿਖੇ ਹੋਇਆ। ਕਿਉਂ ਜੋ ਆਪ ਵੀ ਰਾਗੀ ਭਾਈ ਜੁਵਾਲਾ ਸਿੰਘ ਦੇ ਵੱਡੇ ਭਰਾਤਾ ਸਨ ਇਸ ਲਈ ਆਪ ਦਾ ਜਨਮ ਲਗਭਗ 1868-75 ਦੇ ਆਸ ਪਾਸ ਦਾ ਹੋਵੇਗਾ ਪਰ ਇਸ ਸਬੰਧੀ ਕੋਈ ਪ੍ਰਤੱਖ ਪ੍ਰਮਾਣ ਪ੍ਰਾਪਤ ਨਹੀਂ ਮਿਲਦੇ। ਆਪ ਨੇ ਆਪਣੇ ਵੱਡੇ ਭਰਾ ਦੀ ਤਰ੍ਹਾਂ ਕੀਰਤਨ ਦੀ ਸਿੱਖਲਾਈ ਆਪਣੇ ਪਿਤਾ ਭਾਈ ਦੇਵਾ ਸਿੰਘ ਤੋਂ ਪ੍ਰਾਪਤ ਕੀਤੀ। ਆਪ ਜੋੜੀ ਵਾਦਨ ਵਿਚ ਮੁਹਾਰਤ ਰੱਖਦੇ ਸਨ। ਭਾਈ ਦੇਵਾ ਸਿੰਘ ਦੇ ਜੱਥੇ ਨਾਲ ਆਪ ਜੋੜੀ ਵਾਦਨ ਦੀ ਸੇਵਾ ਕਰਦੇ ਸਨ। ਜੋੜੀ ਦੀ ਸਿੱਖਲਾਈ ਵੀ ਆਪ ਨੇ ਆਪਣੇ ਪਿਤਾ ਪਾਸੋਂ ਹੀ ਹਾਸਲ ਕੀਤੀ।[25] ਆਪ ਦੇ ਦੋ ਸਪੁੱਤਰ ਭਾਈ ਸੰਤਾ ਸਿਘ ਤੇ ਭਾਈ ਸ਼ੇਰ ਸਿੰਘ ਸਨ।

**3.3.11 ਭਾਈ ਸ਼ੇਰ ਸਿੰਘ**: ਭਾਈ ਸ਼ੇਰ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨੀ ਜੱਥੇ ਨਾਲ ਲੰਬਾ ਸਮਾਂ ਜੋੜੀ ਵਾਦਨ ਦੀ ਸੇਵਾ ਨਿਭਾਉਂਦੇ ਰਹੇ। ਆਪ ਦਾ ਜਨਮ ਭਾਈ ਸਾਵਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਕਿਉਂ ਜੋ ਆਪ ਰਾਗੀ ਭਾਈ ਜੁਵਾਲਾ ਸਿੰਘ ਦੇ ਭਤੀਜੇ ਸਨ ਇਸ ਲਈ ਆਪ ਦਾ ਜਨਮ ਲਗਭਗ 1900 ਦੇ ਆਸ ਪਾਸ ਦਾ ਹੋਵੇਗਾ ਪਰ ਇਸ ਸਬੰਧੀ ਵੀ ਕੋਈ ਪ੍ਰਤੱਖ ਪ੍ਰਮਾਣ ਪ੍ਰਾਪਤ ਨਹੀਂ ਮਿਲਦੇ। ਆਪ ਨੇ ਸੰਗੀਤ ਦੀ ਮੁੱਢਲੀ ਸਿੱਖਿਆ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ। ਉਪਰੰਤ ਆਪਣੇ ਚਾਚਾ ਰਾਗੀ ਜੁਵਾਲਾ ਸਿੰਘ ਤੋਂ ਵੀ ਕੀਰਤਨ ਤੇ ਜੋੜੀ




ਵਾਦਨ ਦੀ ਸਿੱਖਿਆ ਪ੍ਰਾਪਤ ਕੀਤੀ। ਆਪਣੇ ਜੀਵਨ ਦੇ ਅੰਤ ਤਕ ਆਪ ਭਾਈ ਜੁਵਾਲਾ ਸਿੰਘ ਦੇ ਕੀਰਤਨੀ

ਜਥੇ ਵਿਚ ਜੋੜੀ ਵਾਦਨ ਦੀ ਸੇਵਾ ਨਿਭਾਉਂਦੇ ਰਹੇ।[26] ਆਪ ਰਾਗੀ ਭਾਈ ਜੁਵਾਲਾ ਸਿੰਘ ਦੇ ਨਾਲ ਜੈਤੋਂ ਦੇ 17ਵੇਂ ਪੰਜ ਸੋ ਦੇ ਸ਼ਹੀਦੀ ਜੱਥੇ ਵਿਚ ਸ਼ਾਮਿਲ ਸਨ। ਇਸ ਸ਼ਹਿਦੀ ਜੱਥੇ ਵਲੋਂ ਰਸਤੇ ਵਿਚ ਕੀਤੇ ਜਾਂਦੇ ਪੜਾਅ 'ਤੇ ਭਾਈ ਜੁਵਾਲਾ ਸਿੰਘ ਕੀਰਤਨ ਕਰਦੇ ਸਨ ਤੇ ਆਪ ਜੋੜੀ ਦੀ ਸੇਵਾ ਕਰਦੇ ਸਨ। ਇਸ ਤੋਂ ਆਪ ਦੀ ਨਿਡਰ ਬਹਾਦਰੀ ਭਰਪੂਰ ਸ਼ਖਸ਼ੀਅਤ ਉਭਰ ਕੇ ਸਾਹਮਣੇ ਆਉਂਦੀ ਹੈ।[27] ਇਸ ਤੋਂ ਇਲਾਵਾ ਰਾਗੀ ਭਾਈ ਜੁਵਾਲਾ ਸਿੰਘ ਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਭਰੀਆਂ ਕਈ ਕੀਰਤਨ ਹਾਜ਼ਰੀਆਂ ਵਿਚ ਆਪ ਵਲੋਂ ਜੋੜੀ ਦੀ ਕੀਤੀ ਸੇਵਾ ਦੇ ਹਵਾਲੇ ਵੀ ਪ੍ਰਾਪਤ ਹੁੰਦੇ ਹਨ।[28] ਸ਼ੇਰ ਸਿੰਘ ਤੋਂ ਬਾਅਦ ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੇ ਸੰਦਰਭ ਵਿਚ ਆਪ ਵੱਡੇ ਭਰਾ ਦੇ ਸਪੁੱਤਰ ਭਾਈ ਭਗਤ ਸਿੰਘ ਦਾ ਨਾਮ ਆਉਂਦਾ ਹੈ।



**3.3.12 ਭਾਈ ਭਗਤ ਸਿੰਘ:** ਰਾਗੀ ਭਾਈ ਸਿੰਘ ਦੇ ਸ਼ਾਗਿਰਦਾਂ ਵਿਚੋਂ ਭਾਈ ਭਗਤ ਸਿੰਘ ਇੱਕ ਸਨ। ਆਪ ਦਾ ਜਨਮ ਬੀਬੀ ਅਤਰੀ ਦੀ ਕੱਖੋਂ ਭਾਈ ਨਾਰਾਇਣ ਸਿੰਘ ਦੇ ਗ੍ਰਹਿ ਵਿਖੇ ਹੋਇਆ। ਕਿਉਂ ਜੋ ਆਪ ਵੀ ਰਾਗੀ ਭਾਈ ਜੁਵਾਲਾ ਸਿੰਘ ਦੇ ਵੱਡੇ ਭਾਰਤਾ ਭਾਈ ਨਾਰਾਇਣ ਸਿੰਘ ਦੇ ਸਪੁੱਤਰ ਸਨ ਇਸ ਲਈ ਆਪ ਦਾ ਜਨਮ ਲਗਭਗ 1900 ਦੇ ਆਸ ਪਾਸ ਦਾ ਹੋਵੇਗਾ ਪਰ ਇਸ ਸਬੰਧੀ ਵੀ ਕੋਈ ਪ੍ਰਤੱਖ ਪ੍ਰਮਾਣ ਪ੍ਰਾਪਤ ਨਹੀਂ ਮਿਲਦੇ। ਆਪ ਨੂੰ ਪਿਤਾ ਨਾਰਾਇਣ, ਦੋ ਚਾਚੇ ਭਾਈ ਸਾਵਨ ਸਿੰਘ, ਭਾਈ ਜੁਵਾਲਾ ਸਿੰਘ ਸੰਗੀਤ ਵਿਦਵਾਨਾਂ ਦਾ ਸੰਗ ਮਾਨਣ ਦਾ ਸੁਭਾਗ ਪ੍ਰਾਪਤ ਸੀ। ਪਿਤਾ ਦਾ ਸਾਇਆ ਜਲਦੀ ਸਿਰੋਂ ਉੱਠਣ ਕਾਰਨ ਆਪ ਪਹਿਲਾਂ ਪਹਿਲ ਆਪਣੀ ਮਾਤਾ ਦੇ ਨਾਲ ਆਪਣੇ ਮਾਮੇ ਦੇ ਗ੍ਰਹਿ ਚਲੇ

ਗਏ ਸਨ। ਫਿਰ ਮਾਮਾ ਜੀ ਦੇ ਵੀ ਅਕਾਲ ਵਸ ਹੋਣ ਕਾਰਨ ਆਪ ਨੂੰ ਭਾਈ ਜੁਵਾਲਾ ਸਿੰਘ ਸਮੇਤ ਆਪ ਦੀ ਮਾਤਾ ਸੈਦਪੁਰ ਲੈ ਆਏ।[29] ਸੰਗੀਤ ਦੀ ਗੁੜਤੀ ਤਾਂ ਲਹੂ ਵਿਚ ਪਹਿਲਾਂ ਹੀ ਸੀ ਭਾਈ ਜੁਵਾਲਾ ਸਿੰਘ ਨੇ ਉਸ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ। ਆਪ ਨੂੰ ਆਪਣੇ ਜੱਥੇ ਵਿਚ ਕੈਂਸੀਆਂ ਵਜਾਉਣ ਹਿਤ ਸ਼ਾਮਿਲ ਕੀਤਾ।[30] ਇਸ ਦੇ ਨਾਲ-ਨਾਲ ਆਪ ਦੀ ਕੀਰਤਨ ਦੀ ਸਿੱਖਿਆ ਵੀ ਪ੍ਰਾਰੰਭ ਕੀਤੀ। ਇਸ ਦੇ ਨਾਲ ਹੀ ਰਾਗੀ ਭਾਈ ਜੁਵਾਲਾ ਸਿੰਘ ਨੇ ਆਪ ਦਾ ਅਨੰਦ ਕਾਰਜ ਵੀ ਖੁਦ ਕਰਵਾਇਆ। ਇਸ ਤੋਂ ਜਿੱਥੇ ਰਾਗੀ ਭਾਈ ਜੁਵਾਲਾ ਸਿੰਘ ਦੀ ਦਿਆਲੂ ਤੇ ਫਰਜ਼ ਨਿਭਾਉਂਣ ਵਾਲੀ ਸ਼ਖਸ਼ੀਅਤ ਦਾ ਪਤਾ ਲੱਗਦਾ ਹੈ ਉੱਥੇ ਆਪ ਦੀ ਭਾਈ ਸਾਹਿਬ ਨਾਲ ਨੇੜਤਾ ਦੇ ਵੀ ਪ੍ਰਤੱਖ ਦਰਸ਼ਨ ਹੁੰਦੇ ਹਨ। ਆਪ ਦੇ ਸਪੁੱਤਰ ਭਾਈ ਅਮਰਜੀਤ ਸਿੰਘ ਅਤੇ ਭਾਈ ਹਰਦਿਆਲ ਸਿੰਘ ਹੋਏ ਹਨ। ਅੱਜ ਕੱਲ ਆਪ ਦੇ ਪੋਤਰੇ ਭਾਈ ਬਲਦੀਪ ਸਿੰਘ ਇਸ ਘਰਾਣੇ ਦੀ ਪ੍ਰਤੀਨਿਧਤਾ ਕਰ ਰਹੇ ਹਨ। ਇਨ੍ਹਾਂ ਬਾਰੇ ਅੱਗੇ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ ਜਾਵੇਗੀ। ਉਸ ਤੋਂ ਪਹਿਲਾਂ ਰਾਗੀ ਭਾਈ ਜੁਵਾਲਾ ਸਿੰਘ ਦੀ ਕੀਰਤਨ ਗਾਇਕੀ ਦਾ ਸੰਸਾਰ ਵਿਚ ਡੰਕਾ ਵਜਾਉਂਣ ਵਾਲੇ ਭਾਈ ਅਵਤਾਰ ਸਿੰਘ ਬਾਰੇ ਵਿਚਾਰ ਚਰਚਾ ਕਰਨੀ ਜ਼ਰੂਰੀ ਹੈ।



**3.3.13 ਰਾਗੀ ਭਾਈ ਅਵਤਾਰ ਸਿੰਘ:** ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੇ ਪ੍ਰਮੁਖ ਕੀਰਤਨੀਆਂ ਵਿੱਚੋਂ ਰਾਗੀ ਭਾਈ ਅਵਤਾਰ ਸਿੰਘ ਮੋਹਰੀ ਤੇ ਪ੍ਰਮੁਖ ਸਥਾਨ ਰੱਖਦੇ ਹਨ। ਆਪ ਵੀਹਵੀਂ ਸਦੀ ਦੇ ਪ੍ਰਸਿੱਧ ਕੀਰਤਨੀਏ ਅਤੇ ਸੁਰਲਿਪੀਕਾਰ ਵਜੋਂ ਵੀ ਪ੍ਰਮੁਖ ਸਥਾਨ ਰੱਖਦੇ ਹਨ।[31] ਆਪ ਦਾ ਜਨਮ ਮਾਤਾ ਰਣਜੋਧ ਕੋਰ ਦੀ ਕੁੱਖੋਂ ਰਾਗੀ ਭਾਈ ਜੁਵਾਲਾ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਦਾ ਜਨਮ 1925 ਈਸਵੀ ਵਿਚ ਸੈਦਪੁਰ ਜਿਲ੍ਹਾ ਕਪੂਰਥਲਾ ਵਿਖੇ ਹੋਇਆ।[32] ਆਪ ਦੇ

ਪਿਤਾ ਭਾਈ ਜਵਾਲਾ ਸਿੰਘ ਪੰਥ ਪ੍ਰਸਿੱਧ ਰਾਗੀ ਸਨ। ਆਪ ਨੇ ਧਰਮਸ਼ਾਲਾ ਵਿਚ ਰਹਿੰਦੇ ਭਾਈ ਪਾਲਾ ਜੀ[33] ਤੋਂ ਗੁਰਮੁਖੀ ਭਾਸ਼ਾ, ਪੰਜ ਗ੍ਰੰਥੀ, ਬਾਈ ਵਾਰਾਂ ਅਤੇ ਭਗਤ ਬਾਣੀ, ਸੁਖਮਨਾ ਬਾਣੀ ਦੇ ਪਾਠ ਦੀ ਸੰਥਿਆ ਪ੍ਰਾਪਤ ਕੀਤੀ।[34] ਆਪ ਜੀ ਨੇ ਆਪਣੇ ਪਿਤਾ ਭਾਈ ਜਵਾਲਾ ਸਿੰਘ ਜੀ ਤੋਂ ਸ਼ਬਦ ਕੀਰਤਨ ਅਤੇ ਤਾਊਸ ਸਾਜ਼ ਵਜਾਉਣ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਦਾ ਕੀਰਤਨ ਘਰਾਣਾ ਆਪ ਦੇ ਪਿਤਾ ਭਾਈ ਜੁਵਾਲਾ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਘਰਾਣੇ ਵਿਚ ਆਪ ਦੇ ਵੱਡੇ-ਵਡੇਰੇ ਪੀੜ੍ਹੀ-ਦਰ-ਪੀੜ੍ਹੀ ਸ਼ਬਦ ਕੀਰਤਨ ਕਰਦੇ ਰਹੇ।

ਰਾਗੀ ਭਾਈ ਅਵਤਾਰ ਸਿੰਘ ਦਾ ਵਿਆਹ ਬੀਬੀ ਅਮਰ ਕੌਰ ਨਾਲ ਹੋਇਆ। ਆਪ ਦੇ ਤਿੰਨ ਸਪੁੱਤਰ ਸ. ਰਣਜੀਤ ਸਿੰਘ, ਸ. ਮਨਮੋਹਨ ਸਿੰਘ, ਭਾਈ ਕੁਲਤਾਰ ਸਿੰਘ ਤੇ ਇੱਕ ਲੜਕੀ ਜਸਵਿੰਦਰ ਕੌਰ (ਆਸਟ੍ਰੇਲੀਆ) ਹੈ। ਆਪ ਦੇ ਸਭ ਤੋਂ ਛੋਟੇ ਸਪੁੱਤਰ ਰਾਗੀ ਭਾਈ ਕੁਲਤਾਰ ਸਿੰਘ ਨੇ ਆਪਣਾ ਵਿਵਸਾਇ ਛੱਡ ਕੇ ਆਪਣੀ ਪਿਤਾ ਪੁਰਖੀ ਕੀਰਤਨ ਰੀਤ ਨੂੰ ਅਪਣਾਇਆ। ਭਾਈ ਕੁਲਤਾਰ ਸਿੰਘ ਬਾਰੇ ਅੱਗੇ ਇਸੇ ਅਧਿਆਇ ਵਿਚ ਵੱਖਰੇ ਰੂਪ ਵਿਚ ਵਿਸ਼ਥਾਰ ਨਾਲ ਚਰਚਾ ਕੀਤੀ ਜਾਵੇਗੀ।

ਰਾਗੀ ਭਾਈ ਅਵਤਾਰ ਸਿੰਘ ਦਾ ਜੀਵਨ ਗੁਰਮਤਿ ਸੰਗੀਤ ਨੂੰ ਸਮਰਪਿਤ ਸੀ। ਇਸੇ ਕਾਰਨ ਆਪ ਨੇ ਆਪਣੀ ਉਪਜੀਵਕਾ ਦੇ ਸਾਧਨ ਲਈ ਸ਼ਬਦ ਕੀਰਤਨ ਦੀ ਸੇਵਾ ਨੂੰ ਹੀ ਚੁਣਿਆ। ਬਾਲ ਅਵਸਥਾ ਮਹਿਜ 8 ਸਾਲ ਦੀ ਉਮਰ ਵਿਚ ਆਪ ਆਪਣੇ ਪਿਤਾ ਰਾਗੀ ਭਾਈ ਜੁਵਾਲਾ ਸਿੰਘ ਦੇ ਜੱਥੇ ਨਾਲ ਕੈਂਸੀਆ ਵਜਾ ਕੇ ਸੇਵਾ ਕਰਦੇ ਰਹੇ। ਇਸ ਦੇ ਨਾਲ-ਨਾਲ ਆਪ ਤਾਊਸ ਦੀ ਸਿੱਖਿਆ ਵੀ ਆਪਣੇ ਪਿਤਾ ਪਾਸੋਂ ਗ੍ਰਹਿਣ ਕਰਦੇ ਸਨ। ਸੰਗੀਤ ਪ੍ਰਤੀ ਆਪ ਦੀ ਲਗਨ ਹੀ ਸੀ ਕਿ ਆਪ 10 ਸਾਲ ਦੀ ਉਮਰੇ 1935 ਈਸਵੀ ਵਿਚ ਹੀ ਆਪਣੇ ਪਿਤਾ ਨਾਲ ਤਾਊਸ ਵਜਾਉਣਾ ਸ਼ੁਰੂ ਕਰ ਦਿੱਤਾ ਸੀ।[35] ਇਸ ਤਰ੍ਹਾਂ ਆਪ ਜਿੱਥੇ ਆਪਣੇ ਪਿਤਾ ਨਾਲ ਵੱਖ-ਵੱਖ ਸਥਾਨਾਂ 'ਤੇ ਕੀਰਤਨ ਹਿਤ ਨਾਲ ਜਾਂਦੇ ਉਥੇ ਨਾਲ-ਨਾਲ ਆਪਣੇ ਕੀਰਤਨ ਤੇ ਸਾਜ਼ ਦਾ ਅਭਿਆਸ ਵੀ ਨਿਰੰਤਰ ਕਰਦੇ। ਆਪ ਨੇ ਲਗਭਗ 10 ਸਾਲ 1936 ਤੋਂ 1946 ਈਸਵੀ ਤੱਕ ਆਪਣੇ ਪਿਤਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੀਰਤਨ ਅਤੇ ਸਾਜ਼ਾਂ ਦਾ ਅਭਿਆਸ ਕੀਤਾ। ਇਸ ਦੇ ਨਾਲ-ਨਾਲ ਉਨ੍ਹਾਂ ਨਾਲ ਬਤੌਰ ਸਹਾਇਕ ਵਜੋਂ ਕੀਰਤਨ ਵੀ ਕਰਦੇ ਰਹੇ। ਆਪ ਦੇ ਨਾਲ ਆਪ ਦੇ ਵੱਡੇ ਭਰਾਤਾ ਭਾਈ ਗੁਰਚਰਨ ਸਿੰਘ ਜੋੜੀ ਵਿਚ ਮੁਰਾਰਤ ਰੱਖਦੇ ਸਨ, ਵੀ ਨਿਰੰਤਰ ਆਪਣੇ ਪਿਤਾ ਤੋਂ ਸਮਾਨਾਂਤਰ

ਕੀਰਤਨ ਦੀ ਸਿੱਖਿਆ ਹਾਸਲ ਕਰਦੇ ਰਹੇ। ਆਪ ਦੋਵੇਂ ਭਰਾ ਇਕੱਠੇ ਬੈਠ ਕੇ ਘੰਟਿਆ ਬੱਧੀ ਰਿਆਜ਼ ਵੀ ਕਰਦੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਆਪ ਦੋਵਾਂ ਦੀ ਆਪਸ ਵਿਚ ਚੰਗੀ ਮਿਲਤ ਹੋ ਗਈ। ਆਪ ਨੇ ਅੱਠ ਫਰਵਰੀ 1946 ਵਿਚ ਪਹਿਲੀ ਵਾਰ ਆਪਣੇ ਵੱਖਰੇ ਕੀਰਤਨੀ ਜਥੇ ਦੇ ਤੌਰ 'ਤੇ ਕੀਰਤਨ ਕੀਤਾ। ਉਦੋਂ ਆਪ ਦੀ ਉਮਰ 20 ਸਾਲ ਦੀ ਸੀ। ਇਹ ਕੀਰਤਨ ਆਪ ਨੇ ਸੰਤ ਬਾਬਾ ਭਾਗ ਸਿੰਘ ਦੀ ਯਾਦ ਵਿਚ ਇੱਕ ਸੌ ਇੱਕ ਸ੍ਰੀ ਅਖੰਡ ਪਾਠ ਦੀ ਸਮਾਪਤੀ ਜੋੜ ਮੇਲੇ 'ਤੇ ਕੀਤਾ ਸੀ।[36] ਉਪਰੰਤ ਆਪ ਸੁਤੰਤਰ ਕੀਰਤਨੀ ਜਥੇ ਦੇ ਰੂਪ ਵਿਚ ਹੀ ਕੀਰਤਨ ਕਰਨ ਲੱਗ ਪਏ। ਆਪ ਦੇ ਨਾਲ ਭਾਈ ਰਤਨ ਸਿੰਘ ਜੋੜੀ 'ਤੇ ਸਾਥ ਦਿੰਦੇ ਸਨ। ਇਸ ਤੋਂ ਇਲਾਵਾ ਆਪ ਆਪਣੇ ਪਿਤਾ ਰਾਗੀ ਭਾਈ ਜੁਵਾਲਾ ਸਿੰਘ ਦੇ ਨਾਲ ਪ੍ਰਮੁਖ ਕੀਰਤਨ ਸਮਾਗਮਾਂ 'ਤੇ ਵੀ ਕੀਰਤਨ ਦੀ ਸੇਵਾ ਪਹਿਲਾਂ ਦੀ ਤਰ੍ਹਾਂ ਨਿਭਾਉਂਦੇ ਰਹੇ। ਆਪ ਦੇ ਪਿਤਾ ਦਾ ਦਿੱਲੀ ਦੀਆਂ ਸੰਗਤਾਂ ਬਹੁਤ ਸਤਿਕਾਰ ਕਰਦੀਆਂ ਸਨ। 1952 ਈਸਵੀ ਵਿਚ ਆਪ ਦੇ ਪਿਤਾ ਕਾਲ ਵੱਸ ਹੋ ਗਏ। 1953-54 ਵਿਚ ਸੰਗਤਾਂ ਦੇ ਪਿਆਰ ਸਤਿਕਾਰ ਸਦਕਾ ਆਪ ਨੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਦਿੱਲੀ ਵਿਖੇ ਕੀਰਤਨ ਦੀ ਸੇਵਾ ਬਤੌਰ ਹੈੱਡ ਰਾਗੀ ਸ਼ੁਰੂ ਕੀਤੀ।[37] ਉਦੋਂ ਆਪ ਦੇ ਕੀਰਤਨੀ ਜਥੇ ਵਿਚ ਸਹਾਇਕ ਵਜੋਂ ਰਾਗੀ ਭਾਈ ਗੁਰਚਰਨ ਸਿੰਘ, ਭਾਈ ਸਵਰਨ ਸਿੰਘ(ਭਾਊ ਜੀ) ਸੇਵਾ ਨਿਭਾਅ ਰਹੇ ਸਨ। ਆਪ ਤਿੰਨਾਂ ਇਕੱਠੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 38 ਸਾਲ ਕੀਰਤਨ ਦੀ ਸੇਵਾ ਨਿਭਾਈ। 13 ਅਪ੍ਰੈਲ 1991 ਵਿਚ ਆਪ ਬਤੌਰ ਰਾਗੀ ਦੀ ਸੇਵਾ ਤੋਂ ਮੁਕਤ ਹੋਏ। ਇਸ ਤੋਂ ਬਾਅਦ ਗੁਰੂ ਅਤੇ ਸੰਗਤ ਦੇ ਪਿਆਰ ਸਦਕਾ ਆਪ ਨੇ ਕੀਰਤਨ ਦੀ ਸੇਵਾ ਬਿਨਾਂ ਕਿਸੇ ਸੇਵਾਫਲ ਦੇ ਨਿਰੰਤਰ ਜਾਰੀ ਰੱਖੀ।

ਰਾਗੀ ਭਾਈ ਅਵਤਾਰ ਸਿੰਘ ਆਪਣੇ ਜੱਥੇ ਸਮੇਤ ਪਹਿਲੀ ਵਾਰ 1975-76 ਵਿਚ ਵਿਦੇਸ਼ ਯਾਤਰਾ ਹਿਤ ਯੂ.ਕੇ. ਗਏ ਜਿੱਥੇ ਆਪ ਦੇ ਜੱਥੇ ਨੂੰ ਸੰਗਤਾਂ ਤੋਂ ਬਹੁਤ ਪਿਆਰ ਮਿਲਿਆ। ਇਸ ਤੋਂ ਬਾਅਦ ਆਪ ਕਈ ਵਾਰ ਜਿਵੇਂ 1979[38], 1989[39], 2000[40], 2006[41] ਆਦਿ ਯੂ.ਐਸ.ਏ. ਵਿਚ ਜਾਂਦੇ ਰਹੇ। ਇਸ ਤੋਂ ਇਲਾਵਾ ਇਸੇ ਸੰਦਰਭ ਵਿਚ ਆਪ ਆਪਣੇ ਜੀਵਨ ਕਾਲ ਵਿਚ ਵਿਭਿੰਨ ਦੇਸ਼ ਜਿਵੇਂ ਅਮਰੀਕਾ[42], ਕੈਨੇਡਾ[43],. ਫਰਾਂਸ[44], ਸਪੇਨ[45] ਆਦਿ ਗਏ ਤੇ ਕੀਰਤਨ ਨਾਲ ਸੰਗਤਾਂ ਦਾ ਪਿਆਰ ਪ੍ਰਾਪਤ ਕਰਦੇ ਰਹੇ। ਇਸ ਤੋਂ ਇਲਾਵਾ ਆਪ ਨੂੰ ਸ੍ਰੀ ਦਰਬਾਰ ਸਾਹਿਬ[46], ਸ੍ਰੀ ਹਜ਼ੂਰ ਸਾਹਿਬ, ਤਖਤ ਸ੍ਰੀ ਕੇਸ਼ ਗੜ੍ਹ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ, ਸੀਸ ਗੰਜ ਦਿੱਲੀ, ਬੰਗਲਾ ਸਾਹਿਬ, ਦਿੱਲੀ ਦੇ ਸਾਰੇ ਇਤਿਹਾਸਕ ਤੇ ਗੈਰ

ਇਤਿਹਾਸਕ ਗੁਰਅਸਥਾਨਾਂ ਸਮੇਤ ਅਨੇਕ ਗੁਰ ਸਥਾਨਾਂ 'ਤੇ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਦੇ ਪਿਤਾ ਨੇ ਅਕਾਲੀ ਆਗੂ ਬਾਬਾ ਖੜਗ ਸਿੰਘ ਦੇ ਵੱਡੇ ਬੇਟੇ ਦੇ ਅਨੰਦ ਕਾਰਜ਼ ਕਰਵਾਏ ਸਨ 1954-55 ਵਿਚ ਆਪ ਨੇ ਉਨ੍ਹਾਂ ਦੇ ਛੋਟੇ ਬੇਟੇ ਦੇ ਅਨੰਦ ਕਾਰਜ ਅੰਬਾਲਾ ਵਿਖੇ ਕਰਵਾਏ ਸਨ।[47]

**ਕੀਰਤਨੀ ਜੱਥਾ ਤੇ ਕੀਰਤਨ ਸ਼ੈਲੀ**: ਰਾਗੀ ਭਾਈ ਅਵਤਾਰ ਸਿੰਘ ਦੇ ਕੀਰਤਨੀ ਜਥੇ ਵਿਚ ਤਿੰਨ ਤੋਂ ਪੰਜ ਤੱਕ ਸਾਥੀ ਸਹਾਇਕ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਆਪ ਤਾਊਸ, ਹਰਮੋਨੀਅਮ ਨਾਲ ਕੀਰਤਨ ਕਰਦੇ ਰਹੇ। ਆਪ ਦੇ ਨਾਲ ਲਗਭਗ 46 ਸਾਲ (1946-1992 ਤੱਕ) ਸਹਾਇਕ ਵਜੋਂ ਸੇਵਾ ਆਪ ਦੇ ਵੱਡੇ ਭਰਾਤਾ ਰਾਗੀ ਭਾਈ ਗੁਰਚਰਨ ਸਿੰਘ ਨੇ ਨਿਭਾਈ। ਲਗਭਗ 54 ਸਾਲ (1952-2006 ਤੱਕ) ਜੋੜੀ ਦੀ ਸੇਵਾ ਭਾਈ ਸਵਰਨ ਸਿੰਘ (ਭਾਊ) ਨੇ ਨਿਭਾਈ। 1992 ਵਿਚ ਭਾਈ ਗੁਰਚਰਨ ਸਿੰਘ ਦੇ ਕੈਨੇਡਾ ਜਾਣ ਕਾਰਨ ਆਪ ਦੇ ਜੱਥੇ ਦੇ ਸਹਾਇਕ ਤੌਰ 'ਤੇ ਕੀਰਤਨ ਕਰਨ ਵਾਲੇ ਸਾਥੀ ਬਦਲਦੇ ਰਹੇ। ਭਾਈ ਗੁਰਚਰਨ ਸਿੰਘ ਤੋਂ ਬਆਦ ਆਪ ਨਾਲ ਭਾਈ ਤੇਜਪਾਲ ਸਿੰਘ ਸਹਾਇਕ ਦੇ ਤੌਰ 'ਤੇ ਕੀਰਤਨ ਕਰਦੇ ਰਹੇ। 1998 ਤੋਂ ਆਪ ਦੇ ਜੱਥੇ ਨਾਲ ਆਪ ਦੇ ਹੀ ਸਭ ਤੋਂ ਛੋਟੇ ਸਪੁੱਤਰ ਰਾਗੀ ਕੁਲਤਾਰ ਸਿੰਘ ਪੱਕੇ ਤੌਰ 'ਤੇ ਜੁੜ ਗਏ। ਆਪ ਦੇ ਜੀਵਨ ਦੇ ਅੰਤ 2006 ਤਕ ਨਾਲ ਹੀ ਰਹੇ। ਇਸ ਤੋਂ ਇਲਾਵਾ ਜੱਥੇ ਵਿਚ ਆਪ ਦੇ ਰਿਸ਼ਤੇ ਵਿਚ ਪੋਤਰੇ ਭਾਈ ਬਲਦੀਪ ਸਿੰਘ[48] ਭਤੀਜੇ ਭਾਈ ਬਿਕਰਮਜੀਤ ਸਿੰਘ[49] ਆਦਿ ਵੀ ਸਟੇਜ਼ 'ਤੇ ਚੋਥੇ ਪੰਜਵੇ ਸਹਾਇਕ ਦੇ ਰੂਪ ਵਿਚ ਸੇਵਾ ਨਿਭਾਉਂਦੇ ਰਹੇ। ਆਪ ਦੀ ਕੀਰਤਨ ਸ਼ੈਲੀ ਹੂ-ਬ-ਹੂ ਰਾਗੀ ਭਾਈ ਜੁਵਾਲਾ ਸਿੰਘ ਵਾਲੀ ਹੀ ਸੀ।[50] ਆਪ ਦੁਆਰਾ ਸੁਰਲਿਪੀਬੱਧ ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਆਪ ਨੇ ਸਾਰੀ ਉਮਰ ਗਾਇਆ ਅਤੇ ਉਸ ਪਰੰਪਰਾਗਤ ਕੀਰਤਨ ਸ਼ੈਲੀ ਨੂੰ ਤਰੋ ਤਾਜ਼ਾ ਰੱਖਿਆ। ਇਹ ਸ਼ਬਦ ਕੀਰਤਨ ਰਚਨਾਵਾਂ ਧਰੁਪਦ, ਧਮਾਰ, ਖਿਆਲ, ਪੜਤਾਲ, ਧੁਨੀਆਂ ਦੇ ਰੂਪ ਵਿਚ ਅੰਕਿਤ ਹਨ ਜਿਨ੍ਹਾਂ ਨੂੰ ਖੋਜਾਰਥੀ ਵਲੋਂ ਖੋਜ ਪ੍ਰਬੰਧ ਦੇ ਚੌਥੇ ਅਧਿਆਇ ਦੇ ਅੰਤਰਗਤ ਵਿਸਥਾਰ ਨਾਲ ਚਰਚਾ ਦਾ ਵਿਸ਼ਾ ਬਣਾਇਆ ਜਾਵੇਗਾ। ਆਪ ਦੀ ਕੀਰਤਨ ਸ਼ੈਲੀ ਨੂੰ ਜਿਥੇ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਅੰਤਰਗਤ ਦੇਖਿਆ ਤੇ ਪੜਿਆ ਜਾ ਸਕਦਾ ਹੈ ਉਥੇ ਵਿਭਿੰਨ ਆਡਿਓ ਵੀਡਿਓ ਦੇ ਰੂਪ ਵਿਚ ਸੁਣਿਆ ਤੇ ਦੇਖਿਆ ਜਾ ਸਕਦਾ ਹੈ।[51]

ਰਾਗੀ ਭਾਈ ਅਵਤਾਰ ਸਿੰਘ ਨੇ ਸ਼ਬਦ ਕੀਰਤਨ ਨੂੰ ਕੇਵਲ ਗਾਇਆ ਹੀ ਨਹੀਂ ਸਗੋਂ ਇਸ ਦੀ ਸੰਭਾਲ ਹਿਤ ਵਿਸ਼ੇਸ਼ ਯਤਨ ਵੀ ਕੀਤੇ। ਆਪ ਨੇ ਕਈ ਸਾਲਾਂ ਦੀ ਸਖਤ ਮਿਹਨਤ ਨਾਲ ਪ੍ਰਾਚੀਨ ਰੀਤਾਂ ਨੂੰ ਸੁਰਲਿਪੀਬੱਧ ਕੀਤਾ। ਆਪ ਦੁਆਰਾ ਆਪਣੇ ਵੱਡੇ ਭਰਾਤਾ ਰਾਗੀ ਭਾਈ ਗੁਰਚਰਨ ਸਿੰਘ ਨਾਲ ਸਾਂਝੇ ਤੌਰ 'ਤੇ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਨਾਮਕ ਪੁਸਤਕ (ਦੋ ਭਾਗ) 1973-1979 ਈਸਵੀ ਵਿਚ ਰਚੀ।[52] ਇਸ ਪੁਸਤਕ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1979 ਈਸਵੀ ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਰਜ਼ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਆਪ ਕੋਲ ਪੀੜ੍ਹੀ ਦਰ ਪੀੜ੍ਹੀ ਮੌਖਿਕ ਰੂਪ ਵਿਚ ਪਹੁੰਚੀਆਂ ਜਿਨ੍ਹਾਂ ਨੂੰ ਆਪ ਨੇ ਆਪਣੇ ਪਿਤਾ ਪਾਸੋਂ ਸਿੱਖਿਆ।[53] ਇਸ ਕਾਰਜ ਨਾਲ ਜਿੱਥੇ ਰਾਗੀ ਭਾਈ ਜੁਵਾਲਾ ਸਿੰਘ ਦੀ ਕੀਰਤਨ ਸ਼ੈਲੀ ਹਮੇਸ਼ਾਂ ਲਈ ਸੁਰੱਖਿਅਤ ਹੋਈ ਹੈ ਉੱਥੇ ਇਹ ਗੁਰਮਤਿ ਸੰਗੀਤ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਲਾਹੇਵੰਦ ਸਿੱਧ ਹੋਣਗੀਆਂ। ਆਪ ਨੇ ਕਈ ਦਫਾ ਇਹ ਜ਼ਿਕਰ ਕੀਤਾ ਹੈ ਕਿ ਇਹ ਸ਼ਬਦ ਕੀਰਤਨ ਰਚਨਾਵਾਂ ਸਾਨੂੰ ਸਾਡੇ ਪਿਤਾ ਰਾਗੀ ਭਾਈ ਜੁਵਾਲਾ ਸਿੰਘ ਤੋਂ ਪ੍ਰਾਪਤ ਹੋਈਆਂ ਹਨ।[54] ਆਪ ਦੇ ਪਿਤਾ ਕੋਲ ਜਿੱਥੇ ਆਪਣੇ ਪੂਰਵਜ਼ਾਂ ਦਾ ਸੰਗੀਤਕ ਭੰਡਾਰ ਮੌਜੂਦ ਸੀ ਉੱਥੇ ਭਾਈ ਸ਼ਰਧਾ ਸਿੰਘ, ਭਾਈ ਵਸਾਵਾ ਸਿੰਘ ਦੀ ਕੀਰਤਨ ਸ਼ੈਲੀ ਵੀ ਮੌਜੂਦ ਸੀ। ਇਸ ਸੰਦਰਭ ਵਿਚ ਅਸੀਂ ਖੋਜ ਪ੍ਰਬੰਧ ਦੇ ਦੂਸਰੇ ਅਧਿਆਇ ਵਿਚ ਵਿਸਥਾਰ ਨਾਲ ਚਰਚਾ ਕਰ ਆਏ ਹਾਂ। ਇਹ ਪੁਸਤਕ ਗੁਰਮਤਿ ਸੰਗੀਤ ਪਰੰਪਰਾ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਹਵਾਲੇ ਨਾਲ ਮਹੱਤਵਪੂਰਨ ਸਥਾਨ ਰੱਖਦੀ ਹੈ। ਆਪ ਪਹਿਲੇ ਸ਼ਬਦ ਕੀਰਤਨ ਰਚਨਾਕਾਰ ਹੋਏ ਹਨ ਜਿਨ੍ਹਾਂ ਜੋ ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਹੈ, ਉਨ੍ਹਾਂ ਨੂੰ ਰਿਕਾਰਡ ਵੀ ਕਰਾਇਆ ਹੈ। ਇਹ ਕਾਰਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹਿੱਸੇ ਆਇਆ ਹੈ।[55] ਰਾਗੀ ਭਾਈ ਅਵਤਾਰ ਸਿੰਘ ਦੀ ਜਾਣਕਾਰੀ ਨਾਲ ਸਬੰਧਿਤ ਆਨ ਲਾਇਨ ਲਿੰਕਸ ਤੇ ਵੈਬਸਾਇਟਸ ਵੀ ਉਪਲੱਬਧ ਹਨ ਜਿਨ੍ਹਾਂ ਤੋਂ ਆਪ ਦੇ ਜੀਵਨ ਬਾਰੇ ਵਿਸਤ੍ਰਿਤ ਵੇਰਵੇ ਪ੍ਰਾਪਤ ਹੁੰਦੇ ਹਨ।[56]

ਰਾਗੀ ਭਾਈ ਅਵਤਾਰ ਸਿੰਘ ਨੇ ਗੁਰਮਤਿ ਸੰਗੀਤ ਦੀ ਮੂਲ ਪਰੰਪਰਾ ਨੂੰ ਕਾਇਮ ਨੂੰ ਰੱਖਣ ਦਾ ਸਫ਼ਲ ਯਤਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦੀਆਂ ਧੁਨੀਆਂ ਗੁਰਬਾਣੀ ਸਥਾਈ ਅੰਤਰਾ ਦੀ ਪਰੰਪਰਾਗਤ ਸ਼ੈਲੀ ਵਿਚ ਨਿਬੱਧ ਕੀਤੇ ਹਨ ਅਤੇ ਜਿੱਥੇ ਗਾਇਆ ਹੈ ਉੱਥੇ ਉਨ੍ਹਾਂ ਨੂੰ ਸੁਰਲਿਪੀਬੱਧ ਵੀ

ਕੀਤਾ ਹੈ।[57] ਆਪ ਦੁਆਰਾ ਕੀਰਤਨ ਦੇ ਖੇਤਰ ਵਿਚ ਕੀਤੇ ਲਾਸਾਨੀ ਕਾਰਜਾਂ ਦੇ ਕਾਰਨ ਆਪ ਨੂੰ ਕਈ ਸੰਸਥਾਵਾਂ ਨੇ ਸਨਮਾਨਿਤ ਕੀਤਾ।

- ਪੰਜਾਬ ਸਰਕਾਰ ਨੇ ਆਪ ਦੀ ਕੀਰਤਨ ਸੇਵਾ ਹਿਤ ਟਰਾਫੀ, ਦੁਸ਼ਾਲਾ, ਨਕਦ ਰਾਸ਼ੀ ਅਤੇ ਸ਼੍ਰੋਮਣੀ ਰਾਗੀ ਐਵਾਰਡ ਪ੍ਰਦਾਨ ਕੀਤਾ।[58]
- 1980 ਵਿਚ ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਗੁਰਬਾਣੀ ਦੀਆਂ ਪੁਸਤਕਾਂ ਵਿਚੋਂ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਪੁਸਤਕ ਸਰਬੋਤਮ ਚੁਣੀ ਗਈ, ਸ੍ਰੀ ਆਈ.ਕੇ. ਗੁਜਰਾਲ (ਸਾਬਕਾ ਪ੍ਰਧਾਨ ਮੰਤਰੀ) ਤੇ ਗਿਆਨੀ ਲਾਲ ਸਿੰਘ ਜੀ ਪਾਸੋਂ ਸਨਮਾਨ ਪ੍ਰਾਪਤ ਹੋਇਆ।[59]
- 1980 ਵਿਚ ਗੁਰਦੁਆਰਾ ਰਕਾਬ ਗੰਜ ਦਿੱਲੀ ਪ੍ਰਬੰਧਕ ਕਮੇਟੀ ਵਲੋਂ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ।[60]
- 1980 ਵਿਚ ਕਮਾਨੀ ਹਾਲ ਵਿਚ ਇੰਡੀਅਨ ਕੌਂਸਲ ਆਫ ਸਿੱਖ ਅਫੇਅਰਜ਼ ਵਲੋਂ ਨਿਰਧਾਰਤ ਰਾਗਾਂ ਵਿਚ ਹੋਏ ਪਹਿਲੇ ਕੀਰਤਨ ਦਰਬਾਰ ਵਲੋਂ 21000/- ਰੁਪਏ ਦਾ ਪਹਿਲਾ ਇਨਾਮ ਪ੍ਰਾਪਤ ਹੋਇਆ।[61]
- 1982 ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਸੂਬਾ ਦਿੱਲੀ ਵਲੋਂ ਪ੍ਰਮੁਖ ਰਾਗੀ ਆਵਾਰਡ ਦੇ ਨਾਲ 51000/- ਰੁਪਏ, ਇਕ ਸ੍ਰੀ ਸਾਹਿਬ, ਇਕ ਦੁਸ਼ਾਲਾ ਅਤੇ ਸਨਮਾਨ-ਪੱਤਰ ਸ੍ਰ. ਸੁਲੱਖਣ ਸਿੰਘ ਜੀ ਪ੍ਰਧਾਨ ਅਤੇ ਡਾ. ਜਸਪਾਲ ਸਿੰਘ ਜੀ ਸੈਕਟਰੀ ਵਲੋਂ ਪ੍ਰਾਪਤ ਹੋਇਆ।[62]
- 1983 ਵਿਚ ਇੰਡੀਅਨ ਕੌਂਸਲ ਫਾਰ ਸਿੱਖ ਅਫੇਅਰਜ਼ ਦੇ ਚੇਅਰਮੈਨ ਸ੍ਰ. ਸੁਰਜੀਤ ਸਿੰਘ ਬਰਨਾਲਾ ਵਲੋਂ ਗੋਲਡਨ ਜੁਬਲੀ ਹਾਲ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੋਂ ਗੁਰਮਤਿ ਸੰਗੀਤ ਸਨਮਾਨ, ਸ਼ਾਲ ਅਤੇ ਟਰਾਫੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।[63]
- 1984 ਵਿਚ ਭਾਸ਼ਾ ਵਿਭਾਗ ਪੰਜਾਬ ਸਰਕਾਰ ਵਲੋਂ ਪਹਿਲਾ 'ਸ਼੍ਰੋਮਣੀ ਰਾਗੀ ਐਵਾਰਡ' ਨਕਦ ਰਾਸ਼ੀ 5100/- ਰੁਪਏ ਅਤੇ ਸ਼ਾਲ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ।[64]

- 1984 ਵਿਚ ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਸ੍ਰ. ਇੰਦਰਜੀਤ ਸਿੰਘ ਜੀ ਵਲੋਂ ਸਨਮਾਨਿਤ ਕੀਤਾ ਗਿਆ।[65]
- ਪੰਜਾਬ ਅਕੈਡਮੀ ਦਿੱਲੀ ਵਲੋਂ ਨਕਦ ਰਾਸ਼ੀ 15000/- ਰੁਪਏ, ਟਰਾਫੀ ਅਤੇ ਸ਼ਾਲ ਪ੍ਰਾਪਤ ਹੋਇਆ।[66]
- ਸੰਤ ਸੁਜਾਨ ਸਿੰਘ ਪਹਿਲਾ ਐਵਾਰਡ ਨਕਦ ਰਾਸ਼ੀ 11000/- ਰੁਪਏ ਅਤੇ ਸ਼ਾਲ ਪ੍ਰਾਪਤ ਹੋਇਆ।[67]
- 1992 ਵਿਚ 25000/- (ਅੱਖਰੀ ਪੰਝੀ ਹਜ਼ਾਰ ਰੁਪਏ) ਸ਼ਾਲ ਅਤੇ ਚਿੰਨ੍ਹ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾ, ਲੁਧਿਆਣਾ ਵਲੋਂ ਪ੍ਰਾਪਤ ਹੋਇਆ।[68]
- 1992 ਵਿਚ ੧ਓਂਵਾਲਾ ਚਿੰਨ੍ਹ ਮਾਇਆ ਤੇ ਸ਼ਾਲ ਸਨਮਾਨ, ਅਦੁੱਤੀ ਗੁਰਸ਼ਬਦ ਸੰਗੀਤ ਸੰਮੇਲਨ ਜਵੱਦੀ ਕਲਾਂ, ਲੁਧਿਆਣਾ ਵਲੋਂ ਪ੍ਰਾਪਤ ਹੋਇਆ।[69]
- 1996 ਵਿਚ ਭਾਈ ਮਰਦਾਨਾ ਯਾਦਗਾਰੀ ਕੀਰਤਨ ਆਦਿਕ ਸਨਮਾਨਾਂ ਦੀ ਪ੍ਰਾਪਤੀ ਹੋਈ।[70]
- 2004 ਵਿਚ ਪੰਜਾਬੀ ਸੰਗੀਤ ਨਾਟਕ ਅਕੈਡਮੀ, ਚੰਡੀਗੜ੍ਹ ਦੁਆਰਾ 'ਸੰਗੀਤ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ।[71]
- 2005-06 ਵਿਚ ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਵੱਲੋਂ ਆਪ ਨੂੰ ਸੀਨੀਅਰ ਫੈਲੋਸ਼ਿਪ ਵੀ ਪ੍ਰਦਾਨ ਕੀਤੀ ਗਈ।[72]

ਰਾਗੀ ਭਾਈ ਅਵਤਾਰ ਸਿੰਘ ਦੇ ਸ਼ਾਗਿਰਦਾਂ ਦੀ ਸੂਚੀ ਜ਼ਿਆਦਾ ਲੰਬੀ ਨਹੀਂ ਹੈ। ਆਪ ਦੇ ਸ਼ਾਗਿਰਦਾਂ ਵਿਚ ਭਾਈ ਸਵਰਨ ਸਿੰਘ, ਭਾਈ ਕੁਲਤਾਰ ਸਿੰਘ, ਭਾਈ ਬਿਕਰਮਜੀਤ ਸਿੰਘ (ਭਾਈ ਗੁਰਚਰਨ ਸਿੰਘ ਦੇ ਸਪੁੱਤਰ), ਡਾ. ਇੰਦਰਜੀਤ ਸਿੰਘ, ਬੀਬਾ ਏਕਸ਼ਰਨ ਕੌਰ, ਬੀਬਾ ਭਾਵਨਾ ਕੌਰ ਆਦਿ ਦੇ ਨਾਮ ਵਰਨਣਯੋਗ ਹਨ। ਆਪ ਨੇ ਆਪਣੇ ਕੀਰਤਨ ਘਰਾਣੇ ਦੀ ਗਾਇਕੀ ਨੂੰ ਕੇਵਲ ਪ੍ਰਚਾਰਿਆ ਤੇ ਸੰਭਾਲਿਆ ਹੀ ਨਹੀਂ ਸਗੋਂ

ਉਸ ਨੂੰ ਭਾਈ ਕੁਲਤਾਰ ਸਿੰਘ ਦੇ ਰੂਪ ਵਿਚ ਅੱਗੇ ਵੀ ਤੋਰਿਆ। 24 ਨਵੰਬਰ 2006 ਨੂੰ ਪੁਰਾਤਨ ਕੀਰਤਨ ਗਾਇਕੀ ਦੇ ਸ਼ਬਦ ਕੀਰਤਨ ਆਚਾਰੀਆ ਦੇ ਸੁਰ ਹਮੇਸ਼ਾਂ ਲਈ ਸ਼ਾਂਤ ਹੋ ਗਏ।[73]

ਰਾਗੀ ਭਾਈ ਅਵਤਾਰ ਸਿੰਘ ਨੇ ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸਦੀਆਂ ਤੋਂ ਚਲੀਆਂ ਆ ਰਹੀਆਂ ਸ਼ਬਦ ਕੀਰਤਨ ਦੀਆਂ ਰੀਤਾਂ ਨੂੰ ਦੇਸ਼ ਵਿਚ ਹੀ ਨਹੀਂ ਸਗੋਂ ਵਿਸ਼ਵ ਪੱਧਰ 'ਤੇ ਪ੍ਰਚਾਰਿਆ। ਆਪ ਨੇ ਇਨ੍ਹਾਂ ਪੁਰਾਤਨ ਰੀਤਾਂ ਨੂੰ ਸੁਰਲਿਪੀਬੱਧ ਕੀਤਾ। ਇਸ ਦੇ ਨਾਲ ਗੁਰਮਤਿ ਸੰਗੀਤ ਦਾ ਸ਼ਬਦ ਕੀਰਤਨ ਰਚਨਾਵਾਂ ਦਾ ਭੰਡਾਰ ਪ੍ਰਫੁੱਲਿਤ ਹੋਇਆ। ਇਹ ਰਚਨਾਵਾਂ ਗੁਰਮਤਿ ਸੰਗੀਤ ਦੇ ਸਿਖਿਆਰਥੀਆਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਕੀਰਤਨੀਆਂ ਲਈ ਬਹੁਤ ਹੀ ਅਣਮੁੱਲਾ ਖਜ਼ਾਨਾ ਹੈ। ਇਸ ਦੇ ਨਾਲ ਆਪ ਨੇ ਗੁਰਮਤਿ ਸੰਗੀਤ ਦੀ ਤੰਤੀ ਸ਼ਾਜ ਪਰੰਪਰਾ ਨੂੰ ਤਾਊਸ ਦੇ ਹਵਾਲੇ ਨਾਲ ਸਮਾਨਾਂਤਰ ਤੋਰੀ ਰੱਖਿਆ। ਆਪ ਦੀਆਂ ਸੈਕੜੇਂ ਸ਼ਬਦ ਕੀਰਤਨ ਰੀਤਾਂ ਆਡਿਓ ਵੀਡਿਓ ਦੇ ਰੂਪ ਪ੍ਰਾਪਤ ਹੁੰਦੀਆਂ ਹਨ। ਇਸ ਪਰਿਪੇਖ ਵਿਚ ਆਪ ਗੁਰਮਤਿ ਸੰਗੀਤ ਪਰੰਪਰਾ ਅਤੇ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਚਮਕਦੇ ਸਿਤਾਰੇ ਸਨ। ਆਪ ਤੋਂ ਬਾਅਦ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਵਿਚ ਪ੍ਰਮੁਖ ਤੇ ਵਿਸ਼ੇਸ਼ ਨਾਮ ਰਾਗੀ ਭਾਈ ਗੁਰਚਰਨ ਸਿੰਘ ਦਾ ਆਉਂਦਾ ਹੈ।



**3.3.14 ਰਾਗੀ ਭਾਈ ਗੁਰਚਰਨ ਸਿੰਘ:** ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਦੂਸਰੇ ਮੱਹਤਵਪੂਰਨ ਕੀਰਤਨੀਏ ਰਾਗੀ ਭਾਈ ਗੁਰਚਰਨ ਸਿੰਘ ਹੋਏ ਹਨ। ਆਪ ਕੀਰਤਨੀਏ ਹੋਣ ਦੇ ਨਾਲ-ਨਾਲ ਇੱਕ ਚੰਗੇ ਕਥਾਵਾਚਕ ਤੇ ਲੇਖਕ ਵੀ ਸਨ। ਆਪ ਨੇ ਸੰਗੀਤ ਤੋਂ ਇਲਾਵਾ ਸਮਾਜਿਕ, ਰਾਜਨੀਤਿਕ ਵਿਸ਼ੇ ਦੇ ਨਾਲ-ਨਾਲ ਕਵਿਤਾਵਾਂ ਦੀਆਂ ਪੁਸਤਕਾਂ ਵੀ ਲਿਖੀਆਂ। ਆਪ ਵੀਹਵੀਂ ਸਦੀ ਦੇ ਪ੍ਰਸਿੱਧ ਕੀਰਤਨੀਏ ਅਤੇ ਸੁਰਲਿਪੀਕਾਰ ਵਜੋਂ ਵੀ ਵਿਸ਼ੇਸ਼ ਸਥਾਨ ਰੱਖਦੇ ਹਨ।[74] ਆਪ

ਦਾ ਜਨਮ ਮਾਤਾ ਰਣਜੋਧ ਕੌਰ ਦੀ ਕੁੱਖੋਂ ਰਾਗੀ ਭਾਈ ਜੁਵਾਲਾ ਸਿੰਘ ਦੇ ਗ੍ਰਹਿ ਵਿਖੇ ਪਿੰਡ ਸੈਦਪੁਰ ਜਿਲ੍ਹਾ ਕਪੂਰਥਲੇ 1915 ਈਸਵੀ ਵਿਚ ਹੋਇਆ।[75] ਆਪ ਨੇ ਧਰਮਸ਼ਾਲਾ ਵਿਚ ਰਹਿੰਦੇ ਭਾਈ ਪਾਲਾ ਜੀ[76] ਤੋਂ ਗੁਰਮੁਖੀ ਭਾਸ਼ਾ, ਪੰਜ ਗ੍ਰੰਥੀ, ਬਾਈ ਵਾਰਾਂ, ਸੁਖਮਨਾ ਬਾਣੀ ਅਤੇ ਭਗਤ ਬਾਣੀ ਉਪਰੰਤ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਪ੍ਰਾਪਤ ਕੀਤੀ।[77] ਆਪ ਜੀ ਨੇ ਸ਼ਬਦ ਕੀਰਤਨ, ਜੋੜੀ ਅਤੇ ਤਾਊਸ ਦੀ ਸਿੱਖਿਆ ਆਪਣੇ ਪਿਤਾ ਭਾਈ ਜੁਵਾਲਾ ਸਿੰਘ ਜੀ ਤੋਂ ਪ੍ਰਾਪਤ ਕੀਤੀ। ਉਪਰੰਤ ਬਾਬਾ ਸ਼ਰਧਾ ਸਿੰਘ ਅਤੇ ਭਾਈ ਅਰਜਨ ਸਿੰਘ ਤ੍ਰੰਗੜ ਤੋਂ ਵੀ ਤਬਲੇ ਦੀ ਸਿੱਖਿਆ ਪ੍ਰਾਪਤ ਕੀਤੀ।[78] ਆਪ ਤਾਊਸ, ਜੋੜੀ, ਕਥਾ, ਕੀਰਤਨ, ਲੇਖਨ ਸ਼ੈਲੀ ਵਿਚ ਮੁਹਾਰਤ ਰੱਖਦੇ ਸਨ।

ਰਾਗੀ ਭਾਈ ਗੁਰਚਰਨ ਸਿੰਘ ਨੇ ਆਪਣਾ ਗ੍ਰਹਿਸਤੀ ਜੀਵਨ ਸਰਦਾਰਨੀ ਮੰਜੀਤ ਕੌਰ ਨਾਲ ਪ੍ਰਾਰੰਭ ਕੀਤਾ। ਆਪ ਦੇ ਤਿੰਨ ਲੜਕੇ ਸ. ਸਰਿੰਦਰ ਸਿੰਘ (ਦਿੱਲੀ). ਡਾ. ਇੰਦਰਜੀਤ ਸਿੰਘ (ਕੈਨੇਡਾ), ਭਾ. ਬਿਕਰਮਜੀਤ ਸਿੰਘ (ਦਿੱਲੀ), ਦੋ ਸਪੁੱਤਰੀਆਂ ਡਾ. ਕਰਮਜੀਤ ਕੌਰ (ਅਮਰੀਕਾ), ਬੀਬੀ ਜਤਿੰਦਰ ਕੌਰ (ਦਿੱਲੀ) ਹਨ। ਭਾ. ਬਿਕਰਮਜੀਤ ਸਿੰਘ ਆਪਣੀ ਨੌਕਰੀ ਦੇ ਨਾਲ-ਨਾਲ ਨਿਸ਼ਕਾਮ ਕੀਰਤਨ ਵੀ ਕਰਦੇ ਹਨ। ਭਾ. ਸੁਰਿੰਦਰ ਸਿੰਘ ਨੂੰ ਜੋੜੀ ਸਾਜ਼ ਵਜਾਉਣ ਦਾ ਸੌਂਕ ਹੈ। ਇਨ੍ਹਾਂ ਦੇ ਬੇਟੇ ਡਾ. ਰਵਿੰਦਰ ਸਿੰਘ ਤੇ ਮਨਿੰਦਰ ਸਿੰਘ (ਇੰਜੀਨਿਅਰ) ਆਪਣੀ ਕਿਰਤ ਦੇ ਨਾਲ ਨਾਲ ਸੌਂਕੀਆ ਕੀਰਤਨ ਵੀ ਕਰਦੇ ਹਨ। ਸ. ਇੰਦਰਜੀਤ ਸਿੰਘ ਦੀਆਂ ਦੋ ਬੇਟੀਆਂ ਬੀਬਾ ਏਕਸ਼ਰਨ ਕੌਰ ਤੇ ਬੀਬਾ ਭਾਵਨਾ ਕੌਰ ਸੌਂਕੀਆਂ ਵਿਕਟ ਤਾਲਾਂ ਵਿਚ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਰੀਤਾਂ ਦਾ ਕੀਰਤਨ ਬਾਖੂਬੀ ਕਰਦੀਆਂ ਹਨ।[79]

ਰਾਗੀ ਭਾਈ ਗੁਰਚਰਨ ਸਿੰਘ ਨੇ ਉਪਜੀਵਕਾ ਦੇ ਸਾਧਨ ਹਿਤ ਸ਼ਬਦ ਕੀਰਤਨ ਨੂੰ ਚੁਣਿਆ ਅਤੇ ਛੋਟੇ ਭਰਾਤਾ ਰਾਗੀ ਭਾਈ ਅਵਤਾਰ ਸਿੰਘ ਨਾਲ ਕੀਰਤਨੀ ਜਥਾ ਬਣਾਇਆ। ਆਪ ਕੀਰਤਨ, ਤਾਊਸ ਅਤੇ ਜੋੜੀ ਦੀ ਸਿੱਖਿਆ ਆਪਣੇ ਪਿਤਾ ਪਾਸੋਂ ਗ੍ਰਹਿਣ ਕਰਦੇ ਸਨ। ਇਸ ਤੋਂ ਇਲਾਵਾ ਆਪ ਨੇ ਜੋੜੀ ਦੀ ਸਿੱਖਿਆ ਆਪਣੇ ਪਿਤਾ ਗੁਰੂ ਭਾਈ ਸਰਧਾ ਅਤੇ ਭਾਈ ਅਰਜਨ ਸਿੰਘ ਤਰੰਗੜ ਤੋਂ ਪ੍ਰਾਪਤ ਕੀਤੀ।[80] ਆਪ ਨੇ ਸਕੂਲੀ ਵਿੱਦਿਆ ਤੋਂ ਮੈਟ੍ਰਿਕ ਤਕ ਦੀ ਪੜਾਈ ਖਾਲਸਾ ਕਾਲਜ ਅੰਮ੍ਰਿਤਸਰ ਤੋਂ 1934 ਵਿਚ ਪ੍ਰਾਪਤ ਕੀਤੀ।[81] 1936 ਈਸਵੀ ਵਿਚ ਆਪ ਨੇ ਪੰਜਾਬ ਯੂਨੀਵਰਸਿਟੀ ਤੋਂ ਗਿਆਨੀ ਪਾਸ ਕੀਤੀ।[82] ਆਪ ਆਪਣੇ ਪਿਤਾ ਨਾਲ ਜੋੜੀ ਵਾਦਨ ਦੀ ਸੰਗਤ ਕਰਦੇ ਰਹੇ। ਇਸ ਤਰ੍ਹਾਂ ਆਪ ਆਪਣੇ ਪਿਤਾ ਨਾਲ ਵੱਖ-ਵੱਖ ਸਥਾਨਾਂ

'ਤੇ ਕੀਰਤਨ ਹਿਤ ਨਾਲ ਜਾਂਦੇ ਰਹੇ। ਆਪ ਨੇ 1946 ਈਸਵੀ ਤੱਕ ਆਪਣੇ ਪਿਤਾ ਨਾਲ ਬਤੌਰ ਸਹਾਇਕ ਵਜੋਂ ਕੀਰਤਨ ਕੀਤਾ। ਆਪ ਨੇ ਅੱਠ ਫਰਵਰੀ 1946 ਵਿਚ ਪਹਿਲੀ ਵਾਰ ਪਿਤਾ ਤੋਂ ਵੱਖਰੇ ਆਪਣੇ ਛੋਟੇ ਭਰੇ ਦੇ ਨਾਲ ਸਹਾਇਕ ਦੇ ਤੌਰ 'ਤੇ ਕੀਰਤਨ ਕੀਤਾ।[83] ਉਦੋਂ ਆਪ ਦੀ ਉਮਰ 31 ਸਾਲ ਦੀ ਸੀ। ਇਹ ਕੀਰਤਨ ਆਪ ਦੋਵਾਂ ਨੇ ਸੰਤ ਬਾਬਾ ਭਾਗ ਸਿੰਘ ਡੇਰੇ ਵਿਚ ਰਖਾਏ ਸ੍ਰੀ ਅਖੰਡ ਪਾਠਾਂ ਦੀ ਸਮਾਪਤੀ ਜੋੜੇ ਮੇਲੇ 'ਤੇ ਕੀਤਾ ਸੀ।[84] ਉਸ ਤੋਂ ਬਾਅਦ ਆਪ ਦੋਵੇਂ ਭਰਾਵਾਂ ਨੇ ਆਪਣਾ ਵੱਖਰਾ ਜਥਾ ਹੀ ਰੱਖਿਆ। ਇਸ ਦਾ ਕਾਰਨ ਆਪ ਲਿਖਦੇ ਹਨ ਕਿ ਇੱਕ ਤਾਂ ਮਾਇਆ ਦੇ ਗੱਫੇ ਪ੍ਰਾਪਤ ਕਰਨ ਅਤੇ ਦੂਸਰਾ ਆਪਣੇ ਸ਼ਰੀਕੇ ਵਾਲਿਆਂ ਦੇ ਮੂੰਹ ਬੰਦ ਕਰਨ ਹਿਤ ਅਜਿਹਾ ਕੀਤਾ ਸੀ। ਆਪ ਦੇ ਸਕੇ ਸਬੰਧੀ ਨਿਤ ਇਹ ਹੀ ਕਹਿੰਦੇ ਸਨ ਕਿ ਇਹ ਤਾਂ ਸਿਰਫ ਭਾਈ ਜੁਵਾਲਾ ਸਿੰਘ ਦੇ ਜਿਉਂਦੇ ਰਹਿਣ ਤਕ ਹੀ ਕੀਰਤਨ ਕਰਨਗੇ ਬਾਅਦ ਵਿਚ ਸਭ ਛੱਡ ਜਾਣਗੇ।[85] ਆਪਣੇ ਜਥੇ ਦੇ ਨਾਲ-ਨਾਲ ਆਪ ਦੋਵਾਂ ਨੇ ਪਿਤਾ ਰਾਗੀ ਭਾਈ ਜੁਵਾਲਾ ਸਿੰਘ ਦੇ ਪ੍ਰਮੁਖ ਕੀਰਤਨ ਦਰਬਾਰਾਂ ਵਿਚ ਕੀਰਤਨ ਦੀ ਸੇਵਾ ਵੀ ਨਿਭਾਉਂਦੇ ਰਹੇ।

1952 ਈਸਵੀ ਵਿਚ ਰਾਗੀ ਭਾਈ ਜੁਵਾਲਾ ਸਿੰਘ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਆਪ ਨੇ ਭਾਈ ਸਵਰਨ ਸਿੰਘ ਨੂੰ ਪਿਤਾ ਦੀ ਤਾਕੀਦ ਅਨੁਸਾਰ ਆਪਣੇ ਜਥੇ ਵਿਚ ਲੈ ਲਿਆ। ਆਪ ਨੇ ਰਾਗੀ ਭਾਈ ਅਵਤਾਰ ਸਿੰਘ ਦੀ ਅਗਵਾਈ ਵਿਚ 1954 ਈਸਵੀ ਵਿਚ ਦਿੱਲੀ ਗੁਰਦੁਆਰਾ ਪ੍ਰਬੰਧ ਕਮੇਟੀ ਦੀ ਸਰਵਿਸ ਆਰੰਭ ਕੀਤੀ।[86] ਆਪ ਨੇ ਆਪਣੇ ਭਰਾਤਾ ਰਾਗੀ ਅਵਤਾਰ ਸਿੰਘ ਨਾਲ 13 ਅਪ੍ਰੈਲ 1991 ਤੱਕ 44 ਸਾਲ ਕੀਰਤਨ ਦੀ ਸੇਵਾ ਨਿਭਾਈ। ਇਸ ਉਪਰੰਤ ਆਪ ਕੈਨੇਡਾ ਆਪਣੇ ਸਪੁੱਤਰ ਡਾ. ਇੰਦਰਜੀਤ ਸਿੰਘ ਕੋਲ ਚਲੇ ਗਏ। ਇਸ ਤੋਂ ਬਾਅਦ ਆਪ ਨੇ ਕਥਾ ਦੀ ਸੇਵਾ ਪ੍ਰਾਰੰਭ ਕੀਤੀ ਤੇ ਜੀਵਨ ਦੇ ਆਖਰ ਤੱਕ ਕਰਦੇ ਰਹੇ। ਰਾਗੀ ਭਾਈ ਗੁਰਚਰਨ ਸਿੰਘ ਆਪਣੇ ਜੱਥੇ ਨਾਲ ਪਹਿਲੀ ਵਾਰ 1975-76 ਵਿਚ ਵਿਦੇਸ਼ ਯਾਤਰਾ ਹਿਤ ਯੂ.ਕੇ. ਗਏ।[87] ਇਸ ਤੋਂ ਬਾਅਦ ਆਪ ਦੇ ਕੀਰਤਨੀ ਜਥੇ ਨੇ ਜਿੱਥੇ ਵੀ ਕੀਰਤਨ ਕੀਤਾ ਆਪ ਉਨ੍ਹਾਂ ਨਾਲ ਗਏ ਜਿਸ ਦਾ ਵੇਰਵਾ ਉਪਰ ਕਰ ਆਏ ਹਾਂ।

ਰਾਗੀ ਭਾਈ ਗੁਰਚਰਨ ਸਿੰਘ ਨੇ ਸ਼ਬਦ ਕੀਰਤਨ ਨੂੰ ਕੇਵਲ ਸਟੇਜ਼ ਤਕ ਸੀਮਤ ਨਹੀਂ ਰੱਖਿਆ ਸਗੋਂ ਇਸ ਦੀ ਸੰਭਾਲ ਹਿਤ ਆਪ ਨੇ ਆਪਣੇ ਛੋਟੇ ਭਰਾਤਾ ਰਾਗੀ ਅਵਤਾਰ ਸਿੰਘ ਨਾਲ ਵਿਸ਼ੇਸ਼ ਸਮੂਹਿਕ ਯਤਨ ਵੀ ਕੀਤੇ। ਆਪ ਦੋਵਾਂ ਨੇ ਕਈ ਸਾਲਾਂ ਦੀ ਸਖਤ ਮਿਹਨਤ ਨਾਲ ਪ੍ਰਾਚੀਨ ਰੀਤਾਂ ਨੂੰ ਸੁਰਲਿਪੀਬੱਧ

ਕੀਤਾ। ਆਪ ਨੇ ਸਾਂਝੇ ਤੌਰ 'ਤੇ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਨਾਮਕ ਪੁਸਤਕ (ਦੋ ਭਾਗ) 1973-1979 ਈਸਵੀ ਵਿਚ ਰਚੀ।[88] ਜਿਸ ਦੀ ਚਰਚਾ ਪਹਿਲਾਂ ਕੀਤੀ ਜਾ ਚੁੱਕੀ ਹੈ। ਇਸ ਪੁਸਤਕ ਤੋਂ ਇਲਾਵਾ ਆਪ ਨੇ ਸ਼ਬਦ ਕੀਰਤਨ ਰਚਨਾਵਾਂ ਦੀ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਤੀਜਾ) ਦੇ ਹਵਾਲੇ ਨਾਲ ਪੁਸਤਕ ਤਿਆਰ ਵੀ ਕੀਤੀ ਸੀ । ਇਹ ਪੁਸਤਕ ਆਪ੍ਰਕਾਸ਼ਿਤ ਰੂਪ ਵਿਚ ਆਪ ਦੇ ਸਪੁੱਤਰ ਭਾਈ ਬਿਕਰਮਜੀਤ ਸਿੰਘ ਕੋਲ ਦਿੱਲੀ ਵਿਖੇ ਆਪ ਦੇ ਗ੍ਰਹਿ ਵਿਚ ਪਈ ਹੈ। ਇਸ ਪੁਸਤਕ ਦੇ ਸੰਪੂਰਨ ਵੇਰਵੇ ਖੋਜ ਪ੍ਰਬੰਧ ਦੇ ਚੌਥੇ ਅਧਿਆਇ ਅਧੀਨ ਦਿੱਤੇ ਜਾਣਗੇ। ਗੁਰਮਤਿ ਸੰਗੀਤ ਨਾਲ ਸਬੰਧਤ ਆਪ ਦੀ ਇੱਕ ਹੋਰ ਪੁਸਤਕ *ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ* (ਪਹਿਲੀ ਵਾਰ 1998 ਵਿਚ ਪ੍ਰਕਾਸ਼ਿਤ) ਪ੍ਰਾਪਤ ਹੁੰਦੀ ਹੈ ਬਾਅਦ ਵਿਚ ਇਸ ਪੁਸਤਕ ਦਾ ਅੰਗਰੇਜ਼ੀ ਵਿਚ ਉਲੱਥਾ ਵੀ ਕੀਤਾ ਗਿਆ। ਗੁਰਮਤਿ ਸੰਗੀਤ ਦੀਆਂ ਪੁਸਤਕਾਂ ਤੋਂ ਇਲਾਵਾਂ ਆਪ ਦੀਆਂ ਵੱਖ-ਵੱਖ ਵਿਸ਼ਿਆਂ 'ਤੇ *ਚਰਨ ਕਮਲ ਦੀ ਮਉਜ (ਕਵਿਤਾਵਾਂ), ਕਮਲ ਬਿਗਾਸਨ, ਬੇਬੇ ਨਾਨਕੀ, ਸਚਾਈਆਂ ਪਰ ਕੌੜੀਆਂ ਪਰ ਕੁਝ ਖਟੀਆਂ ਮਿੱਠੀਆਂ ਭੀ, ਪੰਥਕ ਮਹੱਲ, ਭੁਲੇਖੇ ਭੁਲੇਖੇ ਭੁਲੇਖੇ, ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ* ਵੀ ਪੁਸਤਕਾਂ ਪ੍ਰਾਪਤ ਹੁੰਦੀਆਂ ਹਨ।[89] ਇਨ੍ਹਾਂ ਪੁਸਤਕਾਂ ਤੋਂ ਆਪ ਦੀ ਤੀਬਰ ਲੇਖਨ ਬਿਰਤੀ ਦੀ ਵਿਦਵਤਾ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਗੁਰਮਤਿ ਸੰਗੀਤ, ਸਿੱਖ ਧਰਮ, ਸਾਹਿਤ ਆਦਿ ਦੇ ਖੇਤਰ ਵਿਚ ਆਪ ਦੁਆਰਾ ਕੀਤੇ ਕਾਰਜਾਂ ਕਾਰਨ ਆਪ ਨੂੰ ਵੱਖ-ਵੱਖ ਸਮਿਆਂ 'ਤੇ ਵਿਭਿੰਨ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਗਿਆ।

- 1979 ਵਿਚ ਆਪ ਨੂੰ *ਕੇਂਦਰੀ ਸਿੰਘ ਸਭਾ* ਵਲੋਂ 'ਕੀਰਤਨ ਲੇਖ' ਹਿਤ ਪ੍ਰਥਮ ਇਨਾਮ 1100/- ਰੁਪਏ ਦਾ ਪ੍ਰਾਪਤ ਹੋਇਆ।[90]
- ਨਾਮਧਾਰੀ ਪਰੰਪਰਾ ਦੇ ਮੁਖੀ ਬਾਬਾ ਪ੍ਰਤਾਪ ਸਿੰਘ ਦੀ ਸੰਗੀਤ ਕਲਾ ਤੇ ਗੁਰਮਤਿ ਸੰਗੀਤ ਵਿਚ ਨਿਪੁੰਨਤਾ 'ਤੇ ਲਿਖੇ ਲੇਖ ਹਿਤ ਨਾਮਧਾਰੀਆਂ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।
- 8 ਅਗਸਤ 2008 ਨੂੰ ਚੰਡੀਗੜ੍ਹ ਲਾਅ ਯੂਨੀਵਰਸਿਟੀ ਵਿਚ ਤਤਕਾਲੀ ਮੁੱਖ ਮੰਤਰੀ ਵੱਲੋਂ *ਸ਼੍ਰੋਮਣੀ ਰਾਗੀ ਅਵਾਰਡ* ਤੇ 250000 ਰਪੈ ਦਾ ਨਕਦ ਇਨਾਮ ਪ੍ਰਾਪਤ ਹੋਇਆ।[91]
- 6 ਮਾਰਚ 2009 ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਿਰਸਿਟੀ ਪਟਿਆਲ ਵਲੋਂ *ਸੀਨੀਅਰ ਫੈਲੋਸ਼ਿਪ* ਤੇ 67000 ਰੁਪੈ ਦਾ ਚੈਕ ਪ੍ਰਾਪਤ ਹੋਇਆ।[92]

- ਬਾਬਾ ਹਰਿਵੱਲਬ ਸੰਗੀਤ ਮਹਾਂਸਭਾ ਵਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਾਪਤ ਹੋਇਆ। [93]
- ਭਾਸ਼ਾ ਵਿਭਾਗ ਪੰਜਾਬ ਦੁਆਰਾ ਦਿੱਤੇ ਗਏ ਸ਼੍ਰੋਮਣੀ ਸਾਹਿਤਕਾਰ ਦਾ ਖਿਤਾਬ ਵੀ ਪ੍ਰਾਪਤ ਹੋਇਆ।[94]
- 2012 ਵਿਚ ਸੰਗੀਤ ਨਾਟਕ ਅਕੈਡਮੀ, ਨਵੀਂ ਦਿੱਲੀ ਵਲੋਂ ਟੈਗੋਰ ਅਕੈਡਮੀ ਫੈਲੋ ਅਵਾਰਡ ਨਾਲ ਸਨਮਾਨਿਤ ਕੀਤੇ ਗਏ।[95]

ਉਕਤ ਤੋਂ ਇਲਾਵਾ ਰਾਗੀ ਭਾਈ ਅਵਤਾਰ ਸਿੰਘ ਨੂੰ ਪ੍ਰਾਪਤ ਅਵਾਰਡ ਤੇ ਸਨਮਾਨ ਜਿਵੇਂ *ਸ਼੍ਰੋਮਣੀ ਰਾਗੀ ਐਵਾਰਡ, ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਨੂੰ ਪ੍ਰਮੁਖ ਪੁਸਤਕ ਦਾ ਅਵਾਰਡ, ਪ੍ਰਮੁਖ ਰਾਗੀ ਆਵਾਰਡ, ਗੁਰਮਤਿ ਸੰਗੀਤ ਸਨਮਾਨ, 'ਸ਼੍ਰੋਮਣੀ ਰਾਗੀ ਐਵਾਰਡ, ਪੰਜਾਬ ਅਕੈਡਮੀ ਦਿੱਲੀ ਵਲੋਂ ਨਕਦ ਰਾਸ਼ੀ 15000/-* ਨਾਲ ਸਨਮਾਨਿਤ, *ਸੰਤ ਸੁਜਾਨ ਸਿੰਘ ਪਹਿਲਾ ਐਵਾਰਡ, 'ਸੰਗੀਤ ਪੁਰਸਕਾਰ'* ਆਦਿ ਆਪ ਨੂੰ ਸਾਂਝੇ ਤੌਰ 'ਤੇ ਪ੍ਰਾਪਤ ਹੋਏ ਹਨ। ਜਿਨ੍ਹਾਂ ਦੇ ਵੇਰਵੇ ਰਾਗੀ ਭਾਈ ਅਵਤਾਰ ਸਿੰਘ ਦੇ ਹਵਾਲੇ ਨਾਲ ਪਹਿਲਾਂ ਹੀ ਕਰ ਚੁੱਕੇ ਹਾਂ।

ਰਾਗੀ ਭਾਈ ਗੁਰਚਰਨ ਸਿੰਘ ਨੇ ਜਿੱਥੇ ਆਪ ਸੰਗੀਤ ਦੀ ਸਿੱਖਿਆ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ ਸੀ ਉਸੇ ਤਰ੍ਹਾਂ ਆਪਣੀ ਇਹ ਪਿਤਾ ਪੁਰਖੀ ਕੀਰਤਨ ਸ਼ੈਲੀ ਨੂੰ ਅੱਗੇ ਤੋਰਿਆ**।** ਆਪ ਨੇ ਰਾਗੀ ਭਾਈ ਕੁਲਤਾਰ ਸਿੰਘ, ਭਾਈ ਬਲਦੀਪ ਸਿੰਘ, ਭਾਈ ਬਿਕਰਮਜੀਤ ਸਿੰਘ, ਡਾ. ਇੰਦਰਜੀਤ ਸਿੰਘ, ਇੰਜਿ. ਸੁਰਿੰਦਰ ਸਿੰਘ, ਬੀਬਾ ਏਕਸ਼ਰਨ ਕੌਰ, ਬੀਬਾ ਭਾਵਨਾ ਕੌਰ, ਪੋਤਰੇ ਡਾ. ਰਵਿੰਦਰ ਸਿੰਘ ਤੇ ਸ. ਮਨਿੰਦਰ ਸਿੰਘ ਨੂੰ ਵੀ ਅੱਗੇ ਦਿੱਤੀ। ਰਾਗੀ ਭਾਈ ਕੁਲਤਾਰ ਸਿੰਘ, ਭਾਈ ਬਲਦੀਪ ਸਿੰਘ ਨੂੰ ਛੱਡ ਕੇ ਸਾਰਿਆਂ ਦੇ ਵਿਵਸਾਇ ਅੱਡਰੇ ਹੀ ਹਨ। ਭਾਈ ਬਿਕਮਜੀਤ ਸਿੰਘ ਵੀ ਕੀਰਤਨ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ। 12 ਨਵੰਬਰ 2017 ਨੂੰ ਗੁਰਮਤਿ ਸੰਗੀਤ, ਗੁਰਬਾਣੀ ਤੇ ਸਿੱਖ ਇਤਿਹਾਸ ਦਾ ਕਥਾਕਾਰ, ਸਿੱਖ ਸਾਹਿਤ ਦਾ ਵਿਦਵਾਨ, ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦਾ ਇੱਕ ਹੋਰ ਮਜ਼ਬੂਤ ਥੰਮ ਪਰਮਜੋਤ ਵਿਚ ਲੀਨ ਹੋ ਗਿਆ। [96]

ਰਾਗੀ ਭਾਈ ਗੁਰਚਰਨ ਸਿੰਘ ਨੇ ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸਦੀਆਂ ਤੋਂ ਚਲੀਆਂ ਆ ਰਹੀਆਂ ਸ਼ਬਦ ਕੀਰਤਨ ਦੀਆਂ ਰੀਤਾਂ ਨੂੰ ਆਪਣੇ ਛੋਟੇ ਭਰਾਤਾ ਨਾਲ ਦੇਸ਼ ਵਿਚ ਹੀ ਨਹੀਂ ਸਗੋਂ ਵਿਸ਼ਵ ਪੱਧਰ 'ਤੇ ਪ੍ਰਚਾਰਿਆ। ਆਪ ਨੇ ਇਨ੍ਹਾਂ ਪੁਰਾਤਨ ਰੀਤਾਂ ਨੂੰ ਸਮੂਹਿਕ ਰੂਪ ਵਿਚ ਸੁਰਲਿਪੀਬੱਧ ਵੀ ਕੀਤਾ। ਆਪ ਨੇ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦੇ ਰਹਿੰਦੇ ਸੰਗ੍ਰਹਿ ਨੂੰ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਦੇ ਤੀਜੇ ਭਾਗ ਅਧੀਨ ਇਕੱਤਰ ਕੀਤਾ। ਇਹ ਆਪ ਦਾ ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਅਹਿਮ ਕਾਰਜ ਸਿੱਧ ਹੋਵੇਗਾ। ਆਪ ਨੇ ਗੁਰਮਤਿ ਸੰਗੀਤ ਦੇ ਹਵਾਲੇ ਨਾਲ ਤੰਤੀ ਸਾਜ਼ ਤਾਊਸ, ਜੋੜੀ ਆਦਿ ਵਿਧੀਬੱਧ ਸਿੱਖਿਆ ਵੀ ਪ੍ਰਾਪਤ ਕੀਤੀ ਸੀ। ਇਸ ਤੋਂ ਇਲਾਵਾ ਆਪ ਦੀ ਗੁਰਮਤਿ ਸੰਗੀਤ, ਸਿੱਖ ਸਮਾਜ, ਸਿੱਖ ਧਰਮ ਤੇ ਸਹਿਤ ਨਾਲ ਸਬੰਧਤ ਹੋਰ 9 ਪੁਸਤਕਾਂ ਵੀ ਰਚੀਆਂ ਜੋ ਆਪ ਦੀ ਕਲਮ ਦੇ ਗੁਣ ਨੂੰ ਪ੍ਰਤੱਖ ਕਰਦੀਆਂ ਹਨ। ਆਪ ਨੇ ਆਪਣੇ ਭਰਾਤਾ ਰਾਗੀ ਭਾਈ ਅਵਤਾਰ ਸਿੰਘ ਨਾਲ ਸੈਕੜੇਂ ਸ਼ਬਦ ਕੀਰਤਨ ਰੀਤਾਂ ਆਡਿਓ ਵੀਡਿਓ ਦੇ ਰੂਪ ਰਿਕਾਰਡ ਕਰਵਾਈਆਂ। ਇਸ ਪਰਿਪੇਖ ਵਿਚ ਆਪ ਗੁਰਮਤਿ ਸੰਗੀਤ ਪਰੰਪਰਾ ਅਤੇ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਵਿਚ ਪ੍ਰਮੁਖ ਸਥਾਨ ਰੱਖਦੇ ਹਨ। ਆਪ ਤੋਂ ਬਾਅਦ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਵਿਚ ਪ੍ਰਮੁਖ ਤੇ ਵਿਸ਼ੇਸ਼ ਨਾਮ ਰਾਗੀ ਭਾਈ ਸਵਰਨ ਸਿੰਘ ਦਾ ਆਉਂਦਾ ਹੈ।



**3.3.15 ਭਾਈ ਸਵਰਨ ਸਿੰਘ:** ਰਾਗੀ ਭਾਈ ਜੁਵਾਲਾ ਸਿੰਘ ਦੇ ਅੰਤਲੇ ਸਮੇਂ 1947 ਈਸਵੀ ਤੋਂ 1952 ਈਸਵੀ ਤੱਕ ਨਾਲ ਰਹੇ ਭਾਈ ਸਵਰਨ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਇੱਕ ਹੋਰ ਵਿਅਕਤੀ ਵਿਸ਼ੇਸ਼ ਹਨ। ਵਰਤਮਾਨ ਸਮੇਂ ਜੋੜੀ ਵਾਦਨ ਦੇ ਆਪ ਪ੍ਰਮੁਖ ਵਾਦਕ ਹਨ। ਆਪ ਦਾ ਜਨਮ 1937 ਈਸਵੀ ਵਿਚ ਸੈਦਪੁਰ ਰਿਆਸਤ ਕਪੂਰਥਲਾ (ਅੱਜ ਕੱਲ ਜਿਲ੍ਹਾ ਕਪੂਰਥਲਾ) ਵਿਖੇ ਹੋਇਆ। ਆਪ ਦੇ ਪਿਤਾ ਦਾ

ਨਾਮ ਸ. ਮੇਲਾ ਸਿੰਘ ਤੇ ਮਾਤਾ ਦਾ ਸਰਦਾਰਨੀ ਇੰਦਰ ਕੌਰ ਸੀ। ਆਪ ਦੇ ਪਿਤਾ ਦਾ ਕੰਮ ਸ਼ਾਹੂਕਾਰਾ ਸੀ। ਆਪ ਦੇ ਤਿੰਨ ਭਰਾ ਤੇ ਦੋ ਭੈਣਾਂ ਸਨ। ਆਪ ਦੇ ਵੱਡੇ ਭਰਾ ਮਿਲਟਰੀ ਵਿਚ ਸਨ।[97]

ਭਾਈ ਸਰਵਨ ਸਿੰਘ ਨੂੰ ਪੰਜ ਸਾਲਾਂ ਦੀ ਉਮਰ ਵਿਚ ਰਿਵਾਜ ਅਨੁਸਾਰ ਪਿੰਡ ਦੇ ਗੁਰਦੁਆਰੇ ਵਿਚ ਪੜ੍ਹਾਉਣ ਹਿਤ ਲਗਾਇਆ। ਆਪ ਨੇ ਭਾਈ ਕੇਸਰ ਸਿੰਘ ਤੋਂ ਬਾਲ ਉਪਦੇਸ਼, ਪੰਜ ਗ੍ਰੰਥੀ, ਦਸ ਗ੍ਰੰਥੀ, ਹਨੂਮਾਨ ਨਾਟਕ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਪ੍ਰਾਰੰਭ ਕੀਤੀ। ਆਪ ਦੇ ਪਿਤਾ ਨੂੰ ਸੰਗੀਤ ਦਾ ਬਹੁਤ ਸੌਕ ਸੀ। ਆਪ ਦੇ ਪਿਤਾ ਦੀ ਰਾਗੀ ਭਾਈ ਜੁਵਾਲਾ ਸਿੰਘ ਨਾਲ ਗੂੜ੍ਹੀ ਮਿੱਤਰਤਾ ਸੀ। ਆਪ ਦੇ ਪਿਤਾ ਦਾ ਵਿਆਹ ਰਾਗੀ ਭਾਈ ਜੁਵਾਲਾ ਸਿੰਘ ਨੇ ਹੀ ਕਰਵਾਇਆ ਸੀ। ਆਪ ਪਰਿਵਾਰ ਵਿਚ ਸਭ ਤੋਂ ਛੋਟੇ ਸਨ। ਆਪ ਦੇ ਪਿਤਾ ਨੂੰ ਇੱਕ ਤਾਂ ਸੰਗੀਤ ਨਾਲ ਪਿਆਰ ਸੀ ਦੂਸਰਾ ਰਾਗੀ ਭਾਈ ਜੁਵਾਲਾ ਸਿੰਘ ਨਾਲ ਸਨੇਹ ਸੀ ਜਿਸ ਕਾਰਨ ਉਨ੍ਹਾਂ ਨੇ ਆਪ ਨੂੰ ਰਾਗੀ ਭਾਈ ਜੁਵਾਲਾ ਸਿੰਘ ਨੂੰ ਸੌਂਪ ਦਿੱਤਾ। ਉਨ੍ਹਾਂ ਨਾਲ ਹੀ ਰਾਗੀ ਭਾਈ ਜੁਵਾਲਾ ਸਿੰਘ ਨੂੰ ਮਜਾਕ ਵਿਚ ਕਿਹਾ ਕਿ ਇਸ ਨੂੰ ਮੇਰਾ ਦਸਵੰਦ ਸਮਝ ਕੇ ਰੱਖ ਲਵੋ।[98] ਇਹ ਘਟਨਾ ਨਵੰਬਰ 1947 ਦੀ ਹੈ। ਰਾਗੀ ਭਾਈ ਜੁਵਾਲਾ ਸਿੰਘ ਜਿਨ੍ਹਾਂ ਨੂੰ ਆਪ *ਬਾਪੂ ਜੀ* ਕਰਕੇ ਸੰਬੋਧਨ ਕਰਦੇ ਹੋ ਨੇ ਆਪ ਨੂੰ ਵਿਧੀਬੱਧ ਤਰੀਕੇ ਨਾਲ ਅਰਦਾਸ ਕਰਕੇ ਜੋੜੀ ਦੀ ਤਾਲੀਮ ਪ੍ਰਾਰੰਭ ਕਰਵਾਈ। ਭਾਈ ਜੁਵਾਲਾ ਸਿੰਘ ਦੇ ਕਹਿਣ 'ਤੇ ਭਾਈ ਮੰਨਾ ਜੋ ਰਾਗੀ ਭਾਈ ਜੁਵਾਲਾ ਸਿੰਘ ਦੇ ਸ਼ਾਗਿਰਦ ਸਨ, ਆਪ ਨੂੰ ਜੋੜੀ ਸਿਖਾਉਣ ਲੱਗੇ । ਇਸ ਤਰ੍ਹਾ ਆਪ ਦੀ ਜੋੜੀ ਵਾਦਨ ਸਿੱਖਿਆ ਦਾ ਪ੍ਰਾਰੰਭ ਹੋਇਆ। ਆਪ ਨੇ ਰਾਗੀ ਭਾਈ ਜੁਵਾਲਾ ਸਿੰਘ ਦੇ ਨਾਲ ਨਾਲ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਤੋਂ ਵੀ ਜੋੜੀ ਤੇ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ।

ਭਾਈ ਸਵਰਨ ਸਿੰਘ ਨੇ 1947 ਤੋਂ ਨਿਰੰਤਰ ਰਾਗੀ ਭਾਈ ਜੁਵਾਲਾ ਸਿੰਘ, ਭਾਈ ਮੰਨਾ ਸਿੰਘ ਤੋਂ ਜੋੜੀ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਦੇ ਨਾਲ-ਨਾਲ ਆਪ ਭਾਈ ਸਾਬ ਦੇ ਕੀਰਤਨੀ ਜੱਥੇ ਨਾਲ ਸਹਾਇਕ ਦੇ ਤੌਰ 'ਤੇ ਕੀਰਤਨ ਦੀ ਸੇਵਾ ਵੀ ਕਰਨ ਲੱਗੇ। ਆਪ ਨੇ ਰਾਗੀ ਭਾਈ ਜੁਵਾਲਾ ਸਿੰਘ ਨਾਲ ਪਹਿਲੀ ਕੀਰਤਨ ਸੇਵਾ ਨਵੰਬਰ 1948 ਵਿਚ ਸ. ਸੁੰਦਰ ਸਿੰਘ ਮਜੀਠੀਏ ਦੀ ਗੋਰਖਪੁਰ ਵਾਲੀ ਸ਼ੂਗਰ ਮਿੱਲ ਵਿਚ ਕੀਤੀ। ਉਥੇ ਆਪ ਨੇ ਭਾਈ ਜੁਵਾਲਾ ਸਿੰਘ ਨਾਲ ਆਸਾ ਦੀ ਵਾਰ ਦੇ ਕੀਰਤਨ ਤੇ ਜੋੜੀ ਵਾਦਨ ਦੀ ਸੇਵਾ ਕੀਤੀ। ਇਸੇ ਪ੍ਰਕਾਰ ਆਪ ਨੇ ਰਾਗੀ ਭਾਈ ਜੁਵਾਲਾ ਸਿੰਘ ਨਾਲ ਵਿਭਿੰਨ ਸਥਾਨਾ ਜਿਵੇਂ ਸ੍ਰੀ

ਦਰਬਾਰ ਸਾਹਿਬ, ਅੰਮ੍ਰਿਤਸਰ, ਕੇਸ਼ਗੜ, ਦਿੱਲੀ, ਪਟਨਾ, ਮੁਜ਼ੱਫਰ ਨਗਰ, ਬਨਾਰਸ, ਕਾਨਪੁਰ, ਲਖਨਊ, ਨਾਂਦੇੜ, ਆਦਿ 'ਤੇ ਕੀਰਤਨ ਦੀ ਸੇਵਾ ਨਿਭਾਈ। ਇਸੇ ਸਫਰ ਦੌਰਾਨ ਆਪ ਨੇ ਆਪਣਾ ਰਿਆਜ਼ ਰਾਗੀ ਭਾਈ ਜੁਵਾਲਾ ਸਿੰਘ ਦੀ ਦੇਖ-ਰੇਖ ਵਿਚ ਨਿਰੰਤਰ ਜ਼ਾਰੀ ਰੱਖਿਆ। 1952 ਈਸਵੀ ਵਿਚ ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਆਪ ਦਾ ਹੱਥ ਆਪਣੇ ਸਪੁੱਤਰ ਰਾਗੀ ਅਵਤਰ ਸਿੰਘ ਨੂੰ ਇਸ ਤਾਕੀਦ ਨਾਲ ਫੜਾਇਆ ਕੀ ਸਾਰੀ ਉਮਰ ਇਸ ਨੂੰ ਛੱਡਣਾ ਨਹੀਂ। 1952 ਵਿਚ ਰਾਗੀ ਭਾਈ ਜੁਵਾਲਾ ਸਿੰਘ ਆਕਾਲ ਚਲਾਣਾ ਕਰ ਗਏ। ਆਪ ਲਈ ਇਹ ਸਮਾਂ ਕਹਿਰ ਦੀ ਨਿਆਈ ਸੀ। ਉਸ ਵਕਤ ਆਪ ਦੀ ਉਮਰ 15 ਸਾਲ ਦੀ ਸੀ। ਆਪ ਦਾ ਗ੍ਰਹਿਸਥੀ ਜੀਵਨ 1957 ਈਸਵੀ ਵਿਚ ਬੀਬੀ ਪ੍ਰੀਤਮ ਕੌਰ ਨਾਲ ਸ਼ੁਰੂ ਹੋਇਆ। ਆਪ ਦੇ ਦੋ ਸਪੁੱਤਰ ਦੇ ਇੱਕ ਸਪੁੱਤਰੀ ਕੁੱਲ ਤਿੰਨ ਬੱਚੇ ਹਨ। ਸਾਰਿਆਂ ਦਾ ਵਧੀਆਂ ਕੰਮ ਕਾਰ ਹੈ ਪਰ ਉਨ੍ਹਾਂ ਦਾ ਵਿਵਸਾਇ ਸੰਗੀਤ ਨਹੀਂ ਹੈ।

ਭਾਈ ਸਵਰਨ ਸਿੰਘ ਨੂੰ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੇ ਪਿਤਾ ਦੀ ਤਾਕੀਦ ਅਨੁਸਾਰ ਆਪਣੇ ਕੀਰਤਨੀ ਜੱਥੇ ਵਿਚ ਸ਼ਾਮਿਲ ਕਰ ਲਿਆ। ਆਪ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੂੰ ਕ੍ਰਮਵਾਰ ਛੋਟੇ ਚਾਚਾ ਜੀ, ਵੱਡੇ ਚਾਚਾ ਜੀ ਕਹਿ ਕੇ ਸੰਬੋਧਨ ਕਰਦੇ ਹਨ। ਆਪ ਨੇ ਦੋਵੇਂ ਭਾਰਾਵਾਂ ਕੋਲੋਂ ਕੀਰਤਨ, ਤਾਊਸ, ਜੋੜੀ ਦਾ ਅਭਿਆਸ ਕੀਤਾ ਪਰ ਆਪ ਦੀ ਮੁਹਾਰਤ ਜੋੜੀ ਵਾਦਨ ਵਿਚ ਰਹੀ ਹੈ। ਆਪ ਨੇ ਰਾਗੀ ਭਾਈ ਅਵਤਾਰ ਸਿੰਘ ਦੇ ਅੰਤਿਮ ਸਮੇਂ ਭਾਵ 2006 ਤੱਕ ਸਾਥ ਨਿਭਾਇਆ। ਨਾ ਹੀ ਆਪ ਨੇ ਕਦੀ ਅਲੱਗ ਹੋਣ ਦੀ ਸੋਚੀ ਤੇ ਨਾ ਹੀ ਭਾਈ ਅਵਤਾਰ ਸਿੰਘ ਨੇ ਆਪ ਦੇ ਬਦਲ ਹਿਤ ਕਿਸੇ ਹੋਰ ਨੂੰ ਜਥੇ ਵਿਚ ਸ਼ਾਮਿਲ ਕਰਨ ਦੀ। ਆਪ ਨੇ ਰਾਗੀ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਸਿਰਮੌਰ ਰਾਗੀ ਜਥੇ ਨਾਲ 54 ਸਾਲ ਕੀਰਤਨ ਦੀ ਬੇਮਿਸਾਲ ਸੇਵਾ ਨਿਭਾਈ। 2006 ਸੰਨ ਵਿਚ ਰਾਗੀ ਭਾਈ ਅਵਤਾਰ ਸਿੰਘ ਨੇ ਆਪਣੇ ਅੰਤਿਮ ਸਮੇਂ ਆਪਣੇ ਸਪੁੱਤਰ ਰਾਗੀ ਕੁਲਤਾਰ ਸਿੰਘ ਦੀ ਬਾਂਹ ਆਪ ਨੂੰ ਫੜਾ ਕੇ ਕਦੇ ਨਾ ਛੱਡਣ ਦੀ ਤਾਕੀਦ ਕੀਤੀ। 2006 ਵਿਚ ਰਾਗੀ ਭਾਈ ਅਵਤਾਰ ਸਿੰਘ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਬਆਦ ਹੁਣ ਤੱਕ ਆਪ ਰਾਗੀ ਭਾਈ ਕੁਲਤਾਰ ਸਿੰਘ ਦਾ ਜਿੱਥੇ ਮਾਰਗ ਦਰਸ਼ਨ ਕਰਦੇ ਹੋ ਉਥੇ ਉਨ੍ਹਾਂ ਦੇ ਕੀਰਤਨੀ ਜੱਥੇ ਵਿਚ ਬਤੌਰ ਜੋੜੀ ਵਾਦਕ ਦੀ ਸੇਵਾ ਨਿਭਾਅ ਰਹੇ ਹਨ। ਆਪ ਨੇ ਸਾਰਾ ਜੀਵਨ ਜਿੱਥੇ ਕੀਰਤਨ ਹਿਤ ਸਮਰਪਿਤ ਕੀਤਾ ਹੋਇਆ ਹੈ ਉਥੇ ਰਾਗੀ ਭਾਈ

ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀ ਕੀਰਤਨ ਸ਼ੈਲੀ ਨੂੰ ਵਾਦਨ ਦੇ ਹਵਾਲੇ ਨਾਲ ਦਿਲੋਂ ਪ੍ਰਫੁੱਲਤ ਕੀਤਾ ਹੈ।

ਭਾਈ ਸਵਰਨ ਸਿੰਘ ਜੋੜੀ ਵਾਦਨ ਵਿਚ ਤਾਂ ਮੁਹਾਰਤ ਰੱਖਦੇ ਹੀ ਹਨ ਇਸ ਦੇ ਨਾਲ ਆਪ ਗਾਇਨ ਦਾ ਸ਼ੌਂਕ ਰੱਖਦੇ ਹਨ। ਵਰਤਮਾਨ ਸਮੇਂ ਆਪ ਨੇ ਨਿੱਜੀ ਤੌਰ 'ਤੇ ਪੁਰਾਤਨ ਰੀਤਾਂ ਤੀ ਰਿਕਾਰਡਿੰਗ ਪ੍ਰਾਰੰਭ ਕੀਤੀ ਹੋਈ ਹੈ। ਆਪ ਹੁਣ ਤਕ ਲਗਭਗ 500 ਤੋਂ ਜਿਆਦਾ ਸ਼ਬਦਾਂ ਦੀ ਰਿਕਾਰਡਿੰਗ ਕਰ ਚੁੱਕੇ ਹਨ। ਇਹ ਰਿਕਾਰਡਿੰਗ ਐਮਪੀ 3 ਤੇ ਵੀਡੀਓਜ਼ ਦੇ ਰੂਪ ਵਿਚ ਉਪਲੱਬਧ ਹੈ। ਆਪ ਨੇ ਇਹ ਰਿਕਾਰਡਿੰਗ ਦਿੱਲਰੁਬਾ ਖੁਦ ਵਜਾ ਕੇ ਨਾਲ ਇਲੈਕਟ੍ਰੋਨਿਕ ਤਬਲਾ ਲਾ ਕੇ ਕੀਤੀ ਹੋਈ ਹੈ। ਕੁਝ ਰਿਕਾਰਡਿੰਗਜ਼ ਖੁਦ ਤਬਲਾ ਵਜਾਉਂਦੇ ਹੋਏ ਸਮਾਨਾਂਤਰ ਗਾ ਕੇ ਕੀਤੀ ਹੋਈ ਹੈ। ਇਸ ਲਈ ਜਿੱਥੇ ਸੁਰ ਦੀ ਸਾਧਨਾ ਜ਼ਰੂਰੀ ਹੈ ਉੱਥੇ ਇਸ ਦਾ ਵਿਸ਼ੇਸ਼ ਅਭਿਆਸ ਵੀ ਜ਼ਰੂਰੀ ਹੈ। ਆਪ ਦੀਆਂ ਇਹ ਰਿਕਾਰਡਿੰਗ ਖੋਜਾਰਥੀ ਨੇ ਆਪ ਜੀ ਤੋਂ ਵਿਸ਼ੇਸ਼ ਰੂਪ ਵਿਚ ਪ੍ਰਾਪਤ ਕੀਤੀਆਂ ਹਨ। ਇਸ ਦੇ ਨਾਲ-ਨਾਲ ਵਰਤਮਾਨ ਸਮੇਂ ਆਪ ਸਵੈ-ਜੀਵਨੀ ਵੀ ਲਿਖ ਰਹੇ ਹਨ।[99] ਖੋਜਾਰਥੀ ਕੋਲ ਆਪ ਦੀ ਸਵੈ-ਜੀਵਨੀ ਦਾ ਖਰੜਾ ਮੌਜੂਦ ਹੈ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਆਪ ਨੂੰ ਕੀਰਤਨ ਦਾ ਵੀ ਸੌਂਕ ਸੀ ਕਈ ਵਾਰ ਲੋੜ ਪੈਣ 'ਤੇ ਆਪ ਨੇ ਕੀਰਤਨ ਕੀਤਾ ਹੈ। ਭਾਈ ਬਿਕਰਮਜੀਤ ਸਿੰਘ (ਸਪੁੱਤਰ ਰਾਗੀ ਭਾਈ ਜੁਵਾਲਾ ਸਿੰਘ) ਦੇ ਹਵਾਲੇ ਨਾਲ ਆਪ ਪਟਨਾ ਸਹਿਬ ਕੀਰਤਨ ਹਿਤ ਵਿਸ਼ੇਸ਼ ਸੱਦੇ 'ਤੇ ਗਏ। ਆਪ ਦੇ ਨਾਲ ਸਾਥੀ ਵਜੋਂ ਭਾਈ ਬਿਕਰਮਜੀਤ ਸਿੰਘ ਹੀ ਗਏ ਸਨ।[100] ਆਪ ਦੀ ਕੀਰਤਨ ਹਿਤ ਕੀਤੀ ਸੇਵਾ ਕਾਰਨ ਆਪ ਦੇ ਜੱਥੇ ਨੂੰ ਕਈ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਗਿਆ। ਆਪ ਨੇ ਸਾਰਾ ਜੀਵਨ ਇੱਕ ਕੀਰਤਨੀ ਜੱਥੇ ਨਾਲ ਨਿਭਾਇਆ ਹੈ। ਇਸ ਸੰਦਰਭ ਵਿਚ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਵੀ ਆਪ ਨੂੰ ਵੱਖਰਾ ਨਹੀਂ ਸਮਝਦੇ ਸਨ। ਇਸ ਪਰਿਪੇਖ ਵਿਚ ਜੋ ਵੀ ਸਨਾਮਾਨ ਜੱਥੇ ਦੇ ਕੀਰਤਨੀਆਂ ਨੂੰ ਪ੍ਰਾਪਤ ਹੋਏ ਉਹ ਸਾਝੇਂ ਤੌਰ 'ਤੇ ਹੀ ਸਨ। ਉਸ ਵਿਚ 1982 ਰਾਸ਼ਟਰਪਤੀ ਦੁਆਰਾ ਕਰਮਾਨੀ ਹਾਲ ਪ੍ਰਾਪਤ ਸਨਮਾਨ ਵੀ ਸ਼ਾਮਿਲ ਹੈ। ਇਸ ਦਾ ਪਿੱਛੇ ਵਿਸਥਾਰ ਆ ਚੁੱਕਾ ਹੈ।

ਭਾਈ ਸਵਰਨ ਸਿੰਘ ਦਾ ਜੀਵਨ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀ ਗਾਇਨ ਸ਼ੈਲੀ ਤੇ ਵਾਦਨ ਸ਼ੈਲੀ ਨੂੰ ਸਮਰਪਿਤ ਹੈ। ਆਪ ਨੇ ਆਪਣਾ ਸੰਗੀਤਕ ਸਫ਼ਰ ਰਾਗੀ ਭਾਈ ਜੁਵਾਲਾ ਸਿੰਘ

ਦੀ ਰਹਿਨੁਮਾਈ ਨਾਲ ਪ੍ਰਾਰੰਭ ਕੀਤਾ। ਇਸ ਘਰਾਣੇ ਦੇ ਪ੍ਰਮੁਖ ਨਾਮੀ ਕੀਰਤਨੀਏ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨਾਲ ਆਪਣੇ ਸੰਗੀਤਕ ਸਫ਼ਰ ਨੂੰ ਪ੍ਰਵਾਣ ਚੜ੍ਹਾਇਆ। ਅੱਜ ਕੱਲ ਆਪ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਰਾਗੀ ਭਾਈ ਕੁਲਤਾਰ ਸਿੰਘ ਨੂੰ ਆਪਣੀਆਂ ਸੇਵਾਵਾਂ ਦੇ ਰਿਹੇ ਹਨ। ਆਪ ਜਿੱਥੇ ਰਾਗੀ ਭਾਈ ਕੁਲਤਾਰ ਸਿੰਘ ਨਾਲ ਸਾਥੀ ਵਜੋਂ ਸੇਵਾ ਕਰ ਰਹੇ ਹੋ ਉਥੇ ਆਪ ਉਨ੍ਹਾਂ ਦਾ ਇਸ ਦਿਸ਼ਾ ਵਿਚ ਮਾਰਗ ਦਰਸ਼ਨ ਵੀ ਕਰ ਰਹੇ ਹਨ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਕੀਤਨੀਏ ਤੇ ਇਨ੍ਹਾਂ ਦੇ ਪਰਿਵਾਰ ਦੀ 12ਵੀਂ ਪੀੜ੍ਹੀ ਦੇ ਕੀਰਤਨੀਆਂ ਵਿਚ ਰਾਗੀ ਭਾਈ ਕੁਲਤਾਰ ਸਿੰਘ ਦਾ ਨਾਮ ਪ੍ਰਮੁਖ ਹੈ।




**3.3.16 ਰਾਗੀ ਭਾਈ ਕੁਲਤਾਰ ਸਿੰਘ:** ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਰਾਗੀ ਭਾਈ ਕੁਲਤਾਰ ਸਿੰਘ ਵਿਸ਼ੇਸ਼ ਕੀਰਤਨੀਏ ਹਨ। ਆਪ ਦਾ ਜਨਮ ਰਾਗੀ ਭਾਈ ਅਵਤਾਰ ਸਿੰਘ ਦੇ ਗ੍ਰਹਿ ਵਿਖੇ ਸਰਦਾਰਨੀ ਅਮਰ ਕੌਰ ਦੀ ਕੁੱਖੋਂ 1966 ਈਸਵੀ ਨੂੰ ਹੋਇਆ। ਆਪ ਨੇ ਕੀਰਤਨ ਦੀ ਸਿੱਖਿਆ ਆਪਣੇ ਪਿਤਾ ਤੇ ਤਾਇਆ ਰਾਗੀ ਭਾਈ ਗੁਰਚਰਨ ਸਿੰਘ ਤੋਂ ਪ੍ਰਾਪਤ ਕੀਤੀ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਚ ਪੜ੍ਹਦਿਆਂ ਆਪ ਨੇ 6ਵੀਂ ਕਲਾਸ ਵਿਚ ਸੰਗੀਤ ਨੂੰ ਵਾਧੂ ਵਿਸ਼ੇ ਦੇ ਰੂਪ

ਰੱਖ ਲਿਆ। ਸਕੂਲ ਵਿਚ ਆਪ ਨੇ ਗਾਇਨ ਦੇ ਨਾਲ ਵਾਇਲਨ ਵੀ ਸਿੱਖੀ। ਉਪਰੰਤ ਪੜ੍ਹਾਈ ਵੱਲ ਵਧੇਰੇ ਧਿਆਨ ਦੇਣ ਹਿਤ ਸੰਗੀਤ ਵੱਲ ਧਿਆਨ ਘੱਟ ਗਿਆ। ਨਤੀਜਨ ਆਪ ਨੇ ਬਿਦਰ ਯੂਨੀਵਰਸਿਟੀ (ਕਰਨਾਟਕ) ਤੋਂ ਇੰਜੀਨੀਅਰਿੰਗ ਦੀ ਪੜ੍ਹਾਈ ਅੱਵਲ ਦਰਜੇ ਵਿਚ ਪਾਸ ਕੀਤੀ। ਫਿਰ ਆਪ ਆਪਣੇ ਵੱਡੇ ਭਰਾਤਾ ਸ. ਮਨਮੋਹਨ ਸਿੰਘ ਕੋਲ ਨੈਰੋਬੀ ਸਾਊਥ ਅਫਰੀਕਾ ਚੱਲੇ ਗਏ। ਆਪ ਮਨ ਅੰਦਰੋਂ ਕੀਰਤਨ ਨਾਲ ਜੁੜਿਆ ਸੀ।[101] ਆਪ ਬਚਪਨ ਤੋਂ ਸੰਗੀਤਕ ਮਾਹੌਲ ਵਿਚ ਪਲੇ ਤੇ ਜਵਾਨ ਹੋਏ। ਆਪ ਨੈਰੋਬੀ ਤੋਂ ਵਾਪਸ ਆ ਕੇ ਆਪਣੇ ਪਿਤਾ ਤੋਂ ਮੁੜ ਕੀਰਤਨ ਦੀ ਸਿੱਖਿਆ ਪ੍ਰਾਰੰਭ ਕਰ ਦਿੱਤੀ। ਆਪ ਨੇ ਆਪਣਾ ਇੰਜੀਨਿਆਰਿੰਗ ਦਾ ਪ੍ਰੋਫੈਸ਼ਨ ਛੱਡ ਕੇ ਕੀਰਤਨ ਨੂੰ ਅਪਣਾ ਲਿਆ। 1999 ਈਸਵੀ ਤੋਂ ਆਪ ਨੇ ਆਪਣੇ ਪਿਤਾ ਨਾਲ ਸਹਾਇਕ ਦੇ ਤੌਰ 'ਤੇ ਕੀਰਤਨ ਦੀ ਸੇਵਾ ਸ਼ੁਰੂ ਕਰ ਦਿੱਤੀ।

ਭਾਈ ਕੁਲਤਾਰ ਸਿੰਘ ਪਰਿਵਾਰ ਵਿਚ ਸਭ ਤੋਂ ਛੋਟੇ ਹਨ। ਆਪ ਦੇ ਦੋ ਭਰਾ ਤੇ ਇੱਕ ਭੈਣ ਹੈ। ਆਪ ਦੀ ਧਰਮ ਸੁਪਤਨੀ ਯੂ.ਕੇ ਦੀ ਜੰਮਪਲ ਹੈ। ਆਪ ਅੱਜ ਕੱਲ ਦਿੱਲੀ ਵਿੱਖੇ ਆਪਣੇ ਪਿਤਾ ਦੇ ਘਰ ਸਾਊਥ ਐਕਸਟੈਂਸ਼ਨ ਨਵੀਂ ਦਿੱਲੀ ਰਹਿੰਦੇ ਹਨ। ਆਪ ਦੇ ਦੋ ਬੱਚੇ ਹਨ ਜੋ ਯੂ.ਕੇ. ਵਿਚ ਉੱਚ ਪੱਧਰੀ ਸਿੱਖਿਆ ਪ੍ਰਪਤ ਕਰ ਰਹੇ ਹਨ। ਆਪ ਦੇ ਪਰਿਵਾਰ ਵਿਚ ਕੇਵਲ ਆਪ ਹੀ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀ ਕੀਰਤਨ ਸ਼ੈਲੀ ਦੀ ਪੈਰਵੀ ਕਰ ਰਹੇ ਹਨ।

ਰਾਗੀ ਭਾਈ ਕੁਲਤਾਰ ਸਿੰਘ ਨੇ 1999 ਤੋਂ 2006 ਤੱਕ ਬਤੌਰ ਰਾਗੀ ਸਹਾਇਕ ਰਾਗੀ ਅਵਤਾਰ ਸਿੰਘ ਨਾਲ ਕੀਰਤਨ ਦੀ ਸੇਵਾ ਕੀਤੀ। ਉਪਰੰਤ ਨਵੰਬਰ 2006 ਤੋਂ ਪਿਤਾ ਦੀ ਪ੍ਰੇਰਣਾ ਸਦਕਾ ਆਪ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਕਰ ਲਈ। ਅੱਜ ਕੱਲ ਆਪ ਇਹ ਸੇਵਾ ਤਨ ਦੇਹੀ ਨਾਲ ਨਿਭਾਅ ਰਹੇ ਹਨ। ਆਪ ਵੱਖ-ਵੱਖ ਇਤਿਹਾਸਕ ਗੁਰੂਘਰਾਂ ਵਿਚ ਕੀਰਤਨ ਦੀ ਸੇਵਾ ਕਰਦੇ ਰਹੇ ਹਨ। ਆਪ ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ ਵਿਖੇ ਕੀਰਤਨ ਦੀ ਸਮੇਂ-ਸਮੇਂ 'ਤੇ ਹਾਜ਼ਰੀ ਭਰਦੇ ਰਹਿੰਦੇ ਹਨ।[102] ਇਸ ਦੇ ਨਾਲ ਨਾਲ ਆਪ ਅਮਰੀਕਾ, ਕੈਨੇਡਾ, ਯੂਕੇ ਆਦਿ ਵੀ ਕੀਰਤਨ ਹਿਤ ਜਾਂਦੇ ਹਨ।[103]

ਭਾਈ ਕੁਲਤਾਰ ਸਿੰਘ ਨੂੰ ਅੰਗਰੇਜ਼ੀ ਭਾਸ਼ਾ ਦਾ ਵਧੀਆ ਗਿਆਨ ਹੈ। ਅੰਗਰੇਜ਼ੀ ਅਜੋਕੇ ਸਮੇਂ ਲਗਭਗ ਸੰਸਾਰ ਪੱਧਰ 'ਤੇ ਬੋਲੀ ਜਾਂਦੀ ਹੈ। ਗੁਰਬਾਣੀ ਦੇ ਅਰਥਾਂ ਨੂੰ ਅੱਜ ਦੀ ਨਵੀਂ ਪੀੜ੍ਹੀ ਖਾਸ ਕਰਕੇ ਜੋ

ਵਿਦੇਸ਼ਾਂ ਵਿਚ ਬੈਠੀ ਹੈ ਉਨ੍ਹਾਂ ਨੂੰ ਸਮਝਾਉਣ ਹਿਤ ਇਸ ਦਾ ਗਿਆਨ ਜ਼ਰੂਰੀ ਹੋ ਗਿਆ ਹੈ। ਆਪ ਆਪਣੇ ਵਿਦੇਸ਼ੀ ਦੌਰਿਆਂ 'ਤੇ ਸ਼ਬਦ ਦੀ ਵਿਆਖਿਆ ਅੰਗਰੇਜ਼ੀ ਭਾਸ਼ਾ ਦੇ ਅਧਾਰ 'ਤੇ ਕਰਦੇ ਹਨ। ਇਸ ਸੰਦਰਭ ਵਿਚ ਵਿਦੇਸ਼ਾਂ ਵਿਚ ਆਪ ਦੇ ਕੀਰਤਨ ਨੂੰ ਵਧੇਰੇ ਪਸੰਦ ਕੀਤਾ ਹੈ। ਇਸ ਪਰਿਪੇਖ ਵਿਚ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀ ਸ਼ੈਲੀ ਨੂੰ ਇਸ ਘਰਾਣੇ ਦੇ ਕੀਰਤਨੀਆਂ ਨੇ ਸਮੇਂ ਦਾ ਹਾਣੀ ਬਣਾ ਕੇ ਰੱਖਿਆ ਹੈ। ਆਪ ਇਸ ਕੀਰਤਨ ਸ਼ੈਲੀ ਰਾਹੀਂ ਦੇਸ਼ ਵਿਦੇਸ਼ ਵਿਚ ਪ੍ਰਚਾਰ ਕਰ ਰਹੇ ਹਨ। ਰਾਗੀ ਜੁਵਾਲਾ ਸਿੰਘ ਕੀਰਤਨ ਘਰਾਣੇ ਦੇ ਕੀਰਤਨੀਆਂ ਵਿਚ ਅਗਲਾ ਨਾਮ ਭਾਈ ਬਲਦੀਪ ਸਿੰਘ ਦਾ ਆਉਂਦਾ ਹੈ।

**3.3.17 ਭਾਈ ਬਲਦੀਪ ਸਿੰਘ**:



ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੇ ਕੀਰਤਨੀਆਂ ਵਿਚ ਭਾਈ ਬਲਦੀਪ ਸਿੰਘ ਦੇ ਨਾਮ ਵੀ ਵਿਸ਼ੇਸ਼ ਵਰਨਣਯੋਗ ਹੈ। ਆਪ ਕੀਰਤਨੀਏ, ਵਾਦਕ, ਸਾਜ਼ ਨਿਰਮਾਤਾ, ਸੁਰਲਿਪੀਕਾਰ ਦੇ ਨਾਲ-ਨਾਲ ਸਿਆਸਤਦਾਨ ਵੀ ਹਨ। ਆਪ ਦਾ ਜਨਮ 1969 ਈਸਵੀ ਵਿਚ ਹੋਇਆ।[104] ਆਪ ਦੇ ਪਿਤਾ ਸ. ਅਮਰਜੀਤ ਸਿੰਘ ਸਨ। ਆਪ ਦੇ ਦਾਦਾ ਭਾਈ ਭਗਤ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨੀ ਜੱਥੇ ਨਾਲ ਕੈਂਸੀਆਂ ਵਜਾਉਂਦੇ ਰਹੇ। ਜਿਨ੍ਹਾਂ ਬਾਰੇ ਇਸੇ ਅਧਿਆਇ ਦੇ ਅੰਤਰਗਤ ਵੱਖਰਾ ਜ਼ਿਕਰ ਕੀਤਾ ਜਾ ਚੁੱਕਾ ਹੈ। ਭਾਈ ਬਲਦੀਪ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਦੇ ਵੱਡੇ ਭਰਾਤਾ ਭਾਈ ਨਰਾਇਣ ਸਿੰਘ ਦੀ ਵੰਸ਼ ਵਿੱਚੋਂ ਹਨ। ਸੰਗੀਤ ਦੀ ਲੋਕ ਧਾਰਾ, ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਅਤੇ ਖਾਸ ਕਰਕੇ ਸੰਗੀਤ ਦੀ ਵਾਦਨ ਪਰੰਪਰਾ ਵਿਚ ਆਪ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਵਰਤਮਾਨ ਸਮੇਂ ਆਪ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਬਤੌਰ ਡੀਨ, ਰਿਲੀਜੀਅਸ ਸਟੱਡੀ ਦੇ ਅਹੁਦੇ 'ਤੇ ਕਾਰਜਰਤ ਹਨ।

ਭਾਈ ਬਲਦੀਪ ਸਿੰਘ ਨੇ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀ ਸ਼ਬਦ ਕੀਰਤਨ ਗਾਇਕੀ ਰਾਗੀ ਭਾਈ ਗੁਰਚਰਨ ਸਿੰਘ, ਰਾਗੀ ਭਾਈ ਅਵਤਾਰ ਸਿੰਘ ਤੋਂ ਪ੍ਰਾਪਤ ਕੀਤੀ। ਆਪ ਨੇ ਆਪਣੀ ਪਖਾਵਜ ਦੀ ਮੁੱਢਲੀ ਸਿੱਖਿਆ ਉਸਤਾਦ ਮੋਹਿੰਦਰ ਸਿੰਘ ਤੋਂ ਪ੍ਰਾਪਤ ਕੀਤੀ।[105] ਉਪਰੰਤ ਆਪ ਨੇ ਪਖਾਵਜ, ਮ੍ਰਿਦੰਗ ਦੀ ਸਿੱਖਿਆ ਭਾਈ ਅਰਜਨ ਸਿੰਘ ਤਰੰਗੜ ਕੋਲੋਂ ਵਿਧੀਬੱਧ ਰੂਪ ਵਿਚ ਪ੍ਰਾਪਤ ਕੀਤੀ।[106] ਆਪ ਨੇ ਧਰੁਪਦ ਗਾਇਕੀ ਦੀ ਤਾਲੀਮ ਲਗਭਗ 10 ਸਾਲ ਉਸਤਾਦ ਫਹੀਮੁਦੀਨ ਡਾਗਰ ਜੀ ਤੋਂ ਪ੍ਰਾਪਤ ਕੀਤੀ।[107] ਆਪ ਨੂੰ ਉਸਤਾਦ ਮੁਹੰਮਦ ਹਾਫਿਜ਼ ਖਾਨ (ਲਾਹੌਰ) ਤੋਂ ਵੀ ਸੰਗੀਤ ਸਿੱਖਣ ਦਾ ਅਵਸਰ ਪ੍ਰਾਪਤ ਹੋਇਆ ਹੈ।[108]

ਭਾਈ ਬਲਦੀਪ ਸਿੰਘ ਨੇ ਕੇਵਲ ਕੀਰਤਨ ਕਰਨ ਵੱਲ ਹੀ ਧਿਆਨ ਕੇਂਦ੍ਰਿਤ ਨਹੀਂ ਕੀਤਾ ਸਗੋਂ ਆਪ ਨੇ ਕੀਰਤਨ ਪਰੰਪਰਾ ਵਿਚ ਪ੍ਰਯੁਕਤ ਸਾਜ਼ ਖਾਸ ਕਰਕੇ ਤੰਤੀ ਸਾਜ਼ਾਂ ਦੇ ਨਿਰਮਾਤਾ ਵਜੋਂ ਕਾਰਜ਼ਸ਼ੀਲ ਰਹੇ ਹਨ। ਆਪ ਤਾਊਸ, ਸਾਰੰਦਾ[109], ਦਿਲਰੁੱਬਾ, ਤਾਨਪੂਰਾ ਆਦਿ ਤੋਂ ਇਲਾਵਾ ਪਖਾਵਜ, ਮ੍ਰਿਦੰਗ, ਜੋੜੀ ਸਾਜ਼ਾਂ ਦਾ ਨਿਰਮਾਣ ਆਪਣੀ ਦੇਖ ਰੇਖ ਵਿਚ ਕਰਵਾਉਂਦੇ ਰਹੇ ਹਨ। ਇਸ ਦੇ ਲਈ ਆਪ ਨੂੰ ਆਪਣੇ ਰਿਸ਼ਤੇ ਵਿਚ ਦਾਦਾ ਲੱਗਦੇ ਰਾਗੀ ਭਾਈ ਅਵਤਾਰ ਸਿੰਘ ਅਤੇ ਉਸਤਾਦ ਹਰਭਜਨ ਸਿੰਘ ਦੀ ਸਰਪ੍ਰਤੀ ਪ੍ਰਾਪਤ ਹੁੰਦੀ ਰਹੀ।[110]

1989 ਵਿਚ ਏਅਰ ਫੋਰਸ ਵਿਚ ਏਵੀਏਸ਼ਨ ਦੀ ਸਿਲੈਕਸਨ ਤੇ ਬਾਵਜੂਦ ਭਾਈ ਬਲਦੀਪ ਸਿੰਘ ਨੇ ਗੁਰਮਤਿ ਕੀਰਤਨ ਦੀ ਬਹੁਤ ਵਿਕਸਿਤ ਅਤੇ ਮੁਸ਼ਕਲ ਵਿਰਾਸਤ ਦਾ ਅਧਿਐਨ ਕਰਨ ਦਾ ਫੈਸਲਾ ਕੀਤਾ। ਆਪ ਅਨੁਸਾਰ ਗੁਰੂ ਅਮਰਦਾਸ ਸਾਹਿਬ ਦੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਥਾਪੇ 22 ਪ੍ਰਚਾਰਕਾਂ ਵਿਚੋਂ ਇੱਕ ਭਾਈ ਸਾਧਾਰਣ ਜੀ ਸਨ ਉਹ ਆਪ ਦੇ ਪੂਰਵਜ਼ ਸਨ। ਉਹ ਗੁਰੂ ਦਰਬਾਰ ਦੇ ਉਘੇ ਪਖਾਵਜੀਏ ਵੀ ਸਨ। ਪਖਾਵਜੀਆਂ ਦੀ ਇਹ ਪਰੰਪਰਾ ਪੀੜ੍ਹੀ ਦਰ ਪੀੜ੍ਹੀ ਯਾਤਰਾ ਕਰਦੀ ਹੋਈ ਗੁਰਦੁਆਰਾ ਸੀਸਗੰਜ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅਵਤਾਰ ਸਿੰਘ (ਸੈਦਪੁਰ, ਕਪੂਰਥਲਾ ਵਾਲਿਆਂ) ਤੱਕ ਅੱਪੜੀ।[111] ਆਪ ਆਪਣੇ ਆਪ ਨੂੰ ਇਸ ਵਿਸਾਰਤ ਤੇ 13ਵੀਂ ਪੀੜ੍ਹੀ ਦੇ ਵਾਰਸ ਦਰਜ਼ ਕਰਦੇ ਹਨ।

ਭਾਈ ਬਲਦੀਪ ਸਿੰਘ ਨੇ ਕਲਾ, ਸੰਗੀਤ, ਗੁਰਮਤਿ ਸੰਗੀਤ, ਸਭਿਆਚਾਰ ਆਦਿ ਬਹੁ ਉਦੇਸ਼ ਪ੍ਰਾਪਤੀ ਹਿਤ *ਅਨਾਦ ਫਾਊਂਡੇਸ਼ਨ* ਬਣਾਈ ਹੋਈ ਹੈ। ਸੰਗੀਤ ਤੇ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਇਸ

ਸੰਸਥਾ ਦਾ ਮਕਸਦ ਆਮ ਲੋਕਾਂ ਨੂੰ ਕਲਾਸੀਕਲ ਅਤੇ ਲੋਕ-ਪਰੰਪਰਾਵਾਂ ਵਿਚ ਸੰਗੀਤ ਦੀਆਂ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣਾ, ਸੰਗੀਤ ਸਿੱਖਣ ਲਈ ਉਨ੍ਹਾ ਨੂੰ ਉਤਸ਼ਾਹਿਤ ਕਰਨਾ, ਰਬਾਬੀ ਕੀਰਤਨ / ਸੰਗੀਤ ਨੂੰ ਮੁੜ ਸੁਰਜੀਤ ਕਰਨਾ, ਇਸ ਇਤਿਹਾਸਕ ਪਰੰਪਰਾ ਦੀ ਮਹਿਮਾ ਨੂੰ ਮੁੜ ਸੁਰਜੀਤ ਕਰਨ ਲਈ ਹਰ ਕੋਸ਼ਿਸ਼ ਕਰਨਾ, ਤਾਲ ਸਾਜ਼ ਅਤੇ ਹੋਰ ਸੰਗੀਤਕ ਸਾਜ਼ਾਂ ਦੀ ਕਲਾ ਨੂੰ ਵਧਾਉਣਾ, ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਰਵਾਇਤੀ ਯੰਤਰਾਂ ਤੇ ਆਧੁਨਿਕ ਖੋਜ ਅਨੁਸਾਰ ਪੇਸ਼ ਕਰਨਾ, ਵਿਦਿਅਕ ਸੰਸਥਾਵਾਂ, ਸਕੂਲਾਂ, ਕਾਲਜਾਂ ਦੀ ਸਥਾਪਨਾ ਵਿਚ ਸਹਾਇਤਾ ਕਰਨਾ, ਭਾਰਤ ਅਤੇ ਵਿਦੇਸ਼ਾਂ ਵਿਚ ਕੇਂਦਰ ਸਥਾਪਿਤ ਕਰਨਾ, ਭਗਤੀ ਸੰਗੀਤ ਦਾ ਪ੍ਰਸਾਰ ਕਰਨ ਲਈ ਕੰਟਰੈਕਟਜ਼, ਪਾਰਟਨਰਸ਼ਿਪਾਂ ਵਿਚ ਦਾਖਲ ਹੋਣਾ ਅਤੇ ਸੰਸਥਾਵਾਂ ਨਾਲ ਸਮਝੌਤੇ ਜਾਂ ਕੰਮ ਕਰਨਾ ਆਦਿ ਸ਼ਾਮਿਲ ਹੈ। ਇਸ ਸੰਦਰਭ ਵਿਚ ਆਪ ਦੀ ਇਹ ਕੋਸ਼ਿਸ਼ ਸੰਗੀਤ ਤੇ ਕਲਾ ਦੇ ਪਰਿਪੇਖ ਵਿਚ ਵਿਸ਼ੇਸ਼ ਹੈ।

ਭਾਈ ਬਲਦੀਪ ਸਿੰਘ ਨੇ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਸੰਦਰਭ ਵਿਚ ਜਿੱਥੇ ਅਨੇਕ ਕੀਰਤਨ ਹਾਜ਼ਰੀਆਂ ਭਰੀਆਂ ਹਨ ਉੱਥੇ ਆਪ ਨੇ ਜੋੜੀ/ਪਖਾਵਜ ਨਾਲ ਪ੍ਰਮੁਖ ਕੀਰਤਨੀਆਂ ਨਾਲ ਵੀ ਸੰਗਤ ਕੀਤੀ ਹੈ। ਆਪ ਨੇ ਰਾਗੀ ਭਾਈ ਅਵਤਾਰ ਸਿੰਘ ਨਾਲ ਕਈ ਵਾਰ ਦੇਸ਼ ਵਿਦੇਸ਼ ਵਿਚ ਜੋੜੀ ਦੀ ਸੰਗਤ ਕੀਤੀ ਹੈ।[112] ਇਸ ਤੋਂ ਇਲਾਵਾ ਆਪ ਨੇ ਰਾਗੀ ਭਾਈ ਅਵਤਾਰ ਸਿੰਘ ਨਾਲ ਤਾਊਸ ਸਾਜ਼ ਨਾਲ ਵੀ ਸੰਗਤ ਕੀਤੀ ਹੈ।[113] ਆਪ ਨੇ 1997 ਵਿਚ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਨਾਲ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਸਟੇਜ਼ 'ਤੇ ਜੋੜੀ ਨਾਲ ਸੰਗਤ ਕੀਤੀ। [114] ਆਪ ਦੀ ਕੀਰਤਨ ਸ਼ੈਲੀ ਵਿੱਚੋਂ ਧਰੁਪਦ ਗਾਇਕੀ ਪ੍ਰਧਾਨ ਰਹੀ ਹੈ।[115] ਆਪ ਤਾਊਸ ਸਾਜ਼ ਨਾਲ ਕੀਰਤਨ ਵੀ ਕਰਦੇ ਰਹੇ ਹਨ ਖ਼ੂਬਸੂਰਤੀ ਇਹ ਹੈ ਕਿ ਆਪ ਇਨ੍ਹਾਂ ਸਾਜ਼ਾਂ ਨੂੰ ਆਪ ਵਜਾਉਂਦੇ ਹਨ।[116] ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਯੁਕਤ ਦਿੱਲਰੁਬਾ ਸਾਜ਼ ਦਾ ਵਾਦਨ ਵੀ ਆਪ ਬਹੁਤ ਹੀ ਮੁਹਾਰਤਾ ਨਾਲ ਕਰਦੇ ਹਨ।[117] ਇਸ ਤੋਂ ਇਲਾਵਾ ਆਪ ਦੀ ਕੀਰਤਨ ਸ਼ੈਲੀ ਨੂੰ ਅਸੀਂ ਯੂ ਟਿਊਬ ਚੈਨਲ 'ਤੇ ਸੁਣ ਸਕਦੇ ਹਾਂ।[118]

ਭਾਈ ਬਲਦੀਪ ਨੇ ਪਖਾਵਜ ਅਤੇ ਮ੍ਰਿਦੰਗ ਦੀਆਂ ਅਨੇਕ ਸੋਲੋ ਪੇਸ਼ਕਾਰੀਆਂ ਵਿਸ਼ਵ ਪੱਧਰ 'ਤੇ ਯੂਨੀਵਰਸਿਟੀਆਂ ਵਿਚ ਦਿੱਤੀਆ ਹਨ।[119] ਆਪ ਨੇ ਕੀਰਤਨ ਨੂੰ ਆਪਣਾ ਪ੍ਰੋਫੈਸ਼ਨ ਨਹੀਂ ਬਣਾਇਆ ਪ੍ਰੰਤੂ ਆਪ ਦਾ ਅਧਾਰ ਕੀਰਤਨ ਹੀ ਹੈ। ਆਪ ਦੀ ਗਾਇਕੀ ਤੋਂ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ

ਦੀ ਗਾਇਕੀ ਦੇ ਦਰਸ਼ਨ ਹੁੰਦੇ ਹਨ। ਆਪ ਨੇ ਗੁਰਮਤਿ ਸੰਗੀਤ ਪਰੰਪਰਾ ਦੇ ਸਾਜ਼ਾਂ ਦੇ ਨਿਰਮਾਣ ਵਿਚ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਆਪਣੇ ਕੀਰਤਨ ਘਰਾਣੇ ਨੂੰ ਵਿਸ਼ਵ ਪੱਧਰ 'ਤੇ ਸਫਲ ਰੂਪ ਵਿਚ ਨਿਰੰਤਰ ਪ੍ਰਚਾਰ ਪਾਸਾਰ ਰਹੇ ਹਨ। ਇਸ ਸੰਦਰਭ ਵਿਚ ਆਪ ਵਲੋਂ ਵਿਸ਼ਵ ਪੱਧਰ 'ਤੇ ਦਿੱਤੀਆਂ ਪੇਸ਼ਕਾਰੀਆਂ ਦੇਖੀਆਂ ਜਾ ਸਕਦੀਆਂ ਹਨ।

ਭਾਈ ਬਲਦੀਪ ਸਿੰਘ ਨੇ ਕਈ ਬੋਰਡਾਂ ਅਤੇ ਕਮੇਟੀਆਂ ਵਿਚ ਖਾਸ ਤੌਰ 'ਤੇ ਖਾਲਸਾ ਹੈਰੀਟੇਜ ਕੰਪਲੈਕਸ (ਅਨੰਦਪੁਰ ਸਾਹਿਬ) ਦੀ ਕੋਰ ਕਮੇਟੀ, ਪੰਜਾਬ ਰਾਜ ਸੰਗੀਤ ਨਾਟਕ ਅਕੈਡਮੀ (2001-3 ਅਤੇ 2004-6) ਦੀ ਕਾਰਜਕਾਰੀ ਕਮੇਟੀ ਵਿਚ ਸੇਵਾ ਨਿਭਾਈ ਹੈ। ਅਪ ਪੰਜਾਬ ਭਾਸ਼ਾ ਵਿਭਾਗ ਦੇ ਸਲਾਹਕਾਰ ਕੌਂਸਲ (2008-10) ਦੇ ਮੈਂਬਰ ਦੇ ਤੌਰ 'ਤੇ ਕੰਮ ਕਰਦਾ ਰਹੇ। ਪੰਜਾਬ ਸਰਕਾਰ 2007 ਵਿਚ ਸੁਲਤਾਨਪੁਰ ਲੋਧੀ ਵਿਕਾਸ ਬੋਰਡ ਵਿਚ ਸੇਵਾ ਕੀਤੀ। ਆਪ ਕਪੂਰਥਲਾ ਹੈਰੀਟੇਜ ਫਾਊਂਡੇਸ਼ਨ, ਕਪੂਰਥਲਾ ਦੇ ਸਰਪ੍ਰਸਤ ਵੀ ਹਨ। 2009-14 ਤੋਂ ਆਪ ਨਵੀਂ ਦਿੱਲੀ ਦੇ ਨੈਸ਼ਨਲ ਅਕੈਡਮੀ ਆਫ ਮਿਊਜ਼ਿਕ, ਡਾਂਸ ਅਤੇ ਡਰਾਮਾ (ਸੰਗੀਤ ਨਾਟਕ ਅਕਾਦਮੀ) ਦੇ ਜਨਰਲ ਕੌਂਸਲ ਵਿਚ ਪੰਜਾਬ ਰਾਜ ਦੀ ਪ੍ਰਤੀਨਿਧਤਾ ਕਰਦੇ ਰਹੇ।

ਭਾਈ ਬਲਦੀਪ ਸਿੰਘ ਜਿੱਥੇ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦਾ ਪ੍ਰਚਾਰ ਪਾਸਾਰ ਕਰ ਰਹੇ ਹਨ ਉੱਥੇ ਆਪ ਨੇ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਸੰਭਾਲਣ ਹਿਤ ਵਿਸ਼ੇਸ਼ ਸਹਿਯੋਗੀ ਕਾਰਜ ਕੀਤਾ ਹੈ। ਆਪ ਨੇ ਰਾਗੀ ਭਾਈ ਗੁਰਚਰਨ ਸਿੰਘ ਦਾ *ਗੁਰਬਾਣੀ ਪ੍ਰਾਚੀਨ ਰੀਤ ਰਤਨਾਵਲੀ* ਭਾਗ ਤੀਜਾ ਤਿਆਰ ਕਰਨ ਵਿਚ ਵਿਸ਼ੇਸ਼ ਸਹਿਯੋਗ ਦਿੱਤਾ ਹੈ। ਭਾਵੇਂ ਇਹ ਪੁਸਤਕ ਹਾਲੇ ਅਪ੍ਰਕਾਸ਼ਿਤ ਰੂਪ ਵਿਚ ਭਾਈ ਗੁਰਚਰਨ ਸਿੰਘ ਦੇ ਪਰਿਵਾਰ ਕੋਲ ਪਈ ਹੈ ਪਰ ਇਸ ਦੀ ਜ਼ਲਦ ਹੀ ਪ੍ਰਕਾਸ਼ਿਤ ਹੋਣ ਦੀ ਸੰਭਾਵਨਾ ਹੈ। ਇਸ ਪੁਸਤਕ ਬਾਰੇ ਖੋਜ ਪ੍ਰਬੰਧ ਦੇ ਚੌਥੇ ਅਧਿਆਇ ਅਧੀਨ ਵਿਚਾਰ ਚਰਚਾ ਕੀਤੀ ਜਾਵੇਗੀ।

ਗੁਰਮਤਿ ਸੰਗੀਤ ਤੇ ਸੰਗੀਤ ਖੇਤਰ ਵਿਚ ਕਾਰਜਾਂ ਸਦਕਾ ਆਪ ਨੂੰ 1997, ਉਨ੍ਹਾਂ ਨੇ ਸੰਗੀਤ ਦੇ ਖੇਤਰ ਵਿਚ ਯੋਗਦਾਨ ਲਈ ਭਾਈ ਬਾਤਨ ਸਿੰਘ ਮੈਮੋਰੀਅਲ ਅਵਾਰਡ ਪ੍ਰਾਪਤ ਹੋਇਆ। 2002-2003 ਵਿਚ ਆਪ ਨੂੰ ਦਿੱਲੀ ਰਾਜ ਸਲਾਨਾ ਅਵਾਰਡ ਪ੍ਰਾਪਤ ਹੋਇਆ। ਆਪ ਨੂੰ 2003 ਲਈ ਅੰਮ੍ਰਿਤਸਰ ਅਤੇ

2007 ਵਿਚ ਕਪੂਰਥਲਾ ਵਿਖੇ ਕਪੂਰਥਲਾ ਵਿਰਾਸਤੀ ਪੁਰਸਕਾਰ ਲਈ ਸਿੱਖ ਗੌਰਵ ਅਵਾਰਡ ਪ੍ਰਾਪਤ ਹੋਇਆ। 15 ਅਗਸਤ, 2011 ਆਪ ਨੂੰ ਸੰਗੀਤ (ਗੁਰਬਾਣੀ ਕੀਰਤਨ ਅਤੇ ਸ਼ਾਸਤਰੀ ਸੰਗੀਤ) ਅਤੇ ਕਲਾਵਾਂ ਵਿਚ ਆਪਣੇ ਮਹੱਤਵਪੂਰਣ ਯੋਗਦਾਨ ਲਈ ਪੰਜਾਬ ਰਾਜ ਪੁਰਸਕਾਰ ਪ੍ਰਾਪਤ ਹੋਇਆ। 6 ਜਨਵਰੀ, 2017 ਆਪ ਨੂੰ ਸੰਗੀਤ ਕਲਾ, ਸਭਿਆਚਾਰ ਆਦਿ ਹਿਤ ਪਾਏ ਯੋਗਦਾਨ ਲਈ ਮੈਰਿਟ ਸਰਟਿਫੀਕੇਟ ਬਿਹਾਰ ਸਰਕਾਰ ਪ੍ਰਾਪਤ ਹੋਇਆ।[120]

ਭਾਈ ਬਲਦੀਪ ਸਿੰਘ ਸਿੱਖ ਧਰਮ ਅਤੇ ਗੁਰਮਤਿ ਸੰਗੀਤ ਦੇ ਸਕਾਲਰ ਦੇ ਤੌਰ 'ਤੇ ਵਿਸ਼ਵ ਦੀਆਂ ਯੂਨੀਵਰਸਿਟੀਆਂ ਵਿਚ ਇਸ ਪਰਿਪੇਖ ਵਿਚ ਕਈ ਲੈਕਚਰਸ, ਪੇਸ਼ਕਾਰੀਆਂ ਦੇ ਚੁੱਕੇ ਹਨ। ਆਪ ਨੇ ਭਾਰਤ, ਯੂਰਪ, ਉੱਤਰੀ ਅਮਰੀਕਾ, ਦੱਖਣ-ਪੂਰਬੀ ਏਸ਼ੀਆ ਅਤੇ ਆਸਟਰੇਲੀਆ ਵਿਚ ਵਰਕਸ਼ਾਪਾਂ, ਲੈਕਚਰਸ ਅਤੇ ਸੈਮੀਨਾਰ ਦੇ ਚੁੱਕੇ ਹਨ। ਆਪ ਮਈ 2009 ਤੋਂ ਨੈਸ਼ਨਲ ਟੈਲੀਵਿਜ਼ਨ (ਦੂਰਦਰਸ਼ਨ) ਅਤੇ ਆਲ ਇੰਡੀਆ ਰੇਡੀਓ (ਏ.ਆਈ.ਆਰ.) ਲਈ ਪ੍ਰਸਿੱਧ ਕਲਾਕਾਰਾਂ ਅਤੇ ਸੰਗੀਤਕਾਰਾਂ ਦੀ ਭੂਮਿਕਾ ਹਿਤ ਇੰਟਰਵਿਊ ਕਰ ਰਹੇ ਹਨ।[121]

ਭਾਈ ਬਲਦੀਪ ਸਿੰਘ ਬਾਰੇ ਉਕਤ ਵਿਚਾਰ ਚਰਚਾ ਤੋਂ ਆਪ ਦੀ ਗੁਰਮਤਿ ਸੰਗਤੀ ਤੇ ਸੰਗੀਤ ਨੂੰ ਸਮਰਪਿਤ ਸ਼ਖਸ਼ੀਅਤ ਪ੍ਰਤੱਖ ਹੁੰਦੀ ਹੈ। ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੇ ਕੀਰਤਨੀਏ ਜਾ ਸੰਗੀਤ ਵਿਦਵਾਨ ਦੇ ਸੰਦਰਭ ਵਿਚ ਆਪ ਤੇਰਵੀਂ ਪੀੜ੍ਹੀ ਦੇ ਤੌਰ 'ਤੇ ਵਿਚਰ ਰਹੇ ਹਨ। ਆਪ ਨੇ ਆਪਣੇ ਘਰਾਣੇ ਦੀ ਸੰਗੀਤ ਕਲਾ ਦੇ ਨਾਲ ਸ਼ਾਸਤਰੀ ਸੰਗੀਤ ਦੀ ਸਿੱਖਿਆ ਵੀ ਪ੍ਰਾਪਤ ਕੀਤੀ। ਇਸ ਦੇ ਨਾਲ ਆਪ ਨੇ ਗੁਰਮਤਿ ਸੰਗੀਤ ਪਰੰਪਰਾ ਦੇ ਜੋੜੀ ਸਾਜ਼ ਦਾ ਪ੍ਰਚਾਰ ਵੀ ਵਿਸ਼ਵ ਪੱਧਰ 'ਤੇ ਕੀਤੇ। ਆਪ ਇੱਕ ਚੰਗੇ ਸਾਜ਼ ਨਿਰਮਾਤਾ ਵੀ ਹਨ। ਆਪ ਦੁਆਰਾ ਵਿਸ਼ੇਸ਼ ਤੌਰ 'ਤੇ ਤਾਊਸ, ਸਾਰੰਦਾ ਆਦਿ ਤੰਤੀ ਸਾਜ਼ ਗੁਰਮਤਿ ਸੰਗੀਤ ਦੇ ਹਵਾਲੇ ਨਾਲ ਵਿਸ਼ੇਸ਼ ਉਦਮ ਸਦਕਾ ਤਿਆਰ ਕੀਤੇ ਜ਼ਾਂਦੇ ਰਹੇ ਹਨ। ਆਪ 2014 ਦੀਆਂ ਆਮ ਚੋਣਾਂ ਵਿਚ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਆਪਣਾ ਸਿਆਸੀ ਕੈਰੀਅਰ ਵੀ ਅਜ਼ਮਾ ਚੁੱਕੇ ਹਨ। ਵਰਤਮਾਨ ਸਮੇਂ ਆਪ ਸੰਗੀਤ, ਗੁਰਮਤਿ ਸੰਗੀਤ, ਕਲਾ, ਸਭਿਆਚਾਰ ਨੂੰ ਆਪਣਾ ਜੀਵਨ ਸਮਰਪਿਤ ਕਰ ਕਾਰਜਸ਼ੀਲ ਹਨ।

ਉਕਤ ਤੋਂ ਇਲਾਵਾ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੇ ਕੀਰਤਨੀਆਂ ਵਿਚ *ਡਾ. ਇੰਦਰਜੀਤ ਸਿੰਘ, ਭਾਈ ਬਿਕਰਮਜੀਤ ਸਿੰਘ* ਦੇ ਨਾਮ ਵੀ ਵਿਸ਼ੇਸ਼ ਹਨ। ਡਾ. ਇੰਦਰਜੀਤ ਸਿੰਘ (ਕੈਨੇਡਾ) ਵੀ ਕੀਰਤਨ ਸੌਕੀਆਂ ਤੌਰ 'ਤੇ ਜਿੱਥੇ ਆਪ ਖੁਦ ਕਰਦੇ ਹਨ ਉੱਥੇ ਉਨ੍ਹਾਂ ਦੀਆਂ ਬੇਟੀਆਂ ਬੀਬਾ ਏਕਸ਼ਰਨ ਕੌਰ ਤੇ ਬੀਬਾ ਭਾਵਨਾ ਕੌਰ ਵਿਕਟ ਤਾਲਾਂ ਵਿਚ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਰੀਤਾਂ ਦਾ ਕੀਰਤਨ ਬਾਖੂਬੀ ਕਰਦੀਆਂ ਹਨ। ਆਪ ਨੇ ਕੀਰਤਨ ਦੀ ਸਿੱਖਲਾਈ ਰਾਗੀ ਭਾਈ ਅਵਤਾਰ ਸਿੰਘ ਰਾਗੀ ਗੁਰਚਰਨ ਸਿੰਘ ਤੋਂ ਪ੍ਰਾਪਤ ਕੀਤੀ ਹੈ ਭਾਈ ਬਿਕਰਮਜੀਤ ਸਿੰਘ ਨਿਸ਼ਕਾਮ ਕੀਰਤਨੀਏ ਦੇ ਤੌਰ 'ਤੇ ਵਿਚਰ ਰਹੇ ਹਨ। ਆਪ ਰਾਗੀ ਭਾਈ ਗੁਰਚਰਨ ਸਿੰਘ ਦੇ ਸਭ ਤੋਂ ਛੋਟੇ ਸਪੁੱਤਰ ਹਨ। ਆਪ ਨੇ ਵੈਸੇ ਤਾਂ ਬੈਂਕ ਵਿਚ ਕਲਰਕ ਦੀ ਸਰਕਾਰੀ ਨੌਕਰੀ ਕੀਤੀ ਹੈ ਪਰ ਆਪ ਨਾਲ ਕੀਰਤਨ ਵੀ ਕਰਦੇ ਰਹੇ ਹਨ। ਅੱਜ ਕੱਲ ਆਪ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਚੁੱਕੇ ਹਨ। ਦਿੱਲੀ ਵਿਖੇ ਆਪ ਰਾਗੀ ਭਾਈ ਗੁਰਚਰਨ ਸਿੰਘ ਦੇ ਘਰ ਵਿਖੇ ਰਹਿੰਦੇ ਹਨ। ਆਪ ਦਾ ਨਿਸ਼ਕਾਮ ਕੀਰਤਨੀ ਜਥਾ ਹੈ। ਆਪ ਰਾਗੀ ਭਾਈ ਅਵਤਾਰ ਸਿੰਘ, ਭਾਈ ਸਵਰਨ ਸਿੰਘ ਨਾਲ ਸਹਾਇਕ ਦੇ ਤੌਰ 'ਤੇ ਵੀ ਸੇਵਾ ਨਿਭਾਅ ਚੁੱਕੇ ਹਨ।[122]

ਉਪਰੋਕਤ ਵਿਚਾਰ ਚਰਚਾ ਤੋਂ ਸਾਡੇ ਸਹਾਮਣੇ ਪ੍ਰਤੱਖ ਹੁੰਦਾ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੇ ਕੀਰਤਨੀਆਂ ਦਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਕਾਰਜਸ਼ੀਲ ਰਹੇ ਹਨ। ਇਹ ਸੰਗੀਤਕ ਵਿਦਵਾਨਾਂ ਲਈ ਮਿਸਾਲਯੋਗ ਸ਼ਖਸ਼ੀਅਤਾਂ ਵਜੋਂ ਵੀ ਪ੍ਰਤੱਖ ਹੋ ਰਹੇ ਹਨ। ਗੁਰਮਤਿ ਸੰਗੀਤ ਦੇ ਵਿਕਾਸ ਕ੍ਰਮ ਵਿਚ ਵੇਖੀਏ ਤਾਂ ਇਸ ਘਰਾਣੇ ਨੂੰ ਗੁਰੂ ਦੇ ਕਾਲ ਤੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਹੋਣ ਦਾ ਮਾਣ ਪ੍ਰਾਪਤ ਹੈ। ਇਨ੍ਹਾਂ ਦੇ ਪੂਰਵਜ਼ ਕੀਰਤਨੀਏ ਭਾਈ ਕਪੂਰ ਸਿੰਘ, ਭਾਈ ਰਾਇ ਸਿੰਘ, ਭਾਈ ਗੋਖਾ ਸਿੰਘ, ਭਾਈ ਭਾਗ ਸਿੰਘ ਝੰਡਾ ਸਿੰਘ, ਭਾਈ ਮੋਹਰ ਸਿੰਘ, ਭਾਈ ਦੇਵਾ ਸਿੰਘ ਬੂੜ ਸਿੰਘ ਹਨ। ਭਾਈ ਦੇਵਾ ਸਿੰਘ ਦੇ ਸਪੁੱਤਰ ਭਾਈ ਨਰਾਇਣ ਸਿੰਘ, ਭਾਈ ਸਾਵਨ ਸਿੰਘ, ਭਾਈ ਸੁੰਦਰ ਸਿੰਘ ਅਤੇ ਭਾਈ ਜੁਵਾਲਾ ਸਿੰਘ ਹੋਏ। ਭਾਈ ਜੁਵਾਲਾ ਸਿੰਘ ਨੇ ਉਸਤਾਦ ਭਾਈ ਵਸਾਵਾ ਸਿੰਘ ਤੇ ਉਸਤਾਦ ਸ਼ਰਧਾ ਸਿੰਘ ਤੋਂ ਸਿੱਖਿਅ ਪ੍ਰਾਪਤ ਕੀਤੀ। ਆਪ ਦੇ ਸਪੁੱਤਰ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਤੇ ਸ਼ਗਿਰਦ ਭਾਈ ਸਵਰਨ ਸਿੰਘ ਕੀਰਤਨ ਦੇ ਖੇਤਰ ਵਿਚ ਜੀਵਨ ਸਮਰਪਿਤ ਭਾਵਨਾ ਸਰਗਰਮ ਰਹੇ। ਉਹ ਕੀਰਤਨ ਘਰਾਣੇ ਨੂੰ ਪ੍ਰਫੁੱਲਤ ਕਰਨ ਹਿਤ ਉਹ ਹਮੇਸ਼ਾਂ ਯਤਨਸ਼ੀਲ ਰਹੇ। ਫਤਿਆਬਾਦ ਤੋਂ

ਬਾਅਦ ਭਾਈ ਜੁਵਾਲਾ ਸਿੰਘ ਦੇ ਪੂਰਵਜ਼ ਬਿਧੀਪੁਰ ਤੇ ਫਿਰ ਸੈਦਪੁਰ ਠੱਠਾ ਟਿੱਬਾ ਆ ਕੇ ਵਸੇ। ਉਨ੍ਹਾਂ ਵਿਚ ਭਾਈ ਜੁਵਾਲਾ ਸਿੰਘ ਦੇ ਦਾਦਾ ਮੇਹਰ ਸਿੰਘ ਦਾ ਨਾਂ ਸ਼ਾਮਲ ਹੈ। ਵਰਤਮਾਨ ਸਮੇਂ ਭਾਈ ਕੁਲਤਾਰ ਸਿੰਘ ਤੇ ਭਾਈ ਬਲਦੀਪ ਸਿੰਘ ਪ੍ਰਮੁਖ ਵਾਹਕ ਹਨ।

ਰਾਗੀ ਭਾਈ ਜੁਵਾਲਾ ਸਿੰਘ ਨੇ ਜਿੱਥੇ ਗੁਰਮਤਿ ਸੰਗੀਤ ਦਾ ਵਿਹਾਰਕ ਪ੍ਰਚਾਰ ਤੇ ਪਾਸਾਰ ਕੀਤਾ ਉੱਥੇ ਉਨ੍ਹਾਂ ਵਲੋਂ ਸ਼ਬਦ ਕੀਰਤਨ ਦੀਆਂ ਬਰੀਕਿਆਂ ਨੂੰ ਅਗਾਂਹ ਸਿੱਖਾ ਕੇ ਅੱਗੇ ਤੋਰਿਆ। ਉਨ੍ਹਾਂ ਵਲੋਂ ਆਪਣੇ ਦੋ ਸਪੁੱਤਰਾਂ ਰਾਗੀ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਅਤੇ ਹੋਰ ਸ਼ਿਸ਼ ਭਾਈ ਸਵਰਣ ਸਿੰਘ (ਗਾਇਨ ਤੇ ਤਬਲਾ ਵਾਦਨ ਦੀ ਸਿੱਖਿਆ), ਭਾਈ ਭਗਤ ਸਿੰਘ, ਭਾਈ ਸ਼ੇਰ ਸਿੰਘ, ਸੰਤ ਕਰਤਾਰ ਸਿੰਘ (ਤਾਊਸ), ਭਾਈ ਸਤਵੰਤ ਸਿੰਘ ਆਦਿ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ। ਆਪ ਜੀ ਦੇ ਇਸੇ ਕੀਰਤਨ ਅੰਦਾਜ਼ ਨੂੰ ਭਾਈ ਅਵਤਾਰ ਸਿੰਘ ਨੇ ਆਪਣੇ ਸਪੁੱਤਰ ਭਾਈ ਕੁਲਤਾਰ ਸਿੰਘ ਸਿਖਾਇਆ। ਭਾਈ ਕੁਲਤਾਰ ਸਿੰਘ, ਭਾਈ ਬਲਦੀਪ ਸਿੰਘ ਜਿੱਥੇ ਰਾਗੀ ਭਾਈ ਜੁਵਾਲਾ ਸਿੰਘ ਦੀ ਗਾਇਕੀ ਰਾਹੀਂ ਦੇਸ਼ ਵਿਦੇਸ਼ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ ਉੱਥੇ ਇਸ ਮੌਲਿਕ ਘਰਾਣੇਦਾਰ ਸ਼ਬਦ ਕੀਰਤਨ ਗਾਇਕੀ ਦੀ ਸਿਖਲਾਈ ਵੀ ਦੇ ਰਹੇ ਹਨ।

ਸੰਖੇਪ ਵਿਚ ਰਾਗੀ ਭਾਈ ਜੁਵਾਲਾ ਸਿੰਘ ਦੀ ਪੂਰਬਲੀ ਕੀਰਤਨ ਪਰੰਪਰਾ, ਭਾਈ ਸ਼ਰਧਾ ਸਿੰਘ ਤੇ ਬਾਬਾ ਵਸਾਵਾ ਸਿੰਘ ਦੀ ਸੰਗੀਤ ਸਿੱਖਿਆ ਅਤੇ ਰਾਗੀ ਭਾਈ ਜੁਵਾਲਾ ਸਿੰਘ ਦਾ ਸੰਗੀਤ ਪ੍ਰਤੀ ਜਨੂੰਨ ਹੀ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਬੁਨਿਆਦ ਬਣਦੀ ਹੈ। ਰਾਗੀ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਤੇ ਭਾਈ ਸਵਰਨ ਸਿੰਘ ਨੇ ਇਸ ਦੀ ਮੌਲਿਕਤਾ ਨੂੰ ਕਾਇਮ ਰੱਖਦੇ ਹੋਏ ਸ਼ਿਖਰਾਂ 'ਤੇ ਪਹੁੰਚਾਇਆ। ਰਾਗੀ ਭਾਈ ਕੁਲਤਾਰ ਸਿੰਘ, ਭਾਈ ਬਲਦੀਪ ਸਿੰਘ ਇਸ ਨੂੰ ਨਵੇਂ ਸੰਦਰਭਾਂ ਵਿਚ ਪ੍ਰਚਾਰ ਰਹੇ ਹਨ। ਵਰਤਮਾਨ ਸਮੇਂ ਤਕ ਇਸ ਕੀਰਤਨ ਘਰਾਣੇ ਦੀਆਂ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਪ੍ਰਚਾਰ ਅਧੀਨ ਆ ਚੁੱਕੀਆਂ ਹਨ। ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਇਨ੍ਹਾਂ ਦਾ ਵਿਸ਼ੇਸ਼ ਮਹੱਤਵ ਹੈ। ਇਸ ਲਈ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦੀ ਸਿਲਸਿਲੇਵਾਰ ਵਿਚਾਰ ਚਰਚਾ ਖੋਜ ਪ੍ਰਬੰਧ ਦੇ ਚੌਥੇ ਅਧਿਆਇ ਦੇ ਅੰਤਰਗਤ ਕੀਤੀ ਜਾਵੇਗੀ।

*****

ਹਵਾਲੇ ਤੇ ਪਦ ਟਿੱਪਣੀਆਂ

---

[1] "Gharana, as used in music, is a lineage wich is biological to begin with and grows into a disciple-chain, that is of disciples and their disciples spread over generations. This is called guru shish parampra" **Oxford encyclopaedia of the Music of India** (volume-i), P-355

[2] ਯੋਗੇਂਦਰਪਾਲ ਸ਼ਰਮਾ, ਬਚਿੱਤਰ ਸਿੰਘ, **ਭਾਰਤੀ ਸੰਗੀਤ ਦਾ ਇਤਿਹਾਸ, ਪੰਨਾ 224**

[3] ਆਬਾਨ ਏ ਮਿਸਤਰੀ (ਡਾ.), **ਪਖਾਵਜ ਔਰ ਤਬਲਾ ਕੇ ਘਰਾਨਾ ਕੀ ਪਰੰਪਰਾਏਂ**, ਪੰਨਾ 97

[4] ਗੁਰਨਾਮ ਸਿੰਘ (ਡਾ.), *ਗੁਰਮਤਿ ਸੰਗੀਤ ਵਿੱਚ ਟਕਸਾਲ,* **ਅਜੀਤ (ਧਰਮ ਤੇ ਵਿਰਸਾ),** ਮਿਤੀ 13-08-2012 ਪੰਨਾ 4.

[5] ਨਿਵੇਦਿਤਾ ਸਿੰਘ (ਡਾ.), *ਹਿੰਦੁਸਤਾਨੀ ਸੰਗੀਤ ਦੇ ਘਰਾਣਿਆਂ ਦੀ ਸਾਰਥਿਕਤਾ : ਸਮਾਜ ਸ਼ਾਸਤਰੀ ਪਰਿਪੇਖ,* **ਸਮਾਜਿਕ ਵਿਗਿਆਨ ਪੱਤਰ,** ਡਾ. ਜਸਬੀਰ ਕੌਰ (ਸੰਪਾ.), 2014, ਪੰਨਾ 1

[6] ਉਹੀ, ਪੰਨਾ 3

[7] Gurnam Singh (Dr., Chief Edit), **Gurmat Sangit Termonology**, p- 128

[8] ਉਹੀ, ਪੰਨਾ 87

[9] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 38

[10] ਉਹੀ, ਪੰਨਾ 39

[11] ਗੁਰਦਿੱਤ ਸਿੰਘ (ਗਿਆਨੀ), *ਗੁਰਮੁਖ ਕੀਰਤਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ*, **ਸਿੰਘ ਸਭਾ ਪਤ੍ਰਿਕਾ ਭਾਈ ਜੁਵਾਲਾ ਸਿੰਘ ਜੀ ਰਾਗੀ ਅੰਕ**, ਜਨਵਰੀ/ਫਰਵਰੀ 1986, ਪੰਨਾ IV.

[12] ਰਾਗੀ ਭਾਈ ਕੁਲਤਾਰ ਸਿੰਘ ਨਾਲ ਕੀਤੀ ਵਿਚਾਰ ਤੇ ਵਾਤਾਲਾਪ ਰਾਹੀਂ ਪ੍ਰਾਪਤ ਜਾਣਕਾਰੀ, ਮਿਤੀ 15-01-2019.

[13] ਕੰਵਲ, ਗੁਰਚਰਨ ਸਿੰਘ (ਰਾਗੀ),**ਜੀਵਨ ਗਾਥਾ ਭਾਈ ਜੁਵਾਲਾ ਸਿੰਘ ਜੀ ਰਾਗੀ,** ਪੰਨਾ 43

[14] ਉਹੀ, ਪੰਨਾ 40-41

[15]ਭਾਈ ਗੋਖਾ ਸਿੰਘ ਦੇ ਦੂਸਰੇ ਪੁੱਤਰ ਭਾਈ ਝੰਡਾ ਸਿੰਘ ਦੇ ਦਾ ਇੱਕ ਪੁੱਤਰ ਹੋਣ ਦਾ ਹਵਾਲਾ ਮਿਲਦਾ ਹੈ ਜਿਨ੍ਹਾਂ ਦਾ ਨਾਮ ਸ. ਸੁੰਦਰ ਸਿੰਘ ਸੀ ਇਨ੍ਹਾਂ ਦਾ ਅੱਗੇ ਇੱਕ ਪੁੱਤਰ ਸ. ਬੁੱਧ ਸਿੰਘ ਸੀ। ਰਾਗੀ ਜੁਵਾਲਾ ਸਿੰਘ ਦੇ ਸਪੁੱਤਰ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਅਨੁਸਾਰ ਇਨ੍ਹਾਂ ਦੁਆਰਾ ਕੀਰਤਨ ਕਰਨ ਦੇ ਕੋਈ ਹਵਾਲਾ ਪ੍ਰਾਪਤ ਨਹੀਂ ਹੁੰਦਾ।

[16] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਧਰਮ ਤੇ ਵਿਰਸਾ, ਅਜੀਤ,** ਮਿਤੀ 16-10-2012, ਪੰਨਾ 4.

[17] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 46

[18] ਉਹੀ

[19] ਉਹੀ, ਪੰਨਾ 46

[20] ਉਹੀ, ਪੰਨਾ 42

[21] ਉਹੀ, ਪੰਨਾ 48

[22] ਉਹੀ, ਪੰਨਾ 48

[23] ਉਹੀ, ਪੰਨਾ 55

[24] ਉਹੀ, ਪੰਨਾ 55

[25] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 46

[26] ਉਹੀ, ਪੰਨਾ 69

[27] ਉਹੀ, ਪੰਨਾ 159

[28] ਉਹੀ, ਪੰਨਾ 142

[29] ਉਹੀ, ਪੰਨਾ 68

[30] ਉਹੀ, ਪੰਨਾ 69

[31] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਧਰਮ ਤੇ ਵਿਰਸਾ, ਅਜੀਤ,** ਮਿਤੀ 16-10-2012,ਪੰਨਾ 4.

[32] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 71

[33] ਭਾਈ ਪਾਲਾ ਜੀ ਉਸ ਵਕਤ ਦੇ ਮੰਨੇ ਪ੍ਰਮੰਨੇ ਵਿਦਵਾਨ ਸਨ ਕਿਉਂਕਿ ਇਨ੍ਹਾਂ ਤੋਂ ਹੀ ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣੀ ਮੱਢਲੀ ਪੜਾਈ ਕੀਤੀ ਸੀ। ਭਾਈ ਗੁਰਚਰਨ ਸਿੰਘ ਨੇ ਵੀ ਇਨ੍ਹਾਂ ਤੋਂ ਹੀ ਗੁਰਮੁਖੀ ਤੇ ਗੁਰਬਾਣੀ ਸੰਥਿਆ ਦਾ ਗਿਆਨ ਲਿਆ ਸੀ। ਇਸ ਤੋਂ ਇਲਾਵਾ ਰਾਗੀ ਭਾਈ ਜੁਵਾਲਾ ਸਿੰਘ ਦੇ ਛੋਟੇ ਸਪੁੱਤਰ ਮਾਸਟਰ ਗੁਰਦਿਆਲ ਸਿੰਘ ਨੇ ਵੀ ਇਨ੍ਹਾਂ ਤੋਂ ਹੀ ਗੁਰਬਾਣੀ ਸੰਥਿਆ ਪ੍ਰਾਪਤ ਕੀਤੀ। ਰਾਗੀ ਭਾਈ ਸਾਹਿਬ ਦਾ ਅਰੰਭਲਾ ਸਮਾਂ 1879, ਰਾਗੀ ਭਾਈ ਗੁਰਚਰਨ ਸਿੰਘ ਦਾ ਅਰੰਭਲਾ ਸਮਾਂ 1915, ਭਾਈ ਅਵਤਾਰ ਸਿੰਘ ਸਿੰਘ ਦਾ ਅਰੰਭਲਾ ਸਮਾ 1925, ਮਾਸਟਰ ਗੁਰਦਿਆਲ ਸਿੰਘ ਦਾ ਅਰੰਭਲਾ ਸਮਾਂ 1928, ਭਾਈ ਸਵਰਨ ਸਿੰਘ ਦਾ ਅਰੰਭਲਾ ਸਮਾਂ 1937 ਰਿਹਾ ਹੈ। ਇਸ ਪਰਿਪੇਖ ਵਿਚ ਭਾਈ ਪਾਲਾ ਜੀ 1870 ਤੋਂ 1940 ਤੱਕ ਸੈਦਪੁਰ ਦੀ ਧਰਮਸ਼ਾਲਾ ਵਿਚ ਗੁਰਮੁਖੀ, ਗੁਰਬਾਣੀ ਸੰਥਿਆ ਆਦਿ ਦੀ ਲੰਬਾ ਸਮਾਂ ਪੜਾਈ ਕਰਵਾਉਂਦੇ ਰਹੇ। ਇਸ ਪਰਿਪੇਖ ਵਿਚ ਉਨ੍ਹਾਂ ਦਾ ਵੱਡਾ ਤਜ਼ਰਬਾ ਉਨ੍ਹਾਂ ਨੂੰ ਇੱਕ ਸੂਝਵਾਨ ਆਚਾਰੀਆ ਬਣਾਉਂਦਾ ਹੈ।

[34] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 74

[35] https://www.youtube.com/watch?v=OhxLSnPtLY4&t=35s

[36] ਜਬਰਜੰਗ ਸਿੰਘ, *ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ : ਵਿਸ਼ਲੇਸ਼ਣਾਤਮਕ ਅਧਿਐਨ,* ਪੀ-ਐਚ.ਡੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 104

[37] ਉਹੀ, ਪੰਨਾ 104

[38] https://www.youtube.com/watch?v=U2rx4R50Erc&t=73s

[39] https://www.youtube.com/watch?v=zgjMMdNEF9M

[40] https://www.youtube.com/watch?v=3GxSH9J5lRY&t=348s

[41] https://www.youtube.com/watch?v=YBd0svLdcRU

[42] https://www.youtube.com/watch?v=U2rx4R50Erc&t=16s

[43]https://www.youtube.com/watch?v=orWKrmLGyr4
https://www.youtube.com/watch?v=OhxLSnPtLY4&t=35s

[44] http://www.sikhiwiki.org/index.php/Bhai_Avtar_Singh_and_his_father_Bhai_Jawala_Singh

[45] http://www.sikhiwiki.org/index.php/Bhai_Avtar_Singh_and_his_father_Bhai_Jawala_Singh

[46] **https://www.youtube.com/watch?v=7jvLTRAG2fs&t=527s**

[47] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 168

[48] https://www.youtube.com/watch?v=3GxSH9J5lRY&t=348s

[49] **https://www.youtube.com/watch?v=7jvLTRAG2fs&t=527s**

[50]ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 75

[51]https://www.youtube.com/watch?v=7jvLTRAG2fs&t=527shttps://www.youtube.com/watch?v=U2rx4R50Erc&t=73s;https://www.youtube.com/watch?v=zgjMMdNEF9M;
https://www.youtube.com/watch?v=3GxSH9J5lRY&t=348s;
https://www.youtube.com/watch?v=YBd0svLdcRU ;
https://www.youtube.com/watch?v=U2rx4R50Erc&t=16s;
https://www.youtube.com/watch?v=orWKrmLGyr4;
https://www.youtube.com/watch?v=OhxLSnPtLY4&t=35s;
https://www.youtube.com/watch?v=YBd0svLdcRU;

[52] ਤਾਰਨ ਸਿੰਘ (ਡਾ.), *ਮੁੱਖ ਬੰਧ,* **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ),** ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), ਪੰਨਾ XIII

[53] ਉਹੀ।

[54] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ**, ਪੰਨਾ XX

[55] ਤਾਰਨ ਸਿੰਘ (ਡਾ.), *ਮੁੱਖ ਬੰਧ,* **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ),** ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), ਪੰਨਾ XIII

[56] Official Site - Bhai Avtar Singh Ragi; Sikh Sangeet - Bhai Avtar Singh Ragi; www.rajkaregakhalsa.net; www.gurmatsangeetproject.com; Sikh Music Heritage Institute; www.panthic.org; Wikipedia entry,
http://www.sikhiwiki.org/index.php/Bhai_Avtar_Singh_and_his_father_Bhai_Jawala_Singh;
http://www.mrsikhnet.com/2006/11/24/the-passing-of-bhai-avtar-singh-ji/

[57] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ**, ਪੰਨਾ 21-22

[58] ਜਬਰਜੰਗ ਸਿੰਘ, *ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ : ਵਿਸ਼ਲੇਸ਼ਣਾਤਮਕ ਅਧਿਐਨ,* ਪੀ-ਐਚ.ਡੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 104

[59] ਉਹੀ, ਪੰਨਾ 104

[60] ਉਹੀ

[61] ਉਹੀ

[62] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਧਰਮ ਤੇ ਵਿਰਸਾ, ਅਜੀਤ,** ਮਿਤੀ 16-10-2012, ਪੰਨਾ 4.

[63] ਉਹੀ

[64] ਉਹੀ

[65] ਜਬਰਜੰਗ ਸਿੰਘ, *ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ : ਵਿਸ਼ਲੇਸ਼ਣਾਤਮਕ ਅਧਿਐਨ,* ਪੀ-ਐਚ.ਡੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 104

[66] ਉਹੀ

[67] ਉਹੀ

[68] ਉਹੀ

[69] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਧਰਮ ਤੇ ਵਿਰਸਾ, ਅਜੀਤ,** ਮਿਤੀ 16-10-2012, ਪੰਨਾ 4.

[70] ਸੰਤ ਬਾਬਾ ਸੁੱਚਾ ਸਿੰਘ, **ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, ਗੁਰਨਾਮ ਸਿੰਘ (ਡਾ.) (ਮੁੱਖ ਸੰਪਾ.), ਬੀਬੀ ਜਸਬੀਰ ਕੌਰ ਖਾਲਸਾ (ਸੰਪਾ.), ਵਿਸਮਾਦੁ ਨਾਦ, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ, ਲੁਧਿਆਣਾ (ਪੰਜਾਬ), 1997, ਪੰਨਾ-116

[71] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਧਰਮ ਤੇ ਵਿਰਸਾ, ਅਜੀਤ,** ਮਿਤੀ 16-10-2012, ਪੰਨਾ 4.

[72] ਉਹੀ

[73] http://www.sikhiwiki.org/index.php/Bhai_Avtar_Singh_and_his_father_Bhai_Jawala_Singh

[74] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਧਰਮ ਤੇ ਵਿਰਸਾ**, **ਅਜੀਤ**, ਮਿਤੀ 16-10-2012, ਪੰਨਾ 4.

[75] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 71

[76] ਭਾਈ ਪਾਲਾ ਜੀ ਉਸ ਵਕਤ ਦੇ ਮੰਨੇ ਪ੍ਰਮੰਨੇ ਵਿਦਵਾਨ ਸਨ ਕਿਉਂਕਿ ਇਨ੍ਹਾਂ ਤੋਂ ਹੀ ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣੀ ਮੱਢਲੀ ਪੜ੍ਹਾਈ ਕੀਤੀ ਸੀ। ਭਾਈ ਗੁਰਚਰਨ ਸਿੰਘ ਭਾਈ ਸਵਰਨ ਸਿੰਘ (ਭਾਊ ਜੀ) ਨੇ ਵੀ ਇਨ੍ਹਾਂ ਤੋਂ ਹੀ ਗੁਰਮੁਖੀ ਤੇ ਗੁਰਬਾਣੀ ਸੰਥਿਆ ਦਾ ਗਿਆਨ ਲਿਆ ਸੀ। ਇਸ ਤੋਂ ਇਲਾਵਾ ਰਾਗੀ ਭਾਈ ਜੁਵਾਲਾ ਸਿੰਘ ਦੇ ਛੋਟੇ ਸਪੁੱਤਰ ਮਾਸਟਰ ਗੁਰਦਿਆਲ ਸਿੰਘ ਨੇ ਵੀ ਇਨ੍ਹਾਂ ਤੋਂ ਹੀ ਗੁਰਬਾਣੀ ਸੰਥਿਆ ਪ੍ਰਾਪਤ ਕੀਤੀ। ਰਾਗੀ ਭਾਈ ਸਾਹਿਬ ਦਾ ਅਰੰਭਲਾ ਸਮਾਂ 1879, ਰਾਗੀ ਭਾਈ ਗੁਰਚਰਨ ਸਿੰਘ ਦਾ ਅਰੰਭਲਾ ਸਮਾਂ 1915, ਭਾਈ ਅਵਤਾਰ ਸਿੰਘ ਸਿੰਘ ਦਾ ਅਰੰਭਲਾ ਸਮਾ 1925, ਮਾਸਟਰ ਗੁਰਦਿਆਲ ਸਿੰਘ ਦਾ ਅਰੰਭਲਾ ਸਮਾਂ 1928, ਭਾਈ ਸਵਰਨ ਸਿੰਘ ਦਾ ਅਰੰਭਲਾ ਸਮਾਂ 1937 ਰਿਹਾ ਹੈ। ਇਸ ਪਰਿਪੇਖ ਵਿਚ ਭਾਈ ਪਾਲਾ ਜੀ 1870 ਤੋਂ 1940 ਤੱਕ ਸੈਦਪੁਰ ਦੀ ਧਰਮਸ਼ਾਲਾ ਵਿਚ ਗੁਰਮੁਖੀ, ਗੁਰਬਾਣੀ ਸੰਥਿਆ ਆਦਿ ਦੀ ਲੰਬਾ ਸਮਾਂ ਪੜ੍ਹਾਈ ਕਰਵਾਉਂਦੇ ਰਹੇ। ਇਸ ਪਰਿਪੇਖ ਵਿਚ ਉਨ੍ਹਾਂ ਦਾ ਵੱਡਾ ਤਜ਼ਰਬਾ ਉਨ੍ਹਾਂ ਨੂੰ ਇੱਕ ਸੂਝਵਾਨ ਆਚਾਰੀਆ ਬਣਾਉਂਦਾ ਹੈ।

[77] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 72

[78] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਧਰਮ ਤੇ ਵਿਰਸਾ**, **ਅਜੀਤ**, ਮਿਤੀ 16-10-2012, ਪੰਨਾ 4.

[79] ਭਾਈ ਬਿਕਰਮਜੀਤ ਸਿੰਘ ਸਪੁੱਤਰ ਰਾਗੀ ਭਾਈ ਗੁਰਚਰਨ ਸਿੰਘ ਨਾਲ ਕੀਤੀ ਵਾਰਤਾਲਾਪ 'ਤੇ ਅਧਾਰਿਤ, ਮਿਤੀ 3-10-18

[80] ਜਬਰਜੰਗ ਸਿੰਘ, *ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ : ਵਿਸ਼ਲੇਸ਼ਣਾਤਮਕ ਅਧਿਐਨ,* ਪੀ-ਐਚ.ਡੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 104

[81] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 73

[82] ਉਹੀ, ਪੰਨਾ 77

[83] ਉਹੀ, ਪੰਨਾ 75

[84] ਜਬਰਜੰਗ ਸਿੰਘ, *ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ : ਵਿਸ਼ਲੇਸ਼ਣਾਤਮਕ ਅਧਿਐਨ,* ਪੀ-ਐਚ.ਡੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 104

[85] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 77

[86] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ**, ਪੰਨਾ ਭੂਮਿਕਾ XXI

[87] ਉਹੀ, ਪੰਨਾ ਭੂਮਿਕਾ XXIII

[88] ਤਾਰਨ ਸਿੰਘ (ਡਾ.), *ਮੁੱਖ ਬੰਧ,* **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ),** ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), ਪੰਨਾ XIII

[89] ਕੰਵਲ, ਗੁਰਚਰਨ ਸਿੰਘ (ਕੰਵਲ), **ਸਚਾਈਆਂ ਪਰ ਕੌੜੀਆਂ ਕੁਝ ਖੱਟੀਆਂ ਮਿੱਠੀਆਂ ਭੀ,** ਪੰਨਾ ਪੁਸਤਕ ਦਾ ਪਿਛਲਾ ਅਤਿਮ ਪੰਨਾ।

[90] ਕੰਵਲ, ਗੁਰਚਰਨ ਸਿੰਘ (ਕੰਵਲ), **ਭੁਲੇਖੇ ਭੁਲੇਖੇ ਭੁਲੇਖੇ,** ਪੰਨਾ ਪੁਸਤਕ ਦਾ ਅਤਿਮ ਪੰਨਾ।

[91] ਉਹੀ, **ਚਰਨ ਕਮਲ ਕੀ ਮਉਜ (ਕਵਿਤਾਵਾਂ),** ਪੰਨਾ ਪੁਸਤਕ ਦਾ ਅਤਿਮ ਪੰਨਾ।

[92] ਉਹੀ, **ਸਚਾਈਆਂ ਪਰ ਕੌੜੀਆਂ ਕੁਝ ਖੱਟੀਆਂ ਮਿੱਠੀਆਂ ਭੀ,** ਪੰਨਾ ਪੁਸਤਕ ਦਾ ਅਤਿਮ ਪੰਨਾ।

[93] http://sangeetnatak.gov.in/sna/Awardees.php?section=all

[94] http://sangeetnatak.gov.in/sna/Awardees.php?section=all

[95] http://sangeetnatak.gov.in/sna/Awardees.php?section=all

[96] http://www.sikhiwiki.org/index.php/Bhai_Avtar_Singh_and_his_father_Bhai_Jawala_Singh

[97] ਰਾਗੀ ਭਾਈ ਸਵਰਨ ਸਿੰਘ ਨਾਲ ਕੀਤੀ ਵਾਰਤਾਲਾਪ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ।

[98] ਰਾਗੀ ਭਾਈ ਸਵਰਨ ਸਿੰਘ, **ਸਵੈਜੀਵਨੀ**, ਅਪ੍ਰਕਾਸ਼ਿਤ ਰੂਪ ਵਿਚ ਉਪਲੱਬਧ ਹੈ।

[99] ਰਾਗੀ ਭਾਈ ਸਵਰਨ ਸਿੰਘ ਨਾਲ ਕੀਤੀ ਵਾਰਤਾਲਾਪ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ।

[100] ਭਾਈ ਬਿਕਰਮਜੀਤ ਸਿੰਘ ਸਪੁੱਤਰ ਰਾਗੀ ਭਾਈ ਗੁਰਚਰਨ ਸਿੰਘ ਨਾਲ ਕੀਤੀ ਵਾਰਤਾਲਾਪ 'ਤੇ ਅਧਾਰਿਤ, ਮਿਤੀ 3-10-18

[101] ਕੰਵਲ, ਗੁਰਚਰਨ ਸਿੰਘ (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 84

[102] https://www.youtube.com/watch?v=TEMCceU27ho

[103] https://www.youtube.com/watch?v=lM3VfVlED8w

[104] www.anadfoundation.org

[105] http://www.sikhnet.com/news/bhai-baldeep-singh-revives-sikh-musical-tradition

[106] http://www.sikhiwiki.org/index.php/Bhai_Baldeep_Singh

[107] http://www.sikhnet.com/news/bhai-baldeep-singh-revives-sikh-musical-tradition

[108] http://www.sikhnet.com/news/bhai-baldeep-singh-revives-sikh-musical-tradition

[109] https://www.youtube.com/watch?v=363EoqlW7T0

[110] http://www.sikhnet.com/news/bhai-baldeep-singh-revives-sikh-musical-tradition

[111] https://anadfoundation.org/about/board-of-trustees-advisors-of-the-anad-foundation/bhai-baldeep-singh/

[112] https://www.youtube.com/watch?v=3GxSH9J5lRY&t=483s

[113] https://www.youtube.com/watch?v=mxSh4y3UzHA

[114] https://www.youtube.com/watch?v=4iZNg9dnEj0

[115] https://www.youtube.com/watch?v=2zJv53lbSEk

[116] https://www.youtube.com/watch?v=tlNIbpO9Yh8

[117] https://www.youtube.com/watch?v=Mo4cXRq_H2Q

[118] https://www.youtube.com/watch?v=8sm-iPeQRcw;https://www.youtube.com/watch?v=8a-5PwX0OmM; https://www.youtube.com/watch?v=boCLQXb72xE

[119] https://www.youtube.com/watch?v=PAN7GF7DdiU

[120] https://anadfoundation.org/about/board-of-trustees-advisors-of-the-anad-foundation/bhai-baldeep-singh/

[121] https://anadfoundation.org/about/board-of-trustees-advisors-of-the-anad-foundation/bhai-baldeep-singh/

[122] ਭਾਈ ਬਿਕਰਮਜੀਤ ਸਿੰਘ ਸਪੁੱਤਰ ਰਾਗੀ ਭਾਈ ਗੁਰਚਰਨ ਸਿੰਘ ਨਾਲ ਕੀਤੀ ਵਾਰਤਾਲਾਪ 'ਤੇ ਅਧਾਰਿਤ, ਮਿਤੀ 3-10-18

# ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ: ਪਰਿਚਾਤਮਕ ਅਧਿਐਨ

ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਦੇ ਸੰਚਾਰ ਲਈ ਸ਼ਬਦ ਕੀਰਤਨ ਦਾ ਬੁਨਿਆਦੀ ਮਹੱਤਵ ਹੈ। ਸ਼ਬਦ ਕੀਰਤਨ ਦੇ ਪ੍ਰਾਰੰਭ ਤੋਂ ਹੀ ਸ਼ਬਦ ਕੀਰਤਨ ਰਚਨਾਵਾਂ ਦੀ ਸਿਰਜਨਾਂ ਦਾ ਪ੍ਰਾਰੰਭ ਹੋ ਗਈ ਸੀ। ਗੁਰੂ ਨਾਨਕ ਅਤੇ ਰਬਾਬੀ ਭਾਈ ਮਰਦਾਨਾ ਇਨ੍ਹਾਂ ਰਚਨਾਵਾਂ ਦੇ ਪ੍ਰਥਮ ਪ੍ਰਸਤੁਤਕਾਰ ਵਜੋਂ ਦ੍ਰਿਸ਼ਟੀਗੋਚਰ ਹੁੰਦੇ ਹਨ।[1] ਗੁਰੂ ਸਹਿਬਾਨ ਤੋਂ ਬਾਅਦ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦੇ ਪ੍ਰਸਤੁਤਕਾਰ ਗੁਰੂ ਵਰੋਸਾਏ ਕੀਰਤਨੀਏ ਰਹੇ। ਕੀਰਤਨੀਆਂ ਨੇ ਸ਼ਬਦ ਕੀਰਤਨ ਦੀਆਂ ਸ਼ਬਦ ਕੀਰਤਨ ਰਚਨਾਵਾਂ ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਗ੍ਰਹਿਣ ਕੀਤੀਆਂ ਅਤੇ ਆਪ ਵੀ ਉਸੇ ਅੰਦਾਜ਼ ਵਿਚ ਰਚੀਆਂ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਅੱਗੇ ਸਿੱਖਾਉਣ ਦੀ ਪ੍ਰਕ੍ਰਿਆ ਵੀ ਜਾਰੀ ਰਹੀ। ਇਸ ਤਰ੍ਹਾਂ ਇਹ ਸ਼ਬਦ ਕੀਰਤਨ ਰਚਨਾਵਾਂ ਜਿੱਥੇ ਪੁਰਾਤਨ ਰੀਤਾਂ ਦੇ ਰੂਪ ਵਿਚ ਸੀਨਾ-ਬ-ਸੀਨਾ ਸਫਰ ਕਰਦੀਆਂ ਰਹੀਆਂ ਉੱਥੇ ਇਨ੍ਹਾਂ ਦੇ ਨਵੇਂ ਰੂਪ ਵੀ ਇਨ੍ਹਾਂ ਵਿਚ ਨਿੱਤ ਜੁੜਦੇ ਰਹੇ। ਵਰਤਮਾਨ ਸਮੇਂ ਕਈ ਹਜ਼ਾਰ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ, ਰਿਕਾਰਡਿੰਗ, ਵਿਡੀਓਜ਼ ਦੇ ਰੂਪ ਵਿਚ ਉਪਲੱਬਧ ਹਨ।

ਗੁਰਬਾਣੀ ਦੇ ਪ੍ਰਸੰਗ ਵਿਚ ਵੇਖੀਏ ਤਾਂ ਇਸ ਦਾ ਸੰਕਲਨ ਇਕ ਗਾਇਨ ਕੀਤੇ ਜਾਣ ਵਾਲੀ ਰਚਨਾ ਵਜੋਂ ਹੋਇਆ ਹੈ। ਇੱਥੇ ਇਹ ਸਪੱਸ਼ਟ ਕਰਨ ਯੋਗ ਹੋਵੇਗਾ ਕਿ ਬਾਣੀ ਵਿਚ ਸੰਗੀਤ ਰਚਨਾ ਲਈ ਧੁਨ ਦਾ ਸੁਰਾਤਮਕ ਸਰੂਪ ਅੰਕਿਤ ਨਹੀਂ। ਬਾਣੀ ਵਿਚ ਸ਼ਬਦ ਰਚਨਾ ਨੂੰ ਸਰੂਪਤ ਕਰਨ ਲਈ ਰਾਗ[2], ਕਾਵਿ/ਗਾਇਨ ਸ਼ੈਲੀ[3], ਰਹਾਉ, ਅੰਕ[4], ਘਰੁ, ਜਤਿ, ਸੁਧੰਗ, ਧੁਨੀ ਆਦਿ ਸੰਗੀਤਕ ਸਿਰਲੇਖ ਤੇ ਸੰਕੇਤ ਦਰਸਾਏ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਸਨਾਤਨੀ/ਸ਼ਾਸਤਰੀ ਅਤੇ ਦੇਸੀ/ਲੋਕ ਬਾਣੀ ਰੂਪਾਂ ਵਜੋਂ ਅੰਕਿਤ ਕੀਤੀ ਗਈ ਹੈ। ਇੱਥੇ ਇਹ ਸਪੱਸ਼ਟ ਕਰਨਾ ਉਚਿਤ ਹੋਵੇਗਾ ਕਿ ਹਰ ਬਾਣੀ ਰੂਪ ਦੀ ਆਪਣੇ ਮੂਲ ਕਾਵਿਕ

ਸਰੂਪ ਅਨੁਸਾਰ ਵਿਸ਼ੇਸ਼ ਪ੍ਰਕਿਰਤੀ ਹੈ ਜਿਵੇਂ ਅਸ਼ਟਪਦੀ, ਪਦੇ, ਪੜਤਾਲ ਅਤੇ ਹੋਲੀ ਸੰਬੰਧੀ ਪਦੇ ਸਨਾਤਨੀ ਕਾਵਿ ਰੂਪ ਵਜੋਂ ਦਰਜ ਹਨ ਤਾਂ ਇਨ੍ਹਾਂ ਨੂੰ ਸਨਾਤਨੀ ਸੰਗੀਤ ਦੀ ਪਰੰਪਰਾ ਭਾਵ ਸ਼ਾਸਤਰੀ ਸੰਗੀਤ ਅੰਗ ਤੋਂ ਗਾਇਨ ਕੀਤਾ ਜਾਂਦਾ ਹੈ ਅਤੇ ਵਾਰ, ਛੰਤ, ਅਲਾਹੁਣੀਆਂ, ਘੋੜੀਆਂ ਆਦਿ ਦੇਸੀ ਬਾਣੀ ਰੂਪ ਜੋ ਲੋਕ ਕਾਵਿ ਰੂਪ ਦੀ ਪ੍ਰਕਿਰਤੀ ਦੇ ਧਾਰਣੀ ਹਨ। ਇਹ ਆਪੋ ਆਪਣੇ ਲੋਕ ਸੰਗੀਤਕ ਅੰਗ ਤੋਂ ਗਾਏ ਜਾਂਦੇ ਹਨ। ਬਾਣੀਕਾਰ ਗੁਰੂ ਸਾਹਿਬਾਨਾਂ ਨੇ ਇਨ੍ਹਾਂ ਲੋਕ ਬਾਣੀ ਰੂਪਾਂ ਲਈ ਰਾਗ ਨਿਰਧਾਰਤ ਕੀਤੇ ਹਨ ਜੋ ਇਨ੍ਹਾਂ ਦੇ ਸੰਗੀਤਕ ਰੂਪੀ ਭਾਵ ਇਨ੍ਹਾਂ ਦੀ ਕੀਰਤਨ ਹਿਤ ਸੰਗੀਤਕ ਰਚਨਾ ਨੂੰ ਸੁਨਿਸ਼ਚਤ ਕਰਦੇ ਹਨ।

ਸ਼ਬਦ ਅਧਾਰਤ ਕੀਰਤਨ ਦੀਆਂ ਸੰਗੀਤ ਰਚਨਾਵਾਂ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖ ਧਰਮ ਵਿਚ ਪ੍ਰਚਲਿਤ ਰਹੀਆਂ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਗੁਰੂ ਸਾਹਿਬਾਨ, ਰਬਾਬੀਆਂ, ਰਾਗੀਆਂ ਨੇ ਨਿਰੰਤਰ ਗਾਇਨ ਕੀਤਾ ਅਤੇ ਇਹ ਪਰੰਪਰਾ ਮੌਖਿਕ ਰੂਪ ਵਿਚ ਸੀਨਾ-ਬ-ਸੀਨਾ ਚਲਦੀ ਰਹੀ, ਇਨ੍ਹਾਂ ਦਾ ਕੋਈ ਲਿਖਤ ਰਿਕਾਰਡ ਨਹੀਂ ਸੰਭਾਲਿਆ ਗਿਆ ਫਿਰ ਵੀ ਵਰਤਮਾਨ ਤੱਕ ਪਹੁੰਚਦਿਆਂ ਵੀਹਵੀਂ ਸਦੀ ਦੇ ਆਰੰਭ ਵਿਚ ਪੁਸਤਕ ਪ੍ਰਕਾਸ਼ਨਾ ਦਾ ਸਿਲਸਿਲਾ ਆਰੰਭ ਹੋਇਆ ਹੈ ਅਤੇ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦੇ ਕਈ ਪ੍ਰਕਾਸ਼ਨ ਸਾਹਮਣੇ ਆਏ ਹਨ।

## 4.1 ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ

ਸਮਕਾਲੀ ਗੁਰਮਤਿ ਸੰਗੀਤ ਵਿਚ ਸਾਨੂੰ ਜੋ ਸ਼ਬਦ ਕੀਰਤਨ ਰਚਨਾਵਾਂ ਦੇ ਸੁਰਲਿਪੀਬੱਧ ਸਰੂਪ ਪ੍ਰਾਪਤ ਹੁੰਦੇ ਹਨ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਬਾਣੀ ਵਿਧਾਨ ਅਤੇ ਗੁਰੂ ਸਾਹਿਬਾਨ ਦੁਆਰਾ ਪ੍ਰਚਲਿਤ ਕੀਰਤਨ ਪਰੰਪਰਾ ਤੇ ਅਧਾਰਿਤ ਹਨ। ਸ਼ਬਦ ਕੀਰਤਨ ਰਚਨਾਵਾਂ ਦੇ ਪਰਿਚੈ ਵਜੋਂ ਇਨ੍ਹਾਂ ਦਾ ਸਰੂਪਗਤ ਅਧਿਐਨ ਕਰੀਏ ਤਾਂ ਇਹ ਸੰਗੀਤ ਰਚਨਾਵਾਂ ਆਪਣੇ ਬਾਣੀ, ਗਾਇਨ ਸ਼ੈਲੀ, ਰਾਗ ਤੇ ਤਾਲ ਕਾਰਨ ਮੌਲਿਕ ਰੂਪ ਵਿਚ ਪ੍ਰਤੱਖ ਹੁੰਦੀਆਂ ਹਨ। ਗੁਰਬਾਣੀ ਪ੍ਰਕਾਸ਼ਿਤ ਰਚਨਾਵਾਂ ਦੇ ਸੰਦਰਭ ਵਿਚ ਵੇਖੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੁੱਖ ਤੌਰ ਤੇ ਇੰਨ੍ਹਾਂ ਰਚਨਾਵਾਂ ਦਾ ਮੂਲ ਆਧਾਰ ਹਨ। ਇਸ ਵਿਚ ਛੇ ਗੁਰੂ ਸਹਿਬਾਨ, ਪੰਦਰਾਂ ਭਗਤ, ਗਿਆਰਾਂ ਭੱਟਾਂ ਅਤੇ ਚਾਰ ਗੁਰਸਿੱਖਾਂ ਦੀ ਬਾਣੀ ਦਰਜ਼ ਹੈ ਦਸਮ ਗੁਰੂ ਗੋਬਿੰਦ ਸਿੰਘ ਦੀ

ਪ੍ਰਮਾਣਿਤ ਤੇ ਪ੍ਰਚਲਿਤ ਬਾਣੀ ਵੀ ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਾ ਹਿੱਸਾ ਹਨ ਉਦਾਹਰਣ ਹਿਤ ਜਾਪ ਸਾਹਿਬ, ਅਕਾਲ ਉਸਤਤਿ, ਬਚਿੱਤਰ ਨਾਟਕ, ਚੰਡੀ ਦੀ ਵਾਰ, ਸ਼ਬਦ ਹਜ਼ਾਰੇ, ਸਵੱਈਏ, ਖਾਲਸਾ ਮਹਿਮਾ, ਜ਼ਫ਼ਰਨਾਮਾ ਆਦਿ ਪ੍ਰਮੁੱਖ ਹਨ। ਭਾਈ ਗੁਰਦਾਸ ਜੀ ਦੁਆਰਾ ਰਚਿਤ ਵਾਰਾਂ ਅਤੇ ਕਬਿੱਤ ਸਵੈਯੇ ਜਿਨ੍ਹਾਂ ਨੂੰ ਗੁਰਮਤਿ ਦੇ ਪ੍ਰਸੰਗ ਵਿਚ ਗੁਰਬਾਣੀ ਦੀ ਕੁੰਜੀ ਵਜੋਂ ਪ੍ਰਮਾਣਿਕ ਮਾਨਤਾ ਪ੍ਰਾਪਤ ਹੈ ਨੂੰ ਸ਼ਬਦ ਕੀਰਤਨ ਹਿਤ ਪ੍ਰਵਾਣਿਤ ਬਾਣੀ ਵਜੋਂ ਪ੍ਰਯੋਗ ਕੀਤਾ ਜਾਂਦਾ ਹੈ।[17]

ਉਪਰੋਕਤ ਬਾਣੀ ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਾ ਮੂਲ ਵਿਸ਼ਾ ਵਸਤੂ ਜਾਂ ਅਧਾਰ ਹੈ ਜੋ ਗੁਰ ਕਾਲ ਤੋਂ ਹੁਣ ਤੱਕ ਗਾਇਨ ਕੀਤਾ ਜਾ ਰਿਹਾ ਹੈ। ਵਰਤਮਾਨ ਸਮੇਂ ਤਕ ਸੀਨਾ-ਬ-ਸੀਨਾ ਤੇ ਹੁਣ ਲਿਖਤ ਰੂਪ ਵਿਚ ਇਹ ਰਚਨਾਵਾਂ ਸਾਡੇ ਤੱਕ ਪਹੁੰਚੀਆਂ ਹਨ। ਪ੍ਰਕਾਸ਼ਿਤ ਰੂਪ ਵਿਚ ਸੁਰਲਿਪੀ ਲੇਖਨ ਦਾ ਆਰੰਭ 20ਵੀਂ ਸਦੀ ਦੇ ਪੂਰਵਾਰਧ ਵਿਚ ਆਰੰਭ ਹੋਇਆ। ਇਸ ਤੋਂ ਪਹਿਲਾਂ ਹੱਥ ਲਿਖਤ ਰੂਪ ਵਿਚ ਬਾਣੀ ਦਾ ਉਤਾਰਾ ਕੀਤਾ ਜਾਂਦਾ ਰਿਹਾ ਅਤੇ ਗੁਰੂ ਸਾਹਿਬਾਨ ਨੇ ਬਾਣੀ ਨੂੰ ਉਸ ਦੀ ਪ੍ਰਕਿਰਤੀ ਅਨੁਸਾਰ ਕੀਰਤਨ ਹਿਤ ਸੰਗੀਤਬੱਧ ਕੀਤਾ ਜਿਸ ਨੂੰ ਸਮਝਣ-ਸਮਝਾਉਣ ਤੇ ਜਾਂ ਸਿੱਖਣ-ਸਿਖਾਉਣ ਵਿਚ ਕੀਤੀ ਅਣਗਹਿਲੀ ਕਾਰਨ ਅੱਜ ਸ਼ਬਦ ਕੀਰਤਨ ਰਚਨਾਵਾਂ ਦੇ ਆਪਣੇ ਮੂਲ ਨਿਰਧਾਰਤ ਸਰੂਪ ਅਨੁਸਾਰ ਗਾਇਨ ਨਾ ਕਰਕੇ ਸਮਕਾਲੀ ਵਕਤੀ ਸੰਗੀਤ ਪ੍ਰਭਾਵਾਂ ਅਨੁਸਾਰ ਗਾਇਨ ਕੀਤਾ ਜਾ ਰਿਹਾ ਹੈ। ਫਿਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਇਸ ਦਾ ਨਿਰਧਾਰਤ ਸੰਗੀਤ ਸਰੂਪ ਸ਼ਬਦ ਕੀਰਤਨ ਲਈ ਵਿਸ਼ੇਸ਼ ਸੰਗੀਤ ਵਿਧਾਨ ਹੈ। ਇਸ ਸੰਦਰਭ ਵਿਚ ਰਾਗੀ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਦੇਖਿਆ ਜਾ ਸਕਦਾ ਹੈ।

## 4.2. ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ

ਗੁਰਮਤਿ ਸੰਗੀਤ ਪਰੰਪਰਾ ਵਿਚ ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਸਾਨੂੰ *ਗੁਰਬਾਣੀ ਪ੍ਰਾਚੀਨ ਰੀਤ ਰਤਨਾਵਲੀ* ਦੇ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਸ ਪੁਸਤਕ ਦੇ ਕਰਤਾ ਇਸੇ ਘਰਾਣੇ ਦੇ ਪ੍ਰਸਿੱਧ ਕੀਰਤਨੀਏ ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ ਹਨ। ਇਸ ਪੁਸਤਕ ਦੇ ਦੋ ਭਾਗ ਪੰਜਾਬੀ ਯੂਨੀਵਰਸਿਟੀ ਦੁਆਰਾ 1979 ਈਸਵੀ ਵਿਚ ਪ੍ਰਕਾਸ਼ਿਤ ਕੀਤੇ ਸਨ। ਇਸ ਪੁਸਤਕ ਦਾ ਤੀਸਰਾ

ਭਾਗ ਵੀ ਤਿਆਰ ਹੋ ਚੁੱਕਾ ਹੈ ਜੋ ਕਿ ਛਪਾਈ ਅਧੀਨ ਹੈ। ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਦੇ ਤੀਸਰੇ ਭਾਗ ਨੂੰ ਕੇਵਲ ਰਾਗੀ ਭਾਈ ਗੁਰਚਰਨ ਸਿੰਘ ਨੇ ਤਿਆਰ ਕੀਤਾ ਸੀ। ਇਸ ਕਾਰਜ ਵਿਚ ਉਨ੍ਹਾਂ ਦਾ ਸਹਿਯੋਗ ਭਾਈ ਬਲਦੀਪ ਸਿੰਘ ਨੇ ਦਿੱਤਾ। ਇਨ੍ਹਾਂ ਲਿਖਤ ਸ਼ਬਦ ਕੀਰਤਨ ਰਚਨਾਵਾਂ ਤੋਂ ਇਲਾਵਾ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਰਿਕਾਡਿੰਗ ਰੂਪ ਵਿਚ ਯੂ ਟਿਊਬ ਜਾਂ ਇੰਟਰਨੈੱਟ 'ਤੇ ਵੀ ਪ੍ਰਾਪਤ ਹੋ ਜਾਂਦੀਆਂ ਹਨ ਜਿਨ੍ਹਾਂ ਦੇ ਸੁਰਲਿਪੀਬੱਧ ਰੂਪ ਉਕਤ ਪੁਸਤਕਾਂ ਵਿਚ ਪ੍ਰਾਪਤ ਹੋ ਜਾਂਦੇ ਹਨ। ਖੋਜਾਰਥੀ ਵਲੋਂ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਵਿਚ ਪ੍ਰਕਾਸ਼ਿਤ ਕਾਰਜ਼ਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦਾ ਨਾਲ ਜਿੱਥੇ ਗੁਰਮਤਿ ਸੰਗੀਤ ਦੇ ਵਿਹਾਰਕ ਖਿੱਤਾ ਪ੍ਰਫੁੱਲਿਤ ਹੋਇਆ ਹੈ ਉੱਥੇ ਗੁਰਮਤਿ ਸੰਗੀਤ ਦੇ ਸਿਧਾਂਤਕ ਪੱਖ ਦੇ ਸੰਦਰਭ ਵਿਚ ਵਿਸ਼ੇਸ਼ ਘਰਾਣੇ ਦੀ ਕੀਰਤਨ ਗਾਇਕੀ ਵੀ ਸਾਡੇ ਤਕ ਪਹੁੰਚੀ ਹੈ। ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਉਪਲੱਬਧ ਸ਼ਬਦ ਕੀਰਤਨ ਰਚਨਾਵਾਂ ਨੂੰ ਅਸੀਂ ਹੇਠ ਲਿਖੇ ਅਨੁਸਾਰ ਵੰਡ ਸਕਦੇ ਹਾਂ:

**4.2.1 ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਸੁਰਲਿਪੀਬੱਧ ਸ਼ਬਦ ਕੀਰਤਨ ਰਚਨਾਵਾਂ** : ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਪ੍ਰਾਪਤ ਸ਼ਬਦ ਕੀਰਤਨ ਰਚਨਾਵਾਂ ਜਿਆਦਾਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ 'ਚ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਨੂੰ ਮੁਖ ਤੌਰ 'ਤੇ ਦੋ ਭਾਗਾਂ ਵਿਚ ਦੇਖਿਆ ਜਾ ਸਕਦਾ ਹੈ: 1. ਮੁੱਖ ਰਾਗ 2. ਰਾਗ ਪ੍ਰਕਾਰ।[5] ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਵੀ ਅਸੀਂ ਇਨ੍ਹਾਂ ਦੇ ਅੰਤਰਗਤ ਦੇਖ ਸਕਦੇ ਹਾਂ:

**4.2.1.1 ਮੁੱਖ ਰਾਗਾਂ ਦੀਆਂ ਸ਼ਬਦ ਕੀਰਤਨ ਰਚਨਾਵਾਂ**: ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਸੰਗੀਤ ਪਰੰਪਰਾ ਦਾ ਅਧਾਰ ਗ੍ਰੰਥ ਹੈ। ਇਸ ਵਿਚ ਰਚਿਤ ਬਾਣੀ ਵੱਖ-ਵੱਖ 31 ਮੁੱਖ ਰਾਗਾਂ[6] ਵਿਚ ਅੰਕਿਤ ਹੈ। ਗੁਰਮਤਿ ਸੰਗੀਤ ਪਰੰਪਰਾ ਦੇ ਕੀਰਤਨੀਏ ਇ੍ਹਨਾਂ ਮੁੱਖ ਰਾਗਾਂ ਅਧੀਨ ਸਦੀਆਂ ਤੋਂ ਬਾਣੀ ਦਾ ਕੀਰਤਨ ਕਰਦੇ ਰਹੇ ਹਨ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੇ ਕੀਰਤਨੀਏ ਵੀ ਇਨ੍ਹਾਂ ਰਾਗਾਂ

ਦਾ ਕੀਰਤਨ ਹਿਤ ਪ੍ਰਯੋਗ ਬਾਖੂਬੀ ਕਰਦੇ ਰਹੇ ਹਨ। ਇਸ ਕੀਰਤਨ ਘਰਾਣੇ ਦੀਆਂ ਪ੍ਰਕਾਸ਼ਿਤ ਸ਼ਬਦ ਕੀਰਤਨ ਰਚਨਾਵਾਂ 31 ਮੁੱਖ ਰਾਗਾਂ ਵਿਚ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਬਾਰੇ ਚਰਚਾ ਇਸ ਪ੍ਰਕਾਰ ਹੈ:

*4.2.1.1.1 ਸਿਰੀਰਾਗ:* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਜੋ ਪ੍ਰਕਾਸ਼ਿਤ ਸੁਰਲਿਪੀਬੱਧ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਦਾ ਪ੍ਰਥਮ ਰਾਗ 'ਸਿਰੀ' ਪ੍ਰਤੱਖ ਹੁੰਦਾ ਹੈ। ਇਸ ਰਾਗ ਅਧੀਨ ਉਕਤ ਘਰਾਣੇ ਦੀਆਂ 10 ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਸਿਰੀ ਰਾਗ ਦੇ ਪੂਰਬੀ ਅੰਗ ਤੇ ਕਾਫੀ ਅੰਗ ਵਿਚ ਉਪਲੱਬਧ ਹਨ। ਪੂਰਬੀ ਅੰਗ ਵਿਚ ਨੌ ਅਤੇ ਕਾਫੀ ਅੰਗ ਅਧੀਨ ਇੱਕ ਸ਼ਬਦ ਕੀਰਤਨ ਰਚਨਾ ਅੰਕਿਤ ਹੈ।[7] ਇਹ ਸ਼ਬਦ ਕੀਰਤਨ ਰਚਨਾਵਾਂ ਚਾਰਤਾਲ, ਤਿੰਨ ਤਾਲ, ਝਪਤਾਲ, ਰੂਪਕ, ਧਮਾਰ ਤਾਲਾਂ ਦੇ ਅੰਤਰਗਤ ਸੁਰਲਿਪੀਬੱਧ ਹਨ।

ਸਿਰੀ ਰਾਗ ਪੂਰਬੀ ਅੰਗ ਦੀ ਸ਼ਬਦ ਕੀਰਤਨ ਰਚਨਾ ਜੋ ਧੁਮਾਰ [ਧਮਾਰ] ਤਾਲ ਦੇ ਅੰਤਰਗਤ ਦਰਜ਼ ਹੈ ਉਹ ਇਸ ਅਧਿਆਇ ਦੇ ਅੰਤ ਵਿਚ 229 ਪੰਨੇ 'ਤੇ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਕਾਫੀ ਅੰਗ ਦੀ ਸ਼ਬਦ ਕੀਰਤਨ ਰਚਨਾ ਨੂੰ 230 ਪੰਨੇ 'ਤੇ ਅੰਕਿਤ ਕੀਤਾ ਗਿਆ ਹੈ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦਾ ਮੂਲ ਰੂਪ ਹੀ ਲਿਆ ਗਿਆ ਹੈ। ਸਿਰੀ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਅੱਠ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਹਨ। ਸਿਰੀ ਰਾਗ ਤੋਂ ਬਾਅਦ ਮਾਝ ਰਾਗ ਵਿਚ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।

*2.1.1.2. ਮਾਝ:* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਸਿਰੀ ਰਾਗ ਤੋਂ ਬਾਅਦ ਮਾਝ ਰਾਗ ਵਿਚ ਅੰਕਿਤ ਮਿਲਦੀਆਂ ਹਨ। ਇਸ ਰਾਗ ਅਧੀਨ ਇਸ ਘਰਾਣੇ ਦੀਆਂ ਪੰਜ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਮਾਝ ਰਾਗ ਦੇ ਕਾਫੀ ਅੰਗ ਅਤੇ ਖਮਾਜ ਅੰਗ ਅਧੀਨ ਦਰਜ ਹਨ। ਇਸ ਰਾਗ ਦੇ ਕਾਫੀ ਅੰਗ ਵਿਚ ਤਿੰਨ ਅਤੇ ਖਮਾਜ ਅੰਗ ਅਧੀਨ ਦੋ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚਾਰਤਾਲ, ਢਈਆ, ਸੂਲਫਾਕ, ਤਿੰਨ ਤਾਲ, ਪੰਜ ਤਾਲ ਦੀ ਸਵਾਰੀ ਤਾਲਾਂ ਦੇ ਅੰਤਰਗਤ ਸੁਰਲਿਪੀਬੱਧ ਹਨ।[8]

ਮਾਝ ਰਾਗ ਦੇ ਕਾਫੀ ਅੰਗ ਦੀ ਸ਼ਬਦ ਕੀਰਤਨ ਰਚਨਾ ਜੋ ਸੂਲਫਾਕ ਤਾਲ ਦੇ ਅੰਤਰਗਤ ਦਰਜ਼ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 232 ਪੰਨੇ 'ਤੇ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਖਮਾਜ ਅੰਗ ਦੀ ਸ਼ਬਦ ਕੀਰਤਨ ਰਚਨਾ ਨੂੰ 233 ਪੰਨੇ 'ਤੇ ਅੰਕਿਤ ਕੀਤਾ ਗਿਆ ਹੈ। ਸ਼ਬਦ ਕੀਰਤਨ ਰਚਨਾ ਨਿਰਧਾਰਿਤ ਰਾਗ ਅਨੁਸਾਰੀ ਤਾਂ ਹੈ ਪ੍ਰੰਤੂ ਗੁਰਮਤਿ ਸੰਗੀਤ ਦੇ ਵਿਧਾਨ ਰਹਾਉ ਨੂੰ ਸਥਾਈ ਬਨਾਉਣਾ ਉਸ ਦਾ ਪਾਲਣਾ ਨਹੀਂ ਕੀਤਾ ਗਿਆ। ਮਾਝ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਚਾਰ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਮਾਝ ਰਾਗ ਤੋਂ ਬਾਅਦ ਗਉੜੀ ਰਾਗ ਵਿਚ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।

*2.1.1.3. ਗਉੜੀ :* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਮਾਝ ਰਾਗ ਤੋਂ ਬਾਅਦ ਗਉੜੀ ਰਾਗ ਵਿਚ ਅੰਕਿਤ ਮਿਲਦੀਆਂ ਹਨ। ਇਸ ਰਾਗ ਅਧੀਨ ਇਸ ਘਰਾਣੇ ਦੀਆਂ ਪੰਜ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਗਉੜੀ ਰਾਗ ਦੇ ਭੈਰਉ ਅੰਗ ਅਤੇ ਪੂਰਵੀ ਅੰਗ ਅਧੀਨ ਦਰਜ ਹਨ। ਭੈਰਉ ਅੰਗ ਵਿਚ ਦੋ ਅਤੇ ਪੂਰਵੀ ਅੰਗ ਅਧੀਨ ਇੱਕ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਤੋ ਇਲਾਵਾ ਦੋ ਸ਼ਬਦ ਕੀਰਤਨ ਰਚਨਾਵਾਂ ਅਪ੍ਰਚਲਿਤ ਰਾਗ ਅੰਗ ਅਧੀਨ ਦਰਜ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚਾਰਤਾਲ, ਤਿੰਨ ਤਾਲ, ਇੱਕ ਤਾਲ ਦੇ ਅੰਤਰਗਤ ਸੁਰਲਿਪੀਬੱਧ ਹਨ।[੭]

ਗਉੜੀ ਰਾਗ ਦੇ ਭੈਰਉ ਅੰਗ ਦੀ ਸ਼ਬਦ ਕੀਰਤਨ ਰਚਨਾ ਜੋ ਤਿੰਨ ਤਾਲ ਦੇ ਅੰਤਰਗਤ ਦਰਜ਼ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 234 ਪੰਨਿਆਂ 'ਤੇ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਪੂਰਬੀ ਅੰਗ ਦੀ ਸ਼ਬਦ ਕੀਰਤਨ ਰਚਨਾ ਨੂੰ 237 ਪੰਨਿਆਂ 'ਤੇ ਅੰਕਿਤ ਕੀਤਾ ਗਿਆ ਹੈ। ਇਸ ਪੂਰਬੀ ਅੰਗ ਦੀ ਸ਼ਬਦ ਕੀਰਤਨ ਰਚਨਾ ਨੂੰ ਨਿਰਧਾਰਿਤ ਰਾਗ ਦੇ ਅੰਤਰਗਤ ਸੁਰਲਿਪੀਬੱਧ ਕੀਤਾ ਗਿਆ ਹੈ ਪ੍ਰੰਤੂ ਗੁਰਮਤਿ ਸੰਗੀਤ ਦਾ ਵਿਧਾਨ ਅਨੁਸਾਰ *ਰਹਾਉ* ਵਾਲੀ ਪੰਕਤੀ ਨੂੰ ਸਥਾਈ ਬਨਾਉਣ ਦੇ ਸਿਧਾਂਤ ਦੀ ਪਾਲਣਾ ਨਹੀਂ ਕੀਤੀ ਗਈ। ਪ੍ਰੰਤੂ ਇਸ ਸ਼ਬਦ ਕੀਰਤਨ ਰਚਨਾ ਨੂੰ ਧਰੁਪਦ ਅੰਗ ਤੋਂ ਸਥਾਈ ਅੰਤਰਾ ਆਭੋਗ ਦੇ ਰੂਪ ਵਿਚ ਸੁਰਲਿਪੀਬੱਧ

ਕੀਤਾ ਗਿਆ ਹੈ। ਇਸ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਤਿੰਨ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਗਉੜੀ ਰਾਗ ਤੋਂ ਬਾਅਦ ਇਸ ਕੀਰਤਨ ਘਰਾਣੇ ਦੀਆਂ ਆਸਾ ਰਾਗ ਵਿਚ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ।

*2.1.1.4. ਆਸਾ :* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗਉੜੀ ਰਾਗ ਤੋਂ ਬਾਅਦ ਆਸਾ ਰਾਗ ਵਿਚ ਅੰਕਿਤ ਮਿਲਦੀਆਂ ਹਨ। ਇਸ ਰਾਗ ਅਧੀਨ ਇਸ ਘਰਾਣੇ ਦੀਆਂ ਤਰਤਾਲੀ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਇੱਕਤਾਲ, ਤਿੰਨ ਤਾਲ, ਛੋਟੀ ਤਿੰਨ ਤਾਲ, ਵੱਡੀ ਤਿੰਨ ਤਾਲ, ਦਾਦਰਾ ਤਾਲ, ਚੰਚਲ ਤਾਲ, ਤਲਵਾੜਾ ਤਾਲ, ਪੰਜਤਾਲ ਅਸਵਾਰੀ [ਪੰਜ ਤਾਲ ਦੀ ਸਵਾਰੀ], ਮੱਤ ਤਾਲ, ਆਡਾ ਤਾਲ, ਰੂਪਕ ਤਾਲ, ਧਮਾਰ ਤਾਲ, ਸਿਖਰ ਤਾਲ, ਭਾਨਮਤੀ ਤਾਲ, ਝੱਪ ਤਾਲ ਦੇ ਅੰਤਰਗਤ ਸੁਰਲਿਪੀਬੱਧ ਹਨ।[10] ਇਸ ਰਾਗ ਵਿਚ ਚਾਰ ਪੜਤਾਲਾਂ ਵੀ ਉਪਲੱਬਧ ਹੁੰਦੀਆਂ ਹਨ ਜਿਨ੍ਹਾਂ ਬਾਰੇ ਅੱਗੇ ਵਿਚਾਰ ਚਰਚਾ ਕੀਤੀ ਜਾਵੇਗੀ।

ਆਸਾ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਪੰਜ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 240 ਪੰਨੇ 'ਤੇ ਉਦਾਹਰਨ ਹਿਤ ਦਰਜ਼ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਦਾ ਅਨੁਸਰਣ ਕਰਦੀ ਹੈ। ਇਸ ਤੋਂ ਇਲਾਵਾ ਆਸਾ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੋਲਾਂ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਆਸਾ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗੂਜਰੀ ਵਿਚ ਪ੍ਰਾਪਤ ਹੁੰਦੀਆਂ ਹਨ।

*2.1.1.5. ਗੂਜਰੀ :* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਆਸਾ ਰਾਗ ਤੋਂ ਬਾਅਦ ਗੂਜਰੀ ਰਾਗ ਵਿਚ ਸੁਰਲਿਪੀਬੱਧ ਮਿਲਦੀਆਂ ਹਨ। ਇਸ ਰਾਗ ਅਧੀਨ ਇਸ ਘਰਾਣੇ ਦੀਆਂ ਚੌਦਾਂ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਧਮਾਰ ਤਾਲ, ਤਿੰਨ ਤਾਲ, ਛੋਟੀ ਤਿੰਨ ਤਾਲ, ਚਾਰ ਤਾਲ, ਪੰਜਤਾਲ ਦੀ ਅਸਵਾਰੀ, ਦਾਦਰਾ ਤਾਲ, ਢਾਈ ਤਾਲ, ਇੱਕ ਤਾਲ, ਭਾਨਮਤੀ ਤਾਲ ਦੇ ਅੰਤਰਗਤ ਸੁਰਲਿਪੀਬੱਧ ਹਨ।[11]

ਗੂਜਰੀ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਦਾਦਰਾ ਤਾਲ ਦੇ ਅੰਤਰਗਤ ਦਰਜ਼ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 242 ਪੰਨੇ 'ਤੇ ਉਦਾਹਰਨ ਹਿਤ ਦਰਜ਼ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਦਾ ਅਨੁਸਰਣ ਕਰਦੀ ਹੈ। ਇਸ ਤੋਂ ਇਲਾਵਾ ਗੂਜਰੀ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਦਸ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਗੂਜਰੀ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇਵ ਗੰਧਾਰੀ ਰਾਗ ਵਿਚ ਪ੍ਰਾਪਤ ਹੁੰਦੀਆਂ ਹਨ।

*2.1.1.6. ਦੇਵਗੰਧਾਰੀ :* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗ ਦੇਵਗੰਧਾਰੀ ਵਿਚ ਵੀ ਅੰਕਿਤ ਮਿਲਦੀਆਂ ਹਨ। ਇਸ ਰਾਗ ਅਧੀਨ ਇਸ ਘਰਾਣੇ ਦੀਆਂ ਪੰਜ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਦੇਵਗੰਧਾਰੀ ਰਾਗ ਦੇ ਆਸਾ ਅੰਗ, ਆਸਾਵਰੀ ਅੰਗ, ਭੈਰਵ ਅੰਗ ਅਧੀਨ ਦਰਜ ਹਨ। ਆਸ ਅੰਗ ਵਿਚ ਛੇ, ਆਸਾਵਰੀ ਅੰਗ ਅਧੀਨ ਪੰਜ ਅਤੇ ਭੈਰਵ ਅੰਗ ਦੇ ਦੇਵਗੰਧਾਰੀ ਰਾਗ ਵਿਚ ਪੰਜ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਛੋਟੀ ਤਿੰਨ ਤਾਲ, ਪੰਜ ਤਾਲ ਦੀ ਅਸਵਾਰੀ, ਸੂਲਫਾਕ ਤਾਲ, ਚੰਚਲ ਤਾਲ, ਢਈਆ ਤਾਲ, ਤਲਵਾੜਾ ਤਾਲ, ਧਮਾਰ ਤਾਲ, ਚਾਰਤਾਲ, ਦੇ ਅੰਤਰਗਤ ਸੁਰਲਿਪੀਬੱਧ ਹਨ।[12]

ਦੇਵਗੰਧਾਰੀ ਰਾਗ ਦੇ ਆਸਾ ਅੰਗ ਦੀ ਸ਼ਬਦ ਕੀਰਤਨ ਰਚਨਾ ਜੋ ਪੰਜਤਾਲ ਦੀ ਸਵਾਰੀ ਦੇ ਅੰਤਰਗਤ ਦਰਜ਼ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 243 ਪੰਨੇ 'ਤੇ ਦੇਖਿਆ ਜਾ ਸਕਦਾ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਦੇ ਸਿਧਾਂਤ ਅਨੁਸਾਰ ਹੀ ਸੁਰਲਿਪੀਬੱਧ ਕੀਤੀ ਗਈ ਹੈ। ਇਸ ਤਰ੍ਹਾਂ ਆਸਾਵਰੀ ਅੰਗ ਦੀ ਸ਼ਬਦ ਕੀਰਤਨ ਰਚਨਾ ਨੂੰ ਇਸ ਅਧਿਆਇ ਦੇ 243 ਪੰਨੇ 'ਤੇ ਦਿੱਤਾ ਗਿਆ ਹੈ। ਇਹ ਸ਼ਬਦ ਰਚਨਾ ਚਾਰਤਾਲ ਵਿਚ ਧਰੁਪਦ ਵਿਚ ਸੁਰਲਿਪੀਬੱਧ ਕੀਤੀ ਗਈ ਹੈ। ਇਸ ਵਿਚ ਰਹਾਉ ਵਾਲੀ ਪੰਕਤੀ ਨੂੰ ਸਥਾਈ ਬਣਾਇਆ ਗਿਆ ਹੈ। ਭੈਰਵ ਅੰਗ ਦੀ ਦੇਵਗੰਧਾਰੀ ਦੀ ਸ਼ਬਦ ਕੀਰਤਨ ਰਚਨਾ ਨੂੰ ਇਸ

ਅਧਿਆਇ ਦੇ 245 ਪੰਨੇ 'ਤੇ ਅੰਕਿਤ ਕੀਤਾ ਗਿਆ ਹੈ। ਇਸ ਵਿਚ ਵੀ ਰਹਾਉ ਵਾਲੀ ਪੰਕਤੀ ਨੂੰ ਸਥਾਈ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਦੇਵਗੰਧਾਰੀ ਦੇ ਇੱਕ ਹੋਰ ਪੁਰਾਤਨ ਰਾਗ ਸਰੂਪ ਅਧੀਨ ਦੋ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਨ੍ਹਾਂ ਦਾ ਸੁਰਲਿਪੀਬੱਧ ਸਰੂਪ ਇਸ ਅਧਿਆਇ ਦੇ 247 ਪੰਨੇ 'ਤੇ ਦਿੱਤਾ ਗਿਆ ਹੈ ਜੋ ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ।[13] ਇਹ ਸ਼ਬਦ ਕੀਰਤਨ ਰਚਨਾ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਹੈ। ਇਸ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਕੁੱਲ ਦੇਵਗੰਧਾਰੀ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਬਿਹਾਗੜਾ ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀਆਂ ਹਨ।

*2.1.1.7. ਬਿਹਾਗੜਾ :* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਬਿਹਾਗੜਾ ਰਾਗ ਵਿਚ ਵੀ ਨਿਬੱਧ ਮਿਲਦੀਆਂ ਹਨ। ਇਸ ਰਾਗ ਅਧੀਨ ਇਸ ਘਰਾਣੇ ਦੀਆਂ ਸਤਾਰਾਂ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਛੋਟੀ ਤਿੰਨ ਤਾਲ, ਤਲਵਾੜਾ ਤਾਲ, ਦਾਦਰਾ ਤਾਲ, ਗੀਤ ਤਾਲ, ਮੱਤ ਤਾਲ, ਚੰਚਲ ਤਾਲ, ਪੰਜਤਾਲ ਦੀ ਅਸਵਾਰੀ, ਛੋਟਾ ਤੇ ਵੱਡਾ ਤਿੰਨ ਤਾਲ, ਇੱਕ ਤਾਲ ਦੇ ਅੰਤਰਗਤ ਸੁਰਲਿਪੀਬੱਧ ਹਨ।[14] ਇਸ ਰਾਗ ਦੇ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀ ਇੱਕ ਪੜਤਾਲ ਸ਼ਬਦ ਰਚਨਾ ਵੀ ਪ੍ਰਾਪਤ ਹੁੰਦੀ ਹੈ ਜਿਸ ਦਾ ਅੱਗੇ ਇਸੇ ਅਧਿਆਇ ਦੇ ਅੰਤਰਗਤ ਜ਼ਿਕਰ ਕੀਤਾ ਜਾਵੇਗਾ।

ਬਿਹਾਗੜਾ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਛੋਟੀ ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 250 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਡਖਣੇ ਬਾਣੀ ਰੂਪ ਹੈ ਜਿਸ ਨੂੰ ਖਿਆਲ ਸ਼ੈਲੀ ਅੰਗ ਤੋਂ ਸੁਰਲਿਪੀਬੱਧ ਕੀਤਾ ਗਿਆ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਦਾ ਅਨੁਸਰਣ ਕਰਦੀ ਹੈ। ਇਸ ਤੋਂ ਇਲਾਵਾ ਬਿਹਾਗੜਾ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਅੱਠ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਵਡਹੰਸ ਰਾਗ ਵਿਚ ਪ੍ਰਾਪਤ ਹੁੰਦੀਆਂ ਹਨ।

*2.1.1.8. ਵਡਹੰਸ :* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਵਡਹੰਸ ਰਾਗ ਵਿਚ ਵੀ ਨਿਬੱਧ ਮਿਲਦੀਆਂ ਹਨ। ਇਸ ਰਾਗ ਅਧੀਨ ਇਸ ਘਰਾਣੇ ਦੀਆਂ ਪੰਦਰਾਂ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ ਪ੍ਰਾਪਤ ਹੁੰਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਛੋਟੀ ਤਿੰਨ ਤਾਲ, ਤਲਵਾੜਾ ਤਾਲ, ਦਾਦਰਾ ਤਾਲ, ਗੀਤ ਤਾਲ, ਮੱਤ ਤਾਲ, ਚੰਚਲ ਤਾਲ, ਪੰਜਤਾਲ ਦੀ ਅਸਵਾਰੀ, ਛੋਟਾ ਤੇ ਵੱਡਾ ਤਿੰਨ ਤਾਲ, ਇੱਕ ਤਾਲ ਦੇ ਅੰਤਰਗਤ ਸੁਰਲਿਪੀਬੱਧ ਹਨ।[15] ਇਸ ਰਾਗ ਦੇ ਅਧੀਨ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਅਲਾਹੁਣੀਆਂ ਤੇ ਘੋੜੀਆਂ ਦੇ ਅੰਤਰਗਤ ਵੀ ਦੋ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਦਾ ਅੱਗੇ ਇਸੇ ਅਧਿਆਇ ਦੇ ਅੰਤਰਗਤ ਜ਼ਿਕਰ ਕੀਤਾ ਜਾਵੇਗਾ।

ਵਡਹੰਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਗੀਤ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 251 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਦਾ ਅਨੁਸਰਣ ਕਰਦੀ ਹੈ। ਇਸ ਤੋਂ ਇਲਾਵਾ ਵਡਹੰਸ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਅੱਠ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਸੋਰਠ ਰਾਗ ਵਿਚ ਪ੍ਰਾਪਤ ਹੁੰਦੀਆਂ ਹਨ।

*2.1.1.9. ਸੋਰਠ :* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਛੱਬੀ ਸ਼ਬਦ ਕੀਰਤਨ ਰਚਨਾਵਾਂ ਸੋਰਠ ਰਾਗ ਵਿਚ ਵੀ ਨਿਬੱਧ ਮਿਲਦੀਆਂ ਹਨ। ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਦੀ ਲੜੀ ਵਿਚ ਨੌਵੇਂ ਸਥਾਨ 'ਤੇ ਆਉਂਦਾ ਹੈ। ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਚਾਰ ਤਾਲ, ਛੋਟੀ ਤਿੰਨ ਤਾਲ, ਤਲਵਾੜਾ ਤਾਲ, ਭਾਨਮਤੀ ਤਾਲ, ਇਕ ਤਾਲ, ਪੰਜ ਤਾਲ, ਚੰਚਲ ਤਾਲ, ਝੱਪਤਾਲ, ਖਟਤਾਲ ਆਦਿ ਦੇ ਅੰਤਰਗਤ ਸੁਰਲਿਪੀਬੱਧ ਕੀਤੀਆਂ ਪ੍ਰਾਪਤ ਹੁੰਦੀਆਂ ਹਨ।[16] ਇਸ ਰਾਗ ਦੇ ਅਧੀਨ ਸ਼ਾਸਤਰੀ ਗਾਇਨ ਸ਼ੈਲੀ ਪੜਤਾਲ ਦੇ ਅੰਤਰਗਤ ਤਿੰਨ ਸ਼ਬਦ

ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਦਾ ਅੱਗੇ ਇਸੇ ਅਧਿਆਇ ਦੇ ਅੰਤਰਗਤ ਜ਼ਿਕਰ ਕੀਤਾ ਜਾਵੇਗਾ।

ਸੋਰਠ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਤਲਵਾੜਾ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 252 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਦਾ ਅਨੁਸਰਣ ਕਰਦੀ ਹੈ। ਇਸ ਤੋਂ ਇਲਾਵਾ ਸੋਰਠ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਉੱਨੀ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਧਨਾਸਰੀ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.10. ਧਨਾਸਰੀ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਦੀ ਲੜੀ ਵਿਚ ਧਨਾਸਰੀ ਰਾਗ ਦਸਵੇਂ ਸਥਾਨ 'ਤੇ ਆਉਂਦਾ ਹੈ। ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਸੋਲਾਂ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਕਾਫੀ ਅੰਗ, ਮੁਲਤਾਨੀ ਅੰਗ, ਪੂਰੀਆਂ ਅੰਗ, ਭੈਰਵੀ ਅੰਗ ਅਤੇ ਮਿਸ਼ਰਤ ਧਨਾਸਰੀ ਦੇ ਅੰਤਰਗਤ ਦਰਜ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਲਈ ਚਾਰ ਤਾਲ, ਛੋਟੀ ਤਿੰਨ ਤਾਲ, ਝੱਪਤਾਲ, ਦਈਆ ਤਾਲ, ਤਿੰਨ ਤਾਲ ਆਦਿ ਤਾਲਾਂ ਦਾ ਪ੍ਰਯੋਗ ਕੀਤਾ ਗਿਆ ਹੈ।[17]

ਧਨਾਸਰੀ ਰਾਗ ਦੇ ਕਾਫੀ ਅੰਗ ਦੀ ਸ਼ਬਦ ਕੀਰਤਨ ਰਚਨਾ ਛੋਟੀ ਤਿੰਨ ਤਾਲ ਦੇ ਅੰਤਰਗਤ ਇਸ ਅਧਿਆਇ ਦੇ ਅੰਤ ਵਿਚ 253 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਸੇ ਤਰ੍ਹਾਂ ਮੁਲਤਾਨੀ ਅੰਗ ਦੀ ਸ਼ਬਦ ਕੀਰਤਨ ਰਚਨਾ ਜੋ ਪੰਜ ਤਾਲ ਅਧੀਨ ਨਿਬੱਧ ਹੈ ਉਹ 253 ਪੰਨੇ 'ਤੇ ਉਦਾਹਰਨ ਹਿਤ ਦਿੱਤੀ ਗਈ ਹੈ। ਪੂਰਵੀ ਅੰਗ ਦੇ ਧਨਾਸਰੀ ਦੀ ਸ਼ਬਦ ਕੀਰਤਨ ਰਚਨਾ ਛੋਟੀ ਤਿੰਨ ਤਾਲ ਦੇ ਅੰਤਰਗਤ 254 ਪੰਨੇ ਉੱਤੇ ਅੰਕਿਤ ਕੀਤੀ ਗਈ ਹੈ। ਭੈਰਵੀ ਅੰਗ ਦੇ ਧਨਾਸਰੀ ਰਾਗ ਦੀ ਸ਼ਬਦ ਕੀਰਤਨ ਰਚਨਾ 256 ਪੰਨੇ ਉੱਤੇ ਅੰਕਿਤ ਕੀਤੀ ਗਈ ਹੈ। ਤਿੰਨੋ ਅੰਗ ਦੇ ਧਨਾਸਰੀ ਰਾਗਾਂ ਦੀਆਂ ਸ਼ਬਦ ਰਚਨਾਵਾਂ ਨਿਰਧਾਰਿਤ ਰਾਗ ਅਧੀਨ ਤਾਂ ਹੈ ਪ੍ਰੰਤੂ ਸਥਾਈ ਰਹਾਉ ਦੀ ਅੱਧੀ ਤੁਕ ਨੂੰ ਅਤੇ ਅੰਤਰਾ ਰਹਾਉ ਦੀ ਬਾਕੀ ਰਹਿੰਦੀ ਤੁਕ ਨੂੰ

ਬਣਾਇਆ ਗਿਆ ਹੈ। ਇਸ ਰਾਗ ਅਧੀਨ ਕੁੱਲ 14 ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਜੈਤਸਰੀ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.11. ਜੈਤਸਰੀ :* ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗਿਆਰਵਾਂ ਰਾਗ ਜੈਤਸਰੀ ਹੈ। ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਦਸ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਪੰਜ ਤਾਲ, ਤਿੰਨ ਤਾਲ, ਚਾਰ ਤਾਲ, ਇੱਕ ਤਾਲ, ਧਮਾਰ ਤਾਲ, ਫਰੋਦਸਤ ਤਾਲ, ਤਲਵਾੜਾ ਤਾਲ, ਤਿੰਨ ਤਾਲ, ਚੰਚਲ ਤਾਲ ਆਦਿ ਦੇ ਅੰਤਰਗਤ ਤਾਲਬਧ ਕੀਤੀਆਂ ਗਈਆਂ ਹਨ।[18]

ਜੈਤਸਰੀ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਤਿਲਵਾੜਾ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 260 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਜੈਤਸਰੀ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਦਸ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਟੋਡੀ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.12. ਟੋਡੀ :* ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਾਰਾਵਾਂ ਰਾਗ ਟੋਡੀ ਹੈ। ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਬਾਰਾਂ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਤਿੰਨ ਤਾਲ, ਆਡਾ ਚੌਤਾਲ, ਚਾਰ ਤਾਲ, ਇੱਕ ਤਾਲ, ਛੋਟੀ ਤਿੰਨ ਤਾਲ, ਝਪਤਾਲ ਤਾਲ, ਪੰਜ ਤਾਲ, ਸੂਲਫਾਕ ਤਾਲ, ਧਮਾਰ ਤਾਲ ਦੇ ਅੰਤਰਗਤ ਤਾਲਬਧ ਕੀਤੀਆਂ ਗਈਆਂ ਹਨ।[19]

ਟੋਡੀ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਤਿੰਨਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 262 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ ਭਾਵ ਕੇ ਇਸ ਵਿਚ ਰਾਗ, ਰਹਾਉ, ਅੰਕ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਟੋਡੀ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਅੱਠ ਸ਼ਬਦ

ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਬੈਰਾੜੀ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.13. ਬੈਰਾੜੀ :* ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੇਹਰਵਾਂ ਰਾਗ ਬੈਰਾੜੀ ਹੈ। ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਤਿੰਨ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚਾਰ ਤਾਲ, ਤਿੰਨ ਤਾਲ ਅਤੇ ਢਈਅ ਤਾਲ ਦੇ ਅੰਤਰਗਤ ਤਾਲਬਧ ਕੀਤੀਆਂ ਗਈਆਂ ਹਨ।[20] ਬੈਰਾੜੀ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਢਈਆ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 264 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ ਭਾਵ ਕੇ ਇਸ ਵਿਚ ਰਾਗ, ਰਹਾਉ, ਅੰਕ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਬੈਰਾੜੀ ਰਾਗ ਦੀਆਂ ਦੋਵੇਂ ਦੂਸਰੀਆਂ ਸ਼ਬਦ ਕੀਰਤਨ ਰਚਨਾਵਾਂ ਵੀ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਰਾਗ ਤਿਲੰਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.14. ਤਿਲੰਗ :* ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 14ਵਾਂ ਰਾਗ ਤਿਲੰਗ ਹੈ। ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਬਾਰਾਂ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਛੋਟੀ ਤਿੰਨ ਤਾਲ, ਢਈਆ ਤਾਲ, ਤਾਲ ਚੰਚਲ, ਦਾਦਰਾ ਤਾਲ, ਆੜਾ ਚੌਤਾਲ, ਇੱਕ ਤਾਲ, ਚਾਰ ਤਾਲ ਦੇ ਅੰਤਰਗਤ ਤਾਲਬਧ ਕੀਤੀਆਂ ਗਈਆਂ ਹਨ।[21] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਆੜਾ ਚੌਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 256 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਸ ਘਰਾਣੇ ਦੀਆਂ ਟੋਡੀ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਅੱਠ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਸੂਹੀ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.15. ਸੂਹੀ :* ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 15ਵਾਂ ਰਾਗ ਸੂਹੀ ਹੈ।[22] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸੱਤ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਤਿੰਨ ਤਾਲ, ਚਾਰ ਤਾਲ, ਪੰਚ ਤਾਲ, ਇਕ ਤਾਲ ਅਤੇ ਪੰਜ ਤਾਲ ਦੀ ਸਵਾਰੀ ਤਾਲ ਦੇ ਅੰਤਰਗਤ ਤਾਲਬਧ ਕੀਤੀਆਂ ਗਈਆਂ ਹਨ।[23] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਤਿੰਨਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 267 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਵਿਚ ਰਹਾਉ ਵਾਲੀ ਪੰਕਤੀ ਨੂੰ ਪਹਿਲੇ ਅੰਤਰੇ ਦੇ ਰੂਪ ਵਿਚ ਅਤੇ ਪਹਿਲੇ ਅੰਕ *ਲਾਲਨੁ ਰਾਵਿਆ ਕਵਨ ਗਤੀ ਰੀ॥* [24] ਨੂੰ ਸਥਾਈ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਸੂਹੀ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਅੱਠ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਬਿਲਾਵਲ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.16. ਬਿਲਾਵਲ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਦਾ 16ਵਾਂ ਰਾਗ ਬਿਲਾਵਲ ਹੈ।[25] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਗਿਆਰਾਂ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚਾਰ ਤਾਲ, ਛੋਟੀ ਤਿੰਨ ਤਾਲ, ਇਕ ਤਾਲ, ਤਿੰਨ ਤਾਲ ਅਤੇ ਮਤ ਤਾਲ ਦੇ ਅੰਤਰਗਤ ਤਾਲ ਬਧ ਕੀਤੀਆਂ ਗਈਆਂ ਹਨ।[26] ਇਸ ਰਾਗ ਦੇ ਅੰਤਰਗਤ ਚਾਰ ਪੜਤਾਲਾਂ ਵੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਵੇਰਵੇ ਅਗਾਂਹ ਦਿੱਤੇ ਜਾਣਗੇ। ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਛੋਟੀ ਤਿੰਨਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 269 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ ਭਾਵ ਕੇ ਇਸ ਵਿਚ ਰਾਗ, ਰਹਾਉ, ਅੰਕ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਬਿਲਾਵਲ ਰਾਗ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਗਿਆਰਾਂ ਸ਼ਬਦ

ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗੋਂਡ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.17. ਗੋਂਡ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਦਾ 17ਵਾਂ ਰਾਗ ਗੋਂਡ ਹੈ।[27] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਤਿੰਨ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਤਿੰਨ ਤਾਲ, ਪੰਜ ਤਾਲ ਅਤੇ ਸੂਲਫਾਕ ਤਾਲ ਦੇ ਅੰਤਰਗਤ ਤਾਲ ਬਧ ਕੀਤੀਆਂ ਗਈਆਂ ਹਨ।[28] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਇਕ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 272 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ ਭਾਵ ਕੇ ਇਸ ਵਿਚ ਰਾਗ, ਰਹਾਉ, ਅੰਕ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਰਾਗ ਗੋਂਡ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਦੋ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਰਾਮਕਲੀ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.18. ਰਾਮਕਲੀ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਦਾ 18ਵਾਂ ਰਾਗ 'ਰਾਮਕਲੀ' ਹੈ।[29] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਨੌ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਇੱਕ ਤਾਲ, ਛੋਟੀ ਤਿੰਨ ਤਾਲ, ਤਿੰਨ ਤਾਲ, ਪੰਜ ਤਾਲ, ਧਮਾਰ ਤਾਲ ਅਤੇ ਚੰਚਲ ਤਾਲ ਦੇ ਅੰਤਰਗਤ ਤਾਲ ਬਧ ਕੀਤੀਆਂ ਗਈਆਂ ਹਨ।[30] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਇਕ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 275 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ ਭਾਵ ਕੇ ਇਸ ਵਿਚ ਰਾਗ, ਰਹਾਉ, ਅੰਕ ਦਾ ਧਿਆਨ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਰਾਗ ਰਾਮਕਲੀ ਅਧੀਨ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਅੱਠ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ।

ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨਟ ਨਾਰਾਇਣ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.19. ਨਟ ਨਾਰਾਇਣ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਦਾ 19ਵਾਂ ਰਾਗ 'ਨਟ ਨਾਰਾਇਣ' ਹੈ।[31] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਤਿੰਨ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚਾਰ ਤਾਲ, ਸੂਲਫਾਕ ਤਾਲ ਅਤੇ ਤਿੰਨ ਤਾਲ ਦੇ ਅੰਤਰਗਤ ਨਿਬੱਧ ਹਨ।[32] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਸੂਲਫਾਕ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 278 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ ਭਾਵ ਕੇ ਇਸ ਵਿਚ ਰਾਗ, ਰਹਾਉ, ਅੰਕ ਦਾ ਖ਼ਿਆਲ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਰਾਗ ਨਟ ਨਾਰਾਇਣ ਵਿਚ ਅੰਕਿਤ ਹੋਰ ਦੋ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਦਾ ਅਨੁਸਰਨ ਕਰਦੀਆਂ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਮਾਲੀਗਾਉੜਾ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.20. ਮਾਲੀ ਗਉੜਾ ਰਾਗ:* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਵਿਚ 20ਵਾਂ ਰਾਗ ਮਾਲੀ ਗਾਉੜਾ ਅੰਕਿਤ ਹੈ।[33] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਤਿੰਨ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਪੰਜ ਤਾਲ ਦੀ ਸਵਾਰੀ, ਛੋਟੀ ਤਿੰਨ ਤਾਲ ਅਤੇ ਸੂਲਫਾਕ ਤਾਲ ਦੇ ਅੰਤਰਗਤ ਹੀ ਤਾਲ ਬਧ ਹਨ।[34] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਸੂਲਫਾਕ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 280 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਮਾਰੂ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.21. ਮਾਰੂ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਵਿਚ 21ਵਾਂ ਰਾਗ ਮਾਰੂ ਅੰਕਿਤ ਹੈ।[35] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ ਜੋ ਸ਼ੁੱਧ ਮਾਰੂ ਰਾਗ ਦੇ ਅੰਤਰਗਤ ਸੁਰਲਿਪੀਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚੰਚਲ ਤਾਲ ਦੇ ਅੰਤਰਗਤ ਹੀ ਤਾਲ ਬਧ ਹਨ।[36] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਇਕ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 283 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਰਾਗ ਮਾਰੂ ਅਧੀਨ ਅੰਕਿਤ ਇਸ ਸ਼ਬਦ ਰਚਨਾ ਦੀ ਸੁਰਲਿਪੀ 'ਤੇ ਹੀ ਦੂਜੇ ਸ਼ਬਦ ਨੂੰ ਗਾਉਣ ਦੀ ਹਦਾਇਤ ਕੀਤੀ ਗਈ ਹੈ। [37]ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਤੁਖਾਰੀ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.22. ਤੁਖਾਰੀ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਵਿਚ 22ਵਾਂ ਰਾਗ ਤੁਖਾਰੀ ਅੰਕਿਤ ਹੈ।[38] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਤਿੰਨ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਇਕ ਤਾਲ ਅਤੇ ਚਾਰ ਤਾਲ ਦੇ ਅੰਤਰਗਤ ਹੀ ਤਾਲ ਬਧ ਹਨ।[39] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਚਾਰ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 285 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਸ ਰਾਗ ਦੀਆਂ ਬਾਕੀ ਦੀਆਂ ਸ਼ਬਦ ਕੀਰਤਨ ਰਚਨਾਵਾਂ ਵਿਧਾਨ ਅਨੁਸਾਰੀ ਹੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਕੇਦਾਰਾ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.23. ਕੇਦਾਰਾ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਦਾ 23ਵਾਂ ਰਾਗ 'ਕੇਦਾਰਾ' ਹੈ।[40] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸੱਤ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚਾਰ ਤਾਲ, ਤਿੰਨ ਤਾਲ, ਪੰਜ ਤਾਲ ਦੀ ਸਵਾਰੀ, ਮਤ ਤਾਲ ਅਤੇ ਧਮਾਰ ਤਾਲ ਦੇ ਅੰਤਰਗਤ ਨਿਬੱਧ ਹਨ।[41] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ

ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 287 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ ਭਾਵ ਕੇ ਇਸ ਵਿਚ ਰਾਗ, ਰਹਾਉ, ਅੰਕ ਦਾ ਖ਼ਿਆਲ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਰਾਗ ਕੇਦਾਰਾ ਦੇ ਅੰਕਿਤ ਹੋਰ ਛੇ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਭੈਰਉ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.24. ਭੈਰਉ:* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਦਾ 24ਵਾਂ ਰਾਗ 'ਭੈਰਉ' ਹੈ।[42] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਪੰਦਰਾਂ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਤਿੰਨ ਤਾਲ, ਇਕ ਤਾਲ, ਚਾਰ ਤਾਲ, ਢਈਆ ਤਾਲ, ਧਮਾਰ ਤਾਲ, ਤਲਵਾੜਾ ਤਾਲ ਸੂਲਫਾਕ ਤਾਲ ਅਤੇ ਚੰਚਲ ਤਾਲ ਦੇ ਅੰਤਰਗਤ ਨਿਬੱਧ ਹਨ।[43] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 290 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ ਭਾਵ ਕੇ ਇਸ ਵਿਚ ਰਾਗ, ਰਹਾਉ, ਅੰਕ ਦਾ ਖ਼ਿਆਲ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਰਾਗ ਭੈਰਉ ਅਧੀਨ ਅੱਠ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਅ ਗਈਆਂ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਬਸੰਤ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.25. ਬਸੰਤ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਦਾ 25ਵਾਂ ਰਾਗ 'ਬਸੰਤ' ਹੈ।[44] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸੌਲਾਂ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਇਕ ਤਾਲ, ਤਿੰਨ ਤਾਲ, ਚਾਰ ਤਾਲ, ਸੂਲਫਾਕ ਤਾਲ, ਛੋਟੀ ਤਿੰਨ ਤਾਲ, ਛੋਟੀ ਤੇ ਵੱਡੀ ਤਾਲ, ਚੰਚਲ ਤਾਲ, ਝਪਤਾਲ, ਧਮਾਰ ਤਾਲ ਅਤੇ ਸੂਲਫਾਕਤਾ ਤਾਲ

ਦੇ ਅੰਤਰਗਤ ਨਿਬੱਧ ਹਨ।[45] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 292 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਸ ਸ਼ਬਦ ਰਚਨਾ ਵਿਚ ਰਹਾਉ ਵਾਲੀ ਪੰਕਤੀ ਨੂੰ ਅੰਤਰਾ ਅਤੇ ਸ਼ਬਦ ਦੇ ਪਹਿਲੇ ਅੰਕ ਨੂੰ ਸਥਾਈ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਰਾਗ ਬਸੰਤ ਵਿਚ ਅੰਕਿਤ ਤੇਹਰਾਂ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਬਸੰਤ ਰਾਗ ਕਾਫੀ ਅੰਗ[46], ਪੂਰਵੀ ਅੰਗ[47] ਅਤੇ ਕਲਿਆਣ ਅੰਗ[48] ਤੋਂ ਸੁਰਲਿਪੀਬੱਧ ਕੀਤਾ ਗਿਆ ਹੈ। ਬਸੰਤ ਰਾਗ ਦੇ ਅਧੀਨ ਬੁੱਢਾ ਬਸੰਤ ਜੋ ਕਾਫੀ ਅੰਗ ਦਾ ਹੈ ਉਸ ਵਿਚ ਵੀ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ।[49] ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਸਾਰੰਗ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.26. ਸਾਰੰਗ:* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਦਾ 26ਵਾਂ ਰਾਗ 'ਸਾਰੰਗ' ਹੈ।[50] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ 22 ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚੰਚਲ ਤਾਲ, ਤਿੰਨ ਤਾਲ, ਇਕ ਤਾਲ, ਚਾਰ ਤਾਲ, ਛੋਟੀ ਤਿੰਨ ਤਾਲ, ਪੰਜ ਤਾਲ, ਝਪਤਾਲ ਅਤੇ ਸੂਲਫਾਕ ਤਾਲਾਂ ਦੇ ਅੰਤਰਗਤ ਨਿਬੱਧ ਹਨ।[51] ਇਸ ਰਾਗ ਵਿਚ ਭਾਈ ਗੁਰਦਾਸ ਦੀ ਰਚਨਾ ਜੋ ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 293 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਸੁਰਲਿਪੀਬੱਧ ਹੈ। ਇਸ ਤੋਂ ਇਲਾਵਾ ਰਾਗ ਸਾਰੰਗ ਅਧੀਨ ਸਤਾਰਾਂ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਮਾਲਾਰ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.27. ਮਲਾਰ:* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਦਾ 27ਵਾਂ ਰਾਗ 'ਮਲਾਰ' ਹੈ।[52] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਪੰਜ ਸ਼ਬਦ ਕੀਰਤਨ ਰਚਨਾਵਾਂ

ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚਾਰ ਤਾਲ, ਛੋਟੀ ਤਿੰਨ ਤਾਲ, ਤਿੰਨ ਤਾਲ ਅਤੇ ਪੰਜ ਤਾਲ ਕੁੱਲ ਚਾਰ ਤਾਲਾਂ ਦੇ ਅੰਤਰਗਤ ਨਿਬੱਧ ਹਨ।[53] ਇਸ ਰਾਗ ਵਿਚ ਅੰਕਿਤ ਇਕ ਸ਼ਬਦ ਰਚਨਾ ਜੋ ਛੋਟੀ ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 295 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਹ ਸ਼ਬਦ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਸੁਰਲਿਪੀਬੱਧ ਹੈ ਭਾਵ ਕਿ ਸ਼ਬਦ ਵਿਚਲੇ ਰਾਗ, ਰਹਾਉ, ਅੰਕ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਗਈ ਹੈ। ਇਸ ਤੋਂ ਇਲਾਵਾ ਰਾਗ ਮਲਾਰ ਅਧੀਨ ਚਾਰ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਕਾਨੜਾ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.28. ਕਾਨੜਾ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਵਿਚ 28ਵਾਂ ਰਾਗ 'ਕਾਨੜਾ' ਅੰਕਿਤ ਹੈ।[54] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਅਠਾਰਾਂ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚਾਰ ਤਾਲ, ਆਡਾ ਚੌਤਾਲ, ਤਿੰਨ ਤਾਲ, ਝਪਤਾਲ, ਧਮਾਰ ਤਾਲ, ਸਿਖਰ ਤਾਲ ਅਤੇ ਖਟਤਾਲ ਕੁੱਲ ਸੱਤ ਤਾਲਾਂ ਦੇ ਅੰਤਰਗਤ ਹੀ ਤਾਲ ਬਧ ਹਨ।[55] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਸੂਲਫਾਕ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 297 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਸ ਰਾਗ ਵਿਚ ਪੰਦਰਾਂ ਸ਼ਬਦ ਕੀਰਤਨ ਰਚਨਾਵਾਂ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਕਲਿਆਣ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.29. ਕਲਿਆਣ :* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਵਿਚ 29ਵਾਂ ਰਾਗ 'ਕਲਿਆਣ' ਅੰਕਿਤ ਹੈ।[56] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸੱਤ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚਾਰ ਤਾਲ ਅਤੇ ਤਿੰਨ ਤਾਲ ਦੇ

ਅੰਤਰਗਤ ਹੀ ਤਾਲ ਬਧ ਹਨ।[57] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 300 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਸ ਰਾਗ ਵਿਚ ਦੋ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਪ੍ਰਭਾਤੀ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.30. ਪ੍ਰਭਾਤੀ:* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਵਿਚ 30ਵਾਂ ਰਾਗ 'ਪ੍ਰਭਾਤੀ' ਅੰਕਿਤ ਹੈ।[58] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਚਾਰ ਸ਼ਬਦ ਕੀਰਤਨ ਰਚਨਾਵਾਂ ਨਿਬੱਧ ਮਿਲਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਇਕ ਤਾਲ, ਛੋਟੀ ਤਿੰਨ ਤਾਲ ਅਤੇ ਤਿੰਨ ਤਾਲ ਦੇ ਅੰਤਰਗਤ ਤਾਲ ਬਧ ਹਨ।[59] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 321 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਸ ਰਾਗ ਵਿਚ ਦੋ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਇਸ ਰਾਗ ਤੋਂ ਬਾਅਦ ਮੁੱਖ ਰਾਗਾਂ ਵਿਚੋਂ ਇਸ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਜੈਜਾਵੰਤੀ ਰਾਗ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

*2.1.1.31. ਜੈਜਾਵੰਤੀ:* ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਕ੍ਰਮ ਵਿਚ 31ਵਾਂ ਰਾਗ 'ਜੈਜਾਵੰਤੀ' ਅੰਕਿਤ ਹੈ।[60] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ ਜੋ ਇਕ ਤਾਲ ਅਤੇ ਛੋਟੀ ਤਿੰਨ ਤਾਲ ਵਿਚ ਨਿਬੱਧ ਮਿਲਦੀਆਂ ਹਨ।[61] ਇਸ ਰਾਗ ਦੀ ਇੱਕ ਸ਼ਬਦ ਕੀਰਤਨ ਰਚਨਾ ਜੋ ਤਿੰਨ ਤਾਲ ਦੇ ਅੰਤਰਗਤ ਨਿਬੱਧ ਹੈ ਉਸ ਨੂੰ ਇਸ ਅਧਿਆਇ ਦੇ ਅੰਤ ਵਿਚ 303 ਪੰਨੇ 'ਤੇ ਉਦਾਹਰਨ ਹਿਤ ਸ਼ਾਮਿਲ ਕੀਤਾ ਗਿਆ ਹੈ। ਇਸ ਰਾਗ ਦੇ ਦੋਵੇਂ ਸ਼ਬਦਾਂ ਵਿਚ ਰਹਾਉ ਵਾਲੀ ਪਹਿਲੀ ਪੰਕਤੀ ਨੂੰ ਸਥਾਈ ਅਤੇ ਬਾਕੀ ਰਹਿੰਦੀ ਤੁਕ ਨੂੰ ਅੰਤਰੇ ਬਣਾਇਆ ਗਿਆ ਹੈ।

ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਮੁੱਖ ਰਾਗ 1) **ਸ੍ਰੀ ਰਾਗ** ਵਿਚ ਕੁੱਲ ਦਸ ਸ਼ਬਦ ਕੀਰਤਨ ਰਚਨਾਵਾਂ ਹਨ ਜਿਨ੍ਹਾਂ ਵਿਚ ਪੁਰਬੀ ਅੰਗ ਅਧੀਨ ਨੌ ਅਤੇ ਕਾਫੀ ਅੰਗ ਵਿਚ ਇੱਕ ਅੰਕਿਤ ਹੈ। 2) **ਮਾਝ ਰਾਗ** ਵਿਚ ਵਿਚ ਪੰਜ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ ਜਿਨ੍ਹਾਂ ਵਿਚ ਕਾਫੀ ਅੰਗ ਵਿਚ ਤਿੰਨ ਅਤੇ ਖਮਾਜ ਅੰਗ ਵਿਚ ਦੋ ਹਨ। ਇਸੇ ਤਰ੍ਹਾਂ 3) **ਗਉੜੀ ਰਾਗ** ਵਿਚ ਕੁੱਲ ਤਿੰਨ (ਭੈਰਉ ਅੰਗ ਵਿਚ ਦੋ, ਪੂਰਵੀ ਅੰਗ ਵਿਚ ਇੱਕ); 4) **ਆਸਾ ਰਾਗ** ਵਿਚ ਤਰਤਾਲੀ; 5) **ਗੂਜਰੀ ਰਾਗ** ਵਿਚ ਚੌਦਾਂ; 6) **ਦੇਵਗੰਧਾਰੀ ਰਾਗ** ਵਿਚ ਕੁੱਲ 7 (ਆਸਾਵਰੀ ਅੰਗ ਵਿਚ ਪੰਜ); 7) **ਬਿਹਾਗੜਾ ਰਾਗ** ਵਿਚ ਸਤਾਰਾਂ; 8) **ਵਡਹੰਸ ਰਾਗ** ਵਿਚ ਪੰਦਰਾਂ; 9) **ਸੋਰਠ ਰਾਗ** ਵਿਚ ਛੱਬੀ; 10) **ਧਨਾਸਰੀ ਰਾਗ** ਵਿਚ ਇੱਕੀ (ਇਨ੍ਹਾਂ ਵਿਚ **ਧਨਾਸਰੀ ਮੁਲਤਾਨ ਅੰਗ ਦੀਆਂ ਚਾਰ,** ਪੂਰਵੀ ਅੰਗ ਵਿਚ ਇੱਕ, ਭੈਰਵੀ ਅੰਗ ਵਿਚ ਇੱਕ; ਮਿਸ਼ਰਤ ਧਨਾਸਰੀ ਵਿਚ ਦੋ ਕੁੱਲ 9 ਸ਼ਬਦ ਕੀਰਤਨ ਰਚਨਾਵਾਂ ਵੀ ਸ਼ਾਮਿਲ ਹਨ); 11) **ਜੈਤਸਰੀ ਰਾਗ** ਵਿਚ ਦਸ; 12) **ਟੋਡੀ ਰਾਗ** ਵਿਚ ਬਾਰਾਂ; 13) **ਬੈਰਾੜੀ ਰਾਗ** ਵਿਚ ਤਿੰਨ; 14) **ਤਿਲੰਗ ਰਾਗ** ਵਿਚ ਬਾਰਾਂ; 15) **ਸੂਹੀ ਰਾਗ** ਅਧੀਨ ਕੁੱਲ ਸੱਤ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ ਜਿਨ੍ਹਾਂ ਵਿਚ ਸੂਹੀ ਪ੍ਰਭਾਤੀ ਅੰਗ ਵਿਚ ਇੱਕ ਅਤੇ ਸੂਹੀ ਆਸਾ ਅੰਗ ਵਿਚ ਦੋ ਹਨ। ਇਸੇ ਤਰ੍ਹਾਂ 16) **ਬਿਲਾਵਲ ਰਾਗ** ਵਿਚ ਗਿਆਰਾਂ; 17) **ਗੋਂਡ ਰਾਗ** ਵਿਚ ਤਿੰਨ; 18) **ਰਾਮਕਲੀ ਰਾਗ** ਵਿਚ ਨੌ; 19) ਨਟ ਨਾਰਾਇਨ ਰਾਗ ਵਿਚ ਤਿੰਨ; 20) **ਮਾਲੀ ਗਉੜਾ ਰਾਗ** ਵਿਚ ਤਿੰਨ; 21) **ਮਾਰੂ ਰਾਗ** ਵਿਚ ਦੋ, 22) **ਤੁਖਾਰੀ ਰਾਗ** ਵਿਚ ਤਿੰਨ; 23) **ਕੇਦਾਰਾ ਰਾਗ** ਵਿਚ ਸੱਤ; 24) ਭੈਰਉ ਰਾਗ ਵਿਚ ਪੰਦਰਾਂ; 25) **ਬਸੰਤ ਰਾਗ** ਵਿਚ ਸਤਾਰਾਂ (ਬਸੰਤ ਪੂਰਵੀ ਅੰਗ ਦੀਆਂ ਚਾਰ ਅਤੇ ਇੱਕ ਬਸੰਤ ਕਾਫੀ ਅੰਗ ਦੀ ਵੀ ਸ਼ਾਮਿਲ ਹੈ); 26) **ਸਾਰੰਗ ਰਾਗ** ਵਿਚ ਅਠਾਰਾਂ; 27) **ਮਲਾਰ ਰਾਗ** ਵਿਚ ਪੰਜ; 28) **ਕਾਨੜਾ ਰਾਗ** ਵਿਚ ਅਠਾਰਾਂ, 29) **ਕਲਿਆਣ ਰਾਗ** ਵਿਚ ਨੌ; 30) **ਪ੍ਰਭਾਤੀ ਰਾਗ** ਵਿਚ ਚਾਰ ਅਤੇ 31) ਅਤੇ **ਜੈਜਾਵੰਤੀ ਰਾਗ** ਵਿਚ ਦੋ ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਘਰਾਣੇ ਦੀਆਂ ਮੁੱਖ 31 ਰਾਗਾਂ ਵਿਚ 347 ਸ਼ਬਦ ਕੀਰਤਨ ਰਚਨਾਵਾਂ ਪ੍ਰਤੱਖ ਹੁੰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਨਿਰਧਾਰਤ ਮੁੱਖ ਰਾਗਾਂ ਤੋਂ ਇਲਾਵਾ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ

ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਮੁੱਖ ਰਾਗਾਂ ਦੇ ਅਧੀਨ ਅਤੇ ਰਾਗ ਪ੍ਰਕਾਰਾਂ ਅੰਤਰਗਤ ਵੀ ਸੁਰਲਿਪੀਬੱਧ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ।

**4.2.1.2 ਰਾਗ ਪ੍ਰਕਾਰਾਂ ਦੀਆਂ ਸ਼ਬਦ ਕੀਰਤਨ ਰਚਨਾਵਾਂ**: ਸ੍ਰੀ ਗੁਰੂ ਗ੍ਰੰਥ ਸਾਹਿਬ ਅੰਕਿਤ 31 ਮੁੱਖ ਰਾਗਾਂ ਤੋਂ ਇਲਾਵਾ ਇਨ੍ਹਾਂ ਰਾਗਾਂ ਦੇ ਅੰਤਰਗਤ ਹੋਰ ਰਾਗ ਅੰਕਿਤ ਹਨ ਜਿਨ੍ਹਾਂ ਨੂੰ ਰਾਗ ਪ੍ਰਕਾਰ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ 31 ਰਾਗਾਂ ਦੇ ਅੰਤਰਗਤ 31 ਰਾਗ ਪ੍ਰਕਾਰ ਅੰਕਿਤ ਹਨ।[62] ਗੁਰਮਤਿ ਸੰਗੀਤ ਪਰੰਪਰਾ ਦੇ ਕੀਰਤਨੀਏ ਇ੍ਹਨਾਂ ਮੁੱਖ ਰਾਗਾਂ ਦੇ ਨਾਲ ਨਾਲ ਇਨ੍ਹਾਂ ਰਾਗ ਪ੍ਰਕਾਰਾਂ ਅਧੀਨ ਵੀ ਬਾਣੀ ਦਾ ਕੀਰਤਨ ਕਰਦੇ ਰਹੇ ਹਨ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੇ ਕੀਰਤਨੀਏ ਵੀ ਇਨ੍ਹਾਂ ਰਾਗ ਪ੍ਰਕਾਰਾਂ ਦਾ ਕੀਰਤਨ ਹਿਤ ਪ੍ਰਯੋਗ ਬਾਖੂਬੀ ਕਰਦੇ ਰਹੇ ਹਨ। ਰਾਗ ਪ੍ਰਕਾਰਾਂ ਅਧੀਨ ਇਸ ਕੀਰਤਨ ਘਰਾਣੇ ਦੀਆਂ ਪ੍ਰਕਾਸ਼ਿਤ ਉਪਲੱਬਧ ਸ਼ਬਦ ਕੀਰਤਨ ਰਚਨਾਵਾਂ ਰਚਨਾਵਾਂ ਇਸ ਪ੍ਰਕਾਰ ਹਨ:

*4.2.1.2.1 ਗਉੜੀ ਪੂਰਬੀ :* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਗਉੜੀ ਦੇ ਅਧੀਨ ਗਉੜੀ ਪੂਰਬੀ ਰਾਗ ੧੬੯ ਅੰਗ 'ਤੇ ਅੰਕਿਤ ਹੈ।[63] ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗ ਪ੍ਰਕਾਰਾਂ ਵਿਚੋਂ ਸਭ ਤੋਂ ਪਹਿਲਾਂ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗਉੜੀ ਪੂਰਬੀ ਦੇ ਅੰਤਰਗਤ ਮਿਲਦੀਆਂ ਹਨ। ਇਸ ਰਾਗ ਵਿਚ ਦੋ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬੱਧ ਹਨ ਜੋ ਚਾਰਤਾਲ ਅਤੇ ਜੈ ਤਾਲ ਦੇ ਅੰਤਰਗਤ ਤਾਲਬਧ ਹਨ। ਇਹ ਦੋਵੇਂ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਹਨ। *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਭਾਗ ਵਿਚ ਇਹ ਸ਼ਬਦ ਕੀਰਤਨ ਰਚਨਾਵਾਂ ਪੰਨਾ 40 ਤੋਂ 41 'ਤੇ ਅੰਕਿਤ ਹਨ। ਇਸ ਰਾਗ ਪ੍ਰਕਾਰ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗਉੜੀ ਸੋਰਠ ਦੇ ਅੰਤਰਗਤ ਪ੍ਰਾਪਤ ਹੁੰਦੀਆਂ ਹਨ।

*4.2.1.2.2 ਗਉੜੀ ਸੋਰਠ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਗਉੜੀ ਦੇ ਅਧੀਨ ਗਉੜੀ ਸੋਰਠ ਰਾਗ 330 ਅੰਗ 'ਤੇ ਅੰਕਿਤ ਹੈ।[64] ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗ ਪ੍ਰਕਾਰਾਂ ਵਿਚੋਂ ਰਾਗੀ

ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਵਿਚ ਗਉੜੀ ਸੋਰਠ ਦੇ ਅੰਤਰਗਤ ਰਚਨਾ ਵੀ ਪ੍ਰਾਪਤ ਹੁੰਦੀ ਹੈ। ਇਸ ਰਾਗ ਵਿਚ ਕੇਵਲ ਇਕ ਸ਼ਬਦ ਕੀਰਤਨ ਰਚਨਾ ਹੈ ਜੋ ਇਕ ਤਾਲ ਦੇ ਅੰਤਰਗਤ ਤਾਲਬਧ ਹਨ। ਇਹ ਸ਼ਬਦ ਕੀਰਤਨ ਰਚਨਾ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀ ਗਈ ਹੈ। *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਭਾਗ ਵਿਚ ਇਹ ਸ਼ਬਦ ਕੀਰਤਨ ਰਚਨਾਵ ਪੰਨਾ 43 ਤੋਂ 44 'ਤੇ ਅੰਕਿਤ ਹੈ। ਇਸ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗਉੜੀ ਚੇਤੀ ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀਆਂ ਹਨ।

*4.2.1.2.3 ਗਉੜੀ ਚੇਤੀ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਗਉੜੀ ਦੇ ਅਧੀਨ ਗਉੜੀ ਚੇਤੀ ਰਾਗ 345 ਅੰਗ 'ਤੇ ਅੰਕਿਤ ਹੈ।[65] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ ਰਚਨਾਵਾਂ ਪੰਜ ਤਾਲ ਅਤੇ ਧਮਾਰ ਤਾਲ ਦੇ ਅੰਤਰਗਤ ਤਾਲਬਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਭਾਗ ਵਿਚ ਇਹ ਸ਼ਬਦ ਕੀਰਤਨ ਰਚਨਾਵਾਂ ਪੰਨਾ 43 ਤੋਂ 44 'ਤੇ ਅੰਕਿਤ ਹਨ। ਇਸ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗਉੜੀ ਬੈਰਾਗਣਿ ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀਆਂ ਹਨ।

*4.2.1.2.4 ਗਉੜੀ ਬੈਰਾਗਣਿ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਗਉੜੀ ਦੇ ਅਧੀਨ ਗਉੜੀ ਬੈਰਾਗਣਿ ਰਾਗ 395 ਅੰਗ 'ਤੇ ਅੰਕਿਤ ਹੈ।[66] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਤਿੰਨ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਗਉੜੀ ਬੈਰਾਗਣਿ ਦੇ ਭੈਰਉ ਅਤੇ ਪੂਰਬੀ ਅੰਗ ਅੰਤਰਗਤ ਅੰਕਿਤ ਹਨ। ਇਨ੍ਹਾਂ ਨੂੰ ਆਡਾ ਚੌਤਾਲ, ਛੋਟੀ ਤਿੰਨ ਤਾਲ ਅਤੇ ਚੰਚਲ ਤਾਲ ਦੇ ਅੰਤਰਗਤ ਤਾਲਬੱਧ ਕੀਤਾ ਗਿਆ ਹੈ। ਇਹ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਸੁਰਲਿਪੀਬੱਧ ਕੀਤੀਆਂ ਗਈਆਂ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦੇ ਅੰਤ ਵਿਚ ਰਚਨਾਕਾਰ ਨੇ ਪਾਠਕਾਂ ਦੇ ਧਿਆਨ ਹਿਤ ਨੋਟ ਲਿਖੇ ਹਨ ਜਿਨ੍ਹਾਂ ਵਿਚ

ਇਨ੍ਹਾਂ ਉਕਤ ਸ਼ਬਦ ਕੀਰਤਨ ਰਚਨਾਵਾਂ ਦੀ ਸੁਰਲਿਪੀ ਦੇ ਅੰਤਰਗਤ 'ਜੀ' ਅਤੇ 'ਵਾਹ' ਸ਼ਬਦਾਂ ਦੇ ਪ੍ਰਯੋਗ ਬਾਰੇ ਸਪਸ਼ਟ ਕੀਤਾ ਗਿਆ ਹੈ ਕਿ ਪੁਰਾਤਨ ਰਾਗੀ ਰਬਾਬੀ ਅਜਿਹਾ ਸ਼ਬਦਾਂ ਦਾ ਪ੍ਰਯੋਗ ਕਰਦੇ ਸਨ।[67] *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਭਾਗ ਵਿਚ ਇਹ ਸ਼ਬਦ ਕੀਰਤਨ ਰਚਨਾਵਾਂ ਪੰਨਾ 51 ਤੋਂ 54 'ਤੇ ਅੰਕਿਤ ਹਨ। ਇਸ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗਉੜੀ ਮਾਲਾ ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀਆਂ ਹਨ।

*4.2.1.2.5 ਗਉੜੀ ਮਾਲਾ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਗਉੜੀ ਦੇ ਅਧੀਨ ਗਉੜੀ ਮਾਲਾ ਰਾਗ 214 ਅੰਗ 'ਤੇ ਅੰਕਿਤ ਹੈ।[68] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾ ਲਿਖਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ ਰਚਨਾ ਚਾਰ ਤਾਲ ਵਿਚ ਨਿਬੱਧ ਹੈ। ਇਸ ਨੂੰ ਧਰੁਪਦ ਗਾਇਨ ਸ਼ੈਲੀ ਅੰਗ ਤੋਂ ਸਥਾਈ, ਅੰਤਰਾ, ਸੰਚਾਰੀ ਤੇ ਆਭੋਗ ਦੇ ਰੂਪ ਵਿਚ ਸੁਰਲਿਪੀਬੱਧ ਕੀਤਾ ਗਿਆ ਹੈ। *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਭਾਗ ਵਿਚ ਇਹ ਸ਼ਬਦ ਕੀਰਤਨ ਰਚਨਾਵਾਂ ਪੰਨਾ 56 'ਤੇ ਅੰਕਿਤ ਹਨ। ਇਸ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗਉੜੀ ਮਾਝ ਰਾਗ ਦੇ ਅੰਤਰਗਤ ਵੀ ਪ੍ਰਾਪਤ ਹੁੰਦੀਆਂ ਹਨ।

*4.2.1.2.6 ਗਉੜੀ ਮਾਝ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਗਉੜੀ ਦੇ ਅਧੀਨ ਗਉੜੀ ਮਾਝ ਰਾਗ 216 ਅੰਗ 'ਤੇ ਅੰਕਿਤ ਹੈ।[69] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾ ਲਿਖਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ ਰਚਨਾ ਤਿੰਨ ਤਾਲ ਵਿਚ ਨਿਬੱਧ ਹੈ। ਇਸ ਵਿਚ *ਆਉ ਸਖੀ ਗੁਣ ਕਾਮਣ ਕਰੀਹਾ ਜੀਉ॥* ਸ਼ਬਦ ਨੂੰ ਸੁਰਲਿਪੀਬੱਧ ਕੀਤਾ ਗਿਆ ਹੈ। ਇਸ ਵਿਚ ਰਹਾਉ ਵਾਲੀ ਪੰਕਤੀ ਨਹੀਂ ਦਿੱਤੀ ਗਈ। ਇਸ ਸ਼ਬਦ ਦੀ ਸ਼ਬਦ ਕੀਤਰਨ ਰਚਨਾ ਹਿਤ ਸੁਰਲਿਪੀਕਾਰ ਨੇ ਇਸ ਦੀ ਪਹਿਲੀ ਪੰਕਤੀ ਨੂੰ ਸਥਾਈ ਬਣਾਇਆ ਹੈ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਭਾਗ ਵਿਚ ਪੰਨਾ 60

'ਤੇ ਅੰਕਿਤ ਹੈ। ਇਸ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗਉੜੀ ਗੁਆਰੇਰੀ ਰਾਗ ਦੇ ਅੰਤਰਗਤ ਵੀ ਪ੍ਰਾਪਤ ਹੁੰਦੀਆਂ ਹਨ।

*4.2.1.2.7 ਗਉੜੀ ਗੁਆਰੇਰੀ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਗਉੜੀ ਦੇ ਅਧੀਨ ਗਉੜੀ ਗੁਆਰੇਰੀ ਰਾਗ 220 ਅੰਗ 'ਤੇ ਅੰਕਿਤ ਹੈ।[70] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾ ਲਿਖਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ ਰਚਨਾ ਤਿੰਨ ਤਾਲ ਵਿਚ ਨਿਬੱਧ ਹੈ। ਇਹ ਸ਼ਬਦ ਕੀਰਤਨ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਭਾਗ ਵਿਚ ਪੰਨਾ 61 'ਤੇ ਅੰਕਿਤ ਹਨ। ਇਸ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਆਸਾਵਰੀ ਰਾਗ ਦੇ ਅੰਤਰਗਤ ਵੀ ਪ੍ਰਾਪਤ ਹੁੰਦੀਆਂ ਹਨ।

*4.2.1.2.8 ਆਸਾਵਰੀ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਆਸਾ ਦੇ ਅਧੀਨ ਆਸਾਵਰੀ ਰਾਗ 369 ਅੰਗ 'ਤੇ ਅੰਕਿਤ ਹੈ।[71] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਇੱਕੀ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਛੋਟੀ ਤਿੰਨ ਤਾਲ, ਧਮਾਰ ਤਾਲ, ਝਪਤਾਲ, ਇਕ ਤਾਲ, ਤਿੰਨ ਤਾਲ, ਚਾਰਤਾਲ, ਤਲਵਾੜਾ ਤਾਲ, ਭਾਨਮਤੀ ਤਾਲ, ਚਾਰਤਾਲ ਦੀ ਸਵਾਰੀ ਅਤੇ ਜੈਤਾਲ ਤੇ ਅੰਤਰਗਤ ਨਿਬੱਧ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਵਿਚ ........ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹਨ। ਇਹ ਸ਼ਬਦ ਕੀਰਤਨ ਰਚਨਾਵਾਂ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਭਾਗ ਵਿਚ ਪੰਨਾ 124 ਤੋਂ 153 ਤਕ ਅੰਕਿਤ ਹਨ। ਇਸ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਸੂਹੀ ਲਲਿਤ ਦੇ ਅੰਤਰਗਤ ਵੀ ਪ੍ਰਾਪਤ ਹੁੰਦੀਆਂ ਹਨ।

*4.2.1.2.9 ਸੂਹੀ ਲਲਿਤ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਸੂਹੀ ਦੇ ਅਧੀਨ ਸੂਹੀ ਲਲਿਤ ਰਾਗ 793 ਅੰਗ 'ਤੇ ਅੰਕਿਤ ਹੈ।[72] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾ ਲਿਖਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ

ਰਚਨਾ ਛੋਟੀ ਤਿੰਨ ਤਾਲ ਵਿਚ ਨਿਬੱਧ ਹੈ। ਇਹ ਸ਼ਬਦ ਕੀਰਤਨ ਰਚਨਾ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹੈ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਦੂਜੇ ਭਾਗ ਵਿਚ ਪੰਨਾ 475 -477 'ਤੇ ਅੰਕਿਤ ਹੈ। ਇਸ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨਟ ਰਾਗ ਦੇ ਅੰਤਰਗਤ ਵੀ ਪ੍ਰਾਪਤ ਹੁੰਦੀਆਂ ਹਨ।

*4.2.1.2.10 ਨਟ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਨਟ ਨਾਰਾਇਣ ਦੇ ਅਧੀਨ ਸੂਹੀ ਨਟ ਰਾਗ 975 ਅੰਗ 'ਤੇ ਅੰਕਿਤ ਹੈ।[73] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹੈ। ਇਹ ਸ਼ਬਦ ਕੀਰਤਨ ਰਚਨਾਵਾਂ ਛੋਟੀ ਤਿੰਨ ਤਾਲ ਅਤੇ ਤਿੰਨ ਤਾਲ ਦੇ ਵਿਚ ਨਿਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ ਹਨ। ਇਨ੍ਹਾਂ ਵਿਚੋਂ ਇਕ ਪੜਤਾਲ ਸੈਲੀ ਦੇ ਅੰਤਰਗਤ ਨਿਬੱਧ ਹੈ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਦੂਜੇ ਭਾਗ ਵਿਚ ਪੰਨਾ 475 -477 'ਤੇ ਅੰਕਿਤ ਹੈ। ਇਸ ਤੋਂ ਬਾਅਦ ਇਸ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਬਸੰਤ ਹਿੰਡੋਲ ਰਾਗ ਦੇ ਅੰਤਰਗਤ ਵੀ ਪ੍ਰਾਪਤ ਹੁੰਦੀਆਂ ਹਨ।

*4.2.1.2.11 ਬਸੰਤ ਹਿੰਡੋਲ:* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਬਸੰਤ ਅਧੀਨ ਬਸੰਤ ਹਿੰਡੋਲ ਰਾਗ 1171 ਅੰਗ 'ਤੇ ਅੰਕਿਤ ਹੈ।[74] ਇਸ ਰਾਗ ਅਧੀਨ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੁੰਦੀਆਂ ਹੈ। ਇਹ ਸ਼ਬਦ ਕੀਰਤਨ ਰਚਨਾਵਾਂ ਛੋਟੀ ਤਿੰਨ ਤਾਲ ਅਤੇ ਇੱਕਤਾਲ ਵਿਚ ਨਿਬੱਧ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਪੁਰਾਤਨ ਰੀਤ ਅਨੁਸਾਰ ਜਿਵੇਂ ਇਹ ਰਾਗੀਆਂ ਵਿਚ ਪ੍ਰਚਲਿਤ ਸਨ ਉਸੇ ਤਰ੍ਹਾਂ ਹੀ ਨਿਬੱਧ ਕੀਤੀਆਂ ਗਈਆਂ ਹਨ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਦੂਜੇ ਭਾਗ ਵਿਚ ਪੰਨਾ 696 -700 'ਤੇ ਅੰਕਿਤ ਹੈ।

ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਰਾਗ ਪ੍ਰਕਾਰ 1) **ਗਉੜੀ ਪੂਰਬੀ ਰਾਗ** ਵਿਚ ਦੋ; 2) **ਗਉੜੀ ਸੋਰਠ ਰਾਗ** ਵਿਚ ਇੱਕ; 3) **ਗਉੜੀ ਚੇਤੀ ਰਾਗ** ਵਿਚ ਦੋ; 4) **ਗਉੜੀ ਬੈਰਾਗਣਿ ਰਾਗ** ਵਿਚ ਕੁੱਲ ਤਿੰਨ (ਭੈਰਉਂ ਅੰਗ ਵਿਚ ਇੱਕ, ਪੂਰਬੀ ਅੰਗ

ਵਿਚ ਦੋ); 5) **ਗਉੜੀ ਮਾਲਾ ਰਾਗ** (ਮਾਲਵੀ) ਵਿਚ ਇੱਕ, 6) **ਗਉੜੀ ਮਾਝ ਰਾਗ** ਵਿਚ ਇੱਕ; 7) **ਗਉੜੀ ਗੁਆਰੇਰੀ ਰਾਗ** ਵਿਚ ਇੱਕ; 8) **ਆਸਾਵਰੀ ਰਾਗ** ਵਿਚ ਇੱਕੀ; 10) **ਦੇਵਗੰਧਾਰ ਰਾਗ** ਵਿਚ ਇੱਕ (ਸਰਗਮ ਸੂਲਫਾਕ ਵਿਚ); 11) **ਸੂਹੀ ਕਾਫੀ ਰਾਗ** ਵਿਚ ਦੋ (ਲਾਵਾਂ ਬਾਣੀ ਰੂਪ ਦੀਆਂ) 12) **ਸੂਹੀ ਲਲਿਤ ਰਾਗ** ਵਿਚ ਇੱਕ; 13) **ਨਟ ਰਾਗ** ਵਿਚ ਦੋ ਅਤੇ 14) **ਬਸੰਤ ਹਿੰਡੋਲ ਰਾਗ** ਵਿਚ ਦੋ ਸ਼ਬਦ ਕੀਤਰਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗ ਪ੍ਰਕਾਰਾਂ ਵਿਚੋਂ 14 ਰਾਗਾਂ ਵਿਚ ਕੁੱਲ 40 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਉਕਤ ਰਾਗ ਪ੍ਰਕਾਰਾਂ ਵਿਚ ਰਾਗ ਦੇਵਗੰਧਾਰ ਜੋ ਕਿ ਦੇਵਗੰਧਾਰੀ ਰਾਗ ਦੇ ਰਾਗ ਪ੍ਰਕਾਰ ਵਜੋਂ ਗੁਰਮਤਿ ਸੰਗੀਤ ਵਿਚ ਪਛਾਣਿਆ ਜਾਦਾਂ ਹੈ ਉਸ ਵਿਚ ਇਕ ਸਰਗਮ ਸੁਰਲਿਪੀਬੱਧ ਹੈ ਜੋ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਭਾਗ ਦੇ 220 ਅੰਗ 'ਤੇ ਅੰਕਿਤ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਅਤੇ ਰਾਗ ਪ੍ਰਕਾਰਾਂ ਤੋਂ ਇਲਾਵਾ ਸਮਕਾਲੀ ਭਾਰਤੀ ਸੰਗੀਤ ਦੇ ਰਾਗਾਂ ਵਿਚ ਵੀ ਪ੍ਰਾਪਤ ਹੁੰਦੀਆਂ ਹਨ।

**4.2.2 ਭਾਰਤੀ ਸੰਗੀਤ ਦੇ ਰਾਗਾਂ ਵਿਚ ਰਚਿਤ ਸ਼ਬਦ ਕੀਰਤਨ ਰਚਨਾਵਾਂ**: ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਤੋਂ ਇਲਾਵਾ ਬਾਕੀ ਉਹ ਰਾਗ ਜੋ ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚਾਰ ਅਧੀਨ ਰਹੇ ਹਨ ਉਨ੍ਹਾਂ ਨੂੰ ਭਾਰਤੀ ਸੰਗੀਤ ਦੇ ਰਾਗਾਂ ਦੇ ਅੰਤਰਗਤ ਰੱਖਿਆ ਗਿਆ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਭਾਰਤੀ ਸੰਗੀਤ ਦੇ ਪ੍ਰਚਲਿਤ ਅਤੇ ਅਪ੍ਰਚਲਿਤ ਰਾਗਾਂ ਦੇ ਅੰਤਰਗਤ ਵੀ ਪ੍ਰਾਪਤ ਹੁੰਦੀਆਂ ਹਨ।

**4.2.2.1 ਗਉੜੀ ਪੂਰੀਆ***:* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾ ਗਉੜੀ ਪੂਰੀਆਂ ਦੇ ਅੰਤਰਗਤ ਸੁਰਲਿਪੀਬੱਧ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ ਰਚਨਾ ਚਾਰ ਤਾਲ ਵਿਚ ਨਿਬੱਧ ਹੈ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ*

*ਰਤਨਾਵਲੀ* ਦੇ ਪਹਿਲੇ ਭਾਗ ਵਿਚ ਪੰਨਾ 48 'ਤੇ ਅੰਕਿਤ ਹੈ। ਇਹ ਰਚਨਾ ਸਵਯੇ ਬਾਣੀ ਰੂਪ ਵਿਚੋਂ ਹੈ ਇਸ 'ਤੇ ਕਿਸੇ ਰਾਗ ਦਾ ਸਿਰਲੇਖ ਨਹੀਂ ਦਿਤਾ ਗਿਆ।

**4.2.2.2 ਦੇਸੀ (ਆਸਾਵਰੀ ਅੰਗ)***:* ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾ ਆਸਾਵਰੀ ਅੰਗ ਦੇ 'ਦੇਸੀ' ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ ਰਚਨਾ ਇਕ ਤਾਲ ਵਿਚ ਨਿਬੱਧ ਹੈ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਦੇ ਭਾਗ ਵਿਚ ਪੰਨਾ 154 'ਤੇ ਅੰਕਿਤ ਹੈ।

**4.2.2.3 ਗੂਜਰੀ ਟੋਡੀ:** ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾ 'ਗੂਜਰੀ ਟੋਡੀ'ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ ਰਚਨਾ ਢਈਆ ਤਾਲ ਵਿਚ ਨਿਬੱਧ ਹੈ। ਇਹ ਸ਼ਬਦ ਕੀਰਤਨ ਰਚਨਾ ਧਰੁਪਦ ਅੰਗ ਤੋਂ ਨਿਬੱਧ ਕੀਤੀ ਗਈ ਹੈ। ਇਹ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਲਈ ਗਈ ਹੈ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਦੇ ਭਾਗ ਵਿਚ ਪੰਨਾ 180 'ਤੇ ਅੰਕਿਤ ਹੈ।

**4.2.2.4 ਖਟ ਗੂਜਰੀ:** ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾ 'ਖਟ ਗੂਜਰੀ' ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ ਰਚਨਾ ਚਾਰ ਤਾਲ ਵਿਚ ਨਿਬੱਧ ਹੈ। ਇਹ ਸ਼ਬਦ ਕੀਰਤਨ ਰਚਨਾ ਧਰੁਪਦ ਅੰਗ ਤੋਂ ਨਿਬੱਧ ਕੀਤੀ ਗਈ ਹੈ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਪਹਿਲੇ ਦੇ ਭਾਗ ਵਿਚ ਪੰਨਾ 183 'ਤੇ ਅੰਕਿਤ ਹੈ।

**4.2.2.5 ਬਿਹਾਗ:** ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ 'ਬਿਹਾਗ' ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀਆਂ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਤਿੰਨ ਤਾਲ ਵਿਚ ਨਿਬੱਧ ਹਨ। ਇਨ੍ਹਾਂ ਵਿਚ ਇਕ ਰਚਨਾ ਕੇਵਲ ਸਰਗਮ ਰੂਪ ਵਿਚ ਅੰਕਿਤ ਕੀਤੀ ਗਈ ਜੋ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਪੁਸਤਕ ਦੇ ਪਹਿਲੇ ਭਾਗ ਵਿਚ ਪੰਨਾ 248 'ਤੇ ਅੰਕਿਤ ਹੈ। ਇਸ ਰਚਨਾ 'ਤੇ ਨੋਟ ਦੇ ਕੇ ਲਿਖਿਆ ਹੈ ਕਿ ਇਹ ਲਗਭਗ 200 ਸਾਲ ਪੁਰਾਣੀ ਸਰਗਮ ਹੈ।

**4.2.2.6 ਭੀਮ ਧਨਾਸਰੀ**: ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾ 'ਭੀਮ ਧਨਾਸਰੀ' ਰਾਗ ਦੇ ਅੰਤਰਗਤ ਪ੍ਰਾਪਤ ਹੁੰਦੀ ਹੈ। ਇਹ ਸ਼ਬਦ ਕੀਰਤਨ ਰਚਨਾ ਤਿੰਨ ਤਾਲ ਵਿਚ ਨਿਬੱਧ ਹੈ। ਇਹ ਪੜਤਾਲ ਗਾਇਨ ਸ਼ੈਲੀ ਦੇ ਅੰਤਰਗਤ ਸੁਰਲਿਪੀਬੱਧ ਕੀਤੀ ਗਈ ਹੈ।[75] ਇਸ ਵਿਚ ਇਕ ਰਚਨਾ ਕੇਵਲ ਸਰਗਮ ਰੂਪ ਵਿਚ ਅੰਕਿਤ ਕੀਤੀ ਗਈ ਜੋ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਪੁਸਤਕ ਦੇ ਪਹਿਲੇ ਭਾਗ ਵਿਚ ਪੰਨਾ 349 'ਤੇ ਅੰਕਿਤ ਹੈ। ਇਸ ਰਚਨਾ 'ਤੇ ਨੋਟ ਦੇ ਕੇ ਲਿਖਿਆ ਹੈ ਕਿ ਇਹ ਬਹੁਤ ਪੁਰਾਤਨ ਸਰਗਮ ਹੈ।

**4.2.2.7 ਸੂਹੀ ਪ੍ਰਭਾਤੀ**: ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀ ਇਕ ਸ਼ਬਦ ਕੀਰਤਨ ਰਚਨਾਵਾਂ 'ਸੂਹੀ ਪ੍ਰਭਾਤੀ' ਰਾਗ ਦੇ ਅੰਤਰਗਤ ਅੰਕਿਤ ਹੈ। ਇਹ ਸ਼ਬਦ ਕੀਰਤਨ ਰਚਨਾ ਤਿੰਨ ਤਾਲ ਵਿਚ ਨਿਬੱਧ ਹਨ। ਇਹ ਸ਼ਬਦ ਕੀਰਤਨ ਰਚਨਾ*ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਪੁਸਤਕ ਦੇ ਦੂਜੇ ਭਾਗ ਵਿਚ ਪੰਨਾ 469 'ਤੇ ਅੰਕਿਤ ਹੈ। ਇਸ ਰਚਨਾ 'ਤੇ ਨੋਟ ਦੇ ਕੇ ਲਿਖਿਆ ਹੈ ਕਿ ਇਸ ਦੀ ਸਥਾਈ ਨੂੰ ਕਈ ਤਰ੍ਹਾਂ ਨਾਲ ਗਾਇਆ ਜਾਂਦਾ ਰਿਹਾ ਹੈ ਪ੍ਰੰਤੂ ਇਸ ਦੀ ਤਿੰਨ ਤਰ੍ਹਾਂ ਨਾਲ ਸਥਾਈ ਦੀ ਪੰਕਤੀ ਨੂੰ ਸੁਰਲਿਪੀਬੱਧ ਕੀਤਾ ਗਿਆ ਹੈ।[76]

**4.2.2.8 ਸੂਹੀ ਆਸਾ** : ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ 'ਸੂਹੀ ਆਸਾ' ਰਾਗ ਦੇ ਅੰਤਰਗਤ ਅੰਕਿਤ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਚੰਚਲ ਤਾਲ ਅਤੇ ਤਿੰਨ ਤਾਲ ਵਿਚ ਨਿਬੱਧ ਹਨ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਪੁਸਤਕ ਦੇ ਦੂਜੇ ਭਾਗ ਵਿਚ ਪੰਨਾ 471 'ਤੇ ਅੰਕਿਤ ਹੈ। ਚੰਚਲ ਤਾਲ ਵਾਲੀ ਰਚਨਾ 'ਤੇ ਇਕ ਨੋਟ ਦੇ ਕੇ ਲਿਖਿਆ ਹੈ ਕਿ ਇਸ ਨੂੰ ਚੜਵੀ ਲੈਅ ਵਿਚ ਗਾਉਣਾ ਹੈ ਅਤੇ ਇਸ ਰੀਤ ਦਾ ਸਥਾਈ ਅੰਤਰਾ ਇਕੱਠਾ ਦਿੱਤਾ ਗਿਆ ਹੈ ਇਸੇ ਤਰ੍ਹਾਂ ਇੱਕਠ ਰੂਪ ਵਿਚ ਗਾਉਣ ਦਾ ਨਿਰਦੇਸ਼ ਕੀਤਾ ਗਿਆ ਹੈ।[77]

**4.2.2.9 ਸ਼ੁਕਲ ਬਿਲਾਵਲ, ਏਮਨੀ ਬਿਲਾਵਲ ਅਤੇ ਨਟ ਬਿਲਾਵਲ**: ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਤਿੰਨ ਸ਼ਬਦ ਕੀਰਤਨ ਰਚਨਾਵਾਂ 'ਸ਼ੁਕਲ ਬਿਲਾਵਲ', 'ਏਮਨੀ ਬਿਲਾਵਲ' ਅਤੇ 'ਨਟ

ਬਿਲਾਵਲ' ਰਾਗਾਂ ਦੇ ਅੰਤਰਗਤ ਅੰਕਿਤ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਤਿੰਨ ਤਾਲ, ਪੰਜਤਾਲ ਅਤੇ ਦਾਦਰਾ ਵਿਚ ਨਿਬੱਧ ਹਨ। ਇਹ ਸ਼ਬਦ ਕੀਰਤਨ ਰਚਨਾ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਪੁਸਤਕ ਦੇ ਦੂਜੇ ਭਾਗ ਵਿਚ ਪੰਨਾ 507, 509 ਅਤੇ 512 'ਤੇ ਅੰਕਿਤ ਹਨ।

| ਤੂ | ऽਸ | ऽਭ | ਮ | ਹਿ | ऽ | ऽ | (ਹੋ | ऽ | ਹੋ | ऽ | ਹੋ | ऽ | ਹੋ | ऽ) |

| | | | |
|---|---|---|---|
| ਗੁੰ ਰੰ ਸੰ —<br>ਹਰਿ ਰੰਗਿ ਰਾ ਤੀ | ਨ<br>ਨ ਪ ਨ —<br>(ਪਿਆ ऽਰਿ ਆ) ਰੰਗਿ | ਸੰ — — —<br>ਹਰਿ ਰੰਗ ਰਾ ਤੇਸਿ | ਪ — ਨ —<br>ਸੇ ਵਹੁ ਸ ਤਿਨਿ<br>ਰੰ |
| ਸੰ — — —<br>ਰੇ ਜਨੋ ऽ ऽ | ਨ ਪ ਨ —<br>(ਵਾ ਹ ਵਾ) ਨਿ | ਸੰ — — —<br>ਰੇ ਜਨੋ ऽ ਹਰਿ | ਗੁੰ ਰੰ ਸੰ —<br>ਪੁਰ ਖੁਬਿ ਧਾ ਤੀ |
| ਨ ਪ ਨ —<br>(ਪਿਆ ऽਰਿ ਆ) ਹਰਿ | ਸੰ — — —<br>ਪੁਰ ਖੁਬਿ ਧਾ ਤੀ ਤੂੰ | ਸੰ ਸੰਨੁ ਨੁਧ ਧਪ<br>ਆ ਪੇऽ ਆऽ ਪਿਸੁ | ਪ — — —<br>ਜਾ ऽਣੂ ਹੈ ऽ |
| ਪ — — ਪਧ<br>(ਪਿਆ ऽਰਿ ਆ) ਸੁऽ | ਨੁ —ਧ — ਪ<br>ਜਾ ऽਣੂ ਹੈ ऽ | — — ਮ —<br>ਦ ऽ ਤ ऽ | — — ਗ —<br>ਪੁ ਰ ਖੁ ਦ |
| ਰ — ਸ —<br>ਤਾ ऽ ਤੀ ऽ | ਮੰ —ਗੰ —ਰੰ —ਸੰ<br>ਜੋ ਮਨਿਚਿਤਿ ਤੁਧ<br>ਰੰ | ਨ — ਸੰ —<br>ਧਿਆ ਇ ਦੇ ऽ | ਮੰ —ਗੰ —ਰੰ —ਸੰ<br>ਜੋ ਮਨਿਚਿਤਿ ਤੁਧੁ |
| ਨ — ਸੰ —<br>ਧਿਆ ਇ ਦੇ ऽ | ਗੁੰ —ਰੰ — ਸੰ<br>ਮੇ ਰੇऽ ਸਚਿ ਆ | ਨ — ਸੰ —<br>(ਪਾ ऽਤ ਸਾ ਹ | ਗੁੰ —ਰੰ — ਸੰ<br>ਮੇ ਰੇऽ ਸਚਿ ਆ |
| ਨ — ਸੰ —<br>(ਪਾ ऽਤ ਸਾ ਹ | ਸੰ —ਨੁ ਨੁਧ ਧਪ<br>ਬਲਿ ਬਲਿਹਉ ਤਿਨ | ਪ — ਮ —<br>ਜਾ ਤੀ ऽ ऽ | ਮ —ਗ —ਰ —<br>ਬਲਿ ਬਲਿ ਹਉ ਤਿਨ |
| ਸ — — —<br>ਜਾ ਤੀ ऽ ऽ | ਪ — ਨ —<br>ਵਾਹਿ ਗੁਰੂ ਜੀ ਕਾ | ਸੰ — — —<br>ਖਾ ਲਸਾ ऽ ऽ | ਗੁੰ —ਰੰ ਰੰਸੰ ਸੰਰੰ<br>ਵਾਹਿ ਗੁਰੂ ਜੀऽ ਕੀऽ |
| ਨ —ਸੰ — —<br>ਫਤੇ ऽਫ ਤੇ ऽ | ਪ — ਨ —<br>ਵਾਹਿ ਗੁਰੂ ਜੀ ਕਾ | ਸੰ — — —<br>ਖਾ ਲਸਾ ऽ ऽ | ਨੁ ਧ ਪ ਮ<br>ਵਾਹਿ ਗੁਰੂ ਜੀ ਕੀ |
| ਮ ਗ ਰ ਸ<br>ਫ ਤੇ ऽ ऽ | | | |

**ਨੋਟ :** ਦੂਸਰਾ ਪਉੜੀ ਦਾ ਮੁਕਾ ਜੋ 35-40 ਸਾਲਾਂ ਤੋਂ ਪ੍ਰਚੱਲਤ ਹੋਇਆ ।

| | | | |
|---|---|---|---|
| | | | ਨੁ ਧ ਪ —<br>ਵਾਹਿਗੁਰੂ ਜੀਕੀ ਫਤੇ ਵਾਹਿਗੁਰੂ |
| ਮ ਗ ਮ ਗ<br>ਜੀਕੀ ਫਤੇ ਵਾਹਿਗੁਰੂ ਜੀਕੀ | ਰਸ<br>ਫਤੇ | | |

**ਨੋਟ :** ਕਈ ਗੁਰ ਤੋਂ ਅਗਲੀ ਮਾਤਰ ਤੇ ਮੁਕਾਉਂਦੇ ਹਨ । ਇਹ ਵੀ ਇਕ ਰਿਵਾਜ ਚਲਿਆ ਹੋਇਆ ਹੈ ।

ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥
ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥
ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ॥
ਜੋ ਮਨਿ ਚਿਤਿ ਤੁਧ ਧਿਆਇਦੇ ਮੇਰੇ ਸਚਿਆ
ਬਲਿ ਬਲਿ ਹਉ ਤਿਨ ਜਾਤੀ ॥ ੧ ॥

| | | | |
|---|---|---|---|
| + | + | + | + |
| | | | ਪ<br>ਤੂੰ |
| ਪ — ਨ —<br>ਕਰ ਤਾ ਪੁਰ ਖੁਅ | ਸੰ — — —<br>ਗੰ ਮੁ ਹੈ ऽ | ਨ ਪ ਨ —<br>(ਵਾ ਹ ਵਾ) ਅऽ | ਸੰ — — —<br>ਗੰ ਮੁਹੈ ऽ ਆਪਿ |
| ਗੁੰ ਰੰ– ਮੰ —<br>ਸ੍ਰਿਸ ਟਿਉ ਪਾ ਤੀ | ਨ ਪ ਨ —<br>(ਪਿਆ ऽਰਿ ਆ) ਆਪਿ | ਸੰ — — —<br>ਸ੍ਰਿਸ ਟਿਉ ਪਾ ਤੀ | ਪ — ਨ —<br>ਰੰ ਗਪ ਰੰ ਗਉ |
| ਸੰ — — —<br>ਪਾ ਰਜ ਨਾ ऽ | ਨ<br>ਪ — ਨ —<br>(ਵਾ ਹ ਵਾ) ਉ | ਸੰ — — —<br>ਪਾ ਰਜ ਨਾ ਬਹੁ | ਰੰ<br>ਗੁੰ ਰੰ ਸੰ —<br>ਬਹੁ ਬਿਧਿ ਭਾ ਤੀ |
| ਨ<br>ਪ — ਨ —<br>(ਪਿਆ ਰਿ ਆ) ਬਹੁ | ਸੰ — — —<br>ਬਹੁ ਬਿਧਿ ਭਾ ਤੀਤੂੰ | ਪ — ਨ —<br>ਜਾ ਣਹਿ ਜਿ ਨਿਉ | ਸੰ — — —<br>ਪਾ ਈ ਐ ऽ |
| ਨ ਪ ਨ —<br>(ਵਾ ਹ ਵਾ) ਉ | ਸੰ — — —<br>ਪਾ ਈ ਐ ਸਭੁ | ਰੰ<br>ਗੁੰ ਰੰ– ਸੰ —<br>ਖੇ ਲੁਤੁ ਮਾ ਤੀ | ਨ<br>ਨ ਪ ਨ —<br>(ਪਿਆ ऽਰਿ ਆ) ਸਭੁ |
| ਸੰ — — —<br>ਖੇ ਲੁਤੁ ਮਾ ਤੀ | ਸੰ –ਨੁ ਨੁਧ ਧਪ<br>ਇਕਿ ਆਵਹਿ ਇਕਿ | ਪ — — —<br>ਜਾ ਹਿ ਉ ਠਿ | — — — –ਧ<br>(ਪਿਆऽਰਿ ਆ) ਇਕਿ |
| ਨੁ –ਧ — ਪ<br>ਜਾ ਹਿऽ ਉ ਠਿ | — — ਮ —<br>ਬਿ ਨੁ ਨਾ ਵੈ | — ·· ਗ —<br>ਮ ऽ ਰਿ ऽ | ਰ — ਸ —<br>ਜਾ ऽ ਤੀ ऽ |
| ਪ — ਨ —<br>ਗੁਰ ਮੁਖਿ ਰੰ ਗਿਚ | ਸੰ — — —<br>ਲੂ ऽਲਿ ਆ ऽ | ਨ ਪ ਨ —<br>(ਵਾ ਹ ਵਾ) ਚ | ਸੰ — — —<br>ਲੂ ऽਲਿ ਆ ਰੰਗਿ |

| | | | |
|---|---|---|---|
| ਧੁ — ਪ —<br>ਵਾ ਹੀ ਵਾ) ਦਾ | ਰੁ ਗ ਰੁ ਸ–<br>ਦੀ ਮੁਖਿ ਲਾਇਆਹਰਿ | ਪ –ਮ ਪ ਨ<br>ਪੁ ਛਿਆ ਦਾ ਢੀ | ਸਂ — — —<br>ਸ ਦਕੇ ऽ ऽ |
| ਰੁਂ — — —<br>ਸ ਦਕੇ ऽ ऽ | ਸਂ — — —<br>ਸ ਦਕੇ ऽ ਹਰਿ | ਪ –ਮ ਪ ਨ<br>ਪੁ ਛਿਆ ਦਾ ਢੀ | ਸਂ — — —<br>ਸ ਦਕੇ ऽ ऽ |
| ਰੁਂ –ਸਂ — —<br>(ਵਾ ਹਵਾ ऽ ਮੈ | ਧੁ — ਪ —<br>ਵਾ ਹੀ ਵਾ) ਕਿਤੂ | ਰੁ ਗ ਰੂ ਸ<br>ਅਰ ਥਿਤੂੰਆਇਆਨਿਤ | ਪ –ਮ ਪ ਨ–<br>ਦੇ ਵਹੂ ਦਾ ਨੂਦਇ |
| ਸਂ — — —<br>ਆ ਲਪੂ ਤੁ ऽ | ਰੁਂ –ਸਂ — —<br>(ਵਾ ਹਵਾ ऽ ਮੈ | ਧੁ — ਪ —<br>ਵਾ ਹੀ ਵਾ) ਹਰਿ | ਰੂ ਗ ਰੂ ਸ<br>ਨਾ ਮੁਧਿ ਆ ਇਆ |
| ਪ –ਮ ਪ ਨ<br>ਹਰਿ ਦਾऽ ਤੇਂ ਹਰਿ | ਸਂ — — —<br>ਨਾ ਮੁਜ ਪਾ ਇਆ | ਰੁਂ — — —<br>ਨਾ ਮੁਜ ਪਾ ਇਆ | ਸਂ — — —<br>ਨਾ ਮੁਜ ਪਾ ਇਆ |
| ਪ ਪ –ਮ ਪ ਨ<br>ਹਰਿ ਚਾऽ ੜੇ ਹਰਿ | ਸਂ — — –ਨ<br>ਨਾ ਮੁਜ ਪਾ ਇਆ | ਰੁਂ –ਸਂ —<br>(ਵਾ ਹਵਾ ऽ ਮੈ | ਧੁ — ਪ —<br>ਵਾ ਹੀ ਵਾ) ਨਾ |
| ਰੂ ਗ ਰੂ ਸ<br>ਨਖੁ ਪੈ ਨਾ ਇਆ | ਪ –ਮ ਨ ਧੁ<br>ਵਾਹਿ ਗੁਰੂ ਜੀ ਕਾ | ਪ — — —<br>ਖਾ ऽਲ ਸਾ ऽ | ਪ — ਨ —<br>ਵਾਹਿ ਗੁਰੂ ਜੀ ਕੀ |
| ਸਂ ਰੁਂ ਸਂ —<br>ਫੜੇ ਫੜऽ ਤੇ ऽ | ਰੁਂ ਸਂ ਨ ਧੁ<br>ਵਾਹਿ ਗੁਰੂ ਜੀ ਕਾ | ਪ — — —<br>ਖਾ ऽਲ ਸਾ ऽ | ਰੁ — ਗ ਰੂ<br>ਵਾਹਿ ਗੁਰੂ ਜੀ ਕੀ |
| ਸ — — —<br>ਫੜੇ ऽਦ ਤੇ ऽ | —<br>ऽ | | |

## ਮਾਝ

### ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਪੰਨਾ ੧੩੮

ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ।

### ਪਉੜੀ

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥
ਰੰਗ ਪਰੰਗ ਉਪਾਰ ਜਨਾ ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥
ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥

## **ਹਵਾਲੇ ਤੇ ਪਦ** ਟਿੱਪਣੀਆਂ

---

[1] *ਇਕਿ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ* (**ਵਾਰਾਂ ਭਾਈ ਗੁਰਦਾਸ,** ਪਉੜੀ ੩੫ ਵਾਰ ੧)

[2] ਸ੍ਰੀ ਰਾਗ, ਮਾਝ, ਗੂਜਰੀ, ਆਸਾ ਆਦਿ।

[3] ਪੜਤਾਲ, ਘੋੜੀਆਂ, ਅਲਾਹਣੀਆਂ ਆਦਿ।

[4] ੧, ੨, ੩, ੪ ਆਦਿ।

[5] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪੰਨਾ 80

[6] ਉਹੀ, ਪੰਨਾ 89-90

[7] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ) ਪੰਨਾ xxxiii

[8] ਉਹੀ

[9] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ) ਪੰਨਾ xxxiv

[10] ਉਹੀ, ਪੰਨਾ xxxiv-vi

[11] ਉਹੀ, ਪੰਨਾ xxxiv-vii

[12] ਉਹੀ, ਪੰਨਾ xxxvii-viii

[13] ਉਹੀ, ਪੰਨਾ 210

[14] ਉਹੀ, ਪੰਨਾ xxxviii-ix

[15] ਉਹੀ

[16] ਉਹੀ, ਪੰਨਾ xxxix

[17] ਉਹੀ, ਪੰਨਾ xl

[18] ਉਹੀ, ਪੰਨਾ xli

[19] ਉਹੀ, ਪੰਨਾ xlii

[20] ਉਹੀ, ਪੰਨਾ xlii

[21] ਉਹੀ, ਪੰਨਾ xlii

[22] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 721.

[23] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ v

[24] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 729

[25] **ਉਹੀ**, ਪੰਨਾ 795

[26] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ v

[27] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 859.

[28] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ vi

[29] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 876.

[30] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ vi

[31] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 975.

[32] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ vii

[33] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 984.

[34] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ vii

[35] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 989.

[36] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ vii

[37] ਉਹੀ, ਪੰਨਾ 573

[38] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1107.

[39] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ vii

[40] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1125.

[41] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ), ਪੰਨਾ vii-viii

[42] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1125.

[43] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ), ਪੰਨਾ viii

[44] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1168

[45] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ), ਪੰਨਾ ix

[46] ਉਹੀ, ਪੰਨਾ 732

[47] ਉਹੀ, ਪੰਨਾ 703

[48] ਉਹੀ,  ਪੰਨਾ 666

[49] ਉਹੀ, ਪੰਨਾ 732

[50] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1197.

[51] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ), ਪੰਨਾ xi

[52] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1254.

[53] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ), ਪੰਨਾ xii

[54] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1294.

[55] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ xii-xiii

[56] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1349.

[57] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ xiii-xiv

[58] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1327.

[59] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ xiv

[60] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1352.

[61] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ) ਪੰਨਾ xv

[62] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪ੍ਰਬੰਧ ਤੇ ਪਾਸਾਰ**, ਪੰਨਾ.88.

[63] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 168.

[64] **ਉਹੀ**, ਪੰਨਾ 330.

[65] **ਉਹੀ**, ਪੰਨਾ 345.

[66] **ਉਹੀ**, ਪੰਨਾ 345.

[67] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ) ਪੰਨਾ 53

[68] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 214.

[69] **ਉਹੀ**, ਪੰਨਾ 216.

[70] **ਉਹੀ**, ਪੰਨਾ 220.

[71] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 369.

[72] **ਉਹੀ**, ਪੰਨਾ 993.

[73] **ਉਹੀ**, ਪੰਨਾ 975.

[74] **ਉਹੀ**, ਪੰਨਾ 971.

[75] ਅਵਤਾਰ ਸਿੰਘ ਗੁਰਚਰਨ ਸਿੰਘ (ਰਾਗੀ), **ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਪਹਿਲਾ) ਪੰਨਾ 350

[76] ਉਹੀ,  ਪੰਨਾ 470.

[77] ਉਹੀ, ਪੰਨਾ 472.

[78] ਉਹੀ, ਪੰਨਾ 554.

[79] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ,** ਪੰਨਾ 173

[80] ਉਹੀ, 175

[81] ਉਹੀ, ਪੰਨਾ 174

[82] **ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ 1180.

[83] ਅਵਤਾਰ ਸਿੰਘ, ਗੁਰਚਰਨ ਸਿੰਘ (ਭਾਈ), **ਗੁਰਬਾਣੀ ਪ੍ਰਾਚੀਨ ਰੀਤ ਰਤਨਾਵਲੀ (**ਭਾਗ ਦੂਜਾ), ਪੰਨਾ 737

[84] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ,** ਪੰਨਾ 175-176

[85] ਉਹੀ, ਪੰਨਾ 182

[86] ਉਹੀ

[87] ਉਹੀ, ਪੰਨਾ 182

[88] ਅਵਤਾਰ ਸਿੰਘ, ਗੁਰਚਰਨ ਸਿੰਘ (ਭਾਈ), **ਗੁਰਬਾਣੀ ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ)**, ਪੰਨਾ xxxix

[89] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ,** ਪੰਨਾ 183

[90] ਉਹੀ

[91] ਉਹੀ, ਪੰਨਾ 64.

[92] ਅਵਤਾਰ ਸਿੰਘ, ਗੁਰਚਰਨ ਸਿੰਘ (ਭਾਈ), **ਗੁਰਬਾਣੀ ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ)**, ਪੰਨਾ XV

[93] ਉਹੀ, 4-6

[94] ਉਹੀ, ਪੰਨਾ 12

[95] ਉਹੀ, ਪੰਨਾ 104

[96] ਉਹੀ, ਪੰਨਾ 251

[97] ਉਹੀ, ਪੰਨਾ 257

[98] ਉਹੀ, (ਭਾਗ ਦੂਜਾ), ਪੰਨਾ 953

[99] ਅਵਤਾਰ ਸਿੰਘ, ਗੁਰਚਰਨ ਸਿੰਘ (ਭਾਈ), **ਗੁਰਬਾਣੀ ਪ੍ਰਾਚੀਨ ਰੀਤ ਰਤਨਾਵਲੀ** (ਭਾਗ ਦੂਜਾ), ਪੰਨਾ 989

[100] ਉਹੀ (ਭਾਗ ਪਹਿਲਾ), ਪੰਨਾ xxxiii

[101] **ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ**, ਮੁੱਖ ਬੰਦ ਪੰਨਾ ਗ

[102] ਗਿਆਨ ਸਿੰਘ ਐਬਟਾਬਾਦ, **ਗੁਰਬਾਣੀ ਸੰਗੀਤ(ਭਾਗ ਪਹਿਲਾ)**, ਭੂਮਿਕਾ ਪੰਨਾ ਹ

[103] ਉਹੀ

[104] ਉਹੀ, ਪੰਨਾ ਖ

ਪੰਜਵਾਂ ਅਧਿਆਇ

# ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

ਸਿੱਖ ਪੰਥ ਦੇ ਪ੍ਰਸਿੱਧ ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਖ਼ਸੀਅਤ ਬਹੁਪੱਖੀ ਹੈ। ਗੁਰਮਤਿ ਸੰਗੀਤ ਦੇ ਪ੍ਰਸੰਗ ਦੇ ਵਿਚ ਵੇਖੀਏ ਤਾਂ ਰਾਗੀ ਭਾਈ ਜੁਵਾਲਾ ਸਿੰਘ ਦੇ ਯੋਗਦਾਨ ਦੇ ਕਈ ਪਹਿਲੂ ਗਹਿਰੇ ਵਿਸ਼ਲੇਸ਼ਣ ਦੀ ਮੰਗ ਕਰਦੇ ਹਨ। ਪਿੱਠ ਭੂਮੀ ਵਜੋਂ ਵੇਖੀਏ ਤਾਂ ਸਿੱਖ ਧਰਮ ਵਿਚ ਕੀਰਤਨ ਦਾ ਬੁਨਿਆਦੀ ਮਹੱਤਵ ਹੈ। ਇਸ ਧਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਵਜੋਂ ਮਾਨਤਾ ਪ੍ਰਾਪਤ ਹੈ।[1] ਇਹ ਮਾਨਤਾ ਪੂਰਬਲੇ ਦਸ ਗੁਰੂ ਸਾਹਿਬਾਨ ਤੋਂ ਬਾਅਦ ਗੁਰਿਆਈ ਦੇਣ ਉਪਰੰਤ ਅਰੰਭ ਹੋਈ। ਸਿੱਖ ਧਰਮ ਵਿਚ ਬਾਣੀ ਨੂੰ ਧੁਰ ਦਰਗਾਹੀ[2], ਖਸਮ ਕੀ ਬਾਣੀ[3], ਖਾਲਕ ਦਾ ਆਦੇਸ਼[4] ਪ੍ਰਮਾਤਮਾ ਦਾ ਹੁਕਮ ਪ੍ਰਵਾਨਿਆ ਗਿਆ ਹੈ:

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਨਾਲ ਸਬੰਧਤ ਸਰੋਤਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਬਾਣੀ ਦੁਆਰਾ ਪ੍ਰਚਾਰ, ਪਾਸਾਰ ਤੇ ਵਿਕਾਸ ਕੀਤਾ। ਸੁਲਤਾਨਪੁਰ ਰਹਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਜਗਤ ਉਦਾਰ ਹਿਤ ਉਦਾਸੀਆਂ 'ਤੇ ਜਾਣ ਹਿਤ ਭਾਈ ਮਰਦਾਨੇ ਨੂੰ ਆਪਣੇ ਨਾਲ ਤਿਆਰ ਕੀਤਾ। ਭੈਣ ਨਾਨਕੀ[5] ਦੀ ਮਾਇਕ ਮਦਦ ਨਾਲ ਆਪ ਨੇ ਭਾਈ ਮਰਦਾਨੇ ਨੂੰ ਰਬਾਬ ਲੈਣ ਦੀ ਤਾਕੀਦ ਕੀਤੀ।[6] ਆਪ ਦੀ ਨਿਸ਼ਾਨ ਦੇਹੀ 'ਤੇ ਭਾਈ ਮਰਦਾਨਾ ਨੂੰ ਭਾਈ ਫਿਰੰਦਾ ਨੇ ਭਰੋਆਣਾ (ਸੁਲਤਾਨਪੁਰ ਲੋਧੀ) ਦੇ ਸਥਾਨ ਉੱਤੇ ਰਬਾਬ ਸਾਜ਼ ਭੇਟ ਕੀਤਾ।[7] ਇਸ ਤਰ੍ਹਾਂ ਆਪ ਮਰਦਾਨੇ ਨੂੰ ਨਾਲ ਲੈ ਕੇ ਜਗਤ ਉਦਾਰ ਹਿਤ ਚੱਲ ਪਏ। ਆਪ ਦੋਵਾਂ ਦਾ ਸਾਥ ਕੋਈ ਆਮ ਘਟਨਾ ਨਹੀਂ ਸੀ ਸਗੋਂ ਧੁਰ ਇਲਾਹੀ ਸੰਜੋਗ ਸੀ ਜਿਸ ਦੀ ਗਵਾਹੀ ਭਾਈ ਗੁਰਦਾਸ ਜੀ ਵਾਰਾਂ ਵਿਚ ਭਰਦੇ ਹਨ।[8] ਅਕਾਲ ਰੂਪੀ ਬਾਬੇ ਗੁਰੂ ਨਾਨਕ ਤੇ ਰਬਾਬੀ ਭਾਈ ਮਰਦਾਨੇ ਦਾ ਮੇਲ ਖਸਮ ਕੀ ਬਾਣੀ ਦਾ ਆਗਮਨ ਮਾਰਗ ਸੀ। ਇਸੇ ਲਈ ਜਦੋਂ ਗੁਰੂ ਨਾਨਕ ਬਾਣੀ ਗਾਇਨ ਕਰਦੇ ਤਾਂ ਮਰਦਾਨੇ ਨੂੰ ਸਬੰਧੋਨ ਹੁੰਦੇ ਹੋਏ ਰਬਾਬ

ਵਜਾਉਣ ਦੀ ਤਾਕੀਦ ਕਰਦੇ:*"ਮਰਦਾਨਿਆ ਰਬਾਬ ਵਜਾਇ। ਮਰਦਾਨੈ ਰਬਾਬੁ ਵਜਾਇਆ, ਰਾਗੁ ਆਸਾ ਕੀਤਾ, ਬਾਰੇ ਸਬਦੁ ਉਠਾਇਆ।"*[9]

ਇਸੇ ਤਰ੍ਹਾਂ ਬਾਬਾ ਨਾਨਕ ਭਾਈ ਮਰਦਾਨੇ ਨੂੰ ਇਕਾਗਰ ਚਿਤ ਹੋਣ ਦੀ ਤਾਕੀਦ ਕਰਦੇ ਹਨ ਭਾਵ ਸੰਗੀਤਕ ਮਾਹੌਲ ਬਣਾਉਣ ਦੀ ਤਾਕੀਦ ਕਰਦੇ ਹੋਏ ਆਖਦੇ ਹਨ ਕਿ ਤੇਰੇ ਤੋਂ ਬਿਨਾਂ ਬਾਣੀ ਸਰ ਨਹੀਂ ਆਉਦੀ। ਜਨਮ ਸਾਖੀ ਵਿਚ ਇਸ ਦਾ ਜਿਕਰ ਇਸ ਪ੍ਰਕਾਰ ਹੈ: "ਤਬਿ ਬਾਬੇ ਆਖਿਆ: 'ਮਰਦਾਨਿਆਂ! ਸਬਦੁ ਚਿਤਿ ਕਰਿ, ਤਉ ਬਾਝੂ ਬਾਣੀ ਸਰਿ ਨਾਹੀ ਆਂਵਦੀ।"[10]

ਗੁਰੂ ਨਾਨਕ ਦੇਵ ਜੀ ਚਾਰੋਂ ਦਿਸ਼ਾਵਾਂ ਪੂਰਬ, ਦੱਖਣ, ਉੱਤਰ ਤੇ ਪੱਛਮ ਦੇ ਪ੍ਰਮੁਖ ਸਥਾਨਾਂ 'ਤੇ ਗਏ ਤੇ ਉੱਥੇ ਗੁਰਮਤਿ ਦਾ ਪ੍ਰਚਾਰ ਕੀਤਾ।[11] ਕਈ ਇਤਿਹਾਸਕਾਰ ਆਪ ਦੀਆਂ ਚਾਰ ਉਦਾਸੀਆਂ ਮੰਨਦੇ ਹਨ ਜੋ ਕਿ ਪਹਿਲੀ ਪੂਰਬ, ਦੂਸਰੀ ਦੱਖਣ, ਤੀਸਰੀ ਪੱਛਮ ਤੇ ਚੌਥੀ ਉੱਤਰ ਵੱਲ ਦੀ ਮੰਨਦੇ ਹਨ।[12] ਆਪ ਉਦਾਸੀਆਂ ਸਮੇਂ ਜਿੱਥੇ ਵੀ ਗਏ ਉੱਥੇ ਬਾਣੀ ਦੁਆਰਾ ਵੱਖ-ਵੱਖ ਲੋਕਾਂ ਅਤੇ ਧਾਰਮਿਕ ਸੰਤਾਂ ਮਹਾਂ ਪੁਰਖਾਂ ਨਾਲ ਸੰਵਾਦ ਰਚਾਇਆ ਜਿਸ ਦੀ 'ਸਿੱਧ ਗੋਸਟਿ'[13] ਅਤੇ ਓਅੰਕਾਰੁ[14] ਬਾਣੀ ਪ੍ਰਤੱਖ ਪ੍ਰਮਾਣ ਹਨ। ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਸੰਗੀਤਕ ਪੇਸ਼ਕਾਰੀ ਕੀਤੀ।[15]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ 'ਸਾਇਰ'[16] ਦੇ ਰੂਪ ਵਿਚ ਪੇਸ਼ ਕਰਦੇ ਹਨ। ਗੁਰੂ ਨਾਨਕ ਨੇ ਕਰਤਾਰਪੁਰ ਨਗਰ ਵਸਾਇਆ।[17] ਉੱਥੇ ਆਪ ਨੇ ਭਾਈ ਮਰਦਾਨੇ ਨੂੰ ਕੀਰਤਨ ਹਿਤ ਛੱਡਿਆ।[18] ਚੌਥੀ ਉਦਾਸੀ ਤੋਂ ਬਾਅਦ ਉਦਾਸੀ ਭੇਸ ਉਤਾਰ ਕੇ ਆਪ ਸੰਸਾਰੀ ਪਹਿਰਾਵੇ ਵਿਚ ਵਿਚਰਨ ਲੱਗੇ। ਸੰਸਾਰੀ ਕੰਮਾਂ ਕਾਰਾਂ ਦੇ ਨਾਲ-ਨਾਲ ਆਪ ਨੇ ਕਰਤਾਰਪੁਰ ਕੀਰਤਨ ਦੀ ਧਰਮਸ਼ਾਲ ਵੀ ਸਥਾਪਿਤ ਕੀਤੀ।[19] ਕਰਤਾਰਪੁਰ ਵਿਖੇ ਆਸਾ ਦੀ ਵਾਰ[20], ਸੋ ਦਰੁ, ਆਰਤੀ ਦੀਆਂ ਚਉਕੀਆਂ ਦੇ ਹਵਾਲੇ ਪ੍ਰਾਪਤ ਹੁੰਦੇ ਹਨ। [21]

ਗੁਰੂ ਨਾਨਕ ਨੇ ਕਰਤਾਰਪੁਰ ਵਿਖੇ ਹੀ ਭਾਈ ਲਹਿਣੇ ਨੂੰ ਅੰਗਦ ਦੇ ਰੂਪ ਵਿਚ ਗੁਰਗੱਦੀ ਦਿੱਤੀ। ਇੱਥੇ ਗੁਰੂ ਅੰਗਦ (ਲਹਿਣੇ ਦੇ ਰੂਪ ਵਿਚ) ਵਲੋਂ ਆਪ ਦੇ ਹਜ਼ੂਰ ਆਸਾ ਦੀ ਵਾਰ ਦਾ ਗਾਇਨ ਪ੍ਰਾਰੰਭ ਕੀਤਾ।[22] ਉਕਤ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਬਾਣੀ ਦੇ ਸੰਗੀਤਮਈ ਕੀਰਤਨ ਦਾ ਬੁਨਿਆਦੀ ਮਹੱਤਵ ਹੈ।

ਗੁਰਬਾਣੀ ਅਧੀਨ ਕੀਰਤਨ ਨੂੰ ਕਲਜੁਗ ਵਿਚ ਉੱਤਮ[23], ਪ੍ਰਧਾਨ ਪਦਵੀ[24] ਪ੍ਰਾਪਤ ਹੈ। ਇਹ ਪ੍ਰਮਾਤਮਾ ਦੇ ਧਿਆਨ ਹਿਤ ਪ੍ਰਮੁਖ ਮਾਰਗ ਵਜੋਂ ਵਿਦਮਾਨ ਹੈ। ਕੀਰਤਨ ਦੇ ਨਾਲ ਜਨਮਾਂ ਜਨਮਾਂਤਰਾਂ ਦੇ ਰੋਗ ਦੂਰ ਹੁੰਦੇ ਹਨ।[25] ਗੁਰਬਾਣੀ ਅਨੁਸਾਰ ਦਿਨ ਰਾਤੀਂ ਹਰਿ ਦਾ ਕੀਰਤਨ ਕਰਨ ਨਾਲ ਹੀ ਮਨੁੱਖ ਦਾ ਜਗਤ 'ਤੇ ਆਉਣਾ ਸਫਲ ਹੈ[26] ਅਤੇ ਉਹ ਜਨਮ ਮਰਣ ਦੇ ਚੱਕਰਾਂ ਤੋਂ ਨਿਕਲ ਜਾਂਦਾ ਹੈ।[27]

ਕੀਰਤਨ ਅਜਿਹੀ ਬੇਸ਼ਕੀਮਤੀ ਵਸਤੂ ਦੀ ਨਿਆਈ ਹੈ ਜਿਸ ਦਾ ਕੋਈ ਮੁੱਲ ਨਹੀਂ ਦਿੱਤਾ ਜਾ ਸਕਦਾ ਭਾਵ ਸੰਸਾਰ ਵਿਚ ਅਜਿਹੀ ਕੋਈ ਮੁੱਲਵਾਨ ਜਾਂ ਕੀਮਤੀ ਵਸਤੂ ਨਹੀਂ ਜਿਸ ਨਾਲ ਇਸ ਨੂੰ ਖਰੀਦਿਆ ਜਾ ਸਕੇ। ਵਡਮੁੱਲੀ ਦਾਤ ਦੇ ਨਾਲ-ਨਾਲ ਇਹ ਪਰਮ ਅਨੰਦ ਦੇ ਗੁਣਾਂ ਦਾ ਖਜਾਨਾ ਵੀ ਹੈ।

- ਕੀਰਤਨੁ ਨਿਰਮੋਲਕੁ ਹੀਰਾ॥ ਆਨੰਦ ਗੁਣੀ ਗਹੀਰਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੯੩)

ਗੁਰਬਾਣੀ ਵਿਚ ਜੋ ਜਨ ਹਰੀ ਪ੍ਰਮਾਤਮਾ ਦਾ ਕੀਰਤਨ ਕਰਦਾ, ਸੁਣਦਾ ਹੈ ਉਸ ਦੀ ਮਾੜੀ/ਖੋਟੀ ਮਤਿ ਖਤਮ ਹੋ ਜਾਂਦੀ ਹੈ ਭਾਵ ਉਹ ਨਿਰਮਲ ਵਿਚਾਰਾਂ ਦਾ ਧਾਰਨੀ ਬਣ ਜਾਂਦਾ ਹੈ। ਉਸ ਦੇ ਸਗਲ ਮਨੋਰਥ ਭਾਵ ਸਾਰੀਆਂ ਮਨੋਕਾਮਨਾਵਾਂ ਅਤੇ ਆਸਾਂ ਪੂਰੀਆਂ ਹੋ ਜਾਂਦੀਆਂ ਹਨ।[28]ਗੁਰਬਾਣੀ ਅਨੁਸਾਰ ਜੋ ਮਨੁੱਖ ਕੀਰਤਨ ਸੁਣਦਾ ਤੇ ਕਰਦਾ ਹੈ ਉਸ ਦੇ ਨੇੜੇ ਕਦੀ ਕੋਈ ਦੁੱਖ ਨਹੀਂ ਆਉਂਦਾ।[29] ਅਕਾਲ ਪੁਰਖ ਦਾ ਕੀਰਤਨ ਗਾਉਣ ਨਾਲ ਕਲਜੁਗ ਜਿਸ ਨੂੰ ਚਾਰਾਂ ਜੁਗਾਂ ਵਿਚ ਸਭ ਤੋਂ ਜਿਆਦਾ ਨਿੰਦਿਆ ਜਾਂਦਾ ਰਿਹਾ ਹੈ ਉਹ ਵੀ ਧੰਨ ਹੋ ਜਾਂਦਾ ਹੈ।[30]

ਕੀਰਤਨਮਈ ਰੰਗ ਵਿਚ ਰੰਗਿਆ ਹੋਇਆ ਮਨ ਮਾਨੋ, ਐਸਾ ਬਾਗ਼ ਹੈ ਜਿੱਥੇ ਸੰਘਣੀ ਸੁਗੰਧੀ ਹੈ ਤੇ ਫਲਾਂ ਦਾ ਆਨੰਦ ਹੈ ਭਾਵ ਕੀਰਤਨ ਰਾਹੀਂ ਮਨ ਨੂੰ ਅਜਿਹੀਆਂ ਇਲਾਹੀ ਖੁਸ਼ਬੂਆਂ ਦਾ ਅਹਿਸਾਸ ਹੁੰਦਾ ਹੈ ਜੋ ਦੁਨਿਆਵੀਂ ਜੀਵਨ ਵਿਚ ਕਈ ਵਾਰੀ ਭਾਰੀ ਕੀਮਤ ਨਾਲ ਵੀ ਪ੍ਰਾਪਤ ਨਹੀਂ ਹੁੰਦਾ ਹੈ।[31]

ਗੁਰਬਾਣੀ ਮਨੁੱਖੀ ਮਨ ਰਾਹੀਂ ਤਾਕੀਦ ਕਰਦੀ ਹੈ ਕਿ ਇਸ ਤਰ੍ਹਾਂ ਦਾ ਕੀਰਤਨ ਕਰ ਜੋ ਲੋਕ ਤੇ ਪਰਲੋਕ ਵਿਚ ਕੰਮ ਆਵੇ ਭਾਵ ਹਰੀ ਪ੍ਰਮਾਤਮਾ ਦੇ ਕੀਰਤਨ ਨਾਲ ਲੋਕ ਤੇ ਪ੍ਰਲੋਕ ਦੋਵੇਂ ਸੁਖੀਏ ਹੁੰਦੇ ਹਨ।[32]

ਉਕਤ ਵਿਸ਼ਲੇਸ਼ਣ ਤੋਂ ਪ੍ਰਤੱਖ ਹੈ ਕਿ ਗੁਰਬਾਣੀ ਵਿਚ ਕੀਰਤਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਗੁਰਬਾਣੀ ਅਧੀਨ ਕੀਰਤਨ ਨੂੰ ਕਲਜੁਗ ਵਿਚ ਪ੍ਰਮੁਖ/ਪ੍ਰਧਾਨ ਪਦਵੀ ਪ੍ਰਾਪਤ ਹੈ, ਇਸ ਦੇ ਨਾਲ

ਕੀਰਤਨ ਨੂੰ ਹੀ ਮਨੁੱਖ ਦਾ ਸਫਲ ਕਰਮ ਦਰਸਾਇਆ ਗਿਆ ਹੈ। ਕੀਰਤਨ ਰਾਹੀਂ ਜਨਮਾਂ ਜਨਮਾਂਤਰਾਂ ਦੇ ਦੁੱਖ ਕੱਟੇ ਜਾਂਦੇ ਹਨ। ਕੀਰਤਨ ਇੱਕ ਅਜਿਹੀ ਦਾਤ ਹੈ ਜਿਸ ਦਾ ਕੋਈ ਮੁੱਲ ਤੈਅ ਹੀ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਵਿਚ ਜਿਵੇਂ ਕੀਰਤਨ ਨੂੰ ਉੱਚ ਸਥਾਨ ਦਿੱਤਾ ਗਿਆ ਹੈ ਉਸੇ ਤਰ੍ਹਾਂ ਕੀਰਤਨੀਆਂ ਦੀ ਮਹੱਤਤਾ ਦਰਸਾਉਂਦੇ ਹੋਏ ਵਡਿਆਇਆ ਗਿਆ ਹੈ।

ਗੁਰਬਾਣੀ ਦੇ ਫੁਰਮਾਨਾਂ ਵਿਚ ਕੀਰਤਨੀਆਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਗੁਰਬਾਣੀ ਵਿਚ ਸਰਬ ਵਿਆਪਕ ਅਕਾਲ ਪੁਰਖ ਦੇ ਗੁਣ ਗਾਉਣ ਵਾਲੇ ਨੂੰ ਸਭ ਤੋਂ ਚੰਗਾ, ਭਲਾ ਕਿਹਾ ਗਿਆ ਹੈ। ਜਿਹੜਾ ਮਨੁੱਖ ਮਾਇਆ ਦੇ ਧੰਧੇ ਛੱਡ ਕੇ, ਮਾਇਆ ਦੀ ਗ਼ਰਜ਼ ਛੱਡ ਕੇ, ਸਰਬ-ਵਿਆਪਕ ਪਰਮਾਤਮਾ ਦੇ ਗੁਣ ਗਾਉਂਦਾ ਹੈ, ਉਹੀ ਸਭ ਤੋਂ ਚੰਗਾ ਕੀਰਤਨੀਆਂ ਹੈ।[33]

ਗੁਰਬਾਣੀ ਅਨੁਸਾਰ ਕੀਰਤਨੀਏ ਦੇ ਨੇੜੇ ਕੋਈ ਦੁੱਖ ਤਕਲੀਫ ਨਹੀਂ ਆਉਂਦੀ। ਜੋ ਜਨ ਪ੍ਰਭੂ ਦੀ ਕਿਰਪਾ ਨਾਲ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਸੁਣਦਾ ਜਾਂ ਗਾਉਂਦਾ ਹੈ, ਉਸ ਦੇ ਨੇੜੇ ਦੁੱਖ ਨਹੀਂ ਢੁੱਕਦਾ।[34] ਕੀਰਤਨੀਆਂ ਜੋ ਪ੍ਰਭੂ ਗੋਪਾਲ ਦੀ ਕੀਰਤ ਕਰਦਾ ਹੈ ਉਸ ਨੂੰ ਜਮ ਰੂਪੀ ਮੌਤ ਦਾ ਡਰ ਨਹੀਂ ਰਹਿੰਦਾ।[35] ਕੀਰਤਨੀਏ ਦਾ ਮੁੱਖ ਹਮੇਸ਼ਾਂ ਆਪਣੇ ਗੁਰੂ ਵੱਲ ਹੁੰਦਾ ਹੈ ਭਾਵ ਉਨ੍ਹਾਂ ਨੂੰ ਆਪਣੇ ਗੁਰੂ 'ਤੇ ਪੂਰਨ ਭਰੋਸਾ ਹੁੰਦਾ ਹੈ। ਉਨ੍ਹਾਂ ਦਾ ਜੀਵਨ ਗੁਰਮੁਖਾਂ ਵਾਲਾ ਹੁੰਦਾ ਹੈ।[36] ਗੁਰਬਾਣੀ ਵਿਚ ਕੀਰਤਨੀਏ ਵੱਡੇ ਭਾਗਾਂ ਵਾਲੇ ਹਨ ਕਿਉਂ ਜੋ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵੱਡੇ ਭਾਗਾਂ ਨਾਲ ਹੀ ਗਾਈ ਜਾ ਸਕਦੀ ਹੈ। ਇਹ ਦਾਤ ਪਾਰਬ੍ਰਹਮ ਆਪ ਹੀ ਬਖਸ਼ਿਸ਼ ਕਰਦਾ ਹੈ।[37]

ਕੀਰਤਨੀਆਂ ਨੂੰ ਸਤਿਕਾਰ ਦਿੰਦੇ ਹੋਏ ਗੁਰੂ ਸਾਹਿਬ ਬਾਣੀ ਵਿਚ ਫੁਰਮਾਣ ਕਰਦੇ ਹਨ ਕਿ ਉਹ ਕੀਰਤੀ ਕਰਨ ਵਾਲੇ ਅਤੇ ਉਨ੍ਹਾਂ ਦੀ ਰਸਨਾ ਪਵਿੱਤਰ[38], ਧੰਨਤਾਯੋਗ[39] ਹੈ ਜੋ ਹਰਿ ਪ੍ਰਭੂ ਦੇ ਗੁਣ ਗਾਉਂਦੀ ਹੈ। ਅਨੇਕ ਹੀ ਅਜਿਹੇ ਫੁਰਮਾਣ ਗੁਰਬਾਣੀ ਅਧੀਨ ਅੰਕਿਤ ਹਨ ਜੋ ਕੀਰਤਨੀਏ ਦੇ ਮਹੱਤਵ ਨੂੰ ਪ੍ਰਗਟਾਉਂਦੇ ਹਨ।

ਉਕਤ ਵਿਚਾਰ ਚਰਚਾਂ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅੰਤਰਗਤ ਗੁਰੂ ਘਰ ਦਾ ਕੀਰਤਨੀਆ ਵਿਸ਼ੇਸ਼ ਸਥਾਨ ਦਾ ਧਾਰਣੀ ਹੈ। ਗੁਰਬਾਣੀ ਪ੍ਰਵਾਹ ਅਧੀਨ ਗੁਰੂ ਦੀ ਕੀਰਤੀ ਕਰਨ ਵਾਲੇ ਕੀਰਤਨੀਆਂ ਨੂੰ ਭਲੇ ਭਾਵ ਚੰਗੇ ਵਿਚਾਰਾਂ ਵਾਲੇ, ਦੁੱਖ ਰਹਿਤ, ਸੁਮੱਤ ਦੇ ਧਾਰਨੀ, ਮੌਤ ਦੇ ਭੈ

ਤੋਂ ਰਹਿਤ, ਗੁਰਮੁੱਖ, ਵਡਭਾਗੀ, ਪਵਿੱਤਰ ਰਸਨਾ ਵਾਲੇ, ਧੰਨਤਾਯੋਗ, ਨਿਰਮਲ ਮਤ ਦੇ ਧਾਰਨੀ ਆਦਿ ਸ਼ਬਦਾਂ ਨਾਲ ਵਡਿਆਇਆ ਗਿਆ ਹੈ। ਇਤਿਹਾਸਕ ਤੌਰ 'ਤੇ ਦੇਖੀਏ ਤਾਂ ਸਿੱਖ ਧਰਮ ਵਿਚ ਬਾਣੀ ਦੇ ਪ੍ਰਥਮ ਕੀਰਤਨੀਏ ਗੁਰੂ ਨਾਨਕ ਦੇਵ ਜੀ ਖੁਦ ਆਪ ਸਨ। ਉਨ੍ਹਾਂ ਤੋਂ ਬਾਅਦ ਭਾਈ ਮਰਦਾਨਾ ਦੂਸਰੇ ਕੀਰਤਨੀਏ ਹੋਏ। ਉਪਰੰਤ ਰਬਾਬੀ ਕੀਰਤਨੀਏ ਅਤੇ ਗੁਰੂ ਅਰਜਨ ਦੇਵ ਕਾਲ ਦੇ ਸਿੱਖ ਗੁਰਸਿੱਖ ਕੀਰਤਨੀਏ ਹੋਏ। ਇਸ ਤਰ੍ਹਾਂ ਕੀਰਤਨੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਕਾਰਜਸ਼ੀਲ ਰਹੀ ਜੋ ਹੁਣ ਤਕ ਨਿਰਵਿਘਨ ਚੱਲ ਰਹੀ ਹੈ। ਗੁਰਬਾਣੀ ਵਿਚ ਗੁਰੂ ਸਾਹਿਬ ਕੀਰਤਨੀਆਂ ਨੂੰ ਸਲਾਹਉਂਦਿਆਂ, ਵਡਿਆਉਂਦਿਆਂ ਕੀਰਤਨ ਦੇ ਰਾਹੀਂ ਅਕਾਲ ਪੁਰਖ ਵਿਚ ਅਭੇਦ ਹੋਣ ਦਾ ਮਾਰਗ ਦਰਸਾਉਂਦੇ ਹਨ। ਗੁਰਬਾਣੀ ਵਿਚ ਕੀਰਤਨ ਤੇ ਕੀਰਤਨੀਏ ਦੇ ਗੁਣਾਂ, ਲੱਛਣਾਂ ਅਤੇ ਅਦਰਸ਼ਾਂ ਦਾ ਜੋ ਵਿਖਿਆਨ ਕੀਤਾ ਗਿਆ ਹੈ ਉਸ ਨਾਲ ਇੱਕ ਆਦਰਸ਼ ਕੀਰਤਨੀਏ ਦੀ ਸ਼ਖਸ਼ੀਅਤ ਉਭਰਦੀ ਹੈ। ਗੁਰਬਾਣੀ ਦੇ ਨਾਲ ਨਾਲ ਆਦਰਸ਼ ਕੀਰਤਨੀਏ ਦੇ ਸਿੱਖ ਸਿਧਾਂਤਾਂ, ਗੁਰਮਤਿ ਸੰਗੀਤ ਅਤੇ ਗੁਰਮਤਿ ਸੰਗੀਤ ਅਨੁਸਾਰ ਆਦਰਸ਼, ਗੁਣ, ਲੱਛਣ ਵੀ ਪ੍ਰਗਟ ਹੁੰਦੇ ਹਨ।

## 5.1 ਆਦਰਸ਼ ਕੀਰਤਨੀਏ ਦੇ ਗੁਣ ਤੇ ਲੱਛਣ

ਸਿੱਖ ਧਰਮ ਵਿਚ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਦੇ ਵਾਹਕ ਵਜੋਂ ਇੱਕ ਸ੍ਰੇਸ਼ਟ ਤੇ ਵਿਸ਼ੇਸ਼ ਸ਼੍ਰੇਣੀ ਕਾਰਜਸ਼ੀਲ ਰਹੀ ਹੈ ਜਿਸ ਨੂੰ ਅਸੀਂ ਕੀਰਤਨੀਏ ਦੇ ਰੂਪ ਵਿਚ ਜਾਣਦੇ ਹਾਂ। ਕੀਰਤਨੀਆਂ ਤੋਂ ਭਾਵ "ਕੀਰਤਨ ਕਰਨ ਵਾਲਾ।" ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਕੀਰਤਨ ਕਰਨ ਵਾਲਾ, ਕਰਤਾਰ ਦੇ ਗੁਣ ਗਾਉਣ ਵਾਲੇ" ਨੂੰ ਕੀਰਤਨੀਆਂ ਕਿਹਾ ਜਾਂਦਾ ਹੈ।[40] ਸੰਗਤ ਵਿਚ ਕੀਰਤਨ ਕੇਵਲ ਇੱਕ ਸਿੱਖ ਹੀ ਕਰ ਸਕਦਾ ਹੈ। [41] ਸਿੱਖ ਰਹਿਤ ਮਰਯਾਦਾ ਅਨੁਸਾਰ, "ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"[42] ਸਿੱਖ ਧਰਮ ਵਿਚ ਕੀਰਤਨ ਦਾ ਬੁਨਿਆਦੀ ਮਹੱਤਵ ਹੋਣ ਕਾਰਨ ਇਸ ਕੀਰਤਨ ਦੇ ਵਾਹਕ ਜਾਂ ਕੀਰਤਨ ਦੇ ਪੇਸ਼ਕਾਰ ਕੀਰਤਨੀਆਂ ਨੂੰ ਵੀ

ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ। ਗੁਰਮਤਿ ਅਨੁਸਾਰ ਇੱਕ ਆਦਰਸ਼ ਕੀਰਤਨੀਏ ਲਈ ਹੇਠ ਲਿਖੇ ਗੁਣ ਤੇ ਲੱਛਣ ਲੋੜੀਂਦੇ ਹਨ:

**5.1.1. ਸਿੱਖ ਸਿਧਾਂਤਾਂ ਅਨੁਸਾਰ ਆਦਰਸ਼ ਕੀਰਤਨੀਆਂ**: ਗੁਰੂ ਦੀਆਂ ਸਿੱਖਿਆਵਾਂ ਨੂੰ ਗੁਰਮਤਿ ਦੇ ਰੂਪ ਵਿਚ ਦੇਖਿਆ ਜਾਦਾਂ ਹੈ। ਇਹ ਪਹਿਲਾਂ ਦਸ ਗੁਰੂ ਸਹਿਬਾਨ ਦੁਆਰਾ ਪ੍ਰਦਾਨ ਕੀਤੀ ਗਈ ਵਰਤਮਾਨ ਸਮੇਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਦੇ ਆਧਾਰ ਹਨ। ਗੁਰਮਤਿ ਦੇ ਨਾਲ-ਨਾਲ ਸਿੱਖ ਪੰਥ ਦੀ ਪ੍ਰਮਾਣਿਤ 'ਸਿੱਖ ਰਹਿਤ ਮਰਯਾਦਾ' ਅਨੁਸਾਰ ਆਦਰਸ਼ ਕੀਰਤਨੀਏ ਦੇ ਹੇਠ ਲਿਖੇ ਪ੍ਰਮੁਖ ਗੁਣ ਤੇ ਲੱਛਣ ਹੋਣੇ ਜਰੂਰੀ ਹਨ।

- ਆਦਰਸ਼ ਕੀਰਤਨੀਏ ਨੂੰ ਰਾਗਾਂ ਦਾ ਗਿਆਨ ਹੋਣਾ ਜਰੂਰੀ ਹੈ।[43]
- ਕੀਰਤਨ ਹਿਤ ਕਿਸ ਬਾਣੀ ਦਾ ਕੀਰਤਨ ਕਰਨਾ ਹੈ ਭਾਵ ਕੀਰਤਨੀਏ ਨੂੰ ਗੁਰਬਾਣੀ ਤੇ ਕੱਚੀ ਬਾਣੀ ਦਾ ਗਿਆਨ ਹੋਣਾ ਜਰੂਰੀ ਹੈ।[44]
- ਕੀਰਤਨੀਏ ਨੂੰ ਗੁਰਮਤਿ ਅਨੁਸਾਰ ਜਨਮ ਸੰਸਕਾਰ, ਅਨੰਦ ਸੰਸਕਾਰ, ਮਿਰਤਕ ਸੰਸਕਾਰ ਦਾ ਜਾਣੂ ਹੋਣਾ ਜਰੂਰੀ ਹੈ।
- ਇੱਕ ਆਦਰਸ਼ ਕੀਰਤਨੀਏ ਲਈ ਗੁਰਬਾਣੀ ਦਾ ਸ਼ੁੱਧ ਉਚਾਰਣ ਜਰੂਰੀ ਹੈ ਇਸ ਦੇ ਲਈ ਸ੍ਰੀ ਗੁਰੂ ਸਾਹਿਬ ਦੀ ਬਾਣੀ ਦਾ ਸ਼ੁੱਧ ਪਾਠ ਕੀਰਤਨੀਏ ਨੂੰ ਆਉਣਾ ਚਾਹੀਦਾ ਹੈ।
- ਆਦਰਸ਼ ਕੀਰਤਨੀਏ ਦਾ ਜੀਵਨ ਗੁਰਮਤਿ ਅਨੁਸਾਰੀ ਹੋਣਾ ਜੂਰਰੀ ਹੈ ਭਾਵ ਉਸ ਦੀ ਸ਼ਖ਼ਸੀ ਰਹਿਣੀ ਤੇ ਪੰਥਕ ਰਹਿਣੀ ਸਿੱਖ ਰਹਿਤ ਮਰਯਾਦਾ ਅਨੁਸਾਰੀ ਹੋਣੀ ਜਰੂਰੀ ਹੈ। ਕੀਰਨਤੀਏ ਦੀ ਸ਼ਖ਼ਸੀ ਰਹਿਣੀ ਵਿਚ ਨਾਮ ਬਾਣੀ ਦਾ ਅਭਿਆਸ ਕਰਨਾ, ਗੁਰਮਤਿ ਰਹਿਣੀ[45], ਸੇਵਾ ਕਰਨੀ[46] ਸ਼ਾਮਿਲ ਹੈ। ਸਿੱਖ ਰਹਿਤ ਮਰਯਾਦਾ ਵਿਚ ਗੁਰਸਿੱਖ ਦੀ ਗੁਰਮਤਿ ਰਹਿਣੀ ਵਿਚ ਸਿੱਖ ਮੁਕਤੀ ਦਾਤਾ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ, ਅਕਾਲ ਪੁਰਖ ਤੋਂ ਇਲਾਵਾ ਕਿਸੇ ਦੀ ਪੂਜਾ ਨਹੀਂ ਕਰਨੀ, ਜਾਤ ਪਾਤ ਨਹੀਂ ਕਰਨੀ, ਗੁਰਮੁਖੀ ਪੜਨੀ, ਬੱਚਿਆਂ ਨੂੰ ਸਿੱਖ ਧਰਮ ਨਾਲ ਜੋੜਨਾ ਆਦਿ ਅਨੇਕ ਅਸੂਲ ਹਨ ਜੋ ਇੱਕ ਸਿੱਖ ਨੇ ਅਪਣਾਉਣੇ ਹਨ । ਇਹ ਸਾਰੇ ਅਸੂਲ ਇੱਕ ਕੀਰਤਨੀਏ ਲਈ ਵੀ ਸਮਾਨ ਰੂਪ ਵਿਚ ਢੁੱਕਦੇ ਹਨ।

- ਕੀਰਤਨ ਜੋ ਇੱਕ ਸਿੱਖ ਹੀ ਕਰ ਸਕਦਾ ਹੈ ਇਸ ਲਈ ਇੱਕ ਸਿੱਖ ਦੀ ਪੰਥਕ ਰਹਿਣੀ ਵੀ ਗੁਰਮਤਿ ਅਨੁਸਾਰ ਹੋਣੀ ਚਾਹੀਦੀ ਹੈ।
    - ਗੁਰੂ ਪੰਥ : ਇੱਕ ਕੀਰਤਨੀਏ ਨੂੰ ਸ਼ਖ਼ਸੀ ਧਰਮ ਪੂਰਾ ਕਰਨ ਦੇ ਨਾਲ-ਨਾਲ ਪੰਥਕ ਫਰਜ਼ ਭੀ ਪੂਰੇ ਕਰਨ ਦੀ ਤਾਕੀਦ ਹੈ। ਸੇਵਾ, ਸਫਲ ਉਹ ਹੁੰਦੀ ਹੈ ਜੋ ਥੋੜ੍ਹੇ ਜਤਨ ਨਾਲ ਵੱਧ ਤੋਂ ਵੱਧ ਹੋ ਸਕੇ। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ ਹੀ ਸਕਦੀ ਹੈ। ਅਜਿਹੀ ਜਥੇਬੰਦੀ ਨੂੰ ਪੰਥ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ, 'ਗੁਰੂ ਪੰਥ': ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।"[47] ਹਰ ਕੀਰਤਨੀਏ ਨੂੰ 'ਗੁਰੂ ਪੰਥ' ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣ ਦੀ ਤਾਕੀਦ ਹੈ।
    - ਅੰਮ੍ਰਿਤ ਸੰਸਕਾਰ: ਇੱਕ ਕੀਰਤਨੀਏ ਨੇ ਜਿੱਥੇ ਖੁਦ ਅੰਮ੍ਰਿਤਧਾਰੀ ਹੋਣਾ ਹੈ ਉੱਥੇ ਉਸ ਨੂੰ ਅੰਮ੍ਰਿਤ ਸੰਸਕਾਰ[48] ਦੀ ਸੰਪੂਰਨ ਮਰਿਯਾਦਾ ਦਾ ਪਤਾ ਹੋਣਾ ਵੀ ਜਰੂਰੀ ਹੈ। ਇਸੇ ਤਰ੍ਹਾਂ ਇੱਕ ਕੀਰਤਨੀਏ ਨੂੰ 'ਤਨਖਾਹ ਲਾਉਣ ਦੀ ਵਿਧੀ[49]', 'ਗੁਰਮਤਾ ਕਰਨ ਦੀ ਵਿਧੀ'[50], 'ਸਥਾਨਕ ਫ਼ੈਸਲਿਆਂ ਦੀ ਅਪੀਲ[51] ਦੇ ਬਾਰੇ ਵੀ ਸੰਪੂਰਨ ਜਾਣਕਾਰੀ ਜਰੂਰੀ ਹੈ।
- ਇੱਕ ਆਦਰਸ਼ ਕੀਰਤਨੀਆਂ ਨੂੰ "ਭਲੋ ਭਲੋ ਰੇ ਕੀਰਤਨੀਆਂ।। ਰਾਮ ਰਮਾ ਰਾਮਾ ਗੁਨ ਗਾਉ।। ਛੋਡਿ ਮਾਇਆ ਕੇ ਧੰਧ ਸੁਆਉ।।" ਗੁਰਮਤਿ ਦੇ ਸਿਧਾਂਤ 'ਤੇ ਚਲਣਾ ਚਾਹੀਦਾ ਹੈ। ਮਾਇਆ ਜਾਂ ਪੈਸਿਆਂ ਦੇ ਪ੍ਰਭਾਵ ਥੱਲੇ ਕੀਰਤਨ ਨਹੀਂ ਕਰਨਾ ਚਾਹੀਦਾ।
- ਗੁਰਬਾਣੀ ਦਾ ਫੁਰਮਾਣ "ਇਕਿ ਗਾਵਤ ਰਹੇ ਮਨਿ ਸਾਦੁ ਨਾ ਪਾਇ॥ ਹਉਮੈਂ ਵਿਚਿ ਗਾਵਹਿ ਬਿਰਥਾ ਜਾਇ॥"[52] ਦਾ ਅਨੁਸਰਣ ਕਰਦੇ ਹੋਏ ਕੀਰਤਨੀਏ ਨੂੰ ਹਉਮੈ ਨੂੰ ਤਿਆਗ ਨਿਮਰਤਾ ਤੇ ਨਿਮਾਣਤਾ ਭਾਵ ਵਿਚ ਕੀਰਤਨ ਕਰਨਾ ਹੀ ਆਦਰਸ਼ ਕੀਰਤਨੀਏ ਦਾ ਕਰਮ ਹੈ।

- ਆਦਰਸ਼ ਕੀਰਤਨੀਆਂ ਆਪਾ ਭਾਵ ਖਤਮ ਕਰਕੇ ਗੁਰੂ ਦਾ ਸ਼ੁਕਰਾਨਾ ਕਰਦਾ ਹੋਇਆ ਕੀਰਤਨ ਕਰਦਾ ਹੈ ਉਹ ਗੁਰਬਾਣੀ ਦੇ ਇਸ ਫੁਰਮਾਣ ਦਾ ਹਮੇਸ਼ਾ ਅਨੁਸਰਣ ਕਰਦਾ ਹੈ, "ਆਪਿ ਗਾਵਾਇ ਸੁ ਹਰਿ ਗੁਨਿ ਗਾਉ॥" [53]
- ਆਦਰਸ਼ ਕੀਰਤਨੀਆਂ ਕੀਰਤਨ ਪ੍ਰੇਮ ਭਾਵਨਾ ਨਾਲ ਕਰਦਾ ਹੈ ਉਹ ਗੁਰਬਾਣੀ ਦੀ ਇਸ ਤਾਕੀਦ ਜਾਂ ਉਪਦੇਸ਼ ਦਾ ਗਿਆਨ ਰੱਖਦਾ ਹੈ ਕਿ ਮਨ ਵਿਚ ਕਪਟ ਵਿਕਾਰ ਰੱਖ ਕੇ ਪ੍ਰਮਾਤਮਾ ਦੀ ਉਸਤਤਿ ਨਹੀਂ ਕੀਤੀ ਜਾ ਸਕਦੀ, "ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ।॥ ਜਿਨਾ ਅੰਤਰਿ ਕਪਟ ਵਿਕਾਰ ਹੈ ਤਿਨਾ ਰੋਇ ਕਿਆ ਕੀਜੈ॥[54] ਜਿਸਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹਿ ਮਾਨ॥"[55]
- ਆਦਰਸ਼ ਕੀਰਤਨੀਆਂ ਆਪਣੇ ਪਹਿਰਾਵੇ ਦਾ ਵਿਸ਼ੇਸ਼ ਧਿਆਨ ਰੱਖਦਾ ਹੋਇਆ ਗੁਰਬਾਣੀ ਦੀ ਇਸ ਤੁਕ ਦਾ ਅਨੁਸਰਨ ਕਰਦਾ ਹੈ, "ਬਾਬਾ ਹੋਰੁ ਪੈਨਣੁ ਖੁਸੀ ਖੁਆਰ॥ ਜਿਤੁ ਪੈਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥"[56] ਉਹ ਸਵੱਛ, ਪਰ ਸਾਦਾ ਪਹਿਰਾਵਾ ਪਹਿਨਦਾ ਹੈ ਜਿਸ ਨਾਲ ਵਿਕਾਰਾਂ ਤੋਂ ਬੱਚਿਆ ਜਾ ਸਕੇ।
- ਆਦਰਸ਼ ਕੀਰਤਨੀਆਂ ਆਪਣੇ ਸਮੇਂ ਦਾ ਪਾਬੰਦ ਹੁੰਦਾ ਹੈ, ਉਹ ਸਮੇਂ ਦੀ ਕੀਮਤ ਸਮਝਦੇ ਹੋਏ ਆਪਣੇ ਜੀਵਨ ਨੂੰ ਅਨੁਸ਼ਾਸ਼ਿਤ ਰੱਖਦਾ ਹੈ। ਗੁਰਬਾਣੀ ਫੁਰਮਾਣ ਵੀ ਹੈ "ਵਖਤ ਵੀਚਾਰੇ ਸੁ ਬੰਦਾ ਹੋਇ"[57] ਉਹ ਕੀਰਤਨ ਨੂੰ ਸਮੇਂ ਸਿਰ ਸ਼ੁਰੂ ਸਮਾਪਤ ਕਰਦਾ ਹੈ।
- ਆਦਰਸ਼ ਕੀਰਤਨੀਆਂ ਗੁਰਬਾਣੀ ਦੇ ਇਸ ਫੁਰਮਾਣ "ਸਹਜੇ ਗਾਵਿਆ ਥਾਇ ਪਵੈ॥ ਬਿਨੁ ਸਹਜੇ ਕਥਨੀ ਬਾਦਿ॥[58] ਦਾ ਅਨੁਸਰਨ ਕਰਦੇ ਹੋਏ ਸਹਿਜ ਭਾਵ ਨਾਲ ਕੀਰਤਨ ਕਰਦਾ ਹੈ।

ਇਸ ਤਰ੍ਹਾਂ ਆਦਰਸ਼ ਕੀਰਤਨੀਏ ਨੂੰ ਗੁਰਮਤਿ ਦੀ ਸੋਝੀ, ਗੁਰਮਤਿ ਦਰਸ਼ਨ ਦਾ ਗਿਆਨ, ਇਤਿਹਾਸ ਦਾ ਗਿਆਨ, ਰਹਿਤ ਮਰਿਯਾਦਾ ਦਾ ਗਿਆਨ, ਪੰਥਕ ਰਹਿਣੀ, ਸ਼ਖ਼ਸੀ ਰਹਿਣੀ ਆਦਿ ਪ੍ਰਤੀ ਸੁਚੇਤ ਮਨ ਨਾਲ ਗਿਆਨ ਹਾਸਲ ਕਰਨਾ ਚਾਹੀਦਾ ਹੈ। ਆਦਰਸ਼ ਕੀਰਤਨੀਏ ਲਈ ਜਿੱਥੇ ਗੁਰਮਤਿ ਦੀ ਪਾਲਣਾ ਕਰਨੀ ਜਰੂਰੀ ਹੈ ਉੱਥੇ ਗੁਰਮਤਿ ਸੰਗੀਤ ਦੇ ਪਰਿਪੇਖ ਵਿਚ ਵਿਸ਼ੇਸ਼ ਤੇ ਜਰੂਰੀ ਤਿਆਰੀ ਦੀ ਵੀ ਲੋੜ ਹੈ।

**5.1.2 ਗੁਰਮਤਿ ਸੰਗੀਤ ਅਨੁਸਾਰ ਆਦਰਸ਼ ਕੀਰਤਨੀਆਂ**: ਸਿੱਖ ਧਰਮ ਵਿਚ ਕੀਰਤਨੀਏ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਇੱਕ ਆਦਰਸ਼ ਕੀਰਤਨੀਆਂ ਬਣਨ ਹਿਤ ਉਸ ਨੂੰ ਗੁਰਮਤਿ ਸੰਗੀਤ ਦਾ ਸੰਪੂਰਨ ਗਿਆਨ ਜਰੂਰੀ ਹੈ। ਗੁਰਮਤਿ ਸੰਗੀਤ ਅਨੁਸਾਰ ਆਦਰਸ਼ ਕੀਰਤਨੀਏ ਵਿਚ ਹੇਠ ਲਿਖੇ ਨਿਯਮਾਂ ਦਾ ਗਿਆਨ ਹੋਣਾ ਜਰੂਰੀ ਹੈ:

- ਆਦਰਸ਼ ਕੀਰਤਨੀਏ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦਾ ਪੂਰਨ ਗਿਆਨ ਅਤਿ ਜਰੂਰੀ ਹੈ। ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ, ਰਹਾਉ, ਅੰਕ, ਵਿਭਿੰਨ ਗਾਇਨ ਸ਼ੈਲੀਆਂ, ਵਿਭਿੰਨ ਸੰਗੀਤਕ ਸੰਕੇਤਾਂ, ਸਿਰਲੇਖਾਂ ਆਦਿ ਦੇ ਪ੍ਰਯੋਗ ਤੇ ਗਾਇਨ ਦਾ ਗਿਆਨ ਜਰੂਰੀ ਹੈ। ਉਸ ਨੂੰ ਇਹ ਪਤਾ ਹੋਣਾ ਚਾਹੀਦਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸ਼ਬਦ ਜਿਸ ਰਾਗ, ਜਿਸ ਗਾਇਨ ਸ਼ੈਲੀ ਵਿਚ ਹੈ, ਉਸ ਵਿਚ ਹੀ ਗਾਇਨ ਕਰਨਾ ਹੈ। ਇਸ ਦੇ ਨਾਲ ਸ਼ਬਦ ਵਿਚ ਦਰਜ ਰਹਾਉ ਤੇ ਅੰਕਾਂ ਦਾ ਵੀ ਸਥਾਈ ਤੇ ਅੰਤਰੇ ਗਾਉਣ ਸਮੇਂ ਵਿਸ਼ੇਸ਼ ਧਿਆਨ ਰੱਖਣਾ ਹੈ। ਉਸ ਨੂੰ ਇਸ ਸਿਧਾਂਤ ਦਾ ਪਤਾ ਹੋਣਾ ਚਾਹੀਦਾ ਹੈ ਕਿ ਜਿਨ੍ਹਾਂ ਸ਼ਬਦਾਂ 'ਤੇ ਰਾਗ ਸਿਰਲੇਖ ਦਰਜ਼ ਨਹੀਂ ਉਨ੍ਹਾਂ ਹੀ ਸ਼ਬਦਾਂ ਨੂੰ ਸਮਕਾਲੀ ਸੰਗੀਤ ਦੇ ਰਾਗਾਂ ਅਧੀਨ ਗਾਉਣਾ ਚਾਹੀਦਾ ਹੈ।
- ਆਦਰਸ਼ ਕੀਰਤਨੀਏ ਲਈ ਜਰੂਰੀ ਹੈ ਕਿ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਗਿਆਨ ਦੇ ਨਾਲ-ਨਾਲ ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਯੁਕਤ ਰਾਗਾਂ ਜਾਂ ਗੁਰਮਤਿ ਸੰਗੀਤ ਦੇ ਸਰੋਤਾਂ ਵਿਚ ਪ੍ਰਯੋਗ ਕੀਤੇ ਗਏ ਰਾਗਾਂ ਦਾ ਵੀ ਗਿਆਨ ਹੋਵੇ।
- ਆਦਰਸ਼ ਕੀਰਤਨੀਏ ਹਿਤ ਸ਼ਬਦ ਕੀਰਤਨ ਦੀ ਸ਼ੈਲੀ ਦਾ ਪੂਰਾ ਗਿਆਨ ਹਾਸਲ ਕਰਨਾ ਜਰੂਰੀ ਹੈ । ਇਹ ਕੀਰਤਨ ਸ਼ੈਲੀ ਸਿਰਫ ਖਿਆਲ ਸ਼ੈਲੀ, ਭਜਨ ਸ਼ੈਲੀ, ਲੋਕ ਗਾਇਨ ਦੀ ਸ਼ੈਲੀ ਨਾ ਹੋ ਕੇ ਵਿਸ਼ੇਸ਼ ਮੌਲਿਕ ਸ਼ੈਲੀ ਹੈ। ਇਸ ਨੂੰ ਸ਼ਬਦ ਕੀਰਤਨ ਪ੍ਰਪੱਕ ਕੀਰਤਨੀਆਂ ਹੀ ਨਿਖੇੜ ਜਾਂ ਗਾ ਸਕਦਾ ਹੈ। ਇਸ ਦੇ ਲਈ ਪੁਰਾਤਨ ਕੀਰਤਨੀਆਂ ਦੀ ਕੀਰਤਨ ਸ਼ੈਲੀ ਦਾ ਅਧਿਐਨ ਜਰੂਰੀ ਹੈ।
- ਆਦਰਸ਼ ਕੀਰਤਨੀਏ ਨੂੰ ਗੁਰਮਤਿ ਸੰਗੀਤ ਦੀ ਰੁੱਤਾਂ ਅਧਾਰਿਤ ਕੀਰਤਨ ਪਰੰਪਰਾ ਦਾ ਗਿਆਨ ਵੀ ਜਰੂਰੀ ਹੈ। ਗੁਰਮਤਿ ਸੰਗੀਤ ਵਿਚ ਬਸੰਤ ਰੁੱਤ ਵਿਚ 'ਬਸੰਤ ਰਾਗ' ਦਾ ਸ਼ਬਦ ਅਤੇ 'ਬਸੰਤ

ਕੀ ਵਾਰ' ਵਿਚੋਂ ਪਉੜੀ ਦਾ ਗਾਇਨ ਕਰਨ ਦੀ ਪਰੰਪਰਾ ਹੈ। ਇਸੇ ਤਰ੍ਹਾਂ ਵਰਖਾ ਰੁੱਤ ਵਿਚ ਮਲਾਰ, ਸਾਰੰਗ ਆਦਿ ਰਾਗਾਂ ਵਿਚ ਕੀਰਤਨ ਕਰਨ ਦੀ ਪਰੰਪਰਾ ਹੈ।

- ਆਦਰਸ਼ ਕੀਰਤਨੀਏ ਲਈ ਜਰੂਰੀ ਹੈ ਕਿ ਉਹ ਕੀਰਤਨ ਸਮੇਂ ਗੁਰਬਾਣੀ ਦਾ ਸ਼ੁੱਧ ਉਚਾਰਨ ਕਰੇ। ਗੁਰਬਾਣੀ ਦੇ ਵਿਸ਼ਰਾਮ ਸਹੀ ਸਥਾਨ 'ਤੇ ਲਗਾਏ। ਇਸ ਦੇ ਲਈ ਚੰਗੇ ਅਭਿਆਸ ਦੀ ਲੋੜ ਹੁੰਦੀ ਹੈ।
- ਇੱਕ ਆਦਰਸ਼ ਕੀਰਤਨੀਆਂ ਸ਼ਬਦ ਕੀਰਤਨ 'ਤੇ ਸਮਕਾਲੀ ਚੰਚਲ ਸੰਗੀਤ ਭਾਵ ਫਿਲਮੀ ਟਿਊਨ ਦਾ ਪ੍ਰਭਾਵ ਨਹੀਂ ਪੈਣ ਦਿੰਦਾ। ਉਹ ਸ਼ਬਦ ਕੀਰਤਨ ਦੀਆਂ ਸੰਗੀਤਕ ਰਚਨਾਵਾ ਦਾ ਆਧਾਰ ਪੁਰਾਤਨ ਸ਼ਬਦ ਕੀਰਤਨ ਗਾਇਕੀ ਅਤੇ ਗੁਰਬਾਣੀ ਦੇ ਅਰਥ ਭਾਵ ਨੂੰ ਮੁੱਖ ਰੱਖ ਕੇ ਬਣਾਉਂਦਾ ਹੈ।
- ਆਦਰਸ਼ ਕੀਰਤਨੀਆਂ ਨੂੰ ਗੁਰਬਾਣੀ ਦੀ ਕਿਸੇ ਵਿਸ਼ੇਸ਼ ਤੁਕ ਦੇ ਅਰਥ ਸਪੱਸ਼ਟ ਜਾਂ ਦ੍ਰਿੜ ਕਰਨ ਹਿਤ ਬਾਣੀ ਵਿੱਚੋਂ ਢੁੱਕਵੇਂ ਪ੍ਰਮਾਣ ਦੇਣ ਦੀ ਕਲਾ ਵੀ ਆਉਣੀ ਚਾਹੀਦਾ ਹੈ।
- ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਵਿਚ ਕੀਰਤਨ ਦੌਰਾਨ ਸ਼ਬਦ ਦੀ ਵਿਆਖਿਆ ਕਰਨ ਦੀ ਵੀ ਰੀਤ ਰਹੀ ਹੈ। ਇੱਕ ਆਦਰਸ਼ ਕੀਰਤਨੀਆਂ ਲੋੜ ਅਨੁਸਾਰ ਔਖੇ ਸ਼ਬਦਾਂ ਦੀ ਵਿਆਖਿਆ ਅਰਥਾਂ ਨੂੰ ਸਮਝਣ ਹਿਤ ਸੁਖਾਲਾ ਬਣਾਉਣ ਲਈ ਕਰਦਾ ਹੈ।
- ਆਦਰਸ਼ ਕੀਰਤਨੀਆਂ ਨੂੰ ਸਹੀ ਸਮੇਂ 'ਤੇ ਸਹੀ ਪ੍ਰਮਾਣ ਦੇ ਕੇ ਕੀਰਤਨ ਦੀ ਕਲਾ ਦਾ ਗਿਆਨ ਜਰੂਰੀ ਹੈ। ਇਸ ਤੋਂ ਇਲਾਵਾ ਸਹੀ ਕੀਰਤਨ ਪ੍ਰਕਰਣ ਅਨੁਸਾਰ ਕੀਰਤਨ ਹਿਤ ਸ਼ਬਦਾਂ ਨੂੰ ਚੁਣਨ ਦੀ ਕਲਾ ਦਾ ਗਿਆਨ ਵੀ ਇੱਕ ਆਦਰਸ਼ ਕੀਰਤਨੀਏ ਲਈ ਜਰੂਰੀ ਹੈ।
- ਆਦਰਸ਼ ਕੀਰਤਨੀਏ ਲਈ ਗੁਰਮਤਿ ਸੰਗੀਤ ਦੇ ਸੰਗੀਤ ਸਾਜ਼ਾਂ ਵਿਸ਼ੇਸ਼ ਤੌਰ 'ਤੇ ਤੰਤੀ ਸਾਜ਼ਾਂ ਦਾ ਗਿਆਨ ਜਰੂਰੀ ਚਾਹੀਦਾ ਹੈ। ਤੰਤੀ ਸਾਜ਼ ਗੁਰੂ ਸਾਹਿਬਾਨ ਦੇ ਸਮੇਂ ਤੋਂ ਸ਼ਬਦ ਕੀਰਤਨ ਦਾ ਹਿੱਸਾ ਰਹੇ ਹਨ। ਇਹ ਗੁਰਮਤਿ ਸੰਗੀਤ ਦੇ ਵਿਰਾਸਤੀ ਸਾਜ਼ ਹਨ।
- ਆਦਰਸ਼ ਕੀਰਤਨੀਏ ਨੂੰ ਗੁਰਮਤਿ ਸੰਗੀਤ ਦੀ ਕੀਰਤਨ ਚਉਕੀ ਪਰੰਪਰਾ ਦਾ ਗਿਆਨ ਹਾਸਲ ਕਰਨਾ ਚਾਹੀਦਾ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਤਿੰਨ ਪਹਿਰੇ ਦੀ ਕੀਰਤਨ ਚਉਕੀ ਤੋਂ ਲੈ ਕੇ ਸਮਾਪਤੀ ਦੀ ਕੀਰਤਨ ਚਉਕੀ ਤਕ ਪੰਦਰਾਂ ਕੀਰਤਨ ਚਉਕੀਆਂ ਦਾ ਪ੍ਰਚਲਨ ਰਿਹਾ ਹੈ।[59]

ਜਨਮ ਸਮੇਂ ਤੋਂ ਲੈ ਅਕਾਲ ਚਲਾਣੇ ਦੀ ਕੀਰਤਨ ਪਰੰਪਰਾ ਦਾ ਗਿਆਨ ਵੀ ਇੱਕ ਆਦਰਸ਼ ਕੀਰਤਨੀਏ ਲਈ ਜਰੂਰੀ ਹੈ।

ਇਸ ਦੇ ਨਾਲ-ਨਾਲ ਇੱਕ ਆਦਰਸ਼ ਕੀਰਤਨੀਏ ਲਈ ਜਿੱਥੇ ਗੁਰਮਤਿ ਅਤੇ ਗੁਰਮਤਿ ਸੰਗੀਤ ਦੇ ਸਿਧਾਂਤਾਂ ਦਾ ਗਿਆਨ ਹੋਣਾ ਜਰੂਰੀ ਹੈ ਉੱਥੇ ਉਸ ਦਾ ਸੰਗੀਤਕ ਗਿਆਨ ਵੀ ਪ੍ਰਪੱਕ ਹੋਣਾ ਜਰੂਰੀ ਹੈ।

**5.1.3 ਸੰਗੀਤਕ ਦ੍ਰਿਸ਼ਟੀ ਤੋਂ ਆਦਰਸ਼ ਕੀਰਤਨੀਆਂ:** ਗੁਰਮਤਿ ਸੰਗੀਤ ਦਾ ਅਧਾਰ ਸ੍ਰੀ ਗੁਰੂ ਗ੍ਰੰਥ ਸਹਿਬ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਰਚਨਾ ਸੰਗੀਤਮਈ ਹੈ। ਇਸ ਲਈ ਇੱਕ ਕੀਰਤਨੀਏ ਲਈ ਗੁਰਮਤਿ ਦਾ ਗਿਆਨ ਹੋਣਾ ਜਰੂਰੀ ਹੈ ਉੱਥੇ ਸੰਗੀਤ ਵਿਚ ਲੋੜੀਦੀ ਮੁਹਾਰਤ ਵੀ ਜਰੂਰੀ ਹੈ।

- ਆਦਰਸ਼ ਕੀਰਤੀਨੀਏ ਲਈ ਜਰੂਰੀ ਹੈ ਕਿ ਸੰਗੀਤ ਦੀ ਲੋੜੀਂਦੀ ਸਿੱਖਿਆ ਵਿਧੀਬਧ ਰੂਪ ਵਿਚ ਗ੍ਰਹਿਣ ਕਰੇ।
- ਆਦਰਸ਼ ਕੀਰਤਨੀਏ ਲਈ ਸੁਰੀਲੀ ਅਵਾਜ ਦਾ ਹੋਣਾ ਵੀ ਜਰੂਰੀ ਹੈ। ਮਿੱਠੀ ਸੁਰੀਲੀ ਅਵਾਜ ਦੀ ਤਾਂ ਗੁਰਬਾਣੀ ਵੀ ਗਵਾਹੀ ਭਰਦੀ ਹੈ।[60] ਇਸ ਲਈ ਜੇ ਕੀਰਤਨੀਏ ਦਾ ਕੰਠ ਕੁਦਰਤੀ ਸੁਰੀਲਾ ਹੈ ਜਾਂ ਨਹੀਂ ਹੈ ਦੋਵਾਂ ਹੀ ਸੂਰਤਾਂ ਵਿਚ ਲੋੜੀਂਦਾ ਪ੍ਰਤੀਦਿਨ ਕੰਠ ਸਾਧਨਾ ਤੇ ਰਿਆਜ਼ ਜਰੂਰੀ ਹੈ।
- ਹਰ ਕੀਰਤਨੀਏ ਦੇ ਸੁਰ ਲਗਾਉਣ ਦਾ ਆਪਣਾ-ਆਪਣਾ ਅੰਦਾਜ਼ ਹੁੰਦਾ ਹੈ ਰਿਆਜ਼ ਨਾਲ ਉਸ ਅੰਦਾਜ਼ ਵਿਚ ਖਾਸ ਗੁਣ ਪੈਦਾ ਕੀਤਾ ਜਾ ਸਕਦਾ ਹੈ।
- ਕੀਰਤਨ ਹੈ ਹੀ ਮਨ ਜਾਂ ਹਿਰਦੇ ਦੀ ਗੱਲ ਇਸ ਲਈ ਹਿਰਦੇ ਤੋਂ ਭਾਵ ਮਨ ਤੋਂ ਕੀਰਤਨ ਕਰਨ ਹਿਤ ਕੀਰਤਨੀਏ ਨੂੰ ਚਾਹੀਦਾ ਹੈ ਕਿ ਉਹ ਅਵਾਜ਼ ਹਿਰਦੇ ਵਿਚੋਂ ਕੱਢੇ। ਉਸ ਦੀ ਅਵਾਜ਼ ਵਿਚ ਵਿਸ਼ੇਸ਼ ਤਰ੍ਹਾਂ ਦੀ ਗੂੰਜ ਹੋਵੇ ਭਾਵ ਆਵਾਜ਼ ਫਿੱਕੀ ਨਾ ਲੱਗੇ। ਕੀਰਤਨੀਏ ਨੂੰ ਆਪਣੀ ਅਵਾਜ਼ 'ਤੇ ਸਤਰਕਤਾ ਦੇ ਨਾਲ ਧਿਆਨ ਦੇਣਾ ਚਾਹੀਦਾ ਹੈ। ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਅਵਾਜ਼ ਨੱਕ ਵਿੱਚੋਂ ਹੀ ਨਾ ਨਿਕਲਦੀ ਹੋਵੇ। ਉਸ ਨੂੰ ਆਪਣੀ ਆਵਾਜ਼ ਤਿੰਨ ਸਪਤਕਾਂ ਵਿਚ ਅਸਾਨੀ ਨਾਲ ਲਗਾਉਣ ਦਾ ਅਭਿਆਸ ਕਰਨਾ ਚਾਹੀਦਾ ਹੈ।

- ਇੱਕ ਆਦਰਸ਼ ਕੀਰਤਨੀਏ ਲਈ ਸੰਗੀਤ ਦੇ ਲੋੜੀਂਦੇ ਸੰਗੀਤ ਸ਼ਾਸਤਰ ਦਾ ਗਿਆਨ ਵੀ ਜਰੂਰੀ ਹੈ। ਉਸ ਨੂੰ ਕੋਮਲ, ਸ਼ੁੱਧ, ਤੀਬਰ ਆਦਿ ਸੁਰਾਂ ਦਾ ਵੀ ਗਿਆਨ ਹੋਵੇ। ਸੁਰ ਦਾ ਲਗਾਵ, ਗਮਕ, ਮੀਡ, ਅਲਾਪ ਆਦਿ ਦੀ ਜਾਣਕਾਰੀ ਹੋਵੇ।
- ਆਦਰਸ਼ ਕੀਰਤਨੀਏ ਲਈ ਗੁਰਮਤਿ ਸੰਗੀਤ ਪਰੰਪਰਾਂ ਵਿਚ ਪ੍ਰਯੁਕਤ ਰਾਗਾਂ ਅਤੇ ਉਨ੍ਹਾਂ ਦੇ ਸਰੂਪਾਂ ਦਾ ਗਿਆਨ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਸ ਲਈ ਰਾਗਾਂ ਦੇ ਸਮੇਂ ਸਿਧਾਂਤ, ਰਾਗਾਂ ਦੇ ਰਸ ਬਾਰੇ ਤੇ ਰਾਗਾਂ ਦੇ ਸਹੀ ਪ੍ਰਯੋਗ ਬਾਰੇ ਗਿਆਨ ਵੀ ਜਰੂਰੀ ਹੈ ।
- ਆਦਰਸ਼ ਕੀਰਤਨੀਏ ਨੂੰ ਲੈਅ, ਤਾਲ, ਵਿਵਿਧ ਤਾਲਾਂ ਦਾ ਗਿਆਨ ਵੀ ਜਰੂਰੀ ਹੈ।
- ਆਦਰਸ਼ ਕੀਰਤਨੀਏ ਲਈ ਸੰਗੀਤ ਅਲੰਕਾਰਾਂ ਦਾ ਅਭਿਆਸ ਵੀ ਜਰੂਰੀ ਹੈ। ਇਸ ਨਾਲ ਸ਼ਬਦ ਕੀਰਤਨ ਵਿਚ ਲੋੜ ਪੈਣ 'ਤੇ ਇਨ੍ਹਾਂ ਅਧਾਰਿਤ ਸੁਰ-ਸੰਗਤੀਆਂ ਨੂੰ ਪ੍ਰਯੋਗ ਅਧੀਨ ਲਿਆਂਦਾ ਜਾ ਸਕੇ।
- ਆਦਰਸ਼ ਕੀਰਤਨੀਏ ਹਿਤ ਸਮਕਾਲੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਜਿਵੇਂ ਧਰੁਪਦ, ਧਮਾਰ, ਖ਼ਿਆਲ, ਹੋਲੀ, ਗਜ਼ਲ, ਲੋਕ ਗਾਇਨ ਸ਼ੈਲੀਆਂ ਵਾਰਾਂ, ਅਲਾਹਣੀਆਂ, ਘੋੜੀਆਂ ਆਦਿ ਦਾ ਗਿਆਨ ਵੀ ਹਾਸਿਲ ਕਰਨਾ ਜਰੂਰੀ ਹੈ। ਇਸ ਤੋਂ ਇਲਾਵਾ ਸੰਗੀਤ ਦੇ ਰਾਗ ਸ਼ਾਸਤਰ, ਸੰਗੀਤਕ ਸਾਜ਼ਾਂ ਆਦਿ ਦਾ ਲੋੜੀਂਦਾ ਗਿਆਨ ਵੀ ਜਰੂਰੀ ਹੈ।

ਉਕਤ ਵਿਚਾਰ ਚਰਚਾ ਤੋਂ ਸਾਡੇ ਸਾਹਮਣੇ ਆਦਰਸ ਕੀਰਤਨੀਆਂ ਹਿਤ ਕੀਰਤਨੀਏ ਦੀ ਇੱਕ ਅਜਿਹੀ ਵਿਸ਼ੇਸ਼ ਸ਼ਖ਼ਸੀਅਤ ਪ੍ਰਤੱਖ ਹੁੰਦੀ ਹੈ ਜਿਸ ਵਿਚ ਗੁਰੂ ਨੂੰ ਸਮਰਪਿਤ, ਗੁਰੂ ਪ੍ਰਤੀ ਸ਼ਰਧਾ, ਉੱਚਾ ਸੁੱਚਾ ਜੀਵਨ ਆਚਰਣ, ਗੁਰੂ ਪ੍ਰਤੀ ਅਤਿ ਦੀ ਨਿਮਾਣਤਾ, ਨਿਸ਼ਕਾਮਤਾ, ਗੁਰਮਤਿ ਦਾ ਧਾਰਨੀ, ਸੰਗੀਤ ਕਲਾ ਵਿਚ ਮੁਹਾਰਤ, ਗੁਰਮਤਿ ਸੰਗੀਤ ਵਿਚ ਪ੍ਰਪੱਕਤਾ ਆਦਿ ਗੁਣਾਂ ਦੀ ਭਰਮਾਰ ਹੈ। ਉਕਤ ਤੋਂ ਇੱਕ ਕੀਰਤਨਕਾਰ ਦੀ ਜੋ ਸ਼ਖ਼ਸੀਅਤ ਉਘੜ ਕੇ ਸਾਹਮਣੇ ਆਉਂਦੀ ਹੈ ਉਹ ਗੁਰਮਤਿ, ਸੰਗੀਤ ਅਤੇ ਗੁਰਮਤਿ ਸੰਗੀਤ ਦਾ ਸੁਮੇਲ ਹੈ। ਸਿੱਖ ਧਰਮ ਵਿਚ ਕੀਰਤਨੀਆਂ ਸਬੰਧੀ ਉਪਰੋਕਤ ਵਿਚਾਰ ਚਰਚਾ ਤੋਂ ਪ੍ਰਾਪਤ ਗੁਣਾਂ ਤੇ ਲੱਛਣਾਂ ਦੇ ਅਧਾਰ 'ਤੇ ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ ਹੇਠ ਲਿਖੇ ਅਨੁਸਾਰ ਵਿਚਾਰ ਸਕਦੇ ਹਾਂ।

## 5.2 ਰਾਗੀ ਭਾਈ ਜੁਵਾਲਾ ਸਿੰਘ ਅਦਰਸ਼ਕ ਗੁਰਸਿੱਖ ਕੀਰਤਨੀਏਂ ਵਜੋਂ

ਭਾਈ ਜੁਵਾਲਾ ਸਿੰਘ ਦਾ ਕਾਲ 1879 ਈਸਵੀ ਤੋਂ 1952 ਤਕ ਦਾ ਹੈ। ਉਨ੍ਹਾਂ ਦੇ ਸਮਕਾਲੀਨ ਤੇ ਪੂਰਵ ਰਬਾਬੀ ਤੇ ਰਾਗੀ ਕੀਰਤਨੀਏ ਗੁਰੂ ਘਰਾਂ ਵਿਚ ਸ਼ਬਦ ਕੀਰਤਨ ਕਰਦੇ ਰਹੇ। ਰਬਾਬੀ ਕੀਰਤਨੀਆਂ ਦੇ ਹਵਾਲੇ ਨਾਲ ਉਸ ਸਮੇਂ ਗੁਰੂ ਘਰਾਂ ਵਿਚ ਕਲਾਤਮਕ ਤੌਰ 'ਤੇ ਪਰਪੱਕ ਰਬਾਬੀ ਕੀਰਤਨੀਏ ਵੀ ਕੀਰਤਨ ਕਰਦੇ ਰਹੇ ਭਾਵੇਂ ਅੰਮ੍ਰਿਤਧਾਰੀ ਰਾਗੀਆਂ ਵਾਗੂੰ ਉਹ ਸਿੱਖੀ ਵਿਚ ਪ੍ਰਪੱਕ ਨਹੀਂ ਵੀ ਸਨ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸੱਤ ਰਬਾਬੀਆਂ ਤੇ ਅੱਠ ਰਾਗੀਆਂ ਦੀਆਂ ਕੀਰਤਨ ਚਉਕੀਆਂ ਦੀ ਪਰੰਪਰਾ ਸੀ।[61] ਰਾਗੀ ਭਾਈ ਜੁਵਾਲਾ ਸਿੰਘ ਤੋਂ ਪੂਰਵ ਤੇ ਸਮਕਾਲੀ ਰਬਾਬੀਆਂ ਕੀਰਤਨੀਆਂ[62] ਵਿਚੋਂ ਭਾਈ ਸਾਈਂ ਦਿੱਤਾ, ਭਾਈ ਹੀਰਾ, ਭਾਈ ਜੈਮਲ, ਭਾਈ ਕਾਲੂ, ਭਾਈ ਹੁਸੈਨਾ, ਭਾਈ ਨੱਥੂ, ਭਾਈ ਕਰਮਾ, ਭਾਈ ਮੋਤੀ, ਭਾਈ ਤਾਬਾ, ਭਾਈ ਲਾਲ, ਭਾਈ ਛੈਲ, ਭਾਈ ਨਸੀਰਾ, ਭਾਈ ਗੁਰਮੁਖ ਸਿੰਘ ਸੁਰਮਖ ਸਿੰਘ ਫੱਕਰ, ਭਾਈ ਜੱਸਾ ਭਾਈ ਪਾਲਾ, ਭਾਈ ਚਾਂਦ ਆਦਿ ਅਤੇ ਰਾਗੀ ਕੀਰਤਨੀਆਂ ਵਿਚੋਂ ਭਾਈ ਮਨਸ਼ਾ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੰਤਾ ਸਿੰਘ, ਭਾਈ ਸੁੰਦਰ ਸਿੰਘ, ਭਾਈ ਸੁਰਜਨ ਸਿੰਘ, ਭਾਈ ਮਹਿਤਾਬ ਸਿੰਘ(ਜੋੜੀ ਵਾਦਕ), ਭਾਈ ਪ੍ਰਤਾਪ ਸਿੰਘ, ਭਾਈ ਵਸਾਵਾ ਸਿੰਘ, ਭਾਈ ਸ਼ਰਧਾ ਸਿੰਘ, ਭਾਈ ਹੀਰਾ ਸਿੰਘ ਆਦਿ ਦੇ ਨਾਮ ਪ੍ਰਮੁਖ ਹੈ।[63] ਇਸ ਦੇ ਨਾਲ ਢਾਡੀ ਵੀ ਗੁਰਬਾਣੀ ਦਾ ਗਾਇਨ ਕਰਦੇ ਸਨ ਉਨ੍ਹਾਂ ਦੁਆਰਾ ਖਾਸ ਕਰਕੇ ਪੇਂਡੂ ਇਲਾਕਿਆਂ ਵਿਚ ਜਨਮ ਸੰਸਕਾਰ, ਅਨੰਦ ਸੰਸਕਾਰ ਆਦਿ ਵੀ ਕਰਵਾਏ ਜਾਂਦੇ ਰਹੇ। ਗੁਰਸਿੱਖੀ ਜੀਵਨ ਦੇ ਸੰਦਰਭ ਵਿਚ ਢਾਡੀ ਵੀ ਵਾਝੇਂ ਹੀ ਰਹੇ। ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਚੀਫ਼ ਖਾਲਸਾ ਦੀਵਾਨ, ਬੱਬਰ ਅਕਾਲੀ ਲਹਿਰ, ਸ੍ਰੋਮਣੀ ਗੁਰਦੁਆਰਾ ਕਮੇਟੀ ਦੀ ਸਥਾਪਤੀ, ਸਿੱਖ ਰਹਿਤ ਮਰਯਾਦਾ ਦਾ ਕਾਇਮ ਹੋਣਾ ਆਦਿ ਦੇ ਪ੍ਰਭਾਵ ਸਦਕਾ ਸਿੱਖ ਸਮਾਜ ਵਿਚ ਜਾਗ੍ਰਿਤੀ ਆਈ। ਇਸ ਦੇ ਕਾਰਨ ਜਿੱਥੇ ਗੁਰਮਤਿ ਦਾ ਸਿਧਾਂਤ ਦ੍ਰਿੜ ਕਰਵਾਇਆ ਜਾਣ ਲੱਗਾ ਉੱਥੇ ਸਿੱਖ ਕੀਰਤਨੀਆਂ ਲਈ ਕਈ ਮਾਪਦੰਡ ਤਹਿ ਕੀਤੇ ਗਏ ਜਿਵੇਂ ਕੀਰਤਨ ਸਿਰਫ ਸਿੱਖ ਹੀ ਕਰ ਸਕਦਾ ਹੈ, ਕੀਰਤਨ ਲਈ ਬਾਣੀ ਨਿਰਧਾਰਿਤ ਕੀਤੀ ਗਈ, ਰਾਗਾਂ ਵਿਚ ਕੀਰਤਨ ਕਰਨ ਦੀ ਵੀ ਹਦਾਇਤ ਦਿੱਤੀ ਗਈ ਆਦਿ।[64] ਇਹ ਸਾਰੇ ਸਿਧਾਂਤ 'ਸਿੱਖ ਰਹਿਤ ਮਰਯਾਦਾ' ਦੇ ਰੂਪ ਵਿਚ ਹੋਂਦ ਵਿਚ ਆਏ। ਇਸ ਵਿਚ ਸਿੱਖ ਨੂੰ ਪ੍ਰਭਾਸ਼ਿਤ ਕੀਤਾ ਗਿਆ। ਸਿੱਖ ਦੇ ਗੁਰਮਤਿ ਅਨੁਸਾਰੀ ਕਰਮ

ਕਾਂਡ ਨਿਰਧਾਰਿਤ ਕੀਤੇ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਅਤੇ ਅਕਾਲ ਪੁਰਖ ਨੂੰ ਇਸ਼ਟ ਰੂਪ ਮੰਨਣ ਦੀ ਤਾਕੀਦ ਕੀਤੀ ਗਈ।

'ਸਿੱਖ ਰਹਿਤ ਮਰਯਾਦਾ' ਦੇ ਰੂਪ ਵਿਚ ਜਿਸ ਗੁਰਸਿੱਖ ਕੀਰਤਨੀਏ ਦਾ ਜ਼ਿਕਰ ਕੀਤਾ ਗਿਆ ਅਤੇ ਸਿੱਖ ਇਤਿਹਾਸ ਵਿੱਚੋਂ ਭਾਈ ਮਰਦਾਨੇ ਦੇ ਰੂਪ ਸਮਰਪਿਤ, ਨਿਮਾਣਤਾ, ਨਿਸ਼ਕਾਮਤਾ, ਸੰਗੀਤਕ ਮੁਹਾਰਤਾ ਭਾਈ ਬਾਬਕ ਦੇ ਰੂਪ ਵਿਚ ਸੰਗੀਤ ਮੁਹਾਰਤਾ ਦੇ ਨਾਲ-ਨਾਲ ਤੇਗ ਦਾ ਨਸ਼ਬਦ ਗੁਣ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਰੂਪ ਵਿਚ ਕੀਰਤਨ ਪਿਆਰ ਦੇ ਨਾਲ-ਨਾਲ ਕੌਮ ਦੀ ਅਗਵਾਈ ਕਰਨ ਦਾ ਜਜ਼ਬਾ ਆਦਿ ਗੁਰਸਿੱਖ ਕੀਰਤਨੀਏ ਦੀ ਜੋ ਜਰੂਰੀ ਉਭਰ ਕੇ ਸਾਹਮਣੇ ਆਉਂਦੀ ਹੈ ਉਸ ਨੂੰ ਉਸ ਸਮੇਂ (20ਵੀਂ ਸਦੀ ਦੇ ਪਹਿਲੇ ਅੱਧ ਵਿਚ) ਮੁੜ ਸੁਰਜੀਤ ਕਰਨ ਦਾ ਜਿੰਮਾ ਉਸ ਵਕਤ ਦੇ ਕੀਰਤਨੀਆਂ ਦੇ ਸਿਰ ਸੀ। ਉਨ੍ਹਾਂ ਕੀਰਤਨੀਆਂ ਵਿਚ ਭਾਈ ਜੁਵਾਲਾ ਸਿੰਘ, ਭਾਈ ਸੁਧ ਸਿੰਘ ਜੀ ਪਰਧਾਨ, ਭਾਈ ਭਾਗ ਸਿੰਘ, ਭਾਈ ਹੀਰਾ ਸਿੰਘ, ਭਾਈ ਗੁਰਬਖਸ਼ ਸਿੰਘ ਰਬਾਬੀ, ਭਾਈ ਰਣਜੋਧ ਸਿੰਘ ਰਬਾਬੀ, ਭਾਈ ਜਸਵੰਤ ਸਿੰਘ ਰਬਾਬੀ, ਭਾਈ ਗੁਰਮੁਖ ਸਿੰਘ ਫੱਕਰ, ਭਾਈ ਸਨਮੁਖ ਸਿੰਘ, ਭਾਈ ਹਰੀ ਸਿੰਘ, ਭਾਈ ਸਮੁੰਦ ਸਿੰਘ, ਗਿਆਨੀ ਉੱਤਮ ਸਿੰਘ ਆਦਿ ਦੇ ਨਾਮ ਪ੍ਰਮੁਖ ਹਨ। ਇਨ੍ਹਾਂ ਗੁਰਸਿੱਖ ਕੀਰਤਨੀਆਂ ਵਿਚੋਂ ਰਾਗੀ ਭਾਈ ਜੁਵਾਲਾ ਸਿੰਘ, ਭਾਈ ਹੀਰਾ ਸਿੰਘ, ਭਾਈ ਗੁਰਮੁਖ ਸਿੰਘ ਫੱਕਰ, ਭਾਈ ਸੁੰਦਰ ਸਿੰਘ, ਭਾਈ ਹਰੀ ਸਿੰਘ, ਗਿਆਨੀ ਉੱਤਮ ਸਿੰਘ ਆਦਿ ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਲਹਿਰ ਆਦਿ ਵਿਚ ਸਰਗਰਮ ਰਹੇ ਸਨ। ਰਾਗੀ ਭਾਈ ਜੁਵਾਲਾ ਸਿੰਘ ਨੇ ਗੁਰਸਿੱਖ ਕੀਰਤਨੀਆਂ ਦੇ ਰੂਪ ਵਿਚ ਆਪਣੇ ਆਪ ਨੂੰ ਢਾਲ ਕੇ ਭਵਿੱਖਤ ਕੀਰਤਨੀਆਂ ਲਈ ਆਦਰਸ਼ ਕਾਇਮ ਕਰਨ ਵਿਚ ਆਖਰੀ ਪਲ ਤਕ ਯਤਨਸ਼ੀਲ ਰਹੇ। ਸਿੱਖ ਸੁਧਾਰਕਾਂ ਨੇ ਜੋ ਗੁਣ ਇੱਕ ਸਿੱਖ ਜਾਂ ਗੁਰਸਿੱਖ ਦੇ ਨਿਰਧਾਰਿਤ ਕੀਤੇ ਸਨ ਉਸ ਨੂੰ ਪੈਦਾ ਕਰਨਾ ਉਸ ਵਕਤ ਦੇ ਕੀਰਤਨੀਆਂ ਜਾਂ ਪ੍ਰਚਾਰਕਾਂ ਲਈ ਚਣੌਤੀ ਸੀ। ਰਾਗੀ ਭਾਈ ਜੁਵਾਲਾ ਸਿੰਘ ਨੇ ਉਸ ਚਣੌਤੀ ਨੂੰ ਸਵੀਕਾਰਦੇ ਹੋਏ ਆਪਣੇ ਜੀਵਨ ਨੂੰ ਗੁਰਮਤਿ ਦੇ ਅਨੁਸਾਰੀ ਬਣਾਇਆ ਤੇ ਕੀਰਤਨੀਆਂ ਲਈ ਆਦਰਸ਼ ਕਾਇਮ ਕੀਤਾ।

ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਖ਼ਸੀ ਰਹਿਣੀ ਸਿੱਖ ਰਹਿਤ ਮਰਯਾਦਾ ਅਨੁਸਾਰ ਆਦਰਸ਼ਕ ਹੋ ਨਿਬੜ ਦੀ ਹੈ। ਸਿੱਖ ਰਹਿਤ ਮਰਯਾਦਾ ਵਿਚ ਇੱਕ ਗੁਰਸਿੱਖ ਦੀ ਸ਼ਖ਼ਸੀ ਰਹਿਣੀ ਦਾ ਪੈਮਾਨਾ *ਨਾਮ ਬਾਣੀ ਦਾ ਅਭਿਆਸ, ਗੁਰਮਤਿ ਰਹਿਣੀ, ਸੇਵਾ* ਰੱਖਿਆ ਗਿਆ ਹੈ ਜਿਸ ਦਾ ਅਸੀਂ ਪਹਿਲਾਂ ਉਪਰ ਜ਼ਿਕਰ ਕਰ ਆਏ ਹਾਂ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਸ਼ਖ਼ਸੀ ਜੀਵਨ ਦੇਖੀਏ ਤਾਂ ਉਹ ਪੂਰਨ ਦਿਖਦੇ ਨਜ਼ਰੀ ਆਉਂਦੇ ਹਨ।



ਭਾਈ ਸਾਹਿਬ ਭਾਈ ਜੁਵਾਲਾ ਸਿੰਘ ਜੀ

**5.2.1 ਨਾਮ ਬਾਣੀ ਦੇ ਅਭਿਆਸੀ:** ਰਾਗੀ ਭਾਈ ਜੁਵਾਲਾ ਸਿੰਘ ਨਾਮ ਬਾਣੀ ਦੇ ਅਭਿਆਸੀ ਸਨ। ਆਪ ਨਿਤਨੇਮ (ਮਰਿਯਾਦਤ ਬਾਣੀਆਂ) ਦੇ ਪੱਕੇ ਸਨ ਭਾਵ ਆਪ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਕਰਦੇ ਸਨ। ਨਿਤਨੇਮ ਦੀਆਂ ਬਾਣੀਆਂ ਦੇ ਨਾਲ ਆਪ ਸੁਖਮਨੀ ਸਾਹਿਬ ਦੀ ਬਾਣੀ ਦਾ ਪਾਠ ਵੀ ਨਿਤਨੇਮ ਦੀ ਤਰ੍ਹਾਂ ਕਰਦੇ ਸਨ। ਇਸ ਦੇ ਨਾਲ ਨਾਲ ਆਪ ਹਰ ਸਮੇਂ ਸਹਿਜ ਪਾਠ ਆਰੰਭ ਕਰਕੇ ਰੱਖਦੇ ਸਨ।[65] ਆਪ ਨੂੰ ਵੱਡੀ ਗਿਣਤੀ ਵਿਚ ਬਾਣੀ ਕੰਠ ਸੀ।

**5.2.2 ਗੁਰਮਤਿ ਰਹਿਣੀ:** ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਖ਼ਸੀ ਰਹਿਣੀ ਗੁਰਮਤਿ ਅਨੁਸਾਰ ਸੀ। ਆਪ ਪੂਰਨ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਨਿਸ਼ਚਾ ਰੱਖਦੇ ਸਨ। ਸਿੱਖਾਂ ਵਿਚ ਫੈਲੇ ਅੰਧ ਵਿਸ਼ਵਾਸ਼ਾਂ, ਪਾਖੰਡਾਂ ਆਦਿ ਦਾ ਆਪ ਨੇ ਗੁਰਬਾਣੀ ਦੇ ਅਧਾਰ 'ਤੇ ਜਿੱਥੇ ਖੰਡਨ ਕੀਤਾ ਉੱਥੇ ਆਪਣੇ ਜੀਵਨ ਵਿਚ ਇਨ੍ਹਾਂ

ਨੂੰ ਬਿਲਕੁਲ ਸਥਾਨ ਨਹੀਂ ਦਿੱਤਾ। ਆਪ ਨੇ ਗੁਰਮਤਿ 'ਤੇ ਪਹਿਰਾ ਦਿੰਦੇ ਹੋਏ ਕਈ ਵਾਰ ਜਿੱਥੇ ਗੁਰਮਤਿ ਦੇ ਸਿਧਾਂਤ ਦੇ ਉਲਟ ਗੱਲ ਹੁੰਦੀ ਤਾਂ ਉਸ ਦਾ ਵਿਰੋਧ ਕੀਤਾ ਤੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਇਸ ਦੇ ਬਾਵਜੂਦ ਜੇ ਪਰਿਵਾਰ ਜਾਂ ਪ੍ਰਬੰਧਕ ਨਹੀਂ ਮੰਨਦੇ ਤਾਂ ਕੀਰਤਨ ਭੇਟਾ ਦੀ ਪਰਵਾਹ ਕੀਤੇ ਬਿਨਾਂ ਪਰਤ ਆਉਂਦੇ ਸਨ। ਇਸੇ ਤਰ੍ਹਾਂ ਆਪ ਗੁਰਮਤਿ ਦੇ ਉਲਟ ਹੁੰਦੇ ਕਾਰਜਾਂ ਦੇ ਵਿਰੋਧ ਕਰਨ ਵੇਲੇ ਸਾਹਮਣੇ ਵਿਚ ਨਹੀਂ ਦੇਖਦੇ ਸਨ ਕਿ ਉਸ ਦਾ ਕੀ ਰੁੱਤਬਾ ਹੈ ਆਪ ਬਸ ਗੁਰਮਤਿ ਦੀ ਗੱਲ ਕਰਕੇ ਹੀ ਰਹਿੰਦੇ ਸਨ।[66] ਸਿੱਖ ਰਹਿਤ ਮਰਯਾਦਾ ਵਿਚ ਸਿੱਖ ਲਈ ਜਿੱਥੇ ਆਪ ਗੁਰਸਿਖੀ ਤੇ ਗੁਰਮੁਖੀ ਪੜ੍ਹਨੀ ਤੇ ਸਿੱਖਣੀ ਜਰੂਰੀ ਹੈ ਉੱਥੇ ਆਪਣੇ ਬੱਚਿਆਂ ਨੂੰ ਵੀ ਇਹ ਵਿੱਦਿਆ ਦਿਵਾਉਣੀ ਲਾਜ਼ਮੀ ਹੈ।[67] ਇਸ ਸੰਦਰਭ ਵਿਚ ਜਿੱਥੇ ਆਪ ਨੇ ਗੁਰਮੁਖੀ ਤੇ ਗੁਰਮਤਿ ਦੀ ਸਿੱਖਿਆ ਪ੍ਰਾਪਤ ਕੀਤੀ ਉੱਥੇ ਆਪਣੇ ਸਪੁੱਤਰਾਂ ਨੂੰ ਵੀ ਇਸ ਦੀ ਵਿੱਦਿਆ ਦਿੱਤੀ। ਇਥੋਂ ਤਕ ਕੇ ਆਪ ਨੇ ਆਪਣੇ ਵੱਡੇ ਸਪੁੱਤਰਾਂ ਰਾਗੀ ਭਾਈ ਗੁਰਚਰਨ ਸਿੰਘ ਤੇ ਰਾਗੀ ਭਾਈ ਅਵਤਾਰ ਸਿੰਘ ਨੂੰ ਇਸੇ ਪਾਸੇ ਤੋਰਿਆ ਜਿਨ੍ਹਾਂ ਨੇ ਸਿੱਖ ਜਗਤ ਵਿਚ ਬਹੁਤ ਨਾਮਣਾ ਖੱਟਿਆ। ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਵਿੱਚੋਂ ਗੁਰਮਤਿ ਦੀ ਰਹਿਣੀ ਨੂੰ ਦੇਖਿਆ ਜਾ ਸਕਦਾ ਹੈ।

**5.2.3 ਸੇਵਾ**: ਸਿੱਖੀ ਜੀਵਨ ਵਿਚ ਸੇਵਾ ਨੂੰ ਅਹਿਮ ਸਥਾਨ ਪ੍ਰਾਪਤ ਹੈ। ਸਿੱਖ ਇਤਿਹਾਸ ਵਿਚ ਸੇਵਾ ਦਾ ਸੰਕਲਪ ਬਹੁਤ ਵੱਡਾ ਹੈ। ਸਿੱਖ ਧਰਮ ਦੇ ਪ੍ਰਥਮ ਗੁਰੂ ਤੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲੋੜਵੰਦ ਰਾਹਗੀਰਾਂ ਦੀ ਅੰਨ ਨਾਲ ਮਦਦ ਕਰਨਾ ਇਸ ਦੀ ਮੁੱਢਲੀ ਤੇ ਅਹਿਮ ਉਦਾਹਰਣ ਹੈ।[68] ਸੇਵਾ ਕਈ ਪ੍ਰਕਾਰ ਦੀ ਮੰਨੀ ਗਈ ਹੈ ਜਿਵੇਂ ਹੱਥੀ ਸੇਵਾ ਕਰਨਾ, ਲੋੜਵੰਦਾਂ ਦੀ ਸਹਾਇਤਾ ਕਰਨਾ, ਦਸਵੰਦ ਕੱਢਣਾ, ਪੰਥਕ ਕਾਰਜਾਂ ਵਿਚ ਨਿਸ਼ਕਾਮਤਾ ਨਾਲ ਹਿੱਸਾ ਪਾਉਣਾ, ਗੁਰਧਾਮਾਂ, ਗੁਰੂ ਦੇ ਲੰਗਰਾਂ ਹਿਤ ਮਾਇਆ ਜਾਂ ਰਸਤਾਂ ਬਸਤਾਂ ਰਾਹੀਂ ਹਿੱਸਾ ਪਾਉਣਾ ਆਦਿ। ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ 'ਤੇ ਝਾਤ ਮਾਰਿਆਂ ਇਹ ਸਹਿਜੇ ਹੀ ਸਾਹਮਣੇ ਆਉਂਦਾ ਹੈ ਕਿ ਆਪ ਦੀ ਬਿਰਤੀ ਸੇਵਾ ਭਾਵਨਾ ਵਾਲੀ ਰਹੀ ਹੈ। ਇਸ ਪਰਿਪੇਖ ਵਿਚ ਆਪ ਵਲੋਂ ਕੀਤੀ ਸੇਵਾ ਭਾਵੇਂ ਉਹ ਲੜਕੀਆਂ ਦੇ ਸਕੂਲ ਹਿਤ ਮਾਇਆ ਦੇਣਾ ਹੋਵੇ[69], ਪੰਥਕ ਕਾਰਜ਼ਾਂ ਤੇ ਦੇਸ਼ ਹਿਤ ਸੰਘਰਸ਼ਸ਼ੀਲ ਜੁਝਾਰੂਆਂ ਮਾਇਆ ਤੇ ਹੋਰ ਪਹੁੰਚ ਮੁਤਾਬਕ ਮਦਦ[70], ਦੇਸ਼ ਬਟਵਾਰੇ ਕਾਰਨ ਬਣੇ ਲੋੜਵੰਦ ਪਰਿਵਾਰਾਂ ਦੀ ਸਹਾਇਤਾ ਆਦਿ ਸ਼ਾਮਿਲ ਹੈ। ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਖ਼ਸੀ ਰਹਿਣੀ ਗੁਰਸਿੱਖਾਂ ਵਾਲੀ (ਜਿਸ ਦਾ ਸਿੱਖ ਰਹਿਤ ਮਰਿਯਾਦਾ ਵਿਚ ਜ਼ਿਕਰ ਹੈ) ਸੀ ਜੋ ਕਿ

ਉਕਤ ਤੋਂ ਸਪੱਸ਼ਟ ਹੈ ਉਸੇ ਤਰ੍ਹਾਂ ਭਾਈ ਜੁਵਾਲਾ ਸਿੰਘ ਦੀ ਪੰਥਕ ਰਹਿਣੀ ਵੀ *ਸਿੱਖ ਰਹਿਤ ਮਰਯਾਦਾ* ਅਨੁਸਾਰ ਵਿਸ਼ੇਸ਼ ਹੈ। ਰਾਗੀ ਭਾਈ ਜੁਵਾਲਾ ਸਿੰਘ ਪੰਥਕ ਰਹਿਣੀ ਦੇ ਮਾਲਕ ਸਨ। ਆਪ ਦੀ ਦਿੱਖ ਪਰੰਪਰਾਗਤ ਸਿੱਖਾਂ ਵਾਲੀ ਸੀ। ਸਿੱਖ ਸਿਧਾਂਤਾਂ ਅਨੁਸਾਰ ਸਿੱਖ ਦਾ ਖੰਡੇ ਬਾਟੇ ਦੇ ਅੰਮ੍ਰਿਤ ਉਪਰ ਨਿਸਚਾ ਹੋਣਾ ਜਰੂਰੀ ਹੈ। ਇਸ ਸੰਦਰਭ ਵਿਚ ਆਪ ਅੰਮ੍ਰਿਤਧਾਰੀ ਸਿੱਖ ਸਨ।[71] ਆਪ ਸ੍ਰੀ ਸਾਹਿਬ ਉਪਰੋਂ ਪਾ ਕੇ ਭਾਵ ਬਸਤਰਾਂ ਦੇ ਉਪਰੋਂ ਪਾਕੇ ਰੱਖਦੇ ਸਨ। ਆਪ ਆਪਣੇ ਕੋਲ ਵੱਡੀ ਕਿਰਪਾਨ ਵੀ ਰੱਖਦੇ ਸਨ। ਸਾਦਾ ਤੇ ਸਾਫ ਸੁਥਰਾ ਲਿਬਾਸ ਆਪ ਦੀ ਵਿਸ਼ੇਸ਼ ਪਹਿਚਾਣ ਸੀ। ਆਪ ਆਪਣਾ ਦਾਹੜਾ ਪ੍ਰਕਾਸ਼ ਕਰਕੇ ਰੱਖਦੇ ਸਨ। ਆਪ ਨੇ ਜਿੱਥੇ ਆਪ ਅੰਮ੍ਰਿਤ ਛਕਿਆ ਸੀ ਉੱਥੇ ਆਪ ਨੇ ਕਈ ਥਾਈਂ ਅੰਮ੍ਰਿਤ ਵੀ ਛਕਾਇਆ।[72] ਆਪ ਵਿਸ਼ੇਸ਼ ਤੌਰ 'ਤੇ ਪੰਥਕ ਕਾਰਜਾਂ ਵਿਚ ਪੰਜ ਪਿਆਰਿਆਂ ਵਿਚ ਸ਼ਾਮਿਲ ਹੋ ਕੇ ਅਗਵਾਈ ਕਰਦੇ ਰਹੇ।[73] ਪੰਥਕ ਕਾਰਜਾਂ ਵਿਚ ਆਪ ਉਚੇਚੇ ਤੌਰ 'ਤੇ ਸ਼ਾਮਿਲ ਹੁੰਦੇ ਰਹੇ ਉਹ ਭਾਵੇਂ ਜੈਤੋਂ ਦਾ ਮੋਰਚਾ ਹੋਵੇ[74], ਚਾਬੀਆਂ ਦਾ ਮੋਰਚਾ[75] ਜਾਂ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਸਰਧਾਂਜਲੀ ਸਮਾਗਮ[76] ਹੋਵੇ ਆਦਿ। ਸਿੱਖ ਧਰਮ ਦੀ ਮੋਹਰੀ ਪ੍ਰਚਾਰਕ ਸ਼੍ਰੇਣੀ ਕੀਰਤਨੀਆਂ ਦੀ ਅਗਵਾਈ ਹਿਤ ਆਪ ਨੇ ਰਾਗੀ ਸਭਾ[77] ਦੀ ਪ੍ਰਧਾਨਗੀ ਵੀ ਕੀਤੀ।

ਉਕਤ ਵਿਚਾਰ ਚਰਚਾ ਤੋਂ ਸਾਡੇ ਸਾਹਮਣੇ ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਖ਼ਸੀਅਤ ਪੂਰਨ ਤੌਰ 'ਤੇ ਗੁਰਸਿੱਖਾਂ ਵਾਲੀ ਉਭਰ ਕੇ ਸਾਹਮਣੇ ਆਉਂਦੀ ਹੈ। ਸਿੱਖ ਪੰਥ ਦੇ ਪ੍ਰਮਾਣਿਤ ਸਿਧਾਂਤਾਂ ਅਨੁਸਾਰ ਜਿਸ ਗੁਰਸਿੱਖ ਦਾ ਸੰਕਲਪ ਸਿੱਖ ਰਹਿਤ ਮਰਯਾਦਾ ਵਿਚ ਦਿੱਤਾ ਗਿਆ ਹੈ, ਆਪ ਦੀ ਸ਼ਖ਼ਸੀਅਤ ਉਸ ਕਸੋਟੀ 'ਤੇ ਪੂਰੀ ਉਤਰਦੀ ਹੈ। ਆਪ ਦੀ ਸ਼ਖ਼ਸੀ ਰਹਿਣੀ ਤੇ ਪੰਥਕ ਰਹਿਣੀ ਗੁਰਮਤਿ ਦੇ ਸਿਧਾਂਤਾਂ ਦਾ ਅਨੁਸਰਣ ਕਰਦੀ ਪ੍ਰਗਟ ਹੋ ਰਹੀ ਹੈ ਜੋ ਕਿ ਕੀਰਤਨੀਆਂ ਲਈ ਹਮੇਸ਼ਾਂ ਮਿਸਾਲ ਵਜੋਂ ਵਿਦਮਾਨ ਰਹੇਗੀ। ਆਪ ਦੀ ਸ਼ਖ਼ਸੀਅਤ ਵਿਚ ਜਿੱਥੇ ਗੁਰਮੁਖ ਕੀਰਤਨੀਆਂ ਵਾਲੇ ਗੁਣ ਪ੍ਰਗਟ ਹੋਏ ਹਨ ਉੱਥੇ ਆਪ ਨੇ ਕੀਰਤਨੀਆਂ ਲਈ ਬਾਣੀ ਗਿਆਨ ਦਾ ਆਦਰਸ਼ ਵੀ ਕਾਇਮ ਕੀਤਾ ਹੈ।

### 5.3 ਕੀਰਤਨੀਆਂ ਲਈ ਬਾਣੀ ਗਿਆਨ ਦਾ ਆਦਰਸ਼ ਕਾਇਮ ਕਰਨ ਵਿਚ ਯੋਗਦਾਨ

ਰਾਗੀ ਭਾਈ ਜੁਵਾਲਾ ਸਿੰਘ ਨੇ ਬਚਪਨ ਤੋਂ ਹੀ ਗੁਰਬਾਣੀ ਦੀ ਵਿਧੀ ਪੂਰਵਕ ਸਿੱਖਿਆ ਹਾਸਲ ਕੀਤੀ ਸੀ। ਆਪ ਨੇ ਪੰਜ ਸਾਲਾਂ ਦੀ ਉਮਰ ਵਿਚ ਭਾਈ ਪਾਲਾ ਜੀ ਕੋਲੋਂ ਗੁਰਮੁਖੀ ਦੀ ਸਿੱਖਿਆ ਪ੍ਰਾਪਤ

ਕੀਤੀ। ਭਾਈ ਪਾਲਾ ਜੀ ਬਾਰੇ ਦੂਜੇ ਅਧਿਆਇ ਵਿਚ ਅਸੀਂ ਵਿਸਥਾਰ ਨਾਲ ਚਰਚਾ ਕਰ ਆਏ ਹਾਂ। ਉਹ ਪਿੰਡ ਦੀ ਧਰਮਸ਼ਾਲਾ ਵਿਚ ਰਹਿੰਦੇ ਸਨ। ਕਈ ਸਾਲਾਂ ਤੋਂ ਵਿਦਿਆਰਥੀਆਂ ਨੂੰ ਗੁਰਮਤਿ ਅਤੇ ਕੀਰਤਨ ਦੀ ਸਿੱਖਿਆਂ ਪ੍ਰਦਾਨ ਕਰਦੇ ਆ ਰਹੇ ਸਨ। ਇਲਾਕੇ ਵਿਚ ਉਨ੍ਹਾਂ ਦੀ ਕਾਫੀ ਮਾਨਤਾ ਸੀ। ਭਾਈ ਪਾਲਾ ਸਿੰਘ ਨੇ ਰਾਗੀ ਭਾਈ ਜੁਵਾਲਾ ਸਿੰਘ ਨੂੰ ਗੁਰਮੁਖੀ ਸਿੱਖਣ ਤੋਂ ਬਆਦ ਪੰਜ ਗ੍ਰੰਥੀ ਫਿਰ ਬਾਈ ਵਾਰਾਂ ਦੀ ਪੋਥੀ, ਭਗਤ ਬਾਣੀ ਦੀਆਂ ਪੋਥੀਆਂ ਦੀ ਸੰਥਿਆ  ਕਰਵਾਈ।  ਦਸ ਸਾਲ ਦੀ ਉਮਰ ਤਕ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆਂ ਸੰਪੂਰਨ ਕਰ ਲਈ।[78] ਗੁਰਮੁਖੀ ਅਤੇ ਗੁਰਬਾਣੀ ਦਾ ਗਿਆਨ ਹਾਸਲ ਕਰਨ ਦੇ ਨਾਲ-ਨਾਲ ਆਪ ਨੇ ਸੰਗੀਤ ਸਿੱਖਿਆ ਵੀ ਅਰੰਭ ਕੀਤੀ। ਇਸ ਸੰਦਰਭ ਵਿਚ ਆਪ ਦੇ ਪਰਿਵਾਰ ਦਾ ਸ਼ਬਦ ਕੀਰਤਨ ਨਾਲ ਸਬੰਧਤ ਮਾਹੌਲ ਕਾਫ਼ੀ ਲਾਹੇਵੰਦ ਸਿੱਧ ਹੋਇਆ। ਪਿਤਾ ਦੀ ਤਾਕੀਦ ਤੇ ਰਹਿਨੁਮਾਈ ਵਿਚ ਆਪ ਨੇ ਕੀਰਤਨ ਸਿੱਖਣਾ ਪ੍ਰਾਰੰਭ ਕੀਤਾ। ਬਆਦ ਵਿਚ ਰਾਗੀ ਭਾਈ ਸ਼ਰਧਾ ਸਿੰਘ ਤੇ ਆਪਣੇ ਸਮੇਂ ਦੇ ਪ੍ਰਸਿੱਧ ਹਜ਼ੂਰੀ ਕੀਰਤਨੀਏ ਰਾਗੀ ਭਾਈ ਵਸਾਵਾ ਸਿੰਘ ਤੋਂ ਸ਼ਬਦ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ[79] ਜਿਸ ਦਾ ਵਿਸਥਾਰ ਨਾਲ ਜ਼ਿਕਰ ਖੋਜ ਪ੍ਰਬੰਧ ਦੇ ਦੂਜੇ ਅਧਿਆਇ ਵਿਚ ਕਰ ਚੁੱਕੇ ਹਾਂ। ਗੁਰਮੁਖੀ, ਗੁਰਬਾਣੀ, ਸੰਗੀਤ ਤੇ ਸ਼ਬਦ ਕੀਰਤਨ ਦੀ ਵਿਧੀਬੱਧ ਸਿੱਖਿਆ ਪ੍ਰਾਪਤ ਕਰਨ ਤੋਂ ਬਆਦ ਆਪ ਨੇ ਅਪਣਾ ਕੀਰਤਨੀ ਜੱਥਾ ਬਣਾਇਆ। ਇਸ ਤੋਂ ਕੀਰਤਨੀਆਂ ਨੂੰ ਇਹ ਸੇਧ ਮਿਲਦੀ ਹੈ ਕਿ ਕੀਰਤਨੀਏ ਦੇ ਰੂਪ ਵਿਚ ਵਿਚਰਨ ਤੋਂ ਪਹਿਲਾਂ ਗੁਰਮੁਖੀ, ਗੁਰਬਾਣੀ, ਸੰਗੀਤ ਤੇ ਸ਼ਬਦ ਕੀਰਤਨ ਦੀ ਟਕਸਾਲੀ ਵਿੱਦਿਆ ਅਤਿਅੰਤ ਜਰੂਰੀ ਹੈ।

ਰਾਗੀ ਭਾਈ ਜੁਵਾਲਾ ਸਿੰਘ ਮੂਲ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਕੀਰਤਨ ਕਰਦੇ ਸਨ ਜਿਸ ਦਾ ਪ੍ਰਤੱਖ ਪ੍ਰਮਾਣ ਆਪ ਦੀਆਂ ਸ਼ਬਦ ਕੀਰਤਨ ਰਚਨਾਵਾਂ ਹਨ ਜਿਨ੍ਹਾਂ ਦਾ ਜ਼ਿਕਰ ਅਸੀਂ ਖੋਜ ਪ੍ਰਬੰਧ ਦੇ ਚੌਥੇ ਅਧਿਆਇ ਦੇ ਅੰਤਰਗਤ ਕਰ ਆਏ ਹਾਂ। ਗੁਰਬਾਣੀ ਦੀ ਸਿੱਖਿਆ ਆਪ ਨੇ ਪੰਜ ਸਾਲ ਦੀ ਉਮਰ ਤੋਂ ਸ਼ੁਰੂ ਕੀਤੀ ਸੀ। ਇਸ ਤੋਂ ਇਲਾਵਾ ਆਪ ਦਾ ਗੁਰਬਾਣੀ ਦਾ ਨਿਤ ਅਭਿਆਸ ਹੋਣ ਕਾਰਨ ਆਪ ਕੋਲ ਗੁਰਬਾਣੀ ਦੇ ਵਿਸ਼ਾਲ ਸ਼ਬਦਾਂ ਦਾ ਭੰਡਾਰ ਮੌਜੂਦ ਸੀ। ਇਸ ਦੇ ਨਾਲ-ਨਾਲ ਦਸਮ ਗ੍ਰੰਥ[80], ਵਿਆਖਿਆ ਸਰੂਪ ਵਾਰਾਂ ਭਾਈ ਗੁਰਦਾਸ[81]ਦਾ ਗਾਇਨ ਵੀ ਆਪ ਕਰਦੇ ਰਹੇ। ਗੁਰਮਤਿ ਸੰਗੀਤ ਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਬਾਣੀ ਦਾ ਗਿਆਤਾ ਹੋਣਾ ਆਦਰਸ਼ ਕੀਰਤਨੀਏ ਦੇ ਮੁੱਖ ਗੁਣਾਂ ਵਿਚ ਸ਼ਾਮਿਲ ਹੈ।

ਰਾਗੀ ਭਾਈ ਜੁਵਾਲਾ ਸਿੰਘ ਦੇ ਇਸ ਗੁਣ ਤੋਂ ਕੀਰਤਨੀਆਂ ਨੂੰ ਵੀ ਪ੍ਰੇਰਣਾ ਮਿਲਦੀ ਹੈ। ਇਸ ਤੋਂ ਇਲਾਵਾ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦਾ ਗਾਇਨ ਵਿਸ਼ੇਸ਼ ਰੂਪ ਵਿਚ ਕਰਦੇ ਸਨ।

## 5.4 ਕੀਰਤਨੀਆਂ ਲਈ ਰਾਗ ਨਿਰਧਾਰਿਤ ਕੀਰਤਨ ਕਰਨ ਦੇ ਪ੍ਰੇਰਣਾ ਸਰੋਤ ਵਜੋਂ ਯੋਗਦਾਨ

ਰਾਗੀ ਭਾਈ ਜੁਵਾਲਾ ਸਿੰਘ ਰਾਗ ਨਿਰਧਾਰਿਤ ਸ਼ਬਦ ਕੀਰਤਨ ਨੂੰ ਵਿਸ਼ੇਸ਼ ਤਵੱਜੋਂ ਨਾਲ ਕਰਦੇ ਰਹੇ। ਆਪ ਦੇ ਘਰਾਣੇ ਦੀਆਂ ਨਿਰਧਾਰਿਤ 45 ਰਾਗਾਂ (ਰਾਗ ਤੇ ਰਾਗ ਪ੍ਰਕਾਰਾਂ) ਵਿਚ 387 ਅਤੇ ਭਾਰਤੀ ਸੰਗੀਤ ਦੇ ਰਾਗਾਂ 40 ਰਾਗਾਂ ਵਿਚ 98 ਸ਼ਬਦ ਕੀਰਤਨ ਰਚਨਾਵਾਂ ਮਿਲਦੀਆਂ ਹਨ। ਇਸ ਨਾਲ ਜਿੱਥੇ ਆਪ ਦਾ ਰਾਗਾਂ ਪ੍ਰਤੀ ਗਿਆਨ ਪ੍ਰਤੱਖ ਹੁੰਦਾ ਹੈ ਉੱਥੇ ਕੀਰਤਨੀਆਂ ਲਈ ਰਾਗਾਂ ਵਿਚ ਕੀਰਤਨ ਕਰਨ ਦੀ ਸੇਧ ਵੀ ਪ੍ਰਦਾਨ ਕਰ ਰਿਹਾ ਹੈ। ਆਪ ਦੇ ਘਰਾਣੇ ਦੀਆਂ ਕੀਰਤਨ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 62 ਰਾਗਾਂ ਵਿੱਚੋਂ 45 ਰਾਗਾਂ ਵਿਚ ਮਿਲਦੀਆਂ ਹਨ। ਇਸ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ਼ਬਦ ਕੀਰਤਨ ਵਿਚ ਰਾਗ ਦੀ ਭੂਮਿਕਾ ਦੀ ਅਹਿਮੀਅਤ ਦੇ ਨਾਲ ਨਾਲ ਆਪ ਦੀ ਰਾਗ ਪ੍ਰਤੀਭਾ ਦਾ ਭਲੀ ਭਾਂਤ ਗਿਆਨ ਹੋ ਜਾਂਦਾ ਹੈ। ਸ਼ਬਦ ਕੀਰਤਨ ਨੂੰ ਰਾਗਾਂ ਵਿਚ ਗਾਇਨ ਕਰਨ ਵਿਚ ਆਪ ਐਨੇ ਦ੍ਰਿੜ ਸਨ ਕਿ ਆਪ ਨੇ ਸੰਤ ਅਤਰ ਸਿੰਘ ਜੀ ਮਸਤੂਆਣਾ ਦੇ ਕਹਿਣ 'ਤੇ ਵੀ ਧਾਰਨਾ ਅਧਾਰਿਤ ਕੀਰਤਨ ਨਾ ਕਰਕੇ ਪਹਿਲਾਂ ਰਾਗ ਵਿਚ ਕੀਰਤਨ ਕਰਨਾ ਆਪ ਦਾ ਰਾਗ ਪ੍ਰਤੀ ਸੁਚੇਤ ਹੋਣ ਦਾ ਪ੍ਰਤੀਕ ਹੈ।[82] ਸੰਤ ਅਤਰ ਸਿੰਘ ਦਾ ਸਿੱਖ ਸਮਾਜ ਵਿਚ ਸਤਿਕਾਰਯੋਗ ਸਥਾਨ ਸੀ ਪਰ ਆਪ ਨੇ ਉਨ੍ਹਾਂ ਦੀ ਪ੍ਰਵਾਹ ਨਾ ਕਰਦੇ ਹੋਏ ਗੁਰੂ ਸਿਧਾਂਤ ਤੇ ਕੀਰਤਨ ਮਰਯਾਦਾ ਨੂੰ ਅਹਿਮੀਅਤ ਦਿੱਤੀ। ਇਸੇ ਘਟਨਾ ਦੇ ਕਾਰਨ ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਨੇ ਮਸਤੂਆਣਾ ਸਾਹਿਬ ਗੁਰਮਤਿ ਵਿਦਿਆਲਾ ਖੋਲਣ ਦਾ ਵਿਚਾਰ ਬਣਾਇਆ ਸੀ। ਉਨ੍ਹਾਂ ਵਲੋਂ ਭਾਈ ਜੁਵਾਲਾ ਸਿੰਘ ਨੂੰ ਕੀਰਤਨ ਸਿਖਾਉਣ ਲਈ ਬੇਨਤੀ ਵੀ ਕੀਤੀ ਗਈ ਸੀ। ਭਾਈ ਜੁਵਾਲਾ ਸਿੰਘ ਨੇ ਉਸ ਵਿਦਿਆਲਿਆ ਨਾਲ ਜੁੜੇ ਰਹਿਣ ਦੀ ਗੱਲ ਤਾਂ ਮੰਨ ਲਈ ਸੀ ਪਰ ਪੱਕੇ ਤੌਰ 'ਤੇ ਕੀਰਤਨ ਸਿਖਲਾਈ ਲਈ ਆਪਣੀ ਅਸਮਰਥਾ ਜਤਾਈ ਸੀ।[83] ਇਸ ਉਕਤ ਵਿਚਾਰ ਚਰਚਾ ਤੋਂ ਸਹਿਜੇ ਹੀ ਪਤਾ ਲਗਦਾ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਰਾਗ ਪ੍ਰਧਾਨ ਕੀਰਤਨ ਨੂੰ ਮਹੱਤਤਾ ਦਿੰਦੇ ਸਨ। ਕੱਚੀਆਂ ਧਾਰਨਾਵਾਂ ਦੀ ਬਜਾਏ ਗੁਰੂ ਸਾਹਿਬ ਵਲੋਂ ਬਖਸ਼ੀ ਕੀਰਤਨ ਪਰੰਪਰਾ ਨੂੰ ਅਧਾਰ ਬਣਾ ਕੇ ਰਾਗਾਂ

ਵਿਚ ਕੀਰਤਨ ਕਰਦੇ ਸਨ। ਇਸ ਨਾਲ ਕੀਰਤਨੀਏ ਲਈ ਕੀਰਤਨ ਵਿਚ ਰਾਗ ਦੀ ਅਹਿਮੀਅਤ ਨੂੰ ਸਥਾਪਤ ਕਰਨ ਵਿਚ ਆਪ ਸਫਲ ਹੋਏ ਹਨ। ਰਾਗ ਦੀ ਤਰ੍ਹਾਂ ਹੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਿਭਿੰਨ ਗਾਇਲ ਸ਼ੈਲੀਆਂ ਨੂੰ ਬੜੇ ਅਧਿਕਾਰ ਨਾਲ ਗਾਉਂਦੇ ਸਨ।

## 5.5 ਕੀਰਤਨੀਆਂ ਲਈ ਗਾਇਨ ਸ਼ੈਲੀਆਂ ਦੀ ਗਾਇਨ ਸਥਾਪਤੀ ਹਿਤ ਯੋਗਦਾਨ

ਗੁਰਮਤਿ ਸੰਗੀਤ ਦੇ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧੀਨ ਸ਼ਾਸਤਰੀ ਤੇ ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ ਸਿਰਲੇਖ ਰੂਪ ਵਿਚ ਅੰਕਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਵਿਚ ਪਦੇ, ਅਸ਼ਟਪਦੀ ਆਦਿ ਅਤੇ ਲੋਕ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿਚ ਵਾਰ, ਅਲਾਹਣੀਆਂ, ਘੋੜੀਆਂ ਆਦਿ ਸ਼ਾਮਿਲ ਹਨ। ਇਸ ਦੇ ਨਾਲ-ਨਾਲ ਗੁਰਮਤਿ ਸੰਗੀਤ ਦੀ ਮੌਲਿਕ ਗਾਇਨ ਸ਼ੈਲੀ*ਪੜਤਾਲ* ਆਦਿ ਵੀ ਅੰਕਿਤ ਹੈ। ਇਨ੍ਹਾਂ ਗਾਇਨ ਸ਼ੈਲੀਆਂ ਦਾ ਸਬੰਧਤ ਸੰਗੀਤ ਵਿਚ ਵਰਿਆਂ ਤੋਂ ਗਾਇਨ ਹਿਤ ਪ੍ਰਯੋਗ ਹੁੰਦਾ ਆ ਰਿਹਾ ਹੈ। ਸਬੰਧਤ ਸੰਗੀਤ ਪਰੰਪਰਾ ਵਿਚ ਇਨ੍ਹਾਂ ਗਾਇਨ ਸ਼ੈਲੀਆਂ ਦੀ ਆਪਣੀ ਵਿਸ਼ੇਸ਼ਤਾ ਰਹੀ ਹੈ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਵੀ ਇਨ੍ਹਾਂ ਗਾਇਨ ਸ਼ੈਲੀਆਂ ਦੇ ਗਾਇਨ, ਪ੍ਰਯੋਗ, ਉਦੇਸ਼ ਆਦਿ ਦੀ ਆਪਣੀ ਵਿਸ਼ੇਸ਼ਤਾ ਹੈ। ਇਨ੍ਹਾਂ ਗਾਇਨ ਸ਼ੈਲੀਆਂ ਦਾ ਗਾਇਨ ਗੁਰਮਤਿ ਸੰਗੀਤ ਦੇ ਅੰਤਰਗਤ ਗੁਰੂ ਕਾਲ ਤੋਂ ਹੀ ਹੁੰਦਾ ਆ ਰਿਹਾ ਹੈ ਜਿਵੇਂ *ਆਸਾ ਦੀ ਵਾਰ, ਆਰਤੀ* ਦਾ ਗਾਇਨ ਗੁਰੂ ਨਾਨਕ ਕਾਲ ਤੋਂ ਹੀ ਪ੍ਰਤੱਖ ਹੋ ਜਾਂਦਾ ਹੈ ਜਿਸ ਦਾ ਜਿਕਰ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਦੇ ਅੰਤਰਗਤ ਕਰਦੇ ਹਨ।[84] ਗੁਰਮਤਿ ਸੰਗੀਤ ਪਰੰਪਰਾ ਦੇ ਅੰਤਰਗਤ ਇਨ੍ਹਾਂ ਗਾਇਨ ਸ਼ੈਲੀਆਂ ਦੀ ਪ੍ਰਸਤੁਤੀ ਦਾ ਮੌਲਿਕ ਵਿਧੀ ਵਿਧਾਨ ਰਿਹਾ ਹੈ ਜਿਸ ਦਾ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਧਾਨ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਅਤੇ ਗੁਰਮਤਿ ਸੰਗੀਤ ਦੀ ਪ੍ਰਮਾਣਿਕ ਸ਼ਬਦ ਕੀਰਤਨ ਪਰੰਪਰਾ ਦੇ ਗਿਆਨ ਦੇ ਨਾਲ ਹੀ ਇਨ੍ਹਾਂ ਗਾਇਨ ਸ਼ੈਲੀਆਂ ਦਾ ਕੀਰਤਨ ਕੀਤਾ ਜਾ ਸਕਦਾ ਹੈ।

ਰਾਗੀ ਭਾਈ ਜੁਵਾਲਾ ਸਿੰਘ ਜਿਨ੍ਹਾਂ ਨੇ ਗੁਰਮੁਖੀ, ਗੁਰਬਾਣੀ, ਸ਼ਬਦ ਕੀਰਤਨ, ਸੰਗੀਤ ਆਦਿ ਦੀ ਸਿੱਖਿਆ ਵਿੱਧੀ ਪੂਰਵਕ ਢੰਗ ਨਾਲ ਪ੍ਰਾਪਤ ਕੀਤੀ ਸੀ। ਆਪ ਦੇ ਪਰਿਵਾਰ ਵਿਚ ਸ਼ਬਦ ਕੀਰਤਨ ਦਾ ਪ੍ਰਵਾਹ ਸਦੀਆਂ ਤੋਂ ਚਲਦਾ ਆ ਰਿਹਾ ਸੀ ਜਿਸ ਕਾਰਨ ਸ਼ਬਦ ਕੀਰਤਨ ਦੀ ਟਕਸਾਲੀ ਸਿੱਖਿਆ ਪਰਿਵਾਰ ਵਿੱਚੋਂ ਹੀ ਪ੍ਰਾਪਤ ਹੋਣ ਦਾ ਸੁਭਾਗ ਵੀ ਆਪ ਨੂੰ ਪ੍ਰਾਪਤ ਸੀ। ਇਸ ਤੋਂ ਇਲਾਵਾ ਆਪ ਦੀ ਸ਼ਬਦ

ਕੀਰਤਨ ਪ੍ਰਤੀ ਲਗਨ ਸਦਕਾ ਆਪ ਨੂੰ ਗੁਰਮਤਿ ਸੰਗੀਤ ਵਿਦਵਤਾ ਪ੍ਰਾਪਤ ਸੀ। ਇਨ੍ਹਾਂ ਪੱਖਾਂ ਦੇ ਅਧਾਰ 'ਤੇ ਆਪ ਦੀ ਗੁਰਮਤਿ ਸੰਗੀਤ ਦੀਆਂ ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਮੁਹਾਰਤ ਹੋਣ ਵਿਚ ਕੋਈ ਮੁਸ਼ਕਿਲ ਨਹੀਂ ਜਾਪਦੀ। ਇਸ ਸੰਦਰਭ ਵਿਚ ਆਪ ਦੇ ਸਪੁੱਤਰ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜਿਨ੍ਹਾਂ ਨੂੰ ਆਪ ਕੋਲੋਂ ਗੁਰਬਾਣੀ ਦੀਆਂ ਪ੍ਰਾਚੀਨ ਰੀਤਾਂ ਪ੍ਰਾਪਤ ਸਨ ਉਨ੍ਹਾਂ ਵੱਲੋਂ ਸੁਰਲਿਪੀਬੱਧ ਸ਼ਬਦ ਕੀਰਤਨ ਰਚਨਾਵਾਂ ਵਿਸ਼ੇਸ਼ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਧ੍ਰੁਰਪਦ[85], ਧਮਾਰ[86], ਪੜਤਾਲ[87], ਵਾਰਾਂ ਦੀਆਂ ਧੁਨੀਆਂ[88], ਅਲਾਹੁਣੀਆਂ[89] ਘੋੜੀਆਂ[90] ਆਦਿ ਦੇ ਅੰਤਰਗਤ ਪ੍ਰਾਪਤ ਹੁੰਦੀਆਂ ਹਨ। ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਲਗਭਗ ਸਾਰੀਆਂ ਗਾਇਨ ਸ਼ੈਲੀਆਂ ਨੂੰ ਗਾਇਨ ਕਰਨ ਵਿਚ ਮੁਹਾਰਤ ਹਾਸਲ ਸੀ। ਇੱਕ ਕੀਰਤਨੀਆਂ ਲਈ ਜਿੱਥੇ ਇਨ੍ਹਾਂ ਗਾਇਨ ਸ਼ੈਲੀਆਂ ਦਾ ਗਿਆਨ ਹੋਣਾ ਜਰੂਰੀ ਹੈ ਉੱਥੇ ਇਨ੍ਹਾਂ ਦਾ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਕਰਨਾ ਆਉਣਾ ਵੀ ਲਾਜ਼ਮੀ ਹੈ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਕੀਰਤਨੀਆਂ ਲਈ ਪ੍ਰੇਰਣਾ ਸਰੋਤ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ। ਗੁਰਮਤਿ ਸੰਗੀਤ ਪਰੰਪਰਾ ਵਿਚ ਤੰਤੀ ਸਾਜ਼ਾਂ ਦਾ ਅਹਿਮ ਸਥਾਨ ਰਿਹਾ ਹੈ। ਰਾਗੀ ਭਾਈ ਜੁਵਾਲਾ ਸਿੰਘ ਦਾ ਤੰਤੀ ਸਾਜ਼ਾਂ ਦੇ ਪ੍ਰਯੋਗ, ਪ੍ਰਚਾਰ, ਪਾਸਾਰ ਆਦਿ ਹਿਤ ਵਿਸ਼ੇਸ਼ ਯੋਗਦਾਨ ਰਿਹਾ ਹੈ।

## 5.6 ਕੀਰਤਨੀਆਂ ਲਈ ਤੰਤੀ ਸਾਜ਼ਾਂ ਦੇ ਪ੍ਰਚਲਨ ਵਿਚ ਯੋਗਦਾਨ

ਗੁਰਮਤਿ ਸੰਗੀਤ ਦੀ ਸਾਜ਼ ਪਰੰਪਰਾ ਵਿਚ ਤੰਤੀ ਸਾਜ਼ਾਂ ਦੀ ਅਹਿਮ ਭੂਮਿਕਾ ਰਹੀ ਹੈ। ਗੁਰਮਤਿ ਸੰਗੀਤ ਵਿਚ ਤੰਤੀ ਸਾਜ਼ਾਂ ਦਾ ਪ੍ਰਵੇਸ ਭਾਈ ਮਰਦਾਨੇ ਦੀ ਰਬਾਬ ਸਾਜ਼ ਨਾਲ ਹੁੰਦਾ ਹੈ। ਇਸ ਉਪਰੰਤ ਸਾਰੰਦਾ, ਤਾਊਸ, ਇਸਰਾਜ, ਤਾਨਪੂਰਾ, ਦਿਲਰੁਬਾ ਆਦਿ ਤੰਤੀ ਸਾਜ਼ਾਂ ਦਾ ਪ੍ਰਯੋਗ ਗੁਰਮਤਿ ਸੰਗੀਤ ਅਧੀਨ ਹੁੰਦਾ ਰਿਹਾ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਸੰਦਰਭ ਵਿਚ ਆਪ ਤਾਊਸ ਸਾਜ਼ ਵਜਾਉਂਦੇ ਸਨ। ਆਪ ਨੇ ਤਾਊਸ ਦੀ ਸਿੱਖਿਆ ਉਸਤਾਦ ਭਾਈ ਸ਼ਰਧਾ ਸਿੰਘ ਤੋਂ ਪ੍ਰਾਪਤ ਕੀਤੀ ਸੀ। ਆਪ ਦੇ ਪਰਿਵਾਰ ਵਿਚ ਆਪ ਦੇ ਵੱਡੇ ਭਰਾਤਾ ਭਾਈ ਨਰਾਇਣ ਸਿੰਘ ਤਾਊਸ ਵਜਾਉਂਦੇ ਸਨ। ਆਪ ਨੇ ਜਿੱਥੇ ਆਪ ਤਾਊਸ ਸਿੱਖਿਆ ਉੱਥੇ ਆਪਣੇ ਦੋਵੇਂ ਵੱਡੇ ਸਪੁੱਤਰਾਂ ਨੂੰ ਵੀ ਤਾਊਸ ਸਿਖਾਇਆ। ਆਪ ਨਾਲ ਆਪ ਦੇ ਸਪੁੱਤਰ ਰਾਗੀ ਭਾਈ ਅਵਤਾਰ ਸਿੰਘ ਤਾਊਸ ਨਾਲ ਕੀਰਤਨ ਹਿਤ ਸੇਵਾ ਵੀ ਨਿਭਾਉਂਦੇ ਰਹੇ। ਆਪ ਦੇ ਜਥੇ ਵਿਚ ਭਾਈ ਸ਼ਰਧਾ ਸਿੰਘ, ਭਾਈ ਹੀਰਾ ਸਿੰਘ(ਟਿੱਬੇ ਪਿੰਡ ਵਾਲੇ), ਭਾਈ ਅਵਤਾਰ ਸਿੰਘ ਆਦਿ ਤਾਊਸ ਨਾਲ ਸੇਵਾ

ਨਿਭਾਉਂਦੇ ਰਹੇ। ਆਪ ਦੇ ਸਪੁੱਤਰ ਰਾਗੀ ਭਾਈ ਅਵਤਾਰ ਸਿੰਘ ਤਾਊਸ ਨਾਲ ਦਰਬਾਰ ਸਾਹਿਬ ਵਿੱਖੇ ਆਪਣੀ ਜ਼ਿੰਦਗੀ ਦੇ ਆਖਰੀ ਪਲਾਂ ਤਕ ਹਾਜਰੀ ਭਰਦੇ ਰਹੇ ਹਨ। ਆਪ ਨੇ ਜਿੱਥੇ ਆਪਣੇ ਸਪੁੱਤਰਾਂ ਨੂੰ ਤੰਤੀ ਸਾਜ਼ ਤਾਊਸ ਦੀ ਸਿਖਲਾਈ ਦਿੱਤੀ ਉੱਥੇ ਆਪ ਕੋਲ ਸੰਤ ਕਰਤਾਰ ਸਿੰਘ ਜੀ ਦਮਦਮਾ ਸਾਹਿਬ (ਠੱਠੇ, ਪਾਉਂਟਾ ਸਾਹਿਬ ਵਾਲੇ) ਵੀ ਤਾਊਸ ਦੀ ਸਿੱਖਿਆ ਪ੍ਰਾਪਤ ਕਰਦੇ ਰਹੇ।[91] ਤਤਕਾਲੀ ਨਾਮਧਾਰੀ ਸੰਪ੍ਰਦਾ ਦੇ ਮੁਖੀ ਪ੍ਰਤਾਪ ਸਿੰਘ ਆਪ ਦਾ ਤਾਊਸ ਵਿਸ਼ੇਸ਼ ਤੌਰ 'ਤੇ ਸੁਣਦੇ ਸਨ।[92] ਭਾਈ ਸਾਹਿਬ ਭਾਈ ਰਣਧੀਰ ਸਿੰਘ ਆਪ ਕੋਲੋਂ ਤਾਊਸ ਰਾਹੀਂ ਕੀਰਤਨ ਸਰਵਣ ਕਰਦੇ ਸਨ। ਆਪ ਦੀ ਤਾਊਸ 'ਤੇ ਮੁਹਾਰਤ ਇਸ ਤੋਂ ਸਹਿਜੇ ਹੀ ਲੱਗ ਜਾਂਦੀ ਹੈ ਕਿ ਆਪ ਨੇ ਉਸ ਸਮੇਂ ਦੇ ਨਾਮੀ ਰਬਾਬੀ ਕੀਰਤਨੀਏ ਭਾਈ ਮੋਤੀ ਜੀ ਨੂੰ ਸੰਗੀਤ ਮੁਕਾਬਲੇ ਵਿਚ ਹਰਾਉਣਾ[93], ਮਿਰਾਸੀ ਰਬਾਬੀ ਦੇ ਮਾਖੌਲ ਕਰਨ ਤੇ ਉਸ ਦੀ ਸਾਰੰਗੀ ਨਾਲ ਆਪਣੇ ਤਾਊਸ ਵਾਦਨ ਨਾਲ ਮੁਕਾਬਲਾ ਕਰਕੇ ਉਸ ਨੂੰ ਚਿਤ ਕਰਨਾ[94], ਸਿੰਧ ਵਿਖੇ ਅੰਗਰੇਜ ਅਫਸਰ ਦੇ ਘਰ ਹੋਏ ਰਾਸ਼ਟਰੀ ਪੱਧਰ ਦੇ ਸਮਾਗਮ ਵਿਚ ਜਿੱਥੇ ਆਏ ਅਨੇਕਾਂ ਸੰਗੀਤ ਵਿਦਵਾਨਾਂ ਨੂੰ ਆਪਣੀ ਸੰਗੀਤ ਕਲਾ ਦਾ ਜੌਹਰ ਦਿਖਾਇਆ ਉੱਥੇ ਅੰਗਰੇਜ ਅਫਸਰ ਨੇ ਖੁਸ਼ ਹੋ ਕੇ ਸਾਰੇ ਭਾਰਤ ਦਾ ਰੇਲਵੇ ਦਾ ਪਾਸ ਬਣਾ ਦੇਣ ਦੀ ਪੇਸ਼ਕਸ਼ ਵੀ ਕੀਤੀ।[95] ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਵਿਸਥਾਰ ਨਾਲ ਖੋਜ ਪ੍ਰਬੰਧ ਦੇ ਦੂਸਰੇ ਅਧਿਆਇ ਦੇ ਅੰਤਰਗਤ ਦਰਜ ਕੀਤਾ ਗਿਆ ਹੈ। ਉਕਤ ਵਿਚਾਰ ਚਰਚਾ ਤੋਂ ਸਪਸ਼ਟ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਤਾਊਸ ਵਾਦਨ ਵਿਚ ਨਿਪੁੰਨ ਸਨ। ਆਪ ਨੇ ਤੰਤੀ ਸਾਜ਼ਾਂ (ਤਾਊਸ ਦੇ ਪਰਿਪੇਖ ਵਿਚ) ਦੇ ਪ੍ਰਚਾਰ ਤੇ ਪਾਸਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ ਜੋ ਕੀਰਤਨੀਆਂ ਲਈ ਪ੍ਰੇਰਣਾ ਦੇ ਰੂਪ ਵਿਚ ਹਮੇਸ਼ਾਂ ਵਿਦਮਾਨ ਰਹੇਗਾ। ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣੀ ਪਿਤਾ ਪੁਰਖੀ ਕੀਰਤਨ ਪਰੰਪਰਾ ਨੂੰ ਨਿਰੰਤਰ





ਕਾਇਮ ਰੱਖਦੇ ਹੋਏ ਆਪਣੇ ਸਪੁੱਤਰਾਂ ਨੂੰ ਵੀ ਇਸ ਦਿਸ਼ਾ ਵੱਲ ਤੋਰਿਆ।

## 5.7 ਕੀਰਤਨੀਆਂ ਲਈ ਮਿਸਾਲ ਵਜੋਂ ਘਰਾਣੇਦਾਰ ਪਰੰਪਰਾ ਦੀ ਸਥਾਪਤੀ ਦੇ ਸੰਦਰਭ ਵਿਚ ਯੋਗਦਾਨ

ਗੁਰਮਤਿ ਸੰਗੀਤ ਦੇ ਸਮਕਾਲੀ ਭਾਰਤੀ ਸੰਗੀਤ ਵਿਚ ਸੰਗੀਤ ਘਰਾਣੇ ਦੀ ਪਰੰਪਰਾ ਪ੍ਰਚਲਿਤ ਰਹੀ ਹੈ ਜਿਵੇਂ ਕਿਰਾਨਾ ਘਰਾਣਾ, ਜੈਪੁਰ ਘਰਾਣਾ, ਦਿੱਲੀ ਘਰਾਣਾ, ਗਵਾਲੀਅਰ ਘਰਾਣਾ, ਲਖਨਊ ਘਰਾਣਾ ਆਦਿ। ਗੁਰਮਤਿ ਸੰਗੀਤ ਦੇ ਉਦਗਮ ਖਿੱਤੇ ਪੰਜਾਬ ਵਿਚ ਵੀ ਸੰਗੀਤ ਦੇ ਕਈ ਘਰਾਣੇ[96] ਜਿਵੇਂ ਕਸੂਰ ਘਰਾਣਾ, ਤਲਵੰਡੀ ਘਰਾਣਾ, ਪਟਿਆਲਾ ਘਰਾਣਾ, ਸ਼ਾਮਚੁਰਾਸੀ ਘਰਾਣਾ ਆਦਿ ਪ੍ਰਚਲਿਤ ਰਹੇ ਹਨ। ਇਨ੍ਹਾਂ ਘਰਾਣਿਆਂ ਦੇ ਨਾਮ ਬੇਸ਼ੱਕ ਸਥਾਨ ਵਿਸ਼ੇਸ਼ ਨਾਲ ਸਬੰਧਤ ਹਨ ਪਰ ਇਨ੍ਹਾਂ ਦਾ ਪ੍ਰਾਰੰਭ ਜਾਂ ਪ੍ਰਸਿੱਧੀ ਵਿਆਕਤੀ ਵਿਸ਼ੇਸ਼ ਨਾਲ ਹੋਈ ਜਿਵੇਂ ਕਿਰਾਨਾ ਘਰਾਣਾ ਦੇ ਅਬਦਲ ਕਰੀਮ ਖਾਂ[97], ਪਟਿਆਲੇ ਘਰਾਣੇ ਦਾ ਅਲੀ ਬਖਸ਼, ਫਤਿਹ ਅਲੀ[98] ਆਦਿ। ਗੁਰਮਤਿ ਸੰਗੀਤ ਸੰਦਰਭ ਵਿਚ ਗੁਰਮਤਿ ਸੰਗੀਤ ਦੀ ਟਕਸਾਲ ਪਰੰਪਰਾ ਨੂੰ ਵੀ ਦੇਖਿਆ ਜਾ ਸਕਦਾ ਹੈ ਪ੍ਰੰਤੂ ਟਕਸਾਲ ਦਾ ਵਿਸ਼ਾ ਖੇਤਰ ਸੰਗੀਤ ਘਰਾਣੇ ਦੇ ਮੁਕਾਬਲੇ ਵੱਡਾ ਹੈ। ਇਨ੍ਹਾਂ ਵਿਚ ਸੰਗੀਤ ਦੇ ਨਾਲ-ਨਾਲ ਸਿੱਖ ਧਰਮ ਨਾਲ ਸਬੰਧਤ ਹੋਰ ਗਤੀਵਿਧੀਆਂ ਦੀ ਭੂਮਿਕਾ ਵੀ ਰਹਿੰਦੀ ਹੈ। ਸੰਗੀਤ ਘਰਾਣਿਆਂ ਦੇ ਬਿਲਕੁਲ ਸਮਾਨਾਂਤਰ ਗੁਰਮਤਿ ਸੰਗੀਤ ਵਿਚ ਕਈ ਸੰਗੀਤਕ ਘਰਾਣੇ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ ਰਬਾਬੀਆਂ ਦੇ ਘਰਾਣੇ *ਰਬਾਬੀ* (ਜਿਨ੍ਹਾਂ ਨੂੰ *ਮਰਦਾਨੇ ਕੇ* ਕਹਿ ਕੇ ਵੀ ਸੰਬੋਧਨ ਕੀਤਾ ਜਾਂਦਾ ਹੈ), ਖਡੂਰੀਏ ਰਬਾਬੀ (ਭਾਈ ਸੱਤਾ ਬਲਵੰਡ ਤੋਂ ਪ੍ਰਾਰੰਭ ਹੋਇਆ) ਅੰਮ੍ਰਿਤਸਰੀਆ ਘਰਾਣਾ, ਬਾਬਾ ਵਸਾਵਾ ਸਿੰਘ ਰੰਗੀ ਰਾਮ ਦਾ ਘਰਾਣਾ, ਭਾਈ ਮੱਸਾ ਸਿੰਘ ਦਾ ਘਰਾਣਾ, ਭਾਈ ਬਾਗ ਦਾ ਜੋੜੀ ਦਾ ਘਰਾਣਾ ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣਾ ਆਦਿ।[99]

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਬਾਰੇ ਅਸੀਂ ਵਿਸਥਾਰ ਨਾਲ ਵਰਨਣ ਤੀਜੇ ਅਧਿਆਇ ਵਿਚ ਕਰ ਆਏ ਹਾਂ। ਆਪ ਦੇ ਪਰਿਵਾਰ ਵਿਚ ਪਿਛਲੀਆਂ ਨੌ ਪੀੜੀਆਂ ਤੋਂ ਕੀਰਤਨ ਹੁੰਦਾ ਆ ਰਿਹਾ ਸੀ। ਆਪ ਨੇ ਉਸ ਕੀਰਤਨ ਪਰੰਪਰਾ ਨੂੰ ਸਿੱਖਰਾਂ 'ਤੇ ਪਹੁੰਚਾਇਆ। ਇਸ ਦੇ ਨਾਲ-ਨਾਲ ਆਪ ਨੇ ਆਪਣੀ ਕੀਰਤਨ ਸ਼ੈਲੀ ਨੂੰ ਅਗਾਂਹ ਤੋਰਦਿਆਂ ਆਪਣੇ ਸਪੁੱਤਰਾਂ ਸਮੇਤ ਕਈ ਸ਼ਾਗਿਰਦਾਂ ਨੂੰ ਸਿਖਾਇਆ। ਭਾਈ ਗੁਰਚਰਨ ਸਿੰਘ ਦੇ ਸਰਕਾਰੀ ਨੌਕਰੀ ਹਿਤ ਜਿੱਦ ਕਰਨ 'ਤੇ ਉਸ ਨੂੰ ਕੀਰਤਨ ਦੀ ਮਹਾਨਤਾ ਬਾਰੇ

ਦਸ ਕੇ ਪ੍ਰੇਰਿਤ ਕਰਨਾ।[100] ਉਨ੍ਹਾਂ (ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ) ਦਾ ਕੀਰਤਨੀ ਜਥਾ ਆਪਣੇ ਜੀਵਨ ਕਾਲ ਦੌਰਾਨ ਹੀ ਬਣਵਾਇਆ। ਇਸ ਦਾ ਨਤੀਜਾ ਹੀ ਸੀ ਕਿ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੇ ਵਿਸ਼ਵ ਪੱਧਰੀ ਜਿੱਥੇ ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ ਕੀਤਾ ਉੱਥੇ ਆਪਣਾ ਨਾਮਣਾ ਵੀ ਖੱਟਿਆ। ਆਪ ਦੇ ਸ਼ਾਗਿਰਦਾਂ ਵਿਚ ਭਾਈ ਸਵਰਨ ਸਿੰਘ ਵੀ ਵਿਸ਼ੇਸ਼ ਹਨ ਜਿਸ ਨੂੰ ਆਪ ਨੇ ਆਪਣੇ ਬੱਚਿਆਂ ਦੀ ਤਰ੍ਹਾਂ ਹੀ ਰੱਖਿਆ, ਕੀਰਤਨ, ਜੋੜੀ ਤੇ ਤੰਤੀ ਸਾਜ਼ ਸਿਖਾਇਆ। ਭਾਈ ਸਵਰਨ ਸਿੰਘ ਨੇ ਜੋੜੀ ਵਾਦਨ ਵਿਚ ਮੁਹਾਰਤਾ ਹਾਸਲ ਕਰ ਪਹਿਲਾਂ ਆਪ ਨਾਲ, ਫਿਰ ਆਪ ਦੇ ਸਪੁੱਤਰ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੇ ਜੱਥੇ ਨਾਲ ਜੋੜੀ ਦੀ ਸੇਵਾ ਨਿਭਾਈ। ਅੱਜ ਕੱਲ ਭਾਈ ਸਵਰਨ ਸਿੰਘ ਰਾਗੀ ਭਾਈ ਜੁਵਾਲਾ ਸਿੰਘ ਦੇ ਪੋਤਰੇ ਭਾਈ ਕੁਲਤਾਰ ਸਿੰਘ ਨਾਲ ਜੋੜੀ ਦੀ ਸੇਵਾ ਨਿਭਾਅ ਰਹੇ ਹਨ। ਕੀਰਤਨ ਘਰਾਣੇ ਦੀ ਸਥਾਪਤੀ ਦੇ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਨੇ ਆਪਣੇ ਅੰਤਿਮ ਸਮੇਂ ਭਾਈ ਸਵਰਨ ਸਿੰਘ ਦੀ ਬਾਂਹ ਆਪਣੇ ਸਪੁੱਤਰਾਂ ਦੇ ਹੱਥ ਫੜਾ ਕੇ ਇਹ ਕਿਹਾ ਕਿ ਇਸ ਦਾ ਸਾਥ ਕਦੀ ਨਹੀਂ ਛੱਡਣਾ ਜਿਸ ਨੂੰ ਭਾਈ ਅਵਤਾਰ ਸਿੰਘ ਨੇ ਆਪਣੇ ਅੰਤਿਮ ਸਮੇਂ ਤਕ ਨਿਭਾਇਆ। ਇਸੇ ਤਰ੍ਹਾਂ ਭਾਈ ਅਵਤਾਰ ਸਿੰਘ ਨੇ ਆਪਣੇ ਸਪੁੱਤਰ ਕੁਲਤਾਰ ਸਿੰਘ ਦੀ ਬਾਂਹ ਭਾਈ ਸਵਰਨ ਸਿੰਘ ਦੇ ਹੱਥ ਫੜਾ ਕੇ ਇਹ ਹੀ ਬਚਨ ਕੀਤੇ। ਉਨ੍ਹਾਂ ਬਚਨਾਂ ਨੂੰ ਭਾਈ ਸਵਰਨ ਸਿੰਘ ਵਰਤਮਾਨ ਸਮੇਂ ਨਿਭਾਅ ਰਹੇ ਹਨ। ਇੱਕ ਉਸਦਾਤ ਦਾ ਆਪਣੇ ਚੰਗੇ ਸ਼ਾਗਿਰਦ ਨੂੰ ਦੂਸਰੇ ਸ਼ਾਗਿਰਦ ਦੇ ਸਾਥ ਦੇਣ ਬਾਰੇ ਤਾਕੀਦ ਕਰਨਾ, ਅੱਗੇ ਉਸ ਸ਼ਾਗਿਰਦ ਨੇ ਪਿਤਾ ਉਸਤਾਦ ਦਾ ਹੁਕਮ ਮੰਨਦੇ ਹੋਏ ਅੰਤ ਤਕ ਸਾਥ ਨਿਭਾਉਣਾ, ਆਪਣੇ ਅੰਤਿਮ ਸਮੇਂ ਉਸ ਦੇ ਹੱਥ ਅੱਗੇ ਹੋਰ ਸ਼ਾਗਿਰਦ ਦਾ ਹੱਥ ਫੜਾ ਕੇ ਘਰਾਣੇ ਨੂੰ ਅੱਗੇ ਤੋਰਨਾ ਇਸ ਘਰਾਣੇ ਦੀ ਖਾਸ ਵਿਸ਼ੇਸ਼ਤਾ ਰਹੀ ਹੈ। ਭਾਈ ਜੁਵਾਲਾ ਸਿੰਘ ਨੇ ਜਿੱਥੇ ਆਪਣੇ ਕੀਰਤਨ ਘਰਾਣੇ ਦੀ ਨਿਰੰਤਰਤਾ ਨੂੰ ਕਾਇਮ ਰੱਖਿਆ ਉੱਥੇ ਕੀਰਤਨੀਆਂ ਲਈ ਵੀ ਇੱਕ ਆਦਰਸ਼ ਕਾਇਮ ਕੀਤਾ ਕਿ ਗੁਰੂ ਘਰ ਦੀ ਕੀਰਤਨ ਪਰੰਪਰਾ ਨਾਲ ਆਪਣੇ ਪਰਿਵਾਰ ਅਤੇ ਹੋਰ ਸਿੱਖਾਂ ਨੂੰ ਜੋੜਨਾ।

## 5.8 ਪ੍ਰਮਾਣਿਕ ਸ਼ਬਦ ਕੀਰਤਨ ਰਚਨਾਵਾਂ ਦੇ ਸੰਗ੍ਰਹਿ ਅਤੇ ਸੁਰੱਖਿਆ ਸੰਭਾਲ ਵਿਚ ਯੋਗਦਾਨ

ਰਾਗੀ ਭਾਈ ਜੁਵਾਲਾ ਸਿੰਘ ਸ਼ਬਦ ਕੀਰਤਨ ਰਚਨਾਵਾਂ ਦੀ ਸੰਭਾਲ ਲਈ ਵੀ ਸੁਚੇਤ ਸਨ। ਆਪ ਨੇ ਜਿਥੇ ਸੈਂਕੜਿਆਂ ਦੇ ਰੂਪ ਵਿਚ ਸ਼ਬਦ ਕੀਰਤਨ ਰੀਤਾਂ ਉਸਤਾਦ ਭਾਈ ਸ਼ਰਧਾ ਸਿੰਘ ਅਤੇ ਹਜ਼ੂਰੀ ਰਾਗੀ ਭਾਈ ਵਸਾਵਾ ਸਿੰਘ ਪਾਸੋਂ ਸਿੱਖੀਆਂ ਸਨ ਉੱਥੇ ਆਪ ਨੂੰ ਆਪਣੇ ਪਿਤਾ ਪਾਸੋਂ ਵੀ ਪ੍ਰਾਪਤ ਹੋਈਆਂ। ਇਸ ਦੇ ਨਾਲ-ਨਾਲ ਆਪ ਦੇ ਸੰਗੀਤਕ ਮੁਹਾਰਤ ਤੇ ਗੁਰਮਤਿ ਗਿਆਨ ਕਾਰਨ ਕਈ ਮੌਲਿਕ ਰੀਤਾਂ ਦਾ ਈਜ਼ਾਦ ਹੋਣਾ ਵੀ ਸੁਭਾਵਿਕ ਹੀ ਹੈ। ਇਸ ਲਈ ਆਪ ਕੋਲ ਸ਼ਬਦ ਕੀਰਤਨ ਰਚਨਾਵਾਂ ਦਾ ਵੱਡਾ ਭੰਡਾਰ ਮੌਜੂਦ ਸੀ। ਆਪ ਦੇ ਸਮਕਾਲੀ ਕੀਰਤਨੀਏ ਤੇ ਸੰਗੀਤਕਾਰਾਂ ਵਿਚ ਸੰਗੀਤ ਲਿਖਣ ਦੀ ਪਿਰਤ ਪ੍ਰਾਰੰਭ ਹੋ ਚੁੱਕੀ ਸੀ। ਸਮਕਾਲੀ ਕੀਰਤਨੀਆਂ ਵਿਚ ਰਾਗੀ ਭਾਈ ਪ੍ਰੇਮ ਸਿੰਘ, ਭਾਈ ਸੁੰਦਰ ਸਿੰਘ ਅਤੇ ਭਾਰਤੀ ਸੰਗੀਤ ਦੇ ਹਵਾਲੇ ਨਾਲ ਪੰਡਿਤ ਵਿਸ਼ਣੂ ਦਿਗੰਬਰ ਪੁਲਸਕਰ ਦੇ ਨਾਮ ਵਿਸ਼ੇਸ਼ ਹਨ। ਰਾਗੀ ਭਾਈ ਗੁਰਚਰਨ ਸਿੰਘ ਦੇ ਹਵਾਲੇ ਨਾਲ ਆਪ ਨੇ ਵੀ ਆਪਣੀਆਂ ਸ਼ਬਦ ਕੀਰਤਨ ਰੀਤਾਂ ਇੱਕ ਡਇਰੀ ਵਿਚ ਲਿਖੀਆਂ ਸਨ ਜਿਸ ਨੂੰ ਆਪ ਹਮੇਸ਼ਾਂ ਆਪਣੇ ਨਾਲ ਰੱਖਦੇ ਸਨ। ਆਪ ਆਪਣੇ ਸਮਾਗਮਾਂ ਤੇ ਵਿਸ਼ੇਸ਼ ਘਟਨਾਵਾਂ ਨੂੰ ਵੀ ਇੱਕ ਵੱਖਰੀ ਡਾਇਰੀ ਵਿਚ ਲਿਖ ਕੇ ਰੱਖਦੇ ਸਨ। ਆਪ ਦੀ ਉਹ ਡਾਇਰੀ ਸਿੰਧ ਦੇ ਰੇਤਲੇ ਰਸਤੇ ਵਿਚ ਗੱਡੇ ਤੋਂ ਸਮੇਤ ਬਸਤੇ ਦੇ ਗੁੰਮ ਹੋ ਗਈ ਸੀ ਜੋ ਅਣਥੱਕ ਕੋਸ਼ਿਸ਼ ਦੇ ਬਾਵਜੂਦ ਲੱਭ ਨਾ ਸਕੀ।[101] ਇਸ ਲਈ ਰਾਗੀ ਭਾਈ ਜੁਵਾਲਾ ਸਿੰਘ ਦੀਆਂ ਹੱਥ ਲਿਖਤ ਰਚਨਾਵਾਂ ਤਾਂ ਸਾਨੂੰ ਪ੍ਰਾਪਤ ਨਹੀਂ ਹੁੰਦੀਆਂ ਪਰ ਆਪ ਦੇ ਸ਼ਾਗਿਰਦ ਤੇ ਸਪੁੱਤਰਾਂ ਦੀ ਮਿਹਨਤ ਸਦਕਾ ਸਾਨੂੰ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* ਦੇ ਰੂਪ ਵਿਚ ਪ੍ਰਾਪਤ ਹੋ ਜਾਂਦੀਆਂ ਹਨ। ਇਸ ਪੁਸਤਕ ਦੀ ਭੂਮਿਕਾ ਵਿਚ ਰਾਗੀ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਇਸ ਗੱਲ ਨੂੰ ਪ੍ਰਮਾਣਿਤ ਕਰਦੇ ਹਨ ਕਿ ਉਸ ਪੁਸਤਕ ਵਿਚ ਦਰਜ ਸ਼ਬਦ ਕੀਰਤਨ ਰਚਨਾਵਾਂ ਦਾ ਖ਼ਜਾਨਾ ਉਨ੍ਹਾਂ ਨੂੰ ਆਪਣੇ ਪਿਤਾ ਰਾਗੀ ਭਾਈ ਜੁਵਾਲਾ ਸਿੰਘ ਤੋਂ ਪ੍ਰਾਪਤ ਹੋਇਆ।[102] ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਬਦ ਕੀਰਤਨ ਰਚਨਾਵਾਂ ਨੂੰ ਸੰਭਾਲਣ ਦੀ ਰੁਚੀ ਦੀ ਪ੍ਰੇਰਣਾ ਸਦਕਾ ਆਪ ਦੇ ਸਪੁੱਤਰਾਂ ਨੇ ਪ੍ਰਾਚੀਨ ਸ਼ਬਦ ਕੀਰਤਨ ਰਚਨਾਵਾਂ ਨੂੰ ਸੰਭਾਲਣ ਦਾ ਸਫਲ ਕਾਰਜ ਕੀਤਾ ਹੈ। ਉਕਤ ਤੋਂ ਸਪਸ਼ਟ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਸ਼ਬਦ ਕੀਰਤਨ ਰਚਨਾਵਾਂ ਦੀ ਸੁਰੱਖਿਆ ਸੰਭਾਲ ਹਿਤ ਸੁਚੇਤ ਸਨ। ਇਸ

ਸੰਦਰਭ ਵਿਚ ਉਹ ਕਾਰਜ ਕਰ ਵੀ ਰਹੇ ਸਨ ਪਰ ਉਹ ਗੁੰਮ ਹੋਣ ਕਾਰਨ ਸਾਡੇ ਤਕ ਨਹੀਂ ਪਹੁੰਚ ਸਕਿਆ। ਇਸ ਦੇ ਨਾਲ ਕੀਰਤਨੀਏ ਨੂੰ ਸ਼ਬਦ ਕੀਰਤਨ ਰੀਤਾਂ ਨੂੰ ਸੁਰੱਖਿਅਤ ਕਰਨ ਤੇ ਸਾਂਭ ਸੰਭਾਲਣ ਦੀ ਸੇਧ ਜਰੂਰ ਪ੍ਰਾਪਤ ਹੁੰਦੀ ਹੈ। ਰਾਗੀ ਭਾਈ ਜੁਵਾਲਾ ਸਿੰਘ ਜਿੱਥੇ ਸ਼ਬਦ ਕੀਰਤਨ ਦੀ ਸਾਂਭ ਸੰਭਾਲ ਪ੍ਰਤੀ ਸੁਹਿਰਦਤਾ ਰੱਖਦੇ ਸਨ ਉੱਥੇ ਆਪ ਨੇ ਕੀਰਤਨ ਦੀ ਤਾਲ ਪਰੰਪਰਾ ਵਿਚ ਅਹਿਮ ਯੋਗਦਾਨ ਪਾਇਆ।

### 5.9 ਤਾਲਾਂ ਦੇ ਬਹੁਪੱਖੀ ਪ੍ਰਯੋਗ ਦੇ ਸੰਦਰਭ ਵਿਚ ਯੋਗਦਾਨ

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਹਵਾਲੇ ਨਾਲ ਆਪ ਕੀਰਤਨ ਹਿਤ ਵਿਵਿਧ ਤਾਲਾਂ ਦਾ ਪ੍ਰਯੋਗ ਕਰਦੇ ਰਹੇ ਹਨ। ਆਪ ਦੇ ਕੀਰਤਨੀ ਜਥੇ ਵਿਚ ਭਾਈ ਹਰਨਾਮ ਸਿੰਘ ਟਿੱਬੇਵਾਲੇ, ਭਾਈ ਟਹਿਲ ਸਿੰਘ ਬਾਣੀਆ, ਭਾਈ ਅਰਜਣ ਸਿੰਘ ਤ੍ਰੰਗੜ, ਭਾਈ ਸ਼ੇਰ ਸਿੰਘ, ਭਾਈ ਰਾਮ ਸਿੰਘ ਠੱਠੇ ਪਿੰਡ ਵਾਲੇ, ਭਾਈ ਗੁਰਚਰਨ ਸਿੰਘ, ਭਾਈ ਸਵਰਨ ਸਿੰਘ ਜੋੜੀ ਦੀ ਸੇਵਾ ਨਿਭਾਉਂਦੇ ਰਹੇ ਹਨ।(ਖੋਜ ਪ੍ਰਬੰਧ ਦੇ ਦੂਸਰੇ ਅਧਿਅਇ ਵਿਚ ਇਸ ਸੰਦਰਭ ਵਿਚ ਵਿਸਥਾਰ ਨਾਲ ਵਰਨਣ ਕਰ ਚੁੱਕੇ) ਇਨ੍ਹਾਂ ਵਿੱਚੋਂ ਭਾਈ ਹਰਨਾਮ ਸਿੰਘ, ਭਾਈ ਅਰਜਨ ਸਿੰਘ ਤ੍ਰੰਗੜ, ਭਾਈ ਸਵਰਨ ਸਿੰਘ ਸਿੱਖ ਜਗਤ ਦੇ ਪ੍ਰਸਿੱਧ ਜੋੜੀ ਵਾਦਕ/ਤਬਲਾ ਵਾਦਕ ਰਹੇ ਹਨ। ਭਾਈ ਸਵਰਨ ਸਿੰਘ ਤਾਂ ਹੁਣ ਵੀ ਜੋੜੀ ਵਾਦਨ ਦੀ ਸੰਗਤ ਰਾਹੀਂ ਸੇਵਾ ਨਿਭਾਅ ਰਹੇ ਹਨ। ਰਾਗੀ ਭਾਈ ਜੁਵਾਲਾ ਸਿੰਘ ਖੁਦ ਜੋੜੀ ਦਾ ਚੋਖਾ ਗਿਆਨ ਰੱਖਦੇ ਸਨ। ਆਪ ਤੋਂ ਹੀ ਭਾਈ ਗੁਰਚਰਨ ਸਿੰਘ, ਭਾਈ ਅਵਤਰ ਸਿੰਘ ਤੇ ਭਾਈ ਸਵਰਨ ਸਿੰਘ ਨੇ ਜੋੜੀ ਵਾਦਨ ਦੀ ਸਿਖਲਾਈ ਪ੍ਰਾਪਤ ਕੀਤੀ ਸੀ। ਇਸ ਸੰਦਰਭ ਵਿਚ ਆਪ ਸ਼ਬਦ ਕੀਰਤਨ ਹਿਤ ਲੈਅ ਤਾਲ ਦਾ ਖਾਸ ਧਿਆਨ ਰੱਖਦੇ ਸਨ। ਆਪ ਨੇ ਆਪਣੇ ਕੀਰਤਨ ਹਿਤ ਵਿਕਟ ਤੋਂ ਵਿਕਟ ਤਾਲਾਂ ਦਾ ਪ੍ਰਯੋਗ ਵੀ ਕੀਤਾ ਪ੍ਰਤੱਖ ਹੁੰਦਾ ਹੈ ਜਿਸ ਦਾ ਭਾਈ ਅਵਤਾਰ ਸਿੰਘ ਤੇ ਭਾਈ ਗੁਰਚਰਨ ਸਿੰਘ ਨੂੰ ਪ੍ਰਾਪਤ ਹੋਈਆਂ ਸ਼ਬਦ ਕੀਰਤਨ ਰੀਤਾਂ ਤੋਂ ਪਤਾ ਲਗਦਾ ਹੈ। ਆਪ ਨੇ ਕੀਰਤਨ ਹਿਤ ਚਾਰ ਤਾਲ, ਇਕ ਤਾਲ, ਚੰਚਲ ਤਾਲ, ਆਡਾ ਚੌਤਾਲ, ਭਾਨਮਤੀ ਤਾਲ, ਜਗਪਾਲ ਤਾਲ, ਜੈਤਾਲ, ਧਮਾਰ ਤਾਲ, ਫਰੋਦਸਤ ਤਾਲ, ਪੰਜਤਾਲ ਸਵਾਰੀ, ਤਿੰਨ ਤਾਲ, ਛੋਟਾ ਤਿੰਨ ਤਾਲ, ਪੰਜਾਬੀ ਠੇਕਾ, ਖਟ ਤਾਲ, ਮਤ ਤਾਲ, ਸਿਖ਼ਰ ਤਾਲ, ਇੰਦ੍ਰਤਾਲ, ਝਪਤਾਲ, ਸੂਲ ਤਾਲ, ਮੱਤ ਤਾਲ, ਤਲਵਾੜਾ ਤਾਲ, ਰੂਪਕ ਜਾਂ ਗੀਤ ਤਾਲ, ਢਾਈ ਤਾਲ,

ਦਾਦਰਾ ਤਾਲ, ਪਉੜੀ ਤਾਲ ਆਦਿ ਵਿਭਿੰਨ ਤਾਲਾਂ ਦਾ ਪ੍ਰਯੋਗ ਕਰਦੇ ਸਨ।[103] ਇਸ ਤੋਂ ਇਹ ਸਪਸ਼ਟ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਆਪਣੇ ਕੀਰਤਨ ਹਿਤ ਵਿਭਿੰਨ ਤਾਲਾਂ ਦਾ ਪ੍ਰਯੋਗ ਕਰਦੇ ਸਨ ਜੋ ਕਿ ਕੀਰਤਨੀਆਂ ਲਈ ਪ੍ਰੇਰਣਾ ਸਰੋਤ ਵਜੋਂ ਵਿਦਮਾਨ ਹਨ। ਰਾਗੀ ਭਾਈ ਜੁਵਾਲਾ ਸਿੰਘ ਤਾਲਾਂ ਦੇ ਨਾਲ-ਨਾਲ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਦਾ ਵੀ ਖਾਸ ਧਿਆਨ ਰੱਖਦੇ ਸਨ।

## 5.10 ਗੁਰਮਤਿ ਸੰਗੀਤ ਦੇ ਸਿਧਾਂਤ ਦੀ ਪਾਲਣਾ ਵਿਚ ਯੋਗਦਾਨ

ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਸੰਗੀਤ ਦੇ ਸਿਧਾਂਤ ਦਾ ਅਧਾਰ ਹੈ। ਬਾਣੀ ਵਿਚ ਸੰਗੀਤ ਰਚਨਾ ਲਈ ਧੁਨ ਦਾ ਸੁਰਾਤਮਕ ਸਰੂਪ ਅੰਕਿਤ ਨਹੀਂ। ਇਸ ਵਿਚ ਸ਼ਬਦ ਰਚਨਾ ਨੂੰ ਸਰੂਪਤ ਕਰਨ ਲਈ ਰਾਗ[104], ਗਾਇਨ ਸ਼ੈਲੀਆਂ[105](ਸਨਾਤਨੀ, ਲੋਕ ਸੰਗੀਤ ਅਤੇ ਗੁਰਮਤਿ ਸੰਗੀਤ ਦੀਆਂ ਮੌਲਿਕ ਗਾਇਨ ਸ਼ੈਲੀਆਂ), ਰਹਾਉ[106], ਅੰਕ[107], ਘਰੁ[108] ਆਦਿ ਸੰਗੀਤਕ ਸਿਰਲੇਖ ਤੇ ਸੰਕੇਤ ਦਰਸਾਏ ਗਏ ਹਨ। ਹਰ ਬਾਣੀ ਰੂਪ ਦੀ ਆਪਣੇ ਮੂਲ ਕਾਵਿਕ ਸਰੂਪ ਅਨੁਸਾਰ ਵਿਸ਼ੇਸ਼ ਪ੍ਰਕਿਰਤੀ ਹੈ ਜਿਵੇਂ ਅਸ਼ਟਪਦੀ, ਪਦੇ(ਚਉਪਦੇ) ਆਦਿ ਸਨਾਤਨੀ ਕਾਵਿ ਰੂਪ ਵਜੋਂ ਦਰਜ ਹਨ ਤਾਂ ਇਨ੍ਹਾਂ ਨੂੰ ਸਨਾਤਨੀ ਸੰਗੀਤ ਦੀ ਪਰੰਪਰਾ ਭਾਵ ਸ਼ਾਸਤਰੀ ਸੰਗੀਤ ਅੰਗ ਤੋਂ ਗਾਇਨ ਕੀਤਾ ਜਾਂਦਾ ਹੈ ਅਤੇ ਵਾਰ, ਛੰਤ, ਅਲਾਹੁਣੀਆਂ, ਘੋੜੀਆਂ ਆਦਿ ਦੇਸੀ ਬਾਣੀ ਰੂਪ ਜੋ ਲੋਕ ਕਾਵਿ ਰੂਪ ਦੀ ਪ੍ਰਕਿਰਤੀ ਦੇ ਧਾਰਣੀ ਹਨ। ਇਨ੍ਹਾਂ ਨੂੰ ਲੋਕ ਸੰਗੀਤ ਅਧੀਨ ਸਮਾਨਾਂਤਰ ਰੂਪ ਵਿਚ ਪ੍ਰਚਲਿਤ ਗਾਇਨ ਸ਼ੈਲੀਆਂ ਦੇ ਅੰਗ ਤੋਂ ਗਾਏ ਜਾਣ ਦੀ ਤਾਕੀਦ ਹੈ। ਬਾਣੀਕਾਰ ਗੁਰੂ ਸਾਹਿਬਾਨਾਂ ਨੇ ਇਨ੍ਹਾਂ ਲੋਕ ਬਾਣੀ ਰੂਪਾਂ ਲਈ ਰਾਗ ਨਿਰਧਾਰਤ ਕੀਤੇ ਹਨ ਜੋ ਇਨ੍ਹਾਂ ਦੇ ਸੰਗੀਤਕ ਰੂਪੀ ਭਾਵ ਇਨ੍ਹਾਂ ਦੀ ਕੀਰਤਨ ਹਿਤ ਸੰਗੀਤਕ ਰਚਨਾ ਨੂੰ ਸੁਨਿਸ਼ਚਿਤ ਕਰਦੇ ਹਨ। ਇਸ ਤਰ੍ਹਾਂ *ਪੜਤਾਲ* ਗਾਇਨ ਸ਼ੈਲੀ ਗੁਰਮਤਿ ਸੰਗੀਤ ਦੀ ਮੌਲਿਕ ਸ਼ੈਲੀ ਹੈ ਇਸ ਨੂੰ ਗੁਰਮਤਿ ਸੰਗੀਤ ਪਰੰਪਰਾ ਅਧੀਨ ਵਿਸ਼ੇਸ਼ ਰੂਪ ਵਿਚ ਗਾਇਨ ਦਾ ਵਿਧਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ *ਆਸਾ ਦੀ ਵਾਰ* ਦੇ ਗਾਇਨ ਦਾ ਆਪਣਾ ਵਿਧਾਨ ਹੈ ਜੋ ਸਦੀਆਂ ਤੋਂ ਗੁਰੂ ਘਰਾਂ ਵਿਚ ਚਲਦਾ ਆ ਰਿਹਾ ਹੈ। ਸ੍ਰੀ ਹਰਿਮੰਦਰ ਸਾਹਿਬ ਇਸ ਦੀ ਪ੍ਰਮੁਖ ਉਦਾਹਰਣ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਆਸਾ ਦੀ ਵਾਰ ਸਮੇਤ 15 ਕੀਰਤਨ ਚਉਕੀਆਂ ਦਾ ਗਾਇਨ ਕੀਤਾ ਜਾਂਦਾ ਆ ਰਿਹਾ ਹੈ।[109] ਸ਼ਬਦ ਕੀਰਤਨ ਵਿਧਾਨ ਅਨੁਸਾਰ ਕੀਰਤਨ ਚਉਕੀ ਦੇ *ਸ਼ਾਨ*[110], *ਮੰਗਲਾਚਰਣ*[111], *ਧਰੁਪਦ ਅੰਗ ਖਿਆਲ ਅੰਗ ਤੇ ਸ਼ਬਦ ਗਾਇਨ* [112]*ਅਤੇ*

*ਪਉੜੀ ਲਾਉਣਾ* ਅੰਗ ਮੰਨੇ ਜਾਂਦੇ ਹਨ।[113] ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਗੀਤਕ ਸੰਰਚਨਾ ਦੇ ਅਧਿਐਨ ਤੋਂ ਗੁਰਮਤਿ ਸੰਗੀਤ ਦਾ ਸਿਧਾਂਤ ਪ੍ਰਤੱਖ ਹੁੰਦਾ ਹੈ। ਸੂਝਵਾਨ ਕੀਰਤਨੀਏ ਕੀਰਤਨ ਸਮੇਂ ਇਸ ਸਿਧਾਂਤ ਦਾ ਵਿਸ਼ੇਸ਼ ਧਿਆਨ ਰੱਖਦੇ ਹਨ।

ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਸਫਰ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਆਪ ਗੁਰਬਾਣੀ ਵਿਚ ਦਰਸਾਏ ਸੰਗੀਤ ਸਿਧਾਂਤ ਦਾ ਅਨੁਸਰਣ ਕਰਦੇ ਹੋਏ ਕੀਰਤਨ ਕਰਦੇ ਰਹੇ। ਆਪ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਤੋਂ ਇਹ ਭਲੀਭਾਂਤ ਸਪਸ਼ਟ ਹੋ ਜਾਂਦਾ ਹੈ। ਆਪ ਦੇ ਕੀਰਤਨ ਘਰਾਣੇ ਦੀਆਂ ਉਪਲੱਬਧ ਸ਼ਬਦ ਕੀਰਤਨ ਰਚਨਾਵਾਂ ਵਿਚ 173 ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਵਿਧਾਨ ਅਨੁਸਾਰੀ ਹਨ ਜਿਨ੍ਹਾਂ ਵਿਚ ਰਾਗ, ਰਹਾਉ, ਅੰਕ ਆਦਿ ਦਾ ਪਾਲਣ ਕੀਤਾ ਗਿਆ ਹੈ। ਗਾਇਨ ਸ਼ੈਲੀਆਂ ਦੇ ਬਾਰੇ ਅਸੀਂ ਉਪਰ ਜ਼ਿਕਰ ਕਰ ਆਏ ਹਾਂ। ਇਸ ਤੋਂ ਇਲਾਵਾ ਗੁਰਮਤਿ ਸੰਗੀਤ ਦੀ ਪੜਤਾਲ ਗਾਇਨ ਸ਼ੈਲੀ ਦਾ ਵੀ ਆਪ ਨੇ ਖੂਬ ਕੀਰਤਨ ਕੀਤਾ ਹੈ। ਆਪ ਦੇ ਕੀਰਤਨ ਘਰਾਣੇ ਦੀਆਂ ਪ੍ਰਾਪਤ ਸ਼ਬਦ ਕੀਰਤਨ ਰਚਨਾਵਾਂ ਵਿਚ 33 ਪੜਤਾਲਾਂ[114] ਵੀ ਪ੍ਰਾਪਤ ਹੁੰਦੀਆਂ ਹਨ। ਕੁੱਲ ਮਿਲਾ ਕੇ ਆਪ ਸ਼ਬਦ ਕੀਰਤਨ ਸਮੇਂ ਗੁਰਮਤਿ ਸੰਗੀਤ ਦੇ ਸਿਧਾਂਤ ਦਾ ਵਿਸ਼ੇਸ਼ ਖਿਆਲ ਰੱਖਦੇ ਸਨ ਜਿਸ ਨਾਲ ਕੀਰਤਨੀਆਂ ਨੂੰ ਇੱਕ ਸੇਧ ਮਿਲਦੀ ਰਹੇਗੀ। ਰਾਗੀ ਭਾਈ ਜੁਵਾਲਾ ਸਿੰਘ ਨੇ ਸ਼ਬਦ ਕੀਰਤਨ ਦਾ ਪ੍ਰਚਾਰ ਪਾਸਾਰ ਵਿਭਿੰਨ ਇਲਾਕਿਆਂ ਵਿਚ ਕੀਤਾ।

## 5.11 ਵਿਭਿੰਨ ਇਲਾਕਿਆਂ ਵਿਚ ਕੀਰਤਨ ਪ੍ਰਚਾਰ ਵਜੋਂ ਯੋਗਦਾਨ

ਰਾਗੀ ਭਾਈ ਜੁਵਾਲਾ ਸਿੰਘ ਨੂੰ ਸਿੱਖ ਜਗਤ ਵਿਚ ਬਹੁਤ ਸਤਿਕਾਰਿਆ ਜਾਂਦਾ ਸੀ। ਇਸ ਦਾ ਇੱਕ ਕਾਰਨ ਆਪ ਵੱਲੋਂ ਆਪਣੇ ਗੁਰੂ ਜਨਾਂ ਤੋਂ ਕੀਰਤਨ ਦੀ ਸਿੱਖਿਆ ਗ੍ਰਹਿਣ ਕਰਕੇ ਸਿੱਖ ਸਮਾਜ ਵਿਚ ਕੀਰਤਨੀਏ ਦੇ ਰੂਪ ਵਿਚ ਦੂਰ-ਦੂਰ ਸ਼ਬਦ ਕੀਰਤਨ ਦਾ ਪ੍ਰਚਾਰ ਤੇ ਪਾਸਾਰ ਕਰਨਾ ਵੀ ਹੈ। ਆਪ ਦੇ ਕੀਰਤਨ ਦਾ ਖੇਤਰ ਸਾਧਨਾਂ ਦੀ ਕਮੀ ਦੇ ਬਾਵਜੂਦ ਵਿਸ਼ਾਲ ਸੀ। ਆਪ ਨੇ ਲਗਭਗ ਸਾਰੇ ਭਾਰਤ ਵਿਚ ਕੀਰਤਨ ਦੇ ਪ੍ਰਚਾਰ ਪਾਸਾਰ ਹਿਤ ਸਫਰ ਕੀਤਾ। ਇਸ ਸੰਦਰਭ ਵਿਚ ਆਪ ਭਾਰਤ ਦੇ ਉੱਤਰ ਪੱਛਮ ਦੇ ਸਿੰਧ ਇਲਾਕੇ[115]; ਪੂਰਬ ਦੇ ਸ਼ਿਮਲਾ[116], ਗਯਾ, ਕਲਕੱਤਾ ਤੇ ਪਟਨਾ ਸਾਹਿਬ ਆਦਿ; ਦਿੱਲੀ; ਦੱਖਣ ਦੇ ਹਜ਼ੂਰ ਸਾਹਿਬ, ਨਾਂਦੇੜ[117] ਆਦਿ ਤੱਕ ਸੀਮਤ ਸਾਧਨਾਂ ਦੇ ਕਾਰਨ ਵੀ ਜ਼ਿੰਦਗੀ ਦੇ ਅੰਤ ਤੱਕ ਕੀਰਤਨ

ਕਰਦੇ ਰਹੇ। ਇਸ ਤੋਂ ਇਲਾਵਾ ਪੰਜਾਬ ਦੇ ਤਾਂ ਆਪ ਹਰ ਖੇਤਰ ਵਿਚ ਕੀਰਤਨ ਨਾਲ ਆਪਣੀ ਹਾਜ਼ਰੀ ਲਗਵਾਉਂਦੇ ਰਹੇ। ਪੰਜਾਬ (ਅਣਵੰਡੇ ਪੰਜਾਬ ਦੇ ਸੰਦਰਭ ਵਿਚ) ਦੇ ਅੰਮ੍ਰਿਤਸਰ, ਕਰਾਚੀ, ਸਿਆਲਕੋਟ[118], ਲਾਹੌਰ[119], ਨਨਕਾਣਾ ਸਾਹਿਬ[120], ਡੇਰਾ ਸਾਹਿਬ; ਜਲੰਧਰ[121], ਹੁਸ਼ਿਆਰਪੁਰ[122], ਸ੍ਰੀ ਅਨੰਦਪੁਰ ਸਾਹਿਬ[123], ਨਾਲਾਗੜ੍ਹ [124](ਅੱਜ ਕੱਲ ਹਿਮਾਚਲ), ਭੱਠਾ ਸਾਹਿਬ, ਫਤਹਿਗੜ੍ਹ ਸਾਹਿਬ, ਪਟਿਆਲਾ, ਨਾਭਾ ਰਿਆਸਤ, ਫਰੀਦਕੋਟ ਰਿਆਸਤ[125], ਕਪੂਰਥਲਾ ਰਿਆਸਤ[126] ਆਦਿ ਇਲਾਕਿਆਂ ਵਿਚ ਆਪ ਕੀਰਤਨ ਦੇ ਪ੍ਰਚਾਰ ਪਾਸਾਰ ਹਿਤ ਗਏ। ਇਸ ਤੋਂ ਆਪ ਦੀ ਕੀਰਤਨ ਪ੍ਰਤੀ ਅਰਪਿਤ ਭਾਵਨਾ ਦੇ ਦਰਸ਼ਨ ਹੁੰਦੇ ਹਨ। ਸਿੱਖ ਸਮਾਜ ਦੇ ਹਰ ਵੱਡੇ ਸਮਾਗਮ ਵਿਚ ਆਪ ਨੇ ਆਪਣੀ ਹਾਜ਼ਰੀ ਲਗਵਾਈ ਹੈ। ਸਿੱਖ ਸਮਾਜ ਹੀ ਨਹੀਂ ਸਗੋਂ ਗੈਰ ਸਿੱਖਾਂ ਦੇ ਵੱਡੇ ਸਿਆਸੀ ਸਮਾਗਮਾਂ ਵਿਚ ਕੀਰਤਨ ਹਿਤ ਆਪ ਨੂੰ ਪਹਿਲ ਦੇ ਅਧਾਰ 'ਤੇ ਬੁਲਾਇਆ ਜਾਂਦਾ ਰਿਹਾ। ਇਸ ਤੋਂ ਆਪ ਦੁਆਰਾ ਗੁਰਮਤਿ ਸੰਗੀਤ ਦੇ ਪ੍ਰਚਾਰ ਪਾਸਾਰ ਹਿਤ ਪਾਏ ਯੋਗਦਾਨ ਦਾ ਸਹਿਜੇ ਪਤਾ ਲੱਗ ਜਾਂਦਾ ਹੈ।

ਉਕਤ ਵਿਚਾਰ ਚਰਚਾ ਤੋਂ ਰਾਗੀ ਭਾਈ ਜੁਵਾਲਾ ਸਿੰਘ ਦੁਆਰਾ ਗੁਰਮਤਿ ਸੰਗੀਤ ਵਿਚ ਪਾਏ ਯੋਗਦਾਨ ਦਾ ਪਤਾ ਲਗਦਾ ਹੈ। ਆਪ ਨੇ ਗੁਰਮਤਿ ਸੰਗੀਤ ਦੇ ਵਿਭਿੰਨ ਖੇਤਰਾਂ ਵਿਚ ਯੋਗਦਾਨ ਪਾਇਆ ਹੈ। ਆਪ ਦੀ ਸ਼ਖ਼ਸੀਅਤ ਪੂਰਨ ਤੌਰ 'ਤੇ ਗੁਰਸਿੱਖਾਂ ਵਾਲੀ ਉਭਰ ਕੇ ਸਾਹਮਣੇ ਆਉਂਦੀ ਹੈ। ਸਿੱਖ ਪੰਥ ਦੇ ਪ੍ਰਮਾਣਿਤ ਸਿਧਾਂਤਾਂ ਅਨੁਸਾਰ ਜਿਸ ਗੁਰਸਿੱਖ ਦਾ ਸੰਕਲਪ ਸਿੱਖ ਰਹਿਤ ਮਰਯਾਦਾ ਵਿਚ ਦਿੱਤਾ ਗਿਆ ਹੈ ਆਪ ਦੀ ਸਖ਼ਸੀਅਤ ਉਸ ਕਸੌਟੀ 'ਤੇ ਪੂਰੀ ਉਤਰਦੀ ਹੈ। ਆਪ ਦੀ ਸ਼ਖ਼ਸੀ ਰਹਿਣੀ ਤੇ ਪੰਥਕ ਰਹਿਣੀ ਗੁਰਮਤਿ ਦੇ ਸਿਧਾਂਤਾਂ ਦਾ ਅਨੁਸਰਣ ਕਰਦੀ ਪ੍ਰਗਟ ਹੋ ਰਹੀ ਹੈ ਜੋ ਕਿ ਕੀਰਤਨੀਆਂ ਲਈ ਹਮੇਸ਼ਾਂ ਮਿਸਾਲ ਪੇਸ਼ ਕਰਦੀ ਹੈ। ਆਪ ਦੀ ਸ਼ਖ਼ਸੀਅਤ ਵਿਚ ਜਿੱਥੇ ਗੁਰਮੁਖ ਕੀਰਤਨੀਆਂ ਵਾਲੇ ਗੁਣ ਪ੍ਰਗਟ ਹੋਏ ਹਨ ਉੱਥੇ ਆਪ ਨੇ ਕੀਰਤਨੀਆਂ ਲਈ ਬਾਣੀ ਗਿਆਨ ਦਾ ਅਦਰਸ਼ ਵੀ ਕਾਇਮ ਕੀਤਾ ਹੈ। ਗੁਰਬਾਣੀ ਦੇ ਨਿਤ ਅਭਿਆਸੀ ਹੋਣ ਕਾਰਨ ਆਪ ਕੋਲ ਗੁਰਬਾਣੀ ਦੇ ਵਿਸ਼ਾਲ ਸ਼ਬਦਾਂ ਦਾ ਭੰਡਾਰ ਮੌਜੂਦ ਸੀ। ਆਪ ਰਾਗ ਪ੍ਰਧਾਨ ਕੀਰਤਨ ਨੂੰ ਮਹੱਤਤਾ ਦਿੰਦੇ ਸਨ। ਕੱਚੀਆਂ ਧਾਰਨਾਵਾਂ ਦੀ ਬਜਾਏ ਗੁਰੂ ਸਾਹਿਬ ਵਲੋਂ ਬਖਸ਼ੀ ਕੀਰਤਨ ਪਰੰਪਰਾ ਨੂੰ ਅਧਾਰ ਬਣਾ ਕੇ ਰਾਗਾਂ ਵਿਚ ਕੀਰਤਨ ਕਰਦੇ ਸਨ। ਇਸ ਨਾਲ ਕੀਰਤਨੀਏ ਲਈ ਕੀਰਤਨ ਵਿਚ ਰਾਗ ਦੀ ਅਹਿਮੀਅਤ ਨੂੰ ਸਥਾਪਤ ਕਰਨ ਵਿਚ ਆਪ ਸਫਲ ਹੋਏ ਹਨ। ਇੱਕ

ਕੀਰਤਨੀਆਂ ਲਈ ਇਨ੍ਹਾਂ ਗਾਇਨ ਸ਼ੈਲੀਆਂ ਦਾ ਗਿਆਨ ਹੋਣਾ ਜਰੂਰੀ ਹੈ ਉੱਥੇ ਇਨ੍ਹਾਂ ਦਾ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਕਰਨਾ ਆਉਣਾ ਵੀ ਲਾਜ਼ਮੀ ਹੈ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਕੀਰਤਨੀਆਂ ਲਈ ਪ੍ਰੇਰਣਾ ਸਰੋਤ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ। ਆਪ ਤੰਤੀ ਸਾਜ਼ ਤਾਊਸ 'ਤੇ ਆਪਣਾ ਪੂਰਾ ਅਧਿਕਾਰ ਰੱਖਦੇ ਸਨ। ਆਪ ਨੇ ਤੰਤੀ ਸਾਜ਼ਾਂ (ਤਾਊਸ ਦੇ ਪਰਿਪੇਖ ਵਿਚ) ਦੇ ਪ੍ਰਚਾਰ ਤੇ ਪਾਸਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਨੇ ਜਿੱਥੇ ਆਪਣੇ ਕੀਰਤਨ ਘਰਾਣੇ ਦੀ ਨਿਰੰਤਰਤਾ ਨੂੰ ਕਾਇਮ ਰੱਖਿਆ ਉੱਥੇ ਕੀਰਤਨੀਆਂ ਲਈ  ਇਸ ਸੰਦਰਭ ਵਿਚ ਇੱਕ ਆਦਰਸ਼ ਵੀ ਕਾਇਮ ਕੀਤਾ। ਆਪ ਨੇ ਸ਼ਬਦ ਕੀਰਤਨ ਰਚਨਾਵਾਂ ਦੀ ਸੁਰੱਖਿਆ ਸੰਭਾਲ ਹਿਤ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ ਆਪ ਜਿੱਥੇ ਸ਼ਬਦ ਕੀਰਤਨ ਦੀ ਸਾਂਭ ਸੰਭਾਲ ਪ੍ਰਤੀ ਸੁਹਿਰਦਤਾ ਰੱਖਦੇ ਸਨ ਉੱਥੇ ਆਪ ਨੇ ਕੀਰਤਨ ਦਾ ਦੇਸ਼ ਦੇ ਵਿਭਿੰਨ ਖੇਤਰਾਂ ਵਿਚ ਪ੍ਰਚਾਰ ਤੇ ਪਾਸਾਰ ਵੀ ਕੀਤਾ। ਆਪ ਨੇ ਸ਼ਬਦ ਕੀਰਤਨ ਹਿਤ ਵਿਭਿੰਨ ਤਾਲਾਂ ਦਾ ਪ੍ਰਯੋਗ ਕੀਤਾ ਪ੍ਰਗਟ ਹੋ ਰਿਹਾ ਹੈ ਜੋ ਆਪ ਦਾ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਸ਼ੇਸ਼ ਯੋਗਦਾਨ ਹੈ।

ਰਾਗੀ ਭਾਈ ਜੁਵਾਲਾ ਸਿੰਘ ਬਹੁਪੱਖੀ ਤੇ ਬਹੁਮੁੱਖੀ ਗੁਰਸਿੱਖ ਕੀਰਤਨੀਏ ਵਜੋਂ ਪ੍ਰਗਟ ਹੋਏ ਹਨ। ਉਨ੍ਹਾਂ ਦੀ ਸ਼ਖ਼ਸੀਅਤ ਸਿੱਖ ਧਰਮ ਵਿਚ ਆਦਰਸ਼ ਕੀਰਤਨੀਏ ਦੇ ਰੂਪ ਵਜੋਂ ਉਜਾਗਰ ਹੁੰਦੀ ਹੈ। ਉਹ ਗੁਰਮਤਿ ਸੰਗੀਤ ਦੇ ਸਿਧਾਂਤ ਦੀ ਪਾਲਣਾ ਵੀ ਕਰ ਰਹੇ ਹਨ ਤੇ ਸੰਗੀਤ ਤੇ ਤੰਤੀ ਸਾਜ਼ਾਂ ਦੇ ਸਾਧਕ ਵੀ ਹਨ। ਉਨ੍ਹਾਂ ਨੇ ਜੀਵਨ ਵਿਚ ਕੀਰਤਨ ਨੂੰ ਮੂਲ ਰੂਪ ਵਿਚ ਅਪਣਾਇਆ। ਇਸ ਦੇ ਨਾਲ-ਨਾਲ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਵੀ ਪ੍ਰਚਾਰਿਆ। ਆਪਣਾ ਕੀਰਤਨ ਘਰਾਣਾ ਕਾਇਮ ਕੀਤਾ ਤੇ ਵਿਸ਼ਾਲ ਸ਼ਬਦ ਕੀਰਤਨ ਰਚਨਾਵਾਂ ਸੁਰੱਖਿਅਤ ਕੀਤੀਆਂ। ਭਾਈ ਜੁਵਾਲਾ ਸਿੰਘ ਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਬਹੁਪੱਖੀ ਯੋਗਦਾਨ ਦੇ ਵਿਸ਼ਲੇਸ਼ਣ ਤੋਂ ਪ੍ਰਗਟ ਹੈ ਕਿ ਗੁਰਮਤਿ ਸੰਗੀਤ ਸਬੰਧੀ ਇਨ੍ਹਾਂ ਦੇ ਸਮੁੱਚੇ ਕਾਰਜਾਂ ਦੇ ਅਧਾਰ 'ਤੇ ਭਵਿੱਖ ਵਿਚ ਗੁਰਮਤਿ ਸੰਗੀਤ ਦੇ ਹੋਰ ਵਿਦਵਾਨਾਂ ਅਤੇ ਕੀਰਤਨੀਆਂ ਸਬੰਧੀ ਬਹੁਪੱਖੀ ਅਧਿਐਨ ਸਬੰਧੀ ਸਾਰਥਕ, ਉਸਾਰੂ ਅਤੇ ਉਚੇਚੇ ਯਤਨ ਕੀਤੇ ਜਾਣਗੇ ਤਾਂ ਜੋ ਗੁਰਮਤਿ ਸੰਗੀਤ ਦੇ ਇਨ੍ਹਾਂ ਵਾਹਕਾਂ ਦੇ ਵੱਡਮੁਲੇ ਯੋਗਦਾਨ ਨੂੰ ਪ੍ਰਗਟ ਕੀਤਾ ਜਾ ਸਕੇ

## ਹਵਾਲੇ ਤੇ ਪਦ ਟਿੱਪਣੀਆਂ

[1] ਆਗਿਆ ਭਈ ਅਕਾਲ ਕੀ ਤਬੈ ਚਾਲਯੋ ਪੰਥ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ। (**ਰਹਿਤਨਾਮਾ ਭਾਈ ਪ੍ਰਹਿਲਾਦ ਜੀ**)

[2] *ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥* (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੬੨੮)

[3] ***ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥*** (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੬੨੮); *ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੭੬੩)

[4] *ਖਾਲਕ ਕਉ ਆਦੇਸੁ ਢਾਢੀ ਗਾਵਣਾ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥* (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੧੪੮), *ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥* (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੯੧੩)

[5] *ਮਰਦਾਨਾ ਜਾਇ ਨਾਨਕੀ ਪਾਸਿ ਖੜਾ ਹੋਇਆ। ਨਾਨਕੀ ਪੁਛਿਆ ਕਿਉਂ ਭਾਈ ਮਰਦਾਨਾ। ਮਰਦਾਨੇ ਆਖਿਆ ਜੀ ਰਜਾ ਦੀ ਮੈਨੂ ਨਾਨਕ ਜੀ ਤੁਸਾਡੇ ਪਾਸਿ ਭੇਜਿਆ ਹਾਂ। ਨਾਨਕੀ ਆਖਿਆ ਕਿਉ ਭੇਜਿਆ ਹੈਸੁ। ਤਾਂ ਮਰਦਾਨੇ ਆਖਿਆ ਜੀ ਹਿਕੁ ਸੁਆਲੁ ਕੀਤਾ ਹੈਸੁ। ਆਖਿਆ ਹੈਸੁ ਪਹਲੇ ਜੇ ਮੰਨੇ ਤਾਂ ਆਖੇ ਨਾਹੀਂ ਤਾਂ ਨਾ ਆਖੇ। ਨਾਨਕੀ ਆਖਿਆ ਆਖ ਭਾਈ ਮਰਦਾਨਾ ਆਖੁ ਨਿਸੰਗੁ। ਮਰਦਾਨੇ ਆਖਿਆ ਜਿ ਹਿਕੁ ਰਬਾਬੁ ਜਿਤਨੇ ਤੇ ਮਿਲੇ ਤਿਤਨੇ ਤੇ ਲੈ ਦੇਉ ਨਾਨਕੀ ਆਖਿਆ ਹਿਕੁ ਕਿਆ ਸਉ। ਆਖੁ ਪਰੁ ਮੈਨੂ ਮੁਹਿ ਦਿਖਾਇ ਜਾਇ। ਫਿਰਿ ਮਰਦਾਨੇ ਜਾਇ ਗੁਰੂ ਨਾਨਕ ਪਾਸਿ ਆਖਿਆ ਜੀ ਬੇਬੇ ਜੀ ਆਖਦੀ ਹੈ ਜੋ ਹਿਕੁ ਕਿਆ ਸਉ ਆਖੇ ਤਾਂ ਸਉ ਲੈ ਦੇਵਾਂ। (ਬਾਲੇ ਵਾਲੀ ਜਨਮਸਾਖੀ,* **ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ,** ਕਿਰਪਾਲ ਸਿੰਘ, ਪੰਨਾ 267)

[6] *ਗੁਰੂ ਨਾਨਕ ਆਖਿਆ, ਮਰਦਾਨਾ ਕੋਈ ਰਬਾਬ ਲੈ। ਤਾਂ ਮਰਦਾਨੇ ਆਖਿਆ, ਜੀ ਤੰਬੂਰਾ ਲਈਏ। ਤਾਂ ਗੁਰੂ ਨਾਨਕ ਆਖਿਆ, ਮਰਦਾਨਾ ਰਬਾਬ ਗੁਰਮੁਖੀ ਅਤੇ ਢਢਿ ਅਤੈ ਹੋਰੁ ਜੁ ਵਾਜਾ ਹੈ ਸੋ ਸਭੋ ਵਿਕਾਰ ਹੈ। ਸੋ ਮਰਦਾਨੇ ਫਿਰਿ ਆਖਿਆ ਜੀ ਰਬਾਬ ਮਿਲੈ। ਤਾਂ ਫਿਰਿ ਗੁਰੂ ਨਾਨਕ ਆਖਿਆ ਮਰਦਾਨਾ ਸੁਆਲ ਕਰਨਾ ਭਲਾ ਨਾਹੀ। ਪਰ ਜਰੂਰਤ ਕਰਾਂਵਦੀ ਹੈ ਜਾਇ ਕਰਿ ਬੇਜੇ ਜੀ ਪਾਸ ਆਖੁ ਜੋ ਬੇਬੇ ਜੀ ਨਾਨਕ ਕਹਿਆ। (ਬਾਲੇ ਵਾਲੀ ਜਨਮਸਾਖੀ , ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਕਿਰਪਾਲ ਸਿੰਘ, ਪੰਨਾ 266)*

[7] *ਮਰਦਾਨੇ ਆਖਿਆ ਜੀ ਕੁਝ ਆਖੋ ਗੁਰੂ ਨਾਨਕ ਜੀ ਆਖਿਆ ਮਰਦਾਨਾ ਜੰਗਲ ਵਿਖੇ ਗਿਰਾਉ ਜਟ ਦਾ ਹੈਈ ਦੁਹਾਂ ਨਦੀਆਂ ਦੇ ਵਿਚਿ। ਗਿਰਾਉ ਦਾ ਨਾਉ ਆਸਕਪੁਰ ਹੈ। ਉਸ ਵਿਚਿ ਏਕ ਰਬਾਬੀ ਰਹਦਾ ਹਈ ਨਾਉ ਉਸ ਦਾ ਫਿਰੰਦਾ ਹਿੰਦੂ ਸਦਦੈ ਹੈਨਿਅ ਅਤੇ ਨਾਲੇ ਫੇਰੂ ਭੀ ਸਦੀਂਦਾ ਹੈ। ਤੂ ਉੱਥੇ ਜਾਇਕੇ ਅਸਾਡਾ ਨਾਉ ਲਏ। ਮਰਦਾਨੇ ਆਖਿਆ ਭਲਾ ਸੀ। ਫੇਰਿ ਮਰਦਾਨੇ ਆਖਿਆ ਜੀ ਕੁਝ ਮੁਲ ਭੀ ਪਲੈ ਹੋਵੇ। ਤਾਂ ਗੁਰੂ ਨਾਨਕ ਕਹਿਆਜਾਇ ਮਰਦਾਨੇ ਜੋ ਕੁਛ ਮੁਲ ਲੋੜੀਦਾ ਹਈ ਸੋ ਬੇਬੇ ਪਾਸੋ ਲੈਇ ਜਾਇ। ਮਰਦਾਨਾ ਨਾਨਕੀ ਪਾਸਿ ਆਇਆ(...) ਮਰਦਾਨਾ ਉਦਾਸ ਹੋਇਕੇ ਚਲਣ ਲਗਾ। ਤਾਂ ਤੀਜੇ ਦਿਨ*

*ਫਿਰੰਦਾ ਰਬਾਬੀ ਮਰਦਾਨੇ ਨੂੰ ਆਇ ਮਿਲਿਆ। ਆਇ ਕਰਿ ਲਗਾ ਪੁਛਣ ਕਉਣ ਭਾਈ ਤੂੰ ਕਿਸਨੋ ਟੋਲਦਾ ਹੈ। ਮਰਦਾਨੇ ਆਖਿਆ ਜੀ ਇਥੇ ਹਿਕੁ ਰਬਾਬੀ ਹੈ ਅਤੇ ਨਾਲੇ ਫੇਰੂ ਆਖਦੇ ਹੈਨਿ ਫਿਰੰਦੇ ਆਖਿਆ ਤੇਰਾ ਨਾਉ ਕਿਅ ਹੈ ਤੂੰ ਹੁੰਦਾ ਕਉਣ ਹੈ ਤੂੰ ਭੇਜਿਆ ਕਿਸੁ ਹੈਂ। ਅਤੇ ਤੇਰਾ ਵਤਨ ਕਉਣ ਹੈ। ਤਾਂ ਮਰਦਾਨੇ ਕਹਿਆ ਮੇਰਾ ਵਤਨ ਰਾਇ ਭੋਈ ਦੀ ਤਲਵੰਡੀ ਹੈ ਨਾਉ ਮਰਦਾਨਾ ਹੈ ਭੇਜਿਆ ਨਾਨਕ ਵੇਦੀ ਫਕੀਰ ਹੁਕਮੁ ਰਬਾਬੁ ਲੈਣ ਵਾਸਤੇ ਫਿਰਦੇ ਆਖਿਆ ਫਿਰੰਦਾ ਫੇਰੂ ਹੋਵੇਗਾ। ਅਤੇ ਮਰਦਾਨੇ ਕਹਿਆ ਮੇਰਾਵਤਨ ਰਾਇ ਭੋਈ ਦੀ ਤਲਵੰਡੀ ਹੈ ਨਾਉ ਮਰਦਾਨਾ ਹੈ ਭੇਜਿਆ ਨਾਨਕ ਵੇਦੀ ਫਕੀ ਹੁਕਮੁ ਰਬਾਬੁ ਲੈਣ ਵਾਸਤੇ। ਫਿਰੰਦੇ ਆਖਿਆ ਫਿਰੰਦਾ ਫੇਰੂ ਹੋਵੇਗਾ। ਅਤੇ ਤੁਹਾਨੂੰ ਨਾਨਕ ਵੇਦੀ ਮਹੀ ਥੇ ਘਲਿਆ ਹੈ ਅਤੇ ਰਬਾਬੁ ਭੀ ਮੈਥੇ ਹੈ। ਅਤੇ ਨਾਨਕ ਵੇਦੀ ਮੇਰਾ ਚਿਰੋਕਣਾ ਅਸਨਾਉ ਹੈ। ਮਰਦਾਨੇ ਆਖਿਆ ਜੀ ਰਬਾਬੁ ਮੈਨੂ ਦੇਵੇ। ਫਿਰੰਦੇ ਆਖਿਆ ਸੁਣਿ ਮਰਦਾਨਾ ਲੈ ਰਬਾਬੁ। ਫਿਰੰਦਾ ਨ ਜਾਦੀਏ ਰਬਾਬੁ ਕਿਥੋਂ ਲੈ ਆਇਆ। ਜਾ ਮਰਦਾਨੇ ਦੇਖੇ ਤਾਂ ਕਿਆ ਦੇਖੇ ਰਬਾਬੁ ਕੁਦਰਤੀ ਹੈ ਮਰਦਾਨੇ ਆਖਿਆ ਜੀ ਮੁਲ ਕਹੁ। ਫਿਰੰਦੇ ਆਖਿਆ ਮਰਦਾਨੇ ਤੇਰੇ ਪਾਸਿ ਇਸ ਰਬਾਬ ਦਾ ਮੁਲ ਨਾਹੀ, ਅਤੇ ਇਸ ਦਾ ਮੁਲੁ ਅਸਾ ਲੈਣਾ ਭੀ ਨਾਹੀ। (ਬਾਲੇ ਵਾਲੀ ਜਨਮਸਾਖੀ ,* **ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ,** ਕਿਰਪਾਲ ਸਿੰਘ, ਪੰਨਾ 269.)

[8] *ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥* (**ਵਾਰਾਂ ਭਾਈ ਗੁਰਦਾਸ**, ਵਾਰ ੧ ਪਉੜੀ ੩੮)

[9] ਵਲਾਇਤ ਵਾਲੀ ਜਨਮਸਾਖੀ, ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਕਿਰਪਾਲ ਸਿੰਘ ਪੰਨਾ 39

[10] ਉਹੀ, ਪੰਨਾ 31.

[11] ਰਤਨ ਸਿੰਘ ਜੱਗੀ (ਡਾ.), **ਸਿੱਖ ਧਰਮ ਵਿਸ਼ਵਕੋਸ਼ (ਭਾਗ ਦੂਜਾ)**, ਪੰਨਾ 1026

[12] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼,** ਪੰਨਾ 693

[13] *ਰਾਮਕਲੀ ਮਹਲਾ ੧ ਸਿਧ ਗੋਸਟਿ ੧ੴ ਸਤਿਗੁਰ ਪ੍ਰਸਾਦਿ ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ॥ ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ॥ ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ॥ ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ *੯੩੮)*

[14] *ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ੧ੴ ਸਤਿਗੁਰ ਪ੍ਰਸਾਦਿ ॥ ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥ ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥*(**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ *੯੨੯)*

[15] *ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੫੦); *ਸਮੈ ਕੈ ਦਰਬਾਰਿ ਢਾਢੀ ਵਸਿਆ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥*(**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੪੮); *ਖਾਲਕ ਕਉ ਆਦੇਸੁ ਢਾਢੀ ਗਾਵਣਾ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੪੮)

[16] *ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੬੬੦)

[17] *ਵਲਾਇਤ ਵਾਲੀ ਜਨਮਸਾਖੀ*, **ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਕਿਰਪਾਲ ਸਿੰਘ ਪੰਨਾ 31.

[18] ਭਾਈ ਕਾਨ੍ਹ ਸਿੰਘ

[19] *ਫੇਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ॥ ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥*(**ਵਾਰਾਂ ਭਾਈ ਗੁਰਦਾਸ**, ਵਾਰ ੧ ਪਉੜੀ ੩੮)

[20] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 92

[21] *ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ ਗੁਰਮੁਖਿ ਭਾਰ ਅਥਰਬਣਿ ਧਾਰਾ॥੩੮॥* (**ਵਾਰਾਂ ਭਾਈ ਗੁਰਦਾਸ**, ਵਾਰ ੧ ਪਉੜੀ ੩੮)

[22] ਉਹੀ ਰਚਨਾ।

[23] *ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥*(**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੦੭੫)

[24] *ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ॥* (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੬੯੭)

[25] *ਜਨਮ ਜਨਮ ਕਾ ਰੋਗੁ ਗਵਾਇਆ॥ ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ॥* (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੧੦੮)

[26] ਉਹੀ

[27] *ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੬੨੪)

[28] *ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ॥ ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥* (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੧੩੦੦)

[29] *ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥ ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੯੦)

[30] *ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**,ਪੰਨਾ ੩੮੨)

[31] *ਜਹਾਂ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੨੦੪)

[32] *ਐਸਾ ਕੀਰਤਨੁ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੨੩੬)

[33] *ਭਲੋ ਭਲੋ ਰੇ ਕੀਰਤਨੀਆਂ॥ ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੮੫)

[34] *ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥ ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੯੦)

[35] *ਜੋ ਜਨੁ ਕਰੈ ਕੀਰਤਨੁ ਗੋਪਾਲ॥ ਤਿਸ ਕਉ ਪੋਹਿ ਨ ਸਕੈ ਜਮਕਾਲੁ॥* ( **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੬੭)

[36] *ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੩੧)

[37] *ਵਡਭਾਗੀ ਹਰਿ ਕੀਰਤਨੁ ਗਾਈਐ॥ ਪਾਰਬ੍ਰਹਮ ਤੂੰ ਦੇਹਿ ਤ ਪਾਈਐ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੯੬)

[38] *ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥*(**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੫੪੦)

[39] *ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੬੪੯); *ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥ ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੧੧)

[40] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਪੰਨਾ 332

[41] **ਸਿੱਖ ਰਹਿਤ ਮਰਯਾਦਾ**, ਪੰਨਾ 11

[42] ਉਹੀ, ਪੰਨਾ 7

[43] ਉਹੀ

[44] ਉਹੀ

[45] *"ਸਿੱਖ ਦੀ ਆਮ ਰਹਿਣੀ, ਕ੍ਰਿਤ, ਵਿਰਤ, ਗੁਰਮਤਿ ਅਨੁਸਾਰ ਹੋਵੇ। ਗੁਰਮਤਿ ਇਹ ਹੈ :-*

*(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ।*

*(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।*

*(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਰੂਪ ਕਰਕੇ ਮੰਨਣਾ।*

*(ਸ) ਜ਼ਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਖਿਆਹ, ਪਿੰਡ ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ। ਗੁਰ ਅਸਥਾਨ ਤੋਂ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ। ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸ਼ੀਰਨੀ, ਵੇਦ ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉਤੇ ਨਿਸ਼ਚਾ ਨਹੀਂ ਕਰਨਾ। ਹਾਂ ਆਮ ਵਾਕਫ਼ੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।*

*(ਹ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।*

*(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ।*

*(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।*

*(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫ਼ਰਜ਼ ਹੈ।*

*(ਘ) ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ, ਕੇਸ ਉਹੀ6 ਰੱਖੇ, ਨਾਮ ਸਿੰਘ ਰੱਖੇ। ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ।*

*(ਙ) ਸਿੱਖ ਭੰਗ, ਅਫ਼ੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।*

*(ਚ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ, ਕੰਨ ਛੇਦਨਾ ਮਨ੍ਹਾਂ ਹੈ।*

*(ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ-ਮਾਰ ਨਾਲ ਨਾ ਵਰਤੇ।*

*(ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰੇ।*

*(ਝ) ਗੁਰੂ ਕਾ ਸਿੱਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।*

*(ਞ) ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਡੇ।*

*(ਟ) ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ। ਅਪਨਿ ਇਸਤ੍ਰੀ ਸੋਂ ਰਤਿ ਹੋਈ। ਰਹਿਤਵੰਤ ਸਿੰਘ ਹੈ ਸੋਈ। ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬਰਤ ਧਰਮ 'ਚ ਰਹੇ।*

*(ਠ) ਗੁਰੂ ਕਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤਕ ਗੁਰ ਮਰਯਾਦਾ ਕਰੇ।*

*(ਡ) ਸਿੱਖ, ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਮਰਦ ਇਸਤਰੀ ਦੋਹਾਂ ਲਈ ਇਹੋ ਹੁਕਮ ਹੈ।*

*(ਢ) ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।*

*(ਣ) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।" (ਸਿੱਖ ਰਹਿਤ ਮਰਯਾਦਾ, ਪੰਨਾ 14)*

*[46] ਸੇਵਾ ਸਿੱਖ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤ੍ਰ ਸਿਖਾਉਣ ਲਈ ਗੁਰਦੁਆਰਿਆਂ 'ਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਸਾਧਾਰਨ ਰੂਪ ਇਸ ਦੇ ਇਹ ਹਨ - ਗੁਰਦੁਆਰੇ ਦਾ ਝਾੜੂ, ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨਾ ਆਦਿ।*

*(ੳ) ਗੁਰੂ ਕਾ ਲੰਗਰ - ਇਸ ਦੇ ਦੋ ਭਾਵ ਹਨ : ਇਕ ਸਿੱਖਾਂ ਨੂੰ ਸੇਵਾ ਸਿਖਾਉਣਾ, ਦੂਜਾ, ਊਚ-ਨੀਚ, ਛੂਤ-ਛਾਤ ਦਾ ਭਰਮ ਮਿਟਾਉਣਾ।*

*(ਅ) ਗੁਰੂ ਕੇ ਲੰਗਰ ਵਿਚ ਬੈਠ ਕੇ ਊਚ-ਨੀਚ, ਕਿਸੇ ਜ਼ਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤ ਵਿਚ ਬਿਠਾਣ ਲੱਗਿਆਂ ਕਿਸੇ ਦੇਸ਼, ਵਰਣ, ਜ਼ਾਤ ਜਾਂ ਮਜ਼੍ਹਬ ਦਾ ਵਿਤਕਰਾ ਨਹੀਂ ਕਰਨਾ। ਹਾਂ, ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛਕ ਸਕਦੇ ਹਨ।"* (**ਸਿੱਖ ਰਹਿਤ ਮਰਯਾਦਾ**, ਪੰਨਾ 19)

[47] **ਸਿੱਖ ਰਹਿਤ ਮਰਯਾਦਾ**, ਪੰਨਾ 19

[48] ਉਹੀ, ਪੰਨਾ 20

[49] ਉਹੀ, ਪੰਨਾ 22

[50] ਉਹੀ, ਪੰਨਾ 23

[51] ਉਹੀ

[52] **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੮੪

[53] ਉਹੀ, ਪੰਨਾ ੨੭੦

[54] ਉਹੀ, ਪੰਨਾ ੪**੫੦**.

[55] **ਉਹੀ,** ਪੰਨਾ ੭੩੪

[56] **ਉਹੀ,** ਪੰਨਾ ੬

[57] **ਉਹੀ, ਪੰਨਾ** ੮੪

[58]**ਉਹੀ,** ਪੰਨਾ ੬੮

[59] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪੰਨਾ 58

[60] *ਤੇਰਾ ਮੁਖ ਸੁਹਾਵਾ ਜੀਉ ਸਹਜਿ ਧੁਨਿ ਬਾਣੀ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੯੬); *ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੭੨੭); *ਕਵਲ ਨੈਨ ਮਧੁਰ ਬੈਨ॥ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥* (**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ ੧੪੦੨)

[61] ਅੱਠ ਰਾਗੀਆਂ ਦੀਆਂ ਕੀਰਤਨ ਚਉਕੀਆਂ :

*1. ਭਾਈ ਮਾਨ ਸਿੰਘ ਤੇ ਦੇਵਾ ਸਿੰਘ* *2. ਭਾਈ ਮਿਸ਼ਰਾ ਸਿੰਘ*

*3. ਭਾਈ ਲਹਿਣਾ ਸਿੰਘ* *4. ਭਾਈ ਰਤਨ ਸਿੰਘ ਸੂਰਮਾ ਵਗੈਰਾ*

*5. ਭਾਈ ਗੰਡਾ ਸਿੰਘ ਆਦਿ* *6. ਭਾਈ ਆਗਿਆ ਸਿੰਘ ਆਦਿ*

*7. ਭਾਈ ਬਿਸ਼ਨ ਸਿੰਘ (ਰਾਤ ਵਕਤ)* *8. ਭਾਈ ਬੋਧ ਸਿੰਘ (ਰਾਤ ਵਕਤ)*

ਸੱਤ ਰਬਾਬੀਆਂ ਦੀਆਂ ਕੀਰਤਨ ਚਉਕੀਆਂ

*1. ਭਾਈ ਬੋਹਨਾ ਆਦਿ ਸਮੇਤ* *2. ਭਾਈ ਕਾਹਨਾ ਆਦਿ ਸਮੇਤ*

*3. ਭਾਈ ਲਾਲ ਭਾਈ ਸਰਦਾਰੀ ਆਦਿ* *4. ਭਾਈ ਅਤਰਾ ਆਦਿ*

*5. ਭਾਈ ਦਿੱਤੂ ਆਦਿ* *6. ਭਾਈ ਅਮੀਰਾ ਆਦਿ* *7. ਭਾਈ ਹੀਰਾ ਸ਼ਿਕਾਰਪੁਰੀਆ।*

(ਕਿਰਪਾਲ ਸਿੰਘ (ਗਿਆਨੀ), **ਸ੍ਰੀ ਹਰਿਮੰਦਰ ਦਾ ਸੁਨਿਹਰੀ ਇਤਿਹਾਸ**, ਪੰਨਾ 226.)

[62] ਬਲਬੀਰ ਸਿੰਘ 'ਕੰਵਲ',**ਪੰਜਾਬ ਦੇ ਪ੍ਰਸਿਧ ਰਾਗੀ ਰਬਾਬੀ**, ਪੰਨਾ ਤਤਕਰਾ

[63] **ਭੁਲੇ ਵਿਸਰੇ ਪੰਜਾਬੀ ਸੰਗੀਤਕਾਰ**, ਪੰਨਾ 55-74

[64] **ਸਿੱਖ ਰਹਿਤ ਮਰਯਾਦਾ**, ਪੰਨਾ 7

[65] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 178-179

[66] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 197-198

[67] **ਸਿੱਖ ਰਹਿਤ ਮਰਯਾਦਾ**, ਪੰਨਾ 14

[68] ਰਤਨ ਸਿੰਘ ਜੱਗੀ (ਡਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵਕੋਸ਼** (ਭਾਗ ਦੂਜਾ), ਪੰਨਾ 1567

[69] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 165

[70] ਉਹੀ, ਪੰਨਾ 145

[71] ਉਹੀ, ਪੰਨਾ 63

[72] ਉਹੀ, ਪੰਨਾ 150

[73] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 110

[74] ਮਹਿੰਦਰ ਸਿੰਘ (ਗਿਆਨੀ), *ਇੱਕ ਆਦਰਸ਼ਕ ਜੀਵਨੀ ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,* **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਲੇਖਕ ਗੁਰਚਰਨ ਸਿੰਘ 'ਕੰਵਲ' (ਰਾਗੀ), ਪੰਨਾ 13

[75] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 159

[76] ਮਹਿੰਦਰ ਸਿੰਘ (ਗਿਆਨੀ), *ਇੱਕ ਆਦਰਸ਼ਕ ਜੀਵਨੀ ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,* **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਲੇਖਕ ਗੁਰਚਰਨ ਸਿੰਘ 'ਕੰਵਲ' (ਰਾਗੀ), ਪੰਨਾ 13

[77] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 140-141

[78] ਉਹੀ, ਪੰਨਾ 50

[79] ਗਰਨਾਮ ਸਿੰਘ (ਡਾ.), *ਗੁਰਮਤਿ ਸੰਗੀਤ ਦੀ ਠੱਠਾ ਟਿੱਬਾ ਟਕਸਾਲ,* **ਧਰਮ ਤੇ ਵਿਰਸਾ**, ਅਜੀਤ, ਮਿਤੀ ... ਪੰਨਾ 4

[80] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਦੂਜਾ)**, ਪੰਨਾ 735

[81] ਉਹੀ, **(ਭਾਗ ਪਹਿਲਾ)**, ਪੰਨਾ 450

[82] ਪ੍ਰਤਾਪ ਸਿੰਘ (ਗਿਆਨੀ, ਸਾਬਕਾ ਜਥੇਦਾਰ ਅਕਾਲ ਤਖਤ ਸ੍ਰੀ ਅੰਮ੍ਰਿਤਸਰ), *ਭਾਈ ਜਵਾਲਾ ਸਿੰਘ ਜੀ ਰਾਗੀ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ**, ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986,ਪੰਨਾ 22.

[83] ਉਹੀ

[84] *ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ ਗੁਰਮੁਖਿ ਭਾਰ ਅਥਰਬਣਿ ਧਾਰਾ॥੩੮॥* (**ਵਾਰਾਂ ਭਾਈ ਗੁਰਦਾਸ**, ਵਾਰ ੧ ਪਉੜੀ ੩੮)

[85] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ),** ਪੰਨਾ 3

[86] ਉਹੀ, **(ਭਾਗ ਦੂਜਾ),** ਪੰਨਾ 737

[87] ਉਹੀ,**(ਭਾਗ ਪਹਿਲਾ),** ਪੰਨਾ 104

[88] ਉਹੀ, **(ਭਾਗ ਦੂਜਾ),** ਪੰਨਾ 953-981

[89] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ),** ਪੰਨਾ 251

[90] ਉਹੀ, ਪੰਨਾ 257

[91] ਕਰਤਾਰ ਸਿੰਘ (ਸੰਤ), *ਕਥਨੀ ਤੇ ਕਰਨੀ ਦੇ ਸੂਰੈ ਭਾਈ ਜਵਾਲਾ ਸਿੰਘ ਰਾਗੀ,* **ਸਿੰਘ ਸਭਾ ਪਤ੍ਰਿਕਾ ਜਵਾਲਾ ਸਿੰਘ ਜੀ ਰਾਗੀ ਅੰਕ,** ਸੰਪਾ. ਗੁਰਦਿੱਤ ਸਿੰਘ (ਗਿਆਨੀ), ਜਨਵਰੀ/ਫਰਵਰੀ 1986 ਪੰਨਾ, 15

[92] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ100

[93] ਗੁਰਦਿੱਤ ਸਿੰਘ (ਗਿਆਨੀ, ਸੰਪਾ.), *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ,* **ਭਾਈ ਜੁਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ X

[94] ਗੁਰਦਿੱਤ ਸਿੰਘ (ਗਿਆਨੀ, ਸੰਪਾ.), *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ,* **ਭਾਈ ਜੁਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ X

[95] ਗੁਰਦਿੱਤ ਸਿੰਘ (ਗਿਆਨੀ, ਸੰਪਾ.), *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ,* **ਭਾਈ ਜੁਵਾਲਾ ਸਿੰਘ ਜੀ ਰਾਗੀ ਅੰਕ, ਸਿੰਘ ਸਭਾ ਪਤ੍ਰਿਕਾ**, ਜਨਵਰੀ/ਫਰਵਰੀ 1986, ਪੰਨਾ VIII

[96] ਸ਼ਰਮਾ, ਜਯੋਤੀ, *ਪੰਜਾਬ ਦੇ ਗਾਇਨ ਘਰਾਣਿਆਂ ਦਾ ਸੰਗੀਤਕ ਯੋਗਦਾਨ,* **ਮਾਜਿਕ ਵਿਗਿਆਨ ਪੱਤਰ** (ਸੰਗੀਤ ਘਰਾਣਾ ਵਿਸ਼ੇਸ਼ ਅੰਕ), ਧਨਵੰਤ ਕੌਰ (ਡਾ., ਮੁੱਖ ਸੰਪਾ), ਪੰਨਾ 62.

[97] ਸੇਖੋਂ, ਸੁਰਪ੍ਰੀਤ, *ਕਿਰਾਨਾ ਘਰਾਣਾ: ਆਰੰਭ, ਵਿਕਾਸ ਤੇ ਯੋਗਦਾਨ,* **ਮਾਜਿਕ ਵਿਗਿਆਨ ਪੱਤਰ** (ਸੰਗੀਤ ਘਰਾਣਾ ਵਿਸ਼ੇਸ਼ ਅੰਕ), ਧਨਵੰਤ ਕੌਰ (ਡਾ., ਮੁੱਖ ਸੰਪਾ), ਪੰਨਾ 56.

[98] ਸ਼ਰਮਾ, ਜਯੋਤੀ, *ਪੰਜਾਬ ਦੇ ਗਾਇਨ ਘਰਾਣਿਆਂ ਦਾ ਸੰਗੀਤਕ ਯੋਗਦਾਨ,* **ਮਾਜਿਕ ਵਿਗਿਆਨ ਪੱਤਰ** (ਸੰਗੀਤ ਘਰਾਣਾ ਵਿਸ਼ੇਸ਼ ਅੰਕ), ਧਨਵੰਤ ਕੌਰ (ਡਾ., ਮੁੱਖ ਸੰਪਾ), ਪੰਨਾ 64.

[99] ਰਵਿੰਦਰ ਸਿੰਘ, **ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨਕਾਰਾਂ ਦਾ ਗੁਰਮਤਿ ਸੰਗੀਤ ਪ੍ਰਤੀ ਯੋਗਦਾਨ(ਵਿਵਹਾਰ ਕੀਰਤਨ ਪਰੰਪਰਾ ਦੇ ਸੰਦਰਭ ਵਿਚ**), ਪੀ-ਐਚ. ਡੀ., ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 190-196

[100] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਪੰਨਾ 78

[101] ਉਹੀ, ਪੰਨਾ 76

[102] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਚੀਨ ਰਾਗ ਰਤਨਾਵਲੀ (ਭਾਗ ਪਹਿਲਾ)**, ਭੂਮਿਕਾ ਪੰਨਾ xx

[103] ਉਹੀ, ਪੰਨਾ xxix-xxxii

[104] *ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧* (**ਸ੍ਰੀ ਗੁਰੂ ਗ੍ਰੰਥ ਸਾਹਿਬ**, ੧੪)

[105] ਸ਼ਾਸਤਰੀ ਗਾਇਨ ਰੂਪ ਚਉਪਦੇ, ਅਸ਼ਟਪਦੀਆਂ, ਸਲੋਕ ਅਤੇ ਲੋਕ ਅੰਗ ਦੇ ਗਾਇਨ ਰੂਪ ਅਲਾਹੁਣੀਆਂ, ਵਾਰ, ਛੰਤ ਆਦਿ

[106] ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ਰਹਾਉ॥ (**ਸ੍ਰੀ ਗੁਰੂ ਗ੍ਰੰਥ ਸਾਹਿਬ**, ੧੪)

[107] ੧,੨,੩,੪ ਆਦਿ

[108] *ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧* (**ਸ੍ਰੀ ਗੁਰੂ ਗ੍ਰੰਥ ਸਾਹਿਬ**, ੧੪)

[109] ਗੁਰਨਾਮ ਸਿੰਘ(ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ,** ਪੰਨਾ 58

[110] ਸ਼ਬਦ ਕੀਰਤਨ ਚੌਕੀ ਪ੍ਰਕਿਰਿਆ ਦੇ ਅੰਤਰਗਤ ਸ਼ਾਨ ਇਕ ਮਹੱਤਵਪੂਰਨ ਅੰਗ ਰਿਹਾ ਹੈ। ਸ਼ਬਦ ਕੀਰਤਨ ਪ੍ਰਸਤੁਤੀ ਦੇ ਪ੍ਰਾਰੰਭ ਸਮੇਂ ਰਾਗੀ ਸਿੰਘਾਂ ਦੁਆਰਾ ਆਪਣੇ ਸਾਜ਼ਾਂ ਨੂੰ ਸੁਰ ਕਰਨ ਲਈ ਸ਼ਾਨ ਦਾ ਵਾਦਨ ਕੀਤਾ ਜਾਂਦਾ ਰਿਹਾ ਹੈ। ਕੀਰਤਨ ਚੌਕੀ ਦੇ ਇਸ ਅੰਗ ਦਾ ਇਹੀ ਮਹੱਤਵ ਹੈ ਕਿ ਜੋ ਸੰਗਤਾਂ ਸ਼ਬਦ ਕੀਰਤਨ ਸੁਣਨ ਲਈ ਜਾਂ ਸਰਵਣ ਕਰਨ ਲਈ ਆਉਂਦੀਆਂ ਹਨ ਉਨ੍ਹਾਂ ਦੇ ਮਨ ਦਾ ਟਿਕਾ ਕੀਰਤਨ ਵਿਚ ਲੱਗ ਸਕੇ। (ਗੁਰਨਾਮ ਸਿੰਘ(ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ,** ਪੰਨਾ 57)

[111] ਸ਼ਬਦ ਕੀਰਤਨ ਪ੍ਰਾਰੰਭ ਕਰਨ ਸਮੇਂ ਸਬੰਧਿਤ ਵਿਸ਼ੇ ਅਨੁਸਾਰ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਰੂਪੀ ਸ਼ਬਦਾਂ ਰਾਹੀਂ ਮੰਗਲਾਚਰਣ ਕੀਤਾ ਜਾਂਦਾ ਹੈ। ਮੰਗਲਾਚਰਣ ਲਈ ਪ੍ਰਯੁਕਤ ਸ਼ਬਦ ਕੇਵਲ ਮਰਿਆਦਤ ਬਾਣੀ ਦੇ ਹੀ ਹੋ ਸਕਦੇ ਹਨ। ਮੰਗਲਾਚਰਣ ਸ਼ਬਦ ਕੀਰਤਨ ਪ੍ਰਾਰੰਭ ਕਰਨ ਵੇਲੇ ਕੀਤਾ ਜਾਂਦਾ ਹੈ। ਜਿਸ ਵਿਚ ਗੁਰਬਾਣੀ ਵਿਚੋਂ ਸ਼ਬਦਾਂ ਦਾ ਤਾਲਬੱਧ ਵੱਡੇ ਖਿਆਲ ਅੰਗ ਤੋਂ ਗਾਇਨ ਕੀਤਾ ਜਾਂਦਾ ਰਿਹਾ ਹੈ। ਵਰਤਮਾਨ ਸਮੇਂ ਰਾਗੀ ਸਿੰਘਾਂ ਦੁਆਰਾ ਅਨਿਬੱਧ ਰੂਪ ਵਿਚ ਵੀ ਮੰਗਲਾਚਰਣ ਕੀਤਾ ਜਾਣ ਲੱਗ ਪਿਆ ਹੈ। (ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ,** ਪੰਨਾ 57)

[112] ਸ੍ਰੀ ਗੁਰੂ ਗ੍ਰੰਥ ਸਾਹਿਬ,ਦੇ ਵੱਖ ਵੱਖ ਬਾਣੀ ਰੂਪਾਂ ਵਿਚ ਵੀ ਅਸ਼ਟਪਦੀ ਭਾਵ ਅੱਠ ਪਦਿਆਂ ਦੀ ਰਚਨਾ ਅਤੇ ਚਉਪਦੇ ਪਦ ਰਚਨਾਵਾਂ ਹਨ। ਵਰਤਮਾਨ ਸਮੇਂ ਇਨ੍ਹਾਂ ਦੀ ਗਾਇਨ ਰੀਤੀ ਦੀ ਪਹਿਚਾਣ ਧਰੁਪਦ ਅੰਗ ਤੋਂ ਹੀ ਹੈ। ਇਸ ਲਈ ਸ਼ਬਦ ਕੀਰਤਨ ਚੌਕੀ ਵਿਚ ਸ਼ਬਦ ਰਚਨਾਵਾਂ ਦੇ ਗਾਇਨ ਲਈ ਧਰੁਪਦ ਅੰਗ ਨੂੰ ਪ੍ਰਮੁਖਤਾ ਤੇ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ। ਇਹ ਸ਼ਬਦ ਗਾਇਨ ਨਿਰੋਲ ਰਾਗਾਤਮਿਕ ਹੁੰਦਾ ਹੈ। ਧਰੁਪਦ ਅੰਗ ਤੇ ਸ਼ਬਦ ਗਾਇਨ ਤੋਂ ਇਲਾਵਾ ਖਿਆਲ ਅਤੇ ਹੋਰ ਅਰਧ ਸ਼ਾਸਤਰੀ ਗਾਇਨ ਸ਼ੈਲੀਆਂ ਵਿਚ ਵੀ ਰਾਗਾਤਮਿਕ ਸ਼ਬਦ ਗਾਇਨ ਨੂੰ ਵੇਖਣ ਨੂੰ ਮਿਲਦਾ ਹੈ ਜੋ ਕਿ ਸ਼ਬਦ ਕੀਰਤਨ ਚੌਕੀਆਂ ਅਤੇ ਸ਼ਬਦ ਕੀਰਤਨ ਰਚਨਾਵਾਂ ਤੋਂ ਪ੍ਰਤੱਖ ਹੈ।

[113] ਗੁਰਨਾਮ ਸਿੰਘ (ਡਾ.), **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪੰਨਾ 57

[114] ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਚੀਨ ਰਾਗ ਰਤਨਾਵਲੀ (ਭਾਗ ਪਹਿਲਾ)**, ਪੰਨਾ 104.

[115] ਮਹਿੰਦਰ ਸਿੰਘ ਗਿਆਨੀ, *ਇਕ ਆਦਰਸ਼ਕ ਜੀਵਨੀ ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ* , ਰਾਗੀ ਗਰਚਰਨ ਸਿੰਘ ਕੰਵਲ, **ਜੀਵਨ ਗਾਥਾ ਭਾਈ ਜੁਵਾਲਾ ਸਿੰਘ**, ਪੰਨਾ 12

[116] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਜੁਵਾਲਾ ਸਿੰਘ ਜੀ ਰਾਗੀ,** ਪੰਨਾ 34

[117] ਉਹੀ, ਪੰਨਾ 201

[118] ਉਹੀ, ਪੰਨਾ 33

[119] ਉਹੀ, ਪੰਨਾ 157

[120] ਮਹਿੰਦਰ ਸਿੰਘ (ਗਿਆਨੀ), *ਇੱਕ ਆਦਰਸ਼ਕ ਜੀਵਨੀ ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,* **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ,** ਲੇਖਕ ਗੁਰਚਰਨ ਸਿੰਘ 'ਕੰਵਲ' (ਰਾਗੀ), ਪੰਨਾ 13

[121] ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, 35

[122] ਉਹੀ, ਪੰਨਾ 193

[123] ਉਹੀ, ਪੰਨਾ 34

[124] ਉਹੀ, ਪੰਨਾ 22

[125] ਅਸ਼ੋਕ ਸਿੰਘ ਬਾਗੜੀਆਂ, *ਛੇੜ ਮਰਦਾਨਿਆ ਰਬਾਬ ਕਾਈ ਸਿਫਤ ਖੁਦਾ ਦੇ ਦੀਦਾਰ ਦੀ ਕਰੀਏ,* ਰਾਗੀ ਗੁਰਚਰਨ ਸਿੰਘ ਕੰਵਲ (ਲੇਖਕ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪੰਨਾ 22.

[126] ਉਹੀ,

# ਉਪਸੰਹਾਰ

ਸਿੱਖ ਧਰਮ ਦੇ ਸੰਦਰਭ ਵਿਚ ਵੇਖੀਏ ਤਾਂ ਧਰਮ ਅਤੇ ਸੰਗੀਤ ਦੀ ਵਿਹਾਰਕ ਸਾਂਝ ਵਿਚੋਂ ਗੁਰਮਤਿ ਸੰਗੀਤ ਨੇ ਨਿਵੇਕਲੀ ਪਛਾਣ ਬਣਾਈ ਹੈ। ਇਸ ਪਰੰਪਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਹੋਇਆ ਜਿਸ ਨੂੰ ਸਮੂਹ ਗੁਰੂ ਸਾਹਿਬਾਨ ਨੇ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਵਿਕਸਿਤ ਕੀਤਾ। ਗੁਰੂ ਕਾਲ ਤੋਂ ਬਾਅਦ ਇਸ ਪਰੰਪਰਾ ਦਾ ਵਿਕਾਸ ਨਿਰੰਤਰ ਜਾਰੀ ਰਿਹਾ। ਵੱਖ-ਵੱਖ ਕਾਲਾਂ ਵਿਚ ਰਾਗੀਆਂ, ਰਬਾਬੀਆਂ, ਟਕਸਾਲਾਂ ਨੇ ਇਸ ਪਰੰਪਰਾ ਦਾ ਨਿਰੰਤਰ ਪ੍ਰਚਾਰ ਤੇ ਪਾਸਾਰ ਕੀਤਾ। ਵਰਤਮਾਨ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਟਕਸਾਲਾਂ ਦੇ ਨਾਲ-ਨਾਲ ਗੁਰੂ ਘਰਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਅਧਿਐਨ ਅਤੇ ਅਧਿਐਪਨ ਦਾ ਵਿਸ਼ਾ ਹੈ। ਸਮਕਾਲੀ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰਮਤਿ, ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਸਮਕਾਲੀ ਕੀਰਤਨੀਆਂ ਦਾ ਵਡੇਰਾ ਯੋਗਦਾਨ ਹੈ ਜਿਨ੍ਹਾਂ ਵਿਚੋਂ ਭਾਈ ਮੋਤੀ, ਭਾਈ ਤਾਬਾ, ਭਾਈ ਲਾਲ, ਭਾਈ ਗੁਰਮੁਖ ਸਿੰਘ, ਸੁਰਮਖ ਸਿੰਘ ਫੱਕਰ, ਭਾਈ ਜੱਸਾ ਭਾਈ ਪਾਲਾ, ਭਾਈ ਚਾਂਦ, ਭਾਈ ਮਨਸ਼ਾ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੁਰਜਨ ਸਿੰਘ, ਭਾਈ ਵਸਾਵਾ ਸਿੰਘ, ਭਾਈ ਸ਼ਰਧਾ ਸਿੰਘ, ਭਾਈ ਹੀਰਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਆਦਿ ਪ੍ਰਮੁਖ ਹਨ।

ਸਮਕਾਲੀ ਕੀਰਤਨੀਆਂ ਵਿਚੋਂ ਕੁਝ ਕੀਰਤਨੀਏ ਅਦਰਸ਼ ਰੂਪ ਵਿਚ ਪ੍ਰਤੀਬਿੰਬਤ ਹੁੰਦੇ ਹਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਗੁਰੂ ਘਰ ਦੀ ਕੀਰਤਨ ਪਰੰਪਰਾ ਨੂੰ ਸਮਰਪਿਤ ਕੀਤਾ। ਇਨ੍ਹਾਂ ਕੀਰਤਨੀਆਂ ਵਿਚੋਂ ਸੈਦਪੁਰ ਠੱਟਾ ਟਿੱਬਾ (ਜ਼ਿਲ੍ਹਾ ਕਪੂਰਥਲਾ) ਦੇ ਰਾਗੀ ਭਾਈ ਸਾਹਿਬ ਭਾਈ ਜੁਵਾਲਾ ਸਿੰਘ (1879-1952) ਵਿਸ਼ੇਸ਼ ਹਨ। ਭਾਈ ਜੁਵਾਲਾ ਸਿੰਘ ਇੱਕ ਐਸੀ ਸ਼ਖ਼ਸੀਅਤ ਵਜੋਂ ਪ੍ਰਤੱਖ ਹੁੰਦੇ ਹਨ, ਜਿਨ੍ਹਾਂ ਨੇ ਸ਼ਬਦ ਕੀਰਤਨ ਦੀ ਪਰੰਪਰਾਗਤ ਸ਼ੈਲੀ ਨੂੰ ਜੀਵੰਤ ਰੱਖਿਆ। ਇਸ ਕੀਰਤਨ ਸ਼ੈਲੀ ਨੂੰ ਆਪਣੇ ਵੰਸ਼ਜ ਕੀਰਤਨੀਆਂ ਦੇ ਰੂਪ ਵਿਚ ਸੁਰੱਖਿਅਤ ਕੀਤਾ। ਰਾਗੀ ਭਾਈ ਜੁਵਾਲਾ ਸਿੰਘ ਦੀ ਵਿਸ਼ੇਸ਼ ਧਰੁਪਦ ਅੰਗ ਦੀ ਸ਼ਬਦ ਕੀਰਤਨ ਸ਼ੈਲੀ ਅਤੇ ਸ਼ਬਦ ਕੀਰਤਨ ਰੀਤਾਂ ਦਾ ਖਜ਼ਾਨਾ ਮੌਜੂਦ ਸੀ ਜੋ ਇੰਨ੍ਹਾਂ ਦੇ ਕੀਰਤਨ ਘਰਾਣੇ ਵਿਚ ਦੇਖਿਆ ਜਾ ਸਕਦਾ ਹੈ। ਗੁਰਮਤਿ

ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ ਵਿਚ ਉਨਵੀਂ ਅਤੇ ਵੀਹਵੀਂ ਸਦੀ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਅਤੇ ਇਨ੍ਹਾਂ ਦੇ ਕੀਰਤਨ ਘਰਾਣੇ ਦਾ ਯੋਗਦਾਨ ਵਿਸ਼ੇਸ਼ ਪਛਾਣਯੋਗ ਸਥਾਨ ਰੱਖਦਾ ਹੈ। ਗੁਰਮਤਿ ਸੰਗੀਤ ਦੇ ਸੰਦਰਭ ਵਿੱਚ ਰਾਗੀ ਭਾਈ ਜੁਵਾਲਾ ਸਿੰਘ ਆਜੀਵਨ ਕਾਰਜ਼ਸੀਲ ਰਹੇ। ਗੁਰਮਤਿ ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ ਵਿਚ ਵੀਹਵੀਂ ਸਦੀ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਘਰਾਣਿਆਂ ਦਾ ਯੋਗਦਾਨ ਵਿਸ਼ੇਸ਼ ਪਛਾਣਯੋਗ ਸਥਾਨ ਰੱਖਦਾ ਹੈ। ਇਸੇ ਲਈ ਅਸੀਂ ਗੁਰਮਤਿ ਸੰਗੀਤ ਵਿਚ *ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ* ਵਿਸ਼ੇ ਨੂੰ ਖੋਜ ਦਾ ਵਿਸ਼ੇ ਬਣਾਇਆ ਹੈ। ਇਸ ਖੋਜ ਕਾਰਜ ਅਧੀਨ ਅਸੀਂ ਆਪਣੇ ਵਿਸ਼ੇ ਨੂੰ ਹੇਠ ਲਿਖੇ ਵੱਖ-ਵੱਖ ਪੰਜ ਅਧਿਆਇਆਂ ਵਿਚ ਵਿਭਾਜਿਤ ਕੀਤਾ ਹੈ:

| | | |
|---|---|---|
| ਪਹਿਲਾ ਅਧਿਆਇ | - | ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ |
| ਦੂਜਾ ਅਧਿਆਇ | - | ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਕਾਰਜ |
| ਤੀਜਾ ਅਧਿਆਇ | - | ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ |
| ਚੌਥਾ ਅਧਿਆਇ | - | ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ : ਪਰਿਚਾਤਮਕ ਅਧਿਐਨ |
| ਪੰਜਵਾਂ ਅਧਿਆਇ | - | ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ |

ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ** ਦੇ ਅੰਤਰਗਤ ਵਿਭਿੰਨ ਇਤਿਹਾਸਕ ਸਰੋਤਾਂ ਤੋਂ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਸਬੰਧੀ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਐਨ ਤੋਂ ਗੁਰਮਤਿ ਸੰਗੀਤ ਦੀ ਇਤਿਹਾਸਕ ਸਥਾਪਤੀ ਪੜਾਅ-ਦਰ-ਪੜਾਅ ਸਿਲਸਿਲੇਵਾਰ ਵਿਕਸਿਤ ਨਜ਼ਰੀ ਆਉਂਦੀ ਹੈ। ਗੁਰਮਤਿ ਸੰਗੀਤ ਦੀ ਇਸ ਸਥਾਪਤੀ ਦਾ ਵਿਸ਼ਾਲ ਕਾਰਜ ਵੱਖ-ਵੱਖ ਯੋਗਦਾਨੀਆਂ ਦੀ ਅਹਿਮ ਭੂਮਿਕਾ ਅਤੇ ਵੱਡਮੁਲੇ ਯੋਗਦਾਨ ਸਦਕਾ ਹੀ ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਵਿਹਾਰਕ ਸਥਾਪਤੀ ਸੰਭਵ ਹੋ ਸਕੀ ਹੈ। ਗੁਰਮਤਿ ਸੰਗੀਤ ਦਾ ਸਿਧਾਂਤਕ, ਵਿਹਾਰਕ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਯੋਗਦਾਨ ਪ੍ਰਗਟ ਹੋ ਰਿਹਾ ਹੈ। ਗੁਰੂ ਸਾਹਿਬਾਨ ਵੱਲੋਂ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਚਉਕੀਆਂ, ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨੀਏ, ਸਾਜ਼ਾਂ ਆਦਿ ਦੇ ਵਿਕਾਸ ਵਿਚ ਵਡੇਰਾ

ਯੋਗਦਾਨ ਪਾਇਆ ਹੈ। ਗੁਰੂ ਘਰ ਦੇ ਕੀਰਤਨੀਆਂ ਨੇ ਗੁਰਮਤਿ ਸੰਗੀਤ ਦੀ ਵਿਹਾਰਕਤਾ ਨੂੰ ਪ੍ਰਾਰੰਭ ਤੋਂ ਹੁਣ ਤਕ ਨਿਰੰਤਰ ਜੀਵੰਤ ਰੱਖਣ ਦਾ ਵਡੇਰਾ ਯੋਗਦਾਨ ਰਿਹਾ ਹੈ। ਇਸ ਸੰਦਰਭ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦੁਅਰਾ ਪੁਰਾਤਨ ਤੇ ਮੌਲਿਕ ਸ਼ਬਦ ਕੀਰਤਨ ਰਚਨਾਵਾਂ ਦੇ ਭੰਡਾਰ ਨੂੰ ਭਵਿੱਖ ਲਈ ਸੁਰੱਖਿਅਤ ਕਰਨ ਵਿਚ ਅਹਿਮ ਯੋਗਦਾਨ ਪ੍ਰਤੱਖ ਹੋ ਰਿਹਾ ਹੈ। ਗੁਰਮਤਿ ਸੰਗੀਤ ਦੀਆਂ ਟਕਸਾਲਾਂ ਨੇ ਇਸ ਦੇ ਬਹੁਪੱਖੀ ਸਿਖਲਾਈ ਖੇਤਰ ਨੂੰ ਨਿਰੰਤਰ ਵਿਕਸਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਦੀਆਂ ਸੰਸਥਾਵਾਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਤੋਂ ਲੈ ਕੇ ਇਸ ਦਾ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰਚਾਰ ਤੇ ਪਾਸਾਰ ਕਰਨ ਵਿਚ ਵਿਸ਼ੇਸ਼ ਨਿਭਾਅ ਰਹੀਆਂ ਹਨ। ਗੁਰਮਤਿ ਸੰਗੀਤ ਦੇ ਪ੍ਰਮੁਖ ਸਾਜ਼ ਨਿਰਮਾਤਾਵਾਂ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਦੇ ਸਾਜ਼ ਵਿਸ਼ੇਸ਼ ਕਰਕੇ ਤੰਤੀ ਸਾਜ਼ਾਂ ਦੀ ਸੁਰੱਖਿਆ, ਸੰਭਾਲ, ਉਨ੍ਹਾਂ ਦੀ ਮੁੜ ਸੁਰਜੀਤੀ ਆਦਿ ਦੇ ਸੰਦਰਭ ਵਿਚ ਯੋਗਦਾਨ ਨੂੰ ਪ੍ਰਗਟ ਹੋ ਰਿਹਾ ਹੈ। ਗੁਰੂ ਕਾਲ ਤੋਂ ਹੀ ਪ੍ਰਮੁਖ ਸ਼ਖ਼ਸੀਅਤਾਂ ਦਾ ਗੁਰਮਤਿ ਸੰਗੀਤ ਦੇ ਵਿਕਾਸ, ਪ੍ਰਚਾਰ, ਪਾਸਾਰ, ਅਕਾਦਮਿਕ ਸਥਾਪਤੀ ਆਦਿ ਦੇ ਸੰਦਰਭ ਵਿਚ ਸਰਪ੍ਰਸਤ ਰੂਪ ਵਿਚ ਯੋਗਦਾਨ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰਮਤਿ ਸੰਗੀਤ ਦੀ ਸਾਹਿਤਕ ਸਮੱਗਰੀ ਦੀ ਸੁਰੱਖਿਆ ਸੰਭਾਲ ਹਿਤ ਪ੍ਰਕਾਸ਼ਕਾਂ ਦਾ ਯੋਗਦਾਨ ਵੀ ਸਾਡੇ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਵਰਤਮਾਨ ਸਮੇਂ ਇੰਟਰਨੈੱਟ, ਵੈਬਸਾਇਟਸ, ਟੀ. ਵੀ. ਚੈਨਲ, ਰੇਡੀਓ ਆਦਿ ਸੰਚਾਰ ਦੇ ਇਲੈਕਟ੍ਰੋਨਿਕ ਸਾਧਨਾਂ ਨੇ ਗੁਰਮਤਿ ਸੰਗੀਤ ਦਾ ਬਹੁਪੱਖੀ ਗਲੋਬਲ ਪੱਧਰ 'ਤੇ ਵਿਕਾਸ ਕੀਤਾ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਹਰ ਯੋਗਦਾਨੀ ਦੁਆਰਾ ਦਿੱਤੇ ਆਪਣੇ ਵਿਸ਼ੇਸ਼ ਯੋਗਦਾਨ ਪਿੱਛੇ ਉਸ ਦੀ ਸ਼ਰਧਾ ਭਾਵਨਾ ਦੇ ਨਾਲ-ਨਾਲ ਨਿਸ਼ਕਾਮਤਾ ਤੇ ਸਮਰਪਣ ਵੀ ਦੇਖਿਆ ਜਾ ਸਕਦਾ ਹੈ। ਅਜੋਕੇ ਸਮੇਂ ਵੀ ਗੁਰਮਤਿ ਸੰਗੀਤ ਵਿਚ ਵੱਖ-ਵੱਖ ਯੋਗਦਾਨੀਆਂ ਦੁਆਰਾ ਯੋਗਦਾਨ ਨਿਰੰਤਰ ਜਾਰੀ ਹੈ।

ਇਸ ਅਧਿਆਇ ਵਿਚ ਗੁਰਮਤਿ ਸੰਗੀਤ ਦੇ ਵਿਭਿੰਨ ਪਰਿਪੇਖਾਂ ਦੇ ਸੰਦਰਭ ਵਿਚ ਗੁਰੂ ਕਾਲ ਤੋਂ ਵਰਤਮਾਨ ਸਮੇਂ ਤਕ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਦਾ ਬਹੁਪੱਖੀ ਯੋਗਦਾਨ ਪ੍ਰਗਟ ਹੋਇਆ ਹੈ। ਇਸ ਵਿਸ਼ਾਲ ਯੋਗਦਾਨ ਦੀ ਰੋਸ਼ਨੀ ਵਿਚ ਹੀ ਰਾਗੀ ਭਾਈ ਜੁਵਾਲਾ ਸਿੰਘ ਦੇ ਯੋਗਦਾਨ ਨੂੰ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਹੈ।

ਦੂਜੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਕਾਰਜ** ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਜੀਵਨ ਅਤੇ ਇੱਕ ਕੀਰਤਨੀਏ ਦੇ ਤੌਰ 'ਤੇ ਕੀਤੇ ਕਾਰਜਾਂ ਨੂੰ ਵਿਸ਼ਲੇਸ਼ਿਤ ਕੀਤਾ ਹੈ। ਰਾਗੀ ਭਾਈ ਜੁਵਾਲਾ ਸਿੰਘ ਦੀ ਸਮਕਾਲੀ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਸਥਿਤੀ ਨੂੰ ਪਿੱਠਭੂਮੀ ਵਜੋਂ ਅਧਿਐਨ ਕਰਦਿਆਂ ਪ੍ਰਤੱਖ ਹੋਇਆ ਕਿ ਉਸ ਸਮੇਂ ਸਿੱਖਾਂ ਦੀ ਹੋਂਦ ਹੀ ਖਤਰੇ ਵਿਚ ਸੀ। ਭਾਈ ਸਾਹਿਬ ਦੇ ਪਰਿਵਾਰਕ ਪਿਛੋਕੜ ਨੂੰ ਵਿਭਿੰਨ ਲਿਖਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਬਰਾਂ ਨਾਲ ਕੀਤੀਆਂ ਵਿਭਿੰਨ ਮੁਲਕਾਤਾਂ ਤੋਂ ਪ੍ਰਤੱਖ ਹੁੰਦਾ ਹੈ ਕਿ ਜਿਵੇਂ ਕਿ ਉਨ੍ਹਾਂ ਦੇ ਪੂਰਵਜਾਂ ਨੂੰ ਗੁਰੂ ਅਮਰਦਾਸ ਤੋਂ ਸਿੱਖੀ, ਕੀਰਤਨ ਦੀ ਦਾਤ ਗੁਰੂ ਅਰਜਨ ਦੇਵ ਅਤੇ ਅੰਮ੍ਰਿਤ ਦੀ ਬਖਸ਼ਿਸ਼ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਸਾਜਨਾ ਸਮੇਂ ਪ੍ਰਾਪਤ ਹੋਈ ਹੈ। ਭਾਈ ਸਾਹਿਬ ਦਾ ਜਨਮ 1879 ਈ. ਵਿਚ ਹੋਇਆ। ਉਨ੍ਹਾਂ ਆਪਣੇ ਪਿਤਾ ਕੋਲੋਂ ਸ਼ਬਦ ਕੀਰਤਨ ਸਿੱਖਣ ਤੋਂ ਇਲਾਵਾ ਉਸਤਾਦ ਕੀਰਤਨੀਏ ਭਾਈ ਵਸਾਵਾ ਸਿੰਘ 'ਰੰਗੀ ਰਾਮ' ਅਤੇ ਭਾਈ ਸ਼ਰਧਾ ਸਿੰਘ ਤੋਂ ਸ਼ਬਦ ਕੀਰਤਨ ਦੀ ਵਿੱਦਿਆ ਗ੍ਰਹਿਣ ਕੀਤੀ। ਇਸ ਸਮੇਂ ਦੋਰਾਨ ਰਾਗੀ ਭਾਈ ਜੁਵਾਲਾ ਸਿੰਘ ਨੂੰ ਅਣਸੁਖਾਵੇਂ ਹਲਾਤਾਂ ਵਿਚੋਂ ਵਿਚਰਨਾ ਪਿਆ ਹੈ।

ਰਾਗੀ ਭਾਈ ਜੁਵਾਲਾ ਸਿੰਘ ਲੰਮੇ, ਉੱਚੇ ਤੇ ਸਡੋਲ ਸਰੀਰ ਵਾਲੇ ਗੁਰਸਿਖ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਨੂੰ ਦਿਲ ਖਿੱਚਵੀਂ ਅਤੇ ਮਧੁਰ ਅਵਾਜ਼ ਪ੍ਰਾਪਤ ਸੀ। ਗੁਰਮਤਿ ਸੰਗੀਤ ਦੀਆਂ ਰੀਤਾਂ, ਪੜਤਾਲਾਂ, ਰਾਗਾਂ ਦੀ ਵਿਸ਼ਾਲ ਸੂਝ ਤੇ ਪੁਰਾਤਨ ਗਾਇਕੀ ਦਾ ਅਥਾਹ ਗਿਆਨ ਸੀ। ਇਸ ਦੇ ਨਾਲ ਤਾਊਸ, ਸਰੰਦਾ, ਦਿਲਰੁਬਾ, ਹਰਮੋਨੀਅਮ, ਤਬਲਾ, ਜੋੜੀ ਆਦਿ ਅਨੇਕ ਸਾਜ਼ ਵਜਾਉਣ ਵਿਚ ਮੁਹਾਰਤ ਹਾਸਲ ਸੀ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨੀ ਜਥੇ ਦੇ ਸਾਥੀ ਵੀ ਸੰਗੀਤ ਦੇ ਧੁਰੰਦਰ ਵਿਦਵਾਨ ਸਨ। ਭਾਈ ਸਾਹਿਬ ਨੇ 1899 ਤੋਂ 1952 ਤੱਕ ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਸ਼ਬਦ ਕੀਰਤਨ ਦੀ ਸੇਵਾ ਨਿਭਾਈ ਹੈ। ਭਾਈ ਸਾਹਿਬ ਕੋਲ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਦਾ ਭੰਡਾਰ ਮੌਜੂਦ ਸੀ। ਉਨ੍ਹਾਂ ਦਾ ਕੀਰਤਨ ਖੇਤਰ ਪਸ਼ਾਵਰ ਤੋਂ ਕਰਾਚੀ; ਕਸ਼ਮੀਰ ਤੋਂ ਦੱਖਣ ਭਾਰਤ ਤਕ ਪੂਰਬ ਦੇ ਪਟਨਾ, ਕਲਕੱਤਾ ਆਦਿ ਤਕ ਫੈਲਿਆ ਹੋਇਆ ਸੀ। ਗੁਰਮਤਿ ਸੰਗੀਤ ਅਤੇ ਗੁਰੂ ਪ੍ਰਤੀ ਸਪਰਪਣ ਸਦਕਾ ਭਾਈ ਸਾਹਿਬ ਨੂੰ ਪੂਰੇ ਦੇਸ਼ ਵਿਚ ਮਾਨਤਾ ਸੀ। ਆਪਣੀ ਸੰਗੀਤ ਕਲਾ ਨਾਲ ਆਪ ਨੇ ਨਾਮੀ ਰਬਾਬੀਆਂ ਤੇ ਸੰਗੀਤਕਾਰਾਂ ਵਿਚ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਪ੍ਰਭਾਵੀ ਸਿੱਖ ਸ਼ਖ਼ਸੀਅਤ ਅਤੇ

ਸੰਗੀਤਕ ਵਿਦਵਤਾ ਦੇ ਮਾਲਕ ਹੋਣ ਕਰਕੇ ਸਿੱਖ ਅਤੇ ਗੈਰ ਸਿੱਖ ਸ਼ਖ਼ਸੀਅਤਾਂ ਵੱਲੋਂ ਭਾਈ ਸਾਹਿਬ ਨੂੰ ਖਾਸ ਤੌਰ 'ਤੇ ਕੀਰਤਨ ਹਿਤ ਸੱਦਿਆ ਜਾਂਦਾ ਸੀ। ਰਾਗੀ ਭਾਈ ਜੁਵਾਲਾ ਸਿੰਘ ਦਾ ਜਿੱਥੇ ਕੀਰਤਨੀਆਂ ਵਿਚ ਸਤਿਕਾਰਤ ਸਥਾਨ ਸੀ ਉੱਥੇ ਸਿੱਖ ਪੰਥ ਦੇ ਵਿਦਵਾਨ, ਲੀਡਰ, ਸੰਤ ਸਮਾਜ, ਪੰਜਾਬ ਦੀਆਂ ਵੱਖ-ਵੱਖ ਰਿਆਸਤਾਂ ਦੇ ਰਾਜੇ ਮਹਾਰਾਜਿਆਂ ਵਿਚ ਵੀ ਵਿਸ਼ੇਸ਼ ਆਦਰ ਸਤਿਕਾਰ ਸੀ। ਭਾਈ ਸਾਹਿਬ ਜਿੱਥੇ ਕੀਰਤਨ ਨਾਲ ਸਾਰੀ ਉਮਰ ਸੰਗਤ ਦੀ ਸੇਵਾ ਕਰਦੇ ਰਹੇ ਉੱਥੇ ਹੱਥੀਂ ਸੇਵਾ ਨੂੰ ਵੀ ਵਿਸ਼ੇਸ਼ ਅਹਿਮੀਅਤ ਦਿੰਦੇ ਸਨ। ਪੰਥਕ ਕਾਰਜਾਂ ਵਿਚ ਭਾਈ ਸਾਹਿਬ ਦੀ ਵਿਸ਼ੇਸ਼ ਭੂਮਿਕਾ ਪ੍ਰਤੱਖ ਹੁੰਦੀ ਹੈ। ਭਾਈ ਸਾਹਿਬ ਦੀ ਸਮਾਜ ਸੇਵੀ ਤੇ ਇਨਕਲਾਬੀ ਸੋਚ ਵਾਲੀ ਸ਼ਖ਼ਸੀਅਤ ਉੱਭਰ ਕੇ ਸਾਹਮਣੇ ਆਉਂਦੀ ਹੈ। ਭਾਈ ਸਾਹਿਬ ਦੀ ਗੁਰੂ ਤੇ ਗੁਰਬਾਣੀ ਲਈ ਅਥਾਹ ਸ਼ਰਧਾ, ਕੌਮ ਲਈ ਕੁਰਬਾਨੀ ਦਾ ਜਜ਼ਬਾ ਰੱਖਣ ਵਾਲੇ ਅਤੇ ਸਰੀਰਕ ਕਸ਼ਟ ਸਹਾਰਨ ਦੀ ਸਮਰੱਥਾ ਰੱਖਣ ਵਾਲੇ ਵਿਅਕਤੀਤਵ ਦੇ ਮਾਲਕ ਸਨ।

ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਨੂੰ ਇੱਕ ਕੀਰਤਨਕਾਰ ਵਜੋਂ ਵਿਸ਼ਲੇਸ਼ਿਤ ਕਰਦਿਆਂ ਸਾਡੇ ਸਹਾਮਣੇ ਉਨ੍ਹਾਂ ਦਾ ਸੰਪੂਰਨ ਜੀਵਨ ਗੁਰਮਤਿ ਦੀ ਸ਼ਖ਼ਸੀ ਤੇ ਪੰਥਕ ਰਹਿਣੀ ਅਤੇ ਗੁਰਮਤਿ ਸੰਗੀਤ ਦੇ ਸਿਧਾਂਤ ਦਾ ਅਨੁਸਰਣ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ।

ਤੀਜਾ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ** ਹੈ। ਇਸ ਵਿਚ ਸੰਗੀਤ ਘਰਾਣੇ ਦੀਆਂ ਵਿਸ਼ੇਸ਼ਤਾਵਾਂ ਦੇ ਸੰਦਰਭ ਵਿਚ ਵਿਚਾਰਦਿਆਂ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦਾ ਅਧਿਐਨ ਕੀਤਾ ਗਿਆ ਹੈ। ਘਰਾਣਾ ਇੱਕ ਅਜਿਹੀ ਸੰਗੀਤਕ ਪਰੰਪਰਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਚਲੀ ਆ ਰਹੀ ਹੁੰਦੀ ਹੈ ਜਿਸ ਦੇ ਮੋਢੀ ਨੇ ਸੰਗੀਤ ਦੇ ਖੇਤਰ ਵਿੱਚ ਆਪਣੀ ਸੰਗੀਤਕ ਕਲਾ ਕਰਕੇ ਵਿਸ਼ੇਸ਼ ਨਾਮਣਾ ਖੱਟਿਆ ਹੁੰਦਾ ਹੈ। ਉਸ ਦੁਆਰਾ ਆਪਣੀ ਮੌਲਿਕ ਸੰਗੀਤ ਸ਼ੈਲੀ ਨੂੰ ਅਗਾਂਹ ਵੰਡਦੇ ਹੋਏ ਆਪਣਾ ਸ਼ਿਸ਼ ਮੰਡਲ ਤਿਆਰ ਕੀਤਾ ਜਾਂਦਾ ਹੈ ਜੋ ਉਸ ਕਲਾ ਦਾ ਜਿੱਥੇ ਪ੍ਰਚਾਰ ਪ੍ਰਸਾਰ ਕਰਦੇ ਹਨ ਉੱਥੇ ਸੰਗੀਤ ਕਲਾ ਅਗਾਂਹ ਹੋਰ ਸੰਗੀਤ ਵਿਦਿਅਰਥੀਆਂ ਨੂੰ ਸਿਖਾ ਕੇ ਸ਼ਾਗਿਰਦ ਤਿਆਰ ਕਰਦੇ ਹਨ। ਇਸ ਤਰ੍ਹਾਂ ਇੱਕ ਵਿਸ਼ੇਸ਼ ਸੰਗੀਤਕ ਸ਼ੈਲੀ ਦੇ ਪ੍ਰਤਿਨਿਧਾਂ ਦਾ ਸਮੂਹ ਤਿਆਰ ਹੋ ਜਾਂਦਾ ਹੈ, ਜਿਸ ਨੂੰ ਸਬੰਧਤ ਸੰਗੀਤਕ ਘਰਾਣੇ ਦੇ ਰੂਪ ਵਿੱਚ ਜਾਣਿਆ ਤੇ

ਪਛਾਣਿਆ ਜਾਂਦਾ ਹੈ। ਗੁਰਮਤਿ ਸੰਗੀਤ ਦੇ ਕੀਰਤਨ ਘਰਾਣੇ ਵਿਚ ਸੰਗੀਤ ਘਰਾਣੇ ਦੇ ਗੁਣਾਂ ਦੇ ਨਾਲ-ਨਾਲ ਗੁਰਮਤਿ ਤੇ ਗੁਰਮਤਿ ਸੰਗੀਤ ਦੇ ਸਿਧਾਂਤਾਂ ਦੀ ਪਾਲਣਾ ਵੀ ਜ਼ਰੂਰੀ ਹੁੰਦੀ ਹੈ। ਕੀਰਤਨੀਆਂ ਨੇ ਸ਼ਬਦ ਕੀਰਤਨ ਦੀ ਧਾਰਾ ਨੂੰ ਜਿੱਥੇ ਗੁਰੂ ਹਜ਼ੂਰੀ ਵਿਚ ਨਿਰਵਿਘਨ ਨਿਰੰਤਰ ਕਾਇਮ ਰੱਖਿਆ ਉੱਥੇ ਇਸ ਦੇ ਨਾਲ-ਨਾਲ ਆਪਣੇ ਵੰਸ਼ਜ਼ਾਂ ਨੂੰ ਵੀ ਵਿਧੀਵਤ ਸਿੱਖਿਆ ਦਿੱਤੀ। ਇਸ ਦੇ ਸਿੱਟੇ ਵਜੋਂ ਵੱਖ-ਵੱਖ ਕੀਰਤਨੀਆਂ ਦੇ ਘਰਾਣੇ ਹੋਂਦ ਵਿਚ ਆਏ ਜਿਵੇਂ ਮਰਦਾਨੇ ਕੇ, ਖਡੂਰੀਏ ਰਬਾਬੀ, ਅੰਮ੍ਰਿਤਸਰੀਆ ਘਰਾਣਾ, ਬਾਬਾ ਵਸਾਵਾ ਸਿੰਘ ਰੰਗੀ ਰਾਮ ਦਾ ਘਰਾਣਾ, ਭਾਈ ਮੱਸਾ ਸਿੰਘ ਦਾ ਘਰਾਣਾ ਆਦਿ। ਇਨ੍ਹਾਂ ਘਰਾਣਿਆਂ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਘਰਾਣਾ ਵਿਸ਼ੇਸ਼ ਹੈ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣਾ ਨੂੰ ਗੁਰੂ ਕਾਲ ਤੋਂ ਕੀਰਤਨ ਕਰਨ ਦਾ ਮਾਣ ਪ੍ਰਾਪਤ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਪੂਰਵਲੇ ਕੀਰਤਨੀਆਂ ਵਿਚ ਭਾਈ ਕਪੂਰ ਸਿੰਘ, ਭਾਈ ਰਾਇ ਸਿੰਘ, ਭਾਈ ਗੋਖਾ ਸਿੰਘ, ਭਾਈ ਭਾਗ ਸਿੰਘ, ਭਾਈ ਝੰਡਾ ਸਿੰਘ, ਭਾਈ ਮੋਹਰ ਸਿੰਘ, ਭਾਈ ਦੇਵਾ ਸਿੰਘ, ਭਾਈ ਬੂੜ ਸਿੰਘ ਦੇ ਨਾਮ ਸਹਾਮਣੇ ਆਉਂਦੇ ਹਨ। ਰਾਗੀ ਭਾਈ ਜੁਵਾਲਾ ਸਿੰਘ ਦੇ ਸਮਕਾਲੀ ਕੀਰਤਨੀਆਂ ਭਾਈ ਨਰਾਇਣ ਸਿੰਘ, ਭਾਈ ਸਾਵਨ ਸਿੰਘ, ਭਾਈ ਸੁੰਦਰ ਸਿੰਘ, ਉਸਤਾਦ ਭਾਈ ਵਸਾਵਾ ਸਿੰਘ ਤੇ ਉਸਤਾਦ ਭਾਈ ਸ਼ਰਧਾ ਸਿੰਘ ਸਨ। ਇਸ ਘਰਾਣੇ ਦੇ ਅਗਾਮੀ ਪੀੜੀ ਦੇ ਵੰਸ਼ਜ਼ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸਵਰਨ ਸਿੰਘ, ਭਾਈ ਕੁਲਤਾਰ ਸਿੰਘ ਤੇ ਭਾਈ ਬਲਦੀਪ ਸਿੰਘ ਹਨ। ਭਾਵੇਂ ਕਿ ਲਿਖਤ ਸਮੱਗਰੀ ਘੱਟ ਉਪਲੱਬਧ ਹੁੰਦੀ ਹੈ ਪ੍ਰੰਤੂ ਇਤਿਹਾਸਕ ਤੌਰ 'ਤੇ ਇਨ੍ਹਾਂ ਦਾ ਯੋਗਦਾਨ ਵਿਸ਼ੇਸ਼ ਹੈ।

ਰਾਗੀ ਭਾਈ ਜੁਵਾਲਾ ਸਿੰਘ ਆਪਣੇ ਕੀਰਤਨ ਘਰਾਣੇ ਦੀ ਪ੍ਰਮੁੱਖ ਤੇ ਕੇਂਦਰੀ ਸ਼ਖ਼ਸੀਅਤ ਹੋਏ। ਉਨ੍ਹਾਂ ਨੇ ਆਪਣੇ ਘਰਾਣੇ ਦੀਆਂ ਪੂਰਵਲੀਆਂ ਅਤੇ ਅਗਾਮੀ ਪੀੜੀਆਂ ਨੂੰ ਨਿਰੰਤਰ ਰੂਪ ਵਿਚ ਜੋੜਨ ਵਾਲੀ ਭੂਮਿਕਾ ਨਿਭਾਈ। ਪੂਰਵਲੀਆਂ ਪੀੜੀਆ ਦੁਆਰਾ ਪ੍ਰਦਾਨ ਕੀਤੀ ਗਈ ਸ਼ਬਦ ਕੀਰਤਨ ਸਮੱਗਰੀ ਦੀ ਸੰਗੀਤਕ ਵਿਰਾਸਤ ਨੂੰ ਆਪ ਨੇ ਅਗਾਮੀ ਪੀੜੀਆਂ ਨੂੰ ਸੌਂਪਿਆ ਤੇ ਸੁਰੱਖਿਅਤ ਰੱਖਣ ਦੀ ਤਾਕੀਦ ਵੀ ਕੀਤੀ। ਰਾਗੀ ਭਾਈ ਜੁਵਾਲਾ ਸਿੰਘ ਦੀ ਸਿੱਖਿਆ ਦੁਆਰਾ ਹੀ ਇਸ ਘਰਾਣੇ ਦੀ ਅਗਾਮੀ ਪੀੜੀ ਨੇ ਇਸ ਸੰਗੀਤ ਨਿਧੀ ਨੂੰ ਸੁਰੱਖਿਅਤ ਰੱਖਣ ਤੋਂ

ਇਲਾਵਾ ਸਮੁੱਚੇ ਵਿਸ਼ਵਭਰ ਵਿਚ ਸੰਚਾਰਿਤ ਕੀਤਾ। ਇਸ ਘਰਾਣੇ ਦੇ ਕੀਰਤਨੀਆਂ ਦੀਆਂ ਜਿੱਥੇ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਦੋ ਪੁਸਤਕਾਂ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਵਾਲੀ* (ਤਿੰਨ ਭਾਗਾਂ ਵਿਚ- ਦੋ ਪ੍ਰਕਾਸ਼ਿਤ ਅਤੇ ਇੱਕ ਅਪ੍ਰਕਾਸ਼ਿਤ ਰੂਪ ਵਿਚ) ਅਤੇ *ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ* ਪ੍ਰਾਪਤ ਹੁੰਦੀਆਂ ਹਨ ਉੱਥੇ ਗੁਰਮਤਿ ਅਤੇ ਸਿੱਖ ਧਰਮ ਨਾਲ ਸਬੰਧਤ ਹੋਰ ਸੱਤ ਪੁਸਤਕਾਂ ਵੀ ਪ੍ਰਾਪਤ ਹੁੰਦੀਆਂ ਹਨ। ਇਸ ਘਰਾਣੇ ਦੇ ਕੀਰਤਨੀਆਂ ਨੇ ਆਪਣੇ ਘਰਾਣੇ ਦੇ ਮੋਢੀ ਦੇ ਨਾਮ 'ਤੇ *ਰਾਗੀ ਭਾਈ ਜੁਵਾਲਾ ਸਿੰਘ ਆਡੀਟੋਰੀਅਮ* , ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਵਿਤੀ ਸਹਾਇਤਾ ਦੇ ਕੇ ਵੀ ਸਥਾਪਿਤ ਕਰਵਾਇਆ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਸਬੰਧੀ ਵਿਸ਼ਲੇਸ਼ਣਾਤਮਕ ਅਧਿਐਨ ਤੋਂ ਸਾਨੂੰ ਮਹੱਤਵਪੂਰਨ ਵਿਸ਼ੇਸ਼ਤਾਵਾਂ ਦ੍ਰਿਸ਼ਟੀਗੋਚਰ ਹੋਈਆਂ ਹਨ ਜਿਵੇਂ ਪੁਰਾਤਨ ਸ਼ਬਦ ਕੀਰਤਨ ਰੀਤਾਂ ਦਾ ਭੰਡਾਰ, ਗਾਇਨ ਸ਼ੈਲੀਆਂ ਦੀ ਪਰੰਪਰਾਗਤ ਮੌਲਿਕਤਾ, ਤੰਤੀ ਸਾਜ਼ਾਂ ਦਾ ਨਿਰੰਤਰ ਕੀਰਤਨ ਹਿਤ ਪ੍ਰਯੋਗ, ਸੁਰਲਿਪੀਬੱਧ ਕਾਰਜ, ਗੁਰਸਿੱਖ ਰਹਿਣੀ-ਬਹਿਣੀ, ਸਾਰੇ ਕੀਰਤਨੀਏ ਵੰਸ਼ਜ਼ਾਂ ਵਲੋਂ ਆਪਣੇ ਨਾਮ ਨਾਲ ਖਾਸ ਕਰਕੇ *ਭਾਈ* ਸ਼ਬਦ ਦਾ ਪ੍ਰਯੋਗ ਕਰਨ ਦੀ ਪਰੰਪਰਾ ਕਾਇਮ ਰੱਖਣੀ ਆਦਿ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦਾ ਤੁਲਨਾਤਮਕ ਅਧਿਐਨ ਕਰਦਿਆਂ ਸਾਡੇ ਸਹਾਮਣੇ ਪ੍ਰਤੱਖ ਹੁੰਦਾ ਹੈ ਕਿ ਇਸ ਘਰਾਣੇ ਕੀਰਤਨੀਆਂ ਨੇ ਧਰੁਪਦ ਗਾਇਕੀ ਨੂੰ ਅਧਾਰ ਬਣਾ ਕੇ ਆਪਣੇ ਘਰਾਣੇ ਦੀਆਂ ਹੀ ਪ੍ਰਾਚੀਨ ਸ਼ਬਦ ਕੀਰਤਨ ਰੀਤਾਂ ਨੂੰ ਗਾਇਆ। ਆਪਣੀ ਸ਼ਬਦ ਗਾਇਕੀ 'ਤੇ ਸਮਕਾਲੀ ਗਾਇਕੀ ਦਾ ਪ੍ਰਭਾਵ ਨਹੀਂ ਪੈਣ ਦਿੱਤਾ। ਇਸ ਦੇ ਨਾਲ ਜੋ ਗਾਇਆ ਉਸ ਨੂੰ ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਸੁਰਲਿਪੀਬੱਧ ਵੀ ਕੀਤਾ। ਇਸ ਅਧਿਆਇ ਦੇ ਸੰਪੂਰਨ ਵਿਸ਼ਲੇਸ਼ਣ ਤੋਂ ਪ੍ਰਤੱਖ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਨੇ ਗੁਰਮਤਿ ਸੰਗੀਤ ਵਿਚ ਕੀਰਤਨ ਘਰਾਣੇ ਵਜੋਂ ਆਪਣੀ ਪਛਾਣ ਵੀ ਬਣਾਈ ਹੈ ਜੋ ਬਾਕੀ ਕੀਰਤਨ ਘਰਾਣਿਆਂ ਲਈ ਇੱਕ ਆਦਰਸ਼, ਮਿਆਰੀ ਤੇ ਮਿਸਾਲਯੋਗ ਹੈ। ਸਮੁੱਚੇ ਰੂਪ ਵਿਚ ਇਸ ਘਰਾਣੇ ਦੇ ਕੀਰਤਨੀਆਂ ਨੂੰ ਰਾਗੀ ਭਾਈ ਜੁਵਾਲਾ ਸਿੰਘ ਦੇ ਵੰਸ਼ਜ ਹੋਣ ਦਾ ਮਾਣ ਹੈ ਅਤੇ ਇਹ ਘਰਾਣਾ ਗੁਰਮਤਿ ਸੰਗੀਤ ਦਾ ਸਨਮਾਨਤ ਘਰਾਣਾ ਹੈ ਜੋ ਬਾਕੀ ਘਰਾਣਿਆਂ ਦੇ ਅਧਿਐਨ ਲਈ ਵਿਸ਼ੇਸ਼ ਅਧਾਰ ਬਣਨ ਦੀਆਂ ਸੰਭਾਵਨਾਵਾਂ ਰੱਖਦਾ ਹੈ। ਇਸ

ਘਰਾਣੇ ਦੀਆਂ ਉਪਲੱਬਧ ਪ੍ਰਕਾਸ਼ਿਤ ਸ਼ਬਦ ਕੀਰਤਨ ਰਚਨਾਵਾਂ ਦੀ ਵਿਸਥਾਰ ਸਹਿਤ ਚਰਚਾ ਚੋਥੇ ਅਧਿਆਇ ਵਿਚ ਕੀਤੀ ਗਈ ਹੈ।

ਚੌਥੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ: ਪਰਿਚਾਤਮਕ ਅਧਿਐਨ** ਦੇ ਅੰਤਰਗਤ ਇਸ ਕੀਰਤਨ ਘਰਾਣੇ ਦੀਆਂ ਪ੍ਰਕਾਸ਼ਿਤ ਸ਼ਬਦ ਕੀਰਤਨ ਰਚਨਾਵਾਂ ਨੂੰ ਇਕੱਤਰ ਤੇ ਵਿਸ਼ਲੇਸ਼ਿਤ ਕੀਤਾ ਗਿਆ ਹੈ। ਸ਼ਬਦ ਕੀਰਤਨ ਰਚਨਾਵਾਂ ਦੀ ਭੂਮਿਕਾ ਸ਼ਬਦ ਕੀਰਤਨ ਦੇ ਅਧਾਰ ਵਜੋਂ ਪ੍ਰਤੱਖ ਹੋ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਇਸ ਦਾ ਨਿਰਧਾਰਤ ਸੰਗੀਤ ਸਰੂਪ ਸ਼ਬਦ ਕੀਰਤਨ ਲਈ ਵਿਸ਼ੇਸ਼ ਸੰਗੀਤ ਵਿਧਾਨ ਅਤੇ ਸ਼ਬਦ ਕੀਰਤਨ ਰਚਨਾਵਾਂ ਦਾ ਵਿਸ਼ਿਸ਼ਟ ਸੰਗੀਤਕ ਆਧਾਰ ਸਿਰਜ ਰਿਹਾ ਹੈ। ਬਾਣੀ ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਾ ਮੂਲ ਵਿਸ਼ਾ ਵਸਤੂ ਜਾਂ ਅਧਾਰ ਹੈ ਜੋ ਗੁਰ ਕਾਲ ਤੋਂ ਹੁਣ ਤੱਕ ਗਾਇਨ ਕੀਤਾ ਜਾ ਰਿਹਾ ਹੈ। ਵਰਤਮਾਨ ਸਮੇਂ ਤਕ ਸੀਨਾ-ਬ-ਸੀਨਾ ਤੇ ਹੁਣ ਲਿਖਤ ਰੂਪ ਵਿਚ ਇਹ ਰਚਨਾਵਾਂ ਸਾਡੇ ਤੱਕ ਪਹੁੰਚੀਆਂ ਹਨ। ਪ੍ਰਕਾਸ਼ਿਤ ਰੂਪ ਇਨ੍ਹਾਂ ਦਾ ਸੁਰਲਿਪੀ ਲੇਖਨ 20ਵੀਂ ਸਦੀ ਦੇ ਪੂਰਵਾਰਧ ਵਿਚ ਆਰੰਭ ਹੋਇਆ।

ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ 20ਵੀਂ ਸਦੀ ਸਤਵੇਂ ਦਹਾਕੇ ਅਧੀਨ ਪ੍ਰਕਾਸ਼ਿਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਨੂੰ ਉਨ੍ਹਾਂ ਦੇ ਘਰਾਣੇ ਦੇ ਕੀਰਤਨੀਆਂ ਦੀ ਸਹਾਇਤਾ ਨਾਲ ਨਿਸ਼ਾਨਦੇਹੀ ਕਰਦਿਆਂ ਇੱਕਤਰ ਕਰ ਵਰਗੀਕ੍ਰਿਤ ਕੀਤਾ ਗਿਆ ਹੈ। ਇਸ ਘਰਾਣੇ ਦੇ ਕੀਰਤਨੀਆਂ ਕੋਲ ਸ਼ਬਦ ਕੀਰਤਨ ਰਚਨਾਵਾਂ ਸੀਨਾ-ਬ-ਸੀਨਾ ਮੌਖਿਕ ਰੂਪ ਤੇ ਲਿਖਤ ਰੂਪ ਵਿਚ ਸਫਰ ਕਰਦੀਆਂ ਰਹੀਆਂ ਹਨ। ਇਹ ਦਸਣਯੋਗ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਨੇ ਖੁਦ ਸ਼ਬਦ ਕੀਰਤਨ ਰਚਨਾਵਾਂ ਨੂੰ ਲਿਖਤ ਰੂਪ ਵਿਚ ਸੰਭਾਲਣ ਦਾ ਕਾਰਜ ਪ੍ਰਾਰੰਭ ਕੀਤਾ ਸੀ। ਇਸ ਘਰਾਣੇ ਨਾਲ ਸਬੰਧਤ ਵੱਖ-ਵੱਖ ਸਰੋਤਾਂ ਤੋਂ ਸਾਨੂੰ ਕੁੱਲ 85 ਰਾਗਾਂ ਵਿਚ 504 ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਇਹ ਤਕਰੀਬਨ ਸਾਰੀਆਂ ਹੀ ਰਾਗੀ ਭਾਈ ਜੁਵਾਲਾ ਸਿੰਘ ਤੋਂ ਰਾਗੀ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਨੂੰ ਮੌਖਿਕ ਰੂਪ ਵਿਚ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਨੂੰ ਬਆਦ ਵਿਚ ਉਨ੍ਹਾਂ ਦੁਆਰਾ ਪੰਜਾਬੀ ਯੂਨੀਵਰਸਿਟੀ ਦੇ

ਸਹਿਯੋਗ ਨਾਲ ਸੰਨ 1979 ਈਸਵੀ ਵਿਚ ਪ੍ਰਕਾਸ਼ਿਤ ਕਰਵਾਇਆ। ਇਹ ਸ਼ਬਦ ਕੀਰਤਨ ਰਚਨਾਵਾਂ ਸਾਨੂੰ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* (ਦੋ ਭਾਗ) ਦੇ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਅਤੇ ਰਾਗ ਪ੍ਰਕਾਰਾਂ, ਭਾਰਤੀ ਸੰਗੀਤ ਦੇ ਰਾਗਾਂ ਦੇ ਅਤੇ ਬਾਣੀ ਤੇ ਸੰਗੀਤ ਦੀਆਂ ਵਿਸ਼ੇਸ਼ ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਵਰਗੀਕ੍ਰਿਤ ਕਰ ਵਿਸ਼ਲੇਸ਼ਿਤ ਕੀਤਾ ਗਿਆ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਸੰਦਰਭ ਵਿਚ ਵਿਸ਼ਲੇਸ਼ਿਤ ਕਰਦਿਆਂ ਮੁੱਖ 31 ਰਾਗਾਂ ਦੀਆਂ 347 ਅਤੇ 14 ਰਾਗ ਪ੍ਰਕਾਰਾਂ ਦੀਆਂ 40 ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਭਾਰਤੀ ਸੰਗੀਤ ਦੇ 40 ਰਾਗਾਂ ਦੇ 98 ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਵਿਭਿੰਨ ਗਾਇਨ ਸ਼ੈਲੀਆਂ ਸੰਦਰਭ ਵਿਚ ਦੇਖੀਏ ਤਾਂ ਧਰੁਪਦ ਅੰਗ ਦੀਆਂ 49, ਧਮਾਰ ਅੰਗ ਦੀਆਂ 16, ਪੜਤਾਲ ਗਾਇਨ ਸ਼ੈਲੀ ਦੀਆਂ 33, ਅਲਾਹੁਣੀਆਂ ਗਾਇਨ ਸ਼ੈਲੀ ਦੀ ਇੱਕ, ਘੋੜੀਆਂ ਗਾਇਨ ਸ਼ੈਲੀ ਦੀ ਇੱਕ, 16 ਵਾਰਾਂ ਤੇ ਉਨ੍ਹਾਂ ਦੀਆਂ ਪਉੜੀਆਂ ਦੀਆਂ 19 ਅਤੇ ਅਨੰਦ ਕਾਰਜ ਦੀ ਰੀਤ ਵਿਚ ਪ੍ਰਯੁਕਤ ਲਾਵ ਬਾਣੀ ਰੂਪ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਇਸ ਦੇ ਨਾਲ-ਨਾਲ ਇਸ ਘਰਾਣੇ ਦੇ ਕੀਰਤਨੀਆਂ ਨਾਲ ਨਿਜੀ ਮੁਲਾਕਾਤ ਦੌਰਾਨ ਸਾਨੂੰ ਸ਼ਬਦ ਕੀਰਤਨ ਰਚਨਾਵਾਂ ਦੀ ਇੱਕ ਹੋਰ ਵਡਮੁੱਲੀ ਪੁਸਤਕ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਤੀਜਾ)* ਦਾ ਪਤਾ ਵੀ ਲੱਗਿਆ ਹੈ ਜੋ ਕਿ ਅਪ੍ਰਕਾਸ਼ਿਤ ਰੂਪ ਵਿਚ ਪਰਿਵਾਰ ਕੋਲ ਸੁਰੱਖਿਅਤ ਪਈ ਹੈ। ਇਹ ਪੁਸਤਕ ਰਾਗੀ ਭਾਈ ਗੁਰਚਰਨ ਸਿੰਘ ਨੇ ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਰਚੀ ਹੈ। ਇਸ ਪੁਸਤਕ ਵਿਚ 59 ਰਾਗਾਂ ਦੀਆਂ 250 ਸ਼ਬਦ ਕੀਰਤਨ ਰਚਨਾਵਾਂ ਦਰਜ ਹਨ। ਵਰਤਮਾਨ ਸਮੇਂ ਤਕ ਇਸ ਕੀਰਤਨ ਘਰਾਣੇ ਦੀਆਂ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਪ੍ਰਚਾਰ ਅਧੀਨ ਆ ਚੁੱਕੀਆਂ ਹਨ। ਅਸੀਂ ਆਪਣੇ ਖੋਜ ਕਾਰਜ ਅਧੀਨ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਵੰਨਗੀ ਮਾਤਰ ਸ਼ਾਮਿਲ ਵੀ ਕੀਤਾ ਹੈ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਂਵਾ ਦੇ ਸਰੂਪ ਸਬੰਧੀ ਵਿਸ਼ਲੇਸ਼ਣ ਕਰਦਿਆਂ ਬੰਦਿਸ਼ਾਂ ਦਾ ਆਧਾਰ ਧਰੁਪਦ, ਧਮਾਰ, ਪੁਰਾਤਨ ਕੀਰਤਨ ਅੰਗ ਪ੍ਰਤੱਖ ਹੋ ਰਿਹਾ ਹੈ। ਇਹ ਬੰਦਿਸ਼ਾਂ ਵੱਡੇ ਛੋਟੇ ਤਾਲਾਂ ਵਿਚ ਬਿਖੜੇ ਰੂਪ ਵਿਚ ਪ੍ਰਾਪਤ ਹੋ ਰਹੀਆਂ ਹਨ। ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਤੋਂ ਸ਼ਬਦ ਕੀਰਤਨ ਦੇ ਮੌਲਿਕ ਅੰਦਾਜ਼ ਨੂੰ ਵਿਭਿੰਨ ਉਦਾਹਰਨਾਂ ਰਾਹੀਂ ਵਿਸ਼ਲੇਸ਼ਿਤ ਕੀਤਾ ਗਿਆ ਹੈ।

ਪੰਜਵਾਂ ਅਧਿਆਇ **ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ** ਹੈ। ਇਸ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਦੇ ਗੁਰਮਤਿ ਸੰਗੀਤ ਵਿਚ ਪਾਏ ਬਹੁ ਯੋਗਦਾਨ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਗੁਰਬਾਣੀ ਵਿਚ ਕੀਰਤਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਗੁਰਬਾਣੀ ਅਧੀਨ ਕੀਰਤਨ ਨੂੰ ਕਲਜੁਗ ਵਿਚ ਪ੍ਰਧਾਨ ਪਦਵੀ ਪ੍ਰਾਪਤ ਹੈ, ਇਸ ਦੇ ਨਾਲ ਕੀਰਤਨ ਨੂੰ ਹੀ ਮਨੁੱਖ ਦਾ ਸਫਲ ਕਰਮ ਦਰਸਾਇਆ ਗਿਆ ਹੈ। ਕੀਰਤਨ ਇੱਕ ਅਜਿਹੀ ਦਾਤ ਹੈ ਜਿਸ ਦਾ ਕੋਈ ਮੁੱਲ ਤੈਹ ਹੀ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਵਿਚ ਜਿਵੇਂ ਕੀਰਤਨ ਨੂੰ ਉੱਚ ਸਥਾਨ ਦਿੱਤਾ ਗਿਆ ਹੈ ਉਸੇ ਤਰ੍ਹਾਂ ਕੀਰਤਨੀਆਂ ਦੀ ਮਹੱਤਤਾ ਦਰਸਾਉਂਦੇ ਹੋਏ ਵਡਿਆਇਆ ਗਿਆ ਹੈ। ਗੁਰਬਾਣੀ ਪ੍ਰਵਾਹ ਅਧੀਨ ਗੁਰੂ ਦੀ ਕੀਰਤੀ ਕਰਨ ਵਾਲੇ ਕੀਰਤਨੀਆਂ ਨੂੰ ਭਲੇ ਭਾਵ ਚੰਗੇ ਵਿਚਾਰਾਂ ਵਾਲੇ, ਦੁੱਖ ਰਹਿਤ, ਸੁਮੱਤ ਦੇ ਧਾਰਨੀ, ਮੌਤ ਦੇ ਭੈ ਤੋਂ ਰਹਿਤ, ਗੁਰਮੁੱਖ, ਵਡਭਾਗੀ, ਪਵਿੱਤਰ ਰਸਨਾ ਵਾਲੇ, ਧੰਨਤਾਯੋਗ, ਨਿਰਮਲ ਮਤ ਦੇ ਧਾਰਨੀ ਆਦਿ ਸ਼ਬਦਾਂ ਨਾਲ ਵਡਿਆਇਆ ਗਿਆ ਹੈ। ਗੁਰਬਾਣੀ ਵਿਚ ਜਿਸ ਕੀਰਤਨੀਏ ਦੀ ਮਹਿਮਾ ਕੀਤੀ ਗਈ ਹੈ ਉਸ ਲਈ ਜ਼ਰੂਰੀ ਹੈ ਕਿ ਉਹ ਗੁਰਮਤਿ ਸਿਧਾਂਤਾਂ, ਗੁਰਮਤਿ ਸੰਗੀਤ ਅਤੇ ਸੰਗੀਤ ਅਨੁਸਾਰ ਆਦਰਸ਼, ਗੁਣ, ਲੱਛਣ ਵੀ ਪ੍ਰਗਟ ਕਰੇ। ਆਦਰਸ ਕੀਰਤਨੀਆ ਇੱਕ ਅਜਿਹੀ ਵਿਸ਼ੇਸ਼ ਸ਼ਖ਼ਸੀਅਤ ਹੈ ਜਿਸ ਵਿਚ ਗੁਰੂ ਸਮਰਪਿਤ ਭਾਵਨਾ, ਗੁਰੂ ਪ੍ਰਤੀ ਸ਼ਰਧਾ, ਉੱਚਾ ਸੁੱਚਾ ਜੀਵਨ ਆਚਰਣ, ਗੁਰੂ ਪ੍ਰਤੀ ਅਤਿ ਦੀ ਨਿਮਾਣਤਾ, ਨਿਸ਼ਕਾਮਤਾ, ਗੁਰਮਤਿ ਦਾ ਧਾਰਨੀ, ਸੰਗੀਤ ਕਲਾ ਵਿਚ ਮੁਹਾਰਤਾ, ਗੁਰਮਤਿ ਸੰਗੀਤ ਵਿਚ ਪ੍ਰਪੱਕਤਾ ਆਦਿ ਗੁਣਾਂ ਦੀ ਭਰਮਾਰ ਹੁੰਦੀ

ਹੈ।ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਨੂੰ ਆਦਰਸ਼ ਕੀਰਤਨੀਆਂ ਦੇ ਉਕਤ ਗੁਣਾਂ 'ਤੇ ਵਿਸ਼ਲੇਸ਼ਿਤ ਕੀਤਾ ਗਿਆ ਹੈ।

19ਵੀਂ ਸਦੀ ਤੇ 20ਵੀਂ ਸਦੀ ਦੇ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਉੱਤੇ ਰਾਗੀ ਭਾਈ ਜੁਵਾਲਾ ਸਿੰਘ ਦਾ ਵਿਸ਼ੇਸ਼ ਪ੍ਰਭਾਵ ਹੈ। ਭਾਈ ਜੁਵਾਲਾ ਸਿੰਘ ਆਪਣੀ ਸ਼ਖ਼ਸੀਅਤ ਕਰਕੇ ਗੁਰਸਿੱਖ, ਪੰਥਕ ਰਹਿਣੀ-ਬਹਿਣੀ ਵਾਲੇ ਕੀਰਤਨੀਏ ਸਨ ਜਿਨ੍ਹਾਂ ਨੇ ਪੰਥ ਵਿਚ ਕੀਰਤਨੀਏ ਦੀ ਗੁਰਸਿੱਖ ਸ਼ਖ਼ਸੀ ਪਰੰਪਰਾ ਨੂੰ ਸਥਾਪਿਤ ਤੇ ਉਜਾਗਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਿਤ ਸ਼ਖਸ਼ੀਅਤ ਸਨ। ਗੁਰਮਤਿ ਸੰਗੀਤ ਅਤੇ ਸੰਗੀਤ ਕਲਾ ਵਿਚ ਪ੍ਰਪੱਕ ਰਾਗੀ ਭਾਈ ਜੁਵਾਲਾ ਸਿੰਘ ਨੇ ਸ਼ਬਦ ਕੀਰਤਨ ਵਿਚ ਵੱਖ-ਵੱਖ ਸ਼ਾਸ਼ਤਰੀ ਤੇ ਲੋਕ ਸੰਗੀਤਕ ਅੰਗ ਦੀਆਂ ਗਾਇਨ ਸ਼ੈਲੀਆਂ ਦੇ ਪਰੰਪਰਾਗਤ ਗਾਇਨ ਨੂੰ ਪ੍ਰਚਾਰਿਆ। ਆਪ ਦੇ ਕੀਰਤਨ 'ਤੇ ਧਰੁਪਦ ਗਾਇਕੀ ਵਿਸ਼ੇਸ਼ ਪ੍ਰਭਾਵ ਰਿਹਾ ਜੋ ਆਪ ਦੇ ਘਰਾਣੇ ਵਿਚ ਪ੍ਰਚਲਿਤ ਸ਼ਬਦ ਕੀਰਤਨ ਰਚਨਾਵਾਂ ਤੋਂ ਪ੍ਰਤੱਖ ਹੈ।

ਰਾਗੀ ਭਾਈ ਜੁਵਾਲਾ ਸਿੰਘ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਵਿਚ ਬਹੁ ਪੱਖੀ ਯੋਗਦਾਨ ਪਾਇਆ। ਆਪ ਦੀ ਵਿਆਕਤੀਤਵ ਵਿਚ ਜਿੱਥੇ ਗੁਰਮੁਖ ਕੀਰਤਨੀਆਂ ਵਾਲੇ ਗੁਣ ਪ੍ਰਗਟ ਹੋਏ ਹਨ ਉੱਥੇ ਆਪ ਨੇ ਕੀਰਤਨੀਆਂ ਲਈ ਬਾਣੀ ਗਿਆਨ ਦਾ ਅਦਰਸ਼ ਵੀ ਕਾਇਮ ਕੀਤਾ ਹੈ। ਆਪ ਗੁਰਬਾਣੀ ਦੇ ਨਿਤ ਅਭਿਆਸ ਹੋਣ ਕਾਰਨ ਆਪ ਕੋਲ ਗੁਰਬਾਣੀ ਦੇ ਵਿਸ਼ਾਲ ਸ਼ਬਦਾਂ ਦਾ ਭੰਡਾਰ ਮੌਜੂਦ ਸੀ। ਆਪ ਰਾਗ ਪ੍ਰਧਾਨ ਕੀਰਤਨ ਨੂੰ ਮਹੱਤਤਾ ਦਿੰਦੇ ਸਨ। ਕੱਚੀਆਂ ਧਾਰਨਾਵਾਂ ਦੀ ਬਜਾਏ ਗੁਰੂ ਸਾਹਿਬ ਵਲੋਂ ਬਖਸ਼ੀ ਕੀਰਤਨ ਪਰੰਪਰਾ ਨੂੰ ਅਧਾਰ ਬਣਾ ਕੇ ਰਾਗਾਂ ਵਿਚ ਕੀਰਤਨ ਕਰਦੇ ਸਨ। ਇਸ ਨਾਲ ਕੀਰਤਨੀਏ ਲਈ ਕੀਰਤਨ ਵਿਚ ਰਾਗ ਦੀ ਅਹਿਮੀਅਤ ਨੂੰ ਸਥਾਪਤ ਕਰਨ ਵਿਚ ਆਪ ਸਫਲ ਹੋਏ ਹਨ। ਇੱਕ ਕੀਰਤਨੀਆਂ ਲਈ ਇਨ੍ਹਾਂ ਗਾਇਨ ਸ਼ੈਲੀਆਂ ਦਾ ਗਿਆਨ ਹੋਣਾ ਜਰੂਰੀ ਹੈ ਉੱਥੇ ਇਨ੍ਹਾਂ ਦਾ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਕਰਨਾ ਆਉਣਾ ਵੀ ਲਾਜ਼ਮੀ ਹੈ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਕੀਰਤਨੀਆਂ ਲਈ ਪ੍ਰੇਰਣਾ ਸਰੋਤ ਵਜੋਂ ਉਭਰ ਕੇ ਸਹਾਮਣੇ ਆਉਂਦੇ ਹਨ। ਆਪ ਤੰਤੀ ਸਾਜ਼ ਤਾਊਸ 'ਤੇ ਆਪਣਾ ਪੂਰਾ ਅਧਿਕਾਰ ਰੱਖਦੇ ਸਨ। ਆਪ ਨੇ ਤੰਤੀ ਸਾਜ਼ਾਂ

(ਤਾਊਸ ਦੇ ਪਰਿਪੇਖ ਵਿਚ) ਦੇ ਪ੍ਰਚਾਰ ਤੇ ਪਾਸਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਨੇ ਜਿੱਥੇ ਆਪਣੇ ਕੀਰਤਨ ਘਰਾਣੇ ਦੀ ਨਿਰੰਤਰਤਾ ਨੂੰ ਕਾਇਮ ਰੱਖਿਆ ਉੱਥੇ ਕੀਰਤਨੀਆਂ ਲਈ ਇਸ ਸੰਦਰਭ ਵਿਚ ਇੱਕ ਆਦਰਸ਼ ਵੀ ਕਾਇਮ ਕੀਤਾ। ਆਪ ਨੇ ਸ਼ਬਦ ਕੀਰਤਨ ਰਚਨਾਵਾਂ ਦੀ ਸੁਰੱਖਿਆ ਸੰਭਾਲ ਹਿਤ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਜਿੱਥੇ ਸ਼ਬਦ ਕੀਰਤਨ ਦੀ ਸਾਂਭ ਸੰਭਾਲ ਪ੍ਰਤੀ ਸੁਹਿਰਦਤਾ ਰੱਖਦੇ ਸਨ ਉੱਥੇ ਆਪ ਨੇ ਕੀਰਤਨ ਦਾ ਦੇਸ਼ ਦੇ ਵਿਭਿੰਨ ਖੇਤਰਾਂ ਵਿਚ ਪ੍ਰਚਾਰ ਤੇ ਪਾਸਾਰ ਵੀ ਕੀਤਾ। ਆਪ ਨੇ ਸ਼ਬਦ ਕੀਰਤਨ ਹਿਤ ਵਿਭਿੰਨ ਤਾਲਾਂ ਦਾ ਪ੍ਰਯੋਗ ਕੀਤਾ ਪ੍ਰਗਟ ਹੋ ਰਿਹਾ ਹੈ ਜੋ ਆਪ ਦਾ ਗੁਰਮਤਿ ਸੰਗੀਤ ਪਰੰਪਰਾ ਵਿਚ ਪਾਏ ਵਡਮੁੱਲੇ ਯੋਗਦਾਨ ਦਾ ਲਖਾਇਕ ਹੈ। ਸਮੁਚੇ ਰੂਪ ਵਿਚ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਦਾ ਪੁਰਾਤਨ ਸ਼ਬਦ ਕੀਰਤਨ ਰੀਤਾਂ ਦਾ ਭੰਡਾਰ, ਗਾਇਨ ਸ਼ੈਲੀਆਂ ਦੀ ਪਰੰਪਰਾਗਤ ਮੌਲਿਕਤਾ, ਤੰਤੀ ਸਾਜ਼ਾਂ ਦਾ ਨਿਰੰਤਰ ਕੀਰਤਨ ਹਿਤ ਪ੍ਰਯੋਗ, ਸੁਰਲਿਪੀਬੱਧ ਕਾਰਜ, ਗੁਰਸਿੱਖ ਰਹਿਣੀ-ਬਹਿਣੀ, ਸਾਰੇ ਕੀਰਤਨੀਏ ਵੰਸ਼ਜ਼ਾਂ ਵਲੋਂ ਆਪਣੇ ਨਾਮ ਨਾਲ ਖਾਸ ਕਰਕੇ *ਭਾਈ* ਸ਼ਬਦ ਦਾ ਪ੍ਰਯੋਗ ਕਰਨ ਦੀ ਪਰੰਪਰਾ ਕਾਇਮ ਰੱਖਣ ਆਦਿ ਦੇ ਰੂਪ ਵਿਚ ਬਹੁਪੱਖੀ ਯੋਗਦਾਨ ਪ੍ਰਤੱਖ ਹੁੰਦਾ ਹੈ।

ਰਾਗੀ ਭਾਈ ਜੁਵਾਲਾ ਸਿੰਘ ਬਹੁਪੱਖੀ ਤੇ ਬਹੁਮੁੱਖੀ ਗੁਰਸਿੱਖ ਕੀਰਤਨੀਏ ਵਜੋਂ ਪ੍ਰਗਟ ਹੋਏ ਹਨ। ਉਨ੍ਹਾਂ ਦੀ ਸ਼ਖ਼ਸੀਅਤ ਸਿੱਖ ਧਰਮ ਵਿਚ ਆਦਰਸ਼ ਕੀਰਤਨੀਏ ਦੇ ਰੂਪ ਵਜੋਂ ਉਜਾਗਰ ਹੁੰਦੀ ਹੈ। ਉਹ ਗੁਰਮਤਿ ਸੰਗੀਤ ਦੇ ਸਿਧਾਂਤ ਦੀ ਪਾਲਣਾ ਵੀ ਕਰ ਰਹੇ ਹਨ ਤੇ ਸੰਗੀਤ ਤੇ ਤੰਤੀ ਸਾਜ਼ਾਂ ਦੇ ਸਾਧਕ ਵੀ ਹਨ। ਉਨ੍ਹਾਂ ਨੇ ਜੀਵਨ ਵਿਚ ਕੀਰਤਨ ਨੂੰ ਮੂਲ ਰੂਪ ਵਿਚ ਅਪਣਾਇਆ। ਇਸ ਦੇ ਨਾਲ-ਨਾਲ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਵੀ ਪ੍ਰਚਾਰਿਆ। ਆਪਣਾ ਕੀਰਤਨ ਘਰਾਣਾ ਕਾਇਮ ਕੀਤਾ ਤੇ ਵਿਸ਼ਾਲ ਸ਼ਬਦ ਕੀਰਤਨ ਰਚਨਾਵਾਂ ਸੁਰੱਖਿਅਤ ਕੀਤੀਆਂ। ਭਾਈ ਜੁਵਾਲਾ ਸਿੰਘ ਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਬਹੁਪੱਖੀ ਯੋਗਦਾਨ ਦੇ ਵਿਸ਼ਲੇਸ਼ਣ ਤੋਂ ਪ੍ਰਗਟ ਹੈ ਕਿ ਗੁਰਮਤਿ ਸੰਗੀਤ ਸਬੰਧੀ ਇਨ੍ਹਾਂ ਦੇ ਸਮੁੱਚੇ ਕਾਰਜਾਂ ਦੇ ਅਧਾਰ 'ਤੇ ਭਵਿੱਖ ਵਿਚ ਗੁਰਮਤਿ ਸੰਗੀਤ ਦੇ ਹੋਰ ਵਿਦਵਾਨਾਂ ਅਤੇ ਕੀਰਤਨੀਆਂ ਸਬੰਧੀ ਬਹੁਪੱਖੀ ਅਧਿਐਨ ਸਬੰਧੀ ਸਾਰਥਕ, ਉਸਾਰੂ ਅਤੇ ਉਚੇਚੇ ਯਤਨ ਕੀਤੇ ਜਾ ਸਕਣਗੇ।

# ਗੁਰਮਤਿ ਸੰਗੀਤ ਵਿਚ
# ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

**ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ**

**ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ**

**ਪੀ-ਐੱਚ.ਡੀ. (ਗੁਰਮਤਿ ਸੰਗੀਤ)**

**ਦੀ ਡਿਗਰੀ ਲਈ ਪ੍ਰਸਤੁਤ ਖੋਜ ਪ੍ਰਬੰਧ ਦਾ**

**ਸਾਰੰਸ਼**


ਨਿਗਰਾਨ                                                ਖੋਜਾਰਥੀ

**ਡਾ. ਗੁਰਨਾਮ ਸਿੰਘ**                                    **ਗਗਨਦੀਪ**

ਪ੍ਰੋਫ਼ੈਸਰ

ਗੁਰਮਤਿ ਸੰਗੀਤ ਵਿਭਾਗ

ਪੰਜਾਬੀ ਯੂਨੀਵਰਸਿਟੀ ਪਟਿਆਲਾ



**ਗੁਰਮਤਿ ਸੰਗੀਤ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਫਰਵਰੀ, 2019**

# ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

ਸਿੱਖ ਧਰਮ ਦੇ ਸੰਦਰਭ ਵਿਚ ਵੇਖੀਏ ਤਾਂ ਧਰਮ ਅਤੇ ਸੰਗੀਤ ਦੀ ਵਿਹਾਰਕ ਸਾਂਝ ਵਿਚੋਂ ਗੁਰਮਤਿ ਸੰਗੀਤ ਨੇ ਨਿਵੇਕਲੀ ਪਛਾਣ ਬਣਾਈ ਹੈ। ਇਸ ਪਰੰਪਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਹੋਇਆ ਜਿਸ ਨੂੰ ਸਮੂਹ ਗੁਰੂ ਸਾਹਿਬਾਨ ਨੇ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਵਿਕਸਿਤ ਕੀਤਾ। ਗੁਰੂ ਕਾਲ ਤੋਂ ਬਾਅਦ ਇਸ ਪਰੰਪਰਾ ਦਾ ਵਿਕਾਸ ਨਿਰੰਤਰ ਜਾਰੀ ਰਿਹਾ। ਵੱਖ-ਵੱਖ ਕਾਲਾਂ ਵਿਚ ਰਾਗੀਆਂ, ਰਬਾਬੀਆਂ, ਟਕਸਾਲਾਂ ਨੇ ਇਸ ਪਰੰਪਰਾ ਦਾ ਨਿਰੰਤਰ ਪ੍ਰਚਾਰ ਤੇ ਪਾਸਾਰ ਕੀਤਾ। ਵਰਤਮਾਨ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਟਕਸਾਲਾਂ ਦੇ ਨਾਲ-ਨਾਲ ਗੁਰੂ ਘਰਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਅਧਿਐਨ ਅਤੇ ਅਧਿਆਪਨ ਦਾ ਵਿਸ਼ਾ ਹੈ। ਸਮਕਾਲੀ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰਮਤਿ, ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਸਮਕਾਲੀ ਕੀਰਤਨੀਆਂ ਦਾ ਵਡੇਰਾ ਯੋਗਦਾਨ ਹੈ ਜਿਨ੍ਹਾਂ ਵਿਚੋਂ ਭਾਈ ਮੋਤੀ, ਭਾਈ ਤਾਬਾ, ਭਾਈ ਲਾਲ, ਭਾਈ ਗੁਰਮੁਖ ਸਿੰਘ, ਸੁਰਮਖ ਸਿੰਘ ਫੱਕਰ, ਭਾਈ ਜੱਸਾ ਭਾਈ ਪਾਲਾ, ਭਾਈ ਚਾਂਦ, ਭਾਈ ਮਨਸ਼ਾ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੁਰਜਨ ਸਿੰਘ, ਭਾਈ ਵਸਾਵਾ ਸਿੰਘ, ਭਾਈ ਸ਼ਰਧਾ ਸਿੰਘ, ਭਾਈ ਹੀਰਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਆਦਿ ਪ੍ਰਮੁਖ ਹਨ।

ਸਮਕਾਲੀ ਕੀਰਤਨੀਆਂ ਵਿਚੋਂ ਕੁਝ ਕੀਰਤਨੀਏ ਅਦਰਸ਼ ਰੂਪ ਵਿਚ ਪ੍ਰਤੀਬਿੰਬਤ ਹੁੰਦੇ ਹਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਗੁਰੂ ਘਰ ਦੀ ਕੀਰਤਨ ਪਰੰਪਰਾ ਨੂੰ ਸਮਰਪਿਤ ਕੀਤਾ। ਇਨ੍ਹਾਂ ਕੀਰਤਨੀਆਂ ਵਿਚੋਂ ਰਾਗੀ ਭਾਈ ਜੁਵਾਲਾ ਸਿੰਘ ਸੈਦਪੁਰ ਠੱਠਾ ਟਿੱਬਾ ਵਾਲੇ ਵਿਸ਼ੇਸ਼ ਹਨ। ਭਾਈ ਜੁਵਾਲਾ ਸਿੰਘ ਇੱਕ ਐਸੀ ਸ਼ਖ਼ਸੀਅਤ ਵਜੋਂ ਪ੍ਰਤੱਖ ਹੁੰਦੇ ਹਨ, ਜਿਨ੍ਹਾਂ ਨੇ ਸ਼ਬਦ ਕੀਰਤਨ ਦੀ ਪਰੰਪਰਾਗਤ ਸ਼ੈਲੀ ਨੂੰ ਜੀਵੰਤ ਰੱਖਿਆ। ਇਸ ਕੀਰਤਨ ਸ਼ੈਲੀ ਨੂੰ ਆਪਣੇ ਵੰਸ਼ਜ ਕੀਰਤਨੀਆਂ ਦੇ ਰੂਪ ਵਿਚ ਸੁਰੱਖਿਅਤ ਕੀਤਾ। ਰਾਗੀ ਭਾਈ ਜੁਵਾਲਾ ਸਿੰਘ ਦੀ ਵਿਸ਼ੇਸ਼ ਧਰੁਪਦ ਅੰਗ ਦੀ ਸ਼ਬਦ ਕੀਰਤਨ ਸ਼ੈਲੀ ਅਤੇ ਸ਼ਬਦ ਕੀਰਤਨ ਰੀਤਾਂ ਦਾ ਖਜ਼ਾਨਾ ਮੌਜੂਦ ਸੀ ਜੋ ਇੰਨ੍ਹਾਂ ਦੇ ਕੀਰਤਨ ਘਰਾਣੇ ਵਿਚ ਦੇਖਿਆ ਜਾ ਸਕਦਾ ਹੈ। ਗੁਰਮਤਿ

ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ ਵਿਚ ਉਨਵੀਂ ਅਤੇ ਵੀਹਵੀਂ ਸਦੀ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਅਤੇ ਇਨ੍ਹਾਂ ਦੇ ਕੀਰਤਨ ਘਰਾਣੇ ਦਾ ਯੋਗਦਾਨ ਵਿਸ਼ੇਸ਼ ਪਛਾਣਯੋਗ ਸਥਾਨ ਰੱਖਦਾ ਹੈ। ਗੁਰਮਤਿ ਸੰਗੀਤ ਦੇ ਸੰਦਰਭ ਵਿੱਚ ਰਾਗੀ ਭਾਈ ਜੁਵਾਲਾ ਸਿੰਘ ਆਜੀਵਨ ਕਾਰਜ਼ਸੀਲ ਰਹੇ। ਗੁਰਮਤਿ ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ ਵਿਚ ਵੀਹਵੀਂ ਸਦੀ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਘਰਾਣਿਆਂ ਦਾ ਯੋਗਦਾਨ ਵਿਸ਼ੇਸ਼ ਪਛਾਣਯੋਗ ਸਥਾਨ ਰੱਖਦਾ ਹੈ। ਇਸੇ ਲਈ ਅਸੀਂ ਗੁਰਮਤਿ ਸੰਗੀਤ ਵਿਚ *ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ* ਵਿਸ਼ੇ ਨੂੰ ਖੋਜ ਦਾ ਵਿਸ਼ਾ ਬਣਾਇਆ ਹੈ। ਇਸ ਖੋਜ ਕਾਰਜ ਅਧੀਨ ਅਸੀਂ ਆਪਣੇ ਵਿਸ਼ੇ ਨੂੰ ਹੇਠ ਲਿਖੇ ਵੱਖ-ਵੱਖ ਪੰਜ ਅਧਿਆਇਆਂ ਵਿਚ ਵਿਭਾਜਿਤ ਕੀਤਾ ਹੈ:

ਪਹਿਲਾ ਅਧਿਆਇ - ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ

ਦੂਜਾ ਅਧਿਆਇ - ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਕਾਰਜ

ਤੀਜਾ ਅਧਿਆਇ - ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ

ਚੌਥਾ ਅਧਿਆਇ - ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ : ਪਰਿਚਾਤਮਕ ਅਧਿਐਨ

ਪੰਜਵਾਂ ਅਧਿਆਇ - ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ** ਦੇ ਅੰਤਰਗਤ ਵਿਭਿੰਨ ਇਤਿਹਾਸਕ ਸਰੋਤਾਂ ਤੋਂ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਸਬੰਧੀ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਐਨ ਤੋਂ ਗੁਰਮਤਿ ਸੰਗੀਤ ਦੀ ਇਤਿਹਾਸਕ ਸਥਾਪਤੀ ਪੜਾਅ-ਦਰ-ਪੜਾਅ ਸਿਲਸਿਲੇਵਾਰ ਵਿਕਸਿਤ ਨਜ਼ਰੀ ਆਉਂਦੀ ਹੈ। ਗੁਰਮਤਿ ਸੰਗੀਤ ਦੀ ਇਸ ਸਥਾਪਤੀ ਦਾ ਵਿਸ਼ਾਲ ਕਾਰਜ ਵੱਖ-ਵੱਖ ਯੋਗਦਾਨੀਆਂ ਦੀ ਅਹਿਮ ਭੂਮਿਕਾ ਅਤੇ ਵੱਡਮੁਲੇ ਯੋਗਦਾਨ ਸਦਕਾ ਹੀ ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਵਿਹਾਰਕ ਸਥਾਪਤੀ ਸੰਭਵ ਹੋ ਸਕੀ ਹੈ। ਗੁਰਮਤਿ ਸੰਗੀਤ ਦਾ ਸਿਧਾਂਤਕ, ਵਿਹਾਰਕ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਯੋਗਦਾਨ ਪ੍ਰਗਟ ਹੋ ਰਿਹਾ ਹੈ। ਗੁਰੂ ਸਾਹਿਬਾਨ ਵੱਲੋਂ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਚਉਕੀਆਂ, ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨੀਏ, ਸਾਜ਼ਾਂ ਆਦਿ ਦੇ ਵਿਕਾਸ ਵਿਚ ਵਡੇਰਾ ਯੋਗਦਾਨ ਪਾਇਆ ਹੈ। ਗੁਰੂ ਘਰ ਦੇ ਕੀਰਤਨੀਆਂ ਨੇ ਗੁਰਮਤਿ ਸੰਗੀਤ ਦੀ ਵਿਹਾਰਕਤਾ ਨੂੰ ਪ੍ਰਾਰੰਭ ਤੋਂ ਹੁਣ ਤਕ ਨਿਰੰਤਰ ਜੀਵੰਤ ਰੱਖਣ ਦਾ ਵਡੇਰਾ ਯੋਗਦਾਨ ਰਿਹਾ ਹੈ। ਇਸ ਸੰਦਰਭ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦੁਆਰਾ ਪੁਰਾਤਨ ਤੇ ਮੌਲਿਕ ਸ਼ਬਦ ਕੀਰਤਨ ਰਚਨਾਵਾਂ ਦੇ ਭੰਡਾਰ ਨੂੰ ਭਵਿੱਖ ਲਈ

ਸੁਰੱਖਿਅਤ ਕਰਨ ਵਿਚ ਅਹਿਮ ਯੋਗਦਾਨ ਪ੍ਰਤੱਖ ਹੋ ਰਿਹਾ ਹੈ। ਗੁਰਮਤਿ ਸੰਗੀਤ ਦੀਆਂ ਟਕਸਾਲਾਂ ਨੇ ਇਸ ਦੇ ਬਹੁਪੱਖੀ ਸਿਖਲਾਈ ਖੇਤਰ ਨੂੰ ਨਿਰੰਤਰ ਵਿਕਸਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਦੀਆਂ ਸੰਸਥਾਵਾਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਤੋਂ ਲੈ ਕੇ ਇਸ ਦਾ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰਚਾਰ ਤੇ ਪਾਸਾਰ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਅ ਰਹੀਆਂ ਹਨ। ਗੁਰਮਤਿ ਸੰਗੀਤ ਦੇ ਪ੍ਰਮੁਖ ਸਾਜ਼ ਨਿਰਮਾਤਾਵਾਂ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਦੇ ਸਾਜ਼ ਵਿਸ਼ੇਸ਼ ਕਰਕੇ ਤੰਤੀ ਸਾਜ਼ਾਂ ਦੀ ਸੁਰੱਖਿਆ, ਸੰਭਾਲ, ਉਨ੍ਹਾਂ ਦੀ ਮੁੜ ਸੁਰਜੀਤੀ ਆਦਿ ਦੇ ਸੰਦਰਭ ਵਿਚ ਯੋਗਦਾਨ ਪ੍ਰਗਟ ਹੋ ਰਿਹਾ ਹੈ। ਗੁਰੂ ਕਾਲ ਤੋਂ ਹੀ ਪ੍ਰਮੁਖ ਸ਼ਖ਼ਸੀਅਤਾਂ ਦਾ ਗੁਰਮਤਿ ਸੰਗੀਤ ਦੇ ਵਿਕਾਸ, ਪ੍ਰਚਾਰ, ਪਾਸਾਰ, ਅਕਾਦਮਿਕ ਸਥਾਪਤੀ ਆਦਿ ਦੇ ਸੰਦਰਭ ਵਿਚ ਸਰਪ੍ਰਸਤ ਰੂਪ ਵਿਚ ਯੋਗਦਾਨ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰਮਤਿ ਸੰਗੀਤ ਦੀ ਸਾਹਿਤਕ ਸਮੱਗਰੀ ਦੀ ਸੁਰੱਖਿਆ ਸੰਭਾਲ ਹਿਤ ਪ੍ਰਕਾਸ਼ਕਾਂ ਦਾ ਯੋਗਦਾਨ ਵੀ ਸਾਡੇ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਵਰਤਮਾਨ ਸਮੇਂ ਇੰਟਰਨੈੱਟ, ਵੈਬਸਾਇਟਸ, ਟੀ. ਵੀ. ਚੈਨਲ, ਰੇਡੀਓ ਆਦਿ ਸੰਚਾਰ ਦੇ ਇਲੈਕਟ੍ਰੋਨਿਕ ਸਾਧਨਾਂ ਨੇ ਗੁਰਮਤਿ ਸੰਗੀਤ ਦਾ ਬਹੁਪੱਖੀ ਗਲੋਬਲ ਪੱਧਰ 'ਤੇ ਵਿਕਾਸ ਕੀਤਾ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਹਰ ਯੋਗਦਾਨੀ ਦੁਆਰਾ ਦਿੱਤੇ ਆਪਣੇ ਵਿਸ਼ੇਸ਼ ਯੋਗਦਾਨ ਪਿੱਛੇ ਉਸ ਦੀ ਸ਼ਰਧਾ ਭਾਵਨਾ ਦੇ ਨਾਲ-ਨਾਲ ਨਿਸ਼ਕਾਮਤਾ ਤੇ ਸਮਰਪਣ ਵੀ ਦੇਖਿਆ ਜਾ ਸਕਦਾ ਹੈ। ਅਜੋਕੇ ਸਮੇਂ ਵੀ ਗੁਰਮਤਿ ਸੰਗੀਤ ਵਿਚ ਵੱਖ-ਵੱਖ ਯੋਗਦਾਨੀਆਂ ਦੁਆਰਾ ਯੋਗਦਾਨ ਨਿਰੰਤਰ ਜਾਰੀ ਹੈ।

ਇਸ ਅਧਿਆਇ ਵਿਚ ਗੁਰਮਤਿ ਸੰਗੀਤ ਦੇ ਵਿਭਿੰਨ ਪਰਿਪੇਖਾਂ ਦੇ ਸੰਦਰਭ ਵਿਚ ਗੁਰੂ ਕਾਲ ਤੋਂ ਵਰਤਮਾਨ ਸਮੇਂ ਤਕ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਦਾ ਬਹੁਪੱਖੀ ਯੋਗਦਾਨ ਪ੍ਰਗਟ ਹੋਇਆ ਹੈ। ਇਸ ਵਿਸ਼ਾਲ ਯੋਗਦਾਨ ਦੀ ਰੋਸ਼ਨੀ ਵਿਚ ਹੀ ਰਾਗੀ ਭਾਈ ਜੁਵਾਲਾ ਸਿੰਘ ਦੇ ਯੋਗਦਾਨ ਨੂੰ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਬਾਬੀਆਂ ਤੋਂ ਇਲਾਵਾ ਸਿੱਖ ਕੀਰਤਨੀਆਂ ਦੀ ਚਲਾਈ ਪਰੰਪਰਾ ਵਿਚੋਂ ਅਨੇਕ ਕੀਰਤਨੀਏ ਪ੍ਰਸਿੱਧ ਹੋਏ। ਰਬਾਬੀ ਕੀਰਤਨੀਆਂ ਦੀ ਵਡੇਰੀ ਪਰੰਪਰਾ ਦੀ ਤੁਲਨਾ ਵਿਚ ਇਹਨਾਂ ਕੀਰਤਨੀਆਂ ਨੇ ਪਛਾਣਯੋਗ ਸਥਾਨ ਬਣਾਉਣ ਲਈ ਗੁਰੂ ਸਾਹਿਬ ਦੇ ਸਮੇਂ ਤੋਂ ਲੈ ਕੇ ਨਿਤਾਪ੍ਰਤੀ ਕੀਰਤਨ ਅਭਿਆਸ ਕੀਤਾ। ਇਸ ਦੇ ਨਾਲ ਹੀ ਇਹ ਵਿਸ਼ਿਸ਼ਟ ਵਿਅਕਤੀ ਤੋਂ ਸਿਖਲਾਈ ਲੈ ਕੇ ਆਪਣੀ ਵਿਦਿਆ ਦਾ ਗਿਆਨ ਸੰਚਾਰਿਤ ਕਰਦੇ ਰਹੇ। ਇਹ ਕੀਰਤਨੀਏ ਪੂਰਨ ਗੁਰਮਰਿਯਾਦਾ ਦੇ ਧਾਰਨੀ ਅਤੇ ਗੁਰਮਤਿ ਸੰਗੀਤ ਦੀ ਸਿਧਾਂਤ ਕਲਾ ਨਾਲ ਵਿਹਾਰਕ ਤੌਰ ’ਤੇ ਜੁੜੇ ਹੋਏ ਸਨ। ਇਹਨਾਂ ਦੀ ਇੱਕ ਵਿਸ਼ਾਲ ਗਿਣਤੀ ਹੈ ਜੋ ਬਾਅਦ ਵਿਚ ਵੱਖ ਵੱਖ ਟਕਸਾਲਾਂ/ਘਰਾਣਿਆਂ ਦੇ ਰੂਪ ਵਿਚ ਪ੍ਰਤੱਖ ਹੁੰਦੀ ਹੈ। ਗੁਰਮਤਿ ਸੰਗੀਤ ਦੇ ਹਵਾਲੇ ਨਾਲ ਇਹਨਾਂ ਨਾਲ ਸਬੰਧਿਤ ਕਈ ਪ੍ਰਮੁਖ ਟਕਸਾਲਾਂ ਗੁਰਮਤਿ ਸੰਗੀਤ ਦੀ ਸਿਖਲਾਈ ਹਿਤ ਕਾਰਜਸ਼ੀਲ ਰਹੀਆਂ ਹਨ। ਇਹਨਾਂ ਟਕਸਾਲਾਂ ਵਿਚ *ਦਮਦਮੀ ਟਕਸਾਲ, ਬੁੱਢਾ ਜੌਹੜ ਟਕਸਾਲ, ਦੌਧਰ ਟਕਸਾਲ, ਤਰਨਤਾਰਨ ਟਕਸਾਲ, ਠੱਠਾ ਟਿੱਬਾ ਟਕਸਾਲ, ਮਸਤੂਆਣਾ ਟਕਸਾਲ, ਹਰਗਨਾ ਟਕਸਾਲ, ਜਵੱਦੀ ਟਕਸਾਲ ਤੋਂ ਬਿਨਾਂ ਸੈਂਟਰਲ ਯਤੀਮਖ਼ਾਨਾ; ਗੁਰਮਤਿ ਵਿਦਿਆਲਾ ਰਕਾਬਗੰਜ; ਗੁਰਮਤਿ ਸੰਗੀਤ ਅਕੈਡਮੀ ਆਨੰਦਪੁਰ ਸਾਹਿਬ; ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ* ਆਦਿ ਸ਼ਾਮਲ ਹਨ।

ਗੁਰਮਤਿ ਸੰਗੀਤ ਵਿਚ ਟਕਸਾਲ ਦੀ ਸਾਰਥਿਕਤਾ ਅਤੇ ਸੰਦਰਭ ਵਿਸ਼ੇਸ਼ ਹੈ। ਗੁਰਮਤਿ ਸੰਗੀਤ ਦੀਆਂ ਕੀਰਤਨ ਟਕਸਾਲਾਂ ਦੀ ਪਰੰਪਰਾ ਦਾ ਪ੍ਰਾਰੰਭ ਭਾਵੇਂ ਦਮਦਮੀ ਟਕਸਾਲ ਦੇ ਰੂਪ ਵਿਚ ਮੰਨਿਆ ਜਾਂਦਾ ਹੈ ਪਰ ਗੁਰੂ ਨਾਨਕ ਦੇਵ ਜੀ ਦੀ ਦੂਸਰੀ ਉਦਾਸੀ ਦੇ ਸਮੇਂ ਕਰਤਾਰਪੁਰ ਸਾਹਿਬ ਸਿੱਖੀ ਦੇ ਕੇਂਦਰ ਵਜੋਂ ਵਸਾਉਣਾ ਇਸ ਦੀ ਮੁੱਢਤਾ ਦਾ ਵਿਸ਼ੇਸ਼ ਹਵਾਲਾ ਹੈ। “ਇਕ ਵੰਨਗੀ ਦੀ ਟਕਸਾਲ ਕਰਤਾਰਪੁਰ ਬੰਨ੍ਹ ਕੇ ਸਤਿਗੁਰ ਜੀ ਫੇਰ ਉਦਾਸੀਆਂ ਦੀ ਤਿਆਰੀ ਕਰਨ ਲੱਗੇ। ਭਾਈ ਮਰਦਾਨਾ ਕੀਰਤਨ ਲਈ ਪਿੱਛੇ ਛੋੜਿਆ।”[1] ਗੁਰੂ ਕਾਲ ਵਿਚ ਵੱਖ ਵੱਖ ਗੁਰੂ ਸਾਹਿਬਾਨਾਂ ਨੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ

---

[1] ਖੋਜਾਰਥੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।

ਹਿਤ ਕਈ ਸਥਾਨ ਤੇ ਕੇਂਦਰ ਸਥਾਪਿਤ ਕੀਤੇ। *ਖਡੂਰ ਸਾਹਿਬ, ਗੋਇੰਦਵਾਲ, ਸ੍ਰੀ ਅੰਮ੍ਰਿਤਸਰ ਸਾਹਿਬ, ਕੀਰਤਪੁਰ ਸਾਹਿਬ, ਆਨੰਦਪੁਰ ਸਾਹਿਬ, ਦਮਦਮਾ ਸਾਹਿਬ* ਆਦਿ ਇਸ ਲੜੀ ਦੇ ਅਧੀਨ ਹੀ ਆਉਂਦੇ ਹਨ। ਇਹਨਾਂ ਸਥਾਨਾਂ ਤੋਂ ਸਮੇਂ ਸਮੇਂ ’ਤੇ ਗੁਰਮਤਿ ਅਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਰਿਹਾ ਹੈ।

**ਟਕਸਾਲ ਦੇ ਅਰਥ ਤੇ ਪਰਿਭਾਸ਼ਾ : ਗੁਰ**ਬਾਣੀ ਦੇ ਪ੍ਰਸੰਗ ਵਿਚ ਦੇਖੀਏ ਤਾਂ *ਟਕਸਾਲ* ਸ਼ਬਦ ਦਾ ਪ੍ਰਯੋਗ ਭਾਵੇਂ ਬਹੁਤ ਘੱਟ ਹੋਇਆ ਹੈ ਪਰ ਇਸ ਦੇ ਅਰਥ ਮਹੱਤਵਪੂਰਨ ਹਨ। ਗੁਰਬਾਣੀ ਅਧੀਨ ਜਿੱਥੇ ਵੀ *ਟਕਸਾਲ* ਦਾ ਪ੍ਰਯੋਗ ਹੋਇਆ ਉਸ ਨਾਲ *ਸ਼ਬਦ* ਅਤੇ *ਸੱਚ* ਦਾ ਪ੍ਰਯੋਗ ਵੀ ਹੋਇਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਜਪੁਜੀ ਦੀ ਅੰਤਿਮ ਅੱਠੀਤੀਵੀਂ ਪਉੜੀ ਅਧੀਨ *ਸਚੀ ਟਕਸਾਲ* ਵਿਚ ਇਲਾਹੀ ਸ਼ਬਦ ਦੀ ਘਾੜਤ ਦਾ ਮਾਰਗ ਦਰਸਾਇਆ ਹੈ:

ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 8)

ਗੁਰੂ ਰਾਮਦਾਸ ਜੀ ਨੇ ਸ਼ਬਦ ਦੀ ਘਾੜਤ ਦਾ ਵਰਣਨ ਕਰਦਿਆਂ ਉਹਨਾਂ ਗੁਰਮੁਖਾਂ ਦੀ ਸੇਵਾ ਤੇ ਘਾਲ ਨੂੰ ਵਡਿਆਇਆ ਹੈ ਜਿਹਨਾਂ ਨੇ *ਗੁਰਮਤਿ* ਦੀ ਇਸ *ਸਚੀ ਟਕਸਾਲ* ਵਿਚ *ਸ਼ਬਦ ਦੀ ਘਾੜਤ* ਘੜੀ ਹੈ:

ਗੁਰਮੁਖਿ ਸੇਵਾ ਘਾਲਿ ਜਿਨਿ ਘਾਲੀ॥
ਤਿਸੁ ਘੜੀਐ ਸਬਦੁ ਸਚੀ ਟਕਸਾਲੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1134)

ਗੁਰਮਤਿ ਸੰਗੀਤ ਅਤੇ ਸਿੱਖ ਧਰਮ ਦੇ ਸਿਰਮੌਰ ਵਿਦਵਾਨਾਂ ਨੇ *ਟਕਸਾਲ* ਨੂੰ ਹੇਠ ਲਿਖੇ ਅਨੁਸਾਰ ਪਰਿਭਾਸ਼ਤ ਕੀਤਾ ਹੈ:

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦੁਨਿਆਵੀ ਕਾਰ ਵਿਹਾਰ ਚਲਾਉਣ ਦੀ ਸ਼ਕਤੀ ਜਾਂ ਮਾਧਿਅਮ ਟਕਸਾਲੀ ਮੁਦਰਾ ਹੀ ਹੈ। ਟੰਕਸ਼ਾਲਾ ਉਹ ਸਥਾਨ ਹੈ ਜਿੱਥੇ ਟਕੇ, ਸਿੱਕੇ ਆਦਿ ਘੜੇ ਘੜਾਏ ਜਾਂਦੇ ਹਨ। ਇਸ ਤੋਂ ਇਲਾਵਾ ਉੱਤਮ ਸਿੱਖਿਆ ਦੇਣ ਵਾਲੀ ਪਾਠਸ਼ਾਲਾ ਨੂੰ *ਟਕਸਾਲ* ਕਿਹਾ ਜਾਂਦਾ ਹੈ।[2]

ਭਾਈ ਵੀਰ ਸਿੰਘ ਅਨੁਸਾਰ *ਟਕਸਾਲ* ਸ਼ਬਦ ਦਾ ਅਰਥ ਹੈ, ਉਹ ਸਥਾਨ ਜਿੱਥੇ ਟਕੇ ਘੜੇ ਜਾ ਬਣਾਏ ਜਾਂਦੇ ਹੋਣ ਅਤੇ ਖੋਟ ਖਰੇ ਪਰਖੇ ਜਾਂਦੇ ਹੋਣ।[3]

ਡਾ. ਰਤਨ ਸਿੰਘ ਜੱਗੀ ਅਨੁਸਾਰ, ਸੰਸਕ੍ਰਿਤ ਦੇ ‘ਟੰਕਕਸ਼ਾਲਾ’ ਸ਼ਬਦ ਤੋਂ ਬਣੇ ਇਸ ਸ਼ਬਦ ਦਾ ਅਰਥ ਹੈ ਉਹ ਥਾਂ ਜਿੱਥੇ ਟਕੇ ਘੜੇ ਜਾ ਬਣਾਏ ਜਾਂਦੇ ਹੋਣ।[4]

ਗੁਰਮਤਿ ਸੰਗੀਤ ਅਚਾਰੀਆ ਪ੍ਰੋ. ਤਾਰਾ ਸਿੰਘ ਅਨੁਸਾਰ *ਟਕਸਾਲ* ਦਾ ਅਰਥ ਹੈ ਘਰਾਣਾ, ਵੰਸ਼ (ਖਾਨਦਾਨ), ਗੁਰੂ ਪਰੰਪਰਾ, ਸ਼ਿਸ਼ ਪਰੰਪਰਾ ਪ੍ਰਣਾਲੀ।[5]

ਵਿਸ਼ਵ ਪ੍ਰਸਿਧ ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਅਨੁਸਾਰ ਸਿੱਖ ਸੰਗੀਤ ਵਿਚ ਗੁਰਮਤਿ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਦੀ ਸਿਖਲਾਈ ਲਈ ਪ੍ਰਮਾਣਿਕ ਤੇ ਪ੍ਰਵਾਣਿਤ ਕੇਂਦਰ ਜਾਂ ਸੰਸਥਾ ਨੂੰ ਟਕਸਾਲ ਪਰੰਪਰਾ ਕਿਹਾ ਜਾਂਦਾ ਹੈ।[6]

ਉਪਰੋਕਤ ਅਨੁਸਾਰ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਇਕ ਕੀਰਤਨਕਾਰ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਅਨੁਸਾਰ ਕੀਰਤਨ ਅਤੇ ਗੁਰਬਾਣੀ ਦੀ ਵਿਧੀਵਤ ਸਿਖਿਆ ਪ੍ਰਾਪਤ ਕਰਦਾ ਹੈ ਉਹ ਟਕਸਾਲ ਹੈ। ਗੁਰਮਤਿ ਸੰਗੀਤ ਵਿਚ ਪ੍ਰਚਲਿਤ ਟਕਸਾਲਾਂ ਵਿਚ ਸੈਦਪੁਰ ਠੱਠਾ ਟਿੱਬਾ ਦੀ ਟਕਸਾਲ ਵਿਸ਼ੇਸ਼ ਸਥਾਨ ਰੱਖਦੀ ਹੈ।

**ਗੁਰਮਤਿ ਸੰਗੀਤ ਸੈਦਪੁਰ ਠੱਠਾ ਟਿੱਬਾ ਟਕਸਾਲ**

ਗੁਰਮਤਿ ਸੰਗੀਤ ਵਿਚ ਸੈਦਪੁਰ ਠੱਠਾ ਟਿੱਬਾ (ਕਪੂਰਥਲਾ) ਟਕਸਾਲ ਦੀ ਵਿਸ਼ੇਸ਼ ਭੂਮਿਕਾ ਹੈ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੋਂ ਹੀ ਗੁਰੂ ਘਰ ਦੀ ਵਿਸ਼ੇਸ਼ ਕੀਰਤਨ ਸ਼ੈਲੀ ਨਾਲ ਵਰੋਸਾਏ ਕੀਰਤਨੀਆਂ ਦੀ ਟਕਸਾਲ ਹੈ। ਇਸ ਕੀਰਤਨੀਆਂ ਟਕਸਾਲ ਨੇ ਪੀੜ੍ਹੀ ਦਰ ਪੀੜ੍ਹੀ ਕੀਤਾ ਤੇ ਸੀਨਾ-ਬ-ਸੀਨਾ ਆਪਣੀ ਅਗਲੇਰੀ ਪੀੜ੍ਹੀ ਨੂੰ ਕੀਰਤਨ ਸਿਖਾਇਆ। ਇਸ ਘਰਾਣੇ ਦੇ ਧੁਰਾ ਭਾਈ ਜੁਆਲਾ ਸਿੰਘ ਸਨ।

*ਠੱਠਾ ਟਿੱਬਾ ਟਕਸਾਲ* ਦੇ ਭਾਈ ਜੁਵਾਲਾ ਸਿੰਘ ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ ਸਨ ਜਿਨ੍ਹਾਂ ਨੇ ਲਗਭਗ ਛੇ ਦਹਾਕੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਜੋੜਿਆ। ਆਪ 19ਵੀਂ ਤੇ 20ਵੀਂ ਸਦੀ ਦੇ ਮਹਾਨ ਕੀਰਤਨੀਏ ਹੋਏ ਹਨ। ਆਪ ਨੇ ਗੁਰਮਤਿ ਸੰਗੀਤ ਦੇ ਵਿਹਾਰਕ ਖਿਤੇ ਨੂੰ ਪ੍ਰਫੁੱਲਤ ਕੀਤਾ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੋਂ ਹੀ ਗੁਰੂ ਘਰ ਦੀ ਵਿਸ਼ੇਸ਼ ਕੀਰਤਨ ਸ਼ੈਲੀ ਨੂੰ ਆਪ ਅਤੇ ਆਪ ਦੇ ਪੁਰਵਜਾਂ ਨੇ ਪੀੜ੍ਹੀ ਦਰ ਪੀੜ੍ਹੀ ਅਤੇ ਸੀਨਾ-ਬ-ਸੀਨਾ ਅਪਣਾਇਆ ਤੇ ਆਪਣੀ ਅਗਲੇਰੀ ਪੀੜ੍ਹੀ ਨੂੰ ਸਿਖਾਇਆ। ਭਾਈ ਜੁਵਾਲਾ ਸਿੰਘ ਨੇ ਆਪਣੇ ਪੂਰਵਜ਼ਾਂ ਦੀ ਕਲਾ ਤੋਂ ਇਲਾਵਾ ਵੱਖ ਵੱਖ ਉਸਤਾਦ ਕੀਰਤਨੀਆਂ ਦੀ ਪਰੰਪਰਾਗਤ ਵਿਦਿਆ ਨੂੰ ਵੀ ਆਪਣੀ ਮਿਹਨਤ ਤੇ ਲਗਨ ਨਾਲ ਹੋਰ ਨਿਖਾਰਿਆ।

*ਠੱਠਾ ਟਿੱਬਾ ਟਕਸਾਲ* ਦੇ ਭਾਈ ਜੁਵਾਲਾ ਸਿੰਘ 10ਵੀਂ ਪੀੜੀ ਦੇ ਕੀਰਤਨੀਏ ਸਨ। ਇਸ ਹਵਾਲੇ ਨਾਲ ਆਪ ਦੇ ਪਿਤਾ ਦੇਵਾ ਸਿੰਘ ਜੀ 9ਵੀਂ ਪੀੜੀ ਦੇ ਵਾਰਸ ਸਨ ਜਿਹਨਾਂ ਕੋਲ 8ਵੀਂ ਪੀੜੀ ਤੋਂ ਸੀਨਾ-ਬ-ਸੀਨਾ ਕੀਰਤਨ ਸ਼ੈਲੀ ਦਾ ਭੰਡਾਰ ਮੌਜੂਦ ਸੀ ਜੋ ਇਕ ਸੰਗੀਤ ਘਰਾਣੇ ਵਜੋਂ ਪ੍ਰਤੱਖ ਹੁੰਦਾ ਹੈ। ਇਸ ਘਰਾਣੇ ਨੂੰ ਠੱਠਾ ਟਿੱਬਾ ਸੰਗੀਤ ਦੇ ਘਰਾਣੇ ਵਜੋਂ ਜਾਣਿਆ ਜਾਂਦਾ ਹੈ।[7] ਇਸ ਲਈ ਭਾਈ ਜੁਵਾਲਾ ਸਿੰਘ ਜੀ ਦੀ ਸੰਗੀਤ ਦੀ ਮੁਢਲੀ ਸਿੱਖਲਾਈ ਇਸੇ ਸੰਗੀਤ ਦੇ ਘਰਾਣੇ ਵਿਚ ਪ੍ਰਾਰੰਭ ਹੋਈ। ਭਾਈ ਜੁਵਾਲਾ ਸਿੰਘ ਜੀ ਦੀ ਸੁਰੀਲੀ ਆਵਾਜ਼ ਤੇ ਤੀਖਣ ਬਿਬੇਕ ਬੁਧ ਕਾਰਨ ਆਪ ਦੇ ਪਿਤਾ ਨੇ ਆਪ ਨੂੰ ਆਪਣੇ ਕੀਰਤਨ ਘਰਾਣੇ ਦੀ ਗਾਇਕੀ ਦੇ ਨਾਲ ਹੋਰ ਘਰਾਣਿਆਂ ਦੀ ਸੰਗੀਤ ਦਾਤ ਵੀ ਪ੍ਰਦਾਨ ਕਰਵਾਈ। ਉਹਨਾਂ ਦੁਆਰਾ ਆਪ ਨੂੰ ਸੇਖਵਾਂ (ਫਰੀਦਕੋਟ) ਦੀ ਟਕਸਾਲ ਵਿਚ ਭੇਜਿਆ ਜਿੱਥੇ ਪੰਥ ਪ੍ਰਸਿੱਧ ਰਾਗੀ ਭਾਈ ਸ਼ਰਧਾ ਸਿੰਘ ਪਾਸੋਂ ਆਪ ਜੀ ਨੂੰ ਕੀਰਤਨ ਸਿੱਖਣ ਦਾ ਮੌਕਾ ਪ੍ਰਾਪਤ ਹੋਇਆ। ਭਾਈ ਸ਼ਰਧਾ ਸਿੰਘ ਨੇ ਉਸ ਸਮੇਂ ਦੇ ਮਹਾਨ ਸੰਗੀਤਕਾਰ ਮਹੰਤ ਗੱਜਾ ਸਿੰਘ ਤੋਂ ਵੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਸੀ।[8] ਭਾਈ ਸ਼ਰਧਾ ਸਿੰਘ ਤਾਊਸ ਨਾਲ ਸ਼ਬਦ ਕੀਰਤਨ ਕਰਦੇ ਸਨ। ਆਪ ਸੂਰਮੇ (ਨੇਤਰਹੀਣ) ਸਿੰਘ ਸਨ। ਆਪ ਕੋਲ ਸ਼ਬਦ ਕੀਰਤਨ ਦੀਆਂ ਪੁਰਾਤਨ ਰਾਗ ਰੀਤਾਂ ਦਾ ਭੰਡਾਰ ਸੀ ਇਹਨਾਂ ਰੀਤਾਂ ਨਾਲ ਆਪ ਨੇ ਜਿਥੇ ਸ਼ਾਗਿਰਦ ਜੁਵਾਲਾ ਸਿੰਘ ਦੇ ਕੀਰਤਨ ਭੰਡਾਰ ਨੂੰ ਭਰਪੂਰ ਕੀਤਾ ਉਥੇ *ਠੱਠਾ ਟਿੱਬਾ ਟਕਸਾਲ* ਦੀਆਂ ਸੰਗੀਤਕ ਭੰਡਾਰ ਨੂੰ ਵੀ ਫਲੀਭੂਤ ਕੀਤਾ। ਉਪਰੰਤ ਭਾਈ

ਸ਼ਰਧਾ ਸਿੰਘ ਜੀ ਦੇ ਉਦਮ ਸਦਕਾ ਭਾਈ ਜੁਵਾਲਾ ਸਿੰਘ ਨੇ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਦੇ ਕੀਰਤਨੀਏ ਭਾਈ ਵਸਾਵਾ ਸਿੰਘ ਜਿਹਨਾਂ ਦਾ ਦੂਸਰਾ ਨਾਮ ਬਾਬਾ *ਰੰਗੀ ਰਾਮ* ਵੀ ਸੀ (ਬਾਬਾ ਪੁਸ਼ਕਰ ਨਾਥ ਬੀਨਕਾਰ ਪਟਿਆਲਾ ਦੇ ਸ਼ਾਗਿਰਦ ਸਨ), ਪਾਸੋਂ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ।[9] ਉਪਰੰਤ ਆਪ (ਭਾਈ ਜੁਵਾਲਾ ਸਿੰਘ) ਨੇ ਰੋੜੀ ਮੱਖਣ ਸਿੰਧ (ਪਾਕਿਸਤਾਨ) ਦੇ ਭਾਈ ਮਾਧੋ ਦਾਸ ਜੀ ਪਾਸੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ।[10] ਸਮਾਂ ਪਾ ਕੇ ਜਦੋਂ ਆਪ ਜੀ ਨੇ ਆਪਣੇ ਸੰਗੀਤ ਗੁਰੂ (ਉਸਤਾਦ ਵਸਾਵਾ ਸਿੰਘ ਜੀ) ਦਾ ਵਿਸ਼ਵਾਸ ਜਿੱਤ ਲਿਆ ਤਾਂ ਆਪਣਾ ਕੀਰਤਨੀ ਜੱਥਾ ਬਣਾ ਕੇ ਆਪ ਨੇ ਸੁਤੰਤਰ ਰੂਪ ਵਿਚ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ।[11]

### *ਠੱਠਾ ਟਿੱਬਾ ਟਕਸਾਲ* ਦਾ ਪਿਛੋਕੜ ਤੇ ਕੀਰਤਨੀਏ

*ਠੱਠਾ ਟਿੱਬਾ ਟਕਸਾਲ* ਧਰੁਵ ਭਾਈ ਜੁਵਾਲਾ ਸਿੰਘ ਦੇ ਪਰਿਵਾਰਕ ਪਿਛੋਕੜ ਉਤੇ ਝਾਤ ਮਾਰੀਏ ਤਾਂ ਵੱਖ ਵੱਖ ਹਵਾਲਿਆਂ ਤੋਂ ਸਾਡੇ ਸਾਹਮਣੇ ਪ੍ਰਤੱਖ ਹੁੰਦਾ ਹੈ ਕਿ ਇਹਨਾਂ ਦੇ ਪੂਰਵਜਾਂ ਦੀ ਤੀਜੀ ਪੀੜ੍ਹੀ ਨੇ ਗੁਰੂ ਗੋਬਿੰਦ ਸਾਹਿਬ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਗੁਰਸਿੱਖੀ ਪ੍ਰਾਪਤ ਕੀਤੀ।[12] ਆਪ ਦੇ ਪਰਿਵਾਰ ਦੀਆਂ ਪਹਿਲੀਆਂ ਦੋ ਪੀੜੀਆਂ ਦੇ ਹਵਾਲੇ ਫਿਲਹਾਲ ਆਪ ਦੇ ਪਰਿਵਾਰਕ ਮੈਂਬਰਾਂ ਤੋਂ ਪ੍ਰਾਪਤ ਨਹੀ ਹੁੰਦੇ ਹਨ। ਵੱਖ ਵੱਖ ਸਰੋਤਾਂ ਤੋਂ ਪ੍ਰਾਪਤ *ਠੱਠਾ ਟਿੱਬਾ ਟਕਸਾਲ* ਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

**ਤੀਜੀ ਪੀੜ੍ਹੀ :** *ਠੱਠਾ ਟਿੱਬਾ ਟਕਸਾਲ* ਦੇ ਭਾਈ ਜੁਵਾਲਾ ਸਿੰਘ ਦੇ ਪਰਿਵਾਰ ਦੀ ਬੰਸਾਵਲੀ ਦੇ ਪ੍ਰਾਪਤ ਵੇਰਵਿਆਂ ਤੋਂ ਇਹਨਾਂ ਦੇ ਪਰਿਵਾਰ ਦੀ ਤੀਜੀ ਪੀੜ੍ਹੀ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਆਪ ਦੀ ਤੀਜੀ ਪੀੜ੍ਹੀ ਦਾ ਆਰੰਭ ਭਾ. ਕਪੂਰ ਸਿੰਘ ਤੋਂ ਹੋਇਆ ਜਿਹਨਾਂ ਦੀ ਅੱਗੇ ਇੱਕ ਸੰਤਾਨ ਸੀ।[13]

**ਚਉਥੀ ਪੀੜ੍ਹੀ :** ਚਉਥੀ ਪੀੜ੍ਹੀ ਵਿਚ ਭਾਈ ਰਾਏ ਸਿੰਘ ਦਾ ਨਾਮ ਵਿਸ਼ੇਸ਼ ਹੈ। ਭਾਈ ਰਾਏ ਸਿੰਘ ਦੇ ਪਿਤਾ ਦਾ ਨਾਮ ਸ. ਕਪੂਰ ਸਿੰਘ ਸੀ। ਆਪ ਦਾ ਇੱਕ ਸਪੁੱਤਰ ਸੀ ਜਿਸ ਦਾ ਨਾਮ ਭਾਈ ਗੋਖਾ ਸੀ।

**ਪੰਜਵੀਂ ਪੀੜ੍ਹੀ :** ਪੰਜਵੀਂ ਪੀੜ੍ਹੀ ਦੇ ਵਾਰਸ ਭਾਈ ਰਾਏ ਸਿੰਘ ਦੇ ਸਪੁੱਤਰ ਭਾਈ ਗੋਖਾ ਸਿੰਘ ਸਨ। ਆਪ ਦੇ ਦੋ ਸਪੁੱਤਰ ਭਾਈ ਭਾਗ ਸਿੰਘ ਤੇ ਭਾਈ ਝੰਡਾ ਸਿੰਘ ਸਨ। [14]

**ਛੇਵੀਂ ਪੀੜ੍ਹੀ :** ਛੇਵੀਂ ਪੀੜ੍ਹੀ ਦੇ ਵਾਰਸ ਭਾਈ ਭਾਗ ਸਿੰਘ ਸਨ। ਆਪ ਦੇ ਭਰਾ ਦਾ ਨਾਮ ਭਾਈ ਝੰਡਾ ਸਿੰਘ ਸੀ। ਭਾਈ ਝੰਡਾ ਸਿੰਘ ਦੇ ਸਪੁੱਤਰ ਭਾਈ ਸੁੰਦਰ ਸਿੰਘ ਸੀ। ਭਾਈ ਸੁੰਦਰ ਸਿੰਘ ਦੇ ਅੱਗੇ ਇੱਕ ਸਪੁੱਤਰ ਭਾਈ ਬੁੱਧ ਸਿੰਘ ਸੀ।

ਭਾਈ ਭਾਗ ਸਿੰਘ ਜੀ ਦੇ ਪੰਜ ਸਪੁੱਤਰ ਸਨ। ਆਪ ਜੀ ਦੇ ਵੱਡੇ ਸਪੁੱਤਰ ਦਾ ਨਾਮ ਭਾਈ ਮੋਹਰ ਸਿੰਘ (ਟਹਿਲ ਸਿੰਘ) ਉਹਨਾਂ ਤੋਂ ਛੋਟੇ ਭਾਈ ਰਾਮ ਸਿੰਘ ਫਿਰ ਭਾਈ ਗੁਲਾਬ ਸਿੰਘ, ਭਾਈ ਵਜੀਰ ਸਿੰਘ ਤੇ ਸ. ਦਯਾ ਸਿੰਘ ਦੇ ਨਾਮ ਸ਼ਾਮਿਲ ਹਨ।

**ਸਤਵੀਂ ਪੀੜ੍ਹੀ :** ਸਤਵੀਂ ਪੀੜ੍ਹੀ ਦੇ ਵਾਰਸ ਭਾਈ ਮੋਹਰ ਸਿੰਘ ਸਨ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ ਆਪ ਦਾ ਨਾਮ ਮੋਹਰ ਸਿੰਘ ਤੋਂ ਟਹਿਲ ਸਿੰਘ ਰੱਖਿਆ ਗਿਆ। ਆਪ ਇੱਕ ਚੰਗੇ ਕੀਰਤਨਕਾਰ

ਸਨ। ਆਪ ਹਮੇਸ਼ਾ ਸਾਰੰਦੇ ਸਾਜ ਨਾਲ ਕੀਰਤਨ ਕਰਿਆ ਕਰਦੇ ਸਨ।[15] ਆਪ ਦੇ ਦੋ ਸਪੁੱਤਰ ਸਨ। ਵੱਡੇ ਦਾ ਨਾਮ ਭਾਈ ਦੇਵਾ ਸਿੰਘ ਜੋ ਜੁਵਾਲਾ ਸਿੰਘ ਦੇ ਪਿਤਾ ਸਨ ਅਤੇ ਛੋਟੇ ਦਾ ਨਾਮ ਭਾਈ ਬੂੜ ਸਿੰਘ ਸੀ। ਭਾਈ ਬੂੜ ਸਿੰਘ ਦਾ ਇੱਕ ਸਪੁੱਤਰ ਭਾਈ ਮੇਲਾ ਸਿੰਘ ਸੀ।

**ਅੱਠਵੀਂ ਪੀੜ੍ਹੀ :** ਅੱਠਵੀਂ ਪੀੜ੍ਹੀ ਵਿਚ ਭਾਈ ਦੇਵਾ ਸਿੰਘ ਦਾ ਨਾਮ ਵਿਸ਼ੇਸ਼ ਹੈ। ਭਾਈ ਦੇਵਾ ਸਿੰਘ ਸਾਰੰਦੇ ਨਾਲ ਕੀਰਤਨ ਕਰਦੇ ਸਨ। ਆਪ ਪਿੰਡ ਬਿਧੀਪੁਰ ਤੋਂ ਸੈਦਪੁਰ (ਜਿਲ੍ਹਾ ਕਪੂਰਥਲਾ) ਵਿਖੇ ਆ ਕੇ ਵਸੇ ਸਨ। ਉਸ ਵਕਤ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਵਾਲੀਆਂ ਦੁਆਬੇ ਤੇ ਮਾਲਵੇ ਦੀਆਂ ਸੰਗਤਾਂ ਨੂੰ ਪਿੰਡ ਸੈਦਪੁਰ ਰਸਤੇ ਵਿੱਚ ਪੈਂਦਾ ਸੀ। ਭਾਈ ਦੇਵਾ ਸਿੰਘ ਕੋਲ ਅਕਸਰ ਕੀਰਤਨੀਏ ਆਉਂਦੇ ਜਾਂਦੇ ਰਹਿੰਦੇ ਸਨ। ਆਪ ਜਿੱਥੇ ਕੀਰਤਨਕਾਰ ਦੇ ਨਾਲ ਨਾਲ ਕਿਰਤੀ ਸਨ, ਉਥੇ ਗੁਣੀਜਨ ਕੀਰਤਨਕਾਰਾਂ ਦੇ ਕਦਰਦਾਨ ਵੀ ਸਨ। ਆਪ ਕੀਰਤਨੀਆਂ ਨੂੰ ਆਪਣੇ ਕੋਲ ਟਿਕਾ ਲੈਂਦੇ ਤੇ ਉਹਨਾਂ ਕੋਲੋਂ ਕੀਰਤਨ ਦਾ ਲਾਹਾ ਵੀ ਪ੍ਰਾਪਤ ਕਰਦੇ ਰਹਿੰਦੇ ਸਨ। ਇਨ੍ਹਾਂ ਗੁਣੀਜਨ ਕੀਰਤਨੀਆਂ ਵਿਚੋਂ ਭਾਈ ਸ਼ਰਧਾ ਸਿੰਘ ਇੱਕ ਸਨ ਜਿਨ੍ਹਾਂ ਨੇ ਹੁਸ਼ਿਆਰਪੁਰ ਦੇ ਗਿਰਬੜੀ ਦੇ ਨਿਰਮਲੇ ਸੰਤਾਂ ਤੋਂ *ਕੀਰਤਨ, ਸਿਤਾਰ, ਸਰੰਦਾ* ਆਦਿ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਭਾਈ ਦੇਵਾ ਸਿੰਘ ਦਾ ਇਹਨਾਂ ਨਾਲ ਭਰਾਵਾਂ ਵਾਲਾ ਰਿਸ਼ਤਾ ਸੀ। ਇਹਨਾਂ ਦੇ ਗੁਣ ਨੂੰ ਦੇਖਦੇ ਹੋਏ ਭਾਈ ਦੇਵਾ ਸਿੰਘ ਨੇ ਬਾਅਦ ਵਿੱਚ ਆਪਣੇ ਸਪੁੱਤਰ ਭਾਈ ਜੁਵਾਲਾ ਸਿੰਘ ਨੂੰ ਇਹਨਾਂ ਪਾਸ ਕੀਰਤਨ ਦੀ ਦਾਤ ਸਿੱਖਣ ਹਿਤ ਲਗਾਇਆ। ਭਾਈ ਦੇਵਾ ਸਿੰਘ ਦੇ ਚਾਰ ਸਪੁੱਤਰ ਸਨ। ਸਭ ਤੋਂ ਵੱਡੇ ਭਾਈ ਨਰਾਇਣ ਸਿੰਘ ਉਹਨਾਂ ਤੋਂ ਛੋਟੇ ਭਾਈ ਸਾਵਨ ਸਿੰਘ ਫਿਰ ਭਾਈ ਜੁਵਾਲਾ ਸਿੰਘ ਤੇ ਭਾਈ ਸੁੰਦਰ ਸਿੰਘ ਦੇ ਨਾਮ ਸ਼ਾਮਿਲ ਹਨ।[16]


**ਨੌਵੀਂ ਪੀੜ੍ਹੀ :** ਭਾਈ ਜੁਵਾਲਾ ਸਿੰਘ ਆਪਣੇ ਪਰਿਵਾਰ ਦੀ ਨੌਵੀਂ ਪੀੜ੍ਹੀ ਵਿਚੋਂ ਸਨ। ਆਪ ਦੀ ਸਪੁੱਤਨੀ ਦਾ ਨਾਮ ਸਰਦਾਰਨੀ ਰਣਜੋਧ ਕੌਰ ਸੀ। ਭਾਈ ਜੁਵਾਲਾ ਸਿੰਘ ਕੀਰਤਨਕਾਰਾਂ ਵਿਚ ਵਿਸ਼ੇਸ਼ ਸਥਾਨ ਰੱਖਦੇ ਸਨ। ਆਪ ਤਾਉਸ ਸਾਜ਼ ਨਾਲ ਕੀਰਤਨ ਕਰਦੇ ਸਨ। ਆਪ ਦੇ ਵੱਡੇ ਭਰਾ ਭਾਈ ਨਰਾਇਣ ਸਿੰਘ ਵੀ ਤਾਊਸ ਦੇ ਨਾਲ ਕੀਰਤਨ ਕਰਦੇ ਸਨ। ਭਾਈ ਸਾਵਨ ਸਿੰਘ ਜੋੜੀ ਦੇ ਚੰਗੇ ਗਿਆਤਾ ਸਨ।[17]

**ਦਸਵੀਂ ਪੀੜ੍ਹੀ :** ਭਾਈ ਜੁਵਾਲਾ ਸਿੰਘ ਦੀ ਬੰਸਾਵਲੀ ਦੀਆਂ ਅਗਲੇਰੀਆਂ ਪੀੜ੍ਹੀਆਂ ਨਿਰੰਤਰ ਗੁਰਮਤਿ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਰਹੀਆਂ ਹਨ। ਦਸਵੀਂ ਪੀੜ੍ਹੀ ਵਿਚ ਭਾਈ ਜੁਵਾਲਾ ਸਿੰਘ ਦੇ ਤਿੰਨ ਸਪੁੱਤਰ ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਵਿਚੋਂ ਭਾਈ ਗੁਰਚਰਨ ਸਿੰਘ ਭਾਈ ਅਵਤਾਰ ਸਿੰਘ ਦੇ ਨਾਮ ਸਿੱਖ ਜਗਤ ਦੇ ਮਹਾਨ ਕੀਰਤਨੀਆਂ ਵਿਚੋਂ ਇੱਕ ਹਨ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੀ ਮਿਹਨਤ ਸਦਕਾ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਪੁਰਾਤਨ ਸ਼ਬਦ ਰੀਤਾਂ ਦਾ ਵਿਸ਼ਾਲ ਭੰਡਾਰ ਲਗਭਗ ਪੰਜ ਸੌ ਰੀਤਾਂ ਦੀ ਰਿਕਾਰਡਿੰਗ ਤੇ ਸੁਰਲਿਪੀ ਬੱਧ ਰੂਪ ਪੰਜਾਬੀ ਯੂਨੀਵਰਸਿਟੀ ਦੇ ਉਦੱਮ ਸਦਕਾ ਸੰਭਾਲੇ ਗਏ ਹਨ।[18]

**ਗਿਆਰਵੀਂ ਪੀੜ੍ਹੀ :** ਵਰਤਮਾਨ ਸਮੇਂ ਭਾਈ ਜੁਵਾਲਾ ਸਿੰਘ ਦੇ ਪੋਤਰੇ ਤੇ ਭਾਈ ਅਵਤਾਰ ਸਿੰਘ ਦੇ ਸਪੁੱਤਰ ਭਾਈ ਕੁਲਤਾਰ ਸਿੰਘ ਠੱਠਾ ਟਿੱਬਾ ਟਕਸਾਲ ਦੀ ਗਾਇਕੀ ਨੂੰ ਅਗਾਂਹ ਨਿਰੰਤਰ ਤੋਰ ਰਹੇ ਹਨ। ਆਪ ਭਾਈ ਜੁਵਾਲਾ ਸਿੰਘ ਦੇ ਪਰਿਵਾਰ ਦੇ ਗਿਆਰਵੀਂ ਪੀੜ੍ਹੀ ਦੇ ਰੂਪ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ ਦੇਸ ਵਿਦੇਸ ਵਿਚ ਕਰ ਰਹੇ ਹਨ।

*ਠੱਠਾ ਟਿੱਬਾ ਟਕਸਾਲ* ਭਾਈ ਜੁਵਾਲਾ ਸਿੰਘ ਦੇ ਵੱਡੇ ਭਰਾ ਭਾਈ ਨਰਾਇਣ ਸਿੰਘ ਦੇ ਵੰਸ਼ ਵਿਚੋਂ ਭਾਈ ਬਲਦੀਪ ਸਿੰਘ ਗੁਰਮਤਿ ਸੰਗੀਤ ਦੀ ਨਿਰੰਤਰ ਸੇਵਾ ਨਿਭਾ ਰਹੇ ਹਨ। ਭਾਈ ਬਲਦੀਪ ਸਿੰਘ ਤਾਊਸ, ਦਿਲਰੁਬਾ, ਜੋੜੀ ਵਾਦਨ ਆਦਿ ਵਿਚ ਵਿਸ਼ੇਸ਼ ਮੁਹਾਰਤ ਰਖਦੇ ਹਨ। ਭਾਈ ਨਰਾਇਣ ਸਿੰਘ ਦੇ ਤਿੰਨ ਸਪੁੱਤਰ ਸਨ ਜਿਨ੍ਹਾਂ ਵਿਚੋਂ ਸਭ ਤੋਂ ਵੱਡੇ ਸ. ਹਰਨਾਮ ਸਿੰਘ, ਫਿਰ ਭਗਤ ਸਿੰਘ ਤੇ ਸਭ ਤੋਂ ਛੋਟੇ ਭਾਈ ਲਾਭ ਸਿੰਘ ਸਨ। ਭਾਈ ਭਗਤ ਸਿੰਘ ਦੇ ਸਪੁੱਤਰ ਡਾ. ਅਮਰਜੀਤ ਸਿੰਘ ਤੇ ਸ. ਹਰਦਿਆਲ ਸਿੰਘ ਸਨ। ਵਰਤਮਾਨ ਸਮੇਂ ਭਾਈ ਬਲਦੀਪ ਸਿੰਘ ਜੋ ਡਾ. ਅਮਰਜੀਤ ਸਿੰਘ ਦੇ ਸਪੁੱਤਰ ਹਨ ਠੱਠਾ ਟਿੱਬਾ ਟਕਸਾਲ ਦੀ ਗਾਇਕੀ ਅਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪ੍ਰਸਾਰ ਦੇਸ ਵਿਦੇਸ ਵਿਚ ਕਰ ਰਹੇ ਹਨ। *ਸੈਦਪੁਰ ਠੱਠਾ ਟਿੱਬਾ ਟਕਸਾਲ* ਦੇ ਹੁਣ ਤਕ ਪ੍ਰਾਪਤ ਪੀੜੀਆਂ ਦਾ ਵੇਰਵਾ ਇਸ ਪ੍ਰਕਾਰ ਹੈ:

*ਸੈਦਪੁਰ ਠੱਠਾ ਟਿੱਬਾ ਟਕਸਾਲ*



ਭਾਈ ਅਵਤਾਰ ਸਿੰਘ ਜੀ ਵਲੋਂ ਭੇਜੇ ਗਏ ਦਸਤਾਵੇਜ਼ ਦੇ ਅਧਾਰ ਤੇ ਸੈਦਪੂਰ ਠੱਠਾ ਟਿੱਬਾ ਘਰਾਣੇ ਦੀਆਂ ਗਿਆਰਾਂ ਪੀੜ੍ਹੀਆਂ ਦੀ ਕੀਰਤਨ ਸੇਵਾ ਨੂੰ ਮੁੱਖ ਰੱਖਦਿਆਂ ਪੰਜਾਬੀ ਯੂਨੀਵਰਸਿਟੀ ਵਲੋਂ 1 ਦਸੰਬਰ, 2006 ਨੂੰ *ਗੁਰਮਤਿ ਸੰਗੀਤ ਟਕਸਾਲ (ਸੈਦਪੁਰ ਠੱਠਾ ਟਿੱਬਾ)* ਵਜੋਂ ਮਾਨਤਾ ਪ੍ਰਦਾਨ ਕੀਤੀ ਗਈ।[19] ਠੱਠਾ ਟਿੱਬਾ ਟਕਸਾਲ ਵਿਚ ਗਾਇਨ ਦੇ ਨਾਲ ਤੰਤੀ ਸਾਜ਼ਾਂ ਦਾ ਵਿਸ਼ੇਸ਼ ਪ੍ਰਚਾਰ ਰਿਹਾ। ਤਾਊਸ ਸਾਜ਼ ਇਸ ਘਰਾਣੇ ਵਿਚ ਵਿਸ਼ੇਸ਼ ਰੂਪ ਵਿਚ ਪ੍ਰਚਲਿਤ ਰਿਹਾ। ਇਸ ਤੋਂ ਇਲਾਵਾ ਤਾਲ ਸਾਜ਼ ਵਜੋਂ ਜੋੜੀ ਵਾਦਨ ਦੀ ਵਿਸ਼ੇਸ਼ ਪਰੰਪਰਾ ਵੀ ਇਸ ਘਰਾਣੇ ਵਿਚ ਰਹੀ।

*ਸੈਦਪੁਰ ਠੱਠਾ ਟਿੱਬਾ ਟਕਸਾਲ* ਦੇ ਕੀਰਤਨਕਾਰਾਂ ਨੇ ਗੁਰਮਤਿ ਸੰਗੀਤ ਦੀ ਪੀੜ੍ਹੀ ਦਰ ਪੀੜ੍ਹੀ ਸੀਨਾ-ਬ-ਸੀਨਾ ਕੀਰਤਨ ਦੀ ਵਿਸ਼ੇਸ਼ ਸ਼ੈਲੀ ਨੂੰ ਜੀਵੰਤ ਰੂਪ ਵਿਚ ਸਾਡੇ ਤਕ ਪਹੁੰਚਾਇਆ ਹੈ। ਵਰਤਮਾਨ ਸਮੇਂ ਵੀ ਇਸ ਦੀ ਕੀਰਤਨ ਸ਼ੈਲੀ ਗੁਰਮਤਿ ਸੰਗੀਤ ਦੇ ਵਿਹਾਰਕ ਤੇ ਸਿਧਾਂਤਕ ਖੇਤਰ ਵਿਚ ਨਿਰੰਤਰ ਰੋਲ ਅਦਾ ਕਰ ਰਹੀ ਹੈ। ਇਸ ਟਕਸਾਲ ਦੇ ਭਾਈ ਜੁਵਾਲਾ ਸਿੰਘ ਤੇ ਉਹਨਾਂ ਦੇ ਸਪੁੱਤਰ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਵਲੋਂ ਸਿੱਖ ਜਗਤ ਵਿਚ ਕੀਰਤਨ ਦੀ ਕੀਤੀ ਵਿਸ਼ੇਸ਼ ਘਾਲਣਾ ਦੇ ਕਾਰਨ ਗੁਰਮਤਿ ਸੰਗੀਤ ਸੈਦਪੁਰ ਠੱਠਾ ਟਿੱਬਾ ਟਕਸਾਲ ਹੋਂਦ ਵਿਚ ਆਈ। ਉਹਨਾਂ ਦੀ ਇਸ ਘਾਲਣਾ ਨੂੰ ਅਗਲੇਰੀਆਂ ਪੀੜ੍ਹੀਆਂ ਨੇ ਵਿਸ਼ੇਸ਼ ਉੱਦਮਾਂ ਤੇ ਸਖਤ ਮਿਹਨਤ ਨਾਲ ਦੇਸ਼ ਤੇ ਵਿਦੇਸ਼ਾਂ ਵਿਚ ਪ੍ਰਚਾਰ ਤੇ ਪ੍ਰਸਾਰ ਰਾਹੀਂ ਨਿਰੰਤਰ ਜਾਰੀ ਰੱਖਿਆ ਹੈ।

ਹਵਾਲਾ ਪੁਸਤਕਾਂ

---

[1] ਵੀਰ ਸਿੰਘ(ਭਾਈ), **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995, ਪੰਨਾ 302

[2] ਕਾਨ੍ਹ ਸਿੰਘ ਨਾਭਾ (ਭਾਈ), **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਭਾਸ਼ਾ ਵਿਭਾਗ, ਪੰਜਾਬ, 1981, ਪੰਨਾ 548.

[3] ਵੀਰ ਸਿੰਘ (ਭਾਈ), **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**, ਪੰਨਾ 290.

[4] ਜੱਗੀ, ਰਤਨ ਸਿੰਘ (ਡਾ.) (ਸੰਪਾ.), ਸਿੱਖ ਪੰਥ ਵਿਸ਼ਵ ਕੋਸ਼ (ਜਿਲਦ 2), ਗੁਰਰਤਨ ਪਬਸ਼ਿਰਜ਼, ਪਟਿਆਲਾ, 2005. ਪੰਨਾ 668

[5] ਤਾਰਾ ਸਿੰਘ (ਪ੍ਰੋ.), **ਵਾਦਨ ਕਲਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004,ਪੰਨਾ 39.

[6] Gurnam Singh (Dr.), **Gurmat Sanit Terminology**, Punjabi University Patiala 2012, p.85.

[7] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਰੋਜ਼ਾਨਾ ਅਜੀਤ** ਵਿਸ਼ੇਸ਼ ਅੰਕ ਧਰਮ ਤੇ ਵਿਰਸਾ, ਮਿਤੀ 16 ਅਕਤੂਬਰ 2012, ਪੰਨਾ 4

[8] ਗੁਰਦਿੱਤ ਸਿੰਘ ਗਿਆਨੀ, *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ*, **ਸਿੰਘ ਸਭਾ ਪਤ੍ਰਿਕਾ ਭਾਈ ਜੁਵਾਲਾ ਸਿੰਘ ਜੀ ਰਾਗੀ ਅੰਕ**, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ, ਜਨਵਰੀ/ਫਰਵਰੀ 1986, ਪੰਨਾ VI

[9] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਰੋਜ਼ਾਨਾ ਅਜੀਤ** ਵਿਸ਼ੇਸ਼ ਅੰਕ ਧਰਮ ਤੇ ਵਿਰਸਾ, ਮਿਤੀ 16 ਅਕਤੂਬਰ 2012, ਪੰਨਾ 4

[10] ੳਹੀ

[11] ਮਹਿੰਦਰ ਸਿੰਘ ਗਿਆਨੀ, *ਇਕ ਆਦਰਸ਼ਕ ਜੀਵਨੀ ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ* , **ਜੀਵਨ ਗਾਥਾ ਭਾਈ ਜੁਵਾਲਾ ਸਿੰਘ**, ਗਰਚਰਨ ਸਿੰਘ ਕੰਵਲ (ਲੇਖਕ), ਪ੍ਰਕਾਸ਼ਕ ਰਾਗੀ ਗੁਰਚਰਨ ਸਿੰਘ ਕੰਵਲ, ਬੀ-5, ਐਨ.ਡੀ.ਐਸ.ਸੀ. ਪਾਰਟ-2, ਨਵੀਂ ਦਿੱਲੀ, 2005, ਪੰਨਾ 12

[12] ਗੁਰਦਿੱਤ ਸਿੰਘ ਗਿਆਨੀ, *ਗੁਰਮੁਖ ਕੀਰਨੀਏ : ਭਾਈ ਸਾਹਿਬ ਜੁਵਾਲਾ ਸਿੰਘ ਜੀ*, **ਸਿੰਘ ਸਭਾ ਪਤ੍ਰਿਕਾ ਭਾਈ ਜੁਵਾਲਾ ਸਿੰਘ ਜੀ ਰਾਗੀ ਅੰਕ**, ਜਨਵਰੀ/ਫਰਵਰੀ 1986, ਪੰਨਾ IV

[13] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਰੋਜ਼ਾਨਾ ਅਜੀਤ** ਵਿਸ਼ੇਸ਼ ਅੰਕ ਧਰਮ ਤੇ ਵਿਰਸਾ, ਮਿਤੀ 16 ਅਕਤੂਬਰ 2012, ਪੰਨਾ 4.

[14] ਉਹੀ

[15] ਉਹੀ

[16] ਅਵਤਾਰ ਸਿੰਘ ਗੁਰਚਰਨ ਸਿੰਘ(ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਭਾਗ ਪਹਿਲਾ**, (ਭਾਗ ਪਹਿਲਾ ਤੇ ਦੂਜਾ), ਪੰਜਾਬੀ ਯੂਨੀਵਰਸਿਟੀ ਪਟਿਆਲਾ, 1979, ਪੰਨਾ XX

[17] ਉਹੀ

[18] ਉਹੀ **ਭਾਗ-ਪਹਿਲਾ**, ਪੰਨਾ ਭੂਮਿਕਾ

[19] ਗੁਰਨਾਮ ਸਿੰਘ (ਡਾ.), *ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ,* **ਰੋਜ਼ਾਨਾ ਅਜੀਤ** ਵਿਸ਼ੇਸ਼ ਅੰਕ ਧਰਮ ਤੇ ਵਿਰਸਾ, ਮਿਤੀ 16 ਅਕਤੂਬਰ 2012, ਪੰਨਾ 4.

# ਗੁਰਮਤਿ ਸੰਗੀਤ ਵਿਚ

# ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੀ

ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ

ਪੀ-ਐੱਚ.ਡੀ. (ਗੁਰਮਤਿ ਸੰਗੀਤ) ਦੀ

ਡਿਗਰੀ ਲਈ ਪ੍ਰਸਤੁਤ

ਖੋਜ ਪ੍ਰਬੰਧ


ਨਿਗਰਾਨ

ਡਾ. ਗੁਰਨਾਮ ਸਿੰਘ

ਪ੍ਰੋਫ਼ੈਸਰ

ਗੁਰਮਤਿ ਸੰਗੀਤ ਵਿਭਾਗ

ਪੰਜਾਬੀ ਯੂਨੀਵਰਸਿਟੀ ਪਟਿਆਲਾ

ਖੋਜਾਰਥੀ

ਗਗਨਦੀਪ



ਗੁਰਮਤਿ ਸੰਗੀਤ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜਨਵਰੀ, 2019

# ਉਪਸੰਹਾਰ

ਸਿੱਖ ਧਰਮ ਦੇ ਸੰਦਰਭ ਵਿਚ ਵੇਖੀਏ ਤਾਂ ਧਰਮ ਅਤੇ ਸੰਗੀਤ ਦੀ ਵਿਹਾਰਕ ਸਾਂਝ ਵਿਚੋਂ ਗੁਰਮਤਿ ਸੰਗੀਤ ਨੇ ਨਿਵੇਕਲੀ ਪਛਾਣ ਬਣਾਈ ਹੈ। ਇਸ ਪਰੰਪਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਹੋਇਆ ਜਿਸ ਨੂੰ ਸਮੂਹ ਗੁਰੂ ਸਾਹਿਬਾਨ ਨੇ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਵਿਕਸਿਤ ਕੀਤਾ। ਗੁਰੂ ਕਾਲ ਤੋਂ ਬਾਅਦ ਇਸ ਪਰੰਪਰਾ ਦਾ ਵਿਕਾਸ ਨਿਰੰਤਰ ਜਾਰੀ ਰਿਹਾ। ਵੱਖ-ਵੱਖ ਕਾਲਾਂ ਵਿਚ ਰਾਗੀਆਂ, ਰਬਾਬੀਆਂ, ਟਕਸਾਲਾਂ ਨੇ ਇਸ ਪਰੰਪਰਾ ਦਾ ਨਿਰੰਤਰ ਪ੍ਰਚਾਰ ਤੇ ਪਾਸਾਰ ਕੀਤਾ। ਵਰਤਮਾਨ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਟਕਸਾਲਾਂ ਦੇ ਨਾਲ-ਨਾਲ ਗੁਰੂ ਘਰਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਅਧਿਐਨ ਅਤੇ ਅਧਿਐਪਨ ਦਾ ਵਿਸ਼ਾ ਹੈ। ਸਮਕਾਲੀ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰਮਤਿ, ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਸਮਕਾਲੀ ਕੀਰਤਨੀਆਂ ਦਾ ਵਡੇਰਾ ਯੋਗਦਾਨ ਹੈ ਜਿਨ੍ਹਾਂ ਵਿਚੋਂ ਭਾਈ ਮੋਤੀ, ਭਾਈ ਤਾਬਾ, ਭਾਈ ਲਾਲ, ਭਾਈ ਗੁਰਮੁਖ ਸਿੰਘ, ਸੁਰਮਖ ਸਿੰਘ ਫੱਕਰ, ਭਾਈ ਜੱਸਾ ਭਾਈ ਪਾਲਾ, ਭਾਈ ਚਾਂਦ, ਭਾਈ ਮਨਸ਼ਾ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੁਰਜਨ ਸਿੰਘ, ਭਾਈ ਵਸਾਵਾ ਸਿੰਘ, ਭਾਈ ਸ਼ਰਧਾ ਸਿੰਘ, ਭਾਈ ਹੀਰਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਆਦਿ ਪ੍ਰਮੁਖ ਹਨ।

ਸਮਕਾਲੀ ਕੀਰਤਨੀਆਂ ਵਿਚੋਂ ਕੁਝ ਕੀਰਤਨੀਏ ਅਦਰਸ਼ ਰੂਪ ਵਿਚ ਪ੍ਰਤੀਬਿੰਬਤ ਹੁੰਦੇ ਹਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਗੁਰੂ ਘਰ ਦੀ ਕੀਰਤਨ ਪਰੰਪਰਾ ਨੂੰ ਸਮਰਪਿਤ ਕੀਤਾ। ਇਨ੍ਹਾਂ ਕੀਰਤਨੀਆਂ ਵਿਚੋਂ ਸੈਦਪੁਰ ਠੱਟਾ ਟਿੱਬਾ (ਜ਼ਿਲ੍ਹਾ ਕਪੂਰਥਲਾ) ਦੇ ਰਾਗੀ ਭਾਈ ਸਾਹਿਬ ਭਾਈ ਜੁਵਾਲਾ ਸਿੰਘ (1879-1952) ਵਿਸ਼ੇਸ਼ ਹਨ। ਭਾਈ ਜੁਵਾਲਾ ਸਿੰਘ ਇੱਕ ਐਸੀ ਸ਼ਖ਼ਸੀਅਤ ਵਜੋਂ ਪ੍ਰਤੱਖ ਹੁੰਦੇ ਹਨ, ਜਿਨ੍ਹਾਂ ਨੇ ਸ਼ਬਦ ਕੀਰਤਨ ਦੀ ਪਰੰਪਰਾਗਤ ਸ਼ੈਲੀ ਨੂੰ ਜੀਵੰਤ ਰੱਖਿਆ। ਇਸ ਕੀਰਤਨ ਸ਼ੈਲੀ ਨੂੰ ਆਪਣੇ ਵੰਸ਼ਜ ਕੀਰਤਨੀਆਂ ਦੇ ਰੂਪ ਵਿਚ ਸੁਰੱਖਿਅਤ ਕੀਤਾ। ਰਾਗੀ ਭਾਈ ਜੁਵਾਲਾ ਸਿੰਘ ਦੀ ਵਿਸ਼ੇਸ਼ ਧਰੁਪਦ ਅੰਗ ਦੀ ਸ਼ਬਦ ਕੀਰਤਨ ਸ਼ੈਲੀ ਅਤੇ ਸ਼ਬਦ ਕੀਰਤਨ ਰੀਤਾਂ ਦਾ ਖਜ਼ਾਨਾ ਮੌਜੂਦ ਸੀ ਜੋ ਇੰਨ੍ਹਾਂ ਦੇ ਕੀਰਤਨ ਘਰਾਣੇ ਵਿਚ ਦੇਖਿਆ ਜਾ ਸਕਦਾ ਹੈ। ਗੁਰਮਤਿ

ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ ਵਿਚ ਉਨਵੀਂ ਅਤੇ ਵੀਹਵੀਂ ਸਦੀ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਅਤੇ ਇਨ੍ਹਾਂ ਦੇ ਕੀਰਤਨ ਘਰਾਣੇ ਦਾ ਯੋਗਦਾਨ ਵਿਸ਼ੇਸ਼ ਪਛਾਣਯੋਗ ਸਥਾਨ ਰੱਖਦਾ ਹੈ। ਗੁਰਮਤਿ ਸੰਗੀਤ ਦੇ ਸੰਦਰਭ ਵਿੱਚ ਰਾਗੀ ਭਾਈ ਜੁਵਾਲਾ ਸਿੰਘ ਆਜੀਵਨ ਕਾਰਜ਼ਸੀਲ ਰਹੇ। ਗੁਰਮਤਿ ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ ਵਿਚ ਵੀਹਵੀਂ ਸਦੀ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਘਰਾਣਿਆਂ ਦਾ ਯੋਗਦਾਨ ਵਿਸ਼ੇਸ਼ ਪਛਾਣਯੋਗ ਸਥਾਨ ਰੱਖਦਾ ਹੈ। ਇਸੇ ਲਈ ਅਸੀਂ ਗੁਰਮਤਿ ਸੰਗੀਤ ਵਿਚ *ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ* ਵਿਸ਼ੇ ਨੂੰ ਖੋਜ ਦਾ ਵਿਸ਼ੇ ਬਣਾਇਆ ਹੈ। ਇਸ ਖੋਜ ਕਾਰਜ ਅਧੀਨ ਅਸੀਂ ਆਪਣੇ ਵਿਸ਼ੇ ਨੂੰ ਹੇਠ ਲਿਖੇ ਵੱਖ-ਵੱਖ ਪੰਜ ਅਧਿਆਇਆਂ ਵਿਚ ਵਿਭਾਜਿਤ ਕੀਤਾ ਹੈ:

| | | |
|---|---|---|
| ਪਹਿਲਾ ਅਧਿਆਇ | - | ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ |
| ਦੂਜਾ ਅਧਿਆਇ | - | ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਕਾਰਜ |
| ਤੀਜਾ ਅਧਿਆਇ | - | ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ |
| ਚੌਥਾ ਅਧਿਆਇ | - | ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ : ਪਰਿਚਾਤਮਕ ਅਧਿਐਨ |
| ਪੰਜਵਾਂ ਅਧਿਆਇ | - | ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ |

ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ** ਦੇ ਅੰਤਰਗਤ ਵਿਭਿੰਨ ਇਤਿਹਾਸਕ ਸਰੋਤਾਂ ਤੋਂ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਸਬੰਧੀ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਐਨ ਤੋਂ ਗੁਰਮਤਿ ਸੰਗੀਤ ਦੀ ਇਤਿਹਾਸਕ ਸਥਾਪਤੀ ਪੜਾਅ-ਦਰ-ਪੜਾਅ ਸਿਲਸਿਲੇਵਾਰ ਵਿਕਸਿਤ ਨਜ਼ਰੀ ਆਉਂਦੀ ਹੈ। ਗੁਰਮਤਿ ਸੰਗੀਤ ਦੀ ਇਸ ਸਥਾਪਤੀ ਦਾ ਵਿਸ਼ਾਲ ਕਾਰਜ ਵੱਖ-ਵੱਖ ਯੋਗਦਾਨੀਆਂ ਦੀ ਅਹਿਮ ਭੂਮਿਕਾ ਅਤੇ ਵੱਡਮੁਲੇ ਯੋਗਦਾਨ ਸਦਕਾ ਹੀ ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਵਿਹਾਰਕ ਸਥਾਪਤੀ ਸੰਭਵ ਹੋ ਸਕੀ ਹੈ। ਗੁਰਮਤਿ ਸੰਗੀਤ ਦਾ ਸਿਧਾਂਤਕ, ਵਿਹਾਰਕ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਯੋਗਦਾਨ ਪ੍ਰਗਟ ਹੋ ਰਿਹਾ ਹੈ। ਗੁਰੂ ਸਾਹਿਬਾਨ ਵੱਲੋਂ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਚਉਕੀਆਂ, ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨੀਏ, ਸਾਜ਼ਾਂ ਆਦਿ ਦੇ ਵਿਕਾਸ ਵਿਚ ਵਡੇਰਾ

ਯੋਗਦਾਨ ਪਾਇਆ ਹੈ। ਗੁਰੂ ਘਰ ਦੇ ਕੀਰਤਨੀਆਂ ਨੇ ਗੁਰਮਤਿ ਸੰਗੀਤ ਦੀ ਵਿਹਾਰਕਤਾ ਨੂੰ ਪ੍ਰਾਰੰਭ ਤੋਂ ਹੁਣ ਤਕ ਨਿਰੰਤਰ ਜੀਵੰਤ ਰੱਖਣ ਦਾ ਵਡੇਰਾ ਯੋਗਦਾਨ ਰਿਹਾ ਹੈ। ਇਸ ਸੰਦਰਭ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦੁਅਰਾ ਪੁਰਾਤਨ ਤੇ ਮੌਲਿਕ ਸ਼ਬਦ ਕੀਰਤਨ ਰਚਨਾਵਾਂ ਦੇ ਭੰਡਾਰ ਨੂੰ ਭਵਿੱਖ ਲਈ ਸੁਰੱਖਿਅਤ ਕਰਨ ਵਿਚ ਅਹਿਮ ਯੋਗਦਾਨ ਪ੍ਰਤੱਖ ਹੋ ਰਿਹਾ ਹੈ। ਗੁਰਮਤਿ ਸੰਗੀਤ ਦੀਆਂ ਟਕਸਾਲਾਂ ਨੇ ਇਸ ਦੇ ਬਹੁਪੱਖੀ ਸਿਖਲਾਈ ਖੇਤਰ ਨੂੰ ਨਿਰੰਤਰ ਵਿਕਸਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਦੀਆਂ ਸੰਸਥਾਵਾਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਤੋਂ ਲੈ ਕੇ ਇਸ ਦਾ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰਚਾਰ ਤੇ ਪਾਸਾਰ ਕਰਨ ਵਿਚ ਵਿਸ਼ੇਸ਼ ਨਿਭਾਅ ਰਹੀਆਂ ਹਨ। ਗੁਰਮਤਿ ਸੰਗੀਤ ਦੇ ਪ੍ਰਮੁਖ ਸਾਜ਼ ਨਿਰਮਾਤਾਵਾਂ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਦੇ ਸਾਜ਼ ਵਿਸ਼ੇਸ਼ ਕਰਕੇ ਤੰਤੀ ਸਾਜ਼ਾਂ ਦੀ ਸੁਰੱਖਿਆ, ਸੰਭਾਲ, ਉਨ੍ਹਾਂ ਦੀ ਮੁੜ ਸੁਰਜੀਤੀ ਆਦਿ ਦੇ ਸੰਦਰਭ ਵਿਚ ਯੋਗਦਾਨ ਨੂੰ ਪ੍ਰਗਟ ਹੋ ਰਿਹਾ ਹੈ। ਗੁਰੂ ਕਾਲ ਤੋਂ ਹੀ ਪ੍ਰਮੁਖ ਸ਼ਖ਼ਸੀਅਤਾਂ ਦਾ ਗੁਰਮਤਿ ਸੰਗੀਤ ਦੇ ਵਿਕਾਸ, ਪ੍ਰਚਾਰ, ਪਾਸਾਰ, ਅਕਾਦਮਿਕ ਸਥਾਪਤੀ ਆਦਿ ਦੇ ਸੰਦਰਭ ਵਿਚ ਸਰਪ੍ਰਸਤ ਰੂਪ ਵਿਚ ਯੋਗਦਾਨ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰਮਤਿ ਸੰਗੀਤ ਦੀ ਸਾਹਿਤਕ ਸਮੱਗਰੀ ਦੀ ਸੁਰੱਖਿਆ ਸੰਭਾਲ ਹਿਤ ਪ੍ਰਕਾਸ਼ਕਾਂ ਦਾ ਯੋਗਦਾਨ ਵੀ ਸਾਡੇ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਵਰਤਮਾਨ ਸਮੇਂ ਇੰਟਰਨੈੱਟ, ਵੈਬਸਾਇਟਸ, ਟੀ. ਵੀ. ਚੈਨਲ, ਰੇਡੀਓ ਆਦਿ ਸੰਚਾਰ ਦੇ ਇਲੈਕਟ੍ਰੋਨਿਕ ਸਾਧਨਾਂ ਨੇ ਗੁਰਮਤਿ ਸੰਗੀਤ ਦਾ ਬਹੁਪੱਖੀ ਗਲੋਬਲ ਪੱਧਰ 'ਤੇ ਵਿਕਾਸ ਕੀਤਾ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਹਰ ਯੋਗਦਾਨੀ ਦੁਆਰਾ ਦਿੱਤੇ ਆਪਣੇ ਵਿਸ਼ੇਸ਼ ਯੋਗਦਾਨ ਪਿੱਛੇ ਉਸ ਦੀ ਸ਼ਰਧਾ ਭਾਵਨਾ ਦੇ ਨਾਲ-ਨਾਲ ਨਿਸ਼ਕਾਮਤਾ ਤੇ ਸਮਰਪਣ ਵੀ ਦੇਖਿਆ ਜਾ ਸਕਦਾ ਹੈ। ਅਜੋਕੇ ਸਮੇਂ ਵੀ ਗੁਰਮਤਿ ਸੰਗੀਤ ਵਿਚ ਵੱਖ-ਵੱਖ ਯੋਗਦਾਨੀਆਂ ਦੁਆਰਾ ਯੋਗਦਾਨ ਨਿਰੰਤਰ ਜਾਰੀ ਹੈ।

ਇਸ ਅਧਿਆਇ ਵਿਚ ਗੁਰਮਤਿ ਸੰਗੀਤ ਦੇ ਵਿਭਿੰਨ ਪਰਿਪੇਖਾਂ ਦੇ ਸੰਦਰਭ ਵਿਚ ਗੁਰੂ ਕਾਲ ਤੋਂ ਵਰਤਮਾਨ ਸਮੇਂ ਤਕ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਦਾ ਬਹੁਪੱਖੀ ਯੋਗਦਾਨ ਪ੍ਰਗਟ ਹੋਇਆ ਹੈ। ਇਸ ਵਿਸ਼ਾਲ ਯੋਗਦਾਨ ਦੀ ਰੋਸ਼ਨੀ ਵਿਚ ਹੀ ਰਾਗੀ ਭਾਈ ਜੁਵਾਲਾ ਸਿੰਘ ਦੇ ਯੋਗਦਾਨ ਨੂੰ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਹੈ।

ਦੂਜੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਕਾਰਜ** ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਜੀਵਨ ਅਤੇ ਇੱਕ ਕੀਰਤਨੀਏ ਦੇ ਤੌਰ 'ਤੇ ਕੀਤੇ ਕਾਰਜਾਂ ਨੂੰ ਵਿਸ਼ਲੇਸ਼ਿਤ ਕੀਤਾ ਹੈ। ਰਾਗੀ ਭਾਈ ਜੁਵਾਲਾ ਸਿੰਘ ਦੀ ਸਮਕਾਲੀ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਸਥਿਤੀ ਨੂੰ ਪਿੱਠਭੂਮੀ ਵਜੋਂ ਅਧਿਐਨ ਕਰਦਿਆਂ ਪ੍ਰਤੱਖ ਹੋਇਆ ਕਿ ਉਸ ਸਮੇਂ ਸਿੱਖਾਂ ਦੀ ਹੋਂਦ ਹੀ ਖਤਰੇ ਵਿਚ ਸੀ। ਭਾਈ ਸਾਹਿਬ ਦੇ ਪਰਿਵਾਰਕ ਪਿਛੋਕੜ ਨੂੰ ਵਿਭਿੰਨ ਲਿਖਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਬਰਾਂ ਨਾਲ ਕੀਤੀਆਂ ਵਿਭਿੰਨ ਮੁਲਕਾਤਾਂ ਤੋਂ ਪ੍ਰਤੱਖ ਹੁੰਦਾ ਹੈ ਕਿ ਜਿਵੇਂ ਕਿ ਉਨ੍ਹਾਂ ਦੇ ਪੂਰਵਜਾਂ ਨੂੰ ਗੁਰੂ ਅਮਰਦਾਸ ਤੋਂ ਸਿੱਖੀ, ਕੀਰਤਨ ਦੀ ਦਾਤ ਗੁਰੂ ਅਰਜਨ ਦੇਵ ਅਤੇ ਅੰਮ੍ਰਿਤ ਦੀ ਬਖਸ਼ਿਸ਼ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਸਾਜਨਾ ਸਮੇਂ ਪ੍ਰਾਪਤ ਹੋਈ ਹੈ। ਭਾਈ ਸਾਹਿਬ ਦਾ ਜਨਮ 1879 ਈ. ਵਿਚ ਹੋਇਆ। ਉਨ੍ਹਾਂ ਆਪਣੇ ਪਿਤਾ ਕੋਲੋਂ ਸ਼ਬਦ ਕੀਰਤਨ ਸਿੱਖਣ ਤੋਂ ਇਲਾਵਾ ਉਸਤਾਦ ਕੀਰਤਨੀਏ ਭਾਈ ਵਸਾਵਾ ਸਿੰਘ 'ਰੰਗੀ ਰਾਮ' ਅਤੇ ਭਾਈ ਸ਼ਰਧਾ ਸਿੰਘ ਤੋਂ ਸ਼ਬਦ ਕੀਰਤਨ ਦੀ ਵਿੱਦਿਆ ਗ੍ਰਹਿਣ ਕੀਤੀ। ਇਸ ਸਮੇਂ ਦੋਰਾਨ ਰਾਗੀ ਭਾਈ ਜੁਵਾਲਾ ਸਿੰਘ ਨੂੰ ਅਣਸੁਖਾਵੇਂ ਹਲਾਤਾਂ ਵਿਚੋਂ ਵਿਚਰਨਾ ਪਿਆ ਹੈ।

ਰਾਗੀ ਭਾਈ ਜੁਵਾਲਾ ਸਿੰਘ ਲੰਮੇ, ਉੱਚੇ ਤੇ ਸਡੋਲ ਸਰੀਰ ਵਾਲੇ ਗੁਰਸਿਖ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਨੂੰ ਦਿਲ ਖਿੱਚਵੀਂ ਅਤੇ ਮਧੁਰ ਅਵਾਜ਼ ਪ੍ਰਾਪਤ ਸੀ। ਗੁਰਮਤਿ ਸੰਗੀਤ ਦੀਆਂ ਰੀਤਾਂ, ਪੜਤਾਲਾਂ, ਰਾਗਾਂ ਦੀ ਵਿਸ਼ਾਲ ਸੂਝ ਤੇ ਪੁਰਾਤਨ ਗਾਇਕੀ ਦਾ ਅਥਾਹ ਗਿਆਨ ਸੀ। ਇਸ ਦੇ ਨਾਲ ਤਾਊਸ, ਸਰੰਦਾ, ਦਿਲਰੁਬਾ, ਹਰਮੋਨੀਅਮ, ਤਬਲਾ, ਜੋੜੀ ਆਦਿ ਅਨੇਕ ਸਾਜ਼ ਵਜਾਉਣ ਵਿਚ ਮੁਹਾਰਤ ਹਾਸਲ ਸੀ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨੀ ਜਥੇ ਦੇ ਸਾਥੀ ਵੀ ਸੰਗੀਤ ਦੇ ਧੁਰੰਦਰ ਵਿਦਵਾਨ ਸਨ। ਭਾਈ ਸਾਹਿਬ ਨੇ 1899 ਤੋਂ 1952 ਤੱਕ ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਸ਼ਬਦ ਕੀਰਤਨ ਦੀ ਸੇਵਾ ਨਿਭਾਈ ਹੈ। ਭਾਈ ਸਾਹਿਬ ਕੋਲ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਦਾ ਭੰਡਾਰ ਮੌਜੂਦ ਸੀ। ਉਨ੍ਹਾਂ ਦਾ ਕੀਰਤਨ ਖੇਤਰ ਪਸ਼ਾਵਰ ਤੋਂ ਕਰਾਚੀ; ਕਸ਼ਮੀਰ ਤੋਂ ਦੱਖਣ ਭਾਰਤ ਤਕ ਪੂਰਬ ਦੇ ਪਟਨਾ, ਕਲਕੱਤਾ ਆਦਿ ਤਕ ਫੈਲਿਆ ਹੋਇਆ ਸੀ। ਗੁਰਮਤਿ ਸੰਗੀਤ ਅਤੇ ਗੁਰੂ ਪ੍ਰਤੀ ਸਪਰਪਣ ਸਦਕਾ ਭਾਈ ਸਾਹਿਬ ਨੂੰ ਪੂਰੇ ਦੇਸ਼ ਵਿਚ ਮਾਨਤਾ ਸੀ। ਆਪਣੀ ਸੰਗੀਤ ਕਲਾ ਨਾਲ ਆਪ ਨੇ ਨਾਮੀ ਰਬਾਬੀਆਂ ਤੇ ਸੰਗੀਤਕਾਰਾਂ ਵਿਚ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਪ੍ਰਭਾਵੀ ਸਿੱਖ ਸ਼ਖ਼ਸੀਅਤ ਅਤੇ

ਸੰਗੀਤਕ ਵਿਦਵਤਾ ਦੇ ਮਾਲਕ ਹੋਣ ਕਰਕੇ ਸਿੱਖ ਅਤੇ ਗੈਰ ਸਿੱਖ ਸ਼ਖ਼ਸੀਅਤਾਂ ਵੱਲੋਂ ਭਾਈ ਸਾਹਿਬ ਨੂੰ ਖਾਸ ਤੌਰ 'ਤੇ ਕੀਰਤਨ ਹਿਤ ਸੱਦਿਆ ਜਾਂਦਾ ਸੀ। ਰਾਗੀ ਭਾਈ ਜੁਵਾਲਾ ਸਿੰਘ ਦਾ ਜਿੱਥੇ ਕੀਰਤਨੀਆਂ ਵਿਚ ਸਤਿਕਾਰਤ ਸਥਾਨ ਸੀ ਉੱਥੇ ਸਿੱਖ ਪੰਥ ਦੇ ਵਿਦਵਾਨ, ਲੀਡਰ, ਸੰਤ ਸਮਾਜ, ਪੰਜਾਬ ਦੀਆਂ ਵੱਖ-ਵੱਖ ਰਿਆਸਤਾਂ ਦੇ ਰਾਜੇ ਮਹਾਰਾਜਿਆਂ ਵਿਚ ਵੀ ਵਿਸ਼ੇਸ਼ ਆਦਰ ਸਤਿਕਾਰ ਸੀ। ਭਾਈ ਸਾਹਿਬ ਜਿੱਥੇ ਕੀਰਤਨ ਨਾਲ ਸਾਰੀ ਉਮਰ ਸੰਗਤ ਦੀ ਸੇਵਾ ਕਰਦੇ ਰਹੇ ਉੱਥੇ ਹੱਥੀਂ ਸੇਵਾ ਨੂੰ ਵੀ ਵਿਸ਼ੇਸ਼ ਅਹਿਮੀਅਤ ਦਿੰਦੇ ਸਨ। ਪੰਥਕ ਕਾਰਜਾਂ ਵਿਚ ਭਾਈ ਸਾਹਿਬ ਦੀ ਵਿਸ਼ੇਸ਼ ਭੂਮਿਕਾ ਪ੍ਰਤੱਖ ਹੁੰਦੀ ਹੈ। ਭਾਈ ਸਾਹਿਬ ਦੀ ਸਮਾਜ ਸੇਵੀ ਤੇ ਇਨਕਲਾਬੀ ਸੋਚ ਵਾਲੀ ਸ਼ਖ਼ਸੀਅਤ ਉੱਭਰ ਕੇ ਸਾਹਮਣੇ ਆਉਂਦੀ ਹੈ। ਭਾਈ ਸਾਹਿਬ ਦੀ ਗੁਰੂ ਤੇ ਗੁਰਬਾਣੀ ਲਈ ਅਥਾਹ ਸ਼ਰਧਾ, ਕੌਮ ਲਈ ਕੁਰਬਾਨੀ ਦਾ ਜਜ਼ਬਾ ਰੱਖਣ ਵਾਲੇ ਅਤੇ ਸਰੀਰਕ ਕਸ਼ਟ ਸਹਾਰਨ ਦੀ ਸਮਰੱਥਾ ਰੱਖਣ ਵਾਲੇ ਵਿਅਕਤੀਤਵ ਦੇ ਮਾਲਕ ਸਨ।

ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਨੂੰ ਇੱਕ ਕੀਰਤਨਕਾਰ ਵਜੋਂ ਵਿਸ਼ਲੇਸ਼ਿਤ ਕਰਦਿਆਂ ਸਾਡੇ ਸਹਾਮਣੇ ਉਨ੍ਹਾਂ ਦਾ ਸੰਪੂਰਨ ਜੀਵਨ ਗੁਰਮਤਿ ਦੀ ਸ਼ਖ਼ਸੀ ਤੇ ਪੰਥਕ ਰਹਿਣੀ ਅਤੇ ਗੁਰਮਤਿ ਸੰਗੀਤ ਦੇ ਸਿਧਾਂਤ ਦਾ ਅਨੁਸਰਣ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ।

ਤੀਜਾ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ** ਹੈ। ਇਸ ਵਿਚ ਸੰਗੀਤ ਘਰਾਣੇ ਦੀਆਂ ਵਿਸ਼ੇਸ਼ਤਾਵਾਂ ਦੇ ਸੰਦਰਭ ਵਿਚ ਵਿਚਾਰਦਿਆਂ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦਾ ਅਧਿਐਨ ਕੀਤਾ ਗਿਆ ਹੈ। ਘਰਾਣਾ ਇੱਕ ਅਜਿਹੀ ਸੰਗੀਤਕ ਪਰੰਪਰਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਚਲੀ ਆ ਰਹੀ ਹੁੰਦੀ ਹੈ ਜਿਸ ਦੇ ਮੋਢੀ ਨੇ ਸੰਗੀਤ ਦੇ ਖੇਤਰ ਵਿੱਚ ਆਪਣੀ ਸੰਗੀਤਕ ਕਲਾ ਕਰਕੇ ਵਿਸ਼ੇਸ਼ ਨਾਮਣਾ ਖੱਟਿਆ ਹੁੰਦਾ ਹੈ। ਉਸ ਦੁਆਰਾ ਆਪਣੀ ਮੌਲਿਕ ਸੰਗੀਤ ਸ਼ੈਲੀ ਨੂੰ ਅਗਾਂਹ ਵੰਡਦੇ ਹੋਏ ਆਪਣਾ ਸ਼ਿਸ਼ ਮੰਡਲ ਤਿਆਰ ਕੀਤਾ ਜਾਂਦਾ ਹੈ ਜੋ ਉਸ ਕਲਾ ਦਾ ਜਿੱਥੇ ਪ੍ਰਚਾਰ ਪ੍ਰਸਾਰ ਕਰਦੇ ਹਨ ਉੱਥੇ ਸੰਗੀਤ ਕਲਾ ਅਗਾਂਹ ਹੋਰ ਸੰਗੀਤ ਵਿਦਿਅਰਥੀਆਂ ਨੂੰ ਸਿਖਾ ਕੇ ਸ਼ਾਗਿਰਦ ਤਿਆਰ ਕਰਦੇ ਹਨ। ਇਸ ਤਰ੍ਹਾਂ ਇੱਕ ਵਿਸ਼ੇਸ਼ ਸੰਗੀਤਕ ਸ਼ੈਲੀ ਦੇ ਪ੍ਰਤਿਨਿਧਾਂ ਦਾ ਸਮੂਹ ਤਿਆਰ ਹੋ ਜਾਂਦਾ ਹੈ, ਜਿਸ ਨੂੰ ਸਬੰਧਤ ਸੰਗੀਤਕ ਘਰਾਣੇ ਦੇ ਰੂਪ ਵਿੱਚ ਜਾਣਿਆ ਤੇ

ਪਛਾਣਿਆ ਜਾਂਦਾ ਹੈ। ਗੁਰਮਤਿ ਸੰਗੀਤ ਦੇ ਕੀਰਤਨ ਘਰਾਣੇ ਵਿਚ ਸੰਗੀਤ ਘਰਾਣੇ ਦੇ ਗੁਣਾਂ ਦੇ ਨਾਲ-ਨਾਲ ਗੁਰਮਤਿ ਤੇ ਗੁਰਮਤਿ ਸੰਗੀਤ ਦੇ ਸਿਧਾਂਤਾਂ ਦੀ ਪਾਲਣਾ ਵੀ ਜ਼ਰੂਰੀ ਹੁੰਦੀ ਹੈ। ਕੀਰਤਨੀਆਂ ਨੇ ਸ਼ਬਦ ਕੀਰਤਨ ਦੀ ਧਾਰਾ ਨੂੰ ਜਿੱਥੇ ਗੁਰੂ ਹਜ਼ੂਰੀ ਵਿਚ ਨਿਰਵਿਘਨ ਨਿਰੰਤਰ ਕਾਇਮ ਰੱਖਿਆ ਉੱਥੇ ਇਸ ਦੇ ਨਾਲ-ਨਾਲ ਆਪਣੇ ਵੰਸ਼ਜ਼ਾਂ ਨੂੰ ਵੀ ਵਿਧੀਵਤ ਸਿੱਖਿਆ ਦਿੱਤੀ। ਇਸ ਦੇ ਸਿੱਟੇ ਵਜੋਂ ਵੱਖ-ਵੱਖ ਕੀਰਤਨੀਆਂ ਦੇ ਘਰਾਣੇ ਹੋਂਦ ਵਿਚ ਆਏ ਜਿਵੇਂ ਮਰਦਾਨੇ ਕੇ, ਖਡੂਰੀਏ ਰਬਾਬੀ, ਅੰਮ੍ਰਿਤਸਰੀਆ ਘਰਾਣਾ, ਬਾਬਾ ਵਸਾਵਾ ਸਿੰਘ ਰੰਗੀ ਰਾਮ ਦਾ ਘਰਾਣਾ, ਭਾਈ ਮੱਸਾ ਸਿੰਘ ਦਾ ਘਰਾਣਾ ਆਦਿ। ਇਨ੍ਹਾਂ ਘਰਾਣਿਆਂ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਘਰਾਣਾ ਵਿਸ਼ੇਸ਼ ਹੈ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣਾ ਨੂੰ ਗੁਰੂ ਕਾਲ ਤੋਂ ਕੀਰਤਨ ਕਰਨ ਦਾ ਮਾਣ ਪ੍ਰਾਪਤ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਪੂਰਵਲੇ ਕੀਰਤਨੀਆਂ ਵਿਚ ਭਾਈ ਕਪੂਰ ਸਿੰਘ, ਭਾਈ ਰਾਇ ਸਿੰਘ, ਭਾਈ ਗੋਖਾ ਸਿੰਘ, ਭਾਈ ਭਾਗ ਸਿੰਘ, ਭਾਈ ਝੰਡਾ ਸਿੰਘ, ਭਾਈ ਮੋਹਰ ਸਿੰਘ, ਭਾਈ ਦੇਵਾ ਸਿੰਘ, ਭਾਈ ਬੂੜ ਸਿੰਘ ਦੇ ਨਾਮ ਸਹਾਮਣੇ ਆਉਂਦੇ ਹਨ। ਰਾਗੀ ਭਾਈ ਜੁਵਾਲਾ ਸਿੰਘ ਦੇ ਸਮਕਾਲੀ ਕੀਰਤਨੀਆਂ ਭਾਈ ਨਰਾਇਣ ਸਿੰਘ, ਭਾਈ ਸਾਵਨ ਸਿੰਘ, ਭਾਈ ਸੁੰਦਰ ਸਿੰਘ, ਉਸਤਾਦ ਭਾਈ ਵਸਾਵਾ ਸਿੰਘ ਤੇ ਉਸਤਾਦ ਭਾਈ ਸ਼ਰਧਾ ਸਿੰਘ ਸਨ। ਇਸ ਘਰਾਣੇ ਦੇ ਅਗਾਮੀ ਪੀੜੀ ਦੇ ਵੰਸ਼ਜ਼ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸਵਰਨ ਸਿੰਘ, ਭਾਈ ਕੁਲਤਾਰ ਸਿੰਘ ਤੇ ਭਾਈ ਬਲਦੀਪ ਸਿੰਘ ਹਨ। ਭਾਵੇਂ ਕਿ ਲਿਖਤ ਸਮੱਗਰੀ ਘੱਟ ਉਪਲੱਬਧ ਹੁੰਦੀ ਹੈ ਪ੍ਰੰਤੂ ਇਤਿਹਾਸਕ ਤੌਰ 'ਤੇ ਇਨ੍ਹਾਂ ਦਾ ਯੋਗਦਾਨ ਵਿਸ਼ੇਸ਼ ਹੈ।

ਰਾਗੀ ਭਾਈ ਜੁਵਾਲਾ ਸਿੰਘ ਆਪਣੇ ਕੀਰਤਨ ਘਰਾਣੇ ਦੀ ਪ੍ਰਮੁੱਖ ਤੇ ਕੇਂਦਰੀ ਸ਼ਖ਼ਸੀਅਤ ਹੋਏ। ਉਨ੍ਹਾਂ ਨੇ ਆਪਣੇ ਘਰਾਣੇ ਦੀਆਂ ਪੂਰਵਲੀਆਂ ਅਤੇ ਅਗਾਮੀ ਪੀੜੀਆਂ ਨੂੰ ਨਿਰੰਤਰ ਰੂਪ ਵਿਚ ਜੋੜਨ ਵਾਲੀ ਭੂਮਿਕਾ ਨਿਭਾਈ। ਪੂਰਵਲੀਆਂ ਪੀੜੀਆ ਦੁਆਰਾ ਪ੍ਰਦਾਨ ਕੀਤੀ ਗਈ ਸ਼ਬਦ ਕੀਰਤਨ ਸਮੱਗਰੀ ਦੀ ਸੰਗੀਤਕ ਵਿਰਾਸਤ ਨੂੰ ਆਪ ਨੇ ਅਗਾਮੀ ਪੀੜੀਆਂ ਨੂੰ ਸੌਂਪਿਆ ਤੇ ਸੁਰੱਖਿਅਤ ਰੱਖਣ ਦੀ ਤਾਕੀਦ ਵੀ ਕੀਤੀ। ਰਾਗੀ ਭਾਈ ਜੁਵਾਲਾ ਸਿੰਘ ਦੀ ਸਿੱਖਿਆ ਦੁਆਰਾ ਹੀ ਇਸ ਘਰਾਣੇ ਦੀ ਅਗਾਮੀ ਪੀੜੀ ਨੇ ਇਸ ਸੰਗੀਤ ਨਿਧੀ ਨੂੰ ਸੁਰੱਖਿਅਤ ਰੱਖਣ ਤੋਂ

ਇਲਾਵਾ ਸਮੁੱਚੇ ਵਿਸ਼ਵਭਰ ਵਿਚ ਸੰਚਾਰਿਤ ਕੀਤਾ। ਇਸ ਘਰਾਣੇ ਦੇ ਕੀਰਤਨੀਆਂ ਦੀਆਂ ਜਿੱਥੇ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਦੋ ਪੁਸਤਕਾਂ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਵਾਲੀ* (ਤਿੰਨ ਭਾਗਾਂ ਵਿਚ- ਦੋ ਪ੍ਰਕਾਸ਼ਿਤ ਅਤੇ ਇੱਕ ਅਪ੍ਰਕਾਸ਼ਿਤ ਰੂਪ ਵਿਚ) ਅਤੇ *ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ* ਪ੍ਰਾਪਤ ਹੁੰਦੀਆਂ ਹਨ ਉੱਥੇ ਗੁਰਮਤਿ ਅਤੇ ਸਿੱਖ ਧਰਮ ਨਾਲ ਸਬੰਧਤ ਹੋਰ ਸੱਤ ਪੁਸਤਕਾਂ ਵੀ ਪ੍ਰਾਪਤ ਹੁੰਦੀਆਂ ਹਨ। ਇਸ ਘਰਾਣੇ ਦੇ ਕੀਰਤਨੀਆਂ ਨੇ ਆਪਣੇ ਘਰਾਣੇ ਦੇ ਮੋਢੀ ਦੇ ਨਾਮ 'ਤੇ *ਰਾਗੀ ਭਾਈ ਜੁਵਾਲਾ ਸਿੰਘ ਆਡੀਟੋਰੀਅਮ* , ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਵਿਤੀ ਸਹਾਇਤਾ ਦੇ ਕੇ ਵੀ ਸਥਾਪਿਤ ਕਰਵਾਇਆ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਸਬੰਧੀ ਵਿਸ਼ਲੇਸ਼ਣਾਤਮਕ ਅਧਿਐਨ ਤੋਂ ਸਾਨੂੰ ਮਹੱਤਵਪੂਰਨ ਵਿਸ਼ੇਸ਼ਤਾਵਾਂ ਦ੍ਰਿਸ਼ਟੀਗੋਚਰ ਹੋਈਆਂ ਹਨ ਜਿਵੇਂ ਪੁਰਾਤਨ ਸ਼ਬਦ ਕੀਰਤਨ ਰੀਤਾਂ ਦਾ ਭੰਡਾਰ, ਗਾਇਨ ਸ਼ੈਲੀਆਂ ਦੀ ਪਰੰਪਰਾਗਤ ਮੌਲਿਕਤਾ, ਤੰਤੀ ਸਾਜ਼ਾਂ ਦਾ ਨਿਰੰਤਰ ਕੀਰਤਨ ਹਿਤ ਪ੍ਰਯੋਗ, ਸੁਰਲਿਪੀਬੱਧ ਕਾਰਜ, ਗੁਰਸਿੱਖ ਰਹਿਣੀ-ਬਹਿਣੀ, ਸਾਰੇ ਕੀਰਤਨੀਏ ਵੰਸ਼ਜ਼ਾਂ ਵਲੋਂ ਆਪਣੇ ਨਾਮ ਨਾਲ ਖਾਸ ਕਰਕੇ *ਭਾਈ* ਸ਼ਬਦ ਦਾ ਪ੍ਰਯੋਗ ਕਰਨ ਦੀ ਪਰੰਪਰਾ ਕਾਇਮ ਰੱਖਣੀ ਆਦਿ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦਾ ਤੁਲਨਾਤਮਕ ਅਧਿਐਨ ਕਰਦਿਆਂ ਸਾਡੇ ਸਹਾਮਣੇ ਪ੍ਰਤੱਖ ਹੁੰਦਾ ਹੈ ਕਿ ਇਸ ਘਰਾਣੇ ਕੀਰਤਨੀਆਂ ਨੇ ਧਰੁਪਦ ਗਾਇਕੀ ਨੂੰ ਅਧਾਰ ਬਣਾ ਕੇ ਆਪਣੇ ਘਰਾਣੇ ਦੀਆਂ ਹੀ ਪ੍ਰਾਚੀਨ ਸ਼ਬਦ ਕੀਰਤਨ ਰੀਤਾਂ ਨੂੰ ਗਾਇਆ। ਆਪਣੀ ਸ਼ਬਦ ਗਾਇਕੀ 'ਤੇ ਸਮਕਾਲੀ ਗਾਇਕੀ ਦਾ ਪ੍ਰਭਾਵ ਨਹੀਂ ਪੈਣ ਦਿੱਤਾ। ਇਸ ਦੇ ਨਾਲ ਜੋ ਗਾਇਆ ਉਸ ਨੂੰ ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਸੁਰਲਿਪੀਬੱਧ ਵੀ ਕੀਤਾ। ਇਸ ਅਧਿਆਇ ਦੇ ਸੰਪੂਰਨ ਵਿਸ਼ਲੇਸ਼ਣ ਤੋਂ ਪ੍ਰਤੱਖ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਨੇ ਗੁਰਮਤਿ ਸੰਗੀਤ ਵਿਚ ਕੀਰਤਨ ਘਰਾਣੇ ਵਜੋਂ ਆਪਣੀ ਪਛਾਣ ਵੀ ਬਣਾਈ ਹੈ ਜੋ ਬਾਕੀ ਕੀਰਤਨ ਘਰਾਣਿਆਂ ਲਈ ਇੱਕ ਆਦਰਸ਼, ਮਿਆਰੀ ਤੇ ਮਿਸਾਲਯੋਗ ਹੈ। ਸਮੁੱਚੇ ਰੂਪ ਵਿਚ ਇਸ ਘਰਾਣੇ ਦੇ ਕੀਰਤਨੀਆਂ ਨੂੰ ਰਾਗੀ ਭਾਈ ਜੁਵਾਲਾ ਸਿੰਘ ਦੇ ਵੰਸ਼ਜ ਹੋਣ ਦਾ ਮਾਣ ਹੈ ਅਤੇ ਇਹ ਘਰਾਣਾ ਗੁਰਮਤਿ ਸੰਗੀਤ ਦਾ ਸਨਮਾਨਤ ਘਰਾਣਾ ਹੈ ਜੋ ਬਾਕੀ ਘਰਾਣਿਆਂ ਦੇ ਅਧਿਐਨ ਲਈ ਵਿਸ਼ੇਸ਼ ਅਧਾਰ ਬਣਨ ਦੀਆਂ ਸੰਭਾਵਨਾਵਾਂ ਰੱਖਦਾ ਹੈ। ਇਸ

ਘਰਾਣੇ ਦੀਆਂ ਉਪਲੱਬਧ ਪ੍ਰਕਾਸ਼ਿਤ ਸ਼ਬਦ ਕੀਰਤਨ ਰਚਨਾਵਾਂ ਦੀ ਵਿਸਥਾਰ ਸਹਿਤ ਚਰਚਾ ਚੋਥੇ ਅਧਿਆਇ ਵਿਚ ਕੀਤੀ ਗਈ ਹੈ।

ਚੌਥੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ: ਪਰਿਚਾਤਮਕ ਅਧਿਐਨ** ਦੇ ਅੰਤਰਗਤ ਇਸ ਕੀਰਤਨ ਘਰਾਣੇ ਦੀਆਂ ਪ੍ਰਕਾਸ਼ਿਤ ਸ਼ਬਦ ਕੀਰਤਨ ਰਚਨਾਵਾਂ ਨੂੰ ਇਕੱਤਰ ਤੇ ਵਿਸ਼ਲੇਸ਼ਿਤ ਕੀਤਾ ਗਿਆ ਹੈ। ਸ਼ਬਦ ਕੀਰਤਨ ਰਚਨਾਵਾਂ ਦੀ ਭੂਮਿਕਾ ਸ਼ਬਦ ਕੀਰਤਨ ਦੇ ਅਧਾਰ ਵਜੋਂ ਪ੍ਰਤੱਖ ਹੋ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਇਸ ਦਾ ਨਿਰਧਾਰਤ ਸੰਗੀਤ ਸਰੂਪ ਸ਼ਬਦ ਕੀਰਤਨ ਲਈ ਵਿਸ਼ੇਸ਼ ਸੰਗੀਤ ਵਿਧਾਨ ਅਤੇ ਸ਼ਬਦ ਕੀਰਤਨ ਰਚਨਾਵਾਂ ਦਾ ਵਿਸ਼ਿਸ਼ਟ ਸੰਗੀਤਕ ਆਧਾਰ ਸਿਰਜ ਰਿਹਾ ਹੈ। ਬਾਣੀ ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਾ ਮੂਲ ਵਿਸ਼ਾ ਵਸਤੂ ਜਾਂ ਅਧਾਰ ਹੈ ਜੋ ਗੁਰ ਕਾਲ ਤੋਂ ਹੁਣ ਤੱਕ ਗਾਇਨ ਕੀਤਾ ਜਾ ਰਿਹਾ ਹੈ। ਵਰਤਮਾਨ ਸਮੇਂ ਤਕ ਸੀਨਾ-ਬ-ਸੀਨਾ ਤੇ ਹੁਣ ਲਿਖਤ ਰੂਪ ਵਿਚ ਇਹ ਰਚਨਾਵਾਂ ਸਾਡੇ ਤੱਕ ਪਹੁੰਚੀਆਂ ਹਨ। ਪ੍ਰਕਾਸ਼ਿਤ ਰੂਪ ਇਨ੍ਹਾਂ ਦਾ ਸੁਰਲਿਪੀ ਲੇਖਨ 20ਵੀਂ ਸਦੀ ਦੇ ਪੂਰਵਾਰਧ ਵਿਚ ਆਰੰਭ ਹੋਇਆ।

ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ 20ਵੀਂ ਸਦੀ ਸਤਵੇਂ ਦਹਾਕੇ ਅਧੀਨ ਪ੍ਰਕਾਸ਼ਿਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਨੂੰ ਉਨ੍ਹਾਂ ਦੇ ਘਰਾਣੇ ਦੇ ਕੀਰਤਨੀਆਂ ਦੀ ਸਹਾਇਤਾ ਨਾਲ ਨਿਸ਼ਾਨਦੇਹੀ ਕਰਦਿਆਂ ਇੱਕਤਰ ਕਰ ਵਰਗੀਕ੍ਰਿਤ ਕੀਤਾ ਗਿਆ ਹੈ। ਇਸ ਘਰਾਣੇ ਦੇ ਕੀਰਤਨੀਆਂ ਕੋਲ ਸ਼ਬਦ ਕੀਰਤਨ ਰਚਨਾਵਾਂ ਸੀਨਾ-ਬ-ਸੀਨਾ ਮੌਖਿਕ ਰੂਪ ਤੇ ਲਿਖਤ ਰੂਪ ਵਿਚ ਸਫਰ ਕਰਦੀਆਂ ਰਹੀਆਂ ਹਨ। ਇਹ ਦਸਣਯੋਗ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਨੇ ਖੁਦ ਸ਼ਬਦ ਕੀਰਤਨ ਰਚਨਾਵਾਂ ਨੂੰ ਲਿਖਤ ਰੂਪ ਵਿਚ ਸੰਭਾਲਣ ਦਾ ਕਾਰਜ ਪ੍ਰਾਰੰਭ ਕੀਤਾ ਸੀ। ਇਸ ਘਰਾਣੇ ਨਾਲ ਸਬੰਧਤ ਵੱਖ-ਵੱਖ ਸਰੋਤਾਂ ਤੋਂ ਸਾਨੂੰ ਕੁੱਲ 85 ਰਾਗਾਂ ਵਿਚ 504 ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਇਹ ਤਕਰੀਬਨ ਸਾਰੀਆਂ ਹੀ ਰਾਗੀ ਭਾਈ ਜੁਵਾਲਾ ਸਿੰਘ ਤੋਂ ਰਾਗੀ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਨੂੰ ਮੌਖਿਕ ਰੂਪ ਵਿਚ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਨੂੰ ਬਆਦ ਵਿਚ ਉਨ੍ਹਾਂ ਦੁਆਰਾ ਪੰਜਾਬੀ ਯੂਨੀਵਰਸਿਟੀ ਦੇ

ਸਹਿਯੋਗ ਨਾਲ ਸੰਨ 1979 ਈਸਵੀ ਵਿਚ ਪ੍ਰਕਾਸ਼ਿਤ ਕਰਵਾਇਆ। ਇਹ ਸ਼ਬਦ ਕੀਰਤਨ ਰਚਨਾਵਾਂ ਸਾਨੂੰ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* (ਦੋ ਭਾਗ) ਦੇ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਅਤੇ ਰਾਗ ਪ੍ਰਕਾਰਾਂ, ਭਾਰਤੀ ਸੰਗੀਤ ਦੇ ਰਾਗਾਂ ਦੇ ਅਤੇ ਬਾਣੀ ਤੇ ਸੰਗੀਤ ਦੀਆਂ ਵਿਸ਼ੇਸ਼ ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਵਰਗੀਕ੍ਰਿਤ ਕਰ ਵਿਸ਼ਲੇਸ਼ਿਤ ਕੀਤਾ ਗਿਆ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਸੰਦਰਭ ਵਿਚ ਵਿਸ਼ਲੇਸ਼ਿਤ ਕਰਦਿਆਂ ਮੁੱਖ 31 ਰਾਗਾਂ ਦੀਆਂ 347 ਅਤੇ 14 ਰਾਗ ਪ੍ਰਕਾਰਾਂ ਦੀਆਂ 40 ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਭਾਰਤੀ ਸੰਗੀਤ ਦੇ 40 ਰਾਗਾਂ ਦੇ 98 ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਵਿਭਿੰਨ ਗਾਇਨ ਸ਼ੈਲੀਆਂ ਸੰਦਰਭ ਵਿਚ ਦੇਖੀਏ ਤਾਂ ਧਰੁਪਦ ਅੰਗ ਦੀਆਂ 49, ਧਮਾਰ ਅੰਗ ਦੀਆਂ 16, ਪੜਤਾਲ ਗਾਇਨ ਸ਼ੈਲੀ ਦੀਆਂ 33, ਅਲਾਹੁਣੀਆਂ ਗਾਇਨ ਸ਼ੈਲੀ ਦੀ ਇੱਕ, ਘੋੜੀਆਂ ਗਾਇਨ ਸ਼ੈਲੀ ਦੀ ਇੱਕ, 16 ਵਾਰਾਂ ਤੇ ਉਨ੍ਹਾਂ ਦੀਆਂ ਪਉੜੀਆਂ ਦੀਆਂ 19 ਅਤੇ ਅਨੰਦ ਕਾਰਜ ਦੀ ਰੀਤ ਵਿਚ ਪ੍ਰਯੁਕਤ ਲਾਵ ਬਾਣੀ ਰੂਪ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਇਸ ਦੇ ਨਾਲ-ਨਾਲ ਇਸ ਘਰਾਣੇ ਦੇ ਕੀਰਤਨੀਆਂ ਨਾਲ ਨਿਜੀ ਮੁਲਾਕਾਤ ਦੌਰਾਨ ਸਾਨੂੰ ਸ਼ਬਦ ਕੀਰਤਨ ਰਚਨਾਵਾਂ ਦੀ ਇੱਕ ਹੋਰ ਵਡਮੁੱਲੀ ਪੁਸਤਕ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਤੀਜਾ)* ਦਾ ਪਤਾ ਵੀ ਲੱਗਿਆ ਹੈ ਜੋ ਕਿ ਅਪ੍ਰਕਾਸ਼ਿਤ ਰੂਪ ਵਿਚ ਪਰਿਵਾਰ ਕੋਲ ਸੁਰੱਖਿਅਤ ਪਈ ਹੈ। ਇਹ ਪੁਸਤਕ ਰਾਗੀ ਭਾਈ ਗੁਰਚਰਨ ਸਿੰਘ ਨੇ ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਰਚੀ ਹੈ। ਇਸ ਪੁਸਤਕ ਵਿਚ 59 ਰਾਗਾਂ ਦੀਆਂ 250 ਸ਼ਬਦ ਕੀਰਤਨ ਰਚਨਾਵਾਂ ਦਰਜ ਹਨ। ਵਰਤਮਾਨ ਸਮੇਂ ਤਕ ਇਸ ਕੀਰਤਨ ਘਰਾਣੇ ਦੀਆਂ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਪ੍ਰਚਾਰ ਅਧੀਨ ਆ ਚੁੱਕੀਆਂ ਹਨ। ਅਸੀਂ ਆਪਣੇ ਖੋਜ ਕਾਰਜ ਅਧੀਨ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਵੰਨਗੀ ਮਾਤਰ ਸ਼ਾਮਿਲ ਵੀ ਕੀਤਾ ਹੈ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਂਵਾ ਦੇ ਸਰੂਪ ਸਬੰਧੀ ਵਿਸ਼ਲੇਸ਼ਣ ਕਰਦਿਆਂ ਬੰਦਿਸ਼ਾਂ ਦਾ ਆਧਾਰ ਧਰੁਪਦ, ਧਮਾਰ, ਪੁਰਾਤਨ ਕੀਰਤਨ ਅੰਗ ਪ੍ਰਤੱਖ ਹੋ ਰਿਹਾ ਹੈ। ਇਹ ਬੰਦਿਸ਼ਾਂ ਵੱਡੇ ਛੋਟੇ ਤਾਲਾਂ ਵਿਚ ਬਿਖੜੇ ਰੂਪ ਵਿਚ ਪ੍ਰਾਪਤ ਹੋ ਰਹੀਆਂ ਹਨ। ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਤੋਂ ਸ਼ਬਦ ਕੀਰਤਨ ਦੇ ਮੌਲਿਕ ਅੰਦਾਜ਼ ਨੂੰ ਵਿਭਿੰਨ ਉਦਾਹਰਨਾਂ ਰਾਹੀਂ ਵਿਸ਼ਲੇਸ਼ਿਤ ਕੀਤਾ ਗਿਆ ਹੈ।

ਪੰਜਵਾਂ ਅਧਿਆਇ **ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ** ਹੈ। ਇਸ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਦੇ ਗੁਰਮਤਿ ਸੰਗੀਤ ਵਿਚ ਪਾਏ ਬਹੁ ਯੋਗਦਾਨ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਗੁਰਬਾਣੀ ਵਿਚ ਕੀਰਤਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਗੁਰਬਾਣੀ ਅਧੀਨ ਕੀਰਤਨ ਨੂੰ ਕਲਜੁਗ ਵਿਚ ਪ੍ਰਧਾਨ ਪਦਵੀ ਪ੍ਰਾਪਤ ਹੈ, ਇਸ ਦੇ ਨਾਲ ਕੀਰਤਨ ਨੂੰ ਹੀ ਮਨੁੱਖ ਦਾ ਸਫਲ ਕਰਮ ਦਰਸਾਇਆ ਗਿਆ ਹੈ। ਕੀਰਤਨ ਇੱਕ ਅਜਿਹੀ ਦਾਤ ਹੈ ਜਿਸ ਦਾ ਕੋਈ ਮੁੱਲ ਤੈਹ ਹੀ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਵਿਚ ਜਿਵੇਂ ਕੀਰਤਨ ਨੂੰ ਉੱਚ ਸਥਾਨ ਦਿੱਤਾ ਗਿਆ ਹੈ ਉਸੇ ਤਰ੍ਹਾਂ ਕੀਰਤਨੀਆਂ ਦੀ ਮਹੱਤਤਾ ਦਰਸਾਉਂਦੇ ਹੋਏ ਵਡਿਆਇਆ ਗਿਆ ਹੈ। ਗੁਰਬਾਣੀ ਪ੍ਰਵਾਹ ਅਧੀਨ ਗੁਰੂ ਦੀ ਕੀਰਤੀ ਕਰਨ ਵਾਲੇ ਕੀਰਤਨੀਆਂ ਨੂੰ ਭਲੇ ਭਾਵ ਚੰਗੇ ਵਿਚਾਰਾਂ ਵਾਲੇ, ਦੁੱਖ ਰਹਿਤ, ਸੁਮੱਤ ਦੇ ਧਾਰਨੀ, ਮੌਤ ਦੇ ਭੈ ਤੋਂ ਰਹਿਤ, ਗੁਰਮੁੱਖ, ਵਡਭਾਗੀ, ਪਵਿੱਤਰ ਰਸਨਾ ਵਾਲੇ, ਧੰਨਤਾਯੋਗ, ਨਿਰਮਲ ਮਤ ਦੇ ਧਾਰਨੀ ਆਦਿ ਸ਼ਬਦਾਂ ਨਾਲ ਵਡਿਆਇਆ ਗਿਆ ਹੈ। ਗੁਰਬਾਣੀ ਵਿਚ ਜਿਸ ਕੀਰਤਨੀਏ ਦੀ ਮਹਿਮਾ ਕੀਤੀ ਗਈ ਹੈ ਉਸ ਲਈ ਜ਼ਰੂਰੀ ਹੈ ਕਿ ਉਹ ਗੁਰਮਤਿ ਸਿਧਾਂਤਾਂ, ਗੁਰਮਤਿ ਸੰਗੀਤ ਅਤੇ ਸੰਗੀਤ ਅਨੁਸਾਰ ਆਦਰਸ਼, ਗੁਣ, ਲੱਛਣ ਵੀ ਪ੍ਰਗਟ ਕਰੇ। ਆਦਰਸ ਕੀਰਤਨੀਆ ਇੱਕ ਅਜਿਹੀ ਵਿਸ਼ੇਸ਼ ਸ਼ਖ਼ਸੀਅਤ ਹੈ ਜਿਸ ਵਿਚ ਗੁਰੂ ਸਮਰਪਿਤ ਭਾਵਨਾ, ਗੁਰੂ ਪ੍ਰਤੀ ਸ਼ਰਧਾ, ਉੱਚਾ ਸੁੱਚਾ ਜੀਵਨ ਆਚਰਣ, ਗੁਰੂ ਪ੍ਰਤੀ ਅਤਿ ਦੀ ਨਿਮਾਣਤਾ, ਨਿਸ਼ਕਾਮਤਾ, ਗੁਰਮਤਿ ਦਾ ਧਾਰਨੀ, ਸੰਗੀਤ ਕਲਾ ਵਿਚ ਮੁਹਾਰਤਾ, ਗੁਰਮਤਿ ਸੰਗੀਤ ਵਿਚ ਪ੍ਰਪੱਕਤਾ ਆਦਿ ਗੁਣਾਂ ਦੀ ਭਰਮਾਰ ਹੁੰਦੀ

ਹੈ।ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਨੂੰ ਆਦਰਸ਼ ਕੀਰਤਨੀਆਂ ਦੇ ਉਕਤ ਗੁਣਾਂ 'ਤੇ ਵਿਸ਼ਲੇਸ਼ਿਤ ਕੀਤਾ ਗਿਆ ਹੈ।

19ਵੀਂ ਸਦੀ ਤੇ 20ਵੀਂ ਸਦੀ ਦੇ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਉੱਤੇ ਰਾਗੀ ਭਾਈ ਜੁਵਾਲਾ ਸਿੰਘ ਦਾ ਵਿਸ਼ੇਸ਼ ਪ੍ਰਭਾਵ ਹੈ। ਭਾਈ ਜੁਵਾਲਾ ਸਿੰਘ ਆਪਣੀ ਸ਼ਖ਼ਸੀਅਤ ਕਰਕੇ ਗੁਰਸਿੱਖ, ਪੰਥਕ ਰਹਿਣੀ-ਬਹਿਣੀ ਵਾਲੇ ਕੀਰਤਨੀਏ ਸਨ ਜਿਨ੍ਹਾਂ ਨੇ ਪੰਥ ਵਿਚ ਕੀਰਤਨੀਏ ਦੀ ਗੁਰਸਿੱਖ ਸ਼ਖ਼ਸੀ ਪਰੰਪਰਾ ਨੂੰ ਸਥਾਪਿਤ ਤੇ ਉਜਾਗਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਿਤ ਸ਼ਖਸ਼ੀਅਤ ਸਨ। ਗੁਰਮਤਿ ਸੰਗੀਤ ਅਤੇ ਸੰਗੀਤ ਕਲਾ ਵਿਚ ਪ੍ਰਪੱਕ ਰਾਗੀ ਭਾਈ ਜੁਵਾਲਾ ਸਿੰਘ ਨੇ ਸ਼ਬਦ ਕੀਰਤਨ ਵਿਚ ਵੱਖ-ਵੱਖ ਸ਼ਾਸ਼ਤਰੀ ਤੇ ਲੋਕ ਸੰਗੀਤਕ ਅੰਗ ਦੀਆਂ ਗਾਇਨ ਸ਼ੈਲੀਆਂ ਦੇ ਪਰੰਪਰਾਗਤ ਗਾਇਨ ਨੂੰ ਪ੍ਰਚਾਰਿਆ। ਆਪ ਦੇ ਕੀਰਤਨ 'ਤੇ ਧਰੁਪਦ ਗਾਇਕੀ ਵਿਸ਼ੇਸ਼ ਪ੍ਰਭਾਵ ਰਿਹਾ ਜੋ ਆਪ ਦੇ ਘਰਾਣੇ ਵਿਚ ਪ੍ਰਚਲਿਤ ਸ਼ਬਦ ਕੀਰਤਨ ਰਚਨਾਵਾਂ ਤੋਂ ਪ੍ਰਤੱਖ ਹੈ।

ਰਾਗੀ ਭਾਈ ਜੁਵਾਲਾ ਸਿੰਘ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਵਿਚ ਬਹੁ ਪੱਖੀ ਯੋਗਦਾਨ ਪਾਇਆ। ਆਪ ਦੀ ਵਿਆਕਤੀਤਵ ਵਿਚ ਜਿੱਥੇ ਗੁਰਮੁਖ ਕੀਰਤਨੀਆਂ ਵਾਲੇ ਗੁਣ ਪ੍ਰਗਟ ਹੋਏ ਹਨ ਉੱਥੇ ਆਪ ਨੇ ਕੀਰਤਨੀਆਂ ਲਈ ਬਾਣੀ ਗਿਆਨ ਦਾ ਅਦਰਸ਼ ਵੀ ਕਾਇਮ ਕੀਤਾ ਹੈ। ਆਪ ਗੁਰਬਾਣੀ ਦੇ ਨਿਤ ਅਭਿਆਸ ਹੋਣ ਕਾਰਨ ਆਪ ਕੋਲ ਗੁਰਬਾਣੀ ਦੇ ਵਿਸ਼ਾਲ ਸ਼ਬਦਾਂ ਦਾ ਭੰਡਾਰ ਮੌਜੂਦ ਸੀ। ਆਪ ਰਾਗ ਪ੍ਰਧਾਨ ਕੀਰਤਨ ਨੂੰ ਮਹੱਤਤਾ ਦਿੰਦੇ ਸਨ। ਕੱਚੀਆਂ ਧਾਰਨਾਵਾਂ ਦੀ ਬਜਾਏ ਗੁਰੂ ਸਾਹਿਬ ਵਲੋਂ ਬਖਸ਼ੀ ਕੀਰਤਨ ਪਰੰਪਰਾ ਨੂੰ ਅਧਾਰ ਬਣਾ ਕੇ ਰਾਗਾਂ ਵਿਚ ਕੀਰਤਨ ਕਰਦੇ ਸਨ। ਇਸ ਨਾਲ ਕੀਰਤਨੀਏ ਲਈ ਕੀਰਤਨ ਵਿਚ ਰਾਗ ਦੀ ਅਹਿਮੀਅਤ ਨੂੰ ਸਥਾਪਤ ਕਰਨ ਵਿਚ ਆਪ ਸਫਲ ਹੋਏ ਹਨ। ਇੱਕ ਕੀਰਤਨੀਆਂ ਲਈ ਇਨ੍ਹਾਂ ਗਾਇਨ ਸ਼ੈਲੀਆਂ ਦਾ ਗਿਆਨ ਹੋਣਾ ਜਰੂਰੀ ਹੈ ਉੱਥੇ ਇਨ੍ਹਾਂ ਦਾ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਕਰਨਾ ਆਉਣਾ ਵੀ ਲਾਜ਼ਮੀ ਹੈ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਕੀਰਤਨੀਆਂ ਲਈ ਪ੍ਰੇਰਣਾ ਸਰੋਤ ਵਜੋਂ ਉਭਰ ਕੇ ਸਹਾਮਣੇ ਆਉਂਦੇ ਹਨ। ਆਪ ਤੰਤੀ ਸਾਜ਼ ਤਾਊਸ 'ਤੇ ਆਪਣਾ ਪੂਰਾ ਅਧਿਕਾਰ ਰੱਖਦੇ ਸਨ। ਆਪ ਨੇ ਤੰਤੀ ਸਾਜ਼ਾਂ

(ਤਾਊਸ ਦੇ ਪਰਿਪੇਖ ਵਿਚ) ਦੇ ਪ੍ਰਚਾਰ ਤੇ ਪਾਸਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਨੇ ਜਿੱਥੇ ਆਪਣੇ ਕੀਰਤਨ ਘਰਾਣੇ ਦੀ ਨਿਰੰਤਰਤਾ ਨੂੰ ਕਾਇਮ ਰੱਖਿਆ ਉੱਥੇ ਕੀਰਤਨੀਆਂ ਲਈ ਇਸ ਸੰਦਰਭ ਵਿਚ ਇੱਕ ਆਦਰਸ਼ ਵੀ ਕਾਇਮ ਕੀਤਾ। ਆਪ ਨੇ ਸ਼ਬਦ ਕੀਰਤਨ ਰਚਨਾਵਾਂ ਦੀ ਸੁਰੱਖਿਆ ਸੰਭਾਲ ਹਿਤ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਜਿੱਥੇ ਸ਼ਬਦ ਕੀਰਤਨ ਦੀ ਸਾਂਭ ਸੰਭਾਲ ਪ੍ਰਤੀ ਸੁਹਿਰਦਤਾ ਰੱਖਦੇ ਸਨ ਉੱਥੇ ਆਪ ਨੇ ਕੀਰਤਨ ਦਾ ਦੇਸ਼ ਦੇ ਵਿਭਿੰਨ ਖੇਤਰਾਂ ਵਿਚ ਪ੍ਰਚਾਰ ਤੇ ਪਾਸਾਰ ਵੀ ਕੀਤਾ। ਆਪ ਨੇ ਸ਼ਬਦ ਕੀਰਤਨ ਹਿਤ ਵਿਭਿੰਨ ਤਾਲਾਂ ਦਾ ਪ੍ਰਯੋਗ ਕੀਤਾ ਪ੍ਰਗਟ ਹੋ ਰਿਹਾ ਹੈ ਜੋ ਆਪ ਦਾ ਗੁਰਮਤਿ ਸੰਗੀਤ ਪਰੰਪਰਾ ਵਿਚ ਪਾਏ ਵਡਮੁੱਲੇ ਯੋਗਦਾਨ ਦਾ ਲਖਾਇਕ ਹੈ। ਸਮੁਚੇ ਰੂਪ ਵਿਚ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਦਾ ਪੁਰਾਤਨ ਸ਼ਬਦ ਕੀਰਤਨ ਰੀਤਾਂ ਦਾ ਭੰਡਾਰ, ਗਾਇਨ ਸ਼ੈਲੀਆਂ ਦੀ ਪਰੰਪਰਾਗਤ ਮੌਲਿਕਤਾ, ਤੰਤੀ ਸਾਜ਼ਾਂ ਦਾ ਨਿਰੰਤਰ ਕੀਰਤਨ ਹਿਤ ਪ੍ਰਯੋਗ, ਸੁਰਲਿਪੀਬੱਧ ਕਾਰਜ, ਗੁਰਸਿੱਖ ਰਹਿਣੀ-ਬਹਿਣੀ, ਸਾਰੇ ਕੀਰਤਨੀਏ ਵੰਸ਼ਜ਼ਾਂ ਵਲੋਂ ਆਪਣੇ ਨਾਮ ਨਾਲ ਖਾਸ ਕਰਕੇ *ਭਾਈ* ਸ਼ਬਦ ਦਾ ਪ੍ਰਯੋਗ ਕਰਨ ਦੀ ਪਰੰਪਰਾ ਕਾਇਮ ਰੱਖਣ ਆਦਿ ਦੇ ਰੂਪ ਵਿਚ ਬਹੁਪੱਖੀ ਯੋਗਦਾਨ ਪ੍ਰਤੱਖ ਹੁੰਦਾ ਹੈ।

ਰਾਗੀ ਭਾਈ ਜੁਵਾਲਾ ਸਿੰਘ ਬਹੁਪੱਖੀ ਤੇ ਬਹੁਮੁੱਖੀ ਗੁਰਸਿੱਖ ਕੀਰਤਨੀਏ ਵਜੋਂ ਪ੍ਰਗਟ ਹੋਏ ਹਨ। ਉਨ੍ਹਾਂ ਦੀ ਸ਼ਖ਼ਸੀਅਤ ਸਿੱਖ ਧਰਮ ਵਿਚ ਆਦਰਸ਼ ਕੀਰਤਨੀਏ ਦੇ ਰੂਪ ਵਜੋਂ ਉਜਾਗਰ ਹੁੰਦੀ ਹੈ। ਉਹ ਗੁਰਮਤਿ ਸੰਗੀਤ ਦੇ ਸਿਧਾਂਤ ਦੀ ਪਾਲਣਾ ਵੀ ਕਰ ਰਹੇ ਹਨ ਤੇ ਸੰਗੀਤ ਤੇ ਤੰਤੀ ਸਾਜ਼ਾਂ ਦੇ ਸਾਧਕ ਵੀ ਹਨ। ਉਨ੍ਹਾਂ ਨੇ ਜੀਵਨ ਵਿਚ ਕੀਰਤਨ ਨੂੰ ਮੂਲ ਰੂਪ ਵਿਚ ਅਪਣਾਇਆ। ਇਸ ਦੇ ਨਾਲ-ਨਾਲ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਵੀ ਪ੍ਰਚਾਰਿਆ। ਆਪਣਾ ਕੀਰਤਨ ਘਰਾਣਾ ਕਾਇਮ ਕੀਤਾ ਤੇ ਵਿਸ਼ਾਲ ਸ਼ਬਦ ਕੀਰਤਨ ਰਚਨਾਵਾਂ ਸੁਰੱਖਿਅਤ ਕੀਤੀਆਂ। ਭਾਈ ਜੁਵਾਲਾ ਸਿੰਘ ਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਬਹੁਪੱਖੀ ਯੋਗਦਾਨ ਦੇ ਵਿਸ਼ਲੇਸ਼ਣ ਤੋਂ ਪ੍ਰਗਟ ਹੈ ਕਿ ਗੁਰਮਤਿ ਸੰਗੀਤ ਸਬੰਧੀ ਇਨ੍ਹਾਂ ਦੇ ਸਮੁੱਚੇ ਕਾਰਜਾਂ ਦੇ ਅਧਾਰ 'ਤੇ ਭਵਿੱਖ ਵਿਚ ਗੁਰਮਤਿ ਸੰਗੀਤ ਦੇ ਹੋਰ ਵਿਦਵਾਨਾਂ ਅਤੇ ਕੀਰਤਨੀਆਂ ਸਬੰਧੀ ਬਹੁਪੱਖੀ ਅਧਿਐਨ ਸਬੰਧੀ ਸਾਰਥਕ, ਉਸਾਰੂ ਅਤੇ ਉਚੇਚੇ ਯਤਨ ਕੀਤੇ ਜਾ ਸਕਣਗੇ।

# ਗੁਰਮਤਿ ਸੰਗੀਤ ਵਿਚ
# ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

**ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ**

**ਫ਼ੈਕਲਟੀ ਆਫ਼ ਆਰਟਸ ਐਂਡ ਕਲਚਰ ਅਧੀਨ**

**ਪੀ-ਐੱਚ.ਡੀ. (ਗੁਰਮਤਿ ਸੰਗੀਤ)**

**ਦੀ ਡਿਗਰੀ ਲਈ ਪ੍ਰਸਤੁਤ ਖੋਜ ਪ੍ਰਬੰਧ ਦਾ**

**ਸਾਰੰਸ਼**


ਨਿਗਰਾਨ ਖੋਜਾਰਥੀ

**ਡਾ. ਗੁਰਨਾਮ ਸਿੰਘ** **ਗਗਨਦੀਪ**

ਪ੍ਰੋਫ਼ੈਸਰ

ਗੁਰਮਤਿ ਸੰਗੀਤ ਵਿਭਾਗ

ਪੰਜਾਬੀ ਯੂਨੀਵਰਸਿਟੀ ਪਟਿਆਲਾ



**ਗੁਰਮਤਿ ਸੰਗੀਤ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਫਰਵਰੀ, 2019**

# ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

ਸਿੱਖ ਧਰਮ ਦੇ ਸੰਦਰਭ ਵਿਚ ਵੇਖੀਏ ਤਾਂ ਧਰਮ ਅਤੇ ਸੰਗੀਤ ਦੀ ਵਿਹਾਰਕ ਸਾਂਝ ਵਿਚੋਂ ਗੁਰਮਤਿ ਸੰਗੀਤ ਨੇ ਨਿਵੇਕਲੀ ਪਛਾਣ ਬਣਾਈ ਹੈ। ਇਸ ਪਰੰਪਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਹੋਇਆ ਜਿਸ ਨੂੰ ਸਮੂਹ ਗੁਰੂ ਸਾਹਿਬਾਨ ਨੇ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਵਿਕਸਿਤ ਕੀਤਾ। ਗੁਰੂ ਕਾਲ ਤੋਂ ਬਾਅਦ ਇਸ ਪਰੰਪਰਾ ਦਾ ਵਿਕਾਸ ਨਿਰੰਤਰ ਜਾਰੀ ਰਿਹਾ। ਵੱਖ-ਵੱਖ ਕਾਲਾਂ ਵਿਚ ਰਾਗੀਆਂ, ਰਬਾਬੀਆਂ, ਟਕਸਾਲਾਂ ਨੇ ਇਸ ਪਰੰਪਰਾ ਦਾ ਨਿਰੰਤਰ ਪ੍ਰਚਾਰ ਤੇ ਪਾਸਾਰ ਕੀਤਾ। ਵਰਤਮਾਨ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਟਕਸਾਲਾਂ ਦੇ ਨਾਲ-ਨਾਲ ਗੁਰੂ ਘਰਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਅਧਿਐਨ ਅਤੇ ਅਧਿਆਪਨ ਦਾ ਵਿਸ਼ਾ ਹੈ। ਸਮਕਾਲੀ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰਮਤਿ, ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਸਮਕਾਲੀ ਕੀਰਤਨੀਆਂ ਦਾ ਵਡੇਰਾ ਯੋਗਦਾਨ ਹੈ ਜਿਨ੍ਹਾਂ ਵਿਚੋਂ ਭਾਈ ਮੋਤੀ, ਭਾਈ ਤਾਬਾ, ਭਾਈ ਲਾਲ, ਭਾਈ ਗੁਰਮੁਖ ਸਿੰਘ, ਸੁਰਮਖ ਸਿੰਘ ਫੱਕਰ, ਭਾਈ ਜੱਸਾ ਭਾਈ ਪਾਲਾ, ਭਾਈ ਚਾਂਦ, ਭਾਈ ਮਨਸ਼ਾ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੁਰਜਨ ਸਿੰਘ, ਭਾਈ ਵਸਾਵਾ ਸਿੰਘ, ਭਾਈ ਸ਼ਰਧਾ ਸਿੰਘ, ਭਾਈ ਹੀਰਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਆਦਿ ਪ੍ਰਮੁਖ ਹਨ।

ਸਮਕਾਲੀ ਕੀਰਤਨੀਆਂ ਵਿਚੋਂ ਕੁਝ ਕੀਰਤਨੀਏ ਅਦਰਸ਼ ਰੂਪ ਵਿਚ ਪ੍ਰਤੀਬਿੰਬਤ ਹੁੰਦੇ ਹਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਗੁਰੂ ਘਰ ਦੀ ਕੀਰਤਨ ਪਰੰਪਰਾ ਨੂੰ ਸਮਰਪਿਤ ਕੀਤਾ। ਇਨ੍ਹਾਂ ਕੀਰਤਨੀਆਂ ਵਿਚੋਂ ਰਾਗੀ ਭਾਈ ਜੁਵਾਲਾ ਸਿੰਘ ਸੈਦਪੁਰ ਠੱਠਾ ਟਿੱਬਾ ਵਾਲੇ ਵਿਸ਼ੇਸ਼ ਹਨ। ਭਾਈ ਜੁਵਾਲਾ ਸਿੰਘ ਇੱਕ ਐਸੀ ਸ਼ਖ਼ਸੀਅਤ ਵਜੋਂ ਪ੍ਰਤੱਖ ਹੁੰਦੇ ਹਨ, ਜਿਨ੍ਹਾਂ ਨੇ ਸ਼ਬਦ ਕੀਰਤਨ ਦੀ ਪਰੰਪਰਾਗਤ ਸ਼ੈਲੀ ਨੂੰ ਜੀਵੰਤ ਰੱਖਿਆ। ਇਸ ਕੀਰਤਨ ਸ਼ੈਲੀ ਨੂੰ ਆਪਣੇ ਵੰਸ਼ਜ ਕੀਰਤਨੀਆਂ ਦੇ ਰੂਪ ਵਿਚ ਸੁਰੱਖਿਅਤ ਕੀਤਾ। ਰਾਗੀ ਭਾਈ ਜੁਵਾਲਾ ਸਿੰਘ ਦੀ ਵਿਸ਼ੇਸ਼ ਧਰੁਪਦ ਅੰਗ ਦੀ ਸ਼ਬਦ ਕੀਰਤਨ ਸ਼ੈਲੀ ਅਤੇ ਸ਼ਬਦ ਕੀਰਤਨ ਰੀਤਾਂ ਦਾ ਖਜ਼ਾਨਾ ਮੌਜੂਦ ਸੀ ਜੋ ਇੰਨ੍ਹਾਂ ਦੇ ਕੀਰਤਨ ਘਰਾਣੇ ਵਿਚ ਦੇਖਿਆ ਜਾ ਸਕਦਾ ਹੈ। ਗੁਰਮਤਿ

ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ ਵਿਚ ਉਨਵੀਂ ਅਤੇ ਵੀਹਵੀਂ ਸਦੀ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਅਤੇ ਇਨ੍ਹਾਂ ਦੇ ਕੀਰਤਨ ਘਰਾਣੇ ਦਾ ਯੋਗਦਾਨ ਵਿਸ਼ੇਸ਼ ਪਛਾਣਯੋਗ ਸਥਾਨ ਰੱਖਦਾ ਹੈ। ਗੁਰਮਤਿ ਸੰਗੀਤ ਦੇ ਸੰਦਰਭ ਵਿੱਚ ਰਾਗੀ ਭਾਈ ਜੁਵਾਲਾ ਸਿੰਘ ਆਜੀਵਨ ਕਾਰਜ਼ਸੀਲ ਰਹੇ। ਗੁਰਮਤਿ ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ ਵਿਚ ਵੀਹਵੀਂ ਸਦੀ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਘਰਾਣਿਆਂ ਦਾ ਯੋਗਦਾਨ ਵਿਸ਼ੇਸ਼ ਪਛਾਣਯੋਗ ਸਥਾਨ ਰੱਖਦਾ ਹੈ। ਇਸੇ ਲਈ ਅਸੀਂ ਗੁਰਮਤਿ ਸੰਗੀਤ ਵਿਚ *ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ* ਵਿਸ਼ੇ ਨੂੰ ਖੋਜ ਦਾ ਵਿਸ਼ਾ ਬਣਾਇਆ ਹੈ। ਇਸ ਖੋਜ ਕਾਰਜ ਅਧੀਨ ਅਸੀਂ ਆਪਣੇ ਵਿਸ਼ੇ ਨੂੰ ਹੇਠ ਲਿਖੇ ਵੱਖ-ਵੱਖ ਪੰਜ ਅਧਿਆਇਆਂ ਵਿਚ ਵਿਭਾਜਿਤ ਕੀਤਾ ਹੈ:

ਪਹਿਲਾ ਅਧਿਆਇ - ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ

ਦੂਜਾ ਅਧਿਆਇ - ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਕਾਰਜ

ਤੀਜਾ ਅਧਿਆਇ - ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ

ਚੌਥਾ ਅਧਿਆਇ - ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ : ਪਰਿਚਾਤਮਕ ਅਧਿਐਨ

ਪੰਜਵਾਂ ਅਧਿਆਇ - ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ** ਦੇ ਅੰਤਰਗਤ ਵਿਭਿੰਨ ਇਤਿਹਾਸਕ ਸਰੋਤਾਂ ਤੋਂ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਸਬੰਧੀ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਐਨ ਤੋਂ ਗੁਰਮਤਿ ਸੰਗੀਤ ਦੀ ਇਤਿਹਾਸਕ ਸਥਾਪਤੀ ਪੜਾਅ-ਦਰ-ਪੜਾਅ ਸਿਲਸਿਲੇਵਾਰ ਵਿਕਸਿਤ ਨਜ਼ਰੀ ਆਉਂਦੀ ਹੈ। ਗੁਰਮਤਿ ਸੰਗੀਤ ਦੀ ਇਸ ਸਥਾਪਤੀ ਦਾ ਵਿਸ਼ਾਲ ਕਾਰਜ ਵੱਖ-ਵੱਖ ਯੋਗਦਾਨੀਆਂ ਦੀ ਅਹਿਮ ਭੂਮਿਕਾ ਅਤੇ ਵੱਡਮੁਲੇ ਯੋਗਦਾਨ ਸਦਕਾ ਹੀ ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਵਿਹਾਰਕ ਸਥਾਪਤੀ ਸੰਭਵ ਹੋ ਸਕੀ ਹੈ। ਗੁਰਮਤਿ ਸੰਗੀਤ ਦਾ ਸਿਧਾਂਤਕ, ਵਿਹਾਰਕ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਯੋਗਦਾਨ ਪ੍ਰਗਟ ਹੋ ਰਿਹਾ ਹੈ। ਗੁਰੂ ਸਾਹਿਬਾਨ ਵੱਲੋਂ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਚਉਕੀਆਂ, ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨੀਏ, ਸਾਜ਼ਾਂ ਆਦਿ ਦੇ ਵਿਕਾਸ ਵਿਚ ਵਡੇਰਾ ਯੋਗਦਾਨ ਪਾਇਆ ਹੈ। ਗੁਰੂ ਘਰ ਦੇ ਕੀਰਤਨੀਆਂ ਨੇ ਗੁਰਮਤਿ ਸੰਗੀਤ ਦੀ ਵਿਹਾਰਕਤਾ ਨੂੰ ਪ੍ਰਾਰੰਭ ਤੋਂ ਹੁਣ ਤਕ ਨਿਰੰਤਰ ਜੀਵੰਤ ਰੱਖਣ ਦਾ ਵਡੇਰਾ ਯੋਗਦਾਨ ਰਿਹਾ ਹੈ। ਇਸ ਸੰਦਰਭ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦੁਆਰਾ ਪੁਰਾਤਨ ਤੇ ਮੌਲਿਕ ਸ਼ਬਦ ਕੀਰਤਨ ਰਚਨਾਵਾਂ ਦੇ ਭੰਡਾਰ ਨੂੰ ਭਵਿੱਖ ਲਈ

ਸੁਰੱਖਿਅਤ ਕਰਨ ਵਿਚ ਅਹਿਮ ਯੋਗਦਾਨ ਪ੍ਰਤੱਖ ਹੋ ਰਿਹਾ ਹੈ। ਗੁਰਮਤਿ ਸੰਗੀਤ ਦੀਆਂ ਟਕਸਾਲਾਂ ਨੇ ਇਸ ਦੇ ਬਹੁਪੱਖੀ ਸਿਖਲਾਈ ਖੇਤਰ ਨੂੰ ਨਿਰੰਤਰ ਵਿਕਸਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਦੀਆਂ ਸੰਸਥਾਵਾਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਤੋਂ ਲੈ ਕੇ ਇਸ ਦਾ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰਚਾਰ ਤੇ ਪਾਸਾਰ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਅ ਰਹੀਆਂ ਹਨ। ਗੁਰਮਤਿ ਸੰਗੀਤ ਦੇ ਪ੍ਰਮੁਖ ਸਾਜ਼ ਨਿਰਮਾਤਾਵਾਂ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਦੇ ਸਾਜ਼ ਵਿਸ਼ੇਸ਼ ਕਰਕੇ ਤੰਤੀ ਸਾਜ਼ਾਂ ਦੀ ਸੁਰੱਖਿਆ, ਸੰਭਾਲ, ਉਨ੍ਹਾਂ ਦੀ ਮੁੜ ਸੁਰਜੀਤੀ ਆਦਿ ਦੇ ਸੰਦਰਭ ਵਿਚ ਯੋਗਦਾਨ ਪ੍ਰਗਟ ਹੋ ਰਿਹਾ ਹੈ। ਗੁਰੂ ਕਾਲ ਤੋਂ ਹੀ ਪ੍ਰਮੁਖ ਸ਼ਖ਼ਸੀਅਤਾਂ ਦਾ ਗੁਰਮਤਿ ਸੰਗੀਤ ਦੇ ਵਿਕਾਸ, ਪ੍ਰਚਾਰ, ਪਾਸਾਰ, ਅਕਾਦਮਿਕ ਸਥਾਪਤੀ ਆਦਿ ਦੇ ਸੰਦਰਭ ਵਿਚ ਸਰਪ੍ਰਸਤ ਰੂਪ ਵਿਚ ਯੋਗਦਾਨ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰਮਤਿ ਸੰਗੀਤ ਦੀ ਸਾਹਿਤਕ ਸਮੱਗਰੀ ਦੀ ਸੁਰੱਖਿਆ ਸੰਭਾਲ ਹਿਤ ਪ੍ਰਕਾਸ਼ਕਾਂ ਦਾ ਯੋਗਦਾਨ ਵੀ ਸਾਡੇ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਵਰਤਮਾਨ ਸਮੇਂ ਇੰਟਰਨੈੱਟ, ਵੈਬਸਾਇਟਸ, ਟੀ. ਵੀ. ਚੈਨਲ, ਰੇਡੀਓ ਆਦਿ ਸੰਚਾਰ ਦੇ ਇਲੈਕਟ੍ਰੋਨਿਕ ਸਾਧਨਾਂ ਨੇ ਗੁਰਮਤਿ ਸੰਗੀਤ ਦਾ ਬਹੁਪੱਖੀ ਗਲੋਬਲ ਪੱਧਰ 'ਤੇ ਵਿਕਾਸ ਕੀਤਾ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਹਰ ਯੋਗਦਾਨੀ ਦੁਆਰਾ ਦਿੱਤੇ ਆਪਣੇ ਵਿਸ਼ੇਸ਼ ਯੋਗਦਾਨ ਪਿੱਛੇ ਉਸ ਦੀ ਸ਼ਰਧਾ ਭਾਵਨਾ ਦੇ ਨਾਲ-ਨਾਲ ਨਿਸ਼ਕਾਮਤਾ ਤੇ ਸਮਰਪਣ ਵੀ ਦੇਖਿਆ ਜਾ ਸਕਦਾ ਹੈ। ਅਜੋਕੇ ਸਮੇਂ ਵੀ ਗੁਰਮਤਿ ਸੰਗੀਤ ਵਿਚ ਵੱਖ-ਵੱਖ ਯੋਗਦਾਨੀਆਂ ਦੁਆਰਾ ਯੋਗਦਾਨ ਨਿਰੰਤਰ ਜਾਰੀ ਹੈ।

ਇਸ ਅਧਿਆਇ ਵਿਚ ਗੁਰਮਤਿ ਸੰਗੀਤ ਦੇ ਵਿਭਿੰਨ ਪਰਿਪੇਖਾਂ ਦੇ ਸੰਦਰਭ ਵਿਚ ਗੁਰੂ ਕਾਲ ਤੋਂ ਵਰਤਮਾਨ ਸਮੇਂ ਤਕ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਦਾ ਬਹੁਪੱਖੀ ਯੋਗਦਾਨ ਪ੍ਰਗਟ ਹੋਇਆ ਹੈ। ਇਸ ਵਿਸ਼ਾਲ ਯੋਗਦਾਨ ਦੀ ਰੋਸ਼ਨੀ ਵਿਚ ਹੀ ਰਾਗੀ ਭਾਈ ਜੁਵਾਲਾ ਸਿੰਘ ਦੇ ਯੋਗਦਾਨ ਨੂੰ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਹੈ।

ਦੂਜੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਕਾਰਜ** ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਜੀਵਨ ਅਤੇ ਇੱਕ ਕੀਰਤਨੀਏ ਦੇ ਤੌਰ 'ਤੇ ਕੀਤੇ ਕਾਰਜਾਂ ਨੂੰ ਵਿਸ਼ਲੇਸ਼ਿਤ ਕੀਤਾ ਹੈ। ਰਾਗੀ ਭਾਈ ਜੁਵਾਲਾ ਸਿੰਘ ਦੀ ਸਮਕਾਲੀ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਸਥਿਤੀ ਨੂੰ ਪਿੱਠਭੂਮੀ ਵਜੋਂ ਅਧਿਐਨ ਕਰਦਿਆਂ ਪ੍ਰਤੱਖ ਹੋਇਆ ਕਿ ਉਸ ਸਮੇਂ ਸਿੱਖਾਂ ਦੀ ਹੋਂਦ ਹੀ ਖਤਰੇ ਵਿਚ ਸੀ। ਭਾਈ ਸਾਹਿਬ ਦੇ ਪਰਿਵਾਰਕ ਪਿਛੋਕੜ ਨੂੰ ਵਿਭਿੰਨ ਲਿਖਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਬਰਾਂ ਨਾਲ ਕੀਤੀਆਂ ਵਿਭਿੰਨ ਮੁਲਕਾਤਾਂ ਤੋਂ ਪ੍ਰਤੱਖ ਹੁੰਦਾ ਹੈ ਜਿਵੇਂ ਕਿ ਉਨ੍ਹਾਂ ਦੇ ਪੂਰਵਜਾਂ ਨੂੰ ਗੁਰੂ ਅਮਰਦਾਸ ਤੋਂ ਸਿੱਖੀ, ਕੀਰਤਨ ਦੀ ਦਾਤ ਗੁਰੂ ਅਰਜਨ ਦੇਵ ਅਤੇ ਅੰਮ੍ਰਿਤ ਦੀ ਬਖਸ਼ਿਸ਼ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਸਾਜਨਾ ਸਮੇਂ ਪ੍ਰਾਪਤ ਹੋਈ ਹੈ। ਭਾਈ ਸਾਹਿਬ ਦਾ ਜਨਮ 1879 ਈ. ਵਿਚ ਹੋਇਆ। ਉਨ੍ਹਾਂ ਆਪਣੇ ਪਿਤਾ ਕੋਲੋਂ ਸ਼ਬਦ ਕੀਰਤਨ ਸਿੱਖਣ ਤੋਂ ਇਲਾਵਾ ਉਸਤਾਦ ਕੀਰਤਨੀਏ ਭਾਈ ਵਸਾਵਾ ਸਿੰਘ 'ਰੰਗੀ ਰਾਮ' ਅਤੇ ਭਾਈ ਸ਼ਰਧਾ ਸਿੰਘ ਤੋਂ ਸ਼ਬਦ ਕੀਰਤਨ ਦੀ ਵਿੱਦਿਆ ਗ੍ਰਹਿਣ ਕੀਤੀ। ਇਸ ਸਮੇਂ ਦੋਰਾਨ ਰਾਗੀ ਭਾਈ ਜੁਵਾਲਾ ਸਿੰਘ ਨੂੰ ਅਣਸੁਖਾਵੇਂ ਹਲਾਤਾਂ ਵਿਚੋਂ ਗੁਜਰਨਾ ਪਿਆ ਹੈ।

ਰਾਗੀ ਭਾਈ ਜੁਵਾਲਾ ਸਿੰਘ ਲੰਮੇ, ਉੱਚੇ ਤੇ ਸਡੋਲ ਸਰੀਰ ਵਾਲੇ ਗੁਰਸਿਖ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਨੂੰ ਦਿਲ ਖਿੱਚਵੀਂ ਅਤੇ ਮਧੁਰ ਅਵਾਜ਼ ਪ੍ਰਾਪਤ ਸੀ। ਗੁਰਮਤਿ ਸੰਗੀਤ ਦੀਆਂ ਰੀਤਾਂ, ਪੜਤਾਲਾਂ, ਰਾਗਾਂ ਦੀ ਵਿਸ਼ਾਲ ਸੂਝ ਤੇ ਪੁਰਾਤਨ ਗਾਇਕੀ ਦਾ ਅਥਾਹ ਗਿਆਨ ਸੀ। ਇਸ ਦੇ ਨਾਲ ਤਾਊਸ, ਸਰੰਦਾ, ਦਿਲਰੁਬਾ, ਹਰਮੋਨੀਅਮ, ਤਬਲਾ, ਜੋੜੀ ਆਦਿ ਅਨੇਕ ਸਾਜ਼ ਵਜਾਉਣ ਵਿਚ ਮੁਹਾਰਤ ਹਾਸਲ ਸੀ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨੀ ਜਥੇ ਦੇ ਸਾਥੀ ਵੀ ਸੰਗੀਤ ਦੇ ਧੁਰੰਦਰ ਵਿਦਵਾਨ ਸਨ। ਭਾਈ ਸਾਹਿਬ ਨੇ 1899 ਤੋਂ 1952 ਤੱਕ ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਸ਼ਬਦ ਕੀਰਤਨ ਦੀ ਸੇਵਾ ਨਿਭਾਈ ਹੈ। ਭਾਈ ਸਾਹਿਬ ਕੋਲ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਦਾ ਭੰਡਾਰ ਮੌਜੂਦ ਸੀ। ਉਨ੍ਹਾਂ ਦਾ ਕੀਰਤਨ ਖੇਤਰ ਪਸ਼ਾਵਰ ਤੋਂ ਕਰਾਚੀ; ਕਸ਼ਮੀਰ ਤੋਂ ਦੱਖਣ ਭਾਰਤ ਤਕ ਪੂਰਬ ਦੇ ਪਟਨਾ, ਕਲਕੱਤਾ ਆਦਿ ਤਕ ਫੈਲਿਆ ਹੋਇਆ ਸੀ। ਗੁਰਮਤਿ ਸੰਗੀਤ ਅਤੇ ਗੁਰੂ ਪ੍ਰਤੀ ਸਪਰਪਣ ਸਦਕਾ ਭਾਈ ਸਾਹਿਬ ਨੂੰ ਪੂਰੇ ਦੇਸ਼ ਵਿਚ ਮਾਨਤਾ ਸੀ। ਆਪਣੀ ਸੰਗੀਤ ਕਲਾ ਨਾਲ ਆਪ ਨੇ ਨਾਮੀ ਰਬਾਬੀਆਂ ਤੇ ਸੰਗੀਤਕਾਰਾਂ ਵਿਚ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਪ੍ਰਭਾਵੀ ਸਿੱਖ ਸ਼ਖ਼ਸੀਅਤ ਅਤੇ ਸੰਗੀਤਕ ਵਿਦਵਤਾ ਦੇ ਮਾਲਕ ਹੋਣ ਕਰਕੇ ਸਿੱਖ ਅਤੇ ਗੈਰ ਸਿੱਖ ਸ਼ਖ਼ਸੀਅਤਾਂ ਵੱਲੋਂ ਭਾਈ ਸਾਹਿਬ ਨੂੰ ਖਾਸ ਤੌਰ 'ਤੇ ਕੀਰਤਨ ਹਿਤ ਸੱਦਿਆ ਜਾਂਦਾ ਸੀ। ਰਾਗੀ ਭਾਈ ਜੁਵਾਲਾ ਸਿੰਘ ਦਾ ਜਿੱਥੇ ਕੀਰਤਨੀਆਂ ਵਿਚ ਸਤਿਕਾਰਤ ਸਥਾਨ ਸੀ ਉੱਥੇ ਸਿੱਖ ਪੰਥ ਦੇ ਵਿਦਵਾਨ, ਲੀਡਰ, ਸੰਤ ਸਮਾਜ, ਪੰਜਾਬ ਦੀਆਂ ਵੱਖ-ਵੱਖ ਰਿਆਸਤਾਂ ਦੇ ਰਾਜੇ ਮਹਾਰਾਜਿਆਂ ਵਿਚ ਵੀ ਵਿਸ਼ੇਸ਼ ਆਦਰ ਸਤਿਕਾਰ ਸੀ। ਭਾਈ ਸਾਹਿਬ ਜਿੱਥੇ ਕੀਰਤਨ ਨਾਲ ਸਾਰੀ ਉਮਰ ਸੰਗਤ ਦੀ ਸੇਵਾ ਕਰਦੇ ਰਹੇ ਉੱਥੇ ਹੱਥੀਂ ਸੇਵਾ ਨੂੰ ਵੀ ਵਿਸ਼ੇਸ਼ ਅਹਿਮੀਅਤ ਦਿੰਦੇ ਸਨ। ਪੰਥਕ ਕਾਰਜਾਂ ਵਿਚ ਭਾਈ ਸਾਹਿਬ ਦੀ ਵਿਸ਼ੇਸ਼ ਭੂਮਿਕਾ ਪ੍ਰਤੱਖ ਹੁੰਦੀ ਹੈ। ਭਾਈ ਸਾਹਿਬ ਦੀ ਸਮਾਜ ਸੇਵੀ ਤੇ ਇਨਕਲਾਬੀ ਸੋਚ ਵਾਲੀ ਸ਼ਖ਼ਸੀਅਤ ਉੱਭਰ ਕੇ ਸਾਹਮਣੇ ਆਉਂਦੀ ਹੈ। ਭਾਈ ਸਾਹਿਬ ਦੀ ਗੁਰੂ ਤੇ ਗੁਰਬਾਣੀ ਲਈ ਅਥਾਹ ਸ਼ਰਧਾ, ਕੌਮ ਲਈ ਕੁਰਬਾਨੀ ਦਾ ਜਜ਼ਬਾ ਰੱਖਣ ਵਾਲੇ ਅਤੇ ਸਰੀਰਕ ਕਸ਼ਟ ਸਹਾਰਨ ਦੀ ਸਮਰੱਥਾ ਰੱਖਣ ਵਾਲੇ ਵਿਅਕਤੀਤਵ ਦੇ ਮਾਲਕ ਸਨ।

ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਨੂੰ ਇੱਕ ਕੀਰਤਨਕਾਰ ਵਜੋਂ ਵਿਸ਼ਲੇਸ਼ਿਤ ਕਰਦਿਆਂ ਸਾਡੇ ਸਾਹਮਣੇ ਉਨ੍ਹਾਂ ਦਾ ਸੰਪੂਰਨ ਜੀਵਨ ਗੁਰਮਤਿ ਦੀ ਸ਼ਖ਼ਸੀ ਤੇ ਪੰਥਕ ਰਹਿਣੀ ਅਤੇ ਗੁਰਮਤਿ ਸੰਗੀਤ ਦੇ ਸਿਧਾਂਤ ਦਾ ਅਨੁਸਰਣ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ।

ਤੀਜਾ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ** ਹੈ। ਇਸ ਵਿਚ ਸੰਗੀਤ ਘਰਾਣੇ ਦੀਆਂ ਵਿਸ਼ੇਸ਼ਤਾਵਾਂ ਦੇ ਸੰਦਰਭ ਵਿਚ ਵਿਚਾਰਦਿਆਂ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦਾ ਅਧਿਐਨ ਕੀਤਾ ਗਿਆ ਹੈ। ਘਰਾਣਾ ਇੱਕ ਅਜਿਹੀ ਸੰਗੀਤਕ ਪਰੰਪਰਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਚਲੀ ਆ ਰਹੀ ਹੁੰਦੀ ਹੈ ਜਿਸ ਦੇ ਮੋਢੀ ਨੇ ਸੰਗੀਤ ਦੇ ਖੇਤਰ ਵਿੱਚ ਆਪਣੀ ਸੰਗੀਤਕ ਕਲਾ ਕਰਕੇ ਵਿਸ਼ੇਸ਼ ਨਾਮਣਾ ਖੱਟਿਆ ਹੁੰਦਾ ਹੈ। ਉਸ ਦੁਆਰਾ ਆਪਣੀ ਮੌਲਿਕ ਸੰਗੀਤ ਸ਼ੈਲੀ ਨੂੰ ਅਗਾਂਹ ਵੰਡਦੇ ਹੋਏ ਆਪਣਾ ਸ਼ਿਸ਼ ਮੰਡਲ ਤਿਆਰ ਕੀਤਾ ਜਾਂਦਾ ਹੈ ਜੋ ਉਸ ਕਲਾ ਦਾ ਜਿੱਥੇ ਪ੍ਰਚਾਰ ਪ੍ਰਸਾਰ ਕਰਦੇ ਹਨ ਉੱਥੇ ਸੰਗੀਤ ਕਲਾ ਅਗਾਂਹ ਹੋਰ ਸੰਗੀਤ ਵਿਦਿਅਰਥੀਆਂ ਨੂੰ ਸਿਖਾ ਕੇ ਸ਼ਾਗਿਰਦ ਤਿਆਰ ਕਰਦੇ

ਹਨ। ਇਸ ਤਰ੍ਹਾਂ ਇੱਕ ਵਿਸ਼ੇਸ਼ ਸੰਗੀਤਕ ਸ਼ੈਲੀ ਦੇ ਪ੍ਰਤਿਨਿਧਾਂ ਦਾ ਸਮੂਹ ਤਿਆਰ ਹੋ ਜਾਂਦਾ ਹੈ, ਜਿਸ ਨੂੰ ਸਬੰਧਤ ਸੰਗੀਤਕ ਘਰਾਣੇ ਦੇ ਰੂਪ ਵਿੱਚ ਜਾਣਿਆ ਤੇ ਪਛਾਣਿਆ ਜਾਂਦਾ ਹੈ। ਗੁਰਮਤਿ ਸੰਗੀਤ ਦੇ ਕੀਰਤਨ ਘਰਾਣੇ ਵਿਚ ਸੰਗੀਤ ਘਰਾਣੇ ਦੇ ਗੁਣਾਂ ਦੇ ਨਾਲ-ਨਾਲ ਗੁਰਮਤਿ ਤੇ ਗੁਰਮਤਿ ਸੰਗੀਤ ਦੇ ਸਿਧਾਂਤਾਂ ਦੀ ਪਾਲਣਾ ਵੀ ਜ਼ਰੂਰੀ ਹੁੰਦੀ ਹੈ। ਕੀਰਤਨੀਆਂ ਨੇ ਸ਼ਬਦ ਕੀਰਤਨ ਦੀ ਧਾਰਾ ਨੂੰ ਜਿੱਥੇ ਗੁਰੂ ਹਜ਼ੂਰੀ ਵਿਚ ਨਿਰਵਿਘਨ ਨਿਰੰਤਰ ਕਾਇਮ ਰੱਖਿਆ ਉੱਥੇ ਇਸ ਦੇ ਨਾਲ-ਨਾਲ ਆਪਣੇ ਵੰਸ਼ਜ਼ਾਂ ਨੂੰ ਵੀ ਵਿਧੀਵਤ ਸਿੱਖਿਆ ਦਿੱਤੀ। ਇਸ ਦੇ ਸਿੱਟੇ ਵਜੋਂ ਵੱਖ-ਵੱਖ ਕੀਰਤਨੀਆਂ ਦੇ ਘਰਾਣੇ ਹੋਂਦ ਵਿਚ ਆਏ ਜਿਵੇਂ ਮਰਦਾਨੇ ਕੇ, ਖਡੂਰੀਏ ਰਬਾਬੀ, ਅੰਮ੍ਰਿਤਸਰੀਆ ਘਰਾਣਾ, ਬਾਬਾ ਵਸਾਵਾ ਸਿੰਘ ਰੰਗੀ ਰਾਮ ਦਾ ਘਰਾਣਾ, ਭਾਈ ਮੱਸਾ ਸਿੰਘ ਦਾ ਘਰਾਣਾ ਆਦਿ। ਇਨ੍ਹਾਂ ਘਰਾਣਿਆਂ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਘਰਾਣਾ ਵਿਸ਼ੇਸ਼ ਹੈ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਨੂੰ ਗੁਰੂ ਕਾਲ ਤੋਂ ਕੀਰਤਨ ਕਰਨ ਦਾ ਮਾਣ ਪ੍ਰਾਪਤ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਪੂਰਵਲੇ ਕੀਰਤਨੀਆਂ ਵਿਚ ਭਾਈ ਕਪੂਰ ਸਿੰਘ, ਭਾਈ ਰਾਇ ਸਿੰਘ, ਭਾਈ ਗੋਖਾ ਸਿੰਘ, ਭਾਈ ਭਾਗ ਸਿੰਘ, ਭਾਈ ਝੰਡਾ ਸਿੰਘ, ਭਾਈ ਮੋਹਰ ਸਿੰਘ, ਭਾਈ ਦੇਵਾ ਸਿੰਘ, ਭਾਈ ਬੂੜ ਸਿੰਘ ਦੇ ਨਾਮ ਸਾਹਮਣੇ ਆਉਂਦੇ ਹਨ। ਰਾਗੀ ਭਾਈ ਜੁਵਾਲਾ ਸਿੰਘ ਦੇ ਸਮਕਾਲੀ ਕੀਰਤਨੀਏ ਭਾਈ ਨਰਾਇਣ ਸਿੰਘ, ਭਾਈ ਸਾਵਨ ਸਿੰਘ, ਭਾਈ ਸੁੰਦਰ ਸਿੰਘ, ਉਸਤਾਦ ਭਾਈ ਵਸਾਵਾ ਸਿੰਘ ਤੇ ਉਸਤਾਦ ਭਾਈ ਸ਼ਰਧਾ ਸਿੰਘ ਸਨ। ਇਸ ਘਰਾਣੇ ਦੇ ਅਗਾਮੀ ਪੀੜ੍ਹੀ ਦੇ ਵੰਸ਼ਜ਼ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸਵਰਨ ਸਿੰਘ, ਭਾਈ ਕੁਲਤਾਰ ਸਿੰਘ ਤੇ ਭਾਈ ਬਲਦੀਪ ਸਿੰਘ ਹਨ। ਭਾਵੇਂ ਕਿ ਲਿਖਤ ਸਮੱਗਰੀ ਘੱਟ ਉਪਲੱਬਧ ਹੁੰਦੀ ਹੈ ਪ੍ਰੰਤੂ ਇਤਿਹਾਸਕ ਤੌਰ 'ਤੇ ਇਨ੍ਹਾਂ ਦਾ ਯੋਗਦਾਨ ਵਿਸ਼ੇਸ਼ ਹੈ।

ਰਾਗੀ ਭਾਈ ਜੁਵਾਲਾ ਸਿੰਘ ਆਪਣੇ ਕੀਰਤਨ ਘਰਾਣੇ ਦੀ ਪ੍ਰਮੁੱਖ ਤੇ ਕੇਂਦਰੀ ਸ਼ਖ਼ਸੀਅਤ ਹੋਏ। ਉਨ੍ਹਾਂ ਨੇ ਆਪਣੇ ਘਰਾਣੇ ਦੀਆਂ ਪੂਰਵਲੀਆਂ ਅਤੇ ਅਗਾਮੀ ਪੀੜ੍ਹੀਆਂ ਨੂੰ ਨਿਰੰਤਰ ਰੂਪ ਵਿਚ ਜੋੜਨ ਵਾਲੀ ਭੂਮਿਕਾ ਨਿਭਾਈ। ਪੂਰਵਲੀਆਂ ਪੀੜ੍ਹੀਆ ਦੁਆਰਾ ਪ੍ਰਦਾਨ ਕੀਤੀ ਗਈ ਸ਼ਬਦ ਕੀਰਤਨ ਸਮੱਗਰੀ ਦੀ ਸੰਗੀਤਕ ਵਿਰਾਸਤ ਨੂੰ ਆਪ ਨੇ ਅਗਾਮੀ ਪੀੜ੍ਹੀਆਂ ਨੂੰ ਸੌਂਪਿਆ ਤੇ ਸੁਰੱਖਿਅਤ ਰੱਖਣ ਦੀ ਤਾਕੀਦ ਵੀ ਕੀਤੀ। ਰਾਗੀ ਭਾਈ ਜੁਵਾਲਾ ਸਿੰਘ ਦੀ ਸਿੱਖਿਆ ਦੁਆਰਾ ਹੀ ਇਸ ਘਰਾਣੇ ਦੀ ਅਗਾਮੀ ਪੀੜ੍ਹੀ ਨੇ ਇਸ ਸੰਗੀਤ ਨਿਧੀ ਨੂੰ ਸੁਰੱਖਿਅਤ ਰੱਖਣ ਤੋਂ ਇਲਾਵਾ ਸਮੁੱਚੇ ਵਿਸ਼ਵਭਰ ਵਿਚ ਸੰਚਾਰਿਤ ਕੀਤਾ। ਇਸ ਘਰਾਣੇ ਦੇ ਕੀਰਤਨੀਆਂ ਦੀਆਂ ਜਿੱਥੇ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਦੋ ਪੁਸਤਕਾਂ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਵਾਲੀ* (ਤਿੰਨ ਭਾਗਾਂ ਵਿਚ- ਦੋ ਪ੍ਰਕਾਸ਼ਿਤ ਅਤੇ ਇੱਕ ਅਪ੍ਰਕਾਸ਼ਿਤ ਰੂਪ ਵਿਚ) ਅਤੇ *ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ* ਪ੍ਰਾਪਤ ਹੁੰਦੀਆਂ ਹਨ ਉੱਥੇ ਗੁਰਮਤਿ ਅਤੇ ਸਿੱਖ ਧਰਮ ਨਾਲ ਸਬੰਧਤ ਹੋਰ ਸੱਤ ਪੁਸਤਕਾਂ ਵੀ ਪ੍ਰਾਪਤ ਹੁੰਦੀਆਂ ਹਨ। ਇਸ ਘਰਾਣੇ ਦੇ ਕੀਰਤਨੀਆਂ ਨੇ ਆਪਣੇ ਘਰਾਣੇ ਦੇ ਮੋਢੀ ਦੇ ਨਾਮ 'ਤੇ *ਰਾਗੀ ਭਾਈ ਜੁਵਾਲਾ ਸਿੰਘ ਆਡੀਟੋਰੀਅਮ* , ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਵਿਤੀ ਸਹਾਇਤਾ

ਦੇ ਕੇ ਵੀ ਸਥਾਪਿਤ ਕਰਵਾਇਆ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਸਬੰਧੀ ਵਿਸ਼ਲੇਸ਼ਣਾਤਮਕ ਅਧਿਐਨ ਤੋਂ ਸਾਨੂੰ ਮਹੱਤਵਪੂਰਨ ਵਿਸ਼ੇਸ਼ਤਾਵਾਂ ਦ੍ਰਿਸ਼ਟੀਗੋਚਰ ਹੋਈਆਂ ਹਨ ਜਿਵੇਂ ਪੁਰਾਤਨ ਸ਼ਬਦ ਕੀਰਤਨ ਰੀਤਾਂ ਦਾ ਭੰਡਾਰ, ਗਾਇਨ ਸ਼ੈਲੀਆਂ ਦੀ ਪਰੰਪਰਾਗਤ ਮੌਲਿਕਤਾ, ਤੰਤੀ ਸਾਜ਼ਾਂ ਦਾ ਨਿਰੰਤਰ ਕੀਰਤਨ ਹਿਤ ਪ੍ਰਯੋਗ, ਸੁਰਲਿਪੀਬੱਧ ਕਾਰਜ, ਗੁਰਸਿੱਖ ਰਹਿਣੀ-ਬਹਿਣੀ, ਸਾਰੇ ਕੀਰਤਨੀਏ ਵੰਸ਼ਜ਼ਾਂ ਵਲੋਂ ਆਪਣੇ ਨਾਮ ਨਾਲ ਖਾਸ ਕਰਕੇ *ਭਾਈ* ਸ਼ਬਦ ਦਾ ਪ੍ਰਯੋਗ ਕਰਨ ਦੀ ਪਰੰਪਰਾ ਕਾਇਮ ਰੱਖਣੀ ਆਦਿ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦਾ ਤੁਲਨਾਤਮਕ ਅਧਿਐਨ ਕਰਦਿਆਂ ਸਾਡੇ ਸਾਹਮਣੇ ਪ੍ਰਤੱਖ ਹੁੰਦਾ ਹੈ ਕਿ ਇਸ ਘਰਾਣੇ ਦੇ ਕੀਰਤਨੀਆਂ ਨੇ ਧਰੁਪਦ ਗਾਇਕੀ ਨੂੰ ਅਧਾਰ ਬਣਾ ਕੇ ਆਪਣੇ ਘਰਾਣੇ ਦੀਆਂ ਹੀ ਪ੍ਰਾਚੀਨ ਸ਼ਬਦ ਕੀਰਤਨ ਰੀਤਾਂ ਨੂੰ ਗਾਇਆ। ਆਪਣੀ ਸ਼ਬਦ ਗਾਇਕੀ 'ਤੇ ਸਮਕਾਲੀ ਗਾਇਕੀ ਦਾ ਪ੍ਰਭਾਵ ਨਹੀਂ ਪੈਣ ਦਿੱਤਾ। ਇਸ ਦੇ ਨਾਲ ਜੋ ਗਾਇਆ ਉਸ ਨੂੰ ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਸੁਰਲਿਪੀਬੱਧ ਵੀ ਕੀਤਾ। ਇਸ ਅਧਿਆਇ ਦੇ ਸੰਪੂਰਨ ਵਿਸ਼ਲੇਸ਼ਣ ਤੋਂ ਪ੍ਰਤੱਖ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਨੇ ਗੁਰਮਤਿ ਸੰਗੀਤ ਵਿਚ ਕੀਰਤਨ ਘਰਾਣੇ ਵਜੋਂ ਆਪਣੀ ਪਛਾਣ ਵੀ ਬਣਾਈ ਹੈ ਜੋ ਬਾਕੀ ਕੀਰਤਨ ਘਰਾਣਿਆਂ ਲਈ ਇੱਕ ਆਦਰਸ਼, ਮਿਆਰੀ ਤੇ ਮਿਸਾਲਯੋਗ ਹੈ। ਸਮੁੱਚੇ ਰੂਪ ਵਿਚ ਇਸ ਘਰਾਣੇ ਦੇ ਕੀਰਤਨੀਆਂ ਨੂੰ ਰਾਗੀ ਭਾਈ ਜੁਵਾਲਾ ਸਿੰਘ ਦੇ ਵੰਸ਼ਜ ਹੋਣ ਦਾ ਮਾਣ ਹੈ ਅਤੇ ਇਹ ਘਰਾਣਾ ਗੁਰਮਤਿ ਸੰਗੀਤ ਦਾ ਸਨਮਾਨਤ ਘਰਾਣਾ ਹੈ ਜੋ ਬਾਕੀ ਘਰਾਣਿਆਂ ਦੇ ਅਧਿਐਨ ਲਈ ਵਿਸ਼ੇਸ਼ ਅਧਾਰ ਬਣਨ ਦੀਆਂ ਸੰਭਾਵਨਾਵਾਂ ਰੱਖਦਾ ਹੈ। ਇਸ ਘਰਾਣੇ ਦੀਆਂ ਉਪਲੱਬਧ ਪ੍ਰਕਾਸ਼ਿਤ ਸ਼ਬਦ ਕੀਰਤਨ ਰਚਨਾਵਾਂ ਦੀ ਵਿਸਥਾਰ ਸਹਿਤ ਚਰਚਾ ਚੌਥੇ ਅਧਿਆਇ ਵਿਚ ਕੀਤੀ ਗਈ ਹੈ।

ਚੌਥੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ: ਪਰਿਚਾਤਮਕ ਅਧਿਐਨ** ਦੇ ਅੰਤਰਗਤ ਇਸ ਕੀਰਤਨ ਘਰਾਣੇ ਦੀਆਂ ਪ੍ਰਕਾਸ਼ਿਤ ਸ਼ਬਦ ਕੀਰਤਨ ਰਚਨਾਵਾਂ ਨੂੰ ਇਕੱਤਰ ਤੇ ਵਿਸ਼ਲੇਸ਼ਿਤ ਕੀਤਾ ਗਿਆ ਹੈ। ਸ਼ਬਦ ਕੀਰਤਨ ਰਚਨਾਵਾਂ ਦੀ ਭੂਮਿਕਾ ਸ਼ਬਦ ਕੀਰਤਨ ਦੇ ਅਧਾਰ ਵਜੋਂ ਪ੍ਰਤੱਖ ਹੋ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਇਸ ਦਾ ਨਿਰਧਾਰਤ ਸੰਗੀਤ ਸਰੂਪ ਸ਼ਬਦ ਕੀਰਤਨ ਲਈ ਵਿਸ਼ੇਸ਼ ਸੰਗੀਤ ਵਿਧਾਨ ਅਤੇ ਸ਼ਬਦ ਕੀਰਤਨ ਰਚਨਾਵਾਂ ਦਾ ਵਿਸ਼ਿਸ਼ਟ ਸੰਗੀਤਕ ਆਧਾਰ ਸਿਰਜ ਰਿਹਾ ਹੈ। ਬਾਣੀ ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਾ ਮੂਲ ਵਿਸ਼ਾ ਵਸਤੂ ਜਾਂ ਅਧਾਰ ਹੈ ਜੋ ਗੁਰ ਕਾਲ ਤੋਂ ਹੁਣ ਤੱਕ ਗਾਇਨ ਕੀਤਾ ਜਾ ਰਿਹਾ ਹੈ। ਵਰਤਮਾਨ ਸਮੇਂ ਤਕ ਸੀਨਾ-ਬ-ਸੀਨਾ ਤੇ ਹੁਣ ਲਿਖਤ ਰੂਪ ਵਿਚ ਇਹ ਰਚਨਾਵਾਂ ਸਾਡੇ ਤੱਕ ਪਹੁੰਚੀਆਂ ਹਨ। ਪ੍ਰਕਾਸ਼ਿਤ ਰੂਪ ਵਿਚ ਇਨ੍ਹਾਂ ਦਾ ਸੁਰਲਿਪੀ ਲੇਖਨ 20ਵੀਂ ਸਦੀ ਦੇ ਪੂਰਵਾਰਧ ਵਿਚ ਆਰੰਭ ਹੋਇਆ।

ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ 20ਵੀਂ ਸਦੀ ਦੇ ਸਤਵੇਂ ਦਹਾਕੇ ਅਧੀਨ ਪ੍ਰਕਾਸ਼ਿਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਨੂੰ ਉਨ੍ਹਾਂ ਦੇ ਘਰਾਣੇ ਦੇ ਕੀਰਤਨੀਆਂ ਦੀ ਸਹਾਇਤਾ ਨਾਲ ਨਿਸ਼ਾਨਦੇਹੀ ਕਰਦਿਆਂ ਇੱਕਤਰ ਕਰ ਵਰਗੀਕ੍ਰਿਤ ਕੀਤਾ ਗਿਆ ਹੈ। ਇਸ ਘਰਾਣੇ ਦੇ ਕੀਰਤਨੀਆਂ ਕੋਲ ਸ਼ਬਦ

ਕੀਰਤਨ ਰਚਨਾਵਾਂ ਸੀਨਾ-ਬ-ਸੀਨਾ ਮੌਖਿਕ ਰੂਪ ਤੇ ਲਿਖਤ ਰੂਪ ਵਿਚ ਸਫਰ ਕਰਦੀਆਂ ਰਹੀਆਂ ਹਨ। ਇਹ ਦੱਸਣਯੋਗ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਨੇ ਖੁਦ ਸ਼ਬਦ ਕੀਰਤਨ ਰਚਨਾਵਾਂ ਨੂੰ ਲਿਖਤ ਰੂਪ ਵਿਚ ਸੰਭਾਲਣ ਦਾ ਕਾਰਜ ਪ੍ਰਾਰੰਭ ਕੀਤਾ ਸੀ। ਇਸ ਘਰਾਣੇ ਨਾਲ ਸਬੰਧਤ ਵੱਖ-ਵੱਖ ਸਰੋਤਾਂ ਤੋਂ ਸਾਨੂੰ ਕੁੱਲ 85 ਰਾਗਾਂ ਵਿਚ 504 ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਇਹ ਤਕਰੀਬਨ ਸਾਰੀਆਂ ਹੀ ਰਾਗੀ ਭਾਈ ਜੁਵਾਲਾ ਸਿੰਘ ਤੋਂ ਰਾਗੀ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਨੂੰ ਮੌਖਿਕ ਰੂਪ ਵਿਚ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਨੂੰ ਬਆਦ ਵਿਚ ਉਨ੍ਹਾਂ ਦੁਆਰਾ ਪੰਜਾਬੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਸੰਨ 1979 ਈਸਵੀ ਵਿਚ ਪ੍ਰਕਾਸ਼ਿਤ ਕਰਵਾਇਆ। ਇਹ ਸ਼ਬਦ ਕੀਰਤਨ ਰਚਨਾਵਾਂ ਸਾਨੂੰ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ* (ਦੋ ਭਾਗ) ਦੇ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਅਤੇ ਰਾਗ ਪ੍ਰਕਾਰਾਂ, ਭਾਰਤੀ ਸੰਗੀਤ ਦੇ ਰਾਗਾਂ ਅਤੇ ਬਾਣੀ ਤੇ ਸੰਗੀਤ ਦੀਆਂ ਵਿਸ਼ੇਸ਼ ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਵਰਗੀਕ੍ਰਿਤ ਕਰ ਵਿਸ਼ਲੇਸ਼ਿਤ ਕੀਤਾ ਗਿਆ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਸੰਦਰਭ ਵਿਚ ਵਿਸ਼ਲੇਸ਼ਿਤ ਕਰਦਿਆਂ ਮੁੱਖ 31 ਰਾਗਾਂ ਦੀਆਂ 347 ਅਤੇ 14 ਰਾਗ ਪ੍ਰਕਾਰਾਂ ਦੀਆਂ 40 ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਭਾਰਤੀ ਸੰਗੀਤ ਦੇ 40 ਰਾਗਾਂ ਦੀਆਂ 98 ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਵਿਭਿੰਨ ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਦੇਖੀਏ ਤਾਂ ਧਰੁਪਦ ਅੰਗ ਦੀਆਂ 49, ਧਮਾਰ ਅੰਗ ਦੀਆਂ 16, ਪੜਤਾਲ ਗਾਇਨ ਸ਼ੈਲੀ ਦੀਆਂ 33, ਅਲਾਹੁਣੀਆਂ ਗਾਇਨ ਸ਼ੈਲੀ ਦੀ ਇੱਕ, ਘੋੜੀਆਂ ਗਾਇਨ ਸ਼ੈਲੀ ਦੀ ਇੱਕ, 16 ਵਾਰਾਂ ਤੇ ਉਨ੍ਹਾਂ ਦੀਆਂ ਪਉੜੀਆਂ ਦੀਆਂ 19 ਅਤੇ ਅਨੰਦ ਕਾਰਜ ਦੀ ਰੀਤ ਵਿਚ ਪ੍ਰਯੁਕਤ ਲਾਵ ਬਾਣੀ ਰੂਪ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਹੋਈਆਂ ਹਨ। ਇਸ ਦੇ ਨਾਲ-ਨਾਲ ਇਸ ਘਰਾਣੇ ਦੇ ਕੀਰਤਨੀਆਂ ਨਾਲ ਨਿਜੀ ਮੁਲਾਕਾਤ ਦੌਰਾਨ ਸਾਨੂੰ ਸ਼ਬਦ ਕੀਰਤਨ ਰਚਨਾਵਾਂ ਦੀ ਇੱਕ ਹੋਰ ਵਡਮੁੱਲੀ ਪੁਸਤਕ *ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਤੀਜਾ)* ਦਾ ਪਤਾ ਵੀ ਲੱਗਿਆ ਹੈ ਜੋ ਕਿ ਅਪ੍ਰਕਾਸ਼ਿਤ ਰੂਪ ਵਿਚ ਪਰਿਵਾਰ ਕੋਲ ਸੁਰੱਖਿਅਤ ਪਈ ਹੈ। ਇਹ ਪੁਸਤਕ ਰਾਗੀ ਭਾਈ ਗੁਰਚਰਨ ਸਿੰਘ ਨੇ ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਰਚੀ ਹੈ। ਇਸ ਪੁਸਤਕ ਵਿਚ 59 ਰਾਗਾਂ ਦੀਆਂ 250 ਸ਼ਬਦ ਕੀਰਤਨ ਰਚਨਾਵਾਂ ਦਰਜ ਹਨ। ਵਰਤਮਾਨ ਸਮੇਂ ਤਕ ਇਸ ਕੀਰਤਨ ਘਰਾਣੇ ਦੀਆਂ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਪ੍ਰਚਾਰ ਅਧੀਨ ਆ ਚੁੱਕੀਆਂ ਹਨ। ਅਸੀਂ ਆਪਣੇ ਖੋਜ ਕਾਰਜ ਅਧੀਨ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਵੰਨਗੀ ਮਾਤਰ ਸ਼ਾਮਿਲ ਵੀ ਕੀਤਾ ਹੈ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਸਰੂਪ ਸਬੰਧੀ ਵਿਸ਼ਲੇਸ਼ਣ ਕਰਦਿਆਂ ਬੰਦਿਸ਼ਾਂ ਦਾ ਅਧਾਰ ਧਰੁਪਦ, ਧਮਾਰ ਅਤੇ ਪੁਰਾਤਨ ਕੀਰਤਨ ਅੰਗ ਪ੍ਰਤੱਖ ਹੋ ਰਿਹਾ ਹੈ। ਇਹ ਬੰਦਿਸ਼ਾਂ ਵੱਡੇ

ਛੋਟੇ ਤਾਲਾਂ ਦੇ ਬਿਖੜੇ ਰੂਪ ਵਿਚ ਪ੍ਰਾਪਤ ਹੋ ਰਹੀਆਂ ਹਨ। ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਤੋਂ ਸ਼ਬਦ ਕੀਰਤਨ ਦੇ ਮੌਲਿਕ ਅੰਦਾਜ਼ ਨੂੰ ਵਿਭਿੰਨ ਉਦਾਹਰਨਾਂ ਰਾਹੀਂ ਵਿਸ਼ਲੇਸ਼ਿਤ ਕੀਤਾ ਗਿਆ ਹੈ।

ਪੰਜਵਾਂ ਅਧਿਆਇ **ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ** ਹੈ। ਇਸ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਦੇ ਗੁਰਮਤਿ ਸੰਗੀਤ ਵਿਚ ਪਾਏ ਬਹੁ ਪੱਖੀ ਯੋਗਦਾਨ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਗੁਰਬਾਣੀ ਵਿਚ ਕੀਰਤਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਗੁਰਬਾਣੀ ਅਧੀਨ ਕੀਰਤਨ ਨੂੰ ਕਲਜੁਗ ਵਿਚ ਪ੍ਰਧਾਨ ਪਦਵੀ ਪ੍ਰਾਪਤ ਹੈ, ਇਸ ਦੇ ਨਾਲ ਕੀਰਤਨ ਨੂੰ ਹੀ ਮਨੁੱਖ ਦਾ ਸਫਲ ਕਰਮ ਦਰਸਾਇਆ ਗਿਆ ਹੈ। ਕੀਰਤਨ ਇੱਕ ਅਜਿਹੀ ਦਾਤ ਹੈ ਜਿਸ ਦਾ ਕੋਈ ਮੁੱਲ ਤੈਅ ਹੀ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਵਿਚ ਜਿਵੇਂ ਕੀਰਤਨ ਨੂੰ ਉੱਚ ਸਥਾਨ ਦਿੱਤਾ ਗਿਆ ਹੈ ਉਸੇ ਤਰ੍ਹਾਂ ਕੀਰਤਨੀਆਂ ਦੀ ਮਹੱਤਤਾ ਦਰਸਾਉਂਦੇ ਹੋਏ ਵਡਿਆਇਆ ਗਿਆ ਹੈ। ਗੁਰਬਾਣੀ ਪ੍ਰਵਾਹ ਅਧੀਨ ਗੁਰੂ ਦੀ ਕੀਰਤੀ ਕਰਨ ਵਾਲੇ ਕੀਰਤਨੀਆਂ ਨੂੰ ਭਲੇ ਭਾਵ ਚੰਗੇ ਵਿਚਾਰਾਂ ਵਾਲੇ, ਦੁੱਖ ਰਹਿਤ, ਸੁਮੱਤ ਦੇ ਧਾਰਨੀ, ਮੌਤ ਦੇ ਭੈ ਤੋਂ ਰਹਿਤ, ਗੁਰਮੁੱਖ, ਵਡਭਾਗੀ, ਪਵਿੱਤਰ ਰਸਨਾ ਵਾਲੇ, ਧੰਨਤਾਯੋਗ, ਨਿਰਮਲ ਮਤ ਦੇ ਧਾਰਨੀ ਆਦਿ ਸ਼ਬਦਾਂ ਨਾਲ ਵਡਿਆਇਆ ਗਿਆ ਹੈ। ਗੁਰਬਾਣੀ ਵਿਚ ਜਿਸ ਕੀਰਤਨੀਏ ਦੀ ਮਹਿਮਾ ਕੀਤੀ ਗਈ ਹੈ ਉਸ ਲਈ ਜ਼ਰੂਰੀ ਹੈ ਕਿ ਉਹ ਗੁਰਮਤਿ ਸਿਧਾਂਤਾਂ, ਗੁਰਮਤਿ ਸੰਗੀਤ ਅਤੇ ਸੰਗੀਤ ਅਨੁਸਾਰ ਆਦਰਸ਼, ਗੁਣ, ਲੱਛਣ ਵੀ ਪ੍ਰਗਟ ਕਰੇ। ਆਦਰਸ ਕੀਰਤਨੀਆ ਇੱਕ ਅਜਿਹੀ ਵਿਸ਼ੇਸ਼ ਸ਼ਖ਼ਸੀਅਤ ਹੈ ਜਿਸ ਵਿਚ ਗੁਰੂ ਸਮਰਪਿਤ ਭਾਵਨਾ, ਗੁਰੂ ਪ੍ਰਤੀ ਸ਼ਰਧਾ, ਉੱਚਾ ਸੁੱਚਾ ਜੀਵਨ ਆਚਰਣ, ਗੁਰੂ ਪ੍ਰਤੀ ਅਤਿ ਦੀ ਨਿਮਾਣਤਾ, ਨਿਸ਼ਕਾਮਤਾ, ਗੁਰਮਤਿ ਦਾ ਧਾਰਨੀ, ਸੰਗੀਤ ਕਲਾ ਵਿਚ ਮੁਹਾਰਤਾ, ਗੁਰਮਤਿ ਸੰਗੀਤ ਵਿਚ ਪ੍ਰਪੱਕਤਾ ਆਦਿ ਗੁਣਾਂ ਦੀ ਭਰਮਾਰ ਹੁੰਦੀ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਨੂੰ ਆਦਰਸ਼ ਕੀਰਤਨੀਏ ਦੇ ਉਕਤ ਗੁਣਾਂ 'ਤੇ ਵਿਸ਼ਲੇਸ਼ਿਤ ਕੀਤਾ ਗਿਆ ਹੈ।

19ਵੀਂ ਸਦੀ ਤੇ 20ਵੀਂ ਸਦੀ ਦੇ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਉੱਤੇ ਰਾਗੀ ਭਾਈ ਜੁਵਾਲਾ ਸਿੰਘ ਦਾ ਵਿਸ਼ੇਸ਼ ਪ੍ਰਭਾਵ ਹੈ। ਭਾਈ ਜੁਵਾਲਾ ਸਿੰਘ ਆਪਣੀ ਸ਼ਖ਼ਸੀਅਤ ਕਰਕੇ ਗੁਰਸਿੱਖ, ਪੰਥਕ ਰਹਿਣੀ-ਬਹਿਣੀ ਵਾਲੇ ਕੀਰਤਨੀਏ ਸਨ ਜਿਨ੍ਹਾਂ ਨੇ ਪੰਥ ਵਿਚ ਕੀਰਤਨੀਏ ਦੀ ਗੁਰਸਿੱਖ ਸ਼ਖ਼ਸੀ ਪਰੰਪਰਾ ਨੂੰ ਸਥਾਪਿਤ ਤੇ ਉਜਾਗਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਿਤ ਸ਼ਖਸ਼ੀਅਤ ਸਨ। ਗੁਰਮਤਿ ਸੰਗੀਤ ਅਤੇ ਸੰਗੀਤ ਕਲਾ ਵਿਚ ਪ੍ਰਪੱਕ ਰਾਗੀ ਭਾਈ ਜੁਵਾਲਾ ਸਿੰਘ ਨੇ ਸ਼ਬਦ ਕੀਰਤਨ ਵਿਚ ਵੱਖ-ਵੱਖ ਸ਼ਾਸ਼ਤਰੀ ਤੇ ਲੋਕ ਸੰਗੀਤਕ ਅੰਗ ਦੀਆਂ ਗਾਇਨ ਸ਼ੈਲੀਆਂ ਦੇ ਪਰੰਪਰਾਗਤ ਗਾਇਨ ਨੂੰ ਪ੍ਰਚਾਰਿਆ। ਆਪ ਦੇ ਕੀਰਤਨ 'ਤੇ ਧਰੁਪਦ ਗਾਇਕੀ ਦਾ ਵਿਸ਼ੇਸ਼ ਪ੍ਰਭਾਵ ਰਿਹਾ ਜੋ ਆਪ ਦੇ ਘਰਾਣੇ ਵਿਚ ਪ੍ਰਚਲਿਤ ਸ਼ਬਦ ਕੀਰਤਨ ਰਚਨਾਵਾਂ ਤੋਂ ਪ੍ਰਤੱਖ ਹੈ।

ਰਾਗੀ ਭਾਈ ਜੁਵਾਲਾ ਸਿੰਘ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਵਿਚ ਬਹੁ ਪੱਖੀ ਯੋਗਦਾਨ ਪਾਇਆ ਗਿਆ। ਆਪ ਦੇ ਵਿਆਕਤੀਤਵ ਵਿਚ ਜਿੱਥੇ ਗੁਰਮੁਖ ਕੀਰਤਨੀਏਂ ਵਾਲੇ ਗੁਣ ਪ੍ਰਗਟ ਹੋਏ ਹਨ ਉੱਥੇ ਆਪ ਨੇ ਕੀਰਤਨੀਆਂ ਲਈ ਬਾਣੀ ਗਿਆਨ ਦਾ ਆਦਰਸ਼ ਵੀ ਕਾਇਮ ਕੀਤਾ ਹੈ। ਗੁਰਬਾਣੀ ਦੇ ਨਿਤ ਅਭਿਆਸੀ ਹੋਣ ਕਾਰਨ ਆਪ ਕੋਲ ਗੁਰਬਾਣੀ ਦੇ

ਸ਼ਬਦਾਂ ਦਾ ਵਿਸ਼ਾਲ ਭੰਡਾਰ ਮੌਜੂਦ ਸੀ। ਆਪ ਰਾਗ ਪ੍ਰਧਾਨ ਕੀਰਤਨ ਨੂੰ ਮਹੱਤਤਾ ਦਿੰਦੇ ਸਨ। ਕੱਚੀਆਂ ਧਾਰਨਾਵਾਂ ਦੀ ਬਜਾਏ ਗੁਰੂ ਸਾਹਿਬ ਵਲੋਂ ਬਖਸ਼ੀ ਕੀਰਤਨ ਪਰੰਪਰਾ ਨੂੰ ਅਧਾਰ ਬਣਾ ਕੇ ਰਾਗਾਂ ਵਿਚ ਕੀਰਤਨ ਕਰਦੇ ਸਨ। ਇਸ ਨਾਲ ਕੀਰਤਨੀਏ ਲਈ ਕੀਰਤਨ ਵਿਚ ਰਾਗ ਦੀ ਅਹਿਮੀਅਤ ਨੂੰ ਸਥਾਪਤ ਕਰਨ ਵਿਚ ਆਪ ਸਫਲ ਹੋਏ ਹਨ। ਇੱਕ ਕੀਰਤਨੀਏਂ ਲਈ ਜਿੱਥੇ ਇਨ੍ਹਾਂ ਗਾਇਨ ਸ਼ੈਲੀਆਂ ਦਾ ਗਿਆਨ ਹੋਣਾ ਜਰੂਰੀ ਹੈ ਉੱਥੇ ਇਨ੍ਹਾਂ ਨੂੰ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਕਰਨਾ ਆਉਣਾ ਵੀ ਲਾਜ਼ਮੀ ਹੈ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਕੀਰਤਨੀਆਂ ਲਈ ਪ੍ਰੇਰਣਾ ਸਰੋਤ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ। ਆਪ ਤੰਤੀ ਸਾਜ਼ ਤਾਊਸ 'ਤੇ ਆਪਣਾ ਪੂਰਾ ਅਧਿਕਾਰ ਰੱਖਦੇ ਸਨ। ਆਪ ਨੇ ਤੰਤੀ ਸਾਜ਼ਾਂ (ਤਾਊਸ ਦੇ ਪਰਿਪੇਖ ਵਿਚ) ਦੇ ਪ੍ਰਚਾਰ ਤੇ ਪਾਸਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਨੇ ਜਿੱਥੇ ਆਪਣੇ ਕੀਰਤਨ ਘਰਾਣੇ ਦੀ ਨਿਰੰਤਰਤਾ ਨੂੰ ਕਾਇਮ ਰੱਖਿਆ ਉੱਥੇ ਕੀਰਤਨੀਆਂ ਲਈ ਇਸ ਸੰਦਰਭ ਵਿਚ ਇੱਕ ਆਦਰਸ਼ ਵੀ ਕਾਇਮ ਕੀਤਾ। ਆਪ ਨੇ ਸ਼ਬਦ ਕੀਰਤਨ ਰਚਨਾਵਾਂ ਦੀ ਸੁਰੱਖਿਆ ਸੰਭਾਲ ਹਿਤ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਜਿੱਥੇ ਸ਼ਬਦ ਕੀਰਤਨ ਦੀ ਸਾਂਭ ਸੰਭਾਲ ਪ੍ਰਤੀ ਸੁਹਿਰਦਤਾ ਰੱਖਦੇ ਸਨ ਉੱਥੇ ਆਪ ਨੇ ਕੀਰਤਨ ਦਾ ਦੇਸ਼ ਦੇ ਵਿਭਿੰਨ ਖੇਤਰਾਂ ਵਿਚ ਪ੍ਰਚਾਰ ਤੇ ਪਾਸਾਰ ਵੀ ਕੀਤਾ। ਆਪ ਨੇ ਸ਼ਬਦ ਕੀਰਤਨ ਹਿਤ ਵਿਭਿੰਨ ਤਾਲਾਂ ਦਾ ਪ੍ਰਯੋਗ ਕੀਤਾ ਪ੍ਰਗਟ ਹੋ ਰਿਹਾ ਹੈ ਜੋ ਆਪ ਦਾ ਗੁਰਮਤਿ ਸੰਗੀਤ ਪਰੰਪਰਾ ਵਿਚ ਪਾਏ ਵਡਮੁੱਲੇ ਯੋਗਦਾਨ ਦਾ ਲਖਾਇਕ ਹੈ। ਸਮੁੱਚੇ ਰੂਪ ਵਿਚ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਦਾ ਪੁਰਾਤਨ ਸ਼ਬਦ ਕੀਰਤਨ ਰੀਤਾਂ ਦਾ ਭੰਡਾਰ, ਗਾਇਨ ਸ਼ੈਲੀਆਂ ਦੀ ਪਰੰਪਰਾਗਤ ਮੌਲਿਕਤਾ, ਤੰਤੀ ਸਾਜ਼ਾਂ ਦਾ ਨਿਰੰਤਰ ਕੀਰਤਨ ਹਿਤ ਪ੍ਰਯੋਗ, ਸੁਰਲਿਪੀਬੱਧ ਕਾਰਜ, ਗੁਰਸਿੱਖ ਰਹਿਣੀ-ਬਹਿਣੀ, ਸਾਰੇ ਕੀਰਤਨੀਏ ਵੰਸ਼ਜ਼ਾਂ ਵਲੋਂ ਆਪਣੇ ਨਾਮ ਨਾਲ ਖਾਸ ਕਰਕੇ *ਭਾਈ* ਸ਼ਬਦ ਦਾ ਪ੍ਰਯੋਗ ਕਰਨ ਦੀ ਪਰੰਪਰਾ ਕਾਇਮ ਰੱਖਣ ਆਦਿ ਦੇ ਰੂਪ ਵਿਚ ਬਹੁਪੱਖੀ ਯੋਗਦਾਨ ਪ੍ਰਤੱਖ ਹੁੰਦਾ ਹੈ।

ਰਾਗੀ ਭਾਈ ਜੁਵਾਲਾ ਸਿੰਘ ਬਹੁਪੱਖੀ ਤੇ ਬਹੁਮੁੱਖੀ ਗੁਰਸਿੱਖ ਕੀਰਤਨੀਏ ਵਜੋਂ ਪ੍ਰਗਟ ਹੋਏ ਹਨ। ਉਨ੍ਹਾਂ ਦੀ ਸ਼ਖ਼ਸੀਅਤ ਸਿੱਖ ਧਰਮ ਵਿਚ ਆਦਰਸ਼ ਕੀਰਤਨੀਏ ਦੇ ਰੂਪ ਵਜੋਂ ਉਜਾਗਰ ਹੁੰਦੀ ਹੈ। ਉਹ ਗੁਰਮਤਿ ਸੰਗੀਤ ਦੇ ਸਿਧਾਂਤ ਦੀ ਪਾਲਣਾ ਵੀ ਕਰ ਰਹੇ ਹਨ ਅਤੇ ਸੰਗੀਤ ਤੇ ਤੰਤੀ ਸਾਜ਼ਾਂ ਦੇ ਸਾਧਕ ਵੀ ਹਨ। ਉਨ੍ਹਾਂ ਨੇ ਜੀਵਨ ਵਿਚ ਕੀਰਤਨ ਨੂੰ ਮੂਲ ਰੂਪ ਵਿਚ ਅਪਣਾਇਆ। ਇਸ ਦੇ ਨਾਲ-ਨਾਲ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਵੀ ਪ੍ਰਚਾਰਿਆ। ਆਪਣਾ ਕੀਰਤਨ ਘਰਾਣਾ ਕਾਇਮ ਕੀਤਾ ਤੇ ਵਿਸ਼ਾਲ ਸ਼ਬਦ ਕੀਰਤਨ ਰਚਨਾਵਾਂ ਸੁਰੱਖਿਅਤ ਕੀਤੀਆਂ। ਭਾਈ ਜੁਵਾਲਾ ਸਿੰਘ ਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਬਹੁਪੱਖੀ ਯੋਗਦਾਨ ਦੇ ਵਿਸ਼ਲੇਸ਼ਣ ਤੋਂ ਪ੍ਰਗਟ ਹੈ ਕਿ ਗੁਰਮਤਿ ਸੰਗੀਤ ਸਬੰਧੀ ਇਨ੍ਹਾਂ ਦੇ ਸਮੁੱਚੇ ਕਾਰਜਾਂ ਦੇ ਅਧਾਰ 'ਤੇ ਭਵਿੱਖ ਵਿਚ ਗੁਰਮਤਿ ਸੰਗੀਤ ਦੇ ਹੋਰ ਵਿਦਵਾਨਾਂ ਅਤੇ ਕੀਰਤਨੀਆਂ ਸਬੰਧੀ ਬਹੁਪੱਖੀ ਅਧਿਐਨ ਸਬੰਧੀ ਸਾਰਥਕ, ਉਸਾਰੂ ਅਤੇ ਉਚੇਚੇ ਯਤਨ ਕੀਤੇ ਜਾ ਸਕਣਗੇ।

# ਪੁਸਤਕ ਸੂਚੀ

## ਪੁਸਤਕਾਂ (ਪੰਜਾਬੀ)

### ਅ


- ਅਸ਼ੋਕ, ਸ਼ਮਸ਼ੇਰ ਸਿੰਘ (ਸੰਪਾ.), **ਪੁਰਾਤਨ ਜਨਮ ਸਾਖੀ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1969.
- ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ਪਹਿਲਾ ਅਤੇ ਦੂਜਾ),** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979.
- ਐਬਟਾਬਾਦ, ਗਿਆਨ ਸਿੰਘ, **ਗੁਰਬਾਣੀ ਸੰਗੀਤ** (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1961.


### ਸ


- ਸਤਿਬੀਰ ਸਿੰਘ (ਪ੍ਰਿੰ.), ਜਸਬੀਰ ਕੌਰ, **ਰਾਗ ਨਾਦ ਸ਼ਬਦ ਸੋਹਣੇ**, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ, ਲੁਧਿਆਣਾ, 1992.
- ਸਾਬਰ, ਜਸਬੀਰ ਸਿੰਘ **ਗਿਆਨ ਰਤਨਾਵਲੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993.
- ਸੁੰਦਰ ਸਿੰਘ (ਮਾਸਟਰ), ਪ੍ਰੇਮ ਸਿੰਘ (ਰਾਗੀ) ਤੇ ਹੋਰ, **ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ**, ਧਰਮ ਪ੍ਰਚਾਰ ਕਮੇਟੀ, ਸੈਂਟਰਲ ਖਾਲਸਾ ਕਾਲਜ, ਯਤੀਮਖਾਨਾ, ਚੀਫ ਖਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ, 2008
- ਸਪਰਾ, ਜਸਵੰਤ ਸਿੰਘ (ਪ੍ਰੋ.), **ਸਹਿਤ ਆਚਾਰੀਆ ਪੰਡਿਤ ਕਰਤਾਰ ਸਿੰਘ ਦਾਖਾ (ਜੀਵਨ ਤੇ ਰਚਨਾ)**, ਪੰਜਾਬੀ ਸਹਿਤ ਅਕੈਡਮੀ, ਲੁਧਿਆਣਾ,1987.


### ਹ


- ਹਰਮਿੰਦਰ ਸਿੰਘ, **ਗੁਰਮਤਿ ਸੰਗੀਤ (ਭਾਗ ਪਹਿਲਾ),** ਗੁਰਦੁਆਰਾ ਗੁਰੂ ਨਾਨਕ ਸਤਸੰਗ ਸਭਾ, ਲੁਧਿਆਣਾ, 1992.


### ਕ


- ਕਸੇਲ, ਨਵਜੋਤ ਕੌਰ, **ਪੰਜਾਬ ਦਾ ਸਮਕਾਲੀ ਸੰਗੀਤ**, ਮਦਾਨ ਪਬਲੀਸ਼ਰਜ਼, ਪਟਿਆਲਾ, 1986.
- ਕਰਤਾਰ ਸਿੰਘ (ਪ੍ਰੋ.), **ਗੁਰਬਾਣੀ ਸੰਗੀਤ ਦਰਪਣ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1996.

- ਕੰਵਰ ਮ੍ਰਿਗੇਂਦਰ ਸਿੰਘ, **ਵਾਦਨ ਸਾਗਰ (ਭਾਗ ਦੂਜਾ),** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997
- ਕੰਵਲ, ਗੁਰਚਰਨ ਸਿੰਘ (ਭਾਈ), **ਅਦੁੱਤੀ ਵੀਰ ਦੀ ਅਦੁੱਤੀ ਭੈਣ ਬੇਬੇ ਨਾਨਕੀ,** ਪ੍ਰਕਾਸ਼ਕ ਰਾਗੀ ਗੁਰਚਰਨ ਸਿੰਘ ਕੰਵਲ, ਬੀ-5, ਐਨ.ਡੀ.ਐਸ.ਸੀ. ਪਾਰਟ-2, ਨਵੀਂ ਦਿੱਲੀ, 2003.
- ਉਹੀ, **ਕਮਲ ਬਿਗਾਸਨ,** ਪ੍ਰਕਾਸ਼ਕ ਰਾਗੀ ਗੁਰਚਰਨ ਸਿੰਘ ਕੰਵਲ, ਬੀ-5, ਐਨ.ਡੀ.ਐਸ.ਸੀ. ਪਾਰਟ-2, ਨਵੀਂ ਦਿੱਲੀ, 1990.
- ਉਹੀ, **ਚਰਨ ਕਮਲ ਕੀ ਮਉਜ ਅਥਵਾ ਕੰਵਲ ਪੰਖੜੀਆਂ,** ਪ੍ਰਕਾਸ਼ਕ ਰਾਗੀ ਗੁਰਚਰਨ ਸਿੰਘ ਕੰਵਲ, ਬੀ-5, ਐਨ.ਡੀ.ਐਸ.ਸੀ. ਪਾਰਟ-2, ਨਵੀਂ ਦਿੱਲੀ, 1988.
- ਉਹੀ, **ਪੰਥਕ ਮਹੱਲ ਦੇ ਉਸਰਈਆਂ ਦੇ ਉਪਕਾਰ ਇਸ ਨੂੰ ਹਾਨੀ ਪੁਚਾਣ ਵਾਲੇ ਕਿਰਦਾਰ,** ਪ੍ਰਕਾਸ਼ਕ ਰਾਗੀ ਗੁਰਚਰਨ ਸਿੰਘ ਕੰਵਲ, ਬੀ-5, ਐਨ.ਡੀ.ਐਸ.ਸੀ. ਪਾਰਟ-2, ਨਵੀਂ ਦਿੱਲੀ, 2003
- ਉਹੀ, **ਭੁਲੇਖੇ ਭੁਲੇਖੇ ਭੁਲੇਖੇ,** ਪ੍ਰਕਾਸ਼ਕ ਰਾਗੀ ਗੁਰਚਰਨ ਸਿੰਘ ਕੰਵਲ, ਬੀ-5, ਐਨ.ਡੀ.ਐਸ.ਸੀ. ਪਾਰਟ-2, ਨਵੀਂ ਦਿੱਲੀ, 2006.
- ਉਹੀ, **ਸਚਾਈਆਂ ਪਰ ਕੌੜੀਆਂ ਕੁਝ ਖੱਟੀਆਂ ਮਿੱਠੀਆਂ ਭੀ,** ਪ੍ਰਕਾਸ਼ਕ ਰਾਗੀ ਗੁਰਚਰਨ ਸਿੰਘ ਕੰਵਲ, ਬੀ-5, ਐਨ.ਡੀ.ਐਸ.ਸੀ. ਪਾਰਟ-2, ਨਵੀਂ ਦਿੱਲੀ, 1998.
- ਉਹੀ, **ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ**, ਪ੍ਰਕਾਸ਼ਕ ਰਾਗੀ ਗੁਰਚਰਨ ਸਿੰਘ ਕੰਵਲ, ਬੀ-5, ਐਨ.ਡੀ.ਐਸ.ਸੀ. ਪਾਰਟ-2, ਨਵੀਂ ਦਿੱਲੀ, 1998.
- ਉਹੀ, **ਜੀਵਨ ਗਾਥਾ : ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**, ਪ੍ਰਕਾਸ਼ਕ ਰਾਗੀ ਗੁਰਚਰਨ ਸਿੰਘ ਕੰਵਲ, ਬੀ-5, ਐਨ.ਡੀ.ਐਸ.ਸੀ. ਪਾਰਟ-2, ਨਵੀਂ ਦਿੱਲੀ, 2005.
- ਕੰਵਲ, ਬਲਬੀਰ ਸਿੰਘ, **ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.**
- ਕੰਵਲਜੀਤ ਸਿੰਘ (ਡਾ.), ਮਨਪ੍ਰੀਤ ਸਿੰਘ, **ਪੜਤਾਲ ਸ਼ਬਦ ਗਾਇਕੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.
- ਕਿਰਪਾਲ ਸਿੰਘ (ਗਿਆਨੀ), **ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003.
- ਕਿਰਪਾਲ ਸਿੰਘ, **ਜਨਮ ਸਾਖੀ ਪਰੰਪਰਾ, ਇਤਿਹਾਸਿਕ ਦ੍ਰਿਸ਼ਟੀਕੋਣ ਤੋਂ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

**ਖ**

- ਖਾਲਸਾ, ਨਿਰਮਲ ਸਿੰਘ, **ਗੁਰਮਤਿ ਸੰਗੀਤ ਦੇ ਅਨਮੋਲ ਰਤਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

## ਗ


- ਗੰਧਰਵ, ਸੰਤ ਸਰਵਣ ਸਿੰਘ, **ਸੁਰ ਸਿਮਰਨ ਸੰਗੀਤ** (ਇੱਕ ਤੋਂ ਸੱਤ ਭਾਗ), ਪਿੰਡ ਤੇ ਡਾ. ਡੁਮੇਲੀ, ਬਾਰਸਤਾ ਫਗਵਾੜਾ, ਜ਼ਿਲ੍ਹਾ ਕਪੂਰਥਲਾ, 2006.
- ਗਰਗ, ਲਕਸ਼ਮੀ ਨਾਰਾਇਣ (ਸੰਪਾ.), **ਨਿਬੰਧ ਸੰਗੀਤ**, ਸੰਗੀਤ ਕਾਰਯਾਲਯ ਹਾਥਰਸ, ਯੂ.ਪੀ., 1979.
- ਗਿਆਨ ਸਿੰਘ, (ਗਿਆਨੀ), **ਪੰਥ ਪ੍ਰਕਾਸ਼**, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.
- ਗਿੱਲ, ਗੁਰਪ੍ਰਤਾਪ ਸਿੰਘ, **ਗੁਰਮਤਿ ਸੰਗੀਤ ਵਿਚ ਪ੍ਰਯੁਕਤ ਲੋਕ ਸੰਗੀਤਕ ਤੱਤ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.
- ਗੁਰਨਾਮ ਸਿੰਘ (ਡਾ.), **ਆਦਿ ਗ੍ਰੰਥ : ਰਾਗ ਕੋਸ਼,** ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ, ਪਟਿਆਲਾ, 1983.
- ਉਹੀ, **ਗੁਰਮਤਿ ਸੰਗੀਤ : ਵਿਭਿੰਨ ਪਰਿਪੇਖ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਉਹੀ, **ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
- ਗੋਸਲ, ਏ.ਐਸ., **ਸਿੱਖ ਧਰਮ ਅਤੇ ਸੰਗੀਤ**, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1982.


## ਜ


- ਜਸਬੀਰ ਕੌਰ (ਡਾ.), **ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ,** ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2006.
- ਜਸਬੀਰ ਕੌਰ ਖਾਲਸਾ, (ਸੰਪਾ.), **ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ** (ਭਾਗ ਪਹਿਲਾ), ਵਿਸਮਾਦੁ ਨਾਦੁ, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ, ਲੁਧਿਆਣਾ, 1997.
- ਜੱਗੀ, ਰਤਨ ਸਿੰਘ (ਡਾ.), **ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.


## ਤ


- ਤਾਰਾ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਉਹੀ, **ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.
- ਉਹੀ, **ਗੁਰੂ ਅੰਗਦ ਦੇਵ ਰਾਗ ਰਤਨਾਵਲੀ**, ਗੁਰਮਤਿ ਸੰਗੀਤ ਪ੍ਰਕਾਸ਼ਨ, ਪਟਿਆਲਾ, 1993.
- ਉਹੀ, **ਗੁਰੂ ਅਮਰਦਾਸ ਰਾਗ ਰਤਨਾਵਲੀ**, ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ, 1979.
- ਉਹੀ, **ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ**, ਅੰਮ੍ਰਿਤ ਕੀਰਤਨ ਟਰੱਸਟ, ਚੰਡੀਗੜ੍ਹ, 1994.
- ਉਹੀ, **ਗੁਰੂ ਰਾਮਦਾਸ ਰਾਗ ਰਤਨਾਵਲੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਉਹੀ, **ਪੰਜਾਬ ਦੇ ਪ੍ਰਸਿੱਧ ਸੰਗੀਤਕਾਰ**, ਭਾਸ਼ਾ ਵਿਭਾਗ, ਪੰਜਾਬ, 1983.

- ਉਹੀ, **ਪੜਤਾਲ ਗਾਇਕੀ,** ਗੁਰਮਤਿ ਸੰਗੀਤ ਪ੍ਰਕਾਸ਼ਨ, ਪਟਿਆਲਾ, 1991.
- ਉਹੀ, **ਭਗਤ ਰਾਗ ਰਤਨਾਵਲੀ**, ਗੁਰਮਤਿ ਸੰਗੀਤ ਪ੍ਰਕਾਸ਼ਨ, ਪਟਿਆਲਾ, 1992.
- ਉਹੀ, **ਵਾਦਨ ਕਲਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ,
- ਤੇਜਾ ਸਿੰਘ (ਪ੍ਰਿੰ.), ਗੰਡਾ ਸਿੰਘ (ਡਾ.), **ਸਿੱਖ ਇਤਿਹਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ, ਪਟਿਆਲਾ, 1998.

**ਦ**

- ਦਿਆਲ ਸਿੰਘ (ਪ੍ਰਿੰ.), **ਗੁਰਮਤਿ ਸੰਗੀਤ ਸਾਗਰ (ਭਾਗ ਪਹਿਲਾ, ਦੂਜਾ, ਤੀਜਾ),** ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ, 1988.
- ਉਹੀ, **ਗੁਰਮਤਿ ਸੰਗੀਤ ਸਾਗਰ (ਭਾਗ ਪਹਿਲਾ)**, ਗੁਰੂ ਨਾਨਕ ਵਿੱਦਿਆ ਭੰਡਾਰ ਟਰੱਸਟ, ਨਵੀਂ ਦਿੱਲੀ, 1988.
- ਉਹੀ, **ਗੁਰਮਤਿ ਸੰਗੀਤ ਸਾਗਰ (ਭਾਗ ਦੂਜਾ)**, ਗੁਰੂ ਨਾਨਕ ਵਿੱਦਿਆ ਭੰਡਾਰ ਟਰੱਸਟ, ਨਵੀਂ ਦਿੱਲੀ, 1991.
- ਉਹੀ, **ਗੁਰਮਤਿ ਸੰਗੀਤ ਸਾਗਰ (ਭਾਗ ਤੀਜਾ)**, ਗੁਰੂ ਨਾਨਕ ਵਿੱਦਿਆ ਭੰਡਾਰ ਟਰੱਸਟ, ਨਵੀਂ ਦਿੱਲੀ, 1993.
- ਉਹੀ, **ਗੁਰਮਤਿ ਸੰਗੀਤ ਸਾਗਰ ਆਸਾ ਦੀ ਵਾਰ ਤੇ ਸ਼ਬਦ**, ਗੁਰੂ ਨਾਨਕ ਵਿੱਦਿਆ ਭੰਡਾਰ ਟਰੱਸਟ, ਨਵੀਂ ਦਿੱਲੀ, 1984.
- ਉਹੀ, **ਗੁਰਮਤਿ ਸੰਗੀਤ ਸਿਖਿਆ**, ਗੁਰੂ ਨਾਨਕ ਵਿਦਿਆ ਭੰਡਾਰ, ਨਵੀਂ ਦਿੱਲੀ, 1996.

**ਨ**

- ਨਰੂਲਾ, ਦਰਸ਼ਨ ਸਿੰਘ, **ਗੁਰਬਾਣੀ ਸੰਗੀਤ ਬਾਰੇ,** ਗੁਰਮਤਿ ਸਟੱਡੀ ਸਰਕਲ, ਮਲੋਟ, 1985.
- ਨਿਰਮਲ ਸਿੰਘ ਖਾਲਸਾ, **ਗੁਰਮਤਿ ਸੰਗੀਤ ਦੇ ਅਨਮੋਲ ਰਤਨ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

**ਪ**

- ਪਦਮ, ਵਰਿੰਦਰ ਕੌਰ (ਡਾ.), **ਗੁਰਮਤਿ ਸੰਗੀਤ ਦਾ ਸੰਗੀਤ ਵਿਗਿਆਨ**, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2005
- ਪਰਮਜੋਤ ਸਿੰਘ(ਸੰਪਾ.), **ਸਵਰ ਸਮੁੰਦ** (ਜੀਵਨ ਝਾਤ ਭਾਈ ਸਮੁੰਦ ਸਿੰਘ ਜੀ), ਗੁਰੂ ਗੋਬਿੰਦ ਸਟੱਡੀ ਸਰਕਲ, ਲੁਧਿਆਣਾ, 1996.
- ਪਰਮਜੋਤ ਸਿੰਘ), **ਸਹਿਜ ਧੁਨਿ,** ਗੁਰੂ ਗੋਬਿੰਦ ਸਟੱਡੀ ਸਰਕਲ, ਲੁਧਿਆਣਾ, 1997.
- ਉਹੀ, **ਸਮੁੰਦ ਸਾਗਰ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011.
- ਉਹੀ, **ਸਵੱਰ ਸਮੁੰਦ : ਸ਼ਬਦ ਰੀਤ ਰਤਨਾਵਲੀ**, ਦਾਖਾ ਕਾਲਜ ਰੋਡ, ਮੁਲਾਂਪੁਰ, ਲੁਧਿਆਣਾ, 1998.
- ਉਹੀ, **ਗਉੜੀ ਰਾਗਿ ਸੁਲਖਣੀ : ਸਵੱਰ ਸਮੁੰਦ**, ਦਾਖਾ ਕਾਲਜ ਰੋਡ, ਮੁੱਲਾਂਪੁਰ, ਲੁਧਿਆਣਾ, 1998.

**ਬ**

- ਬਲਬੀਰ ਸਿੰਘ, **ਕੀਰਤਨ ਵਿਕਾਸ, ਇਤਿਹਾਸ ਤੇ ਮਹਾਨਤਾ,** ਸਿੰਘ ਸਭਾ ਪਤ੍ਰਿਕਾ, ਮਾਰਚ 1978.
- ਬੇਦੀ, ਦਲਜੀਤ ਸਿੰਘ, **ਬਾਬਾ ਸ਼ਾਮ ਸਿੰਘ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

**ਮ**

- ਮਦਾਨ, ਪੰਨਾ ਲਾਲ, **ਪੰਜਾਬ ਵਿਚ ਸੰਗੀਤ ਕਲਾ ਦਾ ਨਿਕਾਸ ਤੇ ਵਿਕਾਸ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 986.

**ਰ**

- ਰਘਬੀਰ ਸਿੰਘ, **ਸੰਗੀਤ ਸਿੱਖਿਆ ਗਾਵਹੁ ਸਚੀ ਬਾਣੀ**, ਆਰਸੀ ਪਬਲਿਸ਼ਰਜ਼, ਦਿੱਲੀ, 1998.

**ਲ**

- ਲਾਲ ਸਿੰਘ (ਗਿ.), **ਚੌਕੀ ਸਾਹਿਬ ਜੀ ਦੀ ਮਰਯਾਦਾ**, ਚੀਫ਼ ਖਾਲਸਾ ਦੀਵਾਨ, ਚੌਂਕ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, 1939.

**ਵ**

- ਵਿਦਿਆਰਥੀ, ਦੇਵਿੰਦਰ ਸਿੰਘ, **ਗੁਰਬਾਣੀ ਦੇ ਰਾਗ : ਸੰਬੋਧ ਅਤੇ ਸਾਰਥਕਤਾ**, ਖਾਲਸਾ ਕਾਲਜ, ਸਿੱਖ ਇਤਿਹਾਸ ਖੋਜ ਵਿਭਾਗ, ਅੰਮ੍ਰਿਤਸਰ, 1986.
- ਉਹੀ, **ਕੀਰਤਨ ਸੰਦਰਭ ਅਤੇ ਸਰੂਪ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.
- ਵੀਰ ਸਿੰਘ (ਭਾਈ), **ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ** (ਭਾਗ ਪਹਿਲਾ ਅਤੇ ਦੂਜਾ), ਖਾਲਸਾ ਸਮਾਚਾਰ, ਹਾਲ ਬਜ਼ਾਰ, ਅੰਮ੍ਰਿਤਸਰ, 1960.


## ਗ੍ਰੰਥ ਅਤੇ ਕੋਸ਼ (ਪੰਜਾਬੀ)


**ਸ**

- **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ ਇਕ ਤੋਂ ਚਾਰ),** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1989.
- ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ 1-14 ),** ਭਾਸ਼ਾ ਵਿਭਾਗ ਪੰਜਾਬ, 1990.

**ਗ**

- ਗਿਆਨ ਸਿੰਘ (ਗਿਆਨੀ), **ਪੰਥ ਪ੍ਰਕਾਸ਼,** ਵਜ਼ੀਰ ਹਿੰਦ ਪ੍ਰੈੱਸ, ਅੰਮ੍ਰਿਤਸਰ, ਮਿਤੀਹੀਣ।
- ਉਹੀ, **ਤਵਾਰੀਖ ਗੁਰੂ ਖਾਲਸਾ (ਭਾਗ ਪਹਿਲਾ ਤੇ ਦੂਜਾ),** ਭਾਸ਼ਾ ਵਿਭਾਗ, ਪੰਜਾਬ, 1999.

**ਜ**

- ਜੱਗੀ, ਰਤਨ ਸਿੰਘ (ਡਾ.)(ਸੰਪਾ.), **ਸਿੱਖ ਪੰਥ ਵਿਸ਼ਵ ਕੋਸ਼ (ਜਿਲਦ 1,2),** ਗੁਰਰਤਨ ਪਬਲੀਸ਼ਰਜ਼, ਪਟਿਆਲਾ, 2005.
- ਜੋਧ ਸਿੰਘ (ਡਾ.) (ਮੁਖ ਸੰਪਾ.), **ਸਿੱਖ ਧਰਮ ਵਿਸ਼ਵ ਕੋਸ਼ (ਜਿਲਦ 1, 2),** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

**ਨ**

- ਨਾਭਾ, ਕਾਨ੍ਹ ਸਿੰਘ (ਭਾਈ), **ਗੁਰ ਛੰਦ ਦਿਵਾਕਰ,** ਭਾਸ਼ਾ ਵਿਭਾਗ ਪਟਿਆਲਾ, 1970.
- ਉਹੀ, **ਗੁਰਮਤਿ ਮਾਰਤੰਡ** (ਭਾਗ ਪਹਿਲਾ ਤੇ ਦੂਜਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1983.
- ਉਹੀ, **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006.

**ਪ**

**ਪੰਜਾਬੀ-ਅੰਗਰੇਜੀ ਕੋਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

**ਭ**

- ਭਗਤ ਸਿੰਘ, **ਗੁਰ ਬਿਲਾਸ ਪਾਤਸ਼ਾਹੀ ੬,** ਗੁਰਮੁਖ ਸਿੰਘ (ਡਾ. ਸੰਪਾ.) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.


## ਖੋਜ ਪ੍ਰਬੰਧ (ਪੰਜਾਬੀ)


**ਸ**

- ਸ਼ਰਨਜੀਤ ਕੌਰ, **ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਸੰਗੀਤ-ਬੱਧਤਾ**, ਡਰਾਮੈਟਿਕ ਆਰਟ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

**ਕ**

- ਕੰਵਲਜੀਤ ਸਿੰਘ, **ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਪਰੰਪਰਾ : ਇਤਿਹਾਸਕ ਪਰਿਪੇਖ**, ਫੈਕਲਟੀ ਆਫ ਆਰਟਸ ਐਂਡ ਕਲਚਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

**ਗ**

- ਗੁਰਦੇਵ ਸਿੰਘ, **ਗੁਰਮਤਿ ਸੰਗੀਤ ਦੀ ਤਕਨੀਕੀ ਸ਼ਬਦਾਵਲੀ : ਵਿਸ਼ਲੇਸ਼ਨਾਤਮਕ ਅਧਿਐਨ**, ਫੈਕਲਟੀ ਆਫ ਆਰਟਸ ਐਂਡ ਕਲਚਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.

**ਜ**

- ਜਸਬੀਰ ਕੌਰ, **ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1993.

- ਜਾਗੀਰ ਸਿੰਘ (ਡਾ.) **ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1979.
- ਜਬਰਜੰਗ ਸਿੰਘ, **ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ : ਵਿਸ਼ਲੇਸ਼ਨਾਤਮਕ ਅਧਿਐਨ**, ਫੈਕਲਟੀ ਆਫ ਆਰਟਸ ਐਂਡ ਕਲਚਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

**ਮ**

- ਮਨਪ੍ਰੀਤ ਸਿੰਘ, **ਗੁਰਮਤਿ ਸੰਗੀਤ ਦੀ ਰਾਗ ਪਰੰਪਰਾ : ਸੰਗੀਤ ਵਿਗਿਆਨਕ ਅਧਿਐਨ**, ਫੈਕਲਟੀ ਆਫ ਆਰਟਸ ਐਂਡ ਕਲਚਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

**ਰ**

- ਰਵਿੰਦਰ ਸਿੰਘ, **ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨਕਾਰਾਂ ਦਾ ਗੁਰਮਤਿ ਸੰਗੀਤ ਪ੍ਰਤੀ ਯੋਗਦਾਨ**, ਫ਼ੈਕਲਟੀ ਆਫ ਆਰਟਸ ਐਂਡ ਕਲਚਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.
- ਰੁਪਿੰਦਰ ਕੌਰ, **ਗੁਰਮਿਤ ਸੰਗੀਤ ਵਿੱਚ ਲੋਕ ਸੰਗੀਤ ਦੇ ਤੱਤ : ਵਿਸ਼ਲੇਸ਼ਨਾਤਮਕ ਅਧਿਐਨ**, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.
- ਰਾਜਿੰਦਰ ਕੌਰ, **ਗੁਰਮਤਿ ਕੀਰਤਨ ਵਿੱਚ ਵਰਤੇ ਗਏ ਸਾਜ਼ਾਂ ਦਾ ਸੱਭਿਆਚਾਰਕ ਅਤੇ ਇਤਿਹਾਸਕ ਪਿਛੋਕੜ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992.
- ਰਾਜਿੰਦਰ ਸਿੰਘ, **ਪੰਜਾਬ ਦੀ ਸੰਗੀਤ ਪਰੰਪਰਾ ਵਿਚ ਗੁਰਮਤਿ ਸੰਗੀਤ ਦਾ ਸਥਾਨ**, ਫ਼ੈਕਲਟੀ ਆਫ ਆਰਟਸ ਐਂਡ ਸ਼ੋਸ਼ਲ ਸਾਇੰਸਿਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

**ਵ**

- ਵਰਿੰਦਰ ਕੌਰ, **ਗੁਰਮਿਤ ਸੰਗੀਤ ਦੀ ਕੀਰਤਨ ਪਰੰਪਰਾ : ਸੰਗੀਤ ਵਿਗਿਆਨਕ ਅਧਿਐਨ**, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.


## ਰਸਾਲੇ ਤੇ ਅਖਬਾਰ (ਪੰਜਾਬੀ)


**ਅ**

- **ਅੰਮ੍ਰਿਤ ਕੀਰਤਨ**, ਡਾ. ਜਾਗੀਰ ਸਿੰਘ (ਸੰਪਾ.), ਅੰਮ੍ਰਿਤ ਕੀਰਤਨ ਟਰੱਸਟ, 422/15-ਏ, ਚੰਡੀਗੜ੍ਹ, 1992, 1996, 2001.

**ਸ**

- **ਸਮਾਜਿਕ ਵਿਗਿਆਨ ਪੱਤਰ, *ਗੁਰਮਤਿ ਸੰਗੀਤ ਵਿਸ਼ੇਸ਼ ਅੰਕ*,** ਧਨਵੰਤ ਕੌਰ (ਡਾ., ਮੁੱਖ ਸੰਪਾ.), ਜਸਬੀਰ ਕੌਰ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

- **ਉਹੀ, *ਗੁਰਮਤਿ ਸੰਗੀਤ ਘਰਾਣਾ ਵਿਸ਼ੇਸ਼ ਅੰਕ***, ਧਨਵੰਤ ਕੌਰ (ਡਾ., ਮੁੱਖ ਸੰਪਾ.), ਜਸਬੀਰ ਕੌਰ (ਡਾ., ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.
- **ਉਹੀ**, ***ਸੰਗੀਤਕ ਗਾਇਨ ਸ਼ੈਲੀਆਂ ਵਿਸ਼ੇਸ਼ ਅੰਕ***, ਧਨਵੰਤ ਕੌਰ (ਡਾ., ਮੁੱਖ ਸੰਪਾ.), ਜਸਬੀਰ ਕੌਰ (ਡਾ., ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- **ਸਿੰਘ ਸਭਾ ਪਤ੍ਰਿਕਾ**, ***ਕੀਰਤਨ ਅੰਕ***, ਗੁਰਦਿਤ ਸਿੰਘ (ਗਿਆਨੀ, ਸੰਪਾ.), ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ, ਅੰਮ੍ਰਿਤਸਰ, 1978.
- **ਉਹੀ**, ***ਜਵਾਲਾ ਸਿੰਘ ਜੀ ਰਾਗੀ ਅੰਕ***, ਗੁਰਦਿਤ ਸਿੰਘ (ਗਿਆਨੀ, ਸੰਪਾ.), ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ, ਜਨਵਰੀ/ਫਰਵਰੀ 1986.
- **ਸਿਮ੍ਰਤੀ ਗ੍ਰੰਥ**, ***ਕੀਰਤਨ ਵਿਸ਼ੇਸ਼ ਅੰਕ***, ਜਸਬੀਰ ਕੌਰ (ਡਾ.), ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸਾਹਿਬ ਜਵੱਦੀ ਟਕਸਾਲ, ਲੁਧਿਆਣਾ।
- **ਸਿਮਰਤੀ ਗ੍ਰੰਥ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ**, ਸਤਿਬੀਰ ਸਿੰਘ (ਪ੍ਰਿੰ.), ਗੁਰਨਾਮ ਸਿੰਘ (ਡਾ.) (ਸੰਪਾ.), ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸਾਹਿਬ, ਜਵੱਦੀ ਕਲਾ, ਲੁਧਿਆਣਾ, 1991.

**ਵ**

- **ਵਿਸਮਾਦੁ ਨਾਦ *(ਗੁਰਮਤਿ ਸੰਗੀਤ ਵਿਸ਼ੇਸ਼ ਅੰਕ)***, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ, ਲੁਧਿਆਣਾ, ਅਕਤੂਬਰ 1992.

## ਪੁਸਤਕਾਂ (ਹਿੰਦੀ)

**ਸ**

- ਸਚਦੇਵਾ, ਰੇਨੂੰ, **ਧਾਰਮਿਕ ਪਰੰਪਰਾਏਂ ਏਵਮ ਹਿੰਦੁਸਤਾਨੀ ਸੰਗੀਤ**, ਰਾਧਾ ਪਬਲੀਕੇਸ਼ਨਜ਼, ਦਿੱਲੀ, 1999.

**ਹ**

- ਹਰਜਸ ਕੌਰ (ਡਾ.), **ਗੁਰਮਤਿ ਸੰਗੀਤ : ਪਰਿਚਯਾਤਮਕ ਅਧਿਐਨ**, ਸੰਗੀਤ ਪ੍ਰਕਾਸ਼ਨ, 11 ਫੋਰਟ ਬਾਜ਼ਾਰ, ਪਟਿਆਲਾ, 1993.

**ਖ**

- ਖੰਨਾ, ਜਤਿੰਦਰ ਸਿੰਘ, **ਮੱਧਯਕਾਲੀਨ ਧਰਮੋਂ ਮੇਂ ਸ਼ਾਸਤਰੀਯ ਸੰਗੀਤ ਕਾ ਤੁਲਨਾਤਮਿਕ ਅਧਿਯਯਨ**, ਅਭਿਸ਼ੇਕ ਪਬਲੀਕੇਸ਼ਨਜ਼, ਚੰਡੀਗੜ੍ਹ, 1992.

**ਗ**

- ਗੁਰਨਾਮ ਸਿੰਘ (ਡਾ.), ਯਸ਼ਪਾਲ ਸ਼ਰਮਾ (ਡਾ.), **ਗੁਰਮਤਿ ਸੰਗੀਤ ਰਾਗ ਰਤਨਾਵਲੀ**, ਸ਼ਬਦ ਨਿਧੀ ਪ੍ਰਕਾਸ਼ਨ, ਨਵੀਂ ਦਿੱਲੀ-35, 1999.

### ਚ

- ਚੌਧਰੀ, ਵਿਮਲਕਾਂਤ ਰਾਏ, **ਰਾਗ ਵਿਆਕਰਨ,** ਭਾਰਤੀਯ ਗਿਆਨਪੀਠ ਪ੍ਰਕਾਸ਼ਨ, ਨਈ ਦਿੱਲੀ, 1981.

### ਜ

- ਜੌਹਰੀ, ਪੁਸ਼ਪਾ (ਡਾ.), **ਸੰਤ ਨਾਮਦੇਵ ਕਾ ਕਾਵਯ ਔਰ ਸੰਗੀਤ ਤੱਤਵ**, ਅਭਿਵਿਅੰਜਨਾ, ਨਵੀਂ ਦਿੱਲੀ, 1985.

### ਤ

- ਤੈਲੰਗ, ਕੋਗੁਲਨੰਦ, ਭਾਰਤ੍ਰੇਂਦੂ, ਬਨਵਾਰੀ ਲਾਲ, **ਸੰਗੀਤ ਅਸ਼ਟਛਾਪ**, ਲਕਸ਼ਮੀ ਨਾਰਾਇਣ ਗਰਗ (ਸੰਪਾ.), ਸੰਗੀਤ ਕਾਰਯਾਲਯ ਹਾਥਰਸ, ਯੂ.ਪੀ., 1962.

### ਪ

- ਪੈਂਤਲ, ਗੀਤਾ, **ਪੰਜਾਬ ਕੀ ਸੰਗੀਤ ਪਰੰਪਰਾ**, ਰਾਧਾ ਪਬਲੀਕੇਸ਼ਨਜ਼, 43878/4ਬੀ, ਅੰਗਾਰੀ ਰੋਡ, ਦਰਿਆ ਗੰਜ, ਨਵੀਂ ਦਿੱਲੀ, ਪ੍ਰਥਮ ਸੰਸਕਰਣ, 1988.

### ਬ

- ਬਾਵਰਾ, ਜੋਗਿੰਦਰ ਸਿੰਘ, **ਭਾਰਤੀਯ ਸੰਗੀਤ ਕਾ ਇਤਿਹਾਸ,** ਏ.ਬੀ.ਐਸ. ਪਬਲੀਕੇਸ਼ਨਜ਼, ਜਲੰਧਰ, 1996.

## ਖੋਜ ਪ੍ਰਬੰਧ (ਹਿੰਦੀ)

### ਸ

- ਸੁਰਜੀਤ ਸਿੰਘ, **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਮੇਂ ਪ੍ਰਯੁਕਤ ਸੰਗੀਤਕ ਸ਼ਬਦਾਵਲੀ ਕਾ ਵਿਸ਼ਲੇਸ਼ਨਾਤਮਕ ਅਧਿਐਨ**, ਹਿਮਾਚਲ ਪ੍ਰਦੇਸ਼, 1998.

### ਰ

- ਰੀਨਾ, **ਗੁਰਮਤਿ ਸੰਗੀਤ ਦੀ ਵਾਦਨ ਪਰੰਪਰਾ ਕਾ ਵਿਸ਼ਲੇਸ਼ਨਾਤਮਕ ਅਧਿਐਨ**, ਫ਼ੈਕਲਟੀ ਆਫ ਲੈਂਗੁਏਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2006.

## ਰਸਾਲੇ ਤੇ ਅਖਬਾਰ (ਹਿੰਦੀ)

### ਸ

- **ਸੰਗੀਤ (ਭਗਤੀ ਸੰਗੀਤ ਵਿਸ਼ੇਸ਼ ਅੰਕ**), ਲਕਸ਼ਮੀ ਨਾਰਾਇਣ ਗਰਗ (ਸੰਪਾ.), ਸੰਗੀਤ ਕਾਰਯਾਲਯ ਹਾਥਰਸ, ਯੂ.ਪੀ., 1970.

- **ਸੰਗੀਤ (ਗੁਰਮਤਿ ਸੰਗੀਤ ਵਿਸ਼ੇਸ਼ ਅੰਕ),** ਲਕਸ਼ਮੀ ਨਾਰਾਇਣ ਗਰਗ (ਸੰਪਾ.), ਸੰਗੀਤ ਕਾਰਯਾਲਯ ਹਾਥਰਸ, ਯੂ.ਪੀ., 1970.

## ਪੁਸਤਕਾਂ (ਅੰਗਰੇਜ਼ੀ)

### D

- Daljit Singh, **Sikh Sacred Music**, College Road, Civil Liines, Ludhiana, 1995.

### G

- Gautam, M.R., **The Musical Heritage of India**, Abhinav Publication, New Delhi, 1980.
- Gurnam Singh (Dr.), **Sikh Musicology**, Kanishka Publisher, New Delhi, 2001.
- Id., (Ed., Et al), **Gurmat Saṅgīt Terminology**, Punjabi (Tri-lingula) University Patiala, 2012.

### J

- Janice Eyer Protopapas (Dr.), **Sikh Sabad Kirtan : The Musicology of Sacred Memory**, Publication Bureau, Punjabi University, Patiala, 2013.

### M

- Macualife, M.A., **The Sikh Religion : Gurus**, Sacred Writings and Authors, Vol.II, S. Chand and Company, Delhi, 1969.
- Maculiffe, Max Arthur, **The Sikh Religion**, S. Chand & Co., New Delhi, 1963.
- Mansukhani, G.S., **Indian Classical Music and Sikh Kirtan**, Oxford Publishing Co., New Delhi, 1982.
- Mansukhani, Gobind Singh, **Indian Classical Music and Sikh Kirtan**, Oxford Publishing Co., New Delhi, 1982.

### N

- Nargia, S.B., **The Sound of the Sacred : Religious and Music**, Setena Theielemon, A.P.H. Publishing Corporation, Ansara, Darya Ganj, New Delhi, 1998.

### P

- Pashaura Singh, **Sikhism in Global Context**, Oxford University Press, 2011.

## ਕੋਸ਼ (ਅੰਗਰੇਜ਼ੀ)

### E

- **English-Punjabi Dictionary,** Punjabi University, Patiala, 2012

## ਖੋਜ ਪ੍ਰਬੰਧ (ਅੰਗਰੇਜੀ)

### G

- Gurnam Singh, A **Musicological Study of Guru Nanak Bani,** Department of Guru Nanak Sikh Studies ,Punjab University, Chandigarh, 1988.

### P

- Paintal Ajit Singh, **The Nature and Place of Music in Sikh Religion and its Affinity with Hindustani Classical Music**, Delhi University, Delhi, India.

## ਵੈੱਬਸਾਈਟਸ

- Gurmatvihar.com
- http://en.wikipedia.org
- https://www.3HO.org
- https://www.sikhnet.com/gurbani/artist/acappella-jatha
- https://www.sikhsangeet.com.
- www.akhandkirtan.com
- www.anadfoundation.org
- www.baani.net
- www.boa-musica.com
- www.damdamitaksaal.org
- www.discoverSikhism.com
- www.gaavosachibani.net
- www.gurbani.org
- www.gurmatchanan.com
- www.gurmatsangeetlibrary.com
- www.gurmatsangeetproject.com
- www.gurmatsangeetproject.org.
- www.gurmatsangeetpup.com
- www.gurmatsangeetpup.com.
- www.ikirtan.com
- www.jawadditaksal.org
- www.keertan.org
- www.rajkaregakhalsa.net
- www.sarabsaanjhigurbani.com
- www.sgpc.net
- www.sikhee.com
- www.sikhifm.com
- www.sikhiwiki.org
- www.sikhnet.com
- www.sikhroots.com

- www.sikhsangeet.com
- www.sikhsoul.com
- www.sikhvibes.com
- www.sribhainisahib.com

## ਯੂ ਟਿਊਬ ਲਿੰਕਸ

- http://sangeetnatak.gov.in/sna/Awardees.php?section=all
- http://www.sikhiwiki.org/index.php/Bhai_Avtar_Singh_and_his_father_Bhai_Jawala_Singh
- http://www.sikhiwiki.org/index.php/Bhai_Baldeep_Singh
- http://www.sikhnet.com/news/bhai-baldeep-singh-revives-sikh-musical-tradition
- https://anadfoundation.org/about/board-of-trustees-advisors-of-the-anad-foundation/bhai-baldeep-singh/
- https://www.youtube.com/watch?v=2zJv53lbSEk
- https://www.youtube.com/watch?v=363EoqlW7T0
- https://www.youtube.com/watch?v=3GxSH9J5lRY&t=348s
- https://www.youtube.com/watch?v=3GxSH9J5lRY&t=483s
- https://www.youtube.com/watch?v=4iZNg9dnEj0
- https://www.youtube.com/watch?v=7jvLTRAG2fs&t=527s
- https://www.youtube.com/watch?v=lM3VfVlED8w
- https://www.youtube.com/watch?v=Mo4cXRq_H2Q
- https://www.youtube.com/watch?v=mxSh4y3UzHA
- https://www.youtube.com/watch?v=OhxLSnPtLY4&t=35s
- https://www.youtube.com/watch?v=orWKrmLGyr4
- https://www.youtube.com/watch?v=PAN7GF7DdiU
- https://www.youtube.com/watch?v=TEMCceU27ho
- https://www.youtube.com/watch?v=tlNIbpO9Yh8
- https://www.youtube.com/watch?v=U2rx4R50Erc&t=16s
- https://www.youtube.com/watch?v=U2rx4R50Erc&t=73s
- https://www.youtube.com/watch?v=YBd0svLdcRU
- https://www.youtube.com/watch?v=zgjMMdNEF9M

List of Publications - Gagandeep

1. ਗੁਰਮਤਿ ਸੰਗੀਤ ਦੀ ਠੱਠਾ ਟਿੱਬਾ ਟਕਸਾਲ
   ਗਗਨਦੀਪ
   ਸਭਿਆਚਾਰ ਪੱਤ੍ਰਿਕਾ-ਅੰਕ 15 (ਛਪਾਈ ਅਧੀਨ)
   ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

2. ਗੁਰੂ ਨਾਨਕ ਬਾਣੀ ਦੇ ਪ੍ਰਮੁੱਖ ਸ਼ਬਦ ਕੀਰਤਨ ਰਚਨਾਕਾਰ
   ਗਗਨਦੀਪ
   ਪੰਜਾਬੀ ਦੁਨੀਆ, ਭਾਸ਼ਾ ਵਿਭਾਗ ਪੰਜਾਬ।

# ਘੋਸ਼ਣਾ-ਪੱਤਰ

ਮੈਂ ਇਹ ਬਿਆਨ ਕਰਦਾ ਹਾਂ ਕਿ ਮੈਂ ਗੁਰਮਤਿ ਸੰਗੀਤ ਵਿਚ **ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ** ਦੇ ਵਿਸ਼ੇ ਉੱਤੇ ਪੀ-ਐੱਚ.ਡੀ. ਦੀ ਡਿਗਰੀ ਦੀ ਪੂਰਤੀ ਹਿਤ ਖੋਜ ਕਾਰਜ ਕੀਤਾ ਹੈ। ਇਹ ਮੇਰਾ ਮੌਲਿਕ ਕਾਰਜ ਹੈ ਅਤੇ ਇਸ ਤੋਂ ਪਹਿਲਾਂ ਇਸ ਜਾਂ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਕਿਸੇ ਵੀ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ।

ਨਿਗਰਾਨ

**ਡਾ. ਗੁਰਨਾਮ ਸਿੰਘ**
ਪ੍ਰੋਫ਼ੈਸਰ
ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਖੋਜਾਰਥੀ

ਗਗਨਦੀਪ

**ਗਗਨਦੀਪ**

# ਆਦਿਕਾ

ਵਿਸ਼ਵ ਪੱਧਰ 'ਤੇ ਸ਼ਬਦ ਕੀਰਤਨ ਗੁਰਮਤਿ ਸੰਗੀਤ ਦੀ ਵਿਹਾਰਕ ਪਰੰਪਰਾ ਵਜੋਂ ਪਛਾਣ ਬਣਾ ਰਿਹਾ ਹੈ। ਇਸ ਪਰੰਪਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਹੋਇਆ ਜਿਸ ਨੂੰ ਸਮੂਹ ਗੁਰੂ ਸਾਹਿਬਾਨ ਨੇ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਵਿਕਸਿਤ ਕੀਤਾ। ਉਪਰੰਤ ਵੱਖ-ਵੱਖ ਕਾਲਾਂ ਵਿਚ ਰਾਗੀਆਂ, ਰਬਾਬੀਆਂ, ਟਕਸਾਲਾਂ ਨੇ ਇਸ ਪਰੰਪਰਾ ਦਾ ਪ੍ਰਚਾਰ ਤੇ ਪਾਸਾਰ ਕੀਤਾ। ਵਰਤਮਾਨ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਟਕਸਾਲਾਂ ਦੇ ਨਾਲ-ਨਾਲ ਗੁਰੂ ਘਰਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਅਧਿਐਨ ਅਤੇ ਅਧਿਐਪਨ ਦਾ ਵਿਸ਼ਾ ਹੈ। ਸਮਕਾਲੀ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰਮਤਿ, ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਸਮਕਾਲੀ ਕੀਰਤਨੀਆਂ ਦਾ ਵਡੇਰਾ ਯੋਗਦਾਨ ਹੈ ਜਿਨ੍ਹਾਂ ਵਿਚੋਂ ਭਾਈ ਮੋਤੀ, ਭਾਈ ਤਾਬਾ, ਭਾਈ ਲਾਲ, ਭਾਈ ਗੁਰਮੁਖ ਸਿੰਘ, ਸੁਰਮਖ ਸਿੰਘ ਫੱਕਰ, ਭਾਈ ਜੱਸਾ ਭਾਈ ਪਾਲਾ, ਭਾਈ ਚਾਂਦ, ਭਾਈ ਮਨਸ਼ਾ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੁਰਜਨ ਸਿੰਘ, ਭਾਈ ਵਸਾਵਾ ਸਿੰਘ, ਭਾਈ ਸ਼ਰਧਾ ਸਿੰਘ, ਭਾਈ ਹੀਰਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਆਦਿ ਪ੍ਰਮੁਖ ਹਨ।

ਸਮਕਾਲੀ ਕੀਰਤਨੀਆਂ ਵਿਚੋਂ ਕੁਝ ਕੀਰਤਨੀਏ ਅਦਰਸ਼ ਰੂਪ ਵਿਚ ਪ੍ਰਤੀਬਿੰਬਤ ਹੁੰਦੇ ਹਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਗੁਰੂ ਘਰ ਦੀ ਕੀਰਤਨ ਪਰੰਪਰਾ ਨੂੰ ਸਮਰਪਿਤ ਕੀਤਾ। ਇਨ੍ਹਾਂ ਕੀਰਤਨੀਆਂ ਵਿਚੋਂ ਰਾਗੀ ਭਾਈ ਜੁਵਾਲਾ ਸਿੰਘ ਸੈਦਪੁਰ ਠੱਠਾ ਟਿੱਬਾ ਵਾਲੇ ਵਿਸ਼ੇਸ਼ ਹਨ। ਭਾਈ ਜੁਵਾਲਾ ਸਿੰਘ ਇੱਕ ਐਸੀ ਸ਼ਖ਼ਸੀਅਤ ਵਜੋਂ ਪ੍ਰਤੱਖ ਹੁੰਦੇ ਹਨ, ਜਿਨ੍ਹਾਂ ਨੇ ਸ਼ਬਦ ਕੀਰਤਨ ਦੀ ਪਰੰਪਰਾਗਤ ਸ਼ੈਲੀ ਨੂੰ ਜੀਵੰਤ ਰੱਖਿਆ। ਇਸ ਕੀਰਤਨ ਸ਼ੈਲੀ ਨੂੰ ਆਪਣੇ ਵੰਸ਼ਜ ਕੀਰਤਨੀਆਂ ਦੇ ਰੂਪ ਵਿਚ ਸੁਰੱਖਿਅਤ ਕੀਤਾ। ਰਾਗੀ ਭਾਈ ਜੁਵਾਲਾ ਸਿੰਘ ਦੀ ਵਿਸ਼ੇਸ਼ ਧਰੁਪਦ ਅੰਗ ਦੀ ਸ਼ਬਦ ਕੀਰਤਨ ਸ਼ੈਲੀ ਅਤੇ ਸ਼ਬਦ ਕੀਰਤਨ ਰੀਤਾਂ ਦਾ ਖਜ਼ਾਨਾ ਮੌਜੂਦ ਸੀ ਜੋ ਇੰਨ੍ਹਾਂ ਦੇ ਕੀਰਤਨ ਘਰਾਣੇ ਵਿਚ ਦੇਖਿਆ ਜਾ ਸਕਦਾ ਹੈ। ਗੁਰਮਤਿ ਸੰਗੀਤ ਦੀ ਸਥਾਪਤੀ ਅਤੇ ਵਿਕਾਸ ਦੇ ਸੰਦਰਭ

ਵਿਚ ਉਨਵੀਂ ਅਤੇ ਵੀਹਵੀਂ ਸਦੀ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਅਤੇ ਇਨ੍ਹਾਂ ਦੇ ਕੀਰਤਨ ਘਰਾਣੇ ਦਾ ਯੋਗਦਾਨ ਵਿਸ਼ੇਸ਼ ਪਛਾਣਯੋਗ ਸਥਾਨ ਰੱਖਦਾ ਹੈ। ਗੁਰਮਤਿ ਸੰਗੀਤ ਦੇ ਸੰਦਰਭ ਵਿੱਚ ਰਾਗੀ ਭਾਈ ਜੁਵਾਲਾ ਸਿੰਘ ਆਜੀਵਨ ਕਾਰਜ਼ਸੀਲ ਰਹੇ। ਰਾਗੀ ਭਾਈ ਜੁਵਾਲਾ ਸਿੰਘ ਦੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੇ ਬਹੁਪੱਖੀ ਯੋਗਦਾਨ ਨੂੰ ਜਾਨਣ ਹਿਤ ਅਸੀਂ ਆਪਣੇ ਕਾਰਜ ਦਾ ਵਿਸ਼ਾ **ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ** ਨੂੰ ਚੁਣਿਆ। ਇਸ ਵਿਸ਼ੇ ਸਬੰਧਿਤ ਅਸੀਂ ਅਗਾਂਹ ਖੋਜ ਕਾਰਜ ਪ੍ਰਸਤੁਤ ਕਰ ਰਹੇ ਹਾਂ। ਅਸੀਂ ਆਪਣੇ ਇਸ ਮੌਲਿਕ ਖੋਜ ਹੇਠ ਲਿਖੇ ਪੰਜ ਅਧਿਆਇਆਂ ਵੰਡਿਆ ਹੈ:

ਪਹਿਲਾ ਅਧਿਆਇ

ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ

ਦੂਜਾ ਅਧਿਆਇ

ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਕਾਰਜ

ਤੀਜਾ ਅਧਿਆਇ

ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ

ਚੌਥਾ ਅਧਿਆਇ

ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ : ਪਰਿਚਾਤਮਕ ਅਧਿਐਨ

ਪੰਜਵਾਂ ਅਧਿਆਇ

ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ

ਖੋਜ ਪ੍ਰਬੰਧ ਦੇ ਪਹਿਲੇ ਅਧਿਆਇ **ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ** ਦੇ ਅੰਤਰਗਤ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਸਬੰਧੀ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਗੁਰਮਤਿ ਸੰਗੀਤ ਦਾ ਸਿਧਾਂਤਕ, ਵਿਹਾਰਕ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਗੁਰਮਤਿ ਸੰਗੀਤ ਦੇ ਯੋਗਦਾਨੀਆਂ ਦੇ ਯੋਗਦਾਨ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਇਸ ਸੰਦਰਭ ਵਿਚ ਸਭ ਤੋਂ ਪਹਿਲਾਂ ਸਿੱਖ ਗੁਰੂ ਸਾਹਿਬਾਨ ਦਾ ਉਪਰੰਤ ਗੁਰੂ ਘਰ ਦੇ ਕੀਰਤਨੀਏ, ਸ਼ਬਦ ਕੀਰਤਨ ਰਚਨਾਕਾਰ, ਟਕਸਾਲਾਂ, ਸੰਸਥਾਵਾਂ, ਸਾਜ਼ ਨਿਰਮਾਤਾ,

ਵਿਸ਼ੇਸ਼ ਸ਼ਖਸ਼ੀਅਤਾਂ, ਪ੍ਰਕਾਸ਼ਕ, ਇੰਟਰਨੈੱਟ ਆਦਿ ਦੇ ਯੋਗਦਾਨ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਗੁਰੂ ਸਾਹਿਬਾਨ ਵੱਲੋਂ ਗੁਰਮਤਿ ਸੰਗੀਤ ਵਿਚ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਚਉਕੀਆਂ, ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨੀਏ, ਸਾਜ਼ਾਂ ਆਦਿ ਦੇ ਵਿਕਾਸ ਵਿਚ ਪਾਏ ਯੋਗਦਾਨ ਦਾ ਅਧਿਐਨ ਕੀਤਾ ਹੈ। ਗੁਰੂ ਘਰ ਦੇ ਕੀਰਤਨੀਆਂ ਦਾ ਗੁਰਮਤਿ ਸੰਗੀਤ ਦੀ ਵਿਹਾਰਕਤਾ ਨੂੰ ਪ੍ਰਾਰੰਭ ਤੋਂ ਹੁਣ ਤਕ ਪਾਏ ਯੋਗਦਾਨ ਜਾਣਨ ਦਾ ਯਤਨ ਕੀਤਾ ਹੈ। ਇਸੇ ਸੰਦਰਭ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦਾ ਪੁਰਾਤਨ ਤੇ ਮੌਲਿਕ ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰੱਖਿਅਤ ਕਰਨ ਹਿਤ; ਗੁਰਮਤਿ ਸੰਗੀਤ ਦੀਆਂ ਟਕਸਾਲਾਂ ਦਾ ਇਸ ਦੇ ਬਹੁਪੱਖੀ ਸਿਖਲਾਈ ਵਿਚ; ਸੰਸਥਾਵਾਂ ਦਾ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਹਿਤ; ਪ੍ਰਮੁਖ ਸਾਜ਼ ਨਿਰਮਾਤਾਵਾਂ ਦਾ ਤੰਤੀ ਸਾਜ਼ਾਂ ਦੀ ਸੁਰੱਖਿਆ, ਸੰਭਾਲ, ਉਨ੍ਹਾਂ ਦੀ ਮੁੜ ਸੁਰਜੀਤੀ ਵਿਚ; ਪ੍ਰਮੁਖ ਸ਼ਖ਼ਸੀਅਤਾਂ ਦਾ ਗੁਰਮਤਿ ਸੰਗੀਤ ਦੇ ਵਿਕਾਸ, ਪ੍ਰਚਾਰ, ਪਾਸਾਰ, ਅਕਾਦਮਿਕ ਸਥਾਪਤੀ ਆਦਿ ਦੇ ਸੰਦਰਭ ਵਿਚ ਪਾਏ ਅਹਿਮ ਯੋਗਦਾਨ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਗੁਰਮਤਿ ਸੰਗੀਤ ਦੀ ਸਾਹਿਤਕ ਸਮੱਗਰੀ ਦੀ ਸੁਰੱਖਿਆ ਸੰਭਾਲ ਹਿਤ ਪ੍ਰਕਾਸ਼ਕਾਂ ਅਤੇ ਵਰਤਮਾਨ ਸਮੇਂ ਇੰਟਰਨੈੱਟ, ਵੈਬਸਾਇਟਸ, ਟੀ. ਵੀ. ਚੈਨਲ, ਰੇਡੀਓ ਆਦਿ ਸੰਚਾਰ ਦੇ ਇਲੈਕਟ੍ਰੋਨਿਕ ਸਾਧਨਾਂ ਨੇ ਗੁਰਮਤਿ ਸੰਗੀਤ ਦਾ ਗਲੋਬਲ ਪੱਧਰ 'ਤੇ ਕੀਤੇ ਵਿਕਾਸ ਸਬੰਧੀ ਪਾਏ ਯੋਗਦਾਨ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਹਰ ਯੋਗਦਾਨੀ ਦੁਆਰਾ ਦਿੱਤੇ ਆਪਣੇ ਵਿਸ਼ੇਸ਼ ਯੋਗਦਾਨ ਪਿੱਛੇ ਉਸ ਦੀ ਸ਼ਰਧਾ ਭਾਵਨਾ ਦੇ ਨਾਲ-ਨਾਲ ਨਿਸ਼ਕਾਮਤਾ ਤੇ ਸਮਰਪਣ ਵੀ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਵਰਤਮਾਨ ਸਮੇਂ ਵੀ ਗੁਰਮਤਿ ਸੰਗੀਤ ਵਿਚ ਵੱਖ-ਵੱਖ ਯੋਗਦਾਨੀਆਂ ਦੁਆਰਾ ਯੋਗਦਾਨ ਨਿਰੰਤਰ ਜਾਰੀ ਹੈ। ਇਸ ਅਧਿਆਇ ਵਿਚ ਗੁਰਮਤਿ ਸੰਗੀਤ ਦੇ ਵਿਭਿੰਨ ਪਰਿਪੇਖਾਂ ਦੇ ਸੰਦਰਭ ਵਿਚ ਗੁਰੂ ਕਾਲ ਤੋਂ ਵਰਤਮਾਨ ਸਮੇਂ ਤਕ ਗੁਰਮਤਿ ਸੰਗੀਤ ਦੇ ਵੱਖ-ਵੱਖ ਯੋਗਦਾਨੀਆਂ ਦੇ ਯੋਗਦਾਨ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਵਿਸ਼ਲੇਸ਼ਣ ਵਿਚ ਗੁਰਮਤਿ ਸੰਗੀਤ ਦੀ ਇਤਿਹਾਸਕ ਸਥਾਪਤੀ ਦੀਆਂ ਪੜਾਅ-ਦਰ-ਪੜਾਅ ਸਿਲਸਿਲੇਵਾਰ ਪਾਰਤਾਂ ਖੋਲਣ ਦਾ ਯਤਨ ਕੀਤਾ ਹੈ। ਗੁਰਮਤਿ ਸੰਗੀਤ ਦੀ ਸਥਾਪਤੀ ਦੇ ਵਿਸ਼ਾਲ ਕਾਰਜ ਵਿਚ ਵੱਖ-ਵੱਖ ਯੋਗਦਾਨੀਆਂ ਦੀ ਅਹਿਮ ਭੂਮਿਕਾ ਅਤੇ

ਵੱਡਮੁਲੇ ਯੋਗਦਾਨ ਨੂੰ ਗੁਰਮਤਿ ਸੰਗੀਤ ਦੀ ਸਿਧਾਂਤਕ ਤੇ ਵਿਹਾਰਕ ਸਥਾਪਤੀ ਦੇ ਸੰਦਰਭ ਵਿਚ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਮਤਿ ਸੰਗੀਤ ਦੇ ਯੋਗਦਾਨੀਆਂ ਦੇ ਵਿਚ ਹੀ ਰਾਗੀ ਭਾਈ ਜੁਵਾਲਾ ਸਿੰਘ ਦੇ ਯੋਗਦਾਨ ਨੂੰ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਗਿਆ ਹੈ।

ਦੂਜੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ: ਜੀਵਨ ਤੇ ਕਾਰਜ** ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਅਤੇ ਇੱਕ ਕੀਰਤਨੀਏ ਦੇ ਤੌਰ 'ਤੇ ਕੀਤੇ ਕਾਰਜਾਂ ਨੂੰ ਵਿਸ਼ਲਸ਼ਿਤ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸਭ ਤੋਂ ਪਹਿਲਾਂ ਰਾਗੀ ਭਾਈ ਜੁਵਾਲਾ ਸਿੰਘ ਦੀ ਸਮਕਾਲੀ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਸਥਿਤੀ ਨੂੰ ਪਿੱਠਭੂਮੀ ਵਜੋਂ ਵਿਚਾਰ ਚਰਚਾ ਕੀਤੀ ਗਈ ਹੈ। ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਖ਼ਸੀਅਤ ਬਾਰੇ ਵਿਚਾਰ ਕਰਨ ਤੋਂ ਉਨ੍ਹਾਂ ਸਬੰਧੀ ਸਾਨੂੰ ਵਿਭਿੰਨ ਲਿਖਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਬਰਾਂ ਨਾਲ ਵਿਭਿੰਨ ਮੁਲਕਾਤਾਂ ਤੋਂ ਬਹੁਪੱਖੀ ਜਾਣਕਾਰੀ ਹਾਸਲ ਕਰ ਕੇ ਅੰਕਿਤ ਕੀਤੀ ਗਈ ਹੈ। ਭਾਈ ਸਾਹਿਬ ਦੇ ਪਰਿਵਾਰਕ ਪਿਛੋਕੜ ਨੂੰ ਅਸੀਂ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਉਨ੍ਹਾਂ ਦੇ ਪੂਰਵਜਾਂ ਦਾ ਗੁਰੂ ਸਹਿਬਾਨਾਂ ਨਾਲ ਇਤਿਹਾਸਕ ਸਬੰਧਾਂ ਤਾ ਵਰਨਣ ਕੀਤਾ ਗਿਆ ਹੈ। ਰਾਗੀ ਭਾਈ ਜੁਵਾਲਾ ਸਿੰਘ ਵਲੋਂ ਪਿਤਾ ਪੁਰਖੀ ਸ਼ਬਦ ਕੀਰਤਨ ਦੀਆਂ ਰੀਤਾਂ ਸਿੱਖਣ ਤੋਂ ਇਲਾਵਾ ਵੱਖ ਵੱਖ ਸੰਗੀਤ ਉਸਤਾਦਾਂ ਤੋਂ ਸ਼ਬਦ ਕੀਰਤਨ ਦੀ ਗ੍ਰਹਿਣ ਕੀਤੀ ਵਿਦਿਆਂ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਉਨ੍ਹਾਂ ਨੇ ਲਗਭਗ ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਸ਼ਬਦ ਕੀਰਤਨ ਦੀ ਨਿਭਾਈ ਸੇਵਾ ਨੂੰ ਵਿਸ਼ਲੇਸ਼ਿਤ ਕਰਦਿਆਂ ਸ਼ਬਦ ਕੀਰਤਨ ਰਚਨਾਵਾਂ ਸਬੰਧੀ; ਕੀਰਤਨ ਖੇਤਰ ਸਬੰਧੀ; ਕੀਰਤਨੀਆ ਵਿਚ ਸਥਾਨ ਸਬੰਧੀ; ਸਿੱਖ ਪੰਥ ਦੇ ਵਿਦਵਾਨ, ਲੀਡਰ, ਸੰਤ ਸਮਾਜ, ਵੱਖ-ਵੱਖ ਰਿਆਸਤਾਂ ਦੇ ਰਾਜੇ ਮਹਾਰਾਜਿਆਂ ਨਾਲ ਕੀਰਤਨ ਸਬੰਧਾਂ ਸਬੰਧੀ ਅਧਿਐਨ ਕੀਤਾ ਗਿਆ ਹੈ।

ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ ਤੇ ਕਾਰਜ ਨੂੰ ਵਿਸ਼ਲੇਸ਼ਿਤ ਕਰਦਿਆਂ ਸਾਡੇ ਸਹਾਮਣੇ ਉਨ੍ਹਾਂ ਦਾ ਸੰਪੂਰਨ ਜੀਵਨ ਗੁਰਮਤਿ ਦੀ ਸ਼ਖ਼ਸੀ ਤੇ ਪੰਥਕ ਰਹਿਣੀ ਅਤੇ ਗੁਰਮਤਿ ਸੰਗੀਤ ਦੇ ਸਿਧਾਂਤ ਦਾ ਅਨੁਸਰਣ ਕਰਦਾ ਦ੍ਰਿਸ਼ਟੀਗੋਚਰ ਹੋ ਰਿਹਾ ਹੈ ਜਿਸ ਦਾ ਵਿਸਥਾਰ ਨਾਲ ਅਧਿਐਨ ਅਸੀਂ ਇਸ ਦੂਸਰੇ ਅਧਿਆਇ ਵਿਚ ਕੀਤਾ ਹੈ।

ਤੀਜਾ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ** ਵਿਚ ਸੰਗੀਤ ਘਰਾਣੇ ਦੀਆਂ ਵਿਸ਼ੇਸ਼ਤਾਵਾਂ ਦੇ ਸੰਦਰਭ ਵਿਚ ਵਿਚਾਰਦਿਆਂ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦਾ ਅਧਿਐਨ ਕੀਤਾ ਹੈ। ਅਧਿਐਨ ਤੋਂ ਪਹਿਲਾਂ ਹਿੰਦੁਸਤਾਨੀ ਸੰਗੀਤ ਵਿਚ ਘਰਾਣਿਆਂ ਦੀ ਪਿੱਠਭੂਮੀ ਦੇ ਅਧਾਰ 'ਤੇ ਗੁਰਮਤਿ ਸੰਗੀਤ ਦੇ ਘਰਾਣਿਆਂ ਦੀ ਵਿਸ਼ੇਸ਼ ਚਰਚਾ ਕੀਤੀ ਹੈ। ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣਾ ਦਾ ਗੁਰੂ ਕਾਲ ਤੋਂ ਕੀਰਤਨ ਸਬੰਧ ਸਬੰਧੀ ਅਧਿਐਨ ਕਰਦਿਆਂ ਇਸ ਘਰਾਣੇ ਦੇ ਪੂਰਵਲੇ ਕੀਰਤਨੀਆਂ ਦੁਆਰਾ ਗੁਰੂ ਅਮਰਦਾਸ ਤੋਂ ਸਿੱਖੀ, ਗੁਰੂ ਅਰਜਨ ਦੇਵ ਤੋਂ ਕੀਰਤਨ ਅਤੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤੀ ਦੇ ਹਵਾਲਿਆਂ ਦਾ ਇਤਿਹਾਸਕ ਵਰਨਣ ਕੀਤਾ ਹੈ। ਇਸ ਘਰਾਣੇ ਦੇ ਪੂਰਵਲੇ ਕੀਰਤਨੀਆਂ ਦਾ ਗੁਰਮਤਿ ਸੰਗੀਤ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਭਾਈ ਕਪੂਰ ਸਿੰਘ, ਭਾਈ ਰਾਇ ਸਿੰਘ, ਭਾਈ ਗੋਖਾ ਸਿੰਘ, ਭਾਈ ਭਾਗ ਸਿੰਘ, ਭਾਈ ਝੰਡਾ ਸਿੰਘ, ਭਾਈ ਮੋਹਰ ਸਿੰਘ, ਭਾਈ ਦੇਵਾ ਸਿੰਘ, ਭਾਈ ਬੂੜ ਸਿੰਘ ਸਬੰਧੀ ਵਿਸਥਾਰ ਨਾਲ ਜੀਵਨ ਚਰਚਾ ਕੀਤੀ ਗਈ ਹੈ। ਰਾਗੀ ਭਾਈ ਜੁਵਾਲਾ ਸਿੰਘ ਘਰਾਣੇ ਦੇ ਸਮਕਾਲੀ ਕੀਰਤਨੀਏ ਭਾਈ ਨਰਾਇਣ ਸਿੰਘ, ਭਾਈ ਸਾਵਨ ਸਿੰਘ, ਭਾਈ ਸੁੰਦਰ ਸਿੰਘ, ਉਸਤਾਦ ਭਾਈ ਵਸਾਵਾ ਸਿੰਘ ਤੇ ਉਸਤਾਦ ਭਾਈ ਸ਼ਰਧਾ ਸਿੰਘ ਅਤੇ ਇਸ ਘਰਾਣੇ ਦੇ ਅਗਾਮੀ ਪੀੜ੍ਹੀ ਦੇ ਵੰਸ਼ਜ਼ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸਵਰਨ ਸਿੰਘ, ਭਾਈ ਕੁਲਤਾਰ ਸਿੰਘ ਤੇ ਭਾਈ ਬਲਦੀਪ ਸਿੰਘ ਦੇ ਗੁਰਮਤਿ ਸੰਗੀਤ ਨੂੰ ਪਾਏ ਜਾਂ ਪਾਏ ਜਾ ਰਹੇ ਬਹੁਪੱਖੀ ਯੋਗਦਾਨ ਦੀ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ।

ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਨੇ ਗੁਰਮਤਿ ਸੰਗੀਤ ਦੇ ਵਿਭਿੰਨ ਸੰਦਰਭਾਂ ਵਿਚ ਜਿਵੇਂ ਪੁਰਾਤਨ ਸ਼ਬਦ ਕੀਰਤਨ ਦੀ ਵਿਹਾਰਕ ਸੰਭਾਲ, ਤੰਤੀ ਸਾਜ਼ਾਂ ਦਾ ਕੀਰਤਨ ਹਿਤ ਪ੍ਰਯੋਗ ਤੇ ਸੰਭਾਲ, ਸ਼ਬਦ ਕੀਰਤਨ ਰਚਨਾਵਾਂ ਦੇ ਸੁਰਲਿਪੀਬੱਧ ਕਾਰਜ, ਆਪਣੀ ਸ਼ਬਦ ਗਾਇਕੀ 'ਤੇ ਸਮਕਾਲੀ ਗਾਇਕੀ ਦਾ ਪ੍ਰਭਾਵ ਨਹੀਂ ਪੈਣ ਦੇਣਾ ਆਦਿ ਦੇ ਰੂਪ ਵਿਚ ਜੋ ਯੋਗਦਾਨ ਪਾਇਆ ਉਸ ਦਾ ਵਿਸ਼ਥਾਰ ਨਾਲ ਵਰਨਣ ਕੀਤਾ ਹੈ। ਸਮੁੱਚੇ ਰੂਪ ਵਿਚ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦਾ ਗੁਰਮਤਿ ਸੰਗੀਤ ਵਿਚ ਪਾਏ ਯੋਗਦਾਨ ਨੂੰ ਬਿਆਨਿਆ ਗਿਆ ਹੈ। ਇਸ ਘਰਾਣੇ ਦੇ ਕੀਰਤਨੀਆਂ ਨੂੰ ਇੱਕ ਆਦਰਸ਼, ਮਿਆਰੀ ਤੇ

ਮਿਸਾਲਯੋਗ ਕੀਤਰਨੀਆਂ ਦੀ ਸ਼ਖਸ਼ੀਅਤ ਦੇ ਸੰਦਰਭ ਵਿਚ ਵਿਸ਼ਲੇਸ਼ਿਤ ਕਰਨ ਦਾ ਯਤਨ ਇਸ ਤੀਜੇ ਅਧਿਆਇ ਦਾ ਹਿੱਸਾ ਹੈ।

ਚੌਥੇ ਅਧਿਆਇ **ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ: ਪਰਿਚਾਤਮਕ ਅਧਿਐਨ** ਦੇ ਅੰਤਰਗਤ ਇਸ ਕੀਰਤਨ ਘਰਾਣੇ ਦੀਆਂ ਪ੍ਰਕਾਸ਼ਿਤ ਸ਼ਬਦ ਕੀਰਤਨ ਰਚਨਾਵਾਂ ਨੂੰ ਇਕੱਤਰ ਤੇ ਵਿਸ਼ਲੇਸ਼ਿਤ ਕੀਤਾ ਗਿਆ ਹੈ। ਇਸ ਸੰਦਰਭ ਵਿਚ ਕਾਰਜ ਕਰਦਿਆਂ ਸਭ ਤੋਂ ਪਹਿਲਾਂ ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਇਤਿਹਾਸ ਤੇ ਸਮਕਾਲੀ ਸੰਦਰਭ ਵਿਚ ਪਛਾਣਦਿਆਂ ਪ੍ਰਭਾਸ਼ਿਤ ਕੀਤਾ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਨਾਲ ਸਬੰਧਤ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਸ਼ਬਦ ਕੀਰਤਨ ਰਚਨਾਵਾਂ ਪ੍ਰਾਪਤ ਕੀਤਾ ਗਿਆ ਹੈ। ਇਸ ਸੰਦਰਭ ਵਿਚ *ਗੁਰਮਤਿ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ* ਦੋ ਭਾਗਾਂ ਵਿਚ ਸਾਡੇ ਪ੍ਰਮੁਖ ਅਧਾਰ ਰਹੀ ਹੈ।

ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਅਸੀਂ ਸਭ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ ਰਾਗਾਂ ਤੇ ਰਾਗ ਪ੍ਰਕਾਰਾਂ ਦੇ ਸੰਦਰਭ ਵਿਚ ਵਿਸ਼ਲੇਸ਼ਿਤ ਕੀਤਾ ਹੈ। ਉਪਰੰਤ ਭਾਰਤੀ ਸੰਗੀਤ ਦੇ ਰਾਗਾਂ ਦੇ ਅਤੇ ਵਿਭਿੰਨ ਗਾਇਨ ਸ਼ੈਲੀਆਂ ਦੇ ਰੂਪ ਵਿਚ ਰੱਖਿਆ ਗਿਆ ਹੈ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਦਾ ਆਧਾਰ ਧਰੁਪਦ, ਧਮਾਰ, ਪੁਰਾਤਨ ਕੀਰਤਨ ਅੰਗ ਪ੍ਰਤੱਖ ਹੋ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗਾਇਨ ਬਾਣੀ ਰੂਪ *ਪੜਤਾਲ, ਵਾਰ, ਘੋੜੀਆਂ, ਅਲਾਹੁਣੀਆਂ* ਆਦਿ ਗਾਇਨ ਸੈਲੀਆਂ ਦੇ ਸੰਦਰਭ ਵਿਚ ਵੀ ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਵਿਸ਼ਲੇਸ਼ਿਤ ਕੀਤਾ ਹੈ। ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀ ਕੀਰਤਨੀਆਂ ਵਲੋਂ ਸ਼ਬਦ ਕੀਰਤਨ ਰਚਨਾਵਾਂ ਹਿਤ ਪ੍ਰਯੁਕਤ ਤਾਲਾਂ ਨੂੰ ਇਸ ਅਧਿਅਇ ਵਿਚ ਵਿਸ਼ਲੇਸ਼ਣ ਦਾ ਹਿੱਸਾ ਬਣਾਇਆ ਹੈ। ਇਸ ਤੋਂ ਇਲਾਵਾ ਇਸ ਘਰਾਣੇ ਦੇ ਕੀਰਤਨੀਆਂ ਨਾਲ ਨਿੱਜੀ ਮੁਲਾਕਾਤਾਂ ਦੌਰਾਨ ਸ਼ਬਦ ਕੀਰਤਨ ਰਚਨਾਵਾਂ ਦੀ *ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ* (ਭਾਗ ਤੀਜਾ) ਜੋ ਅਪ੍ਰਕਾਸ਼ਿਤ ਰੂਪ ਵਿਚ ਪ੍ਰਾਪਤ ਹੁੰਦੀ ਹੈ ਦਾ ਸੰਖੇਪ ਵਿਚ ਵਿਸ਼ਲੇਸ਼ਿਤ ਕੀਤਾ ਗਿਆ ਹੈ। ਇਸ ਕੀਰਤਨ ਘਰਾਣੇ ਦੀਆਂ ਪ੍ਰਾਪਤ ਸੈਂਕੜੇ ਸ਼ਬਦ ਕੀਰਤਨ ਰਚਨਾਵਾਂ ਵਿਚੋਂ ਕੁਝ ਸ਼ਬਦ ਕੀਰਤਨ ਰਚਨਾਵਾਂ ਨੂੰ ਇਸ ਅਧਿਆਇ

ਅਧੀਨ ਵੰਨਗੀ ਮਾਤਰ ਸ਼ਾਮਿਲ ਵੀ ਕੀਤਾ ਹੈ। ਰਾਗੀ ਭਾਈ ਜੁਵਾਲਾ ਸਿੰਘ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਤੋਂ ਸ਼ਬਦ ਕੀਰਤਨ ਦੇ ਮੌਲਿਕ ਅੰਦਾਜ਼ ਨੂੰ ਵਿਭਿੰਨ ਉਦਾਹਰਨਾਂ ਰਾਹੀਂ ਵਿਅਕਤ ਕਰਨ ਦਾ ਯਤਨ ਕੀਤਾ ਗਿਆ ਹੈ।

ਪੰਜਵਾਂ ਅਧਿਆਇ **ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ: ਵਿਸ਼ਲੇਸ਼ਣਾਤਮਿਕ ਅਧਿਐਨ** ਹੈ। ਇਸ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਦੇ ਗੁਰਮਤਿ ਸੰਗੀਤ ਵਿਚ ਪਾਏ ਯੋਗਦਾਨ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਇਸ ਸੰਦਰਭ ਵਿਚ ਸਭ ਤੋਂ ਪਹਿਲਾਂ ਗੁਰਮਤਿ ਅਤੇ ਗੁਰਮਤਿ ਸੰਗੀਤ ਵਿਚ ਕੀਰਤਨ ਅਤੇ ਕੀਰਤਨੀਏ ਦੇ ਮਹੱਤਵ ਸਬੰਧੀ ਚਰਚਾ ਕੀਤੀ ਹੈ। ਉਪਰੰਤ ਰਾਗੀ ਭਾਈ ਜੁਵਾਲਾ ਸਿੰਘ ਦੀ ਸ਼ਖ਼ਸੀਅਤ ਨੂੰ ਗੁਰਸਿੱਖ ਕੀਰਤਨੀਆਂ ਦੇ ਰੂਪ ਵਿਚ ਵਿਸ਼ਲੇਸ਼ਿਤ ਕੀਤਾ ਹੈ। ਉਪਰੰਤ ਰਾਗੀ ਭਾਈ ਜੁਵਾਲਾ ਸਿੰਘ ਦੁਆਰਾ ਕੀਰਤਨੀਆਂ ਲਈ ਬਾਣੀ ਗਿਆਨ ਦੇ ਅਦਰਸ਼ ਹਿਤ ਪਾਏ ਯੋਗਦਾਨ ਨੂੰ ਆਪਣੇ ਅਧਿਐਨ ਦਾ ਹਿੱਸਾ ਬਣਾਇਆ ਗਿਆ। ਇਸੇ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਵਲੋਂ ਨਿਰਧਾਰਤਿ ਰਾਗਾਂ ਵਿਚ ਕੀਰਤਨ, ਗੁਰਮਤਿ ਸੰਗੀਤ ਦੇ ਸਿਧਾਂਤ ਦੀ ਪਾਲਣਾ, ਵਿਭਿੰਨ ਗਾਇਨ ਸ਼ੈਲੀਆਂ ਦੇ ਪੁਰਾਤਨ ਕੀਰਤਨ ਸਰੂਪ ਨੂੰ ਸੰਭਾਲਣ, ਤੰਤੀ ਸਾਜ਼ਾਂ ਦੇ ਪ੍ਰਚਾਰ ਤੇ ਪਾਸਾਰ ਵਿਚ ਪਾਏ ਯੋਗਦਾਨ ਨੂੰ ਵਿਸ਼ਲੇਸ਼ਿਤ ਕੀਤਾ ਹੈ। ਇਸ ਤੋਂ ਇਲਾਵਾ ਕੀਰਤਨ ਘਰਾਣੇ ਦੀ ਸਥਾਪਤੀ, ਪੁਰਾਤਨ ਸ਼ਬਦ ਕੀਰਤਨ ਰਚਨਾਵਾਂ ਦੀ ਸੰਭਾਲ, ਕੀਰਤਨ ਵਿਚ ਵਿਵਿਧ ਤਾਲਾਂ ਦੇ ਪ੍ਰਯੋਗ, ਵਿਭਿੰਨ ਇਲਾਕਿਆਂ ਵਿਚ ਕੀਰਤਨ ਰਾਹੀਂ ਕੀਤੇ ਪ੍ਰਚਾਰ ਤੇ ਪਾਸਾਰ ਆਦਿ ਦੇ ਰੂਪ ਵਿਚ ਪਾਏ ਬਹੁਪੱਖੀ ਯੋਗਦਾਨ ਨੂੰ ਵਿਸ਼ਲੇਸ਼ਿਤ ਕੀਤਾ ਹੈ।

19ਵੀਂ ਤੇ 20ਵੀਂ ਸਦੀ ਦੇ ਰਾਗੀ ਭਾਈ ਜੁਵਾਲਾ ਸਿੰਘ ਦਾ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਉੱਤੇ ਵਿਸ਼ੇਸ਼ ਪ੍ਰਭਾਵ ਰਿਹਾ ਹੈ। ਉਨ੍ਹਾਂ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਵਿਚ ਬਹੁ ਪੱਖੀ ਯੋਗਦਾਨ ਪਾਇਆ। ਉਨ੍ਹਾਂ ਦੇ ਵਿਆਕਤੀਤਵ ਵਿਚ ਜਿੱਥੇ ਗੁਰਮੁਖ ਕੀਰਤਨੀਆਂ ਵਾਲੇ ਗੁਣ ਪ੍ਰਗਟ ਹੋਏ ਹਨ ਉੱਥੇ ਕੀਰਤਨੀਆਂ ਲਈ ਬਾਣੀ ਗਿਆਨ ਦਾ ਅਦਰਸ਼ ਵੀ ਕਾਇਮ ਕੀਤਾ ਗਿਆ ਹੈ। ਭਾਈ ਸਾਹਿਬ ਗੁਰਬਾਣੀ ਦੇ ਨਿਤ ਅਭਿਆਸ ਹੋਣ ਕਾਰਨ ਉਨ੍ਹਾਂ ਕੋਲ ਗੁਰਬਾਣੀ ਦੇ ਵਿਸ਼ਾਲ ਸ਼ਬਦਾਂ ਦਾ ਭੰਡਾਰ ਮੌਜੂਦ ਸੀ। ਰਾਗ ਪ੍ਰਧਾਨ ਕੀਰਤਨ

ਨੂੰ ਮਹੱਤਤਾ ਦੇਣਾ, ਕੱਚੀਆਂ ਧਾਰਨਾਵਾਂ ਦੀ ਬਜਾਏ ਗੁਰੂ ਸਾਹਿਬ ਵਲੋਂ ਬਖਸ਼ੀ ਕੀਰਤਨ ਪਰੰਪਰਾ ਨੂੰ ਅਧਾਰ ਬਣਾ ਕੇ ਰਾਗਾਂ ਵਿਚ ਕੀਰਤਨ ਕਰਨਾ, ਕੀਰਤਨੀਏ ਲਈ ਕੀਰਤਨ ਵਿਚ ਰਾਗ ਦੀ ਅਹਿਮੀਅਤ ਨੂੰ ਸਥਾਪਤ ਕਰਨਾ, ਵਿਭਿੰਨ ਗਾਇਨ ਸ਼ੈਲੀਆਂ ਦਾ ਗਿਆਨ, ਗੁਰਮਤਿ ਸੰਗੀਤ ਦੇ ਵਿਧਾਨ ਦੀ ਪਾਲਣਾ ਕਰਨਾ, ਤੰਤੀ ਸਾਜ਼ਾਂ ਦਾ ਪ੍ਰਯੋਗ, ਸ਼ਬਦ ਕੀਰਤਨ ਰਚਨਾਵਾਂ ਦੀ ਸੁਰੱਖਿਆ ਸੰਭਾਲ, ਵਿਵਿਧ ਤਾਲਾਂ ਦਾ ਪ੍ਰਯੋਗ, ਗੁਰਸਿੱਖ ਰਹਿਣੀ-ਬਹਿਣੀ, ਘਰਾਣੇ ਦੇ ਸਾਰੇ ਕੀਰਤਨੀਏ ਵੰਸ਼ਜ਼ਾਂ ਵਲੋਂ ਆਪਣੇ ਨਾਮ ਨਾਲ ਖਾਸ ਕਰਕੇ *ਭਾਈ* ਸ਼ਬਦ ਦਾ ਪ੍ਰਯੋਗ ਕਰਨ ਦੀ ਪਰੰਪਰਾ ਕਾਇਮ ਰੱਖਣੀ ਆਦਿ ਦੇ ਰੂਪ ਵਿਚ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੁਆਰਾ ਗੁਰਮਤਿ ਸੰਗੀਤ ਨੂੰ ਦਿੱਤੇ ਯੋਗਦਾਨ ਸਬੰਧੀ ਵਿਸੇਸ਼ ਪੱਖ ਉਜਾਗਰ ਹੋ ਰਹੇ ਹਨ। ਇਸ ਸੰਦਰਭ ਵਿਚ ਰਾਗੀ ਭਾਈ ਜੁਵਾਲਾ ਸਿੰਘ ਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਕੀਰਤਨੀਏ, ਕੀਰਤਨੀਆਂ ਲਈ ਪ੍ਰੇਰਣਾ ਸਰੋਤ ਵਜੋਂ ਉਭਰ ਕੇ ਸਹਾਮਣੇ ਆਉਂਦੇ ਹਨ।

ਉਕਤ ਪੰਜ ਅਧਿਆਇਆਂ ਵਿਸ਼ਲੇਸ਼ਿਤ ਜਾਣਕਾਰੀ ਨੂੰ ਉਪਸੰਹਾਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਸਾਰੇ ਖੋਜ ਕਾਰਜ ਸਮੇਂ ਇਹੋ ਕੋਸ਼ਿਸ਼ ਰਹੀ ਹੈ ਕਿ ਰਾਗੀ ਭਾਈ ਜੁਵਾਲਾ ਸਿੰਘ ਦੁਆਰਾ ਗੁਰਮਤਿ ਸੰਗੀਤ ਪਾਇਆ ਬਹੁ ਪੱਖੀ ਯੋਗਦਾਨ ਦਾ ਵਿਸ਼ਲੇਸ਼ਿਤ ਅਧਿਐਨ ਨਿਖੜ ਕੇ ਸਾਹਮਣੇ ਆਵੇ ਅਤੇ ਇਸ ਹਥਲੇ ਵਿਸ਼ੇ ਦੀ ਮੌਲਿਕਤਾ ਦੀ ਪਹਿਚਾਣ ਸੰਭਵ ਹੋ ਸਕੇ। ਇਸ ਦ੍ਰਿਸ਼ਟੀ ਤੋਂ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੁਆਰਾ ਗੁਰਮਤਿ ਸੰਗੀਤ ਪਰੰਪਰਾ ਵਿਚ ਯੋਗਾਦਨ ਦੀ ਪਛਾਣ, ਅਧਿਐਨ ਤੇ ਵਿਸ਼ਲੇਸ਼ਣ ਕਰਦਿਆਂ ਇਸ ਬਹੁ ਪੱਖੀ ਯੋਗਦਾਨ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਖੋਜ ਪ੍ਰਬੰਧ ਦੇ ਅੰਤ ਵਿਚ ਉਪਸੰਹਾਰ ਤੋਂ ਬਆਦ ਪੁਸਤਕ ਸੂਚੀ ਅਤੇ ਅੰਤਿਕਾ ਦੇ ਰੂਪ ਵਿਚ ਰਾਗੀ ਭਾਈ ਜੁਵਾਲਾ ਸਿੰਘ ਅਤੇ ਉਨ੍ਹਾਂ ਦੇ ਕੀਰਤਨ ਘਰਾਣੇ ਦੇ ਕੀਰਤਨੀਆਂ ਨਾਲ ਸਬੰਧਿਤ ਵਿਸ਼ੇਸ਼ ਚਿੱਤਰ ਵੀ ਦਿੱਤੇ ਗਏ ਹਨ।

ਅਜਿਹੇ ਖੋਜ ਕਾਰਜ ਇੱਕਲ ਵਿਅਕਤੀ ਲਈ ਅਸੰਭਵ ਕਾਰਜ ਹਨ। ਬਿਨਾਂ ਕਿਸੇ ਦੀ ਮਦਦ ਤੋਂ ਅਜਿਹੇ ਕਾਰਜਾਂ ਨੂੰ ਕਰਨ ਹਿਤ ਸੋਚਿਆ ਵੀ ਨਹੀਂ ਜਾ ਸਕਦਾ। ਇਸ ਲਈ ਇਸ ਖੋਜ ਕਾਰਜ ਨੂੰ ਨੇਪਰੇ ਚਾੜਨ ਹਿਤ ਖੋਜਾਰਥੀ ਨੂੰ ਬਹੁਗਿਣਤੀ ਵਿਦਵਾਨਾਂ, ਸਜਣਾ ਮਿਤਰਾਂ ਤੇ ਸਨੇਹੀਆਂ ਨੇ ਸਹਿਯੋਗ ਦਿੱਤਾ ਹੈ।

ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਜੀ ਦਾ ਕੋਟਾਨ ਕੋਟਿ ਧੰਨਵਾਦੀ ਹਾਂ ਜਿਨ੍ਹਾਂ ਮੈਨੂੰ ਇਸ ਕਾਬਲ ਬਣਾਇਆ। ਉਸ ਅਕਾਲ ਪੁਰਖ ਦੀ ਕਿਰਪਾ ਸਦਕਾ ਹੀ ਮੈਨੂੰ ਵਿਸ਼ਵ ਵਿਖਿਆਤ ਗੁਰਮਤਿ ਸੰਗੀਤ ਅਚਾਰੀਆ ਮੇਰੇ ਅਤਿ ਸਤਿਕਾਰਯੋਗ ਡਾ. ਗੁਰਨਾਮ ਸਿੰਘ ਜੀ ਮੁਖੀ, ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਰਗੇ ਸੰਗੀਤਕ ਗੁਰੂ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੁਯੋਗ ਅਗਵਾਈ ਪ੍ਰਾਪਤ ਹੋਈ। ਮੈਂ ਸਤਿਕਾਰਤ ਡਾ. ਗੁਰਨਾਮ ਸਿੰਘ ਜੀ ਵਲੋਂ ਆਪਣੀ ਅਤਿ ਰੁਝੇਵਿਆਂ ਭਰੀ ਜ਼ਿੰਦਗੀ ਦੇ ਬਾਵਜੂਦ ਇਸ ਖੋਜ ਕਾਰਜ ਨੂੰ ਮੰਜ਼ਿਲ ਤਕ ਪਹੁੰਚਾਉਣ ਲਈ ਦਿੱਤੇ ਅਥਾਹ ਉਤਸ਼ਾਹ, ਪਿਆਰ ਅਤੇ ਮਾਰਗ ਦਰਸ਼ਨ, ਨਿਰਦੇਸ਼ਨ ਹਿਤ ਮੈਂ ਸਦਾ ਰਿਣੀ ਹਾਂ। ਧੰਨਵਾਦੀ ਹਾਂ ਸਤਿਕਾਰਯੋਗ ਡਾ. ਅੰਮ੍ਰਿਤਪਾਲ ਕੌਰ ਜੀ (ਡਾਇਰੈਕਟਰ ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ), ਡਾ. ਕੰਵਲਜੀਤ ਸਿੰਘ, ਡਾ. ਵਰਿੰਦਰ ਕੌਰ, ਸ. ਰਣਬੀਰ ਸਿੰਘ ਅਤੇ ਸਮੂਹ ਗੁਰਮਤਿ ਸੰਗੀਤ ਚੇਅਰ, ਗੁਰਮਤਿ ਸੰਗੀਤ ਵਿਭਾਗ, ਗੁਰਮਤਿ ਗਿਆਨ ਆੱਨ ਲਾਈਨ ਸਟੱਡੀ ਸੈਂਟਰ ਸਟਾਫ਼ ਦਾ ਜਿਨ੍ਹਾਂ ਨੇ ਪ੍ਰਤੱਖ ਤੇ ਅਪ੍ਰਤੱਖ ਰੂਪ ਵਿਚ ਮੇਰੀ ਸਮੇਂ-ਸਮੇਂ 'ਤੇ ਇਸ ਕਾਰਜ ਵਿਚ ਮਦਦ ਕੀਤੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵਿਸ਼ੇਸ਼ ਰੂਪ ਵਿਚ ਧੰਨਵਾਦੀ ਹਾਂ ਜਿਸ ਵਲੋਂ ਵਿਸ਼ੇਸ਼ ਰੂਪ ਵਿਚ ਸ਼ੁਰੂ ਕੀਤੇ ਆਨ ਲਾਇਨ ਪ੍ਰੋਗਰਾਮਾਂ ਤਹਿਤ ਮੈਨੂੰ ਵਿਦੇਸ਼ ਬੈਠ ਕੇ ਇਹ ਖੋਜ ਕਾਰਜ ਨੇਪਰੇ ਚਾੜ੍ਹਨ ਦਾ ਅਵਸਰ ਮਿਲਿਆ। ਇਸ ਦੇ ਨਾਲ- ਨਾਲ ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ, ਆਨ ਲਾਇਨ ਸਟਡੀ ਸੈਂਟਰ, ਭਾਈ ਰਣਧੀਰ ਸਿੰਘ ਆਨ ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਅਤੇ ਇਸ ਦੇ ਸਟਾਫ ਦਾ ਧੰਨਵਾਦੀ ਹਾਂ ਜਿਨ੍ਹਾਂ ਪੁਸਤਕਾਂ, ਆਡੀਓ ਵਿਜ਼ੂਅਲ ਰਿਕਾਰਡਿੰਗਜ਼ ਦੇ ਸਬੰਧ ਵਿਚ ਮੇਰੀ ਹਰ ਤਰ੍ਹਾਂ ਨਾਲ ਮਦਦ ਕੀਤੀ।

ਮੈਂ ਅਤਿ ਧੰਨਵਾਦੀ ਹਾਂ ਰਾਗੀ ਭਾਈ ਜੁਵਾਲਾ ਸਿੰਘ ਜੀ ਦੇ ਪਰਵਾਰਿਕ ਮੈਂਬਰ ਭਾਈ ਕੁਲਤਾਰ ਸਿੰਘ ਜੀ, ਭਾਈ ਸਵਰਨ ਸਿੰਘ ਜੀ ਦਾ ਭਾਈ ਬਿਕਰਮਜੀਤ ਸਿੰਘ ਜੀ ਦਾ ਜਿਨ੍ਹਾਂ ਨੇ ਭਾਈ ਜੁਵਾਲਾ ਸਿੰਘ ਦੀ ਨਿੱਜੀ ਜ਼ਿੰਦਗੀ ਬਾਰੇ ਖੋਜ ਭਰਪੂਰ ਜਾਣਕਾਰੀ ਦੇ ਕੇ ਨਿਵਾਜਿਆ। ਆਦਰ ਸਤਿਕਾਰ ਸਹਿਤ ਬਹੁਤ-ਬਹੁਤ ਧੰਨਵਾਦੀ

ਹਾਂ ਸਮੂਹ ਗੁਰਮਤਿ ਸੰਗੀਤ ਦੇ ਯੋਗਦਾਨੀ, ਰਾਗੀ ਭਾਈ ਜੁਵਾਲਾ ਸਿੰਘ ਦੇ ਜੀਵਨ 'ਤੇ ਕਾਰਜ ਕਰਨ ਵਾਲੇ ਵਿਦਵਾਨ, ਕੀਰਤਨੀਏ ਜਿਨ੍ਹਾਂ ਦੇ ਪ੍ਰਕਾਸ਼ਿਤ ਤੇ ਰਿਕਾਰਡਿੰਗ ਕਾਰਜ ਮੇਰੇ ਖੋਜ ਕਾਰਜ ਲਈ ਮਦਦਗਾਰ ਹੋਏ।

ਮੇਰੇ ਅਤਿ ਸਤਿਕਾਰਯੋਗ ਪਿਤਾ ਸ. ਬਲਵੰਤ ਸਿੰਘ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ ਜਿਨ੍ਹਾਂ ਨੂੰ ਮੈਂ ਆਪਣੇ ਖੋਜ ਕਾਰਜ ਦੌਰਾਨ ਅਣਗੌਲਿਆ ਕੀਤਾ ਪ੍ਰੰਤੂ ਉਨ੍ਹਾਂ ਦੀ ਅਸ਼ੀਸ਼ ਤੋਂ ਬਿਨਾਂ ਉਨ੍ਹਾਂ ਦੀ ਇਸ ਖਵਾਇਸ਼ ਨੂੰ ਪੂਰਾ ਕਰਨਾ ਇਕ ਸੁਪਨਾ ਮਾਤਰ ਸੀ। ਮੁੱਢ ਤੋਂ ਹੀ ਉਨ੍ਹਾਂ ਸਾਨੂੰ ਆਪਣੇ ਫੈਸਲੇ ਆਪ ਲੈਣ ਦੇ ਕਾਬਿਲ ਬਣਾਇਆ ਤੇ ਹਮੇਸ਼ਾ ਸਹੀ ਰਸਤੇ ਦੀ ਚੋਣ ਕਰਨ ਬਾਰੇ ਪ੍ਰੇਰਿਆ। ਵਾਹਿਗੁਰੂ ਕੋਲੋਂ ਹਮੇਸ਼ਾਂ ਉਨ੍ਹਾਂ ਦੀ ਅਸੀਸ ਅਤੇ ਸਰਪਰਸਤੀ ਮੰਗਦਾ ਹਾਂ। ਇਸ ਦੇ ਨਾਲ ਹੀ ਮੈਂ ਆਪਣੀ ਸਵ. ਮਾਤਾ ਕੈਲਾਸ਼ ਕੌਰ ਦੀ ਮਿਠੀ ਯਾਦ ਨੂੰ ਇਹ ਕਾਰਜ ਸਮਰਪਿਤ ਕਰਦਾ ਹੋਇਆਂ ਧੰਨਵਾਦੀ ਹਾਂ ਕਿ ਉਨ੍ਹਾਂ ਦੇ ਦਸੇ ਰਾਹ 'ਤੇ ਚੱਲ ਕੇ ਹੀ ਮੈਂ ਇਸ ਕਾਰਜ ਨੂੰ ਕਰਨ ਵਿਚ ਸਫਲ ਹੋ ਸਕਿਆ ਹਾਂ। ਮੇਰੇ ਵੱਡੇ ਭਰਾ ਤੇ ਭੈਣ ਦੇ ਨਾਲ ਸਾਰੇ ਪਰਿਵਾਰਕ ਮੈਂਬਰਾਂ ਦਾ ਧੰਨਵਾਦੀ ਹਾਂ ਜੋ ਹਮੇਸ਼ਾ ਮੇਰਾ ਇਸ ਕਾਰਜ ਨੂੰ ਕਰਨ ਹਿਤ ਮੇਰਾ ਉਤਸ਼ਾਹ ਵਧਾਉਂਦੇ ਰਹੇ।

ਮੇਰਾ ਇਹ ਕਾਰਜ ਕਦੇ ਨੇਪਰੇ ਨਾ ਚੜ੍ਹਦਾ ਜੇ ਕਰ ਮੇਰੀ ਜੀਵਨਸਾਥਣ ਸਰਦਾਰਨੀ ਜਗਦੀਪ ਕੌਰ ਮੈਨੂੰ ਖੋਜ ਕਾਰਜ ਦੌਰਾਨ ਪਰਿਵਾਰਕ ਜਿੰਮੇਵਾਰੀਆ ਨੂੰ ਆਪਣੇ ਸਿਰ ਲੈਂਦਿਆਂ ਮੈਨੂੰ ਬੇਫਿਕਰੀ ਦਾ ਅਹਿਸਾਸ ਕਰਾ ਕੇ ਖੁਸ਼ਨੁਮਾ ਮਾਹੌਲ ਨਾ ਬਣਾਉਂਦੇ। ਮੇਰੀ ਨੰਨ੍ਹੀ ਪਰੀ ਮਿਹਰਾਮਤ ਕੌਰ ਦਾ ਧੰਨਵਾਦੀ ਹਾਂ ਜਿਸ ਦੇ ਕੀਮਤੀ ਸਮੇਂ ਨੂੰ ਮੈਂ ਇਸ ਖੋਜ ਕਾਰਜ ਲਈ ਵਰਤਿਆ। ਸਮੂਹ ਸਹੁਰਾ ਪਰਿਵਾਰ ਵਲੋਂ ਵਿਸ਼ੇਸ਼ ਤੌਰ 'ਤੇ ਪ੍ਰਾਪਤ ਉਤਸ਼ਾਹ ਲਈ ਵੀ ਧੰਨਾਵਾਦੀ ਹਾਂ।

ਮੈਂ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ ਸ. ਗਜਿੰਦਰ ਸ਼ਾਹ ਸਿੰਘ ਜੀ ਅਤੇ ਸਮੂਹ ਨਾਨਕ ਸਦਨ ਲੋਸ ਏਂਜਲਸ ਕੈਲੀਫੋਰਨੀਆਂ ਦੀ ਪ੍ਰਬੰਧਕ ਕਮੇਟੀ ਅਤੇ ਸਟਾਫ਼ ਦਾ ਜਿਨ੍ਹਾਂ ਦਾ ਇਸ ਕਾਰਜ ਹਿਤ ਵਿਸ਼ੇਸ਼ ਸਹਿਯੋਗ ਸਮੇਂ-ਸਮੇਂ 'ਤੇ ਪ੍ਰਾਪਤ ਹੁੰਦਾ ਰਿਹਾ। ਮੇਰੇ ਸਹਿਯੋਗੀ ਕੰਵਰਜੀਤ ਸਿੰਘ ਅਤੇ ਛੋਟੇ ਵੀਰ ਗੁਰਪ੍ਰੀਤ ਸਿੰਘ ਜਿੰਨ੍ਹਾਂ ਨੇ ਮੇਰੇ ਇਸ ਕਾਰਜ ਦੌਰਾਨ ਮੇਰੀ ਹਰ ਸੰਭਵ ਸਹਾਇਤਾ ਕੀਤੀ।

ਆਸ ਹੈ ਕਿ ਸਾਡੇ ਵਲੋਂ ਕੀਤਾ ਗਿਆ ਯਤਨ ਆਉਣ ਵਾਲੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਲਾਹੇਵੰਦ ਹੋਵੇਗਾ ਅਤੇ ਗੁਰਮਤਿ ਸੰਗੀਤ ਦੇ ਵਿਕਾਸ ਵਿਚ ਯੋਗਦਾਨ ਪਾਵੇਗਾ। ਇਸ ਕਾਰਜ ਦੀਆਂ ਸਾਰੀਆਂ ਖ਼ੂਬੀਆਂ ਮੇਰੇ ਨਿਗਰਾਨ ਦੀ ਦ੍ਰਿਸ਼ਟੀ ਦੀਆਂ ਹਨ ਅਤੇ ਹੋਈਆਂ ਭੁੱਲਾਂ ਲਈ ਮੈਂ ਖਿਮਾਂ ਦਾ ਜਾਚਕ ਹਾਂ। ਆਪ ਦੇ ਵੱਲੋਂ ਇਸ ਖੋਜ ਕਾਰਜ ਹਿਤ ਪ੍ਰਾਪਤ ਹੋਣ ਵਾਲੇ ਸੁਝਾਅ ਹਮੇਸ਼ਾ ਸਾਡੇ ਸਤਿਕਾਰ ਦੇ ਪਾਤਰ ਰਹਿਣਗੇ। ਅੰਤ ਸਤਿਕਾਰ ਸਹਿਤ ਇਹ ਖੋਜ ਕਾਰਜ ਆਪ ਸਭ ਦੇ ਸਨਮੁਖ ਮੁਲਾਂਕਣ ਹਿਤ ਪੇਸ਼ ਹੈ।

ਗਗਨਦੀਪ

# ਵਿਸ਼ਾ-ਸੂਚੀ


ਆਦਿਕਾ i-xi

**ਪਹਿਲਾ ਅਧਿਆਇ : ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ : ਇਤਿਹਾਸਕ ਸੰਦਰਭ 1-70**

1.1. ਗੁਰਮਤਿ ਸੰਗੀਤ

1.1.1 ਗੁਰਮਤਿ ਸੰਗੀਤ ਦਾ ਸਿਧਾਂਤ

1.1.2 ਗੁਰਮਤਿ ਸੰਗੀਤ ਵਿਹਾਰਕ ਪਰਿਪੇਖ

1.1.3 ਗੁਰਮਤਿ ਸੰਗੀਤ ਦਾ ਇਤਿਹਾਸਕ ਪਰਿਪੇਖ

1.2 ਗੁਰਮਤਿ ਸੰਗੀਤ ਦੇ ਪ੍ਰਮੁਖ ਯੋਗਦਾਨੀ

1.2.1 ਸਿੱਖ ਗੁਰੂ ਸਹਿਬਾਨ

1.2.2 ਗੁਰੂ ਘਰ ਦੇ ਪ੍ਰਮੁਖ ਕੀਰਤਨੀਏ

1.2.3 ਸ਼ਬਦ ਕੀਰਤਨ ਰਚਨਾਕਾਰ

1.2.4 ਗੁਰਮਤਿ ਸੰਗੀਤ ਦੇ ਪ੍ਰਮੁਖ ਸਿਧਾਂਤਕਾਰ

1.2.5 ਗੁਰਮਤਿ ਸੰਗੀਤ ਦੀਆਂ ਟਕਸਾਲਾਂ

1.2.6 ਗੁਰਮਤਿ ਸੰਗੀਤ ਦੀਆਂ ਸੰਸਥਾਵਾਂ

2.1.7 ਗੁਰਮਤਿ ਸੰਗੀਤ ਦੇ ਪ੍ਰਮੁਖ ਸਾਜ਼ ਨਿਰਮਾਤਾ

1.2.8 ਗੁਰਮਤਿ ਸੰਗੀਤ ਦੀ ਸਥਾਪਤੀ : ਵਿਸ਼ੇਸ਼ ਸਖਸ਼ੀਅਤਾਂ

1.2.9 ਗੁਰਮਤਿ ਸੰਗੀਤ: ਪ੍ਰਮੁਖ ਪ੍ਰਕਾਸ਼ਕ

1.2.10 ਇੰਟਰਨੈੱਟ ਦੀਆਂ ਪ੍ਰਮੁਖ ਵੈਬਸਾਈਟਸ ਤੇ ਰਿਸਰਚ ਇੰਜਨ

1.2.11 ਟੀ. ਵੀ. ਚੈਨਲ ਅਤੇ ਸੰਚਾਰ ਦੇ ਹੋਰ ਇਲੈਕਟ੍ਰੋਨਿਕ ਸਾਧਨ

**ਦੂਜਾ ਅਧਿਆਇ : ਰਾਗੀ ਭਾਈ ਜੁਵਾਲਾ ਸਿੰਘ : ਜੀਵਨ ਤੇ ਰਚਨਾ 71-138**

2.1 ਰਾਗੀ ਭਾਈ ਜੁਵਾਲਾ ਸਿੰਘ ਦੀ ਸਮਕਾਲੀ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਪਿੱਠਭੂਮੀ

2.2 ਰਾਗੀ ਭਾਈ ਜੁਵਾਲਾ ਸਿੰਘ: ਪਰਿਵਾਰਕ ਪਿਛੋਕੜ

2.3 ਰਾਗੀ ਭਾਈ ਜੁਵਾਲਾ ਸਿੰਘ: ਜਨਮ ਤੇ ਸਿੱਖਿਆ

2.3.1 ਸ਼ਬਦ ਕੀਰਤਨ ਦੀ ਸਿੱਖਿਆ

2.4 ਰਾਗੀ ਭਾਈ ਜੁਵਾਲਾ ਸਿੰਘ : ਕੀਰਤਨੀ ਜਥਾ

2.5 ਰਾਗੀ ਭਾਈ ਜੁਵਾਲਾ ਸਿੰਘ ਦਾ ਗ੍ਰਹਿਸਥੀ ਜੀਵਨ

2.6 ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਖੇਤਰ ਅਤੇ ਪ੍ਰਮੁਖ ਕੀਰਤਨ ਸਮਾਗਮ

2.6.1 ਸਿੰਘ ਸਭਾ ਦੀਵਾਨ ਵਲੋਂ ਸੈਦਪੁਰ ਵਿਖੇ ਸਮਾਗਮ ਵਿਚ ਕੀਰਤਨ ਹਾਜ਼ਰੀ
2.6.2 ਨਾਮਵਾਰ ਸ਼ਖਸੀਅਤਾਂ ਨਾਲ ਕੀਰਤਨ ਸਬੰਧ
2.6.3 ਕੀਰਤਨ ਪ੍ਰੋਗਰਾਮ ਲਈ ਪੂਰਨ ਪ੍ਰਤੀਬਧਤਾ
2.6.4 ਹੋਰ ਪ੍ਰਮੁਖ ਕੀਰਤਨ ਪ੍ਰੋਗਰਾਮ
2.6.5 ਵੱਖ-ਵੱਖ ਰਿਆਸਤਾਂ ਨਾਲ ਕੀਰਤਨ ਸਬੰਧ
2.6.6 ਪੰਥਕ ਕਾਰਜਾਂ ਅਤੇ ਮੋਰਚਿਆਂ ਵਿਚ ਕੀਰਤਨ
2.7 ਰਾਗੀ ਭਾਈ ਜੁਵਾਲਾ ਸਿੰਘ: ਸੰਗੀਤ ਵਿਦਵਾਨ
2.8 ਰਾਗੀ ਭਾਈ ਜੁਵਾਲਾ ਸਿੰਘ ਦੀਆਂ ਸ਼ਬਦ ਕੀਰਤਨ ਰਚਨਾਵਾਂ
2.8.1 ਸ਼ਬਦ ਕੀਰਤਨ ਰਚਨਾਵਾਂ ਦੀ ਪ੍ਰਾਪਤੀ ਅਤੇ ਸ੍ਰੋਤ
2.8.2 ਸ਼ਬਦ ਕੀਰਤਨ ਰਚਨਾਵਾਂ ਦਾ ਸਰੂਪ
2.9 ਰਾਗੀ ਭਾਈ ਜੁਵਾਲਾ ਸਿੰਘ ਦਾ ਵਿਅਕਤੀਤਵ
2.9.1 ਸਖਸ਼ੀ ਰਹਿਣੀ
2.9.2 ਪੰਥਕ ਰਹਿਣੀ
2.10 ਰਾਗੀ ਭਾਈ ਜੁਵਾਲਾ ਸਿੰਘ : ਸਿੱਖ ਸਮਾਜ ਦੀਆਂ ਆਦਰਯੋਗ ਸ਼ਖਸੀਅਤਾਂ ਅਤੇ ਹੋਰ ਵਿਸ਼ੇਸ਼ ਵਿਦਵਾਨਾਂ ਦੀ ਨਜ਼ਰ ਵਿਚ
2.11 ਰਾਗੀ ਭਾਈ ਜੁਵਾਲਾ ਸਿੰਘ ਦਾ ਸਮਕਾਲੀ ਕੀਰਤਨਕਾਰਾਂ ਤੇ ਸੰਗੀਤਕਾਰਾਂ ਵਿਚ ਸਥਾਨ
2.12 ਰਾਗੀ ਭਾਈ ਜੁਵਾਲਾ ਸਿੰਘ: ਮਾਨ ਸਨਮਾਨ
2.12.1 ਹਾਥੀ ਦੰਦ ਦੇ ਦਸ਼ਤੇ ਵਾਲੀ ਕੀਮਤੀ ਕ੍ਰਿਪਾਨ ਪ੍ਰਾਪਤ ਹੋਣੀ
2.12.2 ਮਹਾਰਾਣੀ ਫਰੀਦਕੋਟ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਟੀਕ ਭੇਟਾ ਕਰਨੇ
2.12.3 ਰਾਗੀ ਕਾਨਫਰੰਸ ਦੀ ਪ੍ਰਧਾਨਗੀ
2.13 ਰਾਗੀ ਭਾਈ ਜੁਵਾਲਾ ਸਿੰਘ : ਉਸਤਾਦ ਵਜੋਂ
2.14 ਰਾਗੀ ਭਾਈ ਜੁਵਾਲਾ ਸਿੰਘ ਦੀ ਜ਼ਿੰਦਗੀ ਦੇ ਆਖਰੀ ਪਲ

**ਤੀਜਾ ਅਧਿਆਇ : ਰਾਗੀ ਭਾਈ ਜੁਵਾਲਾ ਸਿੰਘ : ਕੀਰਤਨ ਘਰਾਣਾ** 139-184
3.1 ਸੰਗੀਤ ਘਰਾਣਾ: ਭਾਰਤੀ ਤੇ ਗੁਰਮਤਿ ਸੰਗੀਤ ਦੇ ਸੰਦਰਭ ਵਿਚ
3.2 ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਘਰਾਣਾ
3.3 ਭਾਈ ਜੁਵਾਲਾ ਸਿੰਘ ਦੇ ਘਰਾਣੇ ਦੇ ਕੀਰਤਨੀਏ
3.3.1 ਭਾਈ ਕਪੂਰ ਸਿੰਘ
3.3.2 ਭਾਈ ਰਾਏ ਸਿੰਘ
3.3.3 ਭਾਈ ਗੋਖਾ ਸਿੰਘ

3.3.4 ਭਾਈ ਭਾਗ ਸਿੰਘ
3.3.5 ਭਾਈ ਮੋਹਰ ਸਿੰਘ
3.3.6 ਭਾਈ ਦੇਵਾ ਸਿੰਘ
3.3.7 ਭਾਈ ਸ਼ਰਧਾ ਸਿੰਘ
3.3.8 ਭਾਈ ਵਸਾਵਾ ਸਿੰਘ
3.3.9 ਭਾਈ ਨਾਰਾਇਣ ਸਿੰਘ
3.3.10 ਭਾਈ ਸਾਵਨ ਸਿੰਘ
3.3.11ਭਾਈ ਸ਼ੇਰ ਸਿੰਘ
3.3.12 ਭਾਈ ਭਗਤ ਸਿੰਘ
3.3.13ਰਾਗੀ ਭਾਈ ਅਵਤਾਰ ਸਿੰਘ
3.3.14ਰਾਗੀ ਭਾਈ ਗੁਰਚਰਨ ਸਿੰਘ
3.3.16 ਰਾਗੀ ਭਾਈ ਕੁਲਤਾਰ ਸਿੰਘ
3.3.17 ਭਾਈ ਬਲਦੀਪ ਸਿੰਘ

**ਚੌਥਾ ਅਧਿਆਇ : ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ : ਪਰਿਚਾਤਮਕ ਅਧਿਐਨ** **185-334**

4.1 ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ
4.2 ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ
4.2.1 ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਸੁਰਲਿਪੀਬੱਧ ਸ਼ਬਦ ਕੀਰਤਨ ਰਚਨਾਵਾਂ
4.2.2 ਭਾਰਤੀ ਸੰਗੀਤ ਦੇ ਰਾਗਾਂ ਵਿਚ ਰਚਿਤ ਸ਼ਬਦ ਕੀਰਤਨ ਰਚਨਾਵਾਂ
4.2.3 ਬਾਣੀ ਅਤੇ ਸੰਗੀਤ ਦੀਆਂ ਵਿਸ਼ੇਸ਼ ਗਾਇਨ ਸ਼ੈਲੀਆਂ ਵਿਚ ਸ਼ਬਦ ਕੀਰਤਨ ਰਚਨਾਵਾਂ
4.3 ਸ਼ਬਦ ਕੀਰਤਨ ਰਚਨਾਵਾਂ ਵਿਚ ਪ੍ਰਯੁਕਤ ਤਾਲ
4.4 ਸ਼ਬਦ ਕੀਰਤਨ ਰਚਨਾਵਾਂ ਦੇ ਅਪ੍ਰਕਾਸ਼ਿਤ ਕਾਰਜ
4.5 ਸ਼ਬਦ ਕੀਰਤਨ ਰਚਨਾਵਾਂ ਦਾ ਤੁਲਨਾਤਮਕ ਅਧਿਐਨ

**ਪੰਜਵਾਂ ਅਧਿਆਇ : ਗੁਰਮਤਿ ਸੰਗੀਤ ਵਿਚ ਰਾਗੀ ਭਾਈ ਜੁਵਾਲਾ ਸਿੰਘ ਦਾ ਯੋਗਦਾਨ : ਵਿਸ਼ਲੇਸ਼ਣਾਤਮਿਕ ਅਧਿਐਨ** **335-374**


5.1 ਆਦਰਸ਼ ਕੀਰਤਨੀਏ ਦੇ ਗੁਣ ਤੇ ਲੱਛਣ
5.1.1. ਸਿੱਖ ਸਿਧਾਂਤਾਂ ਅਨੁਸਾਰ ਆਦਰਸ਼ ਕੀਰਤਨੀਆਂ
5.1.2 ਗੁਰਮਤਿ ਸੰਗੀਤ ਅਨੁਸਾਰ ਆਦਰਸ਼ ਕੀਰਤਨੀਆਂ

5.1.3 ਸੰਗੀਤਕ ਦ੍ਰਿਸ਼ਟੀ ਤੋਂ ਆਦਰਸ਼ ਕੀਰਤਨੀਆਂ
5.2 ਰਾਗੀ ਭਾਈ ਜੁਵਾਲਾ ਸਿੰਘ ਅਦਰਸ਼ਕ ਗੁਰਸਿੱਖ ਕੀਰਤਨੀਏਂ ਵਜੋਂ
5.2.1 ਨਾਮ ਬਾਣੀ ਦੇ ਅਭਿਆਸੀ
5.2.2 ਗੁਰਮਤਿ ਰਹਿਣੀ
5.2.3 ਸੇਵਾ
5.3 ਕੀਰਤਨੀਆਂ ਲਈ ਬਾਣੀ ਗਿਆਨ ਦਾ ਆਦਰਸ਼ ਕਾਇਮ ਕਰਨ ਵਿਚ ਯੋਗਦਾਨ
5.4 ਕੀਰਤਨੀਆਂ ਲਈ ਰਾਗ ਨਿਰਧਾਰਿਤ ਕੀਰਤਨ ਕਰਨ ਦੇ ਪ੍ਰੇਰਣਾ ਸਰੋਤ ਵਜੋਂ ਯੋਗਦਾਨ
5.5 ਕੀਰਤਨੀਆਂ ਲਈ ਗਾਇਨ ਸ਼ੈਲੀਆਂ ਦੀ ਗਾਇਨ ਸਥਾਪਤੀ ਹਿਤ ਯੋਗਦਾਨ
6.6 ਕੀਰਤਨੀਆਂ ਲਈ ਤੰਤੀ ਸਾਜ਼ਾਂ ਦੇ ਪ੍ਰਚਲਨ ਵਿਚ ਯੋਗਦਾਨ
5.7 ਕੀਰਤਨੀਆਂ ਲਈ ਮਿਸਾਲ ਵਜੋਂ ਘਰਾਣੇਦਾਰ ਪਰੰਪਰਾ ਦੀ ਸਥਾਪਤੀ ਦੇ ਸੰਦਰਭ ਵਿਚ ਯੋਗਦਾਨ
5.8 ਪ੍ਰਮਾਣਿਕ ਸ਼ਬਦ ਕੀਰਤਨ ਰਚਨਾਵਾਂ ਦੇ ਸੰਗ੍ਰਹਿ ਅਤੇ ਸੁਰੱਖਿਆ ਸੰਭਾਲ ਵਿਚ ਯੋਗਦਾਨ
5.9 ਤਾਲਾਂ ਦੇ ਬਹੁਪੱਖੀ ਪ੍ਰਯੋਗ ਦੇ ਸੰਦਰਭ ਵਿਚ ਯੋਗਦਾਨ
5.10 ਗੁਰਮਤਿ ਸੰਗੀਤ ਦੇ ਸਿਧਾਂਤ ਦੀ ਪਾਲਣਾ ਵਿਚ ਯੋਗਦਾਨ
5.11 ਵਿਭਿੰਨ ਇਲਾਕਿਆਂ ਵਿਚ ਕੀਰਤਨ ਪ੍ਰਚਾਰ ਵਜੋਂ ਯੋਗਦਾਨ

**ਉਪਸੰਹਾਰ** 375-386

**ਪੁਸਤਕ ਸੂਚੀ** 387-399

**ਅੰਤਿਕਾ** (i-vi)



ਭਾਈ ਸਾਹਿਬ ਰਾਗੀ ਭਾਈ ਜੁਵਾਲਾ ਸਿੰਘ ਜੀ